# CONCEPT OF SUFFERING IN THE ADI-GRANTH

# ਆਦਿ ਗ੍ਰੰਥ ਵਿਚ ਦੁੱਖ ਦਾ ਸੰਕਲਪ

**THESIS**

SUBMITTED TO THE PANJAB UNIVERSITY, CHANDIGARH

FOR THE DEGREE OF

**Doctor of Philosophy**

IN THE FACULTY OF LANGUAGES

**1983**


Submitted by

**Parminder Kaur**

# ਤਤਕਰਾ


ਪੰਨਾ ਨੰ:

ਭੂਮਿਕਾ

## ਭਾਗ ਪਹਿਲਾ

## ਦੁੱਖ ਦੀ ਹੋਂਦ ਕਿਉਂ ਅਤੇ ਕਿਵੇਂ?

ਪਹਿਲਾ ਅਧਿਆਇ : ਭਾਰਤੀ ਦਰਸ਼ਨ ਵਿੱਚ ਦੁੱਖ ਦਾ ਸੰਕਲਪ 1 – 31

ਦੂਜਾ ਅਧਿਆਇ : ਸਰੀਰ ਧਾਰਨ ਪੈਦਾ ਹੋਏ ਰੋਗ ਅਤੇ ਦੁੱਖ 32 – 51

ਤੀਜਾ ਅਧਿਆਇ : ਮਾਨਸਿਕ ਰੋਗ ਅਤੇ ਦੁੱਖ ਵਿਸ਼ੇ ਵਿਕਾਰ ਅਤੇ ਗੁਣਾਂ ਵਿਚ ਸਥਿਤ ਹੋਣ ਕਾਰਨ ਉਪਜੇ ਦੁੱਖ 52 – 82.

ਚੌਥਾ ਅਧਿਆਇ : ਕਰਮ ਸਿਧਾਂਤ ਅਤੇ ਆਵਾਗਵਣ 83 – 108.

ਪੰਜਵਾਂ ਅਧਿਆਇ : ਦੈਵੀ ਅਤੇ ਹੋਰ ਸ਼ਕਤੀਆਂ ਅਤੇ ਗੁਰੂਆਂ ਵਲੋਂ ਦਿੱਤੇ ਸਰਾਪ 109 – 129.

## ਭਾਗ ਦੂਜਾ

## ਦੁੱਖਾਂ ਦੀ ਨਿਵਰਤੀ ਕਿਵੇਂ?

ਛੇਵਾਂ ਅਧਿਆਇ : ਰੱਬੀ ਹੁਕਮ ਅਤੇ ਰਜ਼ਾ 130 – 147.

ਸੱਤਵਾਂ ਅਧਿਆਇ : ਗੁਣਾਂ ਦਾ ਸੰਚਾਰ - ਵਿਸ਼ੇਸ਼ ਤੌਰ ਤੇ ਰੱਬੀ ਗੁਣਾਂ ਦਾ ਅਪਨਾਣਾ 148 - 188.

ਅਠਵਾਂ ਅਧਿਆਇ : ਦੁਖ ਦਾਰੂ ਸੁਖ ਰੋਗ ਭਇਆ 189 - 207.

ਨੌਵਾਂ ਅਧਿਆਇ : ਭਗਤੀ ਅਤੇ ਨਾਮ - ਸੱਚੀ ਦਿਸ਼ਾ 208 - 225.

ਦਸਵਾਂ ਅਧਿਆਇ : ਪਰਮ ਆਨੰਦ ਦੀ ਪ੍ਰਾਪਤੀ ਅਤੇ ਸਮਤੇ ਦੀਆਂ ਗੁਣਕਾਰਤਾ 226 – 245.

## ਭਾਗ ਤੀਜਾ

## ਯੁੱਧ ਦੇ ਸੰਦਰਭ ਵਿੱਚ ਵਿਸ਼ੇਸ਼ ਬਾਣੀਆਂ ਦਾ ਅਧਿਐਨ


| | ਪੰਨਾ ਨੰ: |
|---|---|
| ਗਿਆਰਵਾਂ ਅਧਿਆਇ : ਜਪੁਜੀ ਵਿੱਚ ਯੁੱਧ ਦੀ ਸਥਿਤੀ ਦਾ ਸੰਕਲਪ | 246 - 264. |
| ਬਾਹਰਵਾਂ ਅਧਿਆਇ : ਅਨੰਦ ਸਾਹਿਬ ਵਿੱਚ ਯੁੱਧ ਭੂਮ ਰਚਨਾ ਦੇ ਵਰਣਿਤ ਰੂਪ | 265 - 283. |
| ਤੇਰਵਾਂ ਅਧਿਆਇ : ਸੁਖਮਨੀ ਸਾਹਿਬ ਵਿੱਚ ਯੁੱਧ ਸੁੱਖ ਦੇ ਸੰਕਲਪ | 284 - 300. |
| ਚੌਦਵਾਂ ਅਧਿਆਇ : ਕਬੀਰ ਦੇ ਸਲੋਕਾਂ ਦਾ ਯੁੱਧ ਦੇ ਸੰਦਰਭ ਵਿੱਚ ਅਧਿਐਨ | 301 - 321 |
| ਪੰਦਰਵਾਂ ਅਧਿਆਇ : ਨੌਵੇਂ ਮਹਲੇ ਦੇ ਸ਼ਬਦ ਤੇ ਸਲੋਕ ਯੁੱਧ ਯੁੱਧ ਦੇ ਸੰਦਰਭ ਵਿੱਚ | 322 - 340. |
| ਨਿਸ਼ਕਰਸ਼ | 341 - 343. |
| ਪੁਸਤਕ ਸੂਚੀ: | 344 - 366. |

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਵੱਖ ਵੱਖ ਵਿਦਵਾਨਾਂ ਨੇ ਇਸ ਪਵਿੱਤਰ ਗ੍ਰੰਥ ਦੇ ਵੱਖ ਵੱਖ ਵਿਸ਼ਿਆਂ ਤੇ ਖੋਜ ਕੀਤੀ ਹੈ। ਇਸਦੇ ਬਹੁਤ ਸਾਰੇ ਪੱਖਾਂ ਤੇ ਰੋਸ਼ਨੀ ਪਾਈ ਗਈ ਹੈ। ਪਰ ਫਿਰ ਵੀ ਬਹੁਤ ਸਾਰੇ ਪੱਖਾਂ ਤੇ ਖੋਜ ਕਰਨਾ ਬਾਕੀ ਹੈ।

ਇਸ ਮਹਾਨ ਗ੍ਰੰਥ ਵਿੱਚ ਪਰਮਾਤਮਾ, ਸ੍ਰਿਸ਼ਟੀ ਤੇ ਨਾਮ ਬਾਰੇ ਵਿਚਾਰਾਂ ਜਿਤਨੀ ਦੁੱਖ-ਸੁੱਖ ਦੇ ਸ਼ਬਦਾਂ ਦੀ ਹੈ, ਪਰ ਜਿੱਥੋਂ ਤੱਕ ਮੇਰੇ ਗਿਆਨ ਦਾ ਸੰਬੰਧ ਹੈ, ਹਾਲੇ ਤੱਕ ਦੁੱਖ ਦੇ ਸੰਕਲਪ ਤੇ ਕੋਈ ਵਿਸ਼ਲੇਸ਼ਣ ਪੁਸਤਕ ਨਹੀਂ ਲਿਖੀ ਗਈ। ਮਨੁੱਖ ਦੁੱਖ ਤੋਂ ਜੋ ਸੁੱਖ ਵੱਲ ਵੱਧਦਾ ਹੈ। ਦੁਖੀ ਮਨੁੱਖ ਹੀ ਸੁੱਖ ਦੀ ਲੋੜ ਮਹਿਸੂਸ ਕਰਦਾ ਹੈ। ਡਾ. ਸਾਹਿਬ ਨੇ ਮੈਨੂੰ ਗੁਰਬਾਣੀ ਦੇ ਇਸ ਮਹੱਤਵ ਪੂਰਣ ਵਿਸ਼ੇ ਤੇ ਖੋਜ ਕਰਨ ਦੀ ਪ੍ਰੇਰਣਾ ਕੀਤੀ। ਇਸਨੇ ਮੇਰੇ ਮਨ ਨੂੰ ਟੁੰਬਿਆ। ਯੂਨੀਵਰਸਿਟੀ ਨੇ ਮੇਰੀ ਇਸ ਖਾਹਿਸ਼ ਨੂੰ ਮੁੱਖ ਰੱਖਦੇ ਮੈਨੂੰ ਇਸ ਵਿਸ਼ੇ ਤੇ ਖੋਜ ਕਰਨ ਦੀ ਇਜਾਜ਼ਤ ਦਿੱਤੀ ਜੋ ਹੁਣ "ਆਦਿ ਗ੍ਰੰਥ ਵਿੱਚ ਦੁੱਖ ਦਾ ਸੰਕਲਪ" ਦੇ ਰੂਪ ਵਿੱਚ ਪੇਸ਼ ਹੋ ਰਿਹਾ ਹੈ।

ਦਾਨਵ ਤੇ ਦੇਵਤੇ ਵਾਂਗ, [illegible] ਤੇ [illegible] ਵਾਂਗ ਦੁੱਖ-ਸੁੱਖ ਜੀਵਨ ਦੇ ਦੋ ਪਹਿਲੂ ਪੱਖ ਹਨ। ਮਨੁੱਖ ਦੀ ਇਹ ਪ੍ਰਬਲ ਇੱਛਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਸੁੱਖ ਮਿਲੇ। ਪਰ ਇਹ ਇੱਛਾ ਹੀ ਦੁੱਖ ਦਾ ਕਾਰਣ ਹੈ। ਜੀਵਨ ਵਿੱਚ ਦੁੱਖ ਵਧੇਰੇ ਤੇ ਸੁੱਖ ਘੱਟ ਹੈ। ਸਾਰੇ ਸੁੱਖ ਕਦੀ ਵੀ ਸੰਪੂਰਨ ਨਹੀਂ ਹੁੰਦੇ।

ਸੰਸਾਰ ਦੇ ਸਾਰੇ ਪ੍ਰਮੁੱਖ ਧਰਮ ਮੰਨਦੇ ਹਨ ਕਿ ਜੀਵਨ ਵਿਚ ਦੁੱਖਾਂ ਦੀ ਮਾਤਰਾ ਵਧੇਰੇ ਹੈ। ਭਾਰਤੀ ਮੱਤਾਂ ਨੇ ਦੁੱਖ ਦੇ ਸੰਕਲਪ ਨੂੰ ਕਰਮ ਦੇ ਸਿਧਾਂਤ ਤੇ ਆਧਾਰਿਤ ਕੀਤਾ ਹੈ। ਜਿਸ ਤਰ੍ਹਾਂ ਦੇ ਤੁਸੀਂ ਕਰਮ ਕਰੋਗੇ, ਉਸ ਤਰ੍ਹਾਂ ਦਾ ਹੀ ਫਲ ਮਿਲੇਗਾ। ਸਾਮੀ ਧਰਮਾਂ (Semetic religions) ਦੇ ਅਨੁਸਾਰ ਤਾਂ ਇਹ ਜੀਵਨ ਹੈ ਹੀ ਇਕ ਸਜ਼ਾ ਜੋ ਮਨੁੱਖ ਨੂੰ ਉਸਦੇ ਮੁਢਲੇ ਗੁਨਾਹ ਕਾਰਣ ਦਿੱਤੀ ਗਈ। ਇਨ੍ਹਾਂ ਅਨੁਸਾਰ ਗਿਆਨ ਹੀ ਦੁੱਖ ਦਾ ਕਾਰਣ ਹੈ। ਮਿਥਿਹਾਸ ਕਹਿੰਦਾ ਹੈ ਕਿ ਆਦਮ ਅਤੇ ਹਵਾ ਨੂੰ ਗਿਆਨ ਦੇ ਬੂਟੇ ਦਾ ਫਲ ਖਾਣ ਕਾਰਣ ਪ੍ਰਭੂ ਆਪਣੇ ਨੇਕੀ ਬਦੀ ਦਾ ਅਹਿਸਾਸ ਹੋਇਆ ਸੀ, ਜਿਸ ਕਾਰਣ ਉਨ੍ਹਾਂ ਨੂੰ ਬਹਿਸ਼ਤ ਦੇ ਬਾਗ ਵਿੱਚੋਂ ਕੱਢਿਆ ਗਿਆ ਸੀ। ਜਦੋਂ ਤੱਕ ਉਨ੍ਹਾਂ ਨੂੰ ਆਪਣੇ ਨੇਕੀ ਬਦੀ ਦਾ ਗਿਆਨ ਨਹੀਂ ਸੀ, ਉਦੋਂ ਤੱਕ ਉਹ ਬਹਿਸ਼ਤ ਦੇ ਬਾਗ ਵਿੱਚ ਸੁੱਖ ਨਾਲ ਰਹਿ ਸਕਦੇ ਸੀ। ਪਰ ਆਖਰ ਇਹ ਉਨ੍ਹਾਂ ਨੂੰ ਦੁੱਖ ਭੋਗਣ ਲਈ ਬਹਿਸ਼ਤ ਦੇ ਬਾਗ ਵਿਚੋਂ ਕੱਢ ਦਿੱਤਾ ਗਿਆ।

ਭਾਰਤੀ ਮੱਤਾਂ ਵਿੱਚ ਅਗਿਆਨਤਾ ਨੂੰ ਦੁੱਖ ਦਾ ਕਾਰਣ ਸਮਝਿਆ ਗਿਆ ਹੈ। ਅਗਿਆਨਤਾ ਕਾਰਣ ਮਨੁੱਖ ਇਸ ਝੂਠੇ ਜੀਵਨ ਨੂੰ ਸੱਚ ਸਮਝਦਾ ਹੈ, ਇਸਦੇ ਬੰਧਨ ਵਿੱਚ ਜਕੜਿਆ ਰਹਿੰਦਾ ਹੈ ਅਤੇ ਦੁੱਖ ਪਾਉਂਦਾ ਹੈ। ਪਰ ਜਦੋਂ ਉਸਨੂੰ ਆਪਣੀ ਆਤਮਾ ਦਾ, ਪ੍ਰਮਾਤਮਾ ਦਾ ਅਤੇ ਸੱਚ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਇਸ ਜੀਵਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ।

ਸਾਰੇ ਧਰਮਾਂ ਵਾਂਗ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦੁੱਖਾਂ ਦੀ ਬਹੁਲਤਾ ਸਵੀਕਾਰ ਕੀਤੀ ਗਈ ਹੈ। ਦੁੱਖ ਸਰਬ-ਸ਼ਕਤੀਵਰ ਅਤੇ ਸਰਬ-ਵਿਆਪਕ ਹਨ। ਜਿਵੇਂ ਮਨੁੱਖੀ ਦੁੱਖ ਸਰੀਰ ਰਾਹੀਂ ਪ੍ਰਗਟ ਹੁੰਦੇ ਹਨ ਉਵੇਂ ਇਸ ਦੇ ਨਾਲ ਹੀ ਮਨੁੱਖ ਮਾਨਸਿਕ ਦੁੱਖਾਂ ਨਾਲ ਵੀ ਘਿਰਿਆ ਹੋਇਆ ਹੈ। ਮਾਨਵ ਜਾਤੀ ਦੇ ਦੁੱਖਾਂ ਦਾ ਕੋਈ ਅੰਤ ਨਹੀਂ ਹੈ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦੁੱਖਾਂ ਨਾਲ ਘਿਰਿਆ ਰਹਿੰਦਾ ਹੈ। ਅਜਿਹੇ ਦੁੱਖ ਵੀ ਉਤਪੰਨ ਹੋ ਜਾਂਦੇ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਇਵੇਂ ਤਨ, ਮਨ ਅਤੇ ਧਨ ਦੇ ਕਾਰਣ ਹੀ ਦੁੱਖ ਨਹੀਂ ਉਪਜਦੇ ਸਗੋਂ ਕੁਦਰਤੀਆਂ ਸ਼ਕਤੀਆਂ ਵੀ ਦੁੱਖਦਾਇਕ ਵਾਤਾਵਰਣ ਪੈਦਾ ਕਰਦੀਆਂ ਹਨ। ਲੱਖਾਂ ਵਿਅਕਤੀ ਅਤੇ ਜੀਵ ਜੰਤ ਅਤੇ ਨੁਕਸਾਨ ਦਾ ਸ਼ਿਕਾਰ ਹੋ ਜਾਂਦੇ ਹਨ। ਸਮਾਜ ਵਿੱਚ ਫੈਲੀ ਵਰਗ ਨਾ-ਬਰਾਬਰੀ ਪੈਦਾ ਕਰਦੇ ਦੁੱਖ ਉਪਜਾਉਂਦੀ ਹੈ। ਸਭ ਤੋਂ ਵੱਡਾ ਦੁੱਖ ਭੁੱਖ ਦਾ ਗਿਣਿਆ ਗਿਆ ਹੈ। ਭੁੱਖ ਸਮਾਜ ਵਿੱਚ ਅਸ਼ਾਂਤੀ ਅਰਾਜਕਤਾ ਅਤੇ ਅਰਾਜਕਤਾ ਫੈਲਾਉਂਦੀ ਹੈ। ਭੁੱਖਾ ਮਨੁੱਖ ਕੁਝ ਨਹੀਂ ਕਰ ਸਕਦਾ। ਭੁੱਖਿਆਂ ਤਾਂ ਰੱਬ ਵਾਲੇ ਪਾਸੇ ਵੀ ਧਿਆਨ ਨਹੀਂ ਜਾ ਸਕਦਾ। ਇਸੇ ਕਰਕੇ ਧੰਨੇ ਭਗਤ ਨੇ ਕਿਹਾ ਹੈ:-

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

ਦੁੱਖ ਦੀ ਨਵਿਰਤੀ ਲਈ ਕਈ ਪ੍ਰਕਾਰ ਦੇ ਵਿਚਾਰ ਪ੍ਰਗਟ ਕੀਤੇ ਗਏ ਹਨ। ਬੁੱਧ ਧਰਮ ਵਿੱਚ ਚਾਰ ਮਹਾਨ ਸਚਾਈਆਂ ਅਤੇ ਅੱਠ ਅੰਗੀ ਮਾਰਗ ਇਸ ਦੀ ਨਵਿਰਤੀ ਲਈ ਸਥਾਪਿਤ ਕੀਤੇ ਗਏ ਹਨ। ਗੁਰੂ ਅਮਰਦਾਸ ਜੀ ਨੇ ਦੁਨੀਆ ਨੂੰ ਦੁੱਖਾਂ ਦੀ ਅੱਗ ਵਿੱਚ ਸੜਦਿਆਂ ਦੇਖਕੇ ਅਕਾਲਪੁਰਖ ਪਾਸ ਅਰਦਾਸ ਕੀਤੀ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਗੁਰੂ ਗ੍ਰੰਥ ਸਾਹਿਬ ਵਿਚਲੇ ਦੁੱਖ ਦੇ ਸੰਕਲਪ ਨੂੰ ਸਮਝਣ ਲਈ ਸਾਰੇ ਸ਼ੋਧ-ਪ੍ਰਬੰਧ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ ਅਤੇ ਹਰੇਕ ਭਾਗ ਨੂੰ ਅੱਗੇ ਪੰਜ ਅਧਿਆਵਾਂ ਵਿੱਚ। ਪਹਿਲੇ ਭਾਗ ਵਿਚ ਭਾਰਤੀ ਦਰਸ਼ਨ ਵਿੱਚ ਵਰਣਿਤ ਦੁੱਖ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਤਿੰਨ ਪ੍ਰਕਾਰ ਦੇ ਦੁੱਖਾਂ, ਅਧਿਆਤਮਕ, ਆਧਿਭੌਤਿਕ ਅਤੇ ਆਧਿਦੈਵਿਕ ਦੀ ਵਿਆਖਿਆ ਕੀਤੀ ਹੈ। ਸਰੀਰ ਅੰਦਰ ਪੈਦਾ ਹੁੰਦੇ ਰੋਗ ਅਤੇ ਦੁੱਖ, ਮਾਨਸਿਕ ਰੋਗ ਜੋ ਕਿ ਵਿਗੜਿਆਂ ਵਿਚਾਰਾਂ ਦੀ ਦੇਣ ਹਨ, ਕਰਮ ਸਿਧਾਂਤ ਅਤੇ ਆਵਾਗਵਣ, ਦੈਵੀ ਸ਼ਕਤੀਆਂ ਅਤੇ ਉਨ੍ਹਾਂ ਵੱਲੋਂ ਹੁੰਦੇ ਕਹਿਰ ਦੀ ਵਿਆਖਿਆ ਕੀਤੀ ਗਈ ਹੈ। ਉਪਰੋਕਤ ਵਿਚਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੋਸ਼ਨੀ ਵਿਚੋਂ ਵਾਚਿਆ ਹੈ।

ਦੂਜੇ ਭਾਗ ਵਿਚ ਦੁੱਖਾਂ ਦੀ ਨਵਿਰਤੀ ਹਿਤ ਜੋ ਸਾਧਨ ਗੁਰਦੇਵ ਨੇ ਇਸ ਪਵਿੱਤਰ ਗ੍ਰੰਥ ਵਿੱਚ ਦੱਸੇ ਹਨ, ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਰੱਬੀ ਹੁਕਮ ਅਤੇ ਉਸਦੀ ਰਜ਼ਾ ਵਿੱਚ ਰਹਿਣਾ ਹੈ। ਆਤਮਿਕ ਪ੍ਰਗਤੀ ਲਈ ਸ਼ੁਭ ਗੁਣ ਅਪਣਾਉਣੇ ਜ਼ਰੂਰੀ ਹਨ। ਬਹੁਤੇ ਧਨ ਖੱਟਣ ਨਾਲ, ਨਾਚ ਤਮਾਸ਼ੇ ਦੇਖਣ ਨਾਲ, ਦੇਸ਼ ਵਿਦੇਸ਼ ਫਿਰਨ ਨਾਲ ਸੁੱਖ ਨਹੀਂ ਮਿਲ ਸਕਦਾ ਅਤੇ ਦੁੱਖ, ਜੋ ਘੁਣ ਵਾਂਗ ਜੀਵ ਨੂੰ ਖਾਈ ਜਾਂਦਾ ਹੈ, ਦੂਰ ਨਹੀਂ ਹੋ ਸਕਦਾ। "ਸਰਬ ਸੁਖਾ ਹਰਿ ਹਰਿ ਗੁਣ ਗਾਇਣ" ਦਾ ਫੁਰਮਾਣ ਹੈ। ਅਵਿਨਾਸ਼ੀ ਪ੍ਰੇਮ ਪ੍ਰਾਪਤੀ ਵਾਸਤੇ ਲਈ ਪ੍ਰਭੂ ਨੂੰ ਸਿਮਰਣਾ ਜ਼ਰੂਰੀ ਦੱਸਿਆ ਹੈ। ਭਗਤੀ ਨਾਮ ਦਾ ਸਾਧਨ ਹੀ ਜੀਵਨ ਵਿਚੋਂ ਦੁੱਖ ਕੱਟ ਸਕਦਾ ਹੈ ਅਤੇ ਸਾਧਕ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਜਿੱਥੇ "ਦੁੱਖ ਸਬਾਇਐ ਜਗ" ਹੈ, ਉਥੇ 'ਦੁੱਖ ਦਾਰੂ' ਵੀ ਹੈ। ਅਰਥਾਤ ਦੁੱਖਾਂ ਦੀ ਮਹਾਨਤਾ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ। ਸੁੱਖ ਨੂੰ ਰੋਗ ਅਤੇ ਦੁੱਖ ਨੂੰ ਦਾਰੂ ਦੇ ਰੂਪ ਵਿਚ ਵਾਚਿਆ ਹੈ।

ਤੀਜੇ ਭਾਗ ਵਿੱਚ ਪੰਜ ਵੱਖ ਵੱਖ ਬਾਣੀਆਂ ਲੈ ਕੇ ਉਨ੍ਹਾਂ ਵਿਚ ਦੁੱਖ ਦਾ ਸੰਕਲਪ ਅਤੇ ਇਨ੍ਹਾਂ ਦੀ ਨਵਿਰਤੀ ਹਿਤ ਦਰਸਾਏ ਸਾਧਨਾਂ ਦੀ ਵਿਆਖਿਆ ਕੀਤੀ ਹੈ।

ਮੈਂ ਆਪਣੇ ਨਿਰਦੇਸ਼ਕ ਪਰਮ ਪੂਜਨੀਕ ਡਾ. ਸੁਰਿੰਦਰ ਸਿੰਘ ਕੋਹਲੀ ਜੀ ਦਾ ਹਾਰਦਿਕ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਸੁਯੋਗ ਤੇ ਵਿਦਵਤਾ ਭਰਪੂਰ ਅਗਵਾਈ, ਹਰ ਮੋੜ ਵਿੱਚ ਉਦਾਰਤਾ ਭਰੀ ਸਹਾਇਤਾ, ਕੰਮ ਨੂੰ ਨੇਪਰੇ ਚਾੜ੍ਹਣ ਲਈ ਪ੍ਰੇਮ ਭਰੀ ਪ੍ਰੇਰਣਾ, ਹਰ ਕੁਤਾਹੀ ਅਤੇ ਕਮਜ਼ੋਰੀ ਪ੍ਰਤੀ ਅਪਾਰ ਸਹਿਣਸ਼ੀਲਤਾ, ਸਨਮਾਨ ਭਰਿਆ ਵਰਤਾਉ ਉਨ੍ਹਾਂ ਦੇ ਗਿਆਨ, ਸੰਜਮਤਾ ਅਤੇ ਨਿਰਸੁਆਰਥ ਉਪਕਾਰ ਭਾਵ ਦਾ ਐਸਾ ਸਹਿਜ ਪ੍ਰਕਾਸ਼ ਹੈ ਜਿਸ ਦਾ ਨਿੱਘ ਅੰਤਰਆਤਮਾ ਤਾਂ ਅਨੁਭਵ ਕੀਤਾ ਜਾ ਸਕਦਾ ਹੈ, ਸ਼ਬਦਾਂ ਵਿੱਚ ਨਹੀਂ ਉਤਾਰਿਆ ਜਾ ਸਕਦਾ। ਸ਼੍ਰੀਮਤੀ ਕੁਲਵੰਤ ਕੌਰ ਜੀ ਦੀ ਵੀ, ਉਨ੍ਹਾਂ ਵਲੋਂ ਮਿਲੇ ਉਤਸ਼ਾਹ ਤੇ ਸੁਹਿਰਦ ਵਤੀਰੇ ਲਈ ਸ਼ੁਕਰਗੁਜ਼ਾਰ ਹਾਂ।

ਮੈਂ ਉਨ੍ਹਾਂ ਵਿਦਵਾਨਾਂ ਦੀ ਵਿਸ਼ੇਸ਼ ਰਿਣਵਾਨੀ ਹਾਂ ਜਿਨ੍ਹਾਂ ਦੀਆਂ ਮਹਾਨ ਖੋਜਾਂ ਤੇ ਰਚਨਾਵਾਂ ਤੋਂ ਭਰਪੂਰ ਪ੍ਰੇਰਣਾ ਤੇ ਨਿੱਜੀ ਸਹਾਇਤਾ ਪ੍ਰਾਪਤ ਹੋਈ ਹੈ। ਇਸਦੇ ਨਾਲ ਹੀ ਆਪਣੇ ਸਹੇਲੀਆਂ ਰਸ਼ਮ ਅਤੇ ਸੁਖੀ ਦੀ ਜਿਨ੍ਹਾਂ ਨੇ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਪੂਰਾ ਸਾਥ ਦਿੱਤਾ ਹੈ।

ਅੰਤ ਵਿੱਚ ਰਿਣਵਾਨੀ ਹਾਂ ਸ. ਬਲਬੀਰ ਸਿੰਘ ਦੀ, ਜਿਸਨੇ ਠੀਕ ਸਮੇਂ ਸਿਰ ਪੂਰੀ ਲਗਨ ਨਾਲ ਟਾਈਪ ਕਰਕੇ ਦਿੱਤਾ।

ਪਰਮਿੰਦਰ ਕੌਰ.
( ਪਰਮਿੰਦਰ ਕੌਰ )

# — ਭਾਗ ਪਹਿਲਾ —

## ਦੁੱਧ ਦੀ ਪੈਦ ਕਿਉਂ ਅਤੇ ਕਿਵੇਂ

## ਪਹਿਲਾ ਅਧਿਆਇ

## ਭਾਰਤੀ ਦਰਸ਼ਨ ਵਿੱਚ ਦੁੱਖ ਦਾ ਸੰਕਲਪ

ਕੁਦਰਤੀ ਨਿਯਮਾਂ ਅਨੁਸਾਰ ਜੋ ਨਾ ਚਾਹੁੰਣ ਉਪਰੰਤ ਵੀ ਹਰੇਕ ਪ੍ਰਾਣੀ ਦੇ ਜੀਵਨ ਵਿੱਚ ਆ ਜਾਂਦਾ ਹੈ, ਉਹ ਦੁੱਖ ਹੈ ਅਤੇ ਜੋ ਚਾਹੁੰਦਿਆਂ ਹੋਇਆਂ ਵੀ ਨਹੀਂ ਮਿਲਦਾ ਉਹ ਸੁੱਖ ਹੈ। ਇਸ ਤਰ੍ਹਾਂ ਦੁੱਖ-ਸੁੱਖ ਨੂੰ ਵੱਖ ਪ੍ਰਥਕ ਵੇਖਣਾ ਸੰਭਵ ਨਹੀਂ ਹੈ। ਫਿਰ ਵੀ ਸੰਸਾਰ ਵਿੱਚ ਹਰੇਕ ਪ੍ਰਾਣੀ ਸੁੱਖ ਦੀ ਖੋਜ ਦੇ ਯਤਨ ਵਿੱਚ ਹੈ। ਛੋਟਾ, ਵੱਡਾ, ਅਗਿਆਨੀ, ਗਿਆਨੀ ਹਰੇਕ ਵਿਅਕਤੀ ਇਸ ਕੋਸ਼ਿਸ਼ ਵਿੱਚ ਰਹਿੰਦਾ ਹੈ ਕਿ ਉਸਨੂੰ ਦੁੱਖ ਨਾ ਸਹਿਣ ਕਰਨਾ ਪਵੇ, ਉਸਦੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਰਹੇ ਅਤੇ ਉਹ ਸੁੱਖ-ਚੈਨ ਦਾ ਜੀਵਨ ਬਤੀਤ ਕਰ ਸਕੇ। ਪਰ ਨਤੀਜਾ ਇਸਦੇ ਉਲਟ ਹੈ। ਇਸ ਉਲਟ ਅਵਸਥਾ ਦਾ ਕੀ ਕਾਰਣ ਹੈ? ਪ੍ਰਾਣੀ ਸੁੱਖ ਦੀ ਇੱਛਾ ਅਤੇ ਕੋਸ਼ਿਸ਼ ਕਰਦਿਆਂ ਵੀ ਦੁੱਖਾਂ ਵਿੱਚ ਗ੍ਰਸਿਤ ਰਹਿੰਦਾ ਹੈ। ਭਾਰਤੀ ਦਾਰਸ਼ਨਿਕਾਂ ਨੇ ਇਸ ਸਮੱਸਿਆ ਉਪਰ ਗੰਭੀਰ ਦ੍ਰਿਸ਼ਟੀ ਨਾਲ ਵਿਚਾਰ ਕੀਤੀ ਹੈ। ਇਹੀ ਕਾਰਣ ਹੈ ਕਿ ਭਾਰਤੀ ਵਿਚਾਰਧਾਰਾ ਵਿੱਚ ਦੁੱਖਾਂ ਬਾਰੇ ਭਰਪੂਰ ਵਰਣਨ ਮਿਲਦਾ ਹੈ।

ਸਾਡਾ ਜਿਥਾ ਸੰਬੰਧ ਦੁੱਖ ਦੇ ਸੰਕਲਪ ਨਾਲ ਹੈ, ਇਸ ਲਈ ਭਾਰਤੀ ਧਰਮਾਂ ਵਿੱਚ ਵਰਣਨ ਕੀਤੇ ਤਿੰਨ ਪ੍ਰਕਾਰ ਦੇ ਦੁੱਖਾਂ ਦਾ ਵਿਵੇਚਨ ਕਰਨਾ ਕੁਥਾਂ ਨਹੀਂ ਹੋਵੇਗਾ। ਵੱਖ ਵੱਖ ਵਿਦਵਾਨਾਂ ਨੇ ਇਨ੍ਹਾਂ ਦੁੱਖਾਂ ਦਾ ਵਿਵੇਚਨ ਆਪਣੇ ਹੀ ਢੰਗ ਨਾਲ ਕੀਤਾ ਹੈ। ਸਾਂਖ ਦਰਸ਼ਨ ਦੇ ਕਰਤਾ ਮਹਾਂਰਿਸ਼ੀ ਕਪਿਲ ਦੇ ਵਿਚਾਰ ਇਹ ਹਨ:-

> "<u>ਆਧਿਆਤਮਕ</u> ਦੁੱਖ ਉਹ ਹੈ ਜੋ ਆਤਮਾ ਨੂੰ ਆਪਣੇ ਸਰੀਰ ਜਾਂ ਮਨ ਤੋਂ ਪ੍ਰਾਪਤ ਹੁੰਦਾ ਹੈ।
>
> <u>ਆਧਿਭੌਤਿਕ</u> ਦੁੱਖ ਚੋਰ ਡਾਕੂ, ਸੱਪ ਆਦਿ ਦੇ ਕੱਟਣ, ਸੱਟ ਲੱਗਣ, ਧਨ ਚੋਰੀ ਹੋ ਜਾਣ ਆਦਿ ਤੋਂ ਪ੍ਰਾਪਤ ਹੁੰਦਾ ਹੈ।
>
> <u>ਆਧਿਦੈਵਿਕ</u> ਦੁੱਖ ਉਹ ਹੈ ਜਿਸ ਵਿਚ ਪ੍ਰਕ੍ਰਿਤਕ ਸ਼ਕਤੀਆਂ ਤੋਂ ਨੁਕਸਾਨ, ਬਿਜਲੀ ਡਿਗਣਾ, ਬੰਬ ਫੱਟਣਾ, ਹੜ੍ਹ ਆਦਿ ਤੋਂ ਹਾਨੀ ਹੁੰਦੀ ਹੈ।" [1]

ਯੋਗ ਦਰਸ਼ਨ ਦੇ ਕਰਤਾ ਪਾਤੰਜਲੀ ਰਿਸ਼ੀ ਨੇ ਲਿਖਿਆ ਹੈ:-

---

1. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, <u>ਸਾਂਖ ਦਰਸ਼ਨ</u>, ਪੰਨਾ 33

"ਕਾਮ, ਕ੍ਰੋਧ, ਰਾਗ ਦ੍ਵੇਸ਼, ਚਿੰਤਾ ਡਰ ਆਦਿ ਦੇ ਕਾਰਣ ਮਨ, ਇੰਦ੍ਰੀਆਂ, ਸਰੀਰ ਵਿੱਚ ਤਾਪ ਜਾਂ ਪੀੜਾ ਅਥਵਾ ਵਿਕਲਤਾ ਹੁੰਦੀ ਹੈ, ਉਸਨੂੰ ਅਧਿਆਤਮਕ ਦੁੱਖ ਕਹਿੰਦੇ ਹਨ।

ਸ਼ੇਰ, ਸੱਪ, ਦੁਸ਼ਮਣ, ਮੱਛਰ ਆਦਿ ਦੇ ਕਾਰਣ ਹੋਣ ਵਾਲੀ ਪੀੜ ਨੂੰ ਅਧਿਭੌਤਿਕ ਦੁੱਖ ਕਹਿੰਦੇ ਹਨ।

ਗਰਮੀ, ਸਰਦੀ, ਬਿਜਲੀ, ਅੱਗ, ਤੂਫਾਨ, ਹਵਾ ਆਦਿ ਦੇ ਕਾਰਣ ਹੋਣ ਵਾਲੀ ਪੀੜ ਨੂੰ ਅਧਿਦੈਵਿਕ ਦੁੱਖ ਕਹਿੰਦੇ ਹਨ।"[1]

ਭਾਈ ਕਾਨ੍ਹ ਸਿੰਘ ਨਾਭਾ ਨੇ ਤਿਨ੍ਹਾਂ ਦੁੱਖਾਂ ਦੀ ਵਿਆਖਿਆ ਇਉਂ ਕੀਤੀ ਹੈ:-

"ਅਧਿਆਤਮਕ:- ਸਰੀਰ ਅਤੇ ਮਨ ਦਾ ਕਲੇਸ਼।

ਅਧਿਭੌਤਿਕ:- ਜੋ ਵੈਰੀ ਅਤੇ ਪਸ਼ੂ ਪੰਛੀਆਂ ਤੋਂ ਹੋਵੇ।

ਅਧਿਦੈਵਿਕ:- ਜੋ ਪ੍ਰਕ੍ਰਿਤਕ ਸ਼ਕਤੀਆਂ ਤੋਂ ਪਹੁੰਚਦਾ ਹੈ, ਜੈਸੇ ਅੰਧੇਰੀ, ਬਿਜਲੀ ਦਾ ਡਿੱਗਣਾ, ਤਪਤ, ਸਰਦੀ ਆਦਿ।"[2]

ਡਾ. ਦੀਵਾਨ ਚੰਦ ਨੇ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ:-

"ਅਧਿਆਤਮਕ ਪ੍ਰਕਾਰ ਦੇ ਦੁੱਖ ਦਾ ਕਾਰਣ ਖੁਦ ਸਾਡੇ ਅੰਦਰ ਮੌਜੂਦ ਹੁੰਦਾ ਹੈ। ਵਿਰਧ ਅਵਸਥਾ ਵਿੱਚ ਸਰੀਰ ਦੇ ਅੰਗ ਢਿੱਲੇ ਪੈ ਜਾਂਦੇ ਹਨ। ਬੁਢਾਪੇ ਦੇ ਰੋਗਾਂ ਵਿੱਚ ਪ੍ਰਮੁੱਖ ਰੋਗ ਬੁਢਾਪਾ ਹੈ। ਅਧਿਆਤਮਕ ਦੁੱਖ ਦਾ ਇਕ ਹੋਰ ਰੂਪ ਅਸੰਤੋਖ ਹੈ।

ਅਧਿਭੌਤਿਕ:- ਇਹ ਦੁੱਖ ਹੋਰ ਪ੍ਰਾਣੀਆਂ ਤੋਂ ਪਹੁੰਚਦੇ ਹਨ। ਜਿਉਂ ਜਿਉਂ ਜੀਵਨ-ਸੰਗ੍ਰਾਮ ਤੀਖਣ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਦੇ ਦੁੱਖਾਂ ਦੀ ਮਾਤਰਾ ਵੱਧਦੀ ਜਾਂਦੀ ਹੈ।

---

1. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, ਯੋਗ ਦਰਸ਼ਨ, ਪੰਨਾ 121-122
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 481

ਅਧਿਦੈਵਿਕ:- ਇਨ੍ਹਾਂ ਦੁੱਖਾਂ ਦਾ ਕਾਰਣ ਇਹ ਹੁੰਦਾ ਹੈ ਕਿ ਸਾਡੀ ਸ੍ਰਿਸ਼ਟੀ ਅਤੇ ਵਾਤਾਵਰਣ ਵਿੱਚ ਅਨੁਕੂਲਤਾ ਨਹੀਂ ਹੁੰਦੀ।"[1]

ਜੋ ਮਨ ਅਤੇ ਸਰੀਰ ਕਾਰਣ ਜੋ ਦੁੱਖ ਆਤਮਾ ਨੂੰ ਪਹੁੰਚਦੇ ਹਨ, ਅਰਥਾਤ ਜੋ ਆਂਤਰਿਕ ਕਾਰਣਾਂ ਤੋਂ ਉਪਜਦੇ ਹਨ, ਉਹ ਅਧਿਆਤਮਕ ਦੁੱਖ ਹਨ। ਅਧਿਭੌਤਿਕ ਦੁੱਖ ਉਹ ਹਨ ਜੋ ਦੂਸਰੇ ਪ੍ਰਾਣੀਆਂ ਤੋਂ ਪਹੁੰਚਦੇ ਹਨ ਅਤੇ ਜਿਨ੍ਹਾਂ ਦਾ ਅਸਰ ਸਰੀਰ ਉਪਰ ਪ੍ਰਤੱਖ ਹੁੰਦਾ ਹੈ। ਅਧਿਦੈਵਿਕ ਦੁੱਖ ਦੈਵੀ ਦੁਰਘਟਨਾਵਾਂ ਨਾਲ ਹੁੰਦੇ ਹਨ। ਇਨ੍ਹਾਂ ਦੀ ਪਹੁੰਚ ਜੀਵਾਤਮਾ ਤੱਕ ਸਰੀਰ ਕਾਰਣ ਹੁੰਦੀ ਹੈ ਪਰ ਇਨ੍ਹਾਂ ਦਾ ਸੋਮਾ ਦੈਵੀ ਹੋਣ ਕਾਰਣ ਇਹ ਅਧਿਦੈਵਿਕ ਦੁੱਖ ਕਹਾਉਂਦੇ ਹਨ।

ਵੇਦਾਂ ਵਿੱਚ ਦੁੱਖ ਦਾ ਸੰਕਲਪ:- ਅੱਜ ਤੱਕ ਜੋ ਲਿਖਤੀ ਗਿਆਨ ਭੰਡਾਰ ਪ੍ਰਾਪਤ ਹੋਇਆ ਹੈ, ਉਨ੍ਹਾਂ ਵਿਚੋਂ ਵੇਦ ਸਭ ਤੋਂ ਪੁਰਾਣੇ ਹਨ। ਵੈਦਿਕ ਸਾਹਿਤ ਇਕ ਅਥਾਹ ਸਾਗਰ ਹੈ, ਜਿਸ ਵਿਚ ਗੰਭੀਰ ਵਿਸ਼ਿਆਂ (ਆਤਮਾ, ਪਰਮਾਤਮਾ, ਨੈਤਿਕ ਤੇ ਸਦਾਚਾਰਕ ਨਿਯਮ, ਦੁੱਖ-ਸੁੱਖ) ਬਾਰੇ ਵੀਚਾਰ ਕੀਤਾ ਗਿਆ ਹੈ। ਜਿਉਂ ਹੀ ਮਨੁੱਖ ਜੰਮਦਾ ਹੈ, ਉਸਦਾ ਦੁੱਖਾਂ ਨਾਲ ਵਾਹ ਪੈਂਦਾ ਹੈ। ਵੇਦਾਂ ਵਿੱਚ ਰਿਸ਼ੀਆਂ ਦੀ ਇਸ ਮਹਾਨ ਸਮੱਸਿਆ ਬਾਰੇ ਸਿੱਧਾ ਵਰਣਨ ਕਿਤੇ ਵੀ ਨਹੀਂ ਮਿਲਦਾ। ਪਰ ਪ੍ਰਾਰਥਨਾਂ ਰਾਹੀਂ ਇਸ ਮਹਾਨ ਸੱਚ ਬਾਰੇ ਜ਼ਿਕਰ ਕੀਤਾ ਮਿਲਦਾ ਹੈ। ਵੈਦਿਕ ਲੋਕ ਪ੍ਰਾਰਥਨਾ ਕਰਦੇ ਹਨ:-

"ਹੇ ਵਰੁਣ (ਜਲ) ਦੇਵ! ਭਾਵੇਂ ਕਿ ਅਸੀਂ ਹਰ ਰੋਜ਼ ਤੇਰੀਆਂ ਆਗਿਆਵਾਂ, ਤੇਰੇ ਹੁਕਮਾਂ ਦਾ ਉਲੰਘਣ ਕਰ ਜਾਂਦੇ ਹਾਂ, ਫਿਰ ਅਸੀਂ ਤੇਰੀ ਪਰਜਾ ਰੂਪ ਹੀ ਤਾਂ ਹਾਂ। ਇਸ ਲਈ ਹੇ ਭਗਵਾਨ, ਸਾਡਾ ਅਪਮਾਨ ਨਾ ਕਰ, ਸਾਨੂੰ ਨਿਰਦਈ ਮੌਤ ਨਾ ਮਾਰੋ। ਸਾਡੇ ਨਾਲ ਗੁੱਸੇ ਸਾਡੇ ਤੇ ਗੁੱਸਾ ਨਾ ਕਰੋ। ਹੇ ਦੇਵਤਾ! ਅਸੀਂ ਆਪ ਨਿਮਾਣੇ ਹਾਂ, ਬੇਨਤੀਆਂ ਕਰਦੇ ਹਾਂ। ਸਾਨੂੰ ਨਸ਼ਟ ਕਰਨ ਦੀ ਬਜਾਏ ਸਾਡੇ ਪਾਪਾਂ ਨੂੰ ਔਗੁਣਾਂ ਨੂੰ ਖ਼ਤਮ ਕਰੋ।"[2]

---

1. ਡਾ. ਜੀਵਨ ਸਿੰਘ, ਦਰਸ਼ਨ ਸੰਗ੍ਰਹਿ, ਪੰਨਾ 32-33

2. A.C. Clayton, The Rigveda & Vedic Religion, p. 63.

ਉਹ ਪ੍ਰਕ੍ਰਿਤੀ ਦੀਆਂ ਸਾਰੀਆਂ ਵਸਤੂਆਂ ਤੋਂ ਇਹੀ ਦਾਨ ਮੰਗਦੇ ਸਨ ਕਿ ਸਾਡੀ ਰੱਖਿਆ ਕਰੋ ਕਿਉਂਕਿ ਰੱਖਿਆ ਦੇ ਸਾਧਨ ਸੀਮਤ ਸਨ। ਵੈਦਿਕ ਮਨੁੱਖ ਆਪਣੀ ਰੱਖਿਆ ਲਈ ਬਹੁਤ ਹੀ ਚਿੰਤਾਤੁਰ ਅਤੇ ਪ੍ਰਯਤਨਸ਼ੀਲ ਰਹਿੰਦਾ ਸੀ। ਉਹ ਨਹੀਂ ਚਾਹੁੰਦਾ ਕਿ ਕਾਲ ਤੋਂ ਪਹਿਲਾਂ ਕੋਈ ਅਣਸੁਖਾਵੀਂ ਘਟਨਾ ਉਸਦੇ ਜੀਵਨ-ਅੰਤ ਦਾ ਕਾਰਣ ਬਣੇ। ਸੁੱਖ ਸ਼ਾਂਤੀ ਲਈ ਤੜਪ ਅਨੇਕਾਂ ਸੂਕਤਾਂ ਵਿਚੋਂ ਝਲਕਦੀ ਹੈ:-

> "ਦੇਵੀ ਜਲ ਸਾਡੀ ਮੁਕਤੀ ਤੇ ਤ੍ਰਿਪਤੀ ਦਾ ਸਾਧਨ ਬਣੇ। ਹਰ ਪਾਸਿਉਂ ਕਲਿਆਣਕਾਰੀ ਧਾਰਾਵਾਂ ਵਰਸਣ। ਜਲ ਦੇਵਤਾ ਸੁੱਖ ਤੇ ਸ਼ਾਂਤੀ ਨੂੰ ਸਾਡੇ ਵੱਲ ਭੇਜੀ ਜਾਵੇ।"[1]

ਅਗਨੀ ਨੂੰ ਪਾਪਾਂ ਤੇ ਰੋਗਾਂ ਨੂੰ ਨਾਸ਼ ਕਰਨ ਵਾਲਾ ਦੇਵਤਾ ਮੰਨਿਆ ਹੈ। ਇੰਦਰ ਦੇਵਤਾ ਪ੍ਰਤੀ ਵੇਦਾਂ ਵਿੱਚ ਜੋ ਵਿਚਾਰ ਪ੍ਰਗਟਾਏ ਗਏ ਹਨ, ਉਨ੍ਹਾਂ ਦਾ ਨਿਚੋੜ ਇਉਂ ਮਿਲਦਾ ਹੈ:-

> "ਇੰਦਰ ਕੇਵਲ ਅਧਿਆਤਮਕ ਸ਼ਕਤੀਆਂ ਦਾ ਹੀ ਪ੍ਰਤੀਕ ਨਹੀਂ ਸਗੋਂ ਭੌਤਿਕ ਸ਼ੱਤਰੂ ਦਾ ਨਾਸ਼ ਕਰਨ ਵਾਲੀ ਪਰਮਸ਼ਕਤੀ ਵੀ ਹੈ। ਉਹ ਪਰਜਾ ਦੇ ਮਨਾਂ ਤੇ ਰਾਜ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਸਰੀਰਾਂ ਤੇ ਵੀ ਰਾਜ ਕਰਦਾ ਹੈ। 'ਹੇ ਮਨ ਅੰਦਰ ਵੱਸਣ ਵਾਲੇ ਇੰਦਰਦੇਵ! ਪਰਜਾ ਦੀ ਰੱਖਿਆ ਕਰਨ ਵਾਲੇ ਰਾਜਾ! ਤੂੰ ਸਾਰੇ ਪਦਾਰਥਾਂ ਨੂੰ ਭੋਗ। ਹੇ ਨਿਡਰ ਬਹਾਦਰ! ਇਹ ਸਾਰੇ ਪਦਾਰਥ ਤੇ ਅੰਨ ਤੇਰੇ ਲਈ ਅਸੀਂ ਭੇਟ ਕਰਦੇ ਹਾਂ।"[2]

ਇਸ ਤਰ੍ਹਾਂ ਇੰਦਰ ਨੂੰ ਸੰਸਾਰ ਦੇ ਜੜ੍ਹ ਅਤੇ ਚੇਤਨ ਵਸਤੂਆਂ ਦਾ ਅਧਿਕਾਰੀ ਮੰਨਿਆ ਹੈ। ਉਹ ਕਾਮਨਾਵਾਂ ਪੂਰੀਆਂ ਕਰਕੇ ਮਨੁੱਖ ਨੂੰ ਸਿੱਧੇ ਮਾਰਗ ਤੇ ਟਿਕਾ ਦਿੰਦਾ ਹੈ। ਉਹ ਯੁੱਧਾਂ ਵਿੱਚ ਵੀ ਮਨੁੱਖ ਦੀ ਰੱਖਿਆ ਕਰਦਾ ਹੈ। ਆਮ ਤੌਰ ਤੇ ਯੁੱਧ ਦਾ ਨਾਇਕ ਅਧਿਸ਼ਠਾਤਾ ਨੂੰ ਮੰਨਿਆ ਗਿਆ ਹੈ। ਰਜੋ ਤਮੋ ਸਤੋ ਇਕੱਠੀ ਅਧੀਨ ਕਈ ਕਰਮਾਂ ਕਾਰਣ ਮਨੁੱਖ ਦੁੱਖ ਦੀ

---

1. ਈਸ਼ਰ ਸਿੰਘ ਤਾਂਘ, ਚਾਰੇ ਵੇਦੇ ਚੋਣੇ ਸਵਿਚਾਰ, ਪੰਨਾ 26

2. ਉਹੀ, ਪੰਨਾ 45

ਸੌਖੀ ਵਿਚ ਬਦਲਣਾ ਚਾਹੀਦਾ ਹੈ। ਇੰਦਰ ਨੂੰ ਇਨ੍ਹਾਂ ਤਿੰਨਾਂ ਦੁਖਾਂ ਨੂੰ ਨਾਸ਼ ਕਰਨ ਵਾਲਾ ਮੰਨਿਆ ਹੈ।

ਰਿਗ ਵੇਦ ਅਤੇ ਵੈਦਿਕ ਰੀਲੀਜਨ ਵਿੱਚ ਲਿਖਿਆ ਹੈ:-

> "ਉਨ੍ਹਾਂ ਲਈ ਪਾਪ ਜਾਂ ਦੁੱਖ ਆਚਰਣ ਵਿੱਚ ਘਾਟ ਜਾਂ ਦੇਵਤਿਆਂ ਦੀ ਪੂਜਾ ਵਿੱਚ ਕਿਸੇ ਤਰ੍ਹਾਂ ਦੀ ਕਮੀ ਹੋਣਾ ਸੀ, ਜਿਹੜੀ ਕਿ ਦੇਵਤੇ ਨੂੰ ਆਪਣੇ ਪੁਜਾਰੀ ਨਾਲ ਨਰਾਜ਼ ਕਰ ਦਿੰਦੀ ਸੀ। ਉਹ ਨਾ ਤਾਂ ਦੂਸਰਿਆਂ ਦੇ ਪਾਪਾਂ ਕਾਰਣ ਦੁਖੀ ਹੋਣਾ ਚਾਹੁੰਦੇ ਸਨ ਅਤੇ ਨਾ ਹੀ ਅਜਿਹਾ ਕੰਮ ਕਰਨਾ ਚਾਹੁੰਦੇ ਸਨ, ਜਿਸ ਕਾਰਣ ਉਨ੍ਹਾਂ ਨੂੰ ਸਜ਼ਾ ਮਿਲੇ।"[1]

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਵੇਦਾਂ ਵਿਚ ਅਧਿਆਤਮਕ, ਅਧਿਭੌਤਿਕ ਅਤੇ ਅਧਿਦੈਵਿਕ ਤਿੰਨੇ ਪ੍ਰਕਾਰ ਦੇ ਦੁੱਖਾਂ ਦਾ ਵਰਣਨ ਹੋਇਆ ਹੈ ਜੋ ਕਿ ਅਸਿੱਧੇ ਰੂਪ ਵਿੱਚ ਅਰਦਾਸ ਪ੍ਰਾਰਥਨਾ ਦੇ ਰੂਪ ਵਿੱਚ ਮਿਲਦਾ ਹੈ। ਵੈਦਿਕ ਲੋਕਾਂ ਦੀਆਂ ਆਪਣੇ ਦੇਵਤਿਆਂ ਅੱਗੇ ਬੇਨਤੀਆਂ ਹਨ ਕਿ ਉਨ੍ਹਾਂ ਨੂੰ ਰੋਗਾਂ ਦੇ ਮਾੜੇ ਪਾਪਾਂ ਤੋਂ ਛੁਟਕਾਰਾ ਮਿਲੇ ਅਤੇ ਉਹ ਖੁਸ਼ੀਆਂ ਭਰਪੂਰ ਜ਼ਿੰਦਗੀ ਜਿਉਂ ਸਕਣ। ਹਰ ਇਕ ਸ਼ਲੋਕ ਇਕ ਪ੍ਰਕਾਰ ਦੀ ਪ੍ਰਾਰਥਨਾ ਹੈ, ਯਾਚਨਾ ਹੈ, ਜਿਸ ਵਿਚ ਉਹ ਆਤਮਿਕ, ਸਰੀਰਕ ਆਦਿ ਦੁੱਖਾਂ ਦੇ ਭੈਅ ਲਈ ਬੇਨਤੀ ਕਰਦੇ ਹਨ। ਉਹ ਚਾਹੁੰਦੇ ਸਨ:-

> "ਜੀਵਨ ਸੁਭ ਭਾਵਨਾਵਾਂ ਦਾ ਸੰਗ੍ਰਹਿ ਹੋਵੇ। ਜੀਵਨ ਵਿੱਚ ਕੋਈ ਦੁੱਖ ਨਾ ਹੋਵੇ। ਉਸ ਵਿੱਚ ਕੇਵਲ ਉੱਨਤੀ ਹੀ ਉੱਨਤੀ ਹੋਵੇ ਅਤੇ ਦੇਵਤੇ ਪ੍ਰਸੰਨਤਾ ਨਾਲ ਸਾਡੀ ਰੱਖਿਆ ਕਰਨ।"[2]

ਉਪਨਿਸ਼ਦਾਂ ਵਿੱਚ ਦੁੱਖ ਦਾ ਸੰਕਲਪ:- ਵੇਦਾਂ ਤੋਂ ਬਾਅਦ ਦਾ ਸਿਖਰੀ ਸਾਹਿਤ ਉਪਨਿਸ਼ਦ ਹਨ। ਇਨ੍ਹਾਂ ਵਿੱਚ ਦੁੱਖ ਦਾ ਜ਼ਿਕਰ ਕਰਦਿਆਂ ਇਹ ਦੱਸਿਆ ਹੈ ਕਿ ਅਨਾਦਿ ਪੁਰਖ ਦੀ ਆਗਿਆ ਦੇ ਉਲਟ ਚੱਲਣਾ ਦੁੱਖ ਦਾ ਕਾਰਣ ਹੈ। ਅਵਿਦਿਆ, ਅਗਿਆਨਤਾ ਦੁੱਖ ਦਾ ਕਾਰਣ ਮੰਨੀ ਹੈ।

---

1. A.C. Clayton, The Rigveda & Vedic Religion, p. 149-150
2. ਡਾ. ਰੌਸ਼ਨ ਸਿੰਘ 'ਤਾਂਘ', ਚਾਰੇ ਵੇਦ ਹੋਏ ਸਚਿਆਰ, ਪੰਨਾ 25

ਅਵਿਦਿਆ ਨਾਲ ਰਾਗ ਦ੍ਵੈਸ਼ ਵਿੱਚ ਪ੍ਰਵਿਰਤੀ ਹੁੰਦੀ ਹੈ। ਇਸ ਪ੍ਰਵਿਰਤੀ ਅਧੀਨ ਬੁਰੇ ਭਲੇ ਕੰਮਾਂ ਦੇ ਕਰਨ ਨਾਲ ਪਾਪ ਪੁੰਨ ਹੁੰਦੇ ਹਨ ਅਤੇ ਪਾਪ, ਪੁੰਨ ਨਾਲ ਜਨਮ ਮਰਣ ਹੁੰਦਾ ਹੈ। ਜਿਸ ਨਾਲ ਦੁੱਖ ਹੁੰਦਾ ਹੈ। ਅਗਿਆਨੀ ਪੁਰਖਾਂ ਨੂੰ ਪ੍ਰਾਪਤ ਹੁੰਦੇ ਦੁੱਖ ਦਾ ਇਉਂ ਚਿਤਰ ਮਿਲਦਾ ਹੈ:-

> "ਸਵਾਧੀਨਤਾ ਦਾ ਨਾ ਹੋਣਾ ਜਾਂ ਲੋੜਾਂ ਦਾ ਹੋਣਾ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਸਮੱਰਥੀ ਦਾ ਨਾ ਹੋਣਾ ਹੀ ਦੁੱਖ ਹੈ। ਜਿੰਨੀਆਂ ਲੋੜਾਂ ਵੱਧਦੀਆਂ ਜਾਣਗੀਆਂ, ਜੇ ਉਨ੍ਹਾਂ ਨੂੰ ਪੂਰਾ ਕਰਨ ਦੀ ਸਮੱਰਥੀ ਹੈ ਤਾਂ ਸੁੱਖ ਹੈ, ਜੇ ਪੂਰਾ ਕਰਨ ਦੀ ਸਮੱਰਥੀ ਨਾ ਹੋਵੇਗੀ ਤਾਂ ਦੁੱਖ ਹੈ। ਕਿਉਂਕਿ ਅਗਿਆਨੀ ਮਨੁੱਖ ਲੋੜਾਂ ਰੱਖਦੇ ਹਨ, ਪਰ ਉਨ੍ਹਾਂ ਨੂੰ ਪੂਰਾ ਕਰਨ ਦੀ ਸਮੱਰਥੀ ਨਹੀਂ ਰੱਖਦੇ। ਇਸ ਲਈ ਉਨ੍ਹਾਂ ਨੂੰ ਦੁੱਖ ਹੁੰਦਾ ਹੈ।"[1]

ਮਨੁੱਖ ਅਗਿਆਨਤਾ ਵੱਸ ਪ੍ਰਕ੍ਰਿਤੀ ਨੂੰ ਈਸ਼੍ਵਰ ਦਾ ਰੂਪ ਜਾਣਦੇ ਪੂਜਦੇ ਹਨ ਅਤੇ ਦੁਖੀ ਹੁੰਦੇ ਹਨ। ਦੁੱਖ-ਸੁੱਖ ਤਾਂ ਆਤਮਾ ਦਾ ਧਰਮ ਨਾ ਹੋ ਕੇ ਮਨ ਦੀ ਸਥਿਤੀ ਹੈ। ਪ੍ਰੰਤੂ ਅਗਿਆਨੀ ਮਨ ਦੀ ਸਥਿਤੀ ਅਰਥਾਤ ਦੁੱਖ ਨੂੰ ਆਪਣਾ (ਆਤਮਾ ਦਾ) ਦੁੱਖ ਮੰਨਦੇ ਹਨ। ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ:-

> "ਜੋ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਫਸਿਆਂ ਪ੍ਰਕ੍ਰਿਤੀ ਨੂੰ ਪੂਜਦੇ ਸੁੱਖ ਦੀ ਇੱਛਾ ਕਰਦੇ ਹਨ, ਉਹ ਦੁਖੀ ਹੁੰਦੇ ਹਨ। ਪ੍ਰਕ੍ਰਿਤੀ ਦੀ ਪੂਜਾ ਨਾਲ ਬੁੱਧੀ ਵਿਗੜ ਜਾਂਦੀ ਹੈ ਅਤੇ ਉਹ ਦੁੱਖ ਨੂੰ ਮਨ ਦਾ ਦੁੱਖ ਨਾ ਸਮਝ ਕੇ ਆਤਮਾ ਦਾ ਦੁੱਖ ਸਮਝਦੇ ਹਨ।"[2]

ਜਦ ਜਿਹੜੇ ਮਨੁੱਖ ਪ੍ਰਕ੍ਰਿਤੀ ਦੇ ਅੰਨ੍ਹੇ ਉਪਾਸ਼ਕ ਬਣ ਜਾਂਦੇ ਹਨ ਉਨ੍ਹਾਂ ਨੂੰ ਆਪੇ ਦੀ ਸੋਝੀ ਨਹੀਂ ਰਹਿੰਦੀ। ਪ੍ਰਕ੍ਰਿਤੀ ਨੂੰ ਅਕਾਲਪੁਰਖ ਦਾ ਰੂਪ ਸਮਝ ਕੇ ਉਸਦੀ ਪੂਜਾ ਕਰਕੇ ਸੁੱਖ ਆਨੰਦ ਚਾਹੁਣ ਵਾਲਿਆਂ ਦੀ ਬੁਰੀ ਹਾਲਤ ਹੁੰਦੀ ਹੈ:-

---

1. ਸਦਾਸ਼ਿਵਾਨੀ ਲਾਲ ਚਾਂਦਪੁਰ (ਅਨੁ.) <u>ਉਪਨਿਸ਼ਦ ਪ੍ਰਕਾਸ਼</u>, ਪੰਨਾ 24-25
2. S. Radhakrishnan, <u>The Principal Upanishads</u>. p. 575

"ਜੀਵ ਨੂੰ ਅਣਪੱਕਤਾ ਦੇ ਕਾਰਣ ਦੁੱਖ ਹੁੰਦਾ ਹੈ ਅਤੇ ਦੁੱਖ ਤੋਂ ਛੁਟਣ ਲਈ ਅਗਿਆਨੀ ਪ੍ਰਕ੍ਰਿਤੀ ਦੀ ਪੂਜਾ ਕਰੇਗਾ ਤਾਂ ਉਸਦਾ ਗਿਆਨ ਵਧਣ ਦੀ ਥਾਂ ਘੱਟ ਹੋ ਕੇ ਉਸਦੇ ਦੁੱਖ ਨੂੰ ਵਧਾ ਦੇਵੇਗਾ।"[1]

ਅਗਿਆਨਤਾ ਕਾਰਣ ਪ੍ਰਾਪਤ ਹੁੰਦੇ ਦੁੱਖ ਦਾ ਪ੍ਰਸ਼ਨੋਪਨਿਸ਼ਦ ਵਿੱਚ ਇਉਂ ਵਰਣਨ ਕੀਤਾ ਗਿਆ ਹੈ:-

"ਜੋ ਮਨੁੱਖ ਗਿਆਨਹੀਣ ਹਨ, ਉਹ ਵੇਦਾਂ ਦੇ ਵਿਰੁੱਧ ਕਰਮ ਕਰਦੇ ਹੋਏ ਪਾਪੀ ਹਨ ਕਿਉਂਕਿ ਜੋ ਹਨੇਰੇ ਵਿੱਚ ਰਹਿੰਦਾ ਹੈ ਉਸਦਾ ਕਲਿਆਣ ਮਾਰਗ ਤੇ ਪਹੁੰਚਣਾ ਕਠਿਨ ਹੈ। ਜੇਕਰ ਵੇਦ ਦੇ ਅਰਥਾਂ ਤੋਂ ਇਨ੍ਹਾਂ ਦੂਹਾਂ ਤੋਂ ਕੰਮ ਲਿਆ ਜਾਵੇ ਤਾਂ ਦੋਹਾਂ ਅਵਸਥਾਵਾਂ ਵਿੱਚ ਸਫਲਤਾ ਨਹੀਂ ਹੋ ਸਕਦੀ। ਇਸ ਤਰ੍ਹਾਂ ਭੁੱਲ ਵਿੱਚ ਸਾਰੇ ਸੰਸਾਰ ਦੇ ਮਨੁੱਖ ਲਿਪਤ ਹੋਏ ਦੁੱਖ ਪਾ ਰਹੇ ਹਨ।"[2]

ਆਪਣੇ ਕੀਤੇ ਕਰਮਾਂ ਤੋਂ ਪ੍ਰਾਪਤ ਹੋਣ ਵਾਲੇ ਦੁੱਖ ਦਾ ਵੀ ਜ਼ਿਕਰ ਮਿਲਦਾ ਹੈ। ਇਹ ਪਰਮਾਤਮਾ ਦਾ ਨਿਯਮ ਹੈ ਕਿ ਹਰੇਕ ਮਨੁੱਖ ਨੂੰ ਉਸਦੇ ਕੀਤੇ ਕਰਮਾਂ ਅਨੁਸਾਰ ਫਲ ਮਿਲਦਾ ਹੈ, ਨਾ ਕਿ ਮਨੁੱਖ ਦੀ ਆਪਣੀ ਇੱਛਾ ਅਨੁਸਾਰ। ਮਾੜੇ ਕਰਮਾਂ ਤੋਂ ਬਚਿਆ ਨਹੀਂ ਜਾ ਸਕਦਾ ਅਤੇ ਬੁਰੇ ਕਰਮਾਂ ਕਰਕੇ ਹਮੇਸ਼ਾਂ ਦੁੱਖ ਮਿਲਦਾ ਹੈ। ਮਨੁੱਖ ਕਰਮ ਕਰਨ ਵਿਚ ਸੁਤੰਤਰ ਹੈ ਪ੍ਰੰਤੂ ਪਰਮਾਤਮਾ ਵਿਰੋਧੀ ਕਰਮ ਦੁੱਖ ਦਾ ਕਾਰਣ ਬਣਦੇ ਹਨ:-

"ਪਾਪ ਹਮੇਸ਼ਾ ਉਸ ਅਵਸਥਾ ਵਿਚ ਹੁੰਦਾ ਹੈ ਜਦ ਕਿ ਸਧਾਰਣ ਲੋਕ ਦੂਜਿਆਂ ਦੇ ਅਧਿਕਾਰ ਖੋਹਣ ਦਾ ਵਿਚਾਰ ਹੁੰਦਾ ਹੈ ਅਤੇ ਦੂਜਿਆਂ ਦੇ ਅਧਿਕਾਰ ਖੋਹਣ ਦਾ ਵਿਚਾਰ ਤਦ ਹੁੰਦਾ ਹੈ ਜਦ ਆਪਣੇ ਨਾਲੋਂ ਅਧਿਕ ਬਲਵਾਨ, ਦੋਸ਼ ਦੇਣ ਵਾਲੀ ਸ਼ਕਤੀ ਨਾ ਮੰਨ ਲਈ ਜਾਵੇ। ਫਿਰ ਇਹ ਡਰ ਹੁੰਦਾ ਹੈ ਕਿ ਅਪਰਾਧ ਕਰਨ ਤੋਂ ਬਾਅਦ ਸਜ਼ਾ ਤੋਂ ਬਚਣਾ ਔਖਾ ਹੈ। ਸਜ਼ਾ ਮਿਲਣ ਤੇ ਦੁੱਖ

---

1. Chitrita Devi, Upanishads for All, p. 5
2. ਬਾਬੂ ਬਿਹਾਰੀਲਾਲ ਸ਼ਾਸਤ੍ਰੀ (ਅਨੁ.) ਉਪਨਿਸ਼ਦ ਪ੍ਰਕਾਸ਼, ਪੰਨਾ 263

ਗਿਆ ਹੈ ਅਤੇ ਦੁੱਖ ਦੀ ਇੱਛਾ ਨਾਲ ਕੋਈ ਵੀ ਕੰਮ ਨਹੀਂ ਕੀਤਾ ਜਾ ਸਕਦਾ।"[1]

> "ਆਗਿਆ ਭੰਗ ਕਰਨ ਵਿੱਚ ਦੁੱਖ ਮਿਲਦਾ ਹੈ। ਆਗਿਆ ਅਨੁਸਾਰ ਕੰਮ ਕਰਨ ਜਾਂ ਨਾ ਕਰਨ ਵਿੱਚ ਜੀਵ ਸੁਤੰਤਰ ਹੈ। ਜੇਕਰ ਆਗਿਆ ਅਨੁਸਾਰ ਕੰਮ ਕਰਦੇ ਹਾਂ ਤਾਂ ਸੁੱਖ ਮਿਲਦਾ ਹੈ, ਜੇਕਰ ਨਹੀਂ ਕਰਦੇ ਤਾਂ ਦੁੱਖ ਪਾਉਂਦੇ ਹਾਂ।"[2]

ਉਪਨਿਸ਼ਦਾਂ ਵਿੱਚ ਦੁੱਖ ਨੂੰ ਜੀਵਨ ਦੀ ਸਮੱਸਿਆ ਸਮਝਿਆ ਗਿਆ ਹੈ। ਮੈਤਰਾਇਣੀ ਉਪਨਿਸ਼ਦ ਵਿੱਚ "ਦੁੱਖ ਦਾ ਕਾਰਣ ਇੱਛਾ ਕਿਹਾ ਹੈ।"[3]

ਕਠੋ ਉਪਨਿਸ਼ਦ ਵਿੱਚ ਇਨ੍ਹਾਂ ਸੰਸਾਰੀ ਵਸਤੂਆਂ ਦੀ ਇੱਛਾ ਨੂੰ ਮੌਤ ਦੀ ਕੈਦ ਵਿੱਚ ਲਿਜਾਣ ਵਾਲਾ ਕਿਹਾ ਹੈ:-

> "ਜਿਹੜੇ ਇਸ ਜੀਵਨ ਨੂੰ ਸੱਭ ਮੰਨਦੇ ਹਨ ਉਹ ਮੌਤ ਦੇ ਮੂੰਹ ਵਿੱਚ ਜਾਂਦੇ ਹਨ। ਉਹ ਅਮਰ ਸਚਾਈ ਦਾ ਕਿਨਾਰਾ ਵੀ ਨਹੀਂ ਜਾ ਸਕਦੇ ਅਤੇ ਵਡਿਆਈ ਨੂੰ ਇਕ ਸੁਪਨਾ ਸਮਝਣੇ ਲੋਕਾਂ ਭੁੱਖ ਭੋਗਦੇ ਹਨ। ਇੱਛਾਵਾਂ ਉਨ੍ਹਾਂ ਨੂੰ ਮੌਤ ਦੀ ਕੈਦ ਵਿਚ ਰੱਖਦੀਆਂ ਹਨ - ਉਹ ਇੱਛਾਵਾਂ ਜਿਹੜੀਆਂ ਕਿ ਸੰਸਾਰੀ ਵਸਤੂਆਂ ਦੇ ਪ੍ਰਾਪਤ ਹੋਣ ਕਰਕੇ ਹਨ, ਅਸਲ ਵਿੱਚ ਮੌਤ ਦਾ ਕਾਰਣ ਹਨ।"[4]

ਸੋ ਇਹ ਸਪਸ਼ਟ ਹੈ ਕਿ ਅਗਿਆਨਤਾ ਮਨੁੱਖ ਦੇ ਬੰਧਨ ਦਾ ਕਾਰਣ ਹੈ। ਕਿਉਂਕਿ ਜੀਵ ਉਹ ਆਪਣੇ ਆਪ ਨੂੰ ਸੀਮਿਤ ਪਰਿਵਰਤਨਸ਼ੀਲ, ਰੱਬ ਦੀ ਆਗਿਆ ਤੋਂ ਮੁਨਕਰ, ਇੱਛਾਵਾਂ, ਤ੍ਰਿਸ਼ਨਾਵਾਂ ਦੇ ਵੱਸ ਪਿਆ ਦੁਖੀ ਸਮਝਦਾ ਹੈ। ਜਦੋਂ ਵਾਸਤਵਿਕ ਸਰੂਪ ਨੂੰ ਜਾਣ ਲੈਂਦਾ ਹੈ ਤਾਂ

---

1. ਅਚਾਰਯ ਵਿਹਾਰੀਲਾਲ ਸ਼ਾਸਤ੍ਰੀ (ਅਨੁ.), <u>ਉਪਨਿਸ਼ਦ ਪ੍ਰਕਾਸ਼</u>, ਪੰਨਾ 17
2. ਉਹੀ, ਪੰਨਾ 206
3. ਡਾ. ਸੁਰਿੰਦਰਨਾਥ ਗੁਪਤਾ, <u>ਭਾਰਤੀ ਦਰਸ਼ਨ</u>, ਪੰਨਾ 140
4. Chitrita Devi, <u>Upanishads for All</u>, p. 43

ਸਭ ਕਲੇਸ਼ ਮਿਟ ਜਾਂਦਾ ਹੈ। ਵੇਦਾਂ ਨਾਲੋਂ ਉਪਨਿਸ਼ਦਾਂ ਵਿੱਚ ਦੁੱਖ ਦੇ ਸੰਕਲਪ ਦੀ ਪੇਸ਼ਕਾਰੀ ਵਧੇਰੇ ਹੋਈ ਹੈ।

<u>ਗੀਤਾ ਵਿੱਚ ਵਰਣਿਤ ਦੁੱਖ:-</u> ਹੁਣ ਅਸੀਂ ਗੀਤਾ ਵਿੱਚ ਵਰਣਿਤ ਦੁੱਖ ਦੇ ਸੰਕਲਪ ਵੱਲ ਆਉਂਦੇ ਹਾਂ। ਇਸ ਵਿੱਚ ਦੁੱਖ ਦੀ ਉਤਪਤੀ ਕਰਦਿਆਂ ਸ੍ਰੀ ਕ੍ਰਿਸ਼ਨ ਜੀ ਨੇ ਮੋਹ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਕਾਮਨਾ ਅਰਥਾਤ ਇੱਛਾਂ ਨੂੰ ਗਿਆਨ ਦੀ ਵੈਰਨ ਮੰਨਕੇ ਉਸ ਤੋਂ ਪੈਦਾ ਹੁੰਦੇ ਦੁੱਖ ਦਾ ਵਰਣਨ ਕੀਤਾ ਹੈ। ਗੀਤਾ ਨੂੰ ਸਾਧਾਰਨਤਾ ਮਹਾਂਭਾਰਤ ਦਾ ਹਿੱਸਾ ਮੰਨਦੇ ਹਨ। ਇਸਨੂੰ ਜੇਕਰ ਮਹਾਂਭਾਰਤ ਤੋਂ ਅਲੱਗ ਰੱਖਕੇ ਵਾਚਿਆ ਜਾਵੇ ਤਾਂ ਇਸ ਦੀ ਪ੍ਰਤੀਕਾਤਮਕ ਸ਼ੈਲੀ ਸਪਸ਼ਟ ਉਘੜ ਆਉਂਦੀ ਹੈ। ਗਾਂਧੀ ਜੀ ਨੇ ਲਿਖਿਆ ਹੈ:-

> "ਇਹ ਇਤਿਹਾਸਕ ਯੁੱਧ ਨਹੀਂ, ਸਗੋਂ ਇਸ ਵਿੱਚ ਸੰਸਾਰਕ ਯੁੱਧ ਵਰਣਨ ਕਰਨ ਦੇ ਬਹਾਨੇ ਹਰ ਇੱਕ ਮਨੁੱਖੀ ਹਿਰਦੇ ਦੇ ਅੰਦਰ ਲਗਾਤਾਰ ਹੁੰਦੇ ਰਹਿਣ ਵਾਲੇ ਦ੍ਵੰਦ (ਦੁੱਖ-ਸੁੱਖ, ਮਾਨ-ਅਪਮਾਨ, ਖੁਸ਼ੀ-ਗ਼ਮੀ ਆਦਿ ਜੋੜਿਆਂ ਦੀ ਭਾਵਨਾ) ਦਾ ਹੀ ਵਰਣਨ ਹੈ। ਹਿਰਦੇ ਦੇ ਅੰਦਰ ਲਗਾਤਾਰ ਹੁੰਦੇ ਰਹਿਣ ਵਾਲੇ ਯੁੱਧ ਦੇ ਬਿਆਨ ਨੂੰ ਸੁਆਦੀ ਬਣਾਉਣ ਲਈ ਮਨੁੱਖੀ ਜੋਧਿਆਂ ਦੀ ਰਚਨਾ ਇਕ ਮਨਘੜਤ ਆਸਰਾ ਹੈ।"[1]

ਮਨੁੱਖੀ ਮਨੋਬਿਰਤੀਆਂ ਦਾ ਇੱਥੇ ਤੇ ਸੁਪਸ਼ਟ ਵਿਸ਼ਲੇਸ਼ਣ ਕੀਤਾ ਹੈ। ਕੌਰਵ ਤੋਂ ਭਾਵ ਆਸੁਰੀ ਬਿਰਤੀਆਂ ਅਤੇ ਪਾਂਡਵਾਂ ਤੋਂ ਭਾਵ ਦੈਵੀ ਬਿਰਤੀਆਂ ਤੋਂ ਲਿਆ ਹੈ। ਮਨੁੱਖੀ ਸਰੀਰ ਰੂਪੀ ਯੁੱਧ ਖੇਤਰ ਵਿੱਚ ਚੰਗੀਆਂ ਅਤੇ ਬੁਰੀਆਂ ਬਿਰਤੀਆਂ ਵਿਚਾਲੇ ਟਕਰਾਈ ਹੁੰਦੀ ਰਹਿੰਦੀ ਹੈ।

ਗੀਤਾ ਵਿੱਚ ਰਾਗ ਦ੍ਵੈਸ਼, ਕਾਮ, ਕ੍ਰੋਧ, ਮੋਹ ਆਦਿ ਵਿਸ਼ਿਆਂ ਨੂੰ ਦੁੱਖ ਦੇ ਕਾਰਣ ਮੰਨਿਆ ਹੈ। ਜਿਸ ਮਨੁੱਖ ਦਾ ਆਪੇ ਤੇ ਕੰਟਰੋਲ ਨਹੀਂ ਹੈ, ਉਹ ਵਿਸ਼ਿਆਂ ਵਿੱਚ ਖਚਿਤ ਰਹਿੰਦਾ ਹੈ। ਜਦੋਂ ਕਾਮਵਾਸ਼ਨਾ ਦੀ ਤ੍ਰਿਪਤੀ ਨਹੀਂ ਹੁੰਦੀ ਤਾਂ ਕ੍ਰੋਧ ਰੂਪੀ ਅਗਨ ਉਸਤੇ ਕਬਜ਼ਾ ਪਾ ਲੈਂਦਾ ਹੈ, ਜਿਸ ਸਦਕਾ ਉਸਨੂੰ ਆਪੇ ਦੀ ਸੋਝੀ ਨਹੀਂ ਰਹਿੰਦੀ। ਮਨੁੱਖ ਨੂੰ ਪਾਪ ਕਰਮ ਵੱਲ ਕਾਮ ਤੇ ਕ੍ਰੋਧ ਘਸੀਟਣ ਵਾਲੇ ਮੰਨੇ ਹਨ। ਅਜਿਹੇ ਮਨੁੱਖ ਨੂੰ ਰਜੋਗੁਣੀ ਬਿਰਤੀ ਵਾਲਾ ਕਿਹਾ ਹੈ। ਮਨੁੱਖ ਦੇ ਵੱਡੇ ਵੈਰੀ ਇਹੋ ਹੀ ਹਨ। ਇਨ੍ਹਾਂ ਨਾਲ ਜੰਗ ਲੜਾਈ ਕਰਨੀ ਹੈ। ਗਾਂਧੀ ਗੀਤਾ ਦੇ ਕਰਤਾ ਲਿਖਦੇ

---

1. ਗੁਰਮੁਖ ਸਿੰਘ, ਗਾਂਧੀ ਗੀਤਾ, ਪੰਨਾ 27-28

ਕਹੇ:-

"ਸੋਨੇ ਤੇ ਮੈਲ ਆ ਜਾਣ ਨਾਲ ਜਿਵੇਂ ਉਹ ਢੱਕਿਆ ਹੋ ਜਾਂਦਾ ਹੈ, ਅਥਵਾ ਜਦ ਤੱਕ ਧੂੰਆਂ ਹੁੰਦਾ ਹੈ, ਅੱਗ ਠੀਕ ਨਹੀਂ ਬਲਦੀ ਜਾਂ ਗਰਭਵਾਸੀ ਜਦ ਤੱਕ ਗਰਭ ਰੂਪ ਵਿੱਚ ਹੈ, ਤਦ ਤੱਕ ਉਸਦਾ ਦਮ ਘੁੱਟਦਾ ਰਹਿੰਦਾ ਹੈ, ਇਵੇਂ ਹੀ ਕਾਮ ਕ੍ਰੋਧ ਗਿਆਨੀ ਦੇ ਗਿਆਨ ਨੂੰ ਤੇਜੱਸਵੀ ਨਹੀਂ ਹੋਣ ਦਿੰਦੇ, ਢੱਕਣ ਕਰ ਦਿੰਦੇ ਹਨ ਜਾਂ ਉਸਦਾ ਦਮ ਘੁੱਟ ਦਿੰਦੇ ਹਨ। ਇਹ ਕਾਮ ਅੱਗ ਵਾਂਗੂ ਗਿਆਨਨਾਸ਼ਕ ਹੈ ਅਤੇ ਇੰਦਰੀਆਂ, ਮਨ, ਬੁੱਧ ਸਭ ਨੂੰ ਆਪਣੇ ਕਾਬੂ ਕਰਕੇ ਮਨੁੱਖ ਦੀ ਮੌਤ ਲਿਆਉਂਦਾ ਹੈ।"[1]

ਅਰਜਨ ਨੂੰ ਇਸ ਦੀਆਂ ਬੁਰਾਈਆਂ ਜੋਰਦੀ ਸਮਝਾਉਂਦੇ ਹੋਏ ਕ੍ਰਿਸ਼ਨ ਕਹਿੰਦੇ ਹਨ:-

"ਰਜੋਗੁਣ ਤੋਂ ਪੈਦਾ ਹੋਣ ਵਾਲੇ ਇਹ ਕਾਮ ਕ੍ਰੋਧ ਹਨ। ਇਹ ਅਜਿਹੇ ਮਹਾਂਪਾਪੀ ਹਨ ਕਿ ਇਨ੍ਹਾਂ ਨੂੰ ਜਿੰਨਾ ਮਰਜ਼ੀ ਤ੍ਰਿਪਤ ਕਰਨ ਦੀ ਕੋਸ਼ਿਸ਼ ਕਰੋ, ਇਨ੍ਹਾਂ ਦੀ ਅੱਗ ਨਹੀਂ ਬੁਝਦੀ। ਜਿੰਨਾ ਇਨ੍ਹਾਂ ਨੂੰ ਤ੍ਰਿਪਤ ਕਰਨ ਦੀ ਕੋਸ਼ਿਸ਼ ਕਰੋ, ਉਤਨਾ ਹੀ ਇਹ ਵਧਦੇ ਜਾਣਗੇ। ਇਹ ਮਨੁੱਖ ਦੇ ਵੈਰੀ ਰੂਪ ਹਨ।"[2]

ਪੰਜਵੇਂ ਅਧਿਆਇ ਦੇ 22 ਵੇਂ ਸ਼ਲੋਕ ਵਿੱਚ ਕ੍ਰਿਸ਼ਨ ਨੇ ਅਰਜਨ ਨੂੰ ਵਿਸ਼ਿਆਂ ਤੋਂ ਪ੍ਰਾਪਤ ਹੋਏ ਭੋਗਾਂ ਕਾਰਣ ਉਪਜਦੇ ਦੁੱਖਾਂ ਬਾਰੇ ਜਾਣੂ ਕਰਵਾਇਆ ਹੈ:-

"ਵਿਸ਼ਿਆਂ ਨੂੰ ਭੋਗਣਾ ਹੀ ਸਾਰੇ ਦੁੱਖਾਂ ਅਤੇ ਤਕਲੀਫ਼ਾਂ ਦਾ ਕਾਰਣ ਹੈ। ਇਨ੍ਹਾਂ ਦਾ ਆਦਿ ਅਤੇ ਅੰਤ ਹੈ। ਜਿਹੜੇ ਸਿਆਣੇ ਤੇ ਜਾਣੂ ਹਨ, ਉਹ ਇਨ੍ਹਾਂ ਵਿੱਚ ਖਚਿਤ ਨਹੀਂ ਹੁੰਦੇ ਅਰਥਾਤ ਦਿਲਚਸਪੀ ਰਖਿੰਦੇ ਹਨ।"[3]

---

1. ਗੁਰਮੁਖ ਸਿੰਘ ਮੁਸਾਫ਼ਿਰ, ਗੀਤਾ ਰੰਗ, ਪੰਨਾ 72
2. Morarji Desai, The View of The Gita, p. 56
3. Ibid, p. 73.

ਗੀਤਾ ਜੀ ਅਨੁਸਾਰ ਪ੍ਰਕ੍ਰਿਤੀ ਦੇ ਤਿੰਨੇ ਗੁਣ (ਰਜੋ, ਤਮੋ, ਸਤੋ) ਆਤਮਾ ਦੇ ਬੰਧਨ ਦਾ ਕਾਰਣ ਹਨ। ਮਨੁੱਖ ਨੂੰ ਤਿੰਨਾ ਗੁਣਾਂ ਅਧੀਨ ਵਿਚਰਦੇ ਵਿਖਾਇਆ ਹੈ। ਸਾਤਵਿਕ ਬਿਰਤੀ ਵਾਲਾ ਮਨੁੱਖ ਸੁਖੀ ਤੇ ਗਿਆਨੀ ਦਰਸਾਇਆ ਹੈ। ਤਮਸ ਦੀ ਜੜ੍ਹ ਅਗਿਆਨ ਅਤੇ ਮੋਹ ਨੂੰ ਦੱਸਿਆ ਹੈ ਜਿਸ ਦੇ ਅਧੀਨ ਮਨੁੱਖ ਲਾਪਰਵਾਹ ਅਤੇ ਆਲਸੀ ਬਣ ਜਾਂਦਾ ਹੈ। ਰਜੋ ਬਿਰਤੀ ਮਨੁੱਖ ਨੂੰ ਤ੍ਰਿਸ਼ਨਾਲੂ ਬਣਾਉਂਦੀ ਹੈ। ਗੀਤਾ ਵਿੱਚ ਇਨ੍ਹਾਂ ਦਾ ਜ਼ਿਕਰ ਇਉਂ ਹੈ:-

> " ਜਦ ਸਭ ਇੰਦਰੀਆਂ ਦੁਆਰਾ ਇਸ ਦੇਹ ਵਿੱਚ ਪ੍ਰਕਾਸ਼ ਅਤੇ ਗਿਆਨ ਪੈਦਾ ਹੁੰਦਾ ਹੈ ਤਦ ਸਤੋ ਗੁਣ ਦਾ ਵਾਧਾ ਹੋਇਆ ਸਮਝਣਾ ਚਾਹੀਦਾ ਹੈ।"
>
> "ਜਦੋਂ ਰਜੋ ਗੁਣ ਵਧਿਆ ਹੁੰਦਾ ਹੈ ਤਦ ਲੋਭ ਪ੍ਰਵਿਰਤੀਆਂ ਕਰਮਾਂ ਦਾ ਅਰੰਭ (ਮਨਸੂਬੇ) ਅਸ਼ਾਂਤੀ ਅਤੇ ਇੱਛਾ ਦਾ ਉਦਯ ਹੁੰਦਾ ਹੈ।"
>
> "ਹੇ ਕੁਰੂ ਨੰਦਨ! ਜਦੋਂ ਤਮੋ ਗੁਣ ਪ੍ਰਧਾਨ ਹੁੰਦਾ ਹੈ, ਤਦ ਅਗਿਆਨ, ਢਿੱਲਪੁਣਾ, ਅਸਾਵਧਾਨੀ ਅਤੇ ਮੋਹ ਉਤਪੰਨ ਹੁੰਦਾ ਹੈ।"[1]

ਇਨ੍ਹਾਂ ਆਸੁਰੀ ਬਿਰਤੀਆਂ ਅਧੀਨ ਪ੍ਰਾਪਤ ਹੁੰਦੇ ਦੁੱਖਾਂ ਦਾ ਵਰਣਨ ਅਧਿਆਇ 16 ਵਿੱਚ ਵੀ ਹੋਇਆ ਹੈ:-

> "ਹੰਕਾਰ, ਬਲ, ਘਮੰਡ, ਕਾਮ ਤੇ ਕ੍ਰੋਧ ਦਾ ਆਸਰਾ ਲੈਣ ਵਾਲੇ, ਨਿੰਦਿਆ ਕਰਨ ਵਾਲੇ ਅਤੇ ਦੂਜਿਆਂ ਵਿੱਚ ਅਤੇ ਆਪਣਿਆਂ ਵਿੱਚ ਵਸਣ ਵਾਲਾ ਜੋ 'ਮੈਂ' ਹਾਂ, ਮੇਰਾ ਦ੍ਵੈਸ਼ ਕਰਨ ਵਾਲੇ ਹਨ। ਇਨ੍ਹਾਂ ਨੀਚ, ਦ੍ਵੈਸ਼ੀ, ਕਠੋਰ, ਅਮੰਗਲ ਨੀਵੇਂ ਮਨੁੱਖਾਂ ਨੂੰ ਮੈਂ ਇਸ ਸੰਸਾਰ ਦੀ ਅਤਯੰਤ ਆਸੁਰੀ ਜੂਨ ਵਿਚ ਹੀ ਘਤੀ ਘਤੀ ਪਾਂਦਾ ਹਾਂ।"[2]

ਗੀਤਾ ਵਿੱਚ ਕਰਮ ਫ਼ਿਲਾਸਫ਼ੀ ਤੇ ਜ਼ੋਰ ਦਿੱਤਾ ਗਿਆ ਹੈ। ਕੁਕਰਮੀ ਬੁਰੇ ਕਰਮਾਂ ਸਦਕਾ ਦੁਖੀ ਹੁੰਦੇ ਹਨ। ਦੁੱਖਾਂ ਦਾ ਤ੍ਰਿਵਿਧ ਦਰਵਾਜ਼ਾ ਮੰਨਿਆ ਹੈ। ਕਾਮ, ਕ੍ਰੋਧ ਅਤੇ ਲੋਭ

---

1. ਗੁਰਮੁਖ ਸਿੰਘ (ਨਾਗਰਿਤ), ਸੌਖੀ ਗੀਤਾ, ਪੰਨਾ 197
2. ਉਹੀ, ਪੰਨਾ 214

ਕਰਕੇ ਆਪਣੇ ਆਪ ਦਾ ਨਾਸ਼ ਹੁੰਦਾ ਹੈ। ਰਜੋ, ਤਮੋ, ਸਤੋ ਬਿਰਤੀਆਂ ਕਰਕੇ ਮਨੁੱਖ ਦੇਹੀ ਵਿੱਚ ਘਿਰਿਆ ਰਹਿੰਦਾ ਹੈ। ਇਸ ਤੋਂ ਛੁਟਕਾਰੇ ਲਈ ਗੀਤਾ ਸੁਆਰਥ ਅਤੇ ਹਉਮੈ ਤਿਆਗ ਕਰ ਮੋਖ ਪਾਉਣ ਲਈ ਪ੍ਰੇਰਦੀ ਹੈ। ਇੰਦਰੀਆਂ ਦੇ ਸੰਜਮ ਨਾਲ ਮਾਨਸਿਕ ਵੈਰਾਗ ਜ਼ਰੂਰੀ ਸਮਝਦੀ ਹੈ। ਜਿਵੇਂ ਨਦੀਆਂ ਸਾਗਰ ਅੰਦਰ ਪ੍ਰਵੇਸ਼ ਕਰਦੀਆਂ ਹਨ, ਠੀਕ ਉਸੇ ਤਰ੍ਹਾਂ ਆਤਮ ਸੰਜਮੀ ਮਨੁੱਖ ਦੇ ਅੰਦਰ ਸਾਰੀਆਂ ਇੱਛਾਵਾਂ ਸਮਾ ਜਾਂਦੀਆਂ ਹਨ। ਮਨ ਦੀ ਕਾਮਨਾ ਤੇ ਜਿੱਤ ਪ੍ਰਾਪਤ ਕਰਕੇ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ।

<u>ਬੁੱਧ ਧਰਮ: ਦੁੱਖ ਦਾ ਸੰਕਲਪ:-</u> ਜਦੋਂ ਅਸੀਂ ਬੁੱਧ ਧਰਮ ਨੂੰ ਆਪਣੇ ਵਿਸ਼ੇ ਨਾਲ ਜੋੜ ਕੇ ਵਾਚਦੇ ਹਾਂ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਵਿੱਚ ਦੁੱਖ ਦੇ ਵਿਚਾਰ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਦੁੱਖ ਕੇਵਲ ਮਨੁੱਖੀ ਜ਼ਿੰਦਗੀ ਦੀ ਮੁੱਢਲੀ ਵਿਸ਼ੇਸ਼ਤਾ ਹੀ ਨਹੀਂ, ਸਗੋਂ ਇਹ ਮਨੁੱਖੀ ਹੋਂਦ ਦੇ ਨਾਲ ਸ਼ੁਰੂ ਹੋ ਜਾਂਦਾ ਹੈ। ਦੁੱਖ ਜੀਵਨ ਦਾ ਅਵੱਸ਼ਕ ਅੰਗ ਹੈ। ਬੁੱਧ ਨੇ ਦੁੱਖ ਨੂੰ ਜੀਵਨ ਦੀ ਇਕ ਠੋਸ ਸਚਾਈ ਮੰਨਿਆ ਹੈ। ਇਸ ਸਚਾਈ ਨੂੰ ਉਸਨੇ ਖੁਦ ਅਨੁਭਵ ਕੀਤਾ ਸੀ ਕਿ ਸਰੀਰ ਦੇ ਨਾਲ ਰੋਗ ਦਾ ਮਹਾਨ ਦੁੱਖ ਜੁੜਿਆ ਹੈ। ਬੁਢਾਪਾ ਅਤੇ ਮੌਤ ਮਨੁੱਖੀ ਜੀਵਨ ਦਾ ਜ਼ਰੂਰੀ ਹਿੱਸਾ ਹਨ ਜਿਨ੍ਹਾਂ ਤੋਂ ਬਚਣਾ ਕਠਿਨ ਹੈ। ਇਨ੍ਹਾਂ ਉਪਰੋਕਤ ਦੁੱਖ, ਰੋਗ, ਵਿਛੋੜਾ, ਅਸੰਤੋਖ, ਲੋਭ, ਕਮੀਨਗੀ, ਦੁਰਾਚਾਰ, ਵੈਰ-ਵਿਰੋਧ, ਰਾਗ ਦ੍ਵੇਸ਼ ਅਤੇ ਨਫਰਤ ਆਦਿ ਤੋਂ ਉਪਜੇ ਦੁੱਖਾਂ ਨਾਲ ਮਨੁੱਖ ਨੂੰ ਦੋ ਚਾਰ ਹੋਣਾ ਪੈਂਦਾ ਹੈ। ਦੁੱਖ ਦੀ ਵਿਆਖਿਆ ਕਰਦੇ ਹੋਏ ਬੁੱਧ ਨੇ ਕਿਹਾ ਹੈ:-

> "ਜਨਮ ਵੀ ਦੁੱਖ ਹੈ। ਜਿਰਧ ਅਵਸਥਾ ਵੀ ਦੁੱਖ ਹੈ, ਬਿਮਾਰੀ ਵੀ ਦੁੱਖ ਹੈ, ਮਰਣ ਵੀ ਦੁੱਖ ਹੈ। ਸ਼ੋਕ, ਪਰਿਦੇਵਨਾ, ਵੇਦਨਾ ਵੀ ਦੁੱਖ ਹੈ, ਅਪ੍ਰਿਯ ਵਸਤੂ ਨਾਲ ਮੇਲ ਵੀ ਦੁੱਖ ਹੈ, ਪ੍ਰਿਯ ਤੋਂ ਵਿਛੋੜਾ ਵੀ ਦੁੱਖ ਹੈ, ਪ੍ਰਿਯ ਵਸਤੂ ਦਾ ਨਾ ਮਿਲਣਾ ਵੀ ਦੁੱਖ ਹੈ। ਸੰਖੇਪ ਵਿਚ ਰਾਗ ਦੁਆਰਾ ਉਤਪੰਨ ਸਰੀਰ-ਰੂਪ ਵੇਦਨਾ, ਸੰਗਿਆ ਸੰਸਕਾਰ ਤਥਾ ਵਿਗਿਆਨ ਵੀ ਦੁੱਖ ਹੈ।"[1]

---

1. George Grimm, <u>The Doctrines of the Buddha</u>, p. 61

ਇਨ੍ਹਾਂ ਸਾਰਿਆਂ ਦੁੱਖਾਂ ਦੀ ਜੜ੍ਹ ਬੁੱਧ ਧਰਮ ਤ੍ਰਿਸ਼ਨਾ ਨੂੰ ਮੰਨਦਾ ਹੈ। ਦੂਸਰੇ ਆਰਯ ਸੱਚ ਵਿੱਚ ਕਿਹਾ ਹੈ ਕਿ ਦੁੱਖ ਦਾ ਕਾਰਣ ਤ੍ਰਿਸ਼ਨਾ ਹੈ। ਤ੍ਰਿਸ਼ਨਾ ਨਾ ਹੋਵੇ ਤਾਂ ਤ੍ਰਿਸ਼ਨਾ-ਜਨਕ ਕ੍ਰਿਆ ਨਹੀਂ ਹੋਵੇਗੀ ਅਤੇ ਉਸਦੇ ਮਰਨ ਅਸਮਰਨ ਫੇਰ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੋਵੇਗਾ। ਅਰਥਾਤ ਜੇਕਰ ਵਿਸ਼ਿਆਂ ਦੇ ਪਾਉਣ ਦੀ ਪਿਆਸ ਮਨੁੱਖੀ ਮਨ ਵਿੱਚ ਨਹੀਂ ਹੋਵੇਗੀ ਤਾਂ ਉਹ ਇਸ ਸੰਸਾਰ ਵਿੱਚ ਨਹੀਂ ਪਵੇਗਾ ਅਤੇ ਨਾ ਹੀ ਦੁੱਖ ਭੋਗੇਗਾ। ਤ੍ਰਿਸ਼ਨਾ ਸਭ ਤੋਂ ਵੱਡਾ ਬੰਧਨ ਹੈ ਜਿਸਨੇ ਮਨੁੱਖ ਨੂੰ ਸੰਸਾਰ ਅਤੇ ਸੰਸਾਰ ਦੇ ਜੀਵਾਂ ਨਾਲ ਬੰਨ੍ਹਿਆ ਹੈ। "ਭਾਰਤੀ ਦਰਸ਼ਨ" ਦੇ ਕਰਤਾ ਲਿਖਦੇ ਹਨ:-

> "ਦੁੱਖ ਤਾਂ ਜੀਵਨ ਦਾ ਆਵਸ਼ਕ ਅੰਗ ਹੈ। ਇਹ ਹਰੇਕ ਸੰਵੇਦਨਾ ਅਨੁਭਵ ਅਤੇ ਕਾਰਜ ਨਾਲ ਜੁੜਿਆ ਹੈ। ਇਹ ਮਨੁੱਖੀ ਇੱਛਾ ਦਾ ਇਕ ਆਵੱਸ਼ਕ ਤਾਰਕਿਕ ਪਰਿਣਾਮ ਹੈ। ਇੱਛਾ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਜੀਵਨ ਦੀਆਂ ਪਰਿਸਥਿਤੀਆਂ ਸੰਤੋਖਜਨਕ ਨਹੀਂ ਹੁੰਦੀਆਂ, ਪਰ ਇੱਛਾ ਜੀਵਨ ਦੇ ਨਾਲ ਨਾਲ ਚੱਲਦੀ ਹੈ ਅਤੇ ਇਹ ਮਰਦੇ ਦਮ ਤੱਕ ਰਹਿੰਦੀ ਹੈ। ਬੁੱਧ ਤਾਂ ਇਹ ਕਹਿੰਦਾ ਹੈ ਕਿ ਦੁੱਖ ਮਰਣ ਨਾਲ ਸਮਾਪਤ ਨਹੀਂ ਹੋ ਜਾਂਦਾ ਕਿਉਂਕਿ ਮੌਤ ਜੀਵਨ ਦਾ ਖ਼ਾਤਮਾ ਨਹੀਂ, ਇਹ ਤਾਂ ਕੇਵਲ ਇੱਕ ਕਹਾਣੀ ਦਾ ਖ਼ਾਤਮਾ ਹੈ। - ਭਵ ਚੱਕਰ ਹੀ ਦੁੱਖ ਦਾ ਦੂਜਾ ਨਾਂ ਹੈ।"[1]

ਬੁੱਧ ਧਰਮ ਵਿੱਚ ਤ੍ਰਿਸ਼ਨਾ ਤਿੰਨ ਪ੍ਰਕਾਰ ਦੀ ਕਹੀ ਗਈ ਹੈ:- ਕਾਮ ਤ੍ਰਿਸ਼ਨਾ, ਭਵ ਤ੍ਰਿਸ਼ਨਾ ਅਤੇ ਵਿਭਵ ਤ੍ਰਿਸ਼ਨਾ।

ਇਨ੍ਹਾਂ ਤ੍ਰਿਸ਼ਨਾਵਾਂ ਵਿਚੋਂ ਕਾਮ ਤ੍ਰਿਸ਼ਨਾ ਸਭ ਤੋਂ ਵੱਧ ਪ੍ਰਬਲ ਹੈ। ਦੁੱਖ ਦੇ ਇਸ ਪ੍ਰਬਲ ਕਾਰਣ ਨੂੰ ਬੋਧ ਸਾਹਿਤ ਵਿਚ ਕਾਫ਼ੀ ਵਿਸਥਾਰ ਨਾਲ ਚਿਤ੍ਰਤ ਕੀਤਾ ਗਿਆ ਹੈ:-

> "ਇੰਦ੍ਰੀਆਂ ਤੇ ਕਾਬੂ ਨਾ ਪਾਉਣ ਵਾਲੇ, ਖਾਣ ਪੀਣ ਵਿੱਚ ਸੰਜਮ ਰਹਿਤ ਆਲਸੀ, ਸ਼ਕਤੀਹੀਣ ਤੇ ਸੁੱਖ ਦੀ ਲੋੜਾਂ ਵਿੱਚ ਲਟਕਦੇ ਹੋਏ ਬੰਦੇ ਨੂੰ ਕਾਮ ਇਉਂ ਪੁੱਟ ਸੁੱਟਦਾ ਹੈ, ਜਿਵੇਂ ਕਮਜ਼ੋਰ ਰੁੱਖ ਨੂੰ ਹਨੇਰੀ।"[2]

---

1. ਡਾ. ਸ਼ਾਂਤੀ ਲਾਲ ਗੁਪਤਾ, ਭਾਰਤੀ ਦਰਸ਼ਨ, ਪੰਨਾ 100
2. ਐਮ.ਐਚ. ਜੋਸ਼ੀ, ਧਮਪਦ, ਪੰਨਾ 63

"ਪਾਪੀ ਸੰਸਾਰ ਵਿੱਚ ਦੁੱਖ ਸਹਿੰਦਾ ਹੈ ਤੇ ਪਰਲੋਕ ਵਿੱਚ ਵੀ ਦੁਖੀ ਹੁੰਦਾ ਹੈ। ਪਾਪੀ ਰੋਂਦਾ ਜਾਂਦਾ ਤੇ ਦੁੱਖ ਭੋਗਦਾ ਹੈ। "ਮੈਂ ਪਾਪੀ ਹਾਂ", ਇਹ ਸੋਚਦੇ ਤੜਪਦਾ ਹੈ ਅਤੇ ਭੈੜੀ ਹਾਲਤ ਨੂੰ ਵੇਖਦੇ ਅਤਿਅੰਤ ਦੁਖੀ ਹੁੰਦਾ ਹੈ।"[1]

ਇਸ ਤ੍ਰਿਸ਼ਨਾ ਤੋਂ ਛੁਟਕਾਰਾ ਪਾਉਣ ਨੂੰ ਹੀ ਬੁੱਧ ਨੇ ਨਿਰਵਾਣ ਕਿਹਾ ਹੈ। ਅਰਥਾਤ ਜੇ ਮਨੁੱਖ ਇਸ ਤ੍ਰਿਸ਼ਨਾ ਤੋਂ ਨਵਿਰਤ ਹੋ ਗਿਆ, ਉਸਦਾ ਪੁਨਰਜਨਮ ਨਹੀਂ ਹੋਵੇਗਾ। ਇਸ ਤੋਂ ਛੁਟਕਾਰਾ ਹੀ ਜੀਵਨ ਮੁਕਤੀ ਹੈ। ਇਸ ਪ੍ਰਾਪਤੀ ਲਈ ਬੁੱਧ ਨੇ ਅਸ਼ਟਾਂਗ ਮਾਰਗ ਦਾ ਸੁਝਾਉ ਦਿੱਤਾ ਹੈ।

ਤਿੰਨ ਪ੍ਰਕਾਰ ਦੇ ਦੁੱਖਾਂ ਦੀ ਵਿਆਖਿਆ ਬੁੱਧ ਧਰਮ ਵਿੱਚ ਕੀ ਹੋਈ ਹੈ। 'ਧਮਪੱਦ' ਵਿਚ ਅਧਿਆਤਮਕ ਦੁੱਖਾਂ ਦਾ ਜ਼ਿਕਰ ਇਸ ਤਰ੍ਹਾਂ ਹੋਇਆ ਹੈ:-

> "ਮਨ ਹੀ ਸਾਰੀਆਂ ਮਾਨਸਿਕ ਕ੍ਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ। ਮਨ ਹੀ ਸ੍ਰੇਸ਼ਠ ਹੈ, ਮਨ ਤੋਂ ਹੀ ਸਾਰੀਆਂ ਮਾਨਸਿਕ ਕ੍ਰਿਆਵਾਂ ਦੀ ਸਿਰਜਣਾ ਹੁੰਦੀ ਹੈ। ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ, ਉਸਦੇ ਪਿੱਛੇ ਦੁੱਖ ਉਸੇ ਤਰ੍ਹਾਂ ਪੈਂਦਾ ਹੈ ਜਿਵੇਂ ਬੈਲ ਦਾ ਪਹੀਆ ਬੈਲ ਪਿੱਛੇ ਚਲਦਾ ਹੈ।"[2]

ਬੁੱਧ ਨੇ ਮੋਹ ਮਾਇਆ, ਲੋਭਾਂ ਤੇ ਕਾਮ ਸ਼ਕਤੀਆਂ ਦੀ ਅੱਗ, ਬੁਰਾਈ ਤੇ ਦੁੱਖਾਂ ਨਾਲ ਤੁਲਨਾ ਕੀਤੀ ਹੈ ਅਤੇ ਮਨੁੱਖ ਨੂੰ ਸਮਝਾਇਆ ਹੈ ਕਿ ਸਭ ਤੋਂ ਵੱਡਾ ਸੁੱਖ ਮਨ ਦੀ ਸ਼ਾਂਤੀ ਹੀ ਹੈ, ਉਸਨੂੰ ਪ੍ਰਾਪਤ ਕਰਨ ਦੇ ਯਤਨ ਕਰੋ:-

> "ਮੋਹ ਦੇ ਮੁਕਾਬਲੇ ਵਿੱਚ ਹੋਰ ਕੋਈ ਅੱਗ ਖ਼ਤਰਨਾਕ ਨਹੀਂ ਹੈ, ਨਫ਼ਰਤ ਦੇ ਮੁਕਾਬਲੇ ਦੀ ਕੋਈ ਬੁਰਾਈ ਨਹੀਂ ਹੈ ਅਤੇ ਵਿਅਕਤੀਤਵ (individuality) ਅਹੰ ਦੇ ਤੁਲ ਕੋਈ ਦੁੱਖ ਨਹੀਂ ਹੈ ਅਤੇ ਸ਼ਾਂਤੀ ਤੋਂ ਵੱਧ ਕੇ ਕੋਈ ਸੁੱਖ, ਖੁਸ਼ੀ ਨਹੀਂ ਹੈ।

---

1. ਐਮ.ਐਲ. ਸੇਠੀ, ਧਮਪਦ, ਪੰਨਾ 66

2. S.Radhakrishnan, The Dhammapada, p. 58

> "ਲਾਲਚੀ ਹੋਣਾ ਸਭ ਤੋਂ ਵੱਡੀ ਬੀਮਾਰੀ ਹੈ, ਸਰੀਰਕ ਜਾਮੇ ਵਿੱਚ ਆਉਣਾ ਸਭ ਮੁਸੀਬਤਾਂ ਦਾ ਘਰ ਹੈ ਅਤੇ ਜੋ ਇਸ ਸਚਾਈ ਨੂੰ ਸਮਝ ਲੈਂਦਾ ਹੈ, ਉਹ ਨਿਰਵਾਣ ਨੂੰ ਪਰਮ ਸੁੱਖ ਮੰਨਦਾ ਹੈ।"[1]

'ਧਮਪਦ' ਵਿਚ ਤ੍ਰਿਸ਼ਨਾ ਨੂੰ ਮਾਤਾ, ਅਹੰਕਾਰ ਨੂੰ ਪਿਤਾ, ਰਾਜ ਨੂੰ ਧਨ ਅਤੇ ਰੂਪ ਲੋਭ, ਮੋਹ ਨੂੰ ਸੈਨਾ ਦਾ ਰੂਪ ਦੇ ਕੇ ਇਨ੍ਹਾਂ ਤੋਂ ਪ੍ਰਾਪਤ ਹੁੰਦੇ ਦੁੱਖਾਂ ਵੱਲ ਇਸ਼ਾਰਾ ਕੀਤਾ ਗਿਆ ਹੈ ਅਤੇ ਇਨ੍ਹਾਂ ਤੋਂ ਖ਼ਲਾਸੀ ਪਾਉਣ ਦੀ ਪ੍ਰੇਰਨਾ ਕੀਤੀ ਹੈ:-

> "ਸੱਚਾ ਬ੍ਰਾਹਮਣ ਤ੍ਰਿਸ਼ਨਾ ਰੂਪੀ ਮਾਤਾ, ਅਹੰਕਾਰ ਰੂਪੀ ਪਿਤਾ ਦੋਵੇਂ ਸ਼ਾਸਕ ਰਾਜਿਆਂ ਨੂੰ ਤੇ ਰਾਜ ਦੇ ਧਨ ਨੂੰ ਸੈਨਾ ਸਮੇਤ ਨਾਸ਼ ਕਰ ਕੇ ਦੁੱਖ ਤੋਂ ਮੁਕਤ ਹੁੰਦਾ ਹੈ।"[2]

ਅਧਿਭੌਤਿਕ ਦੁੱਖਾਂ ਸੰਬੰਧੀ ਇਉਂ ਵਰਣਨ ਕੀਤਾ ਮਿਲਦਾ ਹੈ:-

> "ਉਸਨੇ ਮੈਨੂੰ ਗਾਲ੍ਹਾਂ ਕੱਢੀਆਂ, ਕੁੱਟਿਆ, ਮੈਨੂੰ ਜਿੱਤਿਆ ਅਤੇ ਮੈਨੂੰ ਲੁੱਟ ਲਿਆ। ਜਿਹੜੇ ਇਨਸਾਨ ਇਹੋ ਜਿਹੇ ਵਿਚਾਰਾਂ ਨੂੰ ਮਨ ਵਿੱਚ ਦ੍ਰਿੜ੍ਹ ਕਰ ਲੈਂਦੇ ਹਨ, ਉਨ੍ਹਾਂ ਦੇ ਵੈਰ ਦੀ ਅਗਨੀ ਸ਼ਾਂਤ ਨਹੀਂ ਹੁੰਦੀ।"[3]

ਇਸੇ ਤਰ੍ਹਾਂ ਵੈਰੀ ਅਤੇ ਈਰਖਾਲੂ ਪੁਰਖ ਪਾਸੋਂ ਹੁੰਦੇ ਨੁਕਸਾਨ ਨਾਲੋਂ ਗਲਤ ਰਸਤੇ ਚੱਲਣ ਵਾਲਾ ਮਨ ਹੀ ਵਧੇਰੇ ਨੁਕਸਾਨ ਨੂੰ ਪ੍ਰਤੱਖ ਰੂਪ ਵਿਚ ਦਰਸਾਇਆ ਹੈ। 'ਧਮਪਦ' ਵਿੱਚ ਲਿਖਿਆ ਹੈ:-

> "ਜਿੰਨਾ ਨੁਕਸਾਨ ਇਕ ਦੁਸ਼ਮਣ ਦੁਸ਼ਮਣ ਦਾ ਕਰਦਾ ਹੈ ਅਤੇ ਇਕ ਨਫ਼ਰਤ ਕਰਨ ਵਾਲਾ ਵਿਅਕਤੀ ਦੂਸਰੇ ਨੂੰ ਪਹੁੰਚਾਉਂਦਾ ਹੈ, ਉਸ ਤੋਂ ਵੀ ਵੱਧ ਨੁਕਸਾਨ, ਗਲਤ ਮਾਰਗ ਤੇ ਚੱਲਿਆ ਵਿਅਕਤੀ ਆਪਣੇ ਆਪ ਦਾ ਕਰ ਲੈਂਦਾ ਹੈ।"[4]

---

1. S. Radhakrishnan, The Dhammapada, p. 126
2. Ibid, p. 152
3. Ibid, p. 59
4. Ibid, p. 72

ਇਸੇ ਤਰ੍ਹਾਂ ਦੁਸ਼ਟਿਆਂ ਨੂੰ ਹਮੇਸ਼ਾਂ ਦੁੱਖ ਹੀ ਹੈ, ਆਪ ਸੁੱਖ ਦੀ ਇੱਛਾ ਕਰਨ ਵਾਲੇ ਵਿਅਕਤੀਆਂ ਨੂੰ ਦੂਜੇ ਦੁੱਖ ਦਾ ਜ਼ਿਕਰ ਵੀ ਕੀਤਾ ਮਿਲਦਾ ਹੈ:-

> "ਜੋ ਵਿਅਕਤੀ ਦੁਸ਼ਟਿਆਂ ਨੂੰ ਹਮੇਸ਼ਾਂ ਦੁਖੀ ਕਰ ਕੇ ਆਪ ਖੁਸ਼ੀ ਦੀ ਇੱਛਾ ਕਰਦਾ ਹੈ, ਉਹ ਵੈਰ-ਵਿਰੋਧ ਦੇ ਚੱਕਰ ਵਿੱਚ ਪਿਆ ਹੋਣ ਕਰ ਕੇ, ਵੈਰ-ਵਿਰੋਧ ਤੋਂ ਮੁਕਤ ਨਹੀਂ ਹੁੰਦਾ ਅਤੇ ਸ਼ਾਂਤੀ ਨੂੰ ਪ੍ਰਾਪਤ ਨਹੀਂ ਕਰ ਸਕਦਾ।"[1]

ਆਧਿਦੈਵਿਕ ਦੁੱਖਾਂ ਦਾ ਜ਼ਿਕਰ ਪ੍ਰਤੀਕਾਤਮਕ ਸ਼ੈਲੀ ਰਾਹੀਂ ਕੀਤਾ ਹੈ ਅਰਥਾਤ ਦੈਵੀ ਸ਼ਕਤੀਆਂ ਦੇ ਪ੍ਰਤੀਕਾਂ ਰਾਹੀਂ ਵਿਗਿਆਂ ਤੋਂ ਉਪਜੇ ਦੁੱਖਾਂ ਦਾ ਜ਼ਿਕਰ ਕੀਤਾ ਗਿਆ ਹੈ। ਜਿਵੇਂ ਪੁਸ਼ਪਵੱਗੋ ਵਿੱਚ ਲਿਖਿਆ ਹੈ:-

> "ਵਿਸ਼ੇ ਵਾਸਨਾ ਦੇ ਫੁੱਲਾਂ ਨੂੰ ਚੁਣਨ ਵਾਲੇ ਵਿਅਕਤੀ ਨੂੰ ਮੌਤ ਉਸੇ ਤਰ੍ਹਾਂ ਫੜ ਕੇ ਲੈ ਜਾਂਦੀ ਹੈ, ਜਿਵੇਂ ਸੁੱਤੇ ਹੋਏ ਪਿੰਡ ਨੂੰ ਹੜ੍ਹ ਰੋੜ੍ਹ ਕੇ ਲੈ ਜਾਂਦਾ ਹੈ।"[2]

ਉਦਾਹਰਣਾਂ ਦੇ ਕੇ ਸਮਝਾਇਆ ਹੈ ਕਿ ਜਿਵੇਂ ਦੁੱਧ ਦਾ ਦਹੀਂ ਹੌਲੇ ਹੌਲੇ ਬਣਦਾ ਹੈ, ਉਸੇ ਤਰ੍ਹਾਂ ਪਾਪ ਕਰਮਾਂ ਦਾ ਫਲ ਸਹਿਜੇ ਸਹਿਜੇ ਮਿਲਦਾ ਹੈ। ਜਿਵੇਂ ਸੁਆਹ ਵਿੱਚ ਅੱਗ ਢੱਕੀ ਹੋਈ ਹੁੰਦੀ ਹੈ, ਇਸੇ ਤਰ੍ਹਾਂ ਪਾਪ ਕਰਮ ਅੱਗ ਵਾਂਗ ਹੌਲੀ ਹੌਲੀ ਮਨੁੱਖੀ ਸਰੀਰ ਨੂੰ ਸੁਆਹ ਕਰਦੇ ਹਨ ਅਤੇ ਮਨੁੱਖ ਪਾਪ ਕਰਮਾਂ ਸਦਕਾ ਦੁੱਖਾਂ ਨੂੰ ਪ੍ਰਾਪਤ ਹੁੰਦਾ ਹੈ:-

> "ਜਿਵੇਂ ਤਾਜ਼ੇ ਦੁੱਧ ਦਾ ਵਿਕ੍ਰਮ ਛੇਤੀ ਨਹੀਂ ਬਣ ਜਾਂਦਾ ਤਿਵੇਂ ਕੀਤੇ ਕੰਮਾਂ ਦਾ ਫਲ ਛੇਤੀ ਹੀ ਸਾਹਮਣੇ ਨਹੀਂ ਆਉਂਦਾ। ਸੁਆਹ ਦੁਆਰਾ ਢੱਕੀ ਹੋਈ ਅੱਗ ਵਾਂਗ ਮੂਰਖ ਨੂੰ ਸੁਆਹ ਕਰਨ ਲਈ ਪਾਪ ਕਰਮ ਉਸਦਾ ਪਿੱਛਾ ਕਰਦੇ ਹਨ।"[3]

---

1. ~~S. Radhakrishnan, Dhammapada, p. 161~~
2. ਐਸ.ਐਮ. ਜੋਸ਼ੀ, ਧਮਪਦ, ਪੰਨਾ 79
3. ਉਹੀ, ਪੰਨਾ 85

“ਰਾਗ ਦੇ ਤੁੱਲ ਕੋਈ ਅੱਗ ਨਹੀਂ ਹੈ, ਦ੍ਵੇਸ਼ ਤੁੱਲ ਕੋਈ ਗ੍ਰਹਿ ਨਹੀਂ ਹੈ,
ਮੋਹ ਦੇ ਤੁੱਲ ਕੋਈ ਜਾਲ ਨਹੀਂ ਹੈ, ਤ੍ਰਿਸ਼ਨਾ ਦੇ ਤੁੱਲ ਕੋਈ ਨਦੀ ਨਹੀਂ ਹੈ।”[1]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬੁੱਧ ਧਰਮ ਵਿਚ ਦੁੱਖ ਦੀ ਸਮੱਸਿਆ ਪ੍ਰਮੁੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ। ਜੀਵਨ ਦੀ ਹੋਂਦ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਸੰਸਾਰ ਦੀਆਂ ਸਾਰੀਆਂ ਵਸਤੂਆਂ ਨੂੰ ਤੇ ਜੀਆਂ ਨੂੰ ਅਨਿੱਤ ਅਤੇ ਦੁੱਖਦਾਈ ਮੰਨਿਆ ਗਿਆ ਹੈ। ਸਭ ਅਨਾਤਮਕ ਹਨ, ਸਥਾਈ ਜਾਂ ਅਪਰਿਵਰਤਨਸ਼ੀਲ ਕੋਈ ਵੀ ਵਸਤੂ ਨਹੀਂ ਹੈ। ਮਨੁੱਖੀ ਸਰੀਰ ਪੰਜ ਉਪਾਦਾਨ ਸਕੰਧਾਂ (ਰੂਪ, ਵੇਦਨਾ, ਸੰਗਿਆ, ਸੰਸਕਾਰ ਤੇ ਵਿਗਿਆਨ) ਦਾ ਸਮੂਹ ਮਾਤਰ ਹੈ ਤੇ ਇਹ ਸਕੰਧ ਅਨਿੱਤ ਅਤੇ ਅਨਾਤਮ ਹਨ। ਸੋ ਮਨੁੱਖੀ ਜੀਵਨ ਪਰਿਵਰਤਨਸ਼ੀਲ ਤੇ ਦੁੱਖਦਾਈ ਹੈ। ਅਵਿਦਿਆ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਅਵਿਦਿਆ ਦੇ ਕਾਰਣ ਹੀ ਮਨੁੱਖ ਦਾ ਆਵਾਗੌਣ ਹੁੰਦਾ ਹੈ। ਅਵਿਦਿਆ ਝੂਠੀ ਸਮਝ ਹੈ, ਜਿਹੜੀ ਅਨਿੱਤ ਆਤਮਾ ਨੂੰ ਨਿੱਤ ਸਮਝ ਲੈਂਦੀ ਹੈ।

<u>ਸ਼ਾਸਤਰਾਂ ਵਿੱਚ ਵਰਣਿਤ ਦੁੱਖ ਦਾ ਸੰਕਲਪ:-</u> ਅਸੀਂ ਹੁਣ ਸ਼ਾਸਤਰਾਂ ਵਿਚ ਵਰਣਨ ਕੀਤੇ ਦੁੱਖ ਦੇ ਸੰਕਲਪ ਵੱਲ ਆਉਂਦੇ ਹਾਂ। ਸਾਂਖ ਸ਼ਾਸਤਰ ਦੇ ਪਹਿਲੇ ਸੂਤਰ ਵਿੱਚ ਹੀ ਇਹ ਕਿਹਾ ਗਿਆ ਹੈ:-

ਅਥ ਤ੍ਰਿਵਿਧ ਦੁਖਾਤਯੰਤ ਨਿਵ੍ਰਿਤੀਰਤਯੰਤ ਪੁਰਸ਼ਾਰਥ।[2]

ਅਰਥਾਤ ਤਿੰਨ ਪ੍ਰਕਾਰ ਦੇ ਦੁੱਖਾਂ ਦੀ ਪੂਰੀ ਤਰ੍ਹਾਂ ਮੁਕਤੀ ਹੋ ਜਾਣਾ - ਇਨ੍ਹਾਂ ਦਾ ਕਿਸੇ ਵੀ ਰੂਪ ਵਿਚ ਕਿੰਚਿਤਮਾਤਰ ਬਾਕੀ ਨਾ ਰਹਿਣਾ ਹੀ ਅਤਿਅੰਤ ਪੁਰਸ਼ਾਰਥ ਅਰਥਾਤ ਮਨੁੱਖ ਜਨਮ ਦਾ ਉੱਚੇ ਤੋਂ ਉੱਚਾ ਮਨੋਰਥ ਹੈ। ਇਥੇ ਦੁੱਖ ਤਿੰਨ ਪ੍ਰਕਾਰ ਦੇ ਅਧਿਆਤਮਕ, ਅਧਿਭੌਤਿਕ ਅਤੇ ਅਧਿਦੈਵਿਕ ਮੰਨੇ ਹਨ। ਸੰਸਾਰ ਦੇ ਪਦਾਰਥਾਂ ਨੂੰ ਨਾਸ਼ਮਾਨ ਮੰਨਿਆ ਹੈ। ਧਨ, ਦੌਲਤ, ਘਰ ਆਦਿ ਸੰਸਾਰਕ ਪਦਾਰਥਾਂ ਤੋਂ ਥੋੜੀ ਦੇਰ ਦੀ ਖੁਸ਼ੀ ਤਾਂ ਭਾਵੇਂ ਮਿਲ ਜਾਵੇ ਪਰ ਇਨ੍ਹਾਂ ਤੋਂ ਸਦੀਵੀ ਖੁਸ਼ੀ ਕਦਾਪਿ ਨਹੀਂ ਮਿਲ ਸਕਦੀ। ਇਹ ਵਸਤੂਆਂ ਪ੍ਰਤੱਖ ਦੁੱਖ ਰੂਪ ਅਤੇ ਚਿੰਤਾਂ ਦੇ ਵਿਸ਼ੇ ਬਣ ਜਾਂਦੇ ਹਨ ਕਿਉਂਕਿ ਇਨ੍ਹਾਂ ਵਿਚੋਂ ਜਿਨ੍ਹਾਂ ਦੇ ਮਿਲਣ ਨਾਲ ਸੁੱਖ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੇ ਵਿਛੜਨ ਨਾਲ ਫਿਰ ਦੁੱਖ ਹੀ ਮਿਲਦਾ ਹੈ। ਸਾਂਖ ਸ਼ਾਸਤਰ ਵਿੱਚ ਲਿਖਿਆ ਹੈ:-

---

1. ਕੇ.ਐਮ. ਜੋਸ਼ੀ, <u>ਧਮਪਦ</u>, ਪੰਨਾ 134

2. ਪੰਡਤ ਸ੍ਰੀਰਾਮ ਸ਼ਰਮਾ ਆਚਾਰਯ, <u>ਸਾਂਖ ਸ਼ਾਸਤਰ</u>, ਪੰਨਾ 33

"ਸੰਸਾਰਿਕ ਭੋਗਾਂ ਦੀ ਕਾਮਨਾ ਦੁੱਖ ਨੂੰ ਉਤਪੰਨ ਕਰਨ ਵਾਲੀ ਹੈ, ਉਸਦੇ ਦੁਆਰਾ ਜਿਨ੍ਹਾਂ ਭੋਗਾਂ ਦੀ ਪ੍ਰਾਪਤੀ ਹੁੰਦੀ ਹੈ, ਉਹ ਭੋਗ ਵੀ ਦੁੱਖ-ਰੂਪ ਹੋ ਜਾਂਦੇ ਹਨ। ਜਿਸ ਤਰ੍ਹਾਂ ਪਾਣੀ ਨਾਲ ਇਸ਼ਨਾਨ ਕਰਨ ਨਾਲ ਮੈਲ ਤੋਂ ਛੁਟਕਾਰਾ ਨਹੀਂ ਮਿਲਦਾ, ਮੈਲ ਹੀ ਵੱਧਦੀ ਹੈ, ਇਸੇ ਤਰ੍ਹਾਂ ਭੋਗਾਂ ਦੀ ਇੱਛਾ ਛਿਨ ਪਲ ਦੇ ਸੁੱਖ ਦੀ ਪ੍ਰਤੀਤੀ ਤਾਂ ਪੈਦਾ ਕਰਦੀ ਹੈ, ਪਰ ਦੁੱਖਾਂ ਦੇ ਵਧਾਉਣ ਵਾਲੀ ਹੀ ਸਿੱਧ ਹੁੰਦੀ ਹੈ।"[1]

"ਮਨੁੱਖ ਜਦ ਵਿਸ਼ਿਆਂ ਵਿੱਚ ਲੱਗਿਆ ਰਹਿੰਦਾ ਹੈ ਤਾਂ ਵਿਸ਼ੇ ਭੋਗਾਂ ਦੇ ਪਰਿਣਾਮ ਰੂਪ ਵਿਚ ਭਿੰਨ ਭਿੰਨ ਰੋਗ ਉਤਪੰਨ ਹੁੰਦੇ ਹਨ ਅਤੇ ਮਨੁੱਖ ਉਨ੍ਹਾਂ ਰੋਗਾਂ ਆਦਿ ਦੇ ਦੁੱਖ ਨਾਲ ਦੁਖੀ ਰਹਿੰਦਾ ਹੈ।"[2]

ਯੋਗ ਸ਼ਾਸਤਰ ਵਿਚ ਦੁੱਖ ਦਾ ਕਾਰਣ ਅਗਿਆਨਤਾ, ਅਵਿਦਿਆ ਅਤੇ ਅਹੰਕਾਰ ਨੂੰ ਕਿਹਾ ਹੈ। ਅਧਿਆਇ 2 ਦੇ 16 ਵੇਂ ਅਤੇ 21 ਵੇਂ ਸੂਤਰ ਵਿਚ ਕਿਹਾ ਹੈ:-

"ਆਤਮਾ ਦਾ ਬੰਧਨ ਵਿੱਚ ਆਉਣਾ ਅਵਿਵੇਕ ਨਾਲ ਹੀ ਹੁੰਦਾ ਹੈ। ਅਵਿਵੇਕ ਨਾਲੋਂ ਦੂਸਰਾ ਕੋਈ ਪ੍ਰਕਾਰ ਜੀਵ ਦੇ ਬੰਧਨ ਲਈ ਨਹੀਂ ਹੈ। ਇਸ ਲਈ ਅਵਿਵੇਕ ਹੀ ਬੰਧਨ ਹੈ।" ਅਤੇ

"ਅਵਿਵੇਕ ਹੀ ਸੰਜੋਗ ਅਰਥਾਤ ਬੰਧਨ ਜਾਂ ਦੁੱਖ ਦਾ ਕਾਰਣ ਹੈ।"[3]

ਨਿਆਇ ਸ਼ਾਸਤਰ ਨੇ ਸੰਸਾਰ ਨੂੰ ਵਿਸ਼ੇਸ਼ ਰੂਪ ਵਿੱਚ ਦੁੱਖਮਈ ਮੰਨਿਆ ਹੈ। ਇਸ ਅਨੁਸਾਰ ਸੰਸਾਰ ਵਿਚ ਜਨਮ ਲੈਣਾ ਅਤੇ ਇਸਨੂੰ ਛੱਡਣਾ ਦੋਵੇਂ ਹੀ ਦੁੱਖ ਦਾ ਕਾਰਣ ਹਨ। ਲਿਖਿਆ ਹੈ:-

"ਬਾਧਨਾ ਲੱਛਣ ਦੁਖਮ।"[4]

ਅਰਥਾਤ ਕਿਸੇ ਵਸਤੂ ਦੀ ਪ੍ਰਾਪਤੀ ਵਿਚ ਰੁਕਾਵਟ ਪੈਣੀ ਦੁੱਖ ਦਾ ਲੱਛਣ ਹੈ। ਇਹ ਰੁਕਾਵਟ ਚਾਹੇ ਆਪਣੀ ਕੁਦਰਤੀ ਨਾਲ ਪੈਦਾ ਹੋਵੇ, ਚਾਹੇ ਕੋਈ ਹੋਰ ਵਿਅਕਤੀ ਪਾਵੇ ਅਤੇ ਚਾਹੇ

---

1. ਪੰਡਤ ਸ੍ਰੀਰਾਮ ਸ਼ਰਮਾ ਆਚਾਰਯ, ਸੁੱਖ ਸ਼ਾਸਤਰ, ਪੰਨਾ 72
2. ਉਹੀ, ਪੰਨਾ 124-25
3. ਉਹੀ, ਪੰਨਾ 244-240
4. ਪੰਡਿਤ ਸ੍ਰੀ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਭੂਮਿਕਾ ਪੰਨਾ 16

ਪ੍ਰਕ੍ਰਿਤੀ ਦੇ ਕਾਰਣ ਪੈਦਾ ਹੋਵੇ, ਮਨੁੱਖ ਦੁੱਖ ਦਾ ਅਨੁਭਵ ਕਰਦਾ ਹੈ।

> "ਜਦ ਜਿਸ ਚੀਜ਼ ਨੂੰ ਪ੍ਰਾਪਤ ਕਰਨਾ ਚਾਹੇ, ਉਹ ਚੀਜ਼ ਨਾ ਮਿਲੇ ਤਾਂ ਉਸ ਨਾਲ ਦੁੱਖ ਹੁੰਦਾ ਹੈ।"[1]

ਇਸ ਸ਼ਾਸਤਰ ਵਿੱਚ ਅਧਿਆਇ 4 ਦੇ ਤੀਸਰੇ ਸੂਤਰ ਵਿਚ ਦੋਸ਼ ਦੇ ਤਿੰਨ ਭੇਦ ਮੰਨੇ ਹਨ।

> "ਰਾਗ ਅਰਥਾਤ ਇੱਛਾ ਜਾਂ ਕਿਸੇ ਚੀਜ਼ ਦੀ ਅਭਿਲਾਸ਼ਾ ਇਸਦੇ ਅੰਤਰਗਤ ਕਾਮ, ਈਰਖਾ, ਸਨੇਹ, ਲੋਭ, ਇੱਛਾ, ਤ੍ਰਿਸ਼ਨਾ, ਦੰਭ, ਛਲ ਆਦਿ ਮੰਨੇ ਹਨ। ਦ੍ਵੇਸ਼ ਅਰਥਾਤ ਕ੍ਰੋਧ ਦੇ ਅੰਤਰਗਤ ਕ੍ਰੋਧ, ਈਰਖਾ, ਦ੍ਰੋਹ, ਅਭਿਮਾਨ ਮੰਨੇ ਹਨ ਅਤੇ ਮੋਹ ਦੇ ਅਧੀਨ ਮਿਥਿਆ ਗਿਆਨ, ਸ਼ੰਕਾ, ਮਾਨ, ਖੁਸ਼ੀ, ਭੈ ਅਤੇ ਸੋਗ ਆਦਿ ਰਖੇ ਹਨ।"[2]

ਇਨ੍ਹਾਂ ਸਾਰਿਆਂ ਵਿਚੋਂ ਮੋਹ ਨੂੰ ਸਭ ਤੋਂ ਪ੍ਰਧਾਨ ਕਿਹਾ ਹੈ ਅਤੇ ਸਾਰੇ ਦੁੱਖਾਂ ਦੀ ਜੜ੍ਹ ਮੰਨਿਆ ਹੈ। ਇਸ ਦੇ ਨਾਲ ਅਗਿਆਨਤਾ, ਅਵਿਦਿਆ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਕਿਹਾ ਹੈ:-

> "ਅਵਿਦਿਆ ਦੇ ਕਾਰਣ ਦੁੱਖ ਹੀ ਸੁੱਖ ਸਮਝ ਲਿਆ ਜਾਂਦਾ ਹੈ। ਕਿਉਂਕਿ ਜਿਹੜੇ ਸੁੱਖ ਹਨ ਉਨ੍ਹਾਂ ਸਭ ਦਾ ਨਤੀਜਾ ਦੁੱਖ ਹੀ ਹੈ। ਜਨਮ ਨੂੰ ਖੁਸ਼ੀ ਦਾ ਵਿਸ਼ਾ ਮੰਨਦੇ ਹਨ। ਪਰ ਜੋ ਜਨਮ ਲੈਂਦਾ ਹੈ ਉਹ ਵੱਖ ਵੱਖ ਪ੍ਰਕਾਰ ਦੇ ਦੁੱਖ-ਸੁੱਖ ਭੋਗਦੇ ਅੰਤ ਵਿਚ ਮੌਤ ਨੂੰ ਪ੍ਰਾਪਤ ਹੁੰਦਾ ਹੈ।"[3]

ਵੇਦਾਂਤ ਦਰਸ਼ਨ ਵਿੱਚ ਅਵਿਦਿਆ ਅਤੇ ਮੋਹ ਮਮਤਾ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਸਰੀਰਕ ਜਾਮੇ ਵਿਚ ਆਉਣ ਉਪਰੰਤ ਸੰਸਾਰਕ ਭੋਗਾਂ ਦੀ ਇੱਛਾ ਪੈਦਾ ਹੁੰਦੀ ਹੈ ਜਦਕਿ ਇਨ੍ਹਾਂ ਦਾ ਭੋਗਰੂਪ ਫਲ ਨਾਸ਼ਵਾਨ ਹੈ। ਵੇਦਾਂਤ ਦਰਸ਼ਨ ਦੇ ਰਚੇਤਾ ਬਾਦਰਾਇਣ ਲਿਖਦੇ ਹਨ:-

---

1. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਪੰਨਾ 35
2. ਉਹੀ, ਪੰਨਾ 201
3. ਉਹੀ, ਪੰਨਾ 219

"ਮਨੁੱਖੀ ਸਰੀਰ ਦੇ ਉਤਪੰਨ ਹੋਣ ਬਾਅਦ ਜਦ ਇਹ ਮਮਤਾ ਛੁੱਟਦੀ ਹੈ ਤਾਂ ਇਹ ਸਮਝ ਵਿਚ ਆਉਂਦਾ ਹੈ ਕਿ ਇਨ੍ਹਾਂ ਕਰਮਾਂ ਦਾ ਲੋਕਰੂਪ ਫ਼ਲ ਨਾਸ਼ਵਾਨ ਹੈ।"[1]

ਇਸ ਜਗਤ ਨੂੰ ਮਿਥਿਆ ਕਿਹਾ ਹੈ। ਇਸਦੀ ਉਤਪਤੀ ਮਾਇਆ ਦੇ ਕਾਰਣ ਦੱਸੀ ਹੈ। ਮਾਇਆ ਤੋਂ ਭਾਵ ਭਰਮ ਲਿਆ ਹੈ। ਇਸ ਤੱਥ ਨੂੰ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਇਹ ਉਹ ਜਾਦੂ ਹੈ ਜਿਸ ਸਦਕਾ ਜਾਦੂਗਰ ਲੋਕਾਂ ਦੀਆਂ ਅੱਖਾਂ ਨੂੰ ਧੋਖਾ ਦੇ ਕੇ ਰਵਾਂ ਵਿਚੋਂ ਲੋਕ ਨੂੰ ਠੱਗ ਲੈਂਦਾ ਹੈ। ਜਾਦੂਗਰ ਦੀ ਭਰਮ ਵਿਚ ਪਾਉਣ ਦੀ ਇਸ ਸ਼ਕਤੀ ਨੂੰ ਮਾਇਆ ਆਖਦੇ ਹਨ। ਮਾਇਆ ਬ੍ਰਹਮ ਦੀ ਸਚਾਈ ਨੂੰ ਢੱਕ ਲੈਂਦੀ ਹੈ ਅਤੇ ਨਾਮ ਰੂਪ (ਜਗਤ) ਨੂੰ ਪੈਦਾ ਕਰਦੀ ਹੈ। ਅਵਿਦਿਆ ਦੇ ਕਾਰਣ ਮਨੁੱਖ ਨੂੰ ਬੰਧਨਪ੍ਰਾਪਤ ਹੁੰਦਾ ਹੈ। ਮਨੁੱਖ ਆਪਣੇ ਸ਼ੁੱਧ ਆਤਮਾ ਸਰੂਪ ਨੂੰ ਭੁਲਾ ਦਿੰਦਾ ਹੈ ਅਤੇ ਭਰਮ ਵੱਸ ਬੰਧਨ ਨੂੰ ਪ੍ਰਾਪਤ ਹੁੰਦਾ ਹੈ, ਦੁੱਖ ਸਹਿੰਦਾ ਹੈ। ਸ਼ੰਕਰ ਲਿਖਦੇ ਹਨ:-

"ਅਵਿਦਿਆ ਇਕ ਸੀਮਿਤ ਬੁੱਧੀ ਦਾ ਸੋਚਣ ਢੰਗ ਹੈ, ਜਿਸਦੇ ਨਾਲ ਮਨੁੱਖ ਸੁਪਨੇ ਦੇ ਸੰਸਾਰ ਦੀ ਰਚਨਾ ਕਰਦਾ ਹੈ। ਇਸ ਦਾ ਸੰਬੰਧ ਮਨੁੱਖ ਦੀ ਬੁੱਧੀ ਦੇ ਵਿਕਾਸ ਨਾਲ ਹੈ। ਅਵਿਦਿਆ ਸੱਚੇ ਗਿਆਨ ਤੋਂ ਵਿਪਰੀਤ ਹੈ। ਅਵਿਦਿਆ ਇੰਦਰੀ ਅਨੁਭਵ ਅਤੇ ਤਾਰਕਿਕ ਸੋਚਣ ਦਾ ਆਧਾਰ ਹੈ।"[2]

ਅੱਗੇ ਜਾ ਕੇ ਆਪ ਲਿਖਦੇ ਹਨ:-

"ਅਗਿਆਨ ਜਾਂ ਅਵਿਦਿਆ ਦੇ ਕਾਰਣ ਜੀਵਾਤਮਾ ਆਪਣੇ ਆਪ ਨੂੰ ਸ਼ੁੱਧ ਆਤਮਾ ਜਾਂ ਬ੍ਰਹਮ ਤੋਂ ਵੱਖ ਸਮਝਦੇ ਸੀਮਿਤ ਹੈ ਅਤੇ ਪਰਿਵਰਤਨ ਅਤੇ ਦੁੱਖ ਨੂੰ ਪ੍ਰਾਪਤ ਹੁੰਦੀ ਹੈ। ਇਹ ਬੰਧਨ ਦੀ ਅਵਸਥਾ ਹੈ।"[3]

ਵੇਦਾਂਤਿਕ ਦਰਸ਼ਨ ਵਿਚ ਦੁੱਖ ਨੂੰ ਸਦੀਵ ਪ੍ਰਤੀਕੂਲਤਾ ਦੇ ਭਾਵ ਨਾਲ ਉਤਪੰਨ ਹੁੰਦਾ ਦੱਸਿਆ ਹੈ ਅਰਥਾਤ ਜਦੋਂ ਮਨੁੱਖੀ ਮਨ ਵਿਚ ਉਤਪੰਨ ਹੋਣ ਵਾਲੀਆਂ ਇੱਛਾਵਾਂ ਦੀ ਪੂਰਤੀ ਨਹੀਂ

---

1. ਪੰ. ਸ੍ਰੀ ਸ਼ਰਮਾ ਆਚਾਰਯ, ਵੇਦਾਂਤ ਦਰਸ਼ਨ, ਪੰਨਾ 33
2. ਡਾ. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 224
3. ਉਹੀ, ਪੰਨਾ 230

ਹੁੰਦੀ ਤਾਂ ਦੁੱਖ ਹੁੰਦਾ ਹੈ। ਮਹਾਂਰਿਸ਼ੀ ਕਣਾਦ ਲਿਖਦੇ ਹਨ:-

"ਮਨ ਵਿੱਚ ਜੋ ਇੱਛਾਵਾਂ ਹਨ, ਉਨ੍ਹਾਂ ਦੀ ਪੂਰਤੀ ਨਾ ਹੋਣ ਨਾਲ ਦੁੱਖ ਦਾ ਉਤਪੰਨ ਹੋਣਾ, ਦੂਸਰਿਆਂ ਨੂੰ ਤੁੱਛ ਅਤੇ ਆਪਣੇ ਆਪ ਨੂੰ ਮਹਾਨ ਸਮਝਣ ਕਾਰਨ ਦੂਸਰਿਆਂ ਦਾ ਤਿਰਸਕਾਰ ਹੋਣ ਨਾਲ ਦ੍ਵੈਸ਼ ਦੇ ਕਾਰਣ ਉਨ੍ਹਾਂ ਦਾ ਅਪਕਾਰ ਹੋਣ ਨਾਲ ਦੁੱਖ ਦਾ ਉਤਪੰਨ ਹੋਣਾ ਅਤੇ ਯੋਗ ਸ਼ਾਸਤਰਾਂ ਦੇ ਉਲਟੇ ਪੁਲਟੇ ਰੂਪ ਵਿਚ ਅਨੁਸ਼ਠਾਨ ਨਾਲ ਸਰੀਰਿਕ ਕਸ਼ਟ ਹੋਣਾ ਅਤੇ ਅਭਿਮਾਨ ਦਾ ਸਿੱਧ ਨਾ ਹੋਣਾ ਸਭ ਦੁੱਖ ਰੂਪ ਹੀ ਹਨ।"[1]

ਯੋਗ ਦਰਸ਼ਨ ਵਿੱਚ ਦੱਸਿਆ ਹੈ ਕਿ ਵਿਸ਼ੇ ਕਾਮਨਾ ਨਾਲ ਇੰਦਰੀਆਂ ਕਦੇ ਤ੍ਰਿਪਤ ਨਹੀਂ ਹੁੰਦੀਆਂ। ਅੰਤ ਵਿਚ ਇੰਦਰੀਆਂ ਦੇ ਕਮਜ਼ੋਰ ਹੋਣ ਨਾਲ ਕਾਮਨਾ ਸਤਾਉਂਦੀ ਹੈ, ਇਹ ਦੁੱਖ ਹੈ। ਈਸ਼ੋਪਨਿਸ਼ਦ ਭਾਸ਼ਯ ਦੇ ਲੇਖਕ ਲਿਖਦੇ ਹਨ:-

"ਮਨੁੱਖੀ ਜੀਵਨ ਦੇ ਅੰਤਿਮ ਭਾਗ ਵਿੱਚ ਬੁਢਾਪੇ ਅਤੇ ਮੌਤ ਦਾ ਦੁੱਖ, ਵਿਚਕਾਰਲੇ ਭਾਗ ਵਿਚ ਅਨੇਕ ਪ੍ਰਕਾਰ ਦੇ ਮਾਨਸਿਕ ਅਤੇ ਸਰੀਰਕ ਦੁੱਖ ਅਤੇ ਜੋ ਦੁੱਖ ਪੈ ਚੁੱਕੇ ਹਨ, ਉਨ੍ਹਾਂ ਦੀ ਯਾਦ ਦਾ ਦੁੱਖ - ਇਸ ਪ੍ਰਕਾਰ ਮਨੁੱਖੀ ਜੀਵਨ ਦੁੱਖਾਂ ਨਾਲ ਭਰਿਆ ਹੋਇਆ ਹੈ।"[2]

ਅਧਿਆਤਮਕ ਦੁੱਖਾਂ ਦਾ ਜ਼ਿਕਰ ਸ਼ਾਸਤਰਾਂ ਵਿੱਚ ਇਸ ਪ੍ਰਕਾਰ ਹੈ:-

"ਮੋਹ ਸਾਰੇ ਦੋਸ਼ਾਂ ਦਾ ਮੂਲ ਹੈ, ਜਿਸਨੂੰ ਮੋਹ ਨਹੀਂ ਹੁੰਦਾ, ਉਸਨੂੰ ਰਾਗ ਦ੍ਵੈਸ਼ ਨਹੀਂ ਹੁੰਦੇ। ਇਸ ਕਰਕੇ ਮੋਹ ਹੀ ਮਨੁੱਖ ਦਾ ਵੱਡਾ ਦੁਸ਼ਮਣ ਸਿੱਧ ਹੁੰਦਾ ਹੈ।"[3]

"ਇੰਦਰੀਆਂ ਦੇ ਅਰਥ ਅਰਥਾਤ ਵਿਸ਼ੇ ਇਤਨੇ ਪ੍ਰਬਲ ਹਨ ਕਿ ਨਾ ਚਾਹੁੰਦੇ ਹੋਏ ਵੀ ਮਨੁੱਖ ਇਨ੍ਹਾਂ ਦੇ ਚੱਕਰ ਵਿਚ ਪੈ ਜਾਂਦਾ ਹੈ।"[4]

---

1. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, ਵੈਸ਼ੇਸ਼ਿਕ ਦਰਸ਼ਨ, ਪੰਨਾ 223
2. ਇੰਦਰ ਵਿਦਿਆਵਾਚਸਪਤੀ, ਈਸ਼ੋਪਨਿਸ਼ਦ ਭਾਸ਼ਯ, ਪੰਨਾ 58
3. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਪੰਨਾ 202-203
4. ਉਹੀ, ਪੰਨਾ 234

ਸਾਂਖ ਸ਼ਾਸਤਰ ਵਿਚ ਰੋਗੀ ਦਾ ਦ੍ਰਿਸ਼ਟਾਂਤ ਦੇ ਕੇ ਇਹੋ ਵਿਚਾਰ ਹੀ ਪ੍ਰਗਟ ਕਰਕੇ ਦ੍ਰਿੜ੍ਹ ਕੀਤਾ ਹੈ:-

> "ਜਿਸ ਤਰ੍ਹਾਂ ਰੋਗ ਚਿਕਿਤਸਕ ਦੁਆਰਾ ਦੱਸੀ ਦਵਾਈ ਸੇਵਨ ਕਰਕੇ ਸਰੀਰ ਵਿੱਚੋਂ ਖ਼ਤਮ ਹੋ ਜਾਂਦਾ ਹੈ, ਉਸ ਤਰ੍ਹਾਂ ਸ਼ਾਸਤਰਾਂ ਦੀ ਜਾਣਕਾਰੀ ਅਪਣਾ ਕੇ ਦੁੱਖ ਵਿਚ ਪੈ ਕੇ ਸਾਧਕ ਦੇ ਜੀਵਨ ਵਿੱਚੋਂ ਖ਼ਤਮ ਹੋ ਜਾਂਦਾ ਹੈ।"[1]

ਅਧਿਭੌਤਿਕ ਦੁੱਖਾਂ ਦਾ ਇਲਾਜ ਵੀ ਸ਼ਾਸਤਰਾਂ ਵਿਚ ਮਿਲ ਜਾਂਦਾ ਹੈ। ਸਾਂਖ ਸ਼ਾਸਤਰ ਵਿਚ ਦੂਸਰੇ ਸ਼ਲੋਕ ਵਿੱਚ ਹੀ ਇਹ ਕਿਹਾ ਗਿਆ ਹੈ ਕਿ ਸਰੀਰਕ ਦੁੱਖਾਂ ਦੇ ਸਮੇਂ ਦਵਾਈ ਲੈਣ ਨਾਲ ਵੀ ਅਕਸਰ ਦੁੱਖ ਕਾਇਮ ਰਹਿੰਦਾ ਹੈ ਜਾਂ ਫਿਰ ਉਤਪੰਨ ਹੋ ਜਾਂਦਾ ਹੈ। ਪਦਾਰਥਾਂ ਨਾਲ ਦੁੱਖਾਂ ਦੀ ਪੂਰੀ ਤਰ੍ਹਾਂ ਨਿਵਿਰਤੀ ਨਹੀਂ ਹੁੰਦੀ। ਲਿਖਿਆ ਹੈ:-

> "ਪ੍ਰਤੱਖ ਦਿਖਾਈ ਦੇਣ ਵਾਲੇ ਆਦਿ ਪਦਾਰਥਾਂ ਨਾਲ ਦੁੱਖ ਦੀ ਨਿਵਿਰਤੀ ਨਹੀਂ ਹੁੰਦੀ ਕਿਉਂਕਿ ਦੁੱਖ ਦੇ ਸਮੇਂ ਵਿੱਚ ਦਵਾਈ ਦੀ ਵਰਤੋਂ ਕਰਦੇ ਸਮੇਂ ਵੀ ਰੋਗ ਵਧਦਾ ਹੋਇਆ ਵੇਖਿਆ ਜਾਂਦਾ ਹੈ ਅਰਥਾਤ ਦਵਾਈ ਖਾਣ ਨਾਲ ਰੋਗ ਕੁਝ ਸਮੇਂ ਲਈ ਦੂਰ ਹੋਇਆ ਲੱਗਦਾ ਹੈ, ਪਰੰਤੂ ਫਿਰ ਪ੍ਰਗਟ ਹੋ ਜਾਂਦਾ ਹੈ। ਦਵਾਈ ਤੋਂ ਇਲਾਵਾ ਹੋਰ ਪਦਾਰਥ ਵੀ ਸਭ ਅਨਿੱਤ ਹਨ। ਆਪਣੇ ਸਰੀਰ ਦੇ ਕਿਰਿਆਵਾਂ ਮਿਟਦੇ ਵੇਖੇ ਜਾਂਦੇ ਹਨ।"[2]

ਭੁੱਖ ਪਿਆਸ ਰੋਗ ਆਦਿਕ ਐਸੇ ਹਨ ਕਿ ਇਨ੍ਹਾਂ ਦੇ ਕਾਰਣ ਮਨੁੱਖ ਦਾ ਮਨ ਸਥਿਰ ਨਹੀਂ ਹੋ ਸਕਦਾ।

<u>ਗੁਰੂ ਗ੍ਰੰਥ ਸਾਹਿਬ ਵਿਚ ਦੁੱਖ ਦਾ ਸੰਕਲਪ:-</u> ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਵਰਣਨ ਕੀਤੇ ਦੁੱਖ ਦੇ ਸੰਕਲਪ ਵੱਲ ਆਉਂਦੇ ਹਾਂ। ਇਸ ਪਵਿੱਤਰ ਗ੍ਰੰਥ ਵਿੱਚ ਜੋ ਗੱਲ ਹਰੇਕ ਸਾਧਕ ਨੂੰ (ਜਿਹੜੇ ਵਿਚਾਰਪੂਰਵਕ ਇਸ ਨੂੰ ਪੜ੍ਹਨ ਵਾਲੇ) ਸਪਸ਼ਟ ਹੁੰਦੀ ਹੈ, ਉਹ ਹੈ ਦੁੱਖ - ਦੁੱਖ ਦੇ ਕਾਰਣ ਅਤੇ ਦੁੱਖ ਤੋਂ ਛੁਟਕਾਰੇ ਦਾ ਮਾਰਗ। ਇਸ ਮਹਾਨ ਗ੍ਰੰਥ ਵਿੱਚ ਦੁੱਖ ਦੀ ਸਰਬ-ਸੰਪੂਰਨਤਾ ਅਤੇ ਸਰਬ-ਵਿਆਪਕਤਾ ਦਾ ਅਤਿਅੰਤ ਭਾਵੁਕ ਅਤੇ ਮਨ ਨੂੰ ਟੁੰਬਣ ਵਾਲੇ ਸ਼ਬਦਾਂ ਵਿੱਚ ਚਿਤਰਣ ਕੀਤਾ

---

1. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, <u>ਸਾਂਖ ਦਰਸ਼ਨ</u>, ਪੰਨਾ 18
2. ਉਹੀ, ਪੰਨਾ 34

ਗਿਆ ਹੈ। ਇਸ ਵਿੱਚ 'ਦੁੱਖ' ਸ਼ਬਦ ਦਾ ਜ਼ਿਕਰ 1339 ਵਾਰ ਹੋਇਆ ਮਿਲਦਾ ਹੈ। ਭਾਵੇਂ 'ਸੁੱਖ' ਲਈ ਵਰਤੇ ਗਏ ਸ਼ਬਦਾਂ ਦੀ ਬਹੁਲਤਾ ਹੈ ਜੋ ਕਿ 1811 ਹੈ ਪਰ ਬਹੁਤੀਆਂ ਥਾਵਾਂ ਤੇ 'ਸੁੱਖ' ਸ਼ਬਦ ਦੀ ਵਰਤੋਂ ਵੀ ਦੁੱਖ ਨੂੰ ਪ੍ਰਗਟਾਉਣ ਲਈ ਹੋਈ ਲਗਦੀ ਹੈ। ਜਿਵੇਂ:-

ਕੂੜਿ ਕੁਸਤਿ ਲਾਗੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ॥[1]

ਅਤੇ

ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਲਾਗਿ॥[2]

ਇਥੇ 'ਸੁੱਖ' ਸ਼ਬਦ ਦੁਖੀ ਜੀਵ ਲਈ ਹੀ ਵਰਤਿਆ ਗਿਆ ਹੈ ਜਾਂ ਜੋ ਅਸੰਤੁਸ਼ਟ ਹੋ ਕੇ ਦੁੱਖਾਂ ਨੂੰ ਬਿਆਨ ਕੀਤਾ ਹੈ।

ਦੁੱਖ ਸਰਬ-ਵਿਆਪਕ ਹੈ। ਜਨਮ ਤੋਂ ਲੈ ਕੇ ਮਰਨ ਸਮੇਂ ਤੱਕ ਮਨੁੱਖ ਦੁੱਖਾਂ ਵਿਚ ਘਿਰਿਆ ਹੋਇਆ ਹੈ। ਇਹ ਪੁਰਾਤਨ ਭਾਰਤੀ ਧਰਮਾਂ ਅਨੁਸਾਰ ਤਿੰਨ ਪ੍ਰਕਾਰ ਦੇ ਹਨ, ਜਿਨ੍ਹਾਂ ਦੀ ਵਿਆਖਿਆ ਪਿਛਲੇ ਹਿੱਸੇ ਵਿੱਚ ਹੋਈ ਹੈ। ਦੁੱਖ ਦੀ ਸਰਬ-ਵਿਆਪਕਤਾ ਬਾਬਤ ਸ਼ੇਖ ਫਰੀਦ ਜੀ ਦਾ ਸ਼ਲੋਕ ਲੋਕਾਂ ਵਿੱਚ ਅਖਾਣ ਦਾ ਰੂਪ ਧਾਰ ਗਿਆ ਹੈ:-

"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥"[3]

ਗੁਰੂ ਨਾਨਕ ਦੇਵ ਜੀ ਦੁੱਖਾਂ ਦੀ ਸਰਬ-ਸੰਪੰਨਤਾ ਤੇ ਸਰਬ-ਵਿਆਪਕਤਾ ਬਾਰੇ ਇਉਂ ਫੁਰਮਾਉਂਦੇ ਹਨ ਕਿ ਕਿਸ ਮਨੁੱਖ ਕੋਲ ਆਪਣੇ ਦੁੱਖਾਂ ਦਾ ਜ਼ਿਕਰ ਕੀਤਾ ਜਾਵੇ? ਜਿਸ ਪਾਸ ਵੀ ਮਨ ਹੌਲਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਵੀ ਆਪਣਾ ਕਿੱਸਾ ਛੇੜ ਬੈਠਦਾ ਹੈ:-

"ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥"[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 76
2. ਉਹੀ, ਪੰਨਾ 56
3. ਉਹੀ, ਪੰਨਾ 1382
4. ਉਹੀ, ਪੰਨਾ 767

ਕੋਈ ਵੀ ਕਾਰਜ ਕਾਰਣ ਤੋਂ ਬਿਨ੍ਹਾਂ ਨਹੀਂ ਵਾਪਰਦਾ। ਇਸ ਸਿਧਾਂਤ ਅਧੀਨ ਦੁੱਖ ਵੀ ਅਕਾਰਣ ਨਹੀਂ ਵਾਪਰਦਾ। ਉਪਰ ਅਸੀਂ ਵੇਖਿਆ ਹੈ ਕਿ ਭਾਰਤੀ ਫ਼ਿਲਾਸਫ਼ੀ ਵਿਚ ਅਵਿਦਿਆ, ਅਗਿਆਨਤਾ, ਤ੍ਰਿਸ਼ਨਾ ਨੂੰ ਦੁੱਖ ਦਾ ਕਾਰਣ ਮੰਨਿਆ ਹੈ। ਬੁੱਧ ਧਰਮ ਵਿੱਚ ਖ਼ਾਸ ਕਰਕੇ ਤ੍ਰਿਸ਼ਨਾ ਦੁੱਖ ਦਾ ਕਾਰਣ ਮੰਨੀ ਹੈ। ਗੁਰਬਾਣੀ ਵਿੱਚ ਅਗਿਆਨ ਪ੍ਰਭੂ ਤੋਂ ਵਿਛੋੜਾ, ਤ੍ਰਿਸ਼ਨਾ, ਆਸਾ ਨਿਰਾਸਾ, ਚੰਚਲ ਮਨ ਦਾ ਵਿਕਾਰਾਂ ਵਿਚ ਫਸੇ ਰਹਿਣਾ ਪ੍ਰਮੁਖ ਰੂਪ ਨਾਲ ਗਿਣਾਇਆ ਅਤੇ ਵਰਣਿਤ ਹੋਇਆ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:-

ਦੁਖੁ ਵੇਛੋੜਾ ਇਕੁ ਦੁਖੁ ਭੂਖ ॥
ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥
ਦਰਦੁ ਹੋਵੈ ਦੁਖੁ ਰਹੈ ਸਰੀਰ ॥
ਐਸਾ ਦਾਰੂ ਲਗੈ ਨ ਬੀਰ ॥ਰਹਾਉ॥"[1]

ਦਰਅਸਲ ਦੁੱਖ ਦਾ ਕਾਰਣ ਮਨੁੱਖ ਦੇ ਆਪਣੇ ਅਮਲ, ਆਚਰਣ ਅਸ਼ਾਂਤ ਮਨ ਨਾਲ ਸਬੰਧਤ ਹੈ। ਮਨ ਵਿਚ ਜੋ ਭੋਗਾਂ ਪ੍ਰਤੀ ਰੁਚੀ, ਤ੍ਰਿਸ਼ਨਾ ਆਸਾ ਲਾਲਸਾ ਦੀ ਬਿਰਤੀ ਹੈ, ਇਸ ਦਾ ਸਿੱਟਾ ਦੁੱਖ ਰੂਪ ਹੈ। ਗੁਰਬਚਨ ਸਿੰਘ ਤਾਲਿਬ ਲਿਖਦੇ ਹਨ:-

> "ਇਹ ਤ੍ਰਿਸ਼ਨਾ ਆਸਾ ਨਿਰਾਸਾ ਦਾ ਸਿਧਾਂਤ, ਜਿਸ ਨਾਲ ਚੰਚਲ ਮਨ, ਵਿਕਾਰਾਂ ਦੀ ਹੋਂਦ ਅਤੇ ਪੰਜਾਂ ਅਨੀਤੀ ਦੇ ਜੋਧਿਆਂ ਦੀ ਕਲਪਨਾ ਸੰਬੰਧਿਤ ਹੈ, ਗੁਰਬਾਣੀ ਵਿੱਚ ਪ੍ਰਮੁਖ ਰੂਪ ਨਾਲ ਗਿਣਾਇਆਂ ਅਤੇ ਵਰਣਿਆ ਹੋਇਆ ਮਿਲਦਾ ਹੈ — ਇਸ ਸਿਧਾਂਤ ਅਨੁਸਾਰ ਦੁੱਖ ਬਿਨ੍ਹਾਂ ਕਾਰਣ ਨਹੀਂ ਵਾਪਰਦਾ। ਦੁੱਖ ਦਾ ਰਹੱਸ ਇਹ ਹੈ ਕਿ ਜੇ ਕਾਰਣਮੂਲਕ ਢੰਗ ਨਾਲ ਇਸ ਜਨਮ ਦੇ ਕਿਸੇ ਅਮਲ ਦਾ ਸਿੱਟਾ ਸਿੱਧ ਨਾ ਹੋ ਸਕੇ ਤਾਂ ਇਹ ਵਿਚਾਰ ਪ੍ਰਗਟ ਕੀਤਾ ਗਿਆ ਹੈ ਕਿ ਕਿਸੇ ਪੂਰਬ ਜਨਮ ਦੇ ਕਿਸੇ ਅਮਲ ਦਾ ਸਿੱਟਾ ਹੋਵੇਗਾ।"[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1256
2. ਗੁਰਬਚਨ ਸਿੰਘ ਤਾਲਿਬ, ਦੁੱਖ ਦਾ ਸੰਕਲਪ ਅਤੇ ਸਮਾਧਾਨ, ਪੰਨਾ 6

ਗੁਰਦੇਵ ਨੇ ਮਨੁੱਖ ਦੇ ਦੁੱਖ ਦੇ ਕਾਰਣਾਂ ਦਾ ਭਰਪੂਰ ਵਰਣਨ ਕਰਦੇ ਹੋਏ, ਮੁੱਖ ਕਾਰਣ ਉਸਦਾ ਅਕਾਲਪੁਰਖ ਤੋਂ ਵਿਛੋੜਾ ਤੇ ਹਉਮੈ ਵਿਚ ਗ੍ਰਸਤ ਹੋਣਾ ਦਿੱਸਿਆ ਹੈ। ਸਾਧਾਰਣ ਮਨੁੱਖ ਨੂੰ ਇਸ ਪ੍ਰਕਾਰ ਦੇ ਦੁੱਖ ਦੀ ਕੋਈ ਪਹਿਚਾਣ ਨਹੀਂ ਹੁੰਦੀ। ਇਸਨੂੰ ਉਹੀ ਜਿਗਿਆਸੂ ਅਨੁਭਵ ਕਰ ਸਕਦਾ ਹੈ ਜਿਸਦੀ ਕਲਪਨਾ ਵਾਸਤਵਿਕ ਅਤੇ ਅਧਿਆਤਮਕ ਹੋਵੇ ਅਰਥਾਤ ਜਿਸਨੂੰ ਆਵਾਗਵਣ, ਜਨਮ, ਮਰਣ ਵਰਗੇ ਗੰਭੀਰ ਕ੍ਰਿਆਵਾਂ ਦੀ ਸੋਝੀ ਹੋਵੇ, ਉਹੀ ਇਸ ਦੁੱਖ ਨੂੰ ਵਿਛੋੜੇ ਦੇ ਰੂਪ ਵਿਚ ਅਨੁਭਵ ਕਰਦਾ ਹੈ। ਗੁਰੂ ਨਾਨਕ ਕਹਿੰਦੇ ਹਨ:-

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨਿ ਮਾਹਿ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨੁ ਮਾਹਿ॥ [1]

ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ [2]

ਇਵੇਂ ਉਸ ਅਕਾਲਪੁਰਖ ਨੂੰ ਵਿਸਾਰ ਕੇ, ਉਸ ਦੇ ਨਾਂ ਤੋਂ ਵਾਂਝੇ ਜਾ ਕੇ ਜੀਵ ਨੂੰ ਦੁੱਖਾਂ ਦੀ ਭੱਠੀ ਵਿਚ ਸੜਦੇ ਵੇਖਣਾ ਭਾਵੁਕ ਆਤਮਾ ਵਾਲੇ ਜਿਗਿਆਸੂ ਦੇ ਹੀ ਹਿੱਸੇ ਹੈ। ਉਸ ਨੂੰ ਮਹਿਸੂਸ ਹੁੰਦਾ ਹੈ:-

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥ [3]

ਅਤੇ

ਦੁਖੁ ਤਦੇ ਜਾ ਵਿਸਰਿ ਜਾਵੈ॥
ਭੁਖ ਵਿਆਪੈ ਬਹੁ ਬਿਧਿ ਧਾਵੈ॥ [4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 21
2. ਉਹੀ, ਪੰਨਾ 135
3. ਉਹੀ, ਪੰਨਾ 1256
4. ਉਹੀ, ਪੰਨਾ 98

ਜਿਹੜਾ ਮਨੁੱਖ ਨਾਮ ਵਿੱਚ ਨਹੀਂ ਜੁੜਿਆ, ਉਹ ਬੇਹੱਦ ਦੁਖੀ ਹੈ। ਗੁਰਦੇਵ ਨੇ ਅਜਿਹੇ ਮਨੁੱਖ ਦੀ ਹਾਲਤ ਦਾ ਟਾਕਰਾ ਝੁਲਸੇ ਹੋਏ ਕਾਨੇ ਨਾਲ ਕੀਤਾ ਹੈ:-

ਮਨਮੁਖਿ ਨਾਮੁ ਵਿਸਾਰਿਆ ਜਿਉ ਡਫਿ ਦਧਾ ਕਾਨੁ ॥[1]

ਪ੍ਰਭੂ ਤੋਂ ਵਿਛੜੇ ਜੀਵ ਜਨਮ ਮਰਣ ਦੇ ਗੇੜ ਵਿੱਚ ਪਏ ਦੁਖੀ ਹੁੰਦੇ ਰਹਿੰਦੇ ਹਨ। ਉਹ ਇਸ ਅਮੋਲਕ ਜੀਵਨ ਨੂੰ ਵੀ ਪਾ ਕੇ ਕੁਝ ਨਹੀਂ ਖੱਟ ਸਕਦੇ। ਉਨ੍ਹਾਂ ਦਾ ਜਨਮ ਵੀ ਦੁੱਖ ਵਿੱਚ ਅਤੇ ਮੌਤ ਵੀ ਦੁੱਖ ਵਿਚ ਹੁੰਦੀ ਹੈ। ਅਰਥਾਤ ਉਹ ਦੁੱਖ ਵਿੱਚ ਫਸਿਆ ਹੀ ਜਗਤ ਦਾ ਸਾਰਾ ਕਾਰ ਵਿਹਾਰ ਕਰਦਾ ਹੈ। ਅਜਿਹੇ ਜੀਵ ਦਾ ਚਿਤਰ ਗੁਰਬਾਣੀ ਵਿੱਚ ਇਉਂ ਆਇਆ ਹੈ:-

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥"[2]

ਗੁਰਬਾਣੀ ਅਗਿਆਨਤਾ ਨੂੰ ਹੀ ਦੁੱਖਾਂ ਦਾ ਕਾਰਣ ਮੰਨਦੀ ਹੈ। ਅਗਿਆਨਤਾ ਕਾਰਣ ਇਹ ਜੀਵ ਅਸਤਿ ਨੂੰ ਸਤਿ ਮੰਨਦਾ ਹੈ। ਪੰਜਾਂ ਇੰਦਰੀਆਂ ਦੇ ਆਖੇ ਲੱਗਕੇ ਦੁੱਖ ਭੋਗਦਾ ਹੈ। ਇਕ ਸੁੱਖ ਮਿਲਦਾ ਹੈ ਪਰ ਨਾਲ ਹੀ ਹੋਰ ਹੋਰ ਦੁੱਖ ਭੇਟੀ ਆ ਪੈਂਦੇ ਹਨ:-

ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥
ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥[3]

ਤ੍ਰਿਸ਼ਨਾ, ਕੁਆਸ਼ਾ, ਲਾਲਸਾ ਕਾਰਣ ਉਪਜੇ ਦੁੱਖਾਂ ਦਾ ਵੀ ਗੁਰੂ ਗ੍ਰੰਥ ਸਾਹਿਬ ਵਿਚ ਭਰਪੂਰ ਵਰਣਨ ਹੈ। ਮਨੁੱਖ ਦਾ ਆਪਣੇ ਸੋਮੇ ਤੋਂ ਵਿਛੜ ਜਾਣਾ ਇਸ ਤ੍ਰਿਸ਼ਨਾ ਦਾ ਹੀ ਕ੍ਰਿਸ਼ਮਾ ਹੈ। ਇਸ ਦੇ ਅਸਰ ਅਧੀਨ ਮਨੁੱਖ ਮੋਹ ਮਾਇਆ ਦੇ ਚੱਕਰ ਵਿਚ ਪੈ ਕੇ ਕਰਤਾਰ ਨੂੰ ਭੁੱਲ ਜਾਂਦਾ ਹੈ। ਫੁਰਮਾਇਆ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 63
2. ਉਹੀ, ਪੰਨਾ 1240
3. ਉਹੀ, ਪੰਨਾ 648

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਇ ਮਾਇ ॥[1]

ਪ੍ਰਭੂ ਪਰਮਾਤਮਾ ਦੇ ਨਾਮ ਤੋਂ ਬਿਨਾਂ ਇਸ ਤ੍ਰਿਸਨਾ ਦਾ ਖਾਤਮਾ ਨਹੀਂ ਹੁੰਦਾ। ਇਸ ਦੇ ਅਸਰ ਸਦਕਾ ਆਪਣਾ ਖੂਨ ਹੀ ਵੈਰੀ ਹੋ ਨਿਬੜਦਾ ਹੈ। ਪਰ ਸੰਸਾਰਕ ਵਸਤੂਆਂ, ਜਿਨ੍ਹਾਂ ਦੀ ਪ੍ਰਾਪਤੀ ਕਰਨ ਲਈ ਮਨੁੱਖੀ ਖੂਨ ਪਾਣੀ ਦਾ ਰੂਪ ਵਟਾਉਂਦਾ ਹੈ, ਜਾਂ ਬਾਪਦਿਆਂ ਨੂੰ ਮਾਰਨ ਤੱਕ ਜਾਂਦਾ ਹੈ, ਉਹ ਸਭ ਨਾਸ਼ਵਾਨ ਹਨ, ਅੰਤ ਸਮੇਂ ਇਥੇ ਹੀ ਰਹਿ ਜਾਂਦੀਆਂ ਹਨ। ਸਾਹਿਬ ਪੰਚਮ ਪਾਤਸ਼ਾਹ ਕਹਿੰਦੇ ਹਨ:-

ਭ੍ਰਮੀਆ ਭ੍ਰਮਿ ਪ੍ਰਪਚਿ ਲਿਪਤੁ ਹੂਆ ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥[2]

ਇਹ ਤ੍ਰਿਸਨਾ ਕਿਸੇ ਵਿਰਲੇ ਗੁਰਮੁਖ ਦੀ ਬੁਝਦੀ ਹੈ। ਗੁਰਬਾਣੀ ਦਾ ਫੁਰਮਾਣ ਹੈ:-

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ਰਹਾਉ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥[3]

ਜੋਬਨ, ਮਰਨ, ਕਾਲ ਚੱਕਰ, ਜਮਦੂਤ ਤੇ ਮੌਤ, ਪਰਮ ਧਾਮ ਦਾ ਲੇਖਾ, ਨਰਕਾਂ ਦੀ ਕਲਪਨਾ, ਚੌਰਾਸੀ ਲੱਖ ਜੂਨਾਂ ਦਾ ਚੱਕਰ, ਇਹ ਸਭ ਦੁੱਖਾਂ ਦਾ ਘਰ ਹੈ। ਸੰਸਾਰ ਵਿਚ ਸਭ ਤੋਂ ਦੁਖਦਾਇਕ ਘਟਨਾ ਸਭ ਦੁੱਖਾਂ ਸਿਰ ਦੁੱਖ ਮਰਨਾ ਮੰਨੀ ਹੈ। ਮਰਨ ਦਾ ਜ਼ਿਕਰ ਗੁਰਬਾਣੀ ਵਿਚ ਅਨਿਕ ਪ੍ਰਕਾਰ ਵਰਣਿਆ ਗਿਆ ਹੈ। ਮੌਤ ਸਰੀਰ ਨੂੰ ਵਾਪਰਨ ਵਾਲੀ ਅਚਨਚੇਤ ਘਟਨਾ ਦੇ ਰੂਪ ਵਿਚ ਬੇਹੱਦ ਭਿਅੰਕਰ ਮੰਨੀ ਜਾਂਦੀ ਹੈ। ਪਰ ਗੁਰਬਾਣੀ ਵਿਚ ਮੌਤ ਦੀ ਯਾਦ ਕਰਾ ਕੇ ਪ੍ਰਭੂ ਨਾਮ ਵਿੱਚ ਜੁੜਨ ਦੀ ਪ੍ਰੇਰਨਾ ਕੀਤੀ ਹੈ। ਕਬੀਰ ਬਾਣੀ ਵਿਚ ਇਸਦੀ ਝਲਕ ਸਪਸ਼ਟ ਵੇਖੀ ਜਾ ਸਕਦੀ ਹੈ:-

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 50
2. ਉਹੀ, ਪੰਨਾ 188
3. ਉਹੀ, ਪੰਨਾ 213

ਫਰੀਦਾ ਦਰਿਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥[1]

ਵਿਸ਼ੇ ਵਿਕਾਰਾਂ ਤੋਂ ਉਪਜੇ ਦੁੱਖ ਜੋ ਕਿ ਦਰਅਸਲ ਵਿਸ਼ਿਆਂ ਦਾ ਹੀ ਦੂਜਾ ਰੂਪ ਹਨ, ਦਾ ਵੀ ਗੁਰਬਾਣੀ ਵਿਚ ਪ੍ਰਮੁੱਖ ਰੂਪ ਵਰਣਨ ਕੀਤਾ ਮਿਲਦਾ ਹੈ। ਮਨੁੱਖ ਜਦੋਂ ਵਿਸ਼ਿਆਂ ਭੋਗਾਂ ਨੂੰ ਭੋਗਦਾ ਹੈ ਤਾਂ ਉਸਨੂੰ ਇਹ ਵਿਸ਼ੁ ਅੰਮ੍ਰਿਤ ਵਾਂਗ ਜਾਪਦਾ ਹੈ। ਗੁਰੂ ਅਮਰਦਾਸ ਪਾਤਸ਼ਾਹ ਨੇ ਕਿਹਾ ਹੈ:-

ਮਿਠਾ ਕਰਿਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥[2]

ਅਤੇ

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥[3]

ਸੁਖਹੁ ਭੋਗੇ ਭੋਗੁ ਦੁਖ ਸਬਾਇਆ ॥
ਸੁਖਹੁ ਉਠੇ ਰੋਗ ਪਾਪ ਕਮਾਇਆ ॥[4]

ਗੁਰਬਾਣੀ ਵਿੱਚ ਵਿਸ਼ਿਆਂ ਰਸਾਂ ਨੂੰ ਹੋਛੇ ਰਸ ਕਿਹਾ ਹੈ। ਮਨੁੱਖ ਨੂੰ ਚੇਤੰਨ ਕੀਤਾ ਹੈ ਕਿ ਵਿਸ਼ਿਆਂ ਰਸਾਂ ਕਸਾਂ, ਜੋ ਵਿਸ਼ਿਆਂ ਦੀ ਉਪਜ ਹਨ ਅਤੇ ਮਨੁੱਖ ਨੂੰ ਦਸਾਂ ਦਸ ਲੁੱਟੀ ਜਾ ਰਹੇ ਹਨ, ਨੂੰ ਛੱਡਕੇ ਅੰਮ੍ਰਿਤ ਵਿਚਾਰ, ਜੋ ਕਿ ਤੇਰੇ ਅੰਦਰ ਹੀ ਹੈ। (ਵਿਸ਼ਿਆਂ ਤੋਂ ਉਪਜੇ ਦੁੱਖਾਂ ਦਾ ਵਰਣਨ ਅਗਲੇ ਕਾਂਡ ਵਿਚ ਕੀਤਾ ਜਾਵੇਗਾ)। ਫੁਰਮਾਣ ਹੈ:-

ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥[5]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1383
2. ਉਹੀ, ਪੰਨਾ 785
3. ਉਹੀ, ਪੰਨਾ 438
4. ਉਹੀ, ਪੰਨਾ 139
5. ਉਹੀ, ਪੰਨਾ 1017

ਇਹ ਕੁੰਡਲ, ਮੋਤੀਆਂ ਦੀ ਮਾਲਾ, ਸੁੰਦਰ ਨਾਰੀ, ਸੋਲਾਂ ਸ਼ਿੰਗਾਰ, ਸੁਖਾਲੀ ਸੇਜ ਦਾ ਵਿਲਾਸ, ਘੋੜੇ ਹਾਥੀ ਲਸ਼ਕਰ, ਰਿੱਧੀਆਂ ਸਿੱਧੀਆਂ ਦੀਆਂ ਸੁਲਤਾਨੀਆਂ, ਸਭ ਹੀ ਦੁੱਖ ਦਾ ਕਾਰਣ ਹਨ।

ਦੇਖਾ ਦੇਖਹੁ ਬੀਨਿ ਬਜਾਵਹੁ ॥ ਪਟ ਪਟੰਬਰ ਪਹਿਰਿ ਹਢਾਵਹੁ ॥
ਬਿਨੁ ਹਰਿ ਨਾਮ ਕਹਾਂ ਸੁਖੁ ਪਾਵਹੁ ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥
ਬਿਨੁ ਜਗਦੀਸ ਕਹਾਂ ਸੁਖੁ ਭਾਲਾ ॥
ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥
ਬਿਨੁ ਜਗਦੀਸ ਭਜੇ ਨਿਤ ਖੁਆਰੀ ॥
ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥
ਬਿਨੁ ਹਰਿਨਾਮ ਸੁ ਦੇਹ ਦੁਖਾਲੀ ॥ [1]

ਇਹੋ ਅਕਾਲਪੁਰਖ ਦੇ ਨਾਮ ਸਿਮਰਨ ਤੋਂ ਬਿਨਾਂ ਸਭ ਥੋਥੀਆਂ ਵਿਅਰਥ ਵਸਤੂਆਂ ਹਨ। ਖੇਲ ਤਮਾਸ਼ੇ, ਦੁਨਿਆਵੀ ਮਨੋਰਥ ਵਿਅਰਥ ਹਨ। ਤਾਰਨ ਬਾਣੀ ਵਿੱਚ ਗੁਰੂ ਨਾਨਕ ਪਾਤਸ਼ਾਹ ਇਨ੍ਹਾਂ ਵਿਚ ਗ਼ਲਤਾਨ ਹੋਈ ਲੋਕਾਈ ਤੇ ਡੁੱਬੇ ਸੰਸਾਰ ਨੂੰ ਵੇਖਕੇ, ਦੁਨੀਆਂ ਦੇ ਦੁੱਖ ਦਾ ਸੋਮਾ ਸੰਸਾਰਕ ਪਦਾਰਥਾਂ ਨਾਲ ਨੇਹੁ ਤੇ ਆਪਣੇ ਮੂਲ ਆਤਮਾ ਤੋਂ ਵਿੱਥਾਂ ਬਿਆਨਦੇ ਹਨ:-

ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥

.. .. ..

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥

.. .. ...

ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥

.. ... ..

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 225

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥[1]

ਉਪਰੋਕਤ ਵਰਣਿਤ ਸਾਰੇ ਦੁੱਖ ਅਧਿਆਤਮਕ ਅਤੇ ਆਧਭੌਤਕ ਹਨ। ਗੁਰਬਾਣੀ ਵਿੱਚ ਅਧਿਦੈਵਿਕ ਦੁੱਖਾਂ ਦਾ ਵੀ ਜ਼ਿਕਰ ਮਿਲਦਾ ਹੈ। ਅਰਥਾਤ ਦੁੱਖ ਦਾ ਸੋਮਾ ਦੈਵੀ ਸ਼ਕਤੀਆਂ ਨੂੰ ਵੀ ਮੰਨਿਆ ਹੈ। ਪਰ ਇਹਨਾਂ ਸਾਰੀਆਂ ਸ਼ਕਤੀਆਂ ਨੂੰ ਅਕਾਲਪੁਰਖ ਦੇ ਭਉ ਵਿੱਚ ਵਿਚਰਦੇ ਦਰਸਾਇਆ ਹੈ। ਆਸਾ ਦੀ ਵਾਰ ਵਿੱਚ ਲਿਖਿਆ ਹੈ:-

ਭੈ ਵਿਚਿ ਪਵਣੁ ਵਹੈ ਸਦ ਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥[2]

ਅਤੇ ਜਦੋਂ ਮਨੁੱਖ ਨਾ ਹੋਣ ਕਰਕੇ ਕੋਈ ਕੰਮ ਮਨਿਸਮਝੇ ਢੰਗ ਹੁੰਦੇ ਹਨ ਤਾਂ ਪ੍ਰਭੂ ਦੀ ਕ੍ਰਿਪਾ ਸਦਕਾ ਇੱਕਠ ਵੇਖਦਾ ਮਨੁੱਖ ਪਹੁੰਚਾ ਹੈ। ਇਹੋ ਕੰਮ ਸਦਕਾ ਲੋਕਾਂ ਦੇ ਦੁੱਖ ਦਾ ਜ਼ਿਕਰ ਨਾ ਕਰਕੇ ਮਨੁੱਖ ਹੋਰ ਸਮੇਂ ਲੋਕਾਂ ਵਿਚ ਉਤਪੰਨ ਹੋਈ ਖੁਸ਼ੀ ਦਾ ਜ਼ਿਕਰ ਹੁੰਦਾ ਹੈ:-

ਮੀਹੁ ਪਇਆ ਪਰਮੇਸਰਿ ਪਾਇਆ ॥
ਜੀਅ ਜੰਤ ਸਭਿ ਸੁਖੀ ਵਸਾਇਆ ॥[3]

ਗੁਰਬਾਣੀ ਇਨ੍ਹਾਂ ਤਿੰਨੇ ਪ੍ਰਕਾਰ ਦੇ ਦੁੱਖਾਂ ਨੂੰ ਤ੍ਰਿਬਿਧ ਤਾਪ ਕਹਿੰਦੀ ਹੈ। ਆਧਿ ਬਿਆਧਿ ਉਪਾਧਿ ਤਿੰਨ ਤਾਪ ਹਨ। ਮਨ ਵਿਚ ਉਤਪੰਨ ਹੋਣ ਵਾਲੇ ਸੰਤਾਪ ਆਧਿ, ਸਰੀਰ ਦੇ ਰੋਗ ਬਿਆਧਿ। ਅਤੇ ਸਰਦੀ ਗਰਮੀ ਦੇ ਅਸਰ ਜਾਂ ਉਪਦ੍ਰਵਾਂ ਤੋਂ ਉਤਪੰਨ ਹੋਏ ਕਲੇਸ਼ ਉਪਾਧਿ ਕਹੇ ਹਨ। ਲਿਖਿਆ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 417
2. ਉਹੀ, ਪੰਨਾ 464
3. ਉਹੀ, ਪੰਨਾ 105

ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ॥[1]

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥[2]

ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ:-

> "ਮਨ ਦੀ ਚਿੰਤਾ ਆਧਿ, ਦੇਹ ਦੇ ਰੋਗ ਬ੍ਯਾਧਿ ਅਤੇ ਭੂਤ ਤਾਪ ਆਦਿ ਪ੍ਰਾਕ੍ਰਿਤਕ ਦੁਖ ਤਥਾ ਉਪਦ੍ਰਵ ਜੋ ਉਤਪੰਨ ਹੋਣ ਅਨੇਕ ਉਪਾਧਿ ਕਹੇ ਜਾਂਦੇ ਹਨ।"[3]

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸ ਮਹਾਨ ਗ੍ਰੰਥ ਵਿੱਚ ਰੋਗਾਂ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕਰਕੇ ਮਾਨਵਤਾ ਦੀ ਭਲਾਈ ਹਿੱਤ ਇਸ ਨੂੰ ਦੂਰ ਕਰਨ ਦੇ ਸੁਝਾਉ ਅਤੇ ਮਨੋਵਿਗਿਆਨਕ ਢੰਗ ਨਾਲ ਦਿੱਤੇ ਹਨ ਜਿਨ੍ਹਾਂ ਦਾ ਅੱਗੇ ਚੱਲਕੇ ਦੂਸਰੇ ਭਾਗ ਵਿੱਚ ਵਰਣਨ ਕੀਤਾ ਜਾਵੇਗਾ।

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1223
2. ਉਹੀ, ਪੰਨਾ 714
3. ਭਾਈ ਕਾਨ੍ਹ ਸਿੰਘ ਨਾਭਾ, <u>ਗੁਰਮਤ ਮਾਰਤੰਡ</u>, ਪੰਨਾ 558

# ਦੂਜਾ ਅਧਿਆਇ

**
**
**
**

## ਸਰੀਰ ਅੰਦਰ ਪੈਦਾ ਹੋਏ ਰੋਗ ਅਤੇ ਦੁੱਖ

ਇਹ ਸੰਸਾਰ ਦੁੱਖਮਈ ਹੈ ਅਤੇ ਜਿੰਨੇ ਵੀ ਜੀਵ ਇੱਥੇ ਆਉਂਦੇ ਹਨ, ਉਹ ਕਿਸੇ ਨਾ ਕਿਸੇ ਪ੍ਰਕਾਰ ਦੇ ਦੁੱਖ ਨਾਲ ਸਾਰੀ ਜ਼ਿੰਦਗੀ ਪੀੜਤ ਹੁੰਦੇ ਰਹਿੰਦੇ ਹਨ। ਇਸ ਸੰਸਾਰ ਵਿੱਚ ਦੁੱਖਾਂ ਤੋਂ ਛੁਟਕਾਰਾ ਕਿਸੇ ਵੀ ਜੀਵ ਨੂੰ ਨਹੀਂ ਹੈ। ਇਸ ਦੇ ਨਾਲ ਨਾਲ ਇਹ ਵੀ ਠੀਕ ਸੱਚ ਹੈ ਕਿ ਹਰੇਕ ਪ੍ਰਾਣੀ ਦੁੱਖ ਤੋਂ ਛੁਟਕਾਰੇ ਦੀ ਕੋਸ਼ਿਸ਼ ਕਰਦਾ ਹੈ। ਇਹ ਦੁੱਖ ਜਿਵੇਂ ਕਿ ਪਹਿਲੇ ਅਧਿਆਇ ਵਿੱਚ ਵਿਆਖਿਆ ਕੀਤੀ ਜਾ ਚੁੱਕੀ ਹੈ, ਤਿੰਨ ਪ੍ਰਕਾਰ ਦਾ ਮੰਨਿਆ ਗਿਆ ਹੈ। ਇੱਥੇ ਸਾਡਾ ਸੰਬੰਧ ਅਧਿਭੌਤਿਕ ਦੁੱਖ ਅਰਥਾਤ ਸਰੀਰ ਕਾਰਣ ਪੈਦਾ ਹੋਏ ਰੋਗਾਂ ਅਤੇ ਦੁੱਖਾਂ ਨਾਲ ਹੈ। ਗੁਰਬਚਨ ਸਿੰਘ ਤਾਲਿਬ ਲਿਖਦੇ ਹਨ:-

> "ਗਰੀਬੀ, ਰੋਗ, ਮੁਥਾਜੀ, ਮਜਬੂਰੀ, ਬੇਵੱਸੀ, ਪਿਆਰਿਆਂ ਦੇ ਵਿਛੋੜੇ, ਸੰਸਾਰਕ ਵਸਤਾਂ ਦੇ ਪ੍ਰਾਪਤ ਨਾ ਹੋਣ ਜਾਂ ਖੁੱਸ ਜਾਣ ਦੀ ਵਿਆਕੁਲਤਾ ਆਦਿਕ - ਇਹ ਸਭ ਸਰੀਰਕ ਦੁੱਖ ਹਨ।"[1]

ਅਧਿਭੌਤਿਕ ਦੁੱਖ ਸਰੀਰ ਕਾਰਣ ਪੈਦਾ ਹੋਏ ਦੁੱਖ ਹਨ, ਚਾਹੇ ਉਹ ਸਰੀਰ ਦੇ ਕਿਸੇ ਰੋਗ ਤੋਂ ਉਤਪੰਨ ਹੋਏ।

## ਵੇਦਾਂ ਵਿੱਚ ਸਰੀਰਕ ਦੁੱਖ:-

ਹੁਣ ਅਸੀਂ ਸਭ ਤੋਂ ਪਹਿਲਾਂ ਆਪਣੇ ਵਿਸ਼ੇ ਦਾਇਰੇ ਦੇ ਅਨੁਸਾਰ ਵੇਦਾਂ ਵਿੱਚੋਂ ਸਰੀਰ ਕਾਰਣ ਪੈਦਾ ਹੋਏ ਰੋਗਾਂ ਅਤੇ ਦੁੱਖਾਂ ਦਾ ਵਰਣਨ ਕਰਦੇ ਹਾਂ। ਵੇਦਾਂ ਵਿਚੋਂ ਅਥਰਵ ਵੇਦ ਵਿੱਚ ਤਾਂ ਸਰੀਰਕ ਰੋਗਾਂ, ਦੁੱਖਾਂ ਦੀ ਭਰਪੂਰ ਚਰਚਾ ਕੀਤੀ ਮਿਲਦੀ ਹੈ ਅਤੇ ਇਸ ਦੀ ਰੋਕ ਲਈ ਉਪਾਅ ਵੀ ਸੁਝਾਏ ਗਏ ਹਨ। ਪਰ ਦੂਸਰੇ ਵੇਦਾਂ ਵਿੱਚ ਇਸ ਪ੍ਰਕਾਰ ਦੇ ਦੁੱਖਾਂ ਦਾ ਵਰਣਨ ਬਹੁਤ ਘੱਟ ਹੋਇਆ ਹੈ। ਵੈਦਕ ਰਿਸ਼ੀਆਂ ਦੀ ਆਪਣੇ ਦੇਵਤਿਆਂ ਪ੍ਰਤੀ ਕੀਤੀ ਅਰਦਾਸ ਵਿਚੋਂ ਇਸ ਪ੍ਰਕਾਰ ਦੇ ਦੁੱਖ ਦਾ ਝਾਉਲਾ ਪੈਂਦਾ ਹੈ:-

> "ਜਲ ਧਾਰਾਵਾਂ ਉਹ ਦੇਵੀਆਂ ਹਨ, ਜੋ ਸਾਡੀ ਜ਼ਿੰਦਗੀ ਨੂੰ ਬੈਕੁੰਠ ਲੈ ਜਾਂਦੀਆਂ ਹਨ। ਇਸ ਲਈ ਜਦੋਂ ਮੈਂ ਜਲ ਵਿੱਚੋਂ ਚੁੱਭੀ ਲਾ ਕੇ ਬਾਹਰ ਨਿਕਲਦਾ ਹਾਂ, ਤਾਂ ਮੈਂ ਆਪਣੇ ਆਪ ਨੂੰ ਸ਼ੁੱਧ ਅਤੇ ਪਵਿੱਤਰ ਅਨੁਭਵ

---

1. ਗੁਰਬਚਨ ਸਿੰਘ ਤਾਲਿਬ, ਦੁੱਖ ਦਾ ਸੰਕਲਪ ਅਤੇ ਸਮਾਧਾਨ, ਪੰਨਾ 13

ਕਰਦਾ ਸਾਂ।"[1]

ਉਪਰੋਕਤ ਸਤਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਲੋਕ ਆਪਣੇ ਆਪ ਨੂੰ ਜਲ ਵਿੱਚ ਨਹਾਉਣ ਉਪਰੰਤ ਪਵਿੱਤਰ ਅਨੁਭਵ ਕਰਦੇ ਸਨ ਅਰਥਾਤ ਸਰੀਰਕ ਅਤੇ ਮਾਨਸਿਕ ਰੋਗਾਂ ਤੋਂ ਮੁਕਤ। ਅਥਰਵੇਦ ਵਿੱਚ ਸਰੀਰ ਦੇ ਅੰਗਾਂ ਦੇ ਟੁੱਟੇ ਜਾਣ ਦਾ, ਕੋਹੜ ਦਾ, ਗੰਜੇਪਨ ਦਾ ਅਤੇ ਬੋਲੇਪਨ ਆਦਿਕ ਰੋਗਾਂ ਦਾ ਇਲਾਜ ਵੀ ਮਿਲ ਜਾਂਦਾ ਹੈ। ਪੰਡਿਤ ਵਿਸ਼ਵੇਸ਼ਵਰਨਾਥ ਲਿਖਦੇ ਹਨ:-

> "ਅਥਰਵੇਦ ਵਿੱਚ ਇਕ ਸਥਾਨ ਉਤੇ ਟੁੱਟੀ ਹੋਈ ਹੱਡ ਦੀ ਜਗ੍ਹਾ ਹੋਰ ਦੀ ਹੱਡ ਲਗਾਉਣ ਦਾ, ਦੂਸਰੇ ਸਥਾਨ ਤੇ ਕੋਹੜ, ਗੰਜਾਪਨ ਅਤੇ ਬਧਿਰਾਪਨ ਨੂੰ ਦੂਰ ਕਰਨ ਦਾ, ਤੀਸਰੇ ਸਥਾਨ ਤੇ ਟੁੱਟੇ ਹੋਏ ਸਰੀਰ ਦੇ ਅੰਗਾਂ ਨੂੰ ਜੋੜਣ ਦਾ, ਚੌਥੇ ਸਥਾਨ ਤੇ ਬੁਢਾਪੇ ਨੂੰ ਦੂਰ ਕਰਨ ਦਾ ਅਤੇ ਪੰਜਵੇਂ ਸਥਾਨ ਤੇ ਨਿਪੁੰਸਕ ਦੀ ਇਸਤਰੀ ਨੂੰ ਪੁਰਖ ਦੇਣ ਦਾ ਉਦੇਸ਼ ਹੈ।"[2]

ਇੰਦਰੀਆਂ ਆਪ ਦੇਵੀਆਂ ਹੁੰਦੀਆਂ ਹਨ। ਅਰਥਾਤ ਪ੍ਰਾਣੀ ਲਈ ਹਰ ਪ੍ਰਕਾਰ ਦੇ ਲੋਕ-ਪਰਲੋਕ ਸਾਧਨ ਕਰਦੀਆਂ ਹਨ ਅਤੇ ਮਨੁੱਖੀ ਸ਼ਕਤੀ ਨੂੰ ਠੀਕ ਕਰ ਦਿੰਦੀਆਂ ਹਨ। ਇੰਦਰੀਆਂ ਕਿਉਂ ਕਿ ਸਰੀਰ ਦਾ ਹਿੱਸਾ ਹਨ, ਇਸ ਕਰਕੇ ਇਨ੍ਹਾਂ ਸਬੰਧੀ ਰੋਗ ਆਦਿ ਦੁੱਖਾਂ ਨੂੰ ਵੀ ਸਰੀਰਕ ਦੁੱਖ ਹੀ ਕਹਾਂਗੇ। ਇੰਦਰ ਦੇਵਤਾ ਨੂੰ ਮਨੁੱਖ ਦੀਆਂ ਇੰਦਰੀਆਂ ਵਿੱਚ ਵੱਸਦਾ ਦੱਸਿਆ ਹੈ ਅਤੇ ਵੈਦਿਕ ਰਿਸ਼ੀਆਂ ਨੂੰ ਉਸ ਅੱਗੇ ਪ੍ਰਾਰਥਨਾ ਕਰਦੇ ਦੱਸਿਆ ਹੈ:-

> "ਸਾਡੀਆਂ ਪ੍ਰਾਣ ਇੰਦਰੀਆਂ ਰਾਹੀਂ ਕੀਤੇ ਗਏ ਕੰਮਾਂ ਅਤੇ ਉਨ੍ਹਾਂ ਤੋਂ ਪੈਦਾ ਹੋਏ ਦੁੱਖਾਂ ਸੁੱਖਾਂ ਨੂੰ ਤੂੰ ਹੀ ਦੇਖ।"[3]

---

1. ਹਰਬੰਸ ਸਿੰਘ ਤਾਂਘ, ਚਾਰੇ ਵੇਦ ਚੋਣਵੇਂ ਸਵਿਚਾਰ, ਪੰਨਾ 26
2. ਪੰਡਿਤ ਵਿਸ਼ਵੇਸ਼ਵਰਨਾਥ ਰੇਉ, ਰਿਗਵੇਦ ਪਰ ਏਕ ਇਤਿਹਾਸਿਕ ਦ੍ਰਿਸ਼ਟੀ, ਪੰਨਾ 206
3. ਹਰਬੰਸ ਸਿੰਘ ਤਾਂਘ, ਚਾਰੇ ਵੇਦ ਚੋਣਵੇਂ ਸਵਿਚਾਰ, ਪੰਨਾ 45

"ਕਿਰਤ-ਵਿਕਾਰਾਂ ਦੀ ਖੇਲ ਕਰਨ ਵਾਲੀਆਂ ਇੰਦਰੀਆਂ ਵਿੱਚ ਇੰਦਰ ਸਭ ਤੋਂ ਵੱਡਾ ਹੈ। ਵਿਸ਼ਿਆਂ ਦੀ ਅਭਿਲਾਸ਼ਾ ਕਰਨ ਵਾਲੀਆਂ ਗਿਆਨਇੰਦ੍ਰੀਆਂ ਇੰਦਰੀਆਂ ਵਿੱਚ ਸ਼ੁਧ ਚੇਤੰਨ ਅਤੇ ਗਿਆਤਾ ਹੈ। ਵਿਕਾਰਾਂ ਨੂੰ ਭੋਗਣ ਵਾਲੀਆਂ ਇੰਦਰੀਆਂ ਦੇ ਕਰਮਾਂ ਨੂੰ ਆਪਣੇ ਅੰਦਰ ਧਾਰਨ ਕਰਨ ਵਾਲਾ ਹੈ।"[1]

ਸੋਮ ਰਸ ਨੂੰ ਅਨੰਦ ਪ੍ਰਦਾਨ ਕਰਨ ਵਾਲਾ ਰਸ ਮੰਨਿਆ ਹੈ ਅਤੇ ਸਭ ਪ੍ਰਕਾਰ ਦੇ ਰੋਗਾਂ ਦਾ ਨਾਸ਼ਕ ਦੱਸਿਆ ਹੈ। ਇਸ ਦੀ ਮਹਾਨਤਾ ਤੇ ਚਾਨਣ ਪਾਉਂਦਿਆਂ ਲਿਖਿਆ ਹੈ:-

"ਇਹ ਪ੍ਰਥਮ ਅਨੰਦ ਰਸ ਹੈ, ਜੋ ਉੱਤਮ ਵੇਲ ਨਾਲ ਪੈਦਾ ਹੋ ਕੇ ਆਤਮਾ ਤੇ ਸਰੀਰ ਦੇ ਰੋਗਾਂ ਨੂੰ ਨਸ਼ਟ ਕਰ ਦਿੰਦਾ ਹੈ। ਸਰੀਰਕ ਤੇ ਮਾਨਸਿਕ ਦੁਰਬਲਤਾ ਨਾਲ ਭਰੇ ਹੋਏ ਪਾਪੀ ਇਹ ਉੱਤਮ ਰਸ ਪੀਕੇ ਸੁਖੀ ਹੋ ਸਕਦੇ ਹਨ।"[2]

ਸਰੀਰਕ ਰੋਗਾਂ ਤੋਂ ਬਚਣ ਲਈ ਬਹੁਤ ਸਾਰੇ ਮੰਤਰ ਅਥਰਵ ਵੇਦ ਵਿੱਚ ਮਿਲਦੇ ਹਨ। ਭਿਆਨਕ ਰੋਗਾਂ ਨੂੰ ਦੂਰ ਕਰਨ ਲਈ ਦਵਾਈਆਂ ਆਦਿ ਦਾ ਵਰਣਨ ਆਮ ਮਿਲਦਾ ਹੈ। ਪਾਪ ਪ੍ਰਵਿਰਤੀਆਂ ਨੂੰ ਮਨੁੱਖ ਦੇ ਰੋਗ, ਦੁੱਖ, ਮੌਤ ਅਤੇ ਨਾਸ਼ ਦੀ ਜੜ੍ਹ ਮੰਨਿਆ ਹੈ। ਰੋਸ਼ਨਦੇਵ ਸ਼ਾਸਤਰੀ ਲਿਖਦੇ ਹਨ:-

"ਸਰੀਰਕ, ਮਾਨਸਿਕ, ਬੌਧਿਕ, ਮਨੁੱਖ ਦੀਆਂ ਪਾਪ ਪ੍ਰਵਿਰਤੀਆਂ ਹੀ ਰੋਗ, ਦੁਖ, ਮੌਤ ਅਤੇ ਨਾਸ਼ ਦਾ ਮੂਲ ਕਾਰਣ ਹੈ। ਇਸ ਦੇ ਲਈ ਦਵਾਈਆਂ ਦਾ ਪ੍ਰਯੋਗ ਲਾਭਦਾਇਕ ਹੈ। ਦਵਾਈਆਂ ਪਾਪ ਤੋਂ ਰੱਖਿਆ ਕਰਦੀਆਂ ਹਨ। ਪਾਪ ਨਾ ਹੋਣ ਤਾਂ ਰੋਗ ਤੋਂ ਬਚਦੇ ਹਾਂ। ਸਾਰੇ ਪਾਪ ਦੂਰ ਹੋਣ ਤੇ ਮੌਤ ਤੋਂ ਰੱਖਿਆ ਹੁੰਦੀ ਹੈ।"[3]

---

1. ਦੀਦਾਰ ਸਿੰਘ ਤਾਂਘ, ਚਾਰੇ ਵੇਦ ਹੋਏ ਸਚਿਆਰ, ਪੰਨਾ 46-47
2. ਉਹੀ, ਪੰਨਾ 50
3. ਰੋਸ਼ਨ ਦੇਵ ਸ਼ਾਸਤਰੀ, ਅਥਰਵਵੇਦੀਯ ਰੋਗਸ਼ਮਨ ਵਨਾਸਪਤਿ ਵਿਵੇਚਨ, ਪੰਨਾ 3

ਅਰੋਗ ਰਹਿਣ ਲਈ ਖੰਘ ਤੇ ਹੋਰ ਬਿਮਾਰੀਆਂ, ਸਰੀਰਕ ਕਮਜ਼ੋਰੀਆਂ ਨੂੰ ਦੂਰ ਕਰਨ ਦੇ ਉਪਾਅ ਬਾਰੇ ਦੱਸਿਆ ਹੈ ਕਿ "ਦੁੱਧ ਮੱਖਣ ਅਤੇ ਪਦਾਰਥ ਦੀ ਬੂਟੀ ਵਾਂਗੂ ਵਿੱਚ ਰਹਿਣ।"[1]

ਰੋਗ ਨਾਸ਼ ਕਰਨ ਵਾਲੇ ਕੀਟਾਣੂਆਂ ਨੂੰ ਨਾਸ਼ ਕਰਨ ਲਈ ਕਾਫ਼ੀ ਵਿਸਥਾਰਮਈ ਚਰਚਾ ਕੀਤੀ ਗਈ ਹੈ। ਰੋਗ ਪੈਦਾ ਕਰਨ ਵਾਲੇ ਕੀਟਾਣੂ ਜਲ, ਭੋਜਨ ਆਦਿ ਵਿੱਚ ਪੈਦਾ ਹੁੰਦੇ ਹਨ। ਅਥਰਵ ਵੇਦ ਕਿਟਾਂ ਨੂੰ ਜੜ੍ਹ ਤੋਂ ਹੀ ਨਸ਼ਟ ਕਰਨ ਲਈ ਪ੍ਰੇਰਦਾ ਹੈ। ਇਥੇ ਪ੍ਰਿਥਵੀ, ਮਿੱਟੀ, ਜਲ, ਨਦੀ, ਹਵਾ, ਅੱਗ, ਬਿਜਲੀ, ਸੂਰਜ ਆਦਿ ਪ੍ਰਾਕ੍ਰਿਤਕ ਪਦਾਰਥਾਂ ਤੋਂ ਪ੍ਰਾਕ੍ਰਿਤਕ ਇਲਾਜ ਦਾ ਵਿਧਾਨ ਦੱਸਿਆ ਹੈ:-

> "ਨਦੀ ਦੇ ਵਹਿੰਦੇ ਹੋਏ ਪਾਣੀ ਵਿੱਚ ਡੁਬਕੀ ਲਗਾਉਣ ਨਾਲ ਸੰਪਲੱਛਣ ਦੂਰ ਹੁੰਦੀ ਹੈ, ਅੱਖਾਂ ਦੀ ਰੋਸ਼ਨੀ ਵੱਧਦੀ ਹੈ।
>
> ਅੱਗ ਸ਼ੀਤਰੋਗ ਨੂੰ ਦੂਰ ਕਰਦੀ ਹੈ, ਸੰਗ੍ਰਹਿਣੀ ਨੂੰ ਜਲਾ ਕੇ ਨਾਸ਼ ਕਰਦੀ ਹੈ, ਹਵਾ ਰਸਾਇਣ ਹੈ, ਸਭ ਪ੍ਰਕਾਰ ਦੇ ਸੁਖ ਪ੍ਰਦਾਨ ਕਰਦੀ ਹੈ ਅਤੇ ਰੋਗਾਂ ਨੂੰ ਦੂਰ ਕਰਦੀ ਹੈ, ਰੁਕੇ ਹੋਏ ਪਿਸ਼ਾਬ ਲਈ ਲਾਭਦਾਇਕ ਹੈ, ਚੰਦ੍ਰਮਾਂ ਦੀ ਰੋਸ਼ਨੀ ਸਾਰੇ ਰੋਗਾਂ ਨੂੰ ਦੂਰ ਕਰਦੀ ਹੈ ਅਤੇ ਸੂਰਜ ਹਿਰਦੇ ਦੇ ਰੋਗ ਦੂਰ ਕਰਦਾ ਹੈ।"[2]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵੇਦਾਂ ਵਿਚੋਂ ਸਰੀਰ ਨਾਸ਼ਕ ਪੈਦਾ ਹੋਏ ਰੋਗਾਂ ਦੁੱਖ ਦੀ ਚਰਚਾ ਸਾਨੂੰ ਆਮ ਮਿਲ ਜਾਂਦੀ ਹੈ। ਅਥਰਵ ਵੇਦ ਵਿੱਚ ਤਾਂ ਸਭ ਪ੍ਰਕਾਰ ਦੇ ਰੋਗਾਂ ਦੇ ਜ਼ਿਕਰ ਦੇ ਨਾਲ ਨਾਲ ਰੁੱਤਾਂ ਦੇ ਰੋਗਨਾਸ਼ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਦਾ ਵੀ ਜ਼ਿਕਰ ਆਮ ਮਿਲਦਾ ਹੈ।

1. ਮਿਹਰ ਸਿੰਘ ਤਾਂਘ, ਚਾਰੇ ਵੇਦ ਹੋਏ ਸਾਖਿਆਰ, ਪੰਨਾ 61
2. ਰੋਸ਼ਨ ਦੇਵ ਸ਼ਾਸਤਰੀ, ਅਥਰਵਵੇਦੀਯ ਰਚਮਨਜਨਾਦਿ ਟਿਕੋਟ, ਪੰਨਾ 8-9

**ਉਪਨਿਸ਼ਦਾਂ ਵਿੱਚ ਵਰਣਿਤ ਸਰੀਰਕ ਦੁੱਖ :-**

ਵੇਦਾਂ ਤੋਂ ਬਾਅਦ ਉਪਨਿਸ਼ਦਕ ਸਾਹਿਤ ਹੈ ਜਿਸ ਵਿਚ ਇਨ੍ਹਾਂ ਰੋਗਾਂ ਅਤੇ ਦੁੱਖਾਂ ਦਾ ਜ਼ਿਕਰ ਮਿਲਦਾ ਹੈ। ਮੈਤ੍ਰਯੁਪਨਿਸ਼ਦ ਵਿੱਚ ਸਰੀਰ ਦੇ ਰੋਗੀ ਹੋ ਕੇ ਗਲ ਜਾਣ ਦਾ, ਬੁਢਾਪੇ ਦਾ, ਅੱਖਾਂ ਦੀ ਰੋਸ਼ਨੀ ਦੇ ਘਟਣ, ਕੰਨਾਂ ਦੇ ਸੁਣਨ ਦੀ ਸ਼ਕਤੀ ਦਾ ਘਟਣਾ, ਸਰੀਰ ਦੇ ਲੰਗੜੇ, ਅਪਾਹਜ ਹੋਣ ਦਾ ਜ਼ਿਕਰ ਮਿਲਦਾ ਹੈ। ਜਿਸਦੀ ਵਿਆਖਿਆ ਇਵੇਂ ਕੀਤੀ ਮਿਲਦੀ ਹੈ:-

> "ਰੋਗ ਨਾਲ ਸਰੀਰ ਗਲ ਗਿਆ ਹੋਵੇ, ਬੁਢਾਪੇ ਕਾਰਣ ਸਿਰ ਦੇ ਵਾਲ ਪੱਕ ਗਏ ਹੋਣ ਅਤੇ ਰੋਗ ਸਾਰੇ ਅੰਗ ਹੀ ਸ਼ਿਥਲ ਹੋ ਗਏ ਹੋਣ ਤਾਂ ਵੀ ਮਨੁੱਖ ਦੀ ਜਿਉਣ ਦੀ ਆਸ਼ਾ ਨਹੀਂ ਟੁੱਟਦੀ।"[1]

> "ਜੀਵ ਨੂੰ ਜਦ ਬਹੁਤ ਹੀ ਸੰਭੋਗ ਨਾਲ ਬਰਬਾਦ ਕੀਤਾ ਜਾਂਦਾ ਹੈ ਤਾਂ ਸਰੀਰ ਨਿਰਬਲ ਅਤੇ ਅਪੰਗ ਹੋ ਜਾਂਦਾ ਹੈ। ਮੂੰਹ ਤੇ ਝੁਰੜੀਆਂ ਪੈ ਜਾਂਦੀਆਂ ਹਨ, ਅੱਖਾਂ ਦੀ ਰੋਸ਼ਨੀ, ਕੰਨਾਂ ਦੇ ਸੁਣਨ ਦੀ ਸ਼ਕਤੀ ਅਤੇ ਦਿਮਾਗੀ ਸ਼ਕਤੀ ਘੱਟ ਜਾਂਦੀ ਹੈ। ਬ੍ਰਹਮਚਰਜ ਦੇ ਪਾਲਣ ਨਾਲ ਸਰੀਰ ਦਾ ਜੋਬਨ ਅਤੇ ਸੁੰਦਰਤਾ ਪ੍ਰਬਲ, ਦਿਮਾਗ ਤੇਜ਼ ਅਤੇ ਚੇਤੰਨ ਰਹਿੰਦਾ ਹੈ।"[2]

ਇਥੇ ਮਨੁੱਖ ਨੂੰ ਸਦਾਚਾਰਕ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ ਗਈ ਹੈ ਕਿਉਂਕਿ ਇਸ ਤਰ੍ਹਾਂ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਭੋਗਵਾਸ਼ਨਾਵਾਂ ਪਿੱਛੇ ਨੱਠਣ ਵਾਲੇ ਵਿਅਕਤੀ, ਨਸ਼ੀਲੀਆਂ ਚੀਜ਼ਾਂ ਖਾਣ ਵਾਲੇ ਵਿਅਕਤੀ ਨੂੰ ਸਰੀਰਿਕ ਦੁੱਖ ਭੁਗਤਦੇ ਵਿਖਾਏ ਹਨ।

> "ਜੋ ਭੋਗਵਾਸ਼ਨਾਵਾਂ ਦੇ ਪਿੱਛੇ ਨੱਠਕੇ ਸਰੀਰ ਦਾ ਦੁਰਉਪਯੋਗ ਕਰਦੇ ਹਨ ਅਤੇ ਦੁਸ਼ਟ ਆਹਾਰ-ਵਿਹਾਰ ਦੁਆਰਾ ਉਸਨੂੰ ਸਮੇਂ ਤੋਂ ਪਹਿਲਾਂ ਹੀ ਨਸ਼ਟ ਕਰ ਦਿੰਦੇ ਹਨ। ਅਫੀਮ ਕੋਕੀਨ ਆਦਿਕ ਘਾਤਕ ਵਸਤੂਆਂ ਦੇ ਸੇਵਨ ਅਤੇ ਜ਼ਿਆਦਾ ਵਿਸ਼ੇ ਭੋਗਾਂ ਨਾਲ ਸਰੀਰ ਦਾ ਨਾਸ਼ ਹੋ ਜਾਂਦਾ ਹੈ।"[3]

---

1. ਇੰਦਰ ਵਿਦਿਆਵਾਚਸਪਤੀ, ਮੈਤ੍ਰਯੁਪਨਿਸ਼ਦਭਾਸ਼ਯ, ਪੰਨਾ 57
2. ਡਾ. ਰਾਧਾਕ੍ਰਿਸ਼ਨਨ, ਉਪਨਿਸ਼ਦਾਂ ਦੀ ਭੂਮਿਕਾ, ਪੰਨਾ 114
3. ਇੰਦਰ ਵਿਦਿਆਵਾਚਸਪਤੀ, ਛਾਂਦੋਗਿਉਪਨਿਸ਼ਦ ਭਾਸ਼ਯ, ਪੰਨਾ 64

ਆਤਮਾ ਨੂੰ ਇਨ੍ਹਾਂ ਸਰੀਰਕ ਰੋਗਾਂ ਦੁੱਖਾਂ ਤੋਂ ਮੁਕਤ ਮੰਨਿਆ ਗਿਆ ਹੈ। ਸਰੀਰ ਦੀ ਕਿਸੇ ਵੀ ਸਜਾਵਟ ਦਾ, ਜਾਂ ਕਿਸੇ ਅੰਗ ਦੇ ਨਾ ਹੋਣ ਕਾਰਣ ਵੀ ਆਤਮਾ ਨੂੰ ਪਵਿੱਤਰ ਕਿਹਾ ਗਿਆ ਹੈ। ਇਸ ਪ੍ਰਤੀ ਸਰੀਰ ਦੀ ਹੋਣੀ ਵੀ ਕਿਸਾਰੀ ਅਸਰ ਨਾ ਕਰਦੀ ਦਿਖਾਈ ਦੇ:-

> "ਇਹ ਆਤਮਾ ਸਰੀਰ ਦੇ ਸੁੰਦਰ ਬਸਤਰਾਂ ਵਿੱਚ ਸੁੰਦਰ ਹੁੰਦਾ ਹੈ, ਸਰੀਰ ਦੇ ਸਾਫ਼ ਸੁਥਰਾ ਹੋਣ ਨਾਲ ਸਾਫ਼ ਸੁਥਰਾ ਹੁੰਦਾ ਹੈ। ਇਸ ਲਈ ਆਤਮਾ ਸਰੀਰ ਦੇ ਅੰਨ੍ਹਾਂ ਹੋਣ ਨਾਲ ਅੰਨ੍ਹਾਂ ਹੋ ਜਾਵੇਗਾ, ਸਰੀਰ ਦੇ ਲੰਗੜਾ ਹੋਣ ਨਾਲ ਲੰਗੜਾ ਹੋ ਜਾਵੇਗਾ, ਸਰੀਰ ਦੇ ਅਪਾਹਜ ਹੋਣ ਨਾਲ ਅਪਾਹਜ ਹੋ ਜਾਵੇਗਾ ਅਤੇ ਸਰੀਰ ਦੇ ਨਸ਼ਟ ਹੋਣ ਨਾਲ ਨਸ਼ਟ ਵੀ ਹੋ ਜਾਵੇਗਾ। ਇਸ ਤਰ੍ਹਾਂ ਦਾ ਮੱਤ ਸਵੀਕਾਰ ਨਹੀਂ ਕੀਤਾ ਜਾ ਸਕਦਾ।"[1]

ਇਥੇ ਸ੍ਰੇਸ਼ਠ ਆਤਮਾ ਦੇ ਸਰੀਰ ਤੋਂ ਅਛੋਹ ਹੋਣ ਦਾ ਵਰਣਨ ਹੈ ਪਰ ਸਰੀਰਕ ਰੋਗਾਂ ਦਾ ਤਾਂ ਜ਼ਿਕਰ ਕੀਤਾ ਮਿਲਦਾ ਹੈ। ਇਸੇ ਤਰ੍ਹਾਂ ਹੀ ਅਕਾਲਪੁਰਖ ਦੀ ਸ਼ੁੱਧਤਾ ਤੇ ਪਵਿੱਤਰਤਾ ਦਾ ਜ਼ਿਕਰ ਕਰਦਿਆਂ ਵੀ ਸਰੀਰਕ ਰੋਗਾਂ ਦਾ ਜ਼ਿਕਰ ਮਿਲਦਾ ਹੈ।

> "ਉਹ ਸਰਬਸ਼ਕਤੀਮਾਨ ਹੁੰਦੇ ਹੋਏ ਵੀ ਸਰੀਰ ਰਹਿਤ ਹੈ, ਸਰੀਰਕ ਰੋਗਾਂ ਤੋਂ ਮੁਕਤ, ਨਾੜੀ-ਪਸਲੀਆਂ ਦੇ ਬੰਧਨ ਤੋਂ ਰਹਿਤ, ਪਵਿੱਤਰ, ਪਾਪ ਤੋਂ ਮੁਕਤ, ਸੂਖਮ-ਦਰਸ਼ੀ, ਗਿਆਨੀ, ਸਾਰਿਆਂ ਦੇ ਸਿਰ ਉਪਰ ਵਿਦਮਾਨ ਅਤੇ ਜੀਵਾਂ ਲਈ ਠੀਕ ਠੀਕ ਕਰਮ ਫਲਾਂ ਦਾ ਫੈਸਲਾ ਕਰਦਾ ਹੈ।"[2]

ਸੋ ਉਪਨਿਸ਼ਦਾਂ ਵਿੱਚ ਵੀ ਇਨ੍ਹਾਂ ਰੋਗਾਂ ਅਤੇ ਦੁੱਖਾਂ ਦਾ ਜ਼ਿਕਰ ਮਿਲਦਾ ਹੈ।

## ਗੀਤਾ ਦਾ ਦੁੱਖ ਦਾ ਸੰਕਲਪ :-

ਹੁਣ ਅਸੀਂ ਗੀਤਾ ਵਿੱਚ ਵਰਣਿਤ ਸਰੀਰ ਕਾਰਣ ਪੈਦਾ ਹੋਏ ਰੋਗ ਤੇ ਦੁੱਖ ਵੱਲ ਆਉਂਦੇ ਹਾਂ। ਇਸ ਦੇ ਪਹਿਲੇ ਅਧਿਆਇ ਦਾ ਨਾਮ ਹੀ 'ਅਰਜਨ-ਵਿਸ਼ਾਦ-ਯੋਗ' ਹੈ। ਵਿਸ਼ਾਦ

---

1. ਡਾ. ਰਾਧਾਕ੍ਰਿਸ਼ਨਨ, ਉਪਨਿਸ਼ਦਾਂ ਦੀ ਭੂਮਿਕਾ, ਪੰਨਾ 76
2. ਸੁਆਮੀ ਰਾਮ, ਈਸ਼ੋਪਨਿਸ਼ਦ - ਵਿਗਿਆਨਕ ਵਿਵੇਚਨ, ਪੰਨਾ 59

ਦੇ ਅਰਥ ਹਨ ਦੁੱਖ। ਅਰਥਾਤ ਜਦੋਂ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਹੁੰਦਾ ਹੈ ਤਾਂ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਅਰਜਨ ਯੁੱਧ ਕਰਨ ਤੋਂ ਇਨਕਾਰੀ ਹੈ। ਉਹ ਮੋਹ ਵੱਸ ਹੋਇਆ ਸ੍ਰੀ ਕ੍ਰਿਸ਼ਨ ਨੂੰ ਆਪਣੇ ਮਾਨਸਿਕ ਅਤੇ ਸਰੀਰ ਅੰਦਰ ਪੈਦਾ ਹੋ ਰਹੇ ਦੁੱਖ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:-

> "ਹੇ ਕ੍ਰਿਸ਼ਨ! ਯੁੱਧ ਕਰਨ ਦੇ ਇੱਛੁਕ ਇਹ ਮੇਰੇ ਰਿਸ਼ਤੇਦਾਰ ਸਾਥੀ, ਜਿਨ੍ਹਾਂ ਨੂੰ ਵੇਖਕੇ ਮੇਰੇ ਅੰਗ ਢਿੱਲੇ ਹੋ ਰਹੇ ਹਨ, ਮੂੰਹ ਸੁੱਕ ਗਿਆ ਹੈ, ਸਰੀਰ ਨੂੰ ਕਾਂਬਾ ਛਿੜਿਆ ਹੋਇਆ ਹੈ, ਲੂੰਕੰਡੇ ਖੜੇ ਹੋ ਰਹੇ ਹਨ, ਹੱਥ ਵਿੱਚੋਂ ਧਨੁਸ਼ ਛੁੱਟ ਗਿਆ ਹੈ, ਚਮੜੀ ਬਹੁਤ ਜਲ ਰਹੀ ਹੈ, ਮੇਰੇ ਪਾਸੋਂ ਖੜ੍ਹਾ ਨਹੀਂ ਹੋਇਆ ਜਾ ਰਿਹਾ, ਕਿਉਂਕਿ ਮੈਨੂੰ ਚੱਕਰ ਆ ਰਹੇ ਹਨ।"[1]

ਇਥੇ ਅਰਜਨ ਨੂੰ ਦੂਸਰੇ ਪੁਰਸ਼ਾਂ ਅਰਥਾਤ ਕੌਰਵਾਂ ਸਦਕਾ ਦੁੱਖ ਉਤਪੰਨ ਹੋਇਆ ਹੈ। ਗਾਂਧੀ ਇਸ ਦਾ ਮੂਲ ਕਾਰਣ ਮੋਹ ਹੈ। ਇਥੇ ਅਸੀਂ ਇਹ ਕਹਿ ਸਕਦੇ ਹਾਂ ਕਿ ਸਰੀਰਕ ਰੋਗ ਦਾ ਕਾਰਣ ਮਾਨਸਿਕ ਰੋਗ ਹੈ। ਅੱਗੇ ਜਾ ਕੇ ਕ੍ਰਿਸ਼ਨ ਅਰਜਨ ਨੂੰ ਸਮਝਾਉਂਦੇ ਹਨ ਕਿ ਕਰਮ ਕਰਦੇ ਕਿਤਨੇ ਜ਼ਰੂਰੀ ਹਨ ਪਰ ਹਰ ਕਰਮ ਇੰਦਰੀਆਂ ਨੂੰ ਵੱਸ ਵਿੱਚ ਰੱਖਕੇ ਕਰਣ ਦਾ ਉਪਦੇਸ਼ ਦਿੱਤਾ ਹੈ। ਜੇ ਕਰਮ ਨਾ ਕੀਤੇ ਜਾਣ ਤਾਂ ਮਨੁੱਖ ਦਾ ਸੁਭਾਅ ਆਲਸੀ ਬਣ ਜਾਂਦਾ ਹੈ ਜਿਸ ਸਦਕਾ ਉਸਦਾ ਸਰੀਰ ਨਾਸ਼ ਹੋ ਜਾਂਦਾ ਹੈ। ਅਰਥਾਤ ਆਲਸ ਕਾਰਣ ਕਈ ਪ੍ਰਕਾਰ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ:-

> "ਹੇ ਭਾਰਤ ਤਮੋ ਗੁਣ ਅਗਿਆਨ ਦੀ ਪੈਦਾਇਸ਼ ਹੈ, ਉਹ ਦੇਹਧਾਰੀ ਮਾਤਰ ਨੂੰ ਮੋਹ ਵਿੱਚ ਫਸਾਕੇ ਉਸਦੀ ਆਤਮਾਂ ਨੂੰ ਅਸਾਵਧਾਨੀ, ਆਲਸ, ਤਥਾ ਨੀਂਦ ਦੀ ਕੈਦ ਵਿੱਚ ਬੰਨ੍ਹਦਾ ਹੈ।"[2]

ਦੂਸਰੇ ਪੁਰਸ਼ਾਂ ਨੂੰ ਮਨੁੱਖ ਅਹੰਕਾਰ ਵੱਸ ਜੋ ਕਸ਼ਟ ਪਹੁੰਚਾਉਂਦਾ ਹੈ ਤੇ ਬਲਪੂਰਵਕ ਦੂਸਰਿਆਂ ਦੇ ਹੱਕਾਂ ਤੇ ਛਾਪੇ ਮਾਰਕੇ ਮਾਇਆ ਇਕੱਠੀ ਕਰਦਾ ਹੈ, ਉਸਦਾ ਜ਼ਿਕਰ ਸ੍ਰੀ ਗੀਤਾ ਵਿੱਚ ਇਉਂ ਮਿਲਦਾ ਹੈ:-

---

1. Radhakrishanan, Bhagvad Gita, page 89.
2. Mahadev Desai, The Gita according to Gandhi, p. 327

"ਅੱਜ ਮੈਂ ਇਹ ਪ੍ਰਾਪਤ ਕੀਤਾ, ਇਹ ਮਨੋਰਥ ਪੂਰ ਪੂਰਾ ਕਰਾਂਗਾ, ਇਤਨੀ ਮਾਇਆ ਅੱਜ ਮੇਰੇ ਪਾਸ ਹੈ ਤੇ ਫੇਰ ਇਤਨੀ ਹੋ ਜਾਵੇਗੀ। ਮੈਂ ਇਸ ਵੈਰੀ ਦਾ ਖ਼ਾਤਮਾ ਕੀਤਾ, ਦੂਸਰੇ ਵੀ ਮਾਰਾਂਗਾ, ਮੈਂ ਪੂਰਾ ਸੂਰਾ ਹਾਂ, ਭੋਗੀ ਹਾਂ, ਹਰ ਕੰਮ ਵਿੱਚ ਕਾਮਯਾਬ ਹਾਂ, ਬਲਵਾਨ ਅਤੇ ਹਰ ਪੱਖ ਤੋਂ ਸੁਖੀ ਹਾਂ। ਮੈਂ ਅਮੀਰ ਹਾਂ, ਖ਼ਾਨਦਾਨੀ ਹਾਂ, ਮੇਰੇ ਬਰਾਬਰ ਹੋਰ ਕੌਣ ਹੈ? ਮੈਂ ਜੱਗ ਕਰਾਂਗਾ, ਦਾਨ ਦਿਆਂਗਾ, ਅਗਿਆਨ ਵੱਸ ਮੂਰਖ ਲੋਕ ਐਸਾ ਸੋਚਦੇ ਹਨ ਅਤੇ ਅਨੇਕਾਂ ਭੁਲੇਖਿਆਂ ਭਰਮਾਂ ਵਿੱਚ ਪਏ, ਮੋਹ ਜਾਲ ਵਿੱਚ ਫਸੇ, ਵਿਸ਼ੇ- ਭੋਗਾਂ ਵਿੱਚ ਮਗਨ ਨਰਕਾਂ ਵਿੱਚ ਡਿਗਦੇ ਹਨ।"[1]

ਸ੍ਰੀ ਕ੍ਰਿਸ਼ਨ ਨੇ ਕਿਹਾ ਹੈ:-

"ਇਨ੍ਹਾਂ ਨੀਚ, ਦ੍ਵੈਸ਼ੀ, ਕਰੂਰ, ਅਮੰਗਲ, ਨੀਚ ਮਨੁੱਖਾਂ ਨੂੰ ਮੈਂ ਇਸ ਸੰਸਾਰ ਦੀ ਅਪਵਿੱਤ੍ਰ ਆਸੁਰੀ ਜੂਨ ਵਿੱਚ ਬਾਰ ਬਾਰ ਭੇਜਦਾ ਹਾਂ।"[2]

ਅਤੇ ਅਸੀ ਅਸੀ ਜੂਨਾਂ ਵਿਚ ਪੈਣਾ, ਜਨਮ ਮਰਣ ਦੇ ਚੱਕਰ ਵਿੱਚ ਫਸੇ ਰਹਿਣਾ ਹੀ ਅਸਲੀ ਦੁੱਖ ਦਾ ਕਾਰਣ ਹੈ। ਇਹ ਸਰੀਰ ਦੁੱਖਾਂ ਦਾ ਘਰ ਹੈ। ਅਗਿਆਨੀ ਤੇ ਰੋਗੀ ਲੋਕਾਂ ਦੀ ਤਪੱਸਿਆ ਵੀ ਸਰੀਰ ਨੂੰ ਕਸ਼ਟ ਦੇਣਾ ਹੀ ਹੁੰਦਾ ਹੈ। ਇਸ ਦੀ ਵਿਆਖਿਆ ਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਕੀਤੀ ਹੈ:-

"ਦੰਭ ਅਤੇ ਹੰਕਾਰ ਭਰੇ ਕਾਮ ਅਤੇ ਰਾਗ (ਲਗਾਉ) ਦੇ ਬਲ ਦੇ ਪ੍ਰੇਰੇ ਹੋਏ ਜਿਹੜੇ ਲੋਕ ਸ਼ਾਸਤਰ ਵਿਧੀ ਤੋਂ ਰਹਿਤ ਘੋਰ ਤਪ ਕਰਦੇ ਹਨ, ਉਹ ਮੂਰਖ ਲੋਕ ਪੰਜ ਭੂਤਕ ਸਰੀਰ ਨੂੰ ਅਤੇ ਮੈਨੂੰ ਵੀ ਜੋ ਅੰਤਰ੍ਹ ਕਰਣ ਵਿੱਚ ਵਿਰਾਜਮਾਨ ਹਾਂ, ਕਸ਼ਟ ਦਿੰਦੇ ਹਨ।"[3]

---

1. Radha Krishanan, Bhagvad Gita, p. 338-39
2. Radha Krishanan, Bhagvad Gita, p. 339
3. ਗੁਰਮੁਖ ਸਿੰਘ ਮੁਸਾਫ਼ਿਰ, ਗਾਂਧੀ ਗੀਤਾ, ਪੰਨਾ 220

ਜੀਭ ਦੇ ਚਸਕੇ ਕਾਰਨ ਮੰਦੇ ਜਿਹੇ ਭੋਜਨ ਖਾਣ ਨਾਲ ਵੀ ਸਰੀਰ ਨੂੰ ਕਸ਼ਟ ਪਹੁੰਚਦਾ ਹੈ। ਇਸਦਾ ਜ਼ਿਕਰ ਵੀ ਤਾਮਸੀ ਬਿਰਤੀ ਵਾਲੇ ਪੁਰਸ਼ਾਂ ਦੇ ਨਾਂ ਅਧੀਨ ਕ੍ਰਿਸ਼ਨ ਜੀ ਨੇ ਕੀਤਾ ਹੈ:

> "ਰਜਸੀ ਬਿਰਤੀ ਵਾਲੇ ਲੋਕਾਂ ਦੇ ਪਸੰਦ ਤੇਜ਼, ਖੱਟੇ, ਨਮਕੀਨ, ਕੌੜੇ, ਖੁਸ਼ਕ ਗਰਮ ਅਤੇ ਜਲਣ ਜਗਾਉਣ (ਸੜਨ) ਪੈਦਾ ਕਰਨ ਵਾਲੇ ਖਾਣੇ ਹਨ ਜੋ ਕਿ ਦੁਖ, ਸੋਗ ਅਤੇ ਰੋਗ ਪੈਦਾ ਕਰਨ ਵਾਲੇ ਹੁੰਦੇ ਹਨ।"[1]

ਜੇ ਅਸੀਂ ਵੇਖਦੇ ਹਾਂ ਕਿ ਗੀਤਾ ਜੀ ਵਿੱਚ ਵੀ ਸਰੀਰ ਅੰਦਰ ਪੈਦਾ ਹੋਏ ਰੋਗਾਂ, ਦੁੱਖਾਂ ਅਰਥਾਤ ਆਧਿਭੌਤਿਕ ਦੁੱਖਾਂ ਦਾ ਵਰਣਨ ਹੋਇਆ ਹੈ। ਇਸਨੂੰ ਤਾਮਸੀ ਬਿਰਤੀ ਦੇ ਅਧੀਨ ਵਰਣਨ ਕੀਤਾ ਗਿਆ ਹੈ। ਅਸਲ ਵਿੱਚ ਦੇਖਿਆ ਜਾਵੇ ਤਾਂ ਸਾਰੇ ਦੁੱਖਾਂ ਦੀ ਜੜ੍ਹ ਇਹ ਸਰੀਰ ਹੀ ਹੈ। ਆਤਮਾ ਇਸ ਸਰੀਰ ਵਿੱਚ ਆਈ ਤਾਂ ਹੀ ਦੁੱਖ ਸਹਿਣ ਕਰਨੇ ਪਏ।

<u>ਬੁੱਧ ਧਰਮ ਵਿੱਚ ਸਰੀਰਕ ਦੁੱਖ</u>:- ਸਾਡਾ ਅਗਲਾ ਪੜਾਅ ਬੁੱਧ ਧਰਮ ਹੈ। ਹੁਣ ਅਸੀਂ ਇਸ ਵਿੱਚ ਵਰਣਿਤ ਦੁੱਖ ਦਾ ਜ਼ਿਕਰ ਕਰਦੇ ਹਾਂ। ਪੁਰਾਤਨ ਭਾਰਤੀ ਧਰਮਾਂ ਵਿਚੋਂ ਸਭ ਤੋਂ ਵੱਧ ਜੇਕਰ ਦੁੱਖ ਦਾ ਵਰਣਨ ਕਿਤੇ ਮਿਲਦਾ ਹੈ ਤਾਂ ਉਹ ਬੁੱਧ ਧਰਮ ਵਿਚ ਹੀ ਹੈ। ਇਸ ਵਿੱਚ ਤਾਂ ਜਨਮ ਹੀ ਦੁੱਖ ਦਾ ਕਾਰਣ ਮੰਨਿਆ ਹੈ। ਅਰਥਾਤ ਜਨਮ ਲੈਣ ਉਪਰੰਤ ਜੀਵਾਤਮਾ ਦੇਹ ਵਿਚ ਆਉਂਦੀ ਹੈ। ਸਰੀਰ ਧਾਰਣ ਕਰਨ ਉਪਰੰਤ ਉਸਦੀ ਤ੍ਰਿਸ਼ਨਾ ਜਾਗਦੀ ਹੈ ਜੋ ਕਿ ਸਭਪ੍ਰਕਾਰ ਦੇ ਦੁੱਖਾਂ ਦੀ ਜੜ੍ਹ ਹੈ। ਬੁੱਧ ਭਿਖਸ਼ੂਆਂ ਨੂੰ ਸੰਬੋਧਨ ਕਰਦੇ ਪਹਿਲੇ ਆਰਯ ਸੱਚ ਵਿੱਚ ਦੁੱਖ ਦੀ ਵਿਆਖਿਆ ਇਉਂ ਕਰਦੇ ਹਨ:-

> "ਹੇ ਭਿਖਸ਼ੂ! ਜਨਮ ਵੀ ਦੁੱਖ ਹੈ, ਬਿਰਧ ਅਵਸਥਾ ਵੀ ਦੁੱਖ ਹੈ, ਮਰਣ ਵੀ ਦੁੱਖ ਹੈ। ਸੋਗ, ਪਰਿਵੇਦਨਾ, ਨੈਰਾਸ਼ ਵੀ ਦੁੱਖ ਹੈ। ਅਪ੍ਰਿਯ ਵਸਤੂ ਨਾਲ ਮੇਲ ਵੀ ਦੁੱਖ ਹੈ, ਪ੍ਰਿਯ ਤੋਂ ਵਿਜੋਗ ਵੀ ਦੁੱਖ ਹੈ, ਪ੍ਰਿਯ ਵਸਤੂ ਦਾ ਨਾ ਮਿਲਣਾ ਵੀ ਦੁੱਖ ਹੈ।"[2]

---

1. Radha Krishnan, Bhagvad Gita, p. 345
2. ਸੇਵਾ ਸਿੰਘ ਕਸ਼ਯਪ, ਹਿੰਦੀ ਭਕਤੀ ਸਾਹਿਤ੍ਯ ਮੇਂ ਮਾਯਾ ਕਾ ਸਵਰੂਪ, ਪੰਨਾ 38

ਸੰਸਾਰ ਦੀਆਂ ਸਾਰੀਆਂ ਵਸਤੂਆਂ ਹੀ ਨਾਸ਼ ਅਨਿੱਤ ਅਤੇ ਦੁੱਖਮਈ ਹਨ। ਮਨੁੱਖੀ ਸਰੀਰ ਪੰਜ ਉਪਾਦਾਨ ਸਕੰਧਾਂ (ਰੂਪ, ਵੇਦਨਾ, ਸੰਗਿਆ, ਸੰਸਕਾਰ ਤੇ ਵਿਗਿਆਨ) ਦਾ ਸਮੂਹ ਮਾਤਰ ਹੈ। ਇਹ ਸਕੰਧ ਅਨਿੱਤ ਅਤੇ ਅਨਾਤਮ ਹਨ ਅਤੇ ਇਨ੍ਹਾਂ ਦਾ ਸਮੂਹ ਸਰੀਰ ਵੀ ਅਨਿੱਤ ਅਤੇ ਅਨਾਤਮ ਹੈ। ਅਨਿੱਤ, ਦੁੱਖ ਤੇ ਅਨਾਤਮ ਇਹ ਆਪਸ ਵਿੱਚ ਸਬੰਧਤ ਹਨ। ਦੇਹ ਵਿੱਚ ਆਪੂਣ ਰਹਣੇ ਉਪਜੇ ਦੁੱਖ ਦਾ ਮਹਾਤਮਾ ਬੁੱਧ ਨੇ 'ਧਮਪਦ' ਵਿੱਚ ਇਉਂ ਜ਼ਿਕਰ ਕੀਤਾ ਹੈ:-

> "ਭੁੱਖ ਸਭ ਤੋਂ ਵੱਡੀ ਬਿਮਾਰੀ ਹੈ, ਸਰੀਰ ਧਾਰਣ ਕਰਨਾ ਸਭ ਤੋਂ ਵੱਡਾ ਦੁੱਖ ਹੈ, ਜੋ ਇਸਨੂੰ ਸਹੀ ਤੌਰ ਤੇ ਜਾਣ ਲੈਂਦਾ ਹੈ, ਉਸ ਲਈ ਨਿਰਵਾਣ ਸਭ ਤੋਂ ਵੱਡਾ ਸੁਖ ਹੈ।"[1]

ਦੂਸਰੇ ਪ੍ਰਾਣੀਆਂ ਦੁਆਰਾ ਦਿੱਤੇ ਗਏ ਦੁੱਖ ਦਾ ਜ਼ਿਕਰ ਵੀ ਕੀਤਾ ਹੈ। ਜਦੋਂ ਬੁੱਧ ਨੇ ਦੂਸਰੇ ਪ੍ਰਾਣੀਆਂ ਨੂੰ ਆਪਣੇ ਵਰਗਾ ਜਾਣਕੇ ਨਾ ਮਾਰਨ ਦਾ ਉਪਦੇਸ਼ ਕੀਤਾ ਹੈ।

> "ਸਾਰੇ ਲੋਕੀ ਡੰਡ ਤੋਂ ਡਰਦੇ ਹਨ, ਸਾਰਿਆਂ ਨੂੰ ਆਪਣੀ ਜਾਨ ਪਿਆਰੀ ਹੈ। ਸਾਰੇ ਲੋਕਾਂ ਨੂੰ ਆਪਣੇ ਆਪ ਵਰਗਾ ਜਾਣਕੇ ਨਾ ਕਿਸੇ ਨੂੰ ਮਾਰੇ ਤੇ ਨਾ ਕਿਸੇ ਨੂੰ ਮਾਰਨ ਦੀ ਪ੍ਰੇਰਣਾ ਕਰੇ।"[2]

ਜਿਹੜਾ ਮਨੁੱਖ ਬੇਗੁਨਾਹ ਵਿਅਕਤੀ ਨੂੰ ਦੰਡ ਦਿੰਦਾ ਹੈ ਅਤੇ ਬੇਗੁਨਾਹ ਨੂੰ ਗੁਨਾਹਗਾਰ ਠਹਿਰਾਉਂਦਾ ਹੈ, ਉਹ ਇਨ੍ਹਾਂ ਦਸ ਅਵਸਥਾਵਾਂ ਵਿਚੋਂ ਕਿਸੇ ਇਕ ਨੂੰ ਪ੍ਰਾਪਤ ਹੁੰਦਾ ਹੈ:- 1. ਕਠੋਰ ਦੁੱਖ, 2. ਘਾਟਾ, 3. ਸਰੀਰ ਤੇ ਚੋਟ ਲੱਗਣਾ, 4. ਭਾਰੀ ਰੋਗ ਦਾ ਹੋਣਾ, 5. ਰਾਜਾ ਜਾਂ ਸਰਕਾਰ ਦੁਆਰਾ ਦੰਡ ਪਾਉਣਾ, 6. ਗੁਨਾਹਗਾਰ ਸਾਬਤ ਹੋ ਜਾਣਾ, 7. ਰਿਸ਼ਤੇਦਾਰਾਂ ਦਾ ਖ਼ਤਮ ਹੋਣਾ, 8. ਧਨ ਦੌਲਤ ਦਾ ਖ਼ਤਮ ਹੋਣਾ, 9. ਭਿਆਨਕ ਅੱਗ ਦੁਆਰਾ ਘਰ ਸੜਨਾ।

---

1. ਐਸ.ਐਲ. ਸੋਨੀ, <u>ਧਮਪਦ</u>, ਪੰਨਾ 122

2. ਉਹੀ, ਪੰਨਾ 103

ਇਹ ਚਾਰ ਪ੍ਰਕਾਰ ਦੇ ਦੁੱਖ ਮਹਾਤਮਾ ਬੁੱਧ ਨੇ 'ਧਮਪਦ' ਦੇ ਦੋਹਰਿਆਂ ਵਿੱਚ 138, 39, 40 ਸ਼ਲੋਕ ਵਿੱਚ ਦਿੱਤੇ ਹਨ। ਇਹਦੇ ਸਰੀਰਕ ਦੁੱਖ ਸਰੀਰ ਤੇ ਚੋਟ ਲੱਗਣਾ, ਭਾਰੀ ਰੋਗ ਹੋਣਾ, ਰਾਜਾ ਜਾਂ ਸਰਕਾਰ ਦੁਆਰਾ ਦੰਡ ਪਾਉਣਾ ਆਦਿਕ ਗਿਣੇ ਜਾ ਸਕਦੇ ਹਨ। ਇਸੇ ਤਰ੍ਹਾਂ ਹੀ ਦੁਨਿਆਂ ਨੂੰ ਦੁੱਖ ਦੇਣ ਵਾਲਾ ਵਿਅਕਤੀ ਆਪ ਕਦੇ ਵੀ ਸੁਖੀ ਨਹੀਂ ਰਹਿ ਸਕਦਾ। ਇਸਦਾ ਵਿਵਰਨ ਇਉਂ ਮਿਲਦਾ ਹੈ:-

> "ਦੁਨਿਆਂ ਨੂੰ ਦੁਖ ਦੇ ਕੇ ਜੋ ਵਿਅਕਤੀ ਆਪਣੇ ਲਈ ਸੁਖ ਲੋਚਦਾ ਹੈ, ਉਹ ਵੈਰ-ਵਿਰੋਧ ਦੇ ਜਾਲ ਵਿੱਚ ਫਸਿਆ ਵੈਰ-ਵਿਰੋਧ ਤੋਂ ਮੁਕਤ ਨਹੀਂ ਹੁੰਦਾ।"[1]

> "ਉਸਨੇ ਮੈਨੂੰ ਗਾਲ਼ ਕੱਢੀ, ਮੈਨੂੰ ਕੁੱਟਿਆ, ਮੈਨੂੰ ਜਿੱਤਿਆ ਤੇ ਮੈਨੂੰ ਲੁੱਟਿਆ, ਜੋ ਬੰਦੇ ਇਸ ਤਰ੍ਹਾਂ ਦੀ ਗੰਢ ਬੰਨ੍ਹ ਲੈਂਦੇ ਹਨ, ਉਨ੍ਹਾਂ ਦਾ ਵੈਰ ਸ਼ਾਂਤ ਨਹੀਂ ਹੁੰਦਾ।"[2]

ਇਸ ਤਰ੍ਹਾਂ ਬੁੱਧ ਧਰਮ ਵਿੱਚ ਸਰੀਰ ਦੇ ਨਾਲ ਹੀ ਰੋਗ ਦਾ ਮਹਾਨ ਦੁੱਖ ਸਮਝਿਆ ਗਿਆ ਹੈ। ਬੁਢਾਪਾ ਅਤੇ ਮੌਤ ਜੀਵਨ ਦੀਆਂ ਦੋ ਅਟੱਲ ਸੱਚਾਈਆਂ ਹਨ ਜਿਨ੍ਹਾਂ ਤੋਂ ਕੋਈ ਨਹੀਂ ਬਚ ਸਕਦਾ। ਪਰੰਤੂ ਸਰੀਰ ਦੀ ਹੋਂਦ ਉਪਰੋਕਤ ਦੁੱਖ ਦਾ ਮੂਲ ਤ੍ਰਿਸ਼ਨਾ ਹੀ ਹੈ। ਜਿਵੇਂ ਬੀਜ ਨੂੰ ਸਾੜ ਦਿੱਤਾ ਜਾਵੇ ਤਾਂ ਅੰਕੁਰ ਨਹੀਂ ਫੁੱਟੇਗਾ, ਇਸੇ ਤਰ੍ਹਾਂ ਸਰੀਰ ਦੀ ਹੋਂਦ ਨਾ ਹੋਵੇ ਤਾਂ ਤ੍ਰਿਸ਼ਨਾ ਕਿਵੇਂ ਉਪਜੇਗੀ। ਸੋ ਸਰੀਰਕ ਦੁੱਖਾਂ ਦਾ ਨਿਰਣਾ ਵੀ ਜ਼ਰੂਰੀ ਹੀ ਸੀ।

<u>ਸ਼ਾਸਤਰਾਂ ਅਨੁਸਾਰ ਸਰੀਰਕ ਰੋਗ</u> :-

ਸ਼ਾਸਤਰਾਂ ਵਿੱਚ ਸੰਸਾਰ ਨੂੰ ਵਿਸ਼ੇਸ਼ ਰੂਪ ਵਿੱਚ ਦੁੱਖਮਈ ਕਿਹਾ ਹੈ। ਸੰਸਾਰ ਵਿੱਚ ਸਰੀਰ ਧਾਰਨਾ ਅਤੇ ਮੌਤ ਆਉਣ ਤੇ ਇਸ ਸਰੀਰ ਨੂੰ ਅਤੇ ਸੰਸਾਰ ਨੂੰ ਛੱਡਣਾ ਦੁੱਖਮਈ ਹਨ। ਸਰੀਰਕ ਦੁੱਖਾਂ ਦੀ ਅਧਿਆਤਮਕ ਦੁੱਖਾਂ ਨਾਲ ਤੁਲਨਾ ਕੀਤੀ ਹੈ ਕਿ ਜਿਸ ਤਰ੍ਹਾਂ ਸਰੀਰਕ ਰੋਗ

---

1. ਐਮ.ਏਲ. ਜੈਨੀ, <u>ਧਮਪਦ</u>, ਪੰਨਾ 144
2. ਉਹੀ, ਪੰਨਾ 62

ਮਿਟਾਉਣ ਲਈ ਦਵਾਈ ਦੀ ਆਪ ਆਪ ਜ਼ਰੂਰਤ ਪੈਂਦੀ ਹੈ ਇਸੇ ਤਰ੍ਹਾਂ ਹੀ ਅਧਿਆਤਮਕ ਦੁੱਖਾਂ ਦੀ ਨਵਿਰਤੀ ਲਈ ਅਧਿਆਤਮਕ ਉਪਾਅ ਅਰਥਾਤ ਪ੍ਰਭੂ ਦੇ ਨਾਮ ਦੀ ਜ਼ਰੂਰਤ ਹੁੰਦੀ ਹੈ। ਇਸ ਦੀ ਵਿਆਖਿਆ ਸਾਂਖ ਦਰਸ਼ਨ ਦੇ ਕਰਤਾ ਇਉਂ ਕਰਦੇ ਹਨ:-

> "ਪ੍ਰਤੱਖ ਦਿਖਾਈ ਦੇਣ ਵਾਲੇ ਆਦਿ ਪਦਾਰਥਾਂ ਨਾਲ ਦੁੱਖ ਦੀ ਅਤਿਅੰਤ ਨਵਿਰਤੀ ਨਹੀਂ ਹੁੰਦੀ, ਕਿਉਂਕਿ ਦੁੱਖ ਦੇ ਸਮੇਂ ਵਿਚ ਦਵਾਈ ਦੀ ਵਰਤੋਂ ਕਰਦੇ ਹੋਏ ਵੀ ਰੋਗ ਵਧਦਾ ਹੋਇਆ ਵੇਖਿਆ ਜਾਂਦਾ ਹੈ। ਅਰਥਾਤ ਦਵਾਈ ਖਾਣ ਨਾਲ ਰੋਗ ਕੁਝ ਸਮੇਂ ਲਈ ਦੂਰ ਹੁੰਦਾ ਹੈ, ਫੇਰ ਫਿਰ ਪ੍ਰਗਟ ਹੋ ਜਾਂਦਾ ਹੈ। -- ਜਿਸ ਤਰ੍ਹਾਂ ਪ੍ਰਤਿਦਿਨ ਲੱਗਣ ਵਾਲੀ ਭੁੱਖ ਭੋਜਨ ਆਦਿ ਨਾਲ ਸ਼ਾਂਤ ਹੋ ਜਾਂਦੀ ਹੈ। -- ਫੇਰ ਭੁੱਖ ਬਾਰ ਬਾਰ ਲੱਗਦੀ ਹੈ ਅਤੇ ਉਸਨੂੰ ਅੰਨ ਆਦਿ ਨਾਲ ਦੂਰ ਕਰਦੇ ਹਾਂ। ਪਰ ਦੁੱਖ ਤੋਂ ਇਕਦਮ ਛੁਟਕਾਰਾ ਨਹੀਂ ਮਿਲਦਾ।"[1]

ਉਪਰੋਕਤ ਸਤਰਾਂ ਵਿੱਚ ਸਰੀਰਕ ਰੋਗ ਦਾ ਵੀ ਜ਼ਿਕਰ ਹੈ ਅਤੇ ਭੁੱਖ ਨਾਲ ਉਪਜਦੇ ਦੁੱਖ ਦਾ ਵੀ ਜ਼ਿਕਰ ਹੈ। ਭੁੱਖ ਵੀ ਤਾਂ ਸਰੀਰ ਦੀ ਹੋਂਦ ਸਦਕਾ ਹੀ ਲੱਗਦੀ ਹੈ। ਇਸੇ ਸ਼ਾਸਤਰ ਵਿੱਚ ਅੱਗੇ ਜਾ ਕੇ ਲਿਖਿਆ ਹੈ:-

> "ਕਿਤੇ ਕਿਤੇ ਹੀ ਕੋਈ ਵੈਰਾਗੀ ਸੁਖੀ ਵੇਖਣ ਵਿਚ ਆਉਂਦਾ ਹੈ। ਨਹੀਂ ਤਾਂ ਸਭ ਪਾਸੇ ਦੁੱਖ ਹੀ ਦੁੱਖ ਦਿਖਾਈ ਦਿੰਦਾ ਹੈ। ਫੇਰ ਸੰਸਾਰਿਕ ਦੁੱਖ ਦੀ ਜਾਣਕਾਰੀ ਮੁਕਤੀ ਦੀ ਇੱਛਾ ਕਰਨ ਵਾਲੇ ਲਈ ਜ਼ਰੂਰੀ ਹੈ।"[2]

ਨਿਆਇ ਦਰਸ਼ਨ ਵਿਚ ਲਿਖਿਆ ਹੈ:-

> "ਭੁੱਖ, ਪਿਆਸ, ਰੋਗ ਆਦਿ ਅਜਿਹੇ ਵਿਘਨ ਹਨ ਕਿ ਜਿਨ੍ਹਾਂ ਦੇ ਕਾਰਣ ਮਨੁੱਖ ਦਾ ਮਨ ਸਥਿਰ ਨਹੀਂ ਹੋ ਸਕਦਾ।"[3]

---

1. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਸਾਂਖ ਦਰਸ਼ਨ, ਪੰਨਾ 34
2. ਉਹੀ, ਪੰਨਾ 240
3. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਪੰਨਾ 234

ਵੇਦਾਂਤ ਦਰਸ਼ਨ ਵਿੱਚ ਵੀ ਸਰੀਰ ਧਾਰਣ ਕਰਨ ਕਰਕੇ ਹੀ ਸਭ ਦੁੱਖ ਉਪਜਦੇ ਮੰਨੇ ਗਏ ਹਨ। ਸਰੀਰ ਸਦਕਾ ਹੀ ਸੰਸਾਰਿਕ ਭੋਗਾਂ ਦੀ ਇੱਛਾ ਪੈਦਾ ਹੁੰਦੀ ਹੈ, ਜਿਹ ਮਾਇਆ ਦਾ ਚੱਕਰ ਪੈਂਦਾ ਹੈ:-

> "ਮਨੁੱਖੀ ਸਰੀਰ ਦੇ ਉਤਪੰਨ ਹੋਣ ਬਾਅਦ ਸੰਸਾਰਿਕ ਭੋਗਾਂ ਦੀ ਕਾਮਨਾ ਕਰਦੀ ਹੈ। ਉਹ ਭੋਗ ਅਤੇ ਕਰਮ ਕਰਨ ਤੋਂ ਬਾਅਦ ਜਦ ਮੋਹ ਮਾਤਾ ਹੁੰਦੀ ਹੈ ਤਾਂ ਫਿਰ ਸਮਝ ਵਿੱਚ ਆਉਂਦਾ ਹੈ ਕਿ ਇਨ੍ਹਾਂ ਕਰਮਾਂ ਦਾ ਭੋਗ ਰੂਪ ਫਲ ਨਾਸ਼ਵਾਨ ਹੈ।"[1]

ਵੈਸ਼ੇਸ਼ਿਕ ਦਰਸ਼ਨ ਵਿੱਚ ਵੀ ਲਿਖਿਆ ਹੈ:-

> "ਦੁਖੀ ਮਨੁੱਖ ਦੇ ਮੂੰਹ ਤੇ ਉਦਾਸੀ ਦਿਖਾਈ ਦਿੰਦੀ ਹੈ, ਉਸਦਾ ਸਰੀਰ ਕਮਜ਼ੋਰ ਦਿਖਾਈ ਦਿੰਦਾ ਹੈ ਅਤੇ ਦੁੱਖ ਦੇ ਕਾਰਣ ਚੰਗੇ ਚੰਗੇ ਪਦਾਰਥ ਦੀ ਇੱਛਾ ਨਹੀਂ ਕਰਦੀ।"[2]

ਯੋਗ ਦਰਸ਼ਨ ਵਿੱਚ ਸਰੀਰਕ ਰੋਗਾਂ ਦਾ ਜ਼ਿਕਰ ਕੀਤਾ ਹੈ:-

> "ਜਦ ਤੱਕ ਮਨੁੱਖ ਆਤਮ ਸਰੂਪ ਨੂੰ ਸਭ ਕੁਝ ਸਮਝਕੇ ਸਰੀਰ ਨੂੰ ਵਿਵਿਧ ਭੋਗਾਂ ਦੁਆਰਾ ਸੰਤੁਸ਼ਟ ਕਰਨ ਵਿੱਚ ਲੱਗਾ ਰਹੇਗਾ, ਤਦ ਤੱਕ ਉਹ ਕਦੀ ਵੀ ਦੁੱਖਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।"[3]

ਇਸ ਤਰ੍ਹਾਂ ਸ਼ਾਸਤਰਾਂ ਵਿੱਚ ਅਧਿਭੌਤਿਕ ਦੁੱਖਾਂ ਦਾ ਵਰਣਨ ਕੀਤਾ ਗਿਆ ਹੈ। ਅਧਿਆਤਮਕ ਦੁੱਖਾਂ ਦੀ ਪ੍ਰਮੁੱਖ ਬਹੁਲਤਾ ਹੈ ਪਰ ਇਸ ਦੇ ਨਾਲ ਹੀ ਸਰੀਰਕ ਰੋਗਾਂ ਦਾ ਵੀ ਪੂਰੇ ਰੂਪ ਵਿੱਚ ਵਰਣਨ ਕੀਤਾ ਮਿਲਦਾ ਹੈ।

---

1. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਵੇਦਾਂਤ ਦਰਸ਼ਨ, ਪੰਨਾ 35
2. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਵੈਸ਼ੇਸ਼ਿਕ ਦਰਸ਼ਨ, ਪੰਨਾ 40
3. ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰਯ, ਯੋਗ ਦਰਸ਼ਨ, ਪੰਨਾ 38

ਗੁਰਬਾਣੀ ਅਨੁਸਾਰ ਕਲਪਿਤ ਸਰੀਰਕ ਰੋਗ ਅਤੇ ਦੁੱਖ:-

ਹੁਣ ਅਸੀਂ ਗੁਰਬਾਣੀ ਵੱਲ ਆਉਂਦੇ ਹਾਂ। ਸਰੀਰਕ ਰੋਗਾਂ ਤੇ ਦੁੱਖਾਂ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:-

ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥
ਦਰਦੁ ਹੋਵੈ ਦੁਖੁ ਰਹੈ ਸਰੀਰ ॥
ਐਸਾ ਦਾਰੂ ਲਗੈ ਨ ਬੀਰ ॥[1]

ਇਹ ਦੁੱਖ ਮਨੁੱਖ ਨੂੰ ਵਿਆਪਦੇ ਸ਼ੁਰੂ ਹੁੰਦੇ ਹੀ ਹਨ, ਜਦੋਂ ਉਹ ਆਪਣੇ ਸੋਮੇ ਅਕਾਲਪੁਰਖ ਨਾਲੋਂ ਟੁੱਟ ਜਾਂਦਾ ਹੈ। ਫਿਰ ਉਸਨੂੰ ਸਰੀਰਕ ਤੇ ਮਾਨਸਿਕ ਦੁੱਖਾਂ ਦੋਵੇਂ ਹੀ ਵਾਪਰਦੀਆਂ ਹਨ। ਗੁਰਦੇਵ ਨੇ ਲਿਖਿਆ ਹੈ:-

ਦੁਖੁ ਤਦੇ ਜਾ ਵਿਸਰਿ ਜਾਵੈ ॥
ਭੁਖ ਵਿਆਪੈ ਬਹੁ ਬਿਧਿ ਧਾਵੈ ॥[2]

ਇਸੇ ਸੰਬੰਧੀ ਰਾਮਕਲੀ ਵਾਰ ਵਿੱਚ ਅਰਜਨ ਪਾਤਸ਼ਾਹ ਕਹਿੰਦੇ ਹਨ:-

ਜਿਸੁ ਖਸਮੁ ਨ ਆਵੈ ਚਿਤਿ ਰੋਗੀ ਸੇ ਗਣੇ ॥[3]

ਗੁਰਦੇਵ ਨੇ ਅਜਿਹੇ ਮਨੁੱਖਾਂ ਨੂੰ ਮਨ ਦੇ ਹੀ ਨਹੀਂ ਤਨ ਦੇ ਵੀ ਰੋਗੀ ਕਿਹਾ ਹੈ। ਅਰਥਾਤ ਜੋ ਸਾਹਿਬ ਦਾਤਾਰ ਨੂੰ ਵਿਸਾਰ ਕੇ ਵਿਸ਼ ਰੂਪੀਆਂ ਦੇ ਧੰਧਿਆਂ ਵਿੱਚ ਖਚਿਤ ਹੋ ਜਾਂਦੇ ਹਨ, ਰੋਗ ਭੋਗ ਕਰਦੇ ਸਰੀਰਕ ਤੌਰ ਤੇ ਵੀ ਦੁਖੀ ਹੋ ਜਾਂਦੇ ਹਨ:-

ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1256
2. ਉਹੀ, ਪੰਨਾ 98
3. ਉਹੀ, ਪੰਨਾ 964
4. ਉਹੀ, ਪੰਨਾ 1256

ਸ. ਸੁਰਜੀਤ ਸਿੰਘ ਲਿਖਦੇ ਹਨ:-

> "ਮਨੁੱਖੀ ਸਰੀਰ ਜਿੰਨੇ ਰਸਾਂ ਰਸਾਇਣਾਂ ਤੇ ਧਾਤੂਆਂ ਦਾ ਬਣਿਆ ਹੋਇਆ ਹੈ, ਉਤਨੇ ਹੀ ਇਸ ਵਿੱਚ ਰੋਗ ਪੈਦਾ ਹੋ ਸਕਦੇ ਹਨ। ਜਾਂ ਉਸਦੇ ਧਾਤੂਆਂ ਦਾ ਵਾਧਾ ਘਾਟਾ ਮਨੁੱਖੀ ਸਰੀਰ ਦੇ ਰਸਾਇਣਕ ਸੰਤੁਲਨ ਨੂੰ ਵਿਗਾੜ ਦਿੰਦਾ ਹੈ ਅਤੇ ਉਸ ਵਿੱਚ ਰੋਗ ਉਤਪੰਨ ਹੋ ਜਾਂਦੇ ਹਨ। ਇਸ ਤਰ੍ਹਾਂ ਹਰ ਪ੍ਰਕਾਰ ਦੇ ਸਰੀਰਕ ਰੋਗ ਦੀ ਜੜ੍ਹ ਸਾਡੇ ਸਰੀਰ ਵਿੱਚ ਹੀ ਮੌਜੂਦ ਹੁੰਦੀ ਹੈ। ਪਰ ਇਹ ਜੜ੍ਹ ਉੱਘੜਦੀ ਕੇਵਲ ਉਸ ਵੇਲੇ ਹੀ ਹੈ ਜਦ ਸਰੀਰ ਦੀਆਂ ਰਸਾਇਣਾਂ ਦਾ ਆਪਸੀ ਸੰਤੁਲਨ ਕਿਸੇ ਕਾਰਣ ਟੁੱਟ ਜਾਵੇ।"[1]

ਤਨ, ਮਨ ਉਤੇ ਅਸਰ ਪਾਉਂਦਾ ਹੈ। ਜਦੋਂ ਸਰੀਰ ਦੇ ਕੁਝ ਅੰਗਾਂ ਦੀ ਕਿਰਿਆ ਵਿਚ ਘਟਾ ਵਧੀ ਆ ਜਾਂਦੀ ਹੈ ਤਾਂ ਇਸਦਾ ਸਾਡੇ ਮਨ ਉਤੇ ਮਾੜਾ ਅਸਰ ਪੈਂਦਾ ਹੈ ਜਿਵੇਂ ਕੋਈ ਰੋਗ ਜਿਸਮੀ ਨਿਘਾਰ ਆਵੇ ਤਾਂ ਦਰਦ ਮਹਿਸੂਸ ਹੁੰਦਾ ਹੈ, ਕੁਝ ਵੀ ਚੰਗਾ ਨਹੀਂ ਲੱਗਦਾ। ਸਾਡੇ ਸਰੀਰ ਵਿੱਚ ਖਿਚਾਉ ਵਿੱਚ ਆ ਜਾਂਦਾ ਹੈ। ਸਰੀਰ ਰੋਗੀ ਹੋਵੇ ਤਾਂ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਡਾਕਟਰ ਗੋਬਿੰਦ ਰੋਸ਼ਨ ਸਿੰਘ ਲਿਖਦੇ ਹਨ:-

> "ਜਦੋਂ ਤੁਹਾਡਾ ਸਰੀਰ (ਡਰ, ਗਮ, ਕ੍ਰੋਧ ਆਦਿ ਦੇ ਕਾਰਣ) ਭੈੜੀਆਂ ਤਰੰਗਾਂ (bad emotions) ਦੇ ਅਸਰ ਹੇਠ ਹੁੰਦਾ ਹੈ, ਤਾਂ ਉਸ ਵਕਤ ਤਨ (body) ਮਨ (mind) ਨੂੰ ਕੰਟਰੋਲ ਕਰਦਾ ਹੈ।"[2]

ਸ. ਸਰੂਪ ਸਿੰਘ ਮਰਵਾਹ ਲਿਖਦੇ ਹਨ:-

> "ਇਸ ਗੱਲ ਵਿੱਚ ਜ਼ਰਾ ਭਰ ਵੀ ਸ਼ੱਕ ਨਹੀਂ ਕਿ ਅਰੋਗ ਤਨ ਮਨ ਨੂੰ ਅਰੋਗ ਰੱਖਦਾ ਹੈ ਤੇ ਰੋਗੀ ਤਨ ਮਨੁੱਖ ਦੇ ਮਨ ਨੂੰ ਰੋਗ ਲਾ ਦਿੰਦਾ ਹੈ।"[3]

ਸਰੀਰ ਦੇ ਰੋਗ ਨੂੰ ਦਾਇਮ ਰੋਕਣ ਲਈ ਆਧੁਨਿਕ ਦਵਾਈਆਂ ਮੌਜੂਦ ਹਨ। ਇਨ੍ਹਾਂ ਵਿੱਚੋਂ ਕੁੱਝ ਵਰਤਾਰ ਰੋਗ ਤੋਂ ਦੀ ਛੁਟਕਾਰੀ ਜ਼ਰੂਰੀ ਹੈ। ਪਰ ਜ਼ਰੂਰਤਾਂ ਪੂਰੀਆਂ ਕਰਨ ਉਪਰੰਤ ਵੀ

---

1. ਸੁਰਜੀਤ ਸਿੰਘ, ਰਹੁਰੀਤ ਸੰਕਲਪ ਤੇ ਵਿਵੇਚਨ, ਪੰਨਾ 9
2. ਸਰੂਪ ਸਿੰਘ ਮਰਵਾਹ, ਮਾਨਸਿਕ ਤੇ ਸਰੀਰਕ ਖਿਚਾਉ, ਪੰਨਾ 74
3. ਉਹੀ, ਪੰਨਾ 75

ਮਨੁੱਖ ਵਿਚੋਂ ਇੱਕ ਗੁਣਿਆਂ ਕਢਿਆ ਹੈ। ਗੁਰਦੇਵ ਫਰਮਾਉਂਦੇ ਹਨ:-

ਤਾਮਿ ਸੁਹੀ ਵਿਕਾਰ ਕੁਖ ਵਿਖਾ ਕੁਇ ਭਰੁਣੀਆ ॥
ਖਾਣਾ ਹੋਇ ਸੁਆਦ ਜੀ ਖਾਏ ਜਿਸੁ ਰੋਸਤੀ ॥[1]

ਅਤੇ

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥[2]

ਇਸ ਦੀ ਦ੍ਰਿਸ਼ਟੀ ਸਭੀ ਮਨੁੱਖ ਗੁਣਿਆਂ ਤੇ ਜ਼ੁਲਮ ਕਰਦਾ ਹੈ। ਅਜਿਹੀਆਂ ਹਰਕਤਾਂ ਕਾਰਣ ਵਿਅਕਤੀ ਸਮਾਜ ਵਿੱਚ ਕੋਈ ਧਾਰਮਿਕ ਕੰਮਾਂ ਵਿਚ ਉਪਕਾਰ ਕੀ ਕਰੇ ਤਾਂ ਕੀ ਵਿਅਰਥ ਹਨ। ਗੁਰਦੇਵ ਦਾ ਫੁਰਮਾਣ ਹੈ:-

ਕਾਜੁ ਪਰਾਇਆ ਕਛੁ ਕਿਤੈ ਕੇਰੈ ॥
ਨਰਕ ਪਤਨ ਸਗਲਾ ਹੀ ਖੋਵੈ ॥[3]

ਦੂਸਰਿਆਂ ਤੇ ਜ਼ੁਲਮ ਕਰਨਾ ਅਤੇ ਆਪ ਵਿਹਲ ਕਮਾਈ ਕਰੋਂ ਅਵੇਸ ਹੋਣਾ ਆਲਸ ਦਾ ਚਿੰਨ੍ਹ ਹੈ ਜੋ ਕਿ ਆਪਣੇ ਆਪ ਵਿਚ ਘਟੀਆ ਰੋਗ ਹੈ। ਆਲਸੀ ਵਿਅਕਤੀ ਵਾਹਿਗੁਰੂ ਜੀ ਤੋਂ ਬਹੁਤ ਦੂਰ ਹੋ ਜਾਂਦਾ ਹੈ। ਦੂਸਰੀ ਹਾਲਤ ਅਜਿਹੇ ਵੀ ਵਰਤੀ ਹੈ ਜੋ ਆਪਣੀ ਸੁੱਧ ਸਕਦਾ ਹੀ ਨਹੀਂ ਹੈ ਕੇ ਦੇਵ ਕੁਕਰ ਵਿੱਚ ਬਰਬਾਦ ਕਰ ਦਿੰਦਾ ਹੈ। ਗੁਰਬਾਣੀ ਵਿੱਚ ਏਹੋ ਜਿਹੇ ਵਿਅਕਤੀ ਦਾ ਵਿਸ਼ਲੇਸ਼ਣ ਇਉਂ ਹੋਇਆ ਹੈ:-

ਮਨਮੁਖ ਲੋਭੁ ਆਲਸੁ ਘਣੋ ਭਾਰੀ ਉਜਾੜੀ ॥[4]

ਆਲਸ ਨੂੰ ਤਿਆਗ ਕੇ, ਦੂਸਰਿਆਂ ਪ੍ਰਤੀ ਵੈਰ ਦੀ ਭਾਵਨਾ ਖਤਮ ਕਰਕੇ ਉਪਰੋਕਤ ਦੁੱਖ ਨਹੀਂ ਵਾਪਰੇਗਾ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 146
2. ਉਹੀ, ਪੰਨਾ 16
3. ਉਹੀ, ਪੰਨਾ 676
4. ਉਹੀ, ਪੰਨਾ 1011

ਘਰ ਨਾ ਸੁਖ ਨਾ ਬਾਹਰੁ ਚੋਟ ॥
ਤੁਸ ਕਉ ਦੁਖੁ ਨਹੀ ਆਈ ਸੋਤ ॥[1]

ਗੁਰਬਾਣੀ ਵਿੱਚ ਇਹ ਸਪਸ਼ਟ ਕਿਹਾ ਹੈ "ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ।" ਇਹ ਸਰੀਰਕ ਰਸ ਵਿਸ਼ੇ ਵਿਕਾਰ, ਇੰਦਰੀਆਂ ਨਾਲ ਸੰਬੰਧਤ ਹੁੰਦੇ ਹਨ, ਜਿਨ੍ਹਾਂ ਸਦਕਾ ਮਨੁੱਖ ਮਾਨਸਿਕ ਰੋਗ ਤੇ ਵੀ ਪਰੇਸ਼ਾਨ ਹੁੰਦਾ ਹੈ ਅਤੇ ਸਰੀਰਕ ਰੋਗ ਤੇ ਦੁਖੀ ਵੀ। ਇਨ੍ਹਾਂ ਨੂੰ ਭੋਗਣ ਉਪਰੰਤ ਵੀ ਦੁੱਖ ਨਹੀਂ ਮਿਟਦਾ। ਪਾਪ ਕਰਦਾ ਹੈ ਅਤੇ ਅਖੀਰ ਦੁਖੀ ਹੁੰਦਾ ਹੈ:-

ਮੂਰਖੁ ਭੋਲੇ ਭੇਖੁ ਦੁਖ ਸਹਾਇਆ ॥
ਨੁਖਤੁ ਬੂਠੇ ਰੋਗ ਪਾਪ ਕਮਾਇਆ ॥[2]

ਅਤੇ

ਭੋਗੀ ਕਉ ਦੁਖੁ ਰੋਗ ਵਿਆਪੈ ॥[3]

ਮਨੁੱਖ ਜਿਨ੍ਹਾਂ ਰਸਾਂ ਨਾਂ ਨੂੰ ਮਿੱਠਾ ਸਾਖਿਆਂ ਸਮਝਕੇ ਚੱਖਦਾ ਹੈ ਪਰ ਜਿਸਦਾ ਨੁਕਸਾਨ ਅੰਤ ਭੋਗਣਾ ਪੈਂਦਾ ਹੈ। ਕਾਰਣ ਇਹ ਕਿ ਇਸ ਤਾਂ ਇਨ੍ਹਾਂ ਵਿੱਚ ਖਚਿਤ ਅਕਾਲਪੁਰਖ ਨੂੰ ਵਿਸਾਰ ਦਿੰਦਾ ਹੈ, ਦੂਜੇ ਮਾਨਸਿਕ ਤ੍ਰਿਪਤੀ ਵੀ ਨਹੀਂ ਹੁੰਦੀ। ਗੁਰਬਾਣੀ ਇਉਂ ਕਹਿੰਦੀ ਹੈ:-

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥
ਭੋਗਹੁ ਰੋਗ ਸੁ ਅੰਤਿ ਵਿਗੋਵੈ ॥
ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥[4]

ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਕਿਹਾ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 386
2. ਉਹੀ, ਪੰਨਾ 139
3. ਉਹੀ, ਪੰਨਾ 1189
4. ਉਹੀ, ਪੰਨਾ 1034

ਹਸਿ ਹਸਿ ਆਪੇ ਪਿੰਡ ਰਲਾਏ ॥
ਮੋਹ ਠਗੌਰੀ ਗੁਰਮੁਖਿ ਨ ਭਾਏ ॥
ਅੰਤਰਿ ਤੇਰੁ ਸਚਾਵੁਖੁ ਕਾਰੀ ਜਿਸਦਾ ਸਾਚਿ ਸਮਾਵਾ ਹੇ ॥[1]

ਰਣਧੀਰ ਸਿੰਘ ਬੀਰ ਨੇ ਲਿਖਿਆ ਹੈ:-

"ਇੰਦਰੀਆਂ ਦੀ ਖੁਰਾਕਾਂ ਦਾ ਸੁਖ ਇਸ ਲਈ ਆਰਜ਼ੀ ਤੇ ਅਧੂਰਾ ਹੁੰਦਾ ਹੈ, ਕਿਉਂਕਿ ਇੰਦਰੇ ਜਿਨ੍ਹਾਂ ਰਾਹੀਂ ਇਹ ਸੁਖ ਪ੍ਰਾਪਤ ਹੁੰਦਾ ਹੈ, ਆਪ ਖੁਦ ਆਰਜ਼ੀ ਤੇ ਨਾਸ਼ਮਾਨ ਹੁੰਦੇ ਹਨ। ਜਦ ਇੰਦਰੇ ਹੀ ਆਰਜ਼ੀ ਹਨ ਤਾਂ ਉਨ੍ਹਾਂ ਦੇ ਜ਼ਰੀਏ ਪ੍ਰਾਪਤ ਹੋਣ ਵਾਲਾ ਸੁਖ ਕਿਵੇਂ ਸਥਾਈ ਹੋ ਸਕਦਾ ਹੈ।"[2]

ਮਨੁੱਖ ਸਰੀਰ ਦੀ ਹੋਂਦ ਨੂੰ ਆਰਜ਼ੀ ਸਮਝ ਲਈ ਹੀ ਅਜੇਹਾ ਪਾਪ ਕਰਦਾ ਹੈ ਜਦ ਕਿ ਇਹ ਸਰੀਰ ਕਿਸੇ ਵਿਸ਼ੇਸ਼ ਗੁਰੂ ਕ੍ਰਿਪਾ ਕਰਮਿ ਨਾਲ ਮਿਲਿਆ ਗਿਆ ਹੈ:-

ਇਹੁ ਸਰੀਰੁ ਪੂਰਬਿ ਕਰਮਿ ਮਿਲਿਆ
ਨਹ ਤਾਰੀ ਪਾਪ ਕਮਾਏ ॥[3]

ਇਸ ਸਰੀਰ ਰੂਪ ਵਿਚ ਜਾਂ ਸੁਖ ਜਾਂ ਮਨੁੱਖ ਨੂੰ ਅਤੇ ਜਸ ਕੰਮ ਕਰਦੀ ਰਹਿ ਜੋਬਨ ਦੀ ਪ੍ਰੇਰਨਾ ਕੀਤੀ ਗਈ ਹੈ ਤਾਂ ਕਿ ਇਹ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਸਕੇ:-

ਆਇਨ ਜਗ ਜੋਨੀ ਤੂੰ ਆਏ ॥
ਇਸਨ ਨ ਚਿਤਰਾ ਤੇਰੀ ਲਾਏ ॥
ਹਰਿ ਜਸ ਨਾ ਤੂੰ ਆਖਹਿ ਸਾਚੁ ॥
ਆਖਤ ਰਹਿ ਰਹਿ ਬਿਸਮਾਦੁ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1058
2. ਰਣਧੀਰ ਸਿੰਘ ਬੀਰ, ਸਿਮਰਨ ਮਹਿਮਾ, ਪੰਨਾ 54
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 245
4. ਉਹੀ, ਪੰਨਾ 180

ਹਰੀ ਨਾਮ ਬਿਨ੍ਹਾਂ ਇਹ ਤਨ ਮਿਥਿਆ ਹੈ। ਇਸ ਦੇ ਮੂੰਹ ਵਿਚੋਂ ਦੁਰਗੰਧ ਆਉਂਦੀ ਹੈ। ਅਰਥਾਤ ਮੂੰਹੋਂ ਮੰਦੇ ਬਚਨ ਹੀ ਨਿਕਲਦੇ ਹਨ। ਸੁਖਮਨੀ ਸਾਹਿਬ ਵਿੱਚ ਲਿਖਿਆ ਹੈ:-

ਮਿਥਿਆ ਨਾਮ ਬਿਨਾ ਤਨੁ ਅੰਧ ॥
ਮੁਖਿ ਆਵਤ ਤਾ ਕੈ ਦੁਰਗੰਧ ॥[1]

ਮਹਾਂਪੁਰਖ ਤੋਂ ਵਿਛੜਿਆਂ ਮਨੁੱਖ ਅਕਸਰ ਸਾਰੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਦੁਨੀਆਂਦਾਰੀ ਦੇ ਝਮੇਲਿਆਂ ਵਿੱਚ ਫਸਿਆ ਮਾਨਸਿਕ ਸੰਤੁਲਨ ਖੋ ਬੈਠਦਾ ਹੈ, ਮਨ ਦੇ ਰੋਗ ਅਤੇ ਸਰੀਰ ਵਿੱਚ ਪੀੜਾਂ ਹੁੰਦੀ ਹੈ, ਜਿਨ੍ਹਾਂ ਦਾ ਕੋਈ ਦਵਾ ਦਾਰੂ ਵੀ ਨਹੀਂ ਹੈ। ਗੁਰਦੇਵ ਇਸ ਦਾ ਇਨ੍ਹਾਂ ਸੁੰਦਰ ਸ਼ਬਦਾਂ ਵਿੱਚ ਜ਼ਿਕਰ ਕਰਦੇ ਹਨ:-

ਮਾਨਿ ਪੀਰ ਸਰੀਰਿ ਜਹਿ ਹੈ ਕਰਕ ਕਲੇਜੇ ਮਾਹੀ ॥
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥[2]

ਮਹਾਂਪੁਰਖ ਨੂੰ ਛੁਹਣਾ ਆਤਮਿਕ ਜੀਵਨ ਵੱਲੋਂ ਅਵੇਸਲਾ ਹੋਣਾ ਹੈ। ਇਸ ਵਿਚਲੇ ਵਿਕਾਰਾਂ ਵੱਲ ਭੱਜਦੇ ਹਨ। ਅੱਖਾਂ ਦੂਜਿਆਂ ਦੇ ਪਰਾਇਆਂ ਤੇ ਪਰਾਏ ਰੂਪ ਨੂੰ ਵੇਖ ਬੇਚੈਨ ਹੁੰਦੀਆਂ ਹਨ, ਜੀਭ ਨਿੰਦਿਆ ਵੱਲ ਰੁਚਿਤ ਹੁੰਦੀ ਹੈ ਤੇ ਕੰਨ ਨਿੰਦਿਆ ਸੁਣਨ ਵੱਲ। ਅਜਿਹਾ ਵਿਅਕਤੀ ਦੂਜਿਆਂ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਕਰਦਾ ਰਹਿੰਦਾ ਹੈ:-

ਨੈਨ ਨ ਦੇਖਹਿ ਸਾਧ ਸਿ ਨੈਨ ਬਿਹਾਲਿਆ ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥[3]

ਸਤ ਪ੍ਰਕਾਰ ਦੇ ਰੋਗ, ਦੁੱਖ, ਦੁਖਦੇ ਹੋਣਾ, ਭੁੱਖੇ ਰਹਿਣਾ, ਆਰਥਿਕ ਮੁਸ਼ਕਲਾਂ ਦਾ ਟਾਕਰਾ ਕਰਨਾ, ਮਾਨਸਿਕ ਰੋਗ ਚਿੰਤਾ ਆਦਿ ਦਾ ਹੋਣਾ, ਜ਼ਿੰਦਗੀ ਵਿੱਚ ਰੁੱਝੇ ਹੋਣ ਕਰਕੇ ਦੁੱਖ ਬਿਆਪਦੇ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 269
2. ਉਹੀ, ਪੰਨਾ 659
3. ਉਹੀ, ਪੰਨਾ 1362

ਸਭ ਦੁਖ ਦੂਰ ਹੋ ਸਕਦੇ ਹਨ ਜੇ ਅਕਾਲਪੁਰਖ ਦੀ ਮਿਹਰ ਹੋ ਜਾਵੇ। ਸਾਹਿਬ ਫੁਰਮਾਉਂਦੇ ਹਨ:-

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥

— — —

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਤਨੁ ਮਨੁ ਸੀਤਲੁ ਹੋਇ ॥[1]

ਮਾਰੂ ਰਾਗ ਵਿੱਚ ਮਨ ਨੂੰ ਲੋਹੇ ਅਤੇ ਸਰੀਰ ਨੂੰ ਭੱਠੀ ਨਾਲ ਉਪਮਾਇਆ ਹੈ ਜੋ ਕਿ ਵਿਸ਼ੇ ਵਿਕਾਰਾਂ ਰੂਪੀ ਅਗਨੀ ਨਾਲ ਸੜ ਰਿਹਾ ਹੈ:-

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥[2]

ਗੁਰਬਾਣੀ ਵਿੱਚ ਸਰੀਰ ਅੰਦਰ ਪੈਦਾ ਹੋਏ ਰੋਗਾਂ ਅਤੇ ਦੁੱਖਾਂ ਦਾ ਭਾਵਪੂਰਤ ਢੰਗ ਨਾਲ ਚਿਤਰਣ ਕੀਤਾ ਗਿਆ ਹੈ। ਅਕਾਲਪੁਰਖ ਤੋਂ ਵਿਛੜੇ ਮਨੁੱਖ ਨੂੰ ਹਰ ਤਰ੍ਹਾਂ ਦੇ ਦੁੱਖ ਵਿਆਪਦੇ ਹਨ। ਪਰ ਇਹ ਦੁੱਖ-ਸੁੱਖ, ਤਾਪ-ਸੰਤਾਪ ਤਾਂ ਇਸ ਦੇਹ ਨੂੰ ਹੀ ਹੈ। ਇਹ ਸਰੀਰ ਹੀ ਮਿੱਟੀ ਵਿੱਚ ਮਿੱਟੀ ਹੁੰਦਾ ਹੈ, ਆਤਮਾ ਤਾਂ ਅਛੇਦ ਹੁੰਦੀ ਹੈ, ਪ੍ਰਭੂ ਹੁਕਮ ਅਨੁਸਾਰ ਇਹੋ ਪਰਮਜੋਤ ਨੂੰ ਮਿਲਕੇ ਸਹਜ ਅਵਸਥਾ ਦੇ ਰੰਗ ਵਿੱਚ ਪਈ ਰਹਿੰਦੀ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 70
2. ਉਹੀ, ਪੰਨਾ 990

ਤੀਜਾ ਅਧਿਆਇ

* *
* *
* *
* *

## ਮਾਨਸਿਕ ਰੋਗ ਅਤੇ ਦੁੱਖ—ਵਿਸ਼ੇ ਵਿਚਾਰ ਅਤੇ ਦੁਨੂੰ
## ਵਿਚ ਖਚਿਤ ਹੋਣ ਨਕਲੇ ਦੁਪਨੇ ਦੁੱਖ

"ਮਨ ਦੇ ਦੁੱਖ ਤਨ ਦੀਆਂ ਪੀੜਾਂ ਨਾਲੋਂ ਕਿਤੇ ਸਖ਼ਤ ਹੁੰਦੇ ਹਨ"।

(ਸਿਸਰੋ)

ਦੂਸਰੇ ਅਧਿਆਇ ਵਿੱਚ ਸਰੀਰ ਕਾਰਨ ਪੈਦਾ ਹੋਣ ਵਾਲੇ ਰੋਗਾਂ ਅਤੇ ਦੁੱਖਾਂ ਦਾ ਜ਼ਿਕਰ ਕੀਤਾ ਹੈ। ਪਰ ਤਨ ਤੇ ਬਹੁਤਾ ਅਸਰ ਮਨ ਦਾ ਹੁੰਦਾ ਹੈ। ਵਿਗਿਆਨ ਵਿਚ ਐਸੀ ਖੋਜ ਤੋਂ ਸਾਬਤ ਹੋ ਗਿਆ ਹੈ ਕਿ ਮਨੁੱਖ ਦੇ ਮਨ ਅਤੇ ਤਨ ਦੋਹਾਂ ਕੇਵਲ ਇਕ ਤਾਂ ਹੀ ਅਲੱਗ ਅਲੱਗ ਕਿਆਸੇ ਜਾ ਸਕਦੇ ਹਨ। ਡਾ.ਐਸ. ਮਾਥਰ ਦੇ ਵਿਚਾਰ ਹੈ:-

> "ਸਰੀਰਕ ਬੀਮਾਰੀ ਦਾ ਇਲਾਜ ਸੰਭਵ ਹੈ ਕਿ ਸਰੀਰ ਕੇਵਲ ਦਰਅਸਲ ਇਸੇ ਕਾਰਨ ਮਾਨਸਿਕ ਅਵਸਥਾ ਹੈ, ਕਿਉਂਕਿ ਜੇ ਮਨ ਕੇਵਲ ਸੁਚੱਜੀ ਮਾਨਸਿਕ ਹਾਲਤ ਹੁੰਦੀ ਤਾਂ ਬਹੁਤੀ ਸਰੀਰਕ ਬੀਮਾਰੀ ਹਟੇ ਨਹੀਂ ਸੀ ਹੋਣੀ।"[1]

ਹਰਮੀਤ ਸਿੰਘ ਬੇਦ ਲਿਖਦੇ ਹਨ:-

> "ਸਰੀਰਕ ਬੀਮਾਰੀਆਂ ਜਿਸ ਤਰ੍ਹਾਂ ਦਿਮਾਗ ਨੂੰ ਆਪਣਾ ਅਸਰ ਹੇਠ ਕਰਦੀਆਂ ਹਨ, ਉਸੇ ਤਰ੍ਹਾਂ ਮਨ ਦੀਆਂ ਬੀਮਾਰੀਆਂ ਜਿਵੇਂ ਕਿ ਘਬਰਾਹਟ, ਫਿਕਰ, ਗੁੱਸਾ, ਈਰਖਾ ਆਦਿ ਸਿਰਜਣਾ ਦੇ ਅੰਗਾਂ ਨੂੰ ਸਖ਼ਤ ਰੋਗੀ ਕਰ ਦਿੰਦੀਆਂ ਹਨ"।

ਆਮ ਤੌਰ ਤੇ ਮਨੁੱਖ ਦੇ 80% ਰੋਗਾਂ ਬਹੁਤ ਸਾਰੀਆਂ ਬੀਮਾਰੀਆਂ ਦਾ ਕਾਰਨ ਮਨੁੱਖੀ ਮਨ ਹੁੰਦਾ ਹੈ ਜਿਵੇਂ ਸੰਸਾਰ ਵੈਦੇ ਨੂੰ ਆਖਦਾ ਹੈ ਕਿ ਜੋ ਰੋਗੀ ਮਨ ਰੋਗੀ ਰੋਗੀ ਸਰੀਰ ਨੂੰ ਸਹਿਜਤਾ ਪ੍ਰਾਪਤ ਕਿਵੇਂ ਹੈ। ਪ੍ਰਸਤੁਤ ਅਧਿਆਇ ਵਿੱਚ ਮਾਨਸਿਕ (ਜਿਹੜੇ ਵਿਚਾਰਾਂ ਵਿੱਚ ਕ੍ਰਿਆਤ ਹੋਣ ਕਰਕੇ ਪੈਦਾ ਹੋਣ) ਰੋਗਾਂ ਅਤੇ ਦੁੱਖਾਂ ਦਾ ਜ਼ਿਕਰ ਕਰਦਾ ਹੈ।

---

1. ਸਤੁਧ ਸਿੰਘ ਮਜਬੂਰ, ਮਾਨਸਿਕ ਤੇ ਸਰੀਰਕ ਵਿਕਾਸ, ਪੰਨਾ 41
2. ਹਰਮੀਤ ਸਿੰਘ ਬੇਦ, ਸਿਮਰਨ ਸਤਿਸਾਂ, ਸਫ਼ਾ 30

ਵੈਦਿਕ ਸਾਹਿਤ ਵਿੱਚ ਵਰਜਿਤ ਦੁੱਖ:- ਵੈਦਿਕ ਸਾਹਿਤ ਵਿੱਚ ਵਿਕਾਰਾਂ ਵਿੱਚ ਗ੍ਰਸਿਤ ਹੋਣ ਕਾਰਨ ਉਪਜੇ ਦੁੱਖਾਂ ਦਾ ਵਰਣਨ ਕਾਫੀ ਮਾਤਰਾ ਵਿੱਚ ਮਿਲਦਾ ਹੈ। ਰਿਗ ਵੇਦ ਵਿੱਚ ਕਾਮ ਵਾਸ਼ਨਾ ਅਧੀਨ ਯਮੀ ਨੂੰ ਭਲੇ ਬੁਰੇ ਦੀ ਪਹਿਚਾਣ ਨਹੀਂ ਰਹਿੰਦੀ ਅਤੇ ਉਹ ਆਪਣੇ ਭਰਾ ਨੂੰ ਹੀ ਆਪਣੇ ਨਾਲ ਭੋਗ ਕਰਨ ਲਈ ਕਹਿੰਦੀ ਹੈ। ਪਰ ਯਮ ਨੂੰ ਇਸ ਪਾਪ ਦੀ, ਭਲੇ ਬੁਰੇ ਦੀ ਪਹਿਚਾਣ ਹੁੰਦੀ ਹੈ ਅਤੇ ਉਹ ਇਸ ਪਾਪ ਨੂੰ ਕਰਨ ਲਈ ਨਹੀਂ ਮੰਨਦਾ। ਲਿਖਿਆ ਮਿਲਦਾ ਹੈ:-

> " ਕੀ ਭਰਾ (ਹੈ) ਜਿਸਦੇ ਹੁੰਦਿਆਂ (ਭੈਣ) ਅਨਾਥ ਹੋਵੇ। ਕੀ ਭੈਣ ਜੋ ਨਾਸ਼ ਹੋ ਜਾਵੇ ? ਕਾਮ ਅਧੀਨ ਹੋਣੇ ਹੀ ਮੈਂ ਵਧੇਰੇ ਬੋਲ ਰਹੀ ਹਾਂ। ਸਰੀਰ ਨਾਲ ਮੇਰੇ ਸਰੀਰ ਨੂੰ ਆਲਿੰਗਨ ਕਰ।"
>
> ( ਯਮੀ)

> " ਮੈਂ ਸਰੀਰ ਨਾਲ ਤੇਰੇ ਸਰੀਰ ਨੂੰ ਨਹੀਂ ਛੂਹ ਸਕਦਾ। ਜੋ ਭੈਣ ਨਾਲ ਭੋਗ ਕਰੇ ਉਸਨੂੰ ਪਾਪੀ ਕਹਿੰਦੇ ਹਨ। ਕਿਸੇ ਹੋਰ ਨਾਲ ਤੂੰ ਪਰਮੋਦ ਕਰ। ਹੇ ਸੁੰਦਰੀ! ਤੇਰਾ ਭਰਾ ਇਹ ਨਹੀਂ ਚਾਹੁੰਦਾ।"[1]

ਯਜੁਰਵੇਦ ਵਿੱਚ ਵਿਸ਼ੇ ਵਿਕਾਰਾਂ ਤੋਂ ਬਚਣ ਲਈ ਵੈਦਿਕ ਲੋਕਾਂ ਨੂੰ ਇੰਦਰ ਅੱਗੇ ਪ੍ਰਾਰਥਨਾ ਕਰਦੇ ਦੱਸਿਆ ਹੈ। ਇਸੇ ਕਰਕੇ ਇੰਦਰ ਨੂੰ ਸ਼ਤ੍ਰੂ ਅਤੇ ਦੇਵਤ ਸ਼ਕਤੀਆਂ ਦਾ ਅਧਿਕਾਰੀ ਕਿਹਾ ਹੈ:-

> " ਉਹ ਕਾਮਨਾਵਾਂ ਅੰਦਰ ਫਸੇ ਹੋਏ ਮਨੁੱਖ ਨੂੰ ਸਿੱਧੇ ਮਾਰਗ ਤੇ ਲਿਆ ਦੇਂਦਾ ਹੈ। ਉਹ ਤਮ ਆਦਿ ਅਵਸਥਾਵਾਂ ਵਿਚੋਂ ਮਨੁੱਖ ਨੂੰ ਕੱਢ ਕੇ ਕਾਮ, ਕ੍ਰੋਧ, ਆਦਿ ਰੋਗਾਂ ਤੋਂ ਘਿਰੇ ਮਨੁੱਖ ਦੀ ਰਖਿਆ ਕਰਦਾ ਹੈ"।[2]

---

1. ਡਾ. ਸ਼ੇਰ ਸਿੰਘ ਤਾਂਘ, ਚਾਰੇ ਵੇਦ ਹੋਏ ਸਚਿਆਰ, ਪੰਨਾ 23
2. ਉਹੀ, ਪੰਨਾ 45

ਵਿਵੇਕ ਨੂੰ ਮਨੁੱਖ ਦੀਆਂ ਇੰਦਰੀਆਂ ਵਿੱਚ ਰਥਵਾਨ ਕਿਹਾ ਹੈ ਅਤੇ ਮਨ ਵਿਚਾਰ ਪ੍ਰਬੰਧ ਕਰਕੇ ਸਰੀਰ ਦੇ ਘੋੜੇ ਘੋੜਿਆਂ ਨੂੰ ਕਾਬੂ ਰਖਦਾ ਹੈ। ਇਸ ਸੰਬੰਧੀ ਲਿਖਿਆ ਹੈ:-

> " ਵਿਵੇਕ ਮਨ ਦਾ ਮਾਲਕ ਹੀ ਹੈ ਅਤੇ ਸਰੀਰ ਅਤੇ ਪ੍ਰਾਣ
> ਇੰਦਰੀਆਂ ਤੇ ਵਿਆਪਕ ਅਤੇ ਸਾਰੀਆਂ ਇੰਦਰੀਆਂ ਨੂੰ ਕਾਬੂ
> ਰਖਣ ਵਾਲਾ ਹੈ। ਅਹਿੰਕਾਰ ਨੂੰ ਕਾਬੂ ਰਖਣ ਵਾਲਾ ਅਤੇ
> ਵਾਸ਼ਨਾਵਾਂ ਨੂੰ ਸਮਾਪਤ ਕਰਨ ਵਾਲਾ ਹੈ।"[1]

ਪਾਪ ਸੰਬੰਧੀ ਚਰਚਾ ਕਰਦਿਆਂ ਸੰਯਮ ਨੂੰ ਮਹਾਨਤਾ ਦਿੱਤੀ ਗਈ ਹੈ। ਜਿਨ੍ਹਾਂ ਵਿੱਚ ਮੁੱਢੇ ਵਿਕਾਰਾਂ ਨੂੰ ਜੋ ਸੁਭਾਵ ਪ੍ਰਬਲ ਹੁੰਦਾ ਹੈ, ਸੰਯਮ ਨੂੰ ਪ੍ਰਮੁੱਖ ਵਿਸ਼ੇਸ਼ ਦੱਸਦਿਆਂ ਇਹ ਲਿਖਿਆ ਗਿਆ ਹੈ :-

> " ਧਨ ਦੀ ਪ੍ਰਾਪਤੀ ਕਈ ਵਿਕਾਰਾਂ ਅਤੇ ਅਨਰਥਾਂ ਵਿੱਚ
> ਹੁੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਾਰਨ ਹੀ ਵਿਰੋਧ
> ਪ੍ਰਕਾਰ ਦੇ ਧਨ ਪ੍ਰਾਪਤ ਹੁੰਦੇ ਹਨ। ਪਰੰਤੂ ਥੋੜੇ ਸਾਧਨ ਵਿਕਾਰ
> ਦੇ ਪ੍ਰਤੀਕ ਹਨ। ਇਸ ਲਈ ਜੋ ਥੋੜਾ ਗੁਜ਼ਾਰਾ ਕਰਦੇ ਹੋਏ
> ਹੋਰ ਵਾਧੂ ਧਨ ਨੂੰ ਤਿਆਗ ਦੇਣ ਵਾਲੇ ਮੁਕਤੀ ਹੈ।"[2]

ਅਥਰਵ ਵੇਦ ਵਿੱਚ ਲੋਭ ਦੀ ਜੜ੍ਹ ਪਾਪਾਂ ਨੂੰ ਕਿਹਾ ਹੈ ਅਤੇ ਪਾਪ ਦਾ ਕਾਰਨ ਮਨ ਅਤੇ ਗੁੱਸਾ ਹੈ। ਲਿਖਿਆ ਗਿਆ ਹੈ:-

> " ਲੋਭ ਦੀ ਜੜ੍ਹ ਪਾਪ ਹੈ। ਪਾਪ ਦਾ ਕਾਰਨ ਮਨ, ਗੁੱਸਾ, ਅਗਿਆਨਤਾ
> ਹੈ। ਇਨ੍ਹਾਂ ਕਾਰਨਾਂ ਵਿਕਾਰ ਇੰਦਰੀਆਂ ਅਤੇ ਕਰਮ ਇੰਦਰੀਆਂ ਦੇ
> ਪਾਪ ਹੁੰਦੇ ਹਨ। ਪਾਪ ਇਨ੍ਹਾਂ ਤੋਂ ਦੂਰ ਨਹੀਂ ਹੁੰਦਾ ...... ......
> ਜੋ ਪਾਪੀ ਹਨ, ਦੁਖ ਭੋਗਦੇ ਹਨ। ਕਰੋਧ, ਲੋਭ, ਮੋਹ
> ਅਤੇ ਦੁੱਖਾਂ ਨਾਲ ਸੜਦੇ ਇਹ ਆਦਮੀ ਨਰਕ ਜਾਂਦੇ ਹਨ।"[3]

---

1. ਮੋਹਨ ਸਿੰਘ ਤਾਂਘ, ਚਾਰੇ ਵੇਦ ਕੋਈ ਵਿਚਾਰ, ਪੰਨਾ 46
2. ਉਹੀ, ਪੰਨਾ 48
3. ਦੇਵਦੱਤ ਸ਼ਾਸਤਰੀ, ਅਥਰਵਵੇਦੀਯ ਧਾਰਮਿਕ ਸਿਧਾਂਤ, ਪੰਨਾ 100

'ਚਾਰੇ ਵੇਦ ਹੋਏ ਸਚਿਆਰ' ਵਿਚ ਲਿਖਿਆ ਹੈ:-

> ਹੇ ਜਿਗਿਆਸੂ ਅਤੇ ਪੁਰਸ਼ੋ! ਜਦ ਉਤਮ ਬੀਰ ਨਾਲ ਪ੍ਰੇਰਨਾ ਕਰਨ ਵਾਲਾ ਪ੍ਰੋਹਿਤ ਨਾਮ ਤੁਹਾਨੂੰ ਤੋਰ ਰਹਿਆ ਹੈ, ਤਾਂ ਤੁਸੀਂ ਆਪਣੇ ਜੋਸ਼ ਤੇ ਕਰਮ ਨਾਲ ਸੌਂ ਨਹੀਂ ਸਕਦੇ। ਪ੍ਰਤਖ ਧੰਨਾ ਕਰਨ ਵਾਲੇ ਨਾਮਦੇਵ ਦਾ ਜੋ ਗਿਆਨਿਕ ਨਾਮਨਾ ਰੂਪੀ ਤੇਜ ਹੈ, ਉਸਨੂੰ ਆਦਮੀ ਵੇਖ ਸਕਦਾ ਹੈ।"[1]

ਵੈਦਿਕ ਲੋਕ ਧਨ ਪਦਾਰਥਾਂ ਦੀ ਕਾਮਨਾ ਤਾਂ ਕਰਦੇ ਸਨ, ਪਰ ਆਤਮਾ ਦੀ ਮੁਕਤ ਵਿੱਚ ਨਹੀਂ ਸਨ ਖੁਭੇ ਹੋਏ। ਹਾਂ, ਕੁਝ ਲੋਕ ਪਰਾਗਵਰ ਲੋਕਾਂ ਵਿੱਚ ਵਿਚਾਰ ਆਪਣੀ ਆਤਮਾ ਦੀ ਆਵਾਗਮਨ ਨੂੰ ਰੋਕਣ ਪਾਪਾਂ ਦੀ ਨਦੀ ਵਿੱਚ ਡੁੱਬੇ ਜਾਂਦੇ ਸਨ। ਉਹ ਦਿਉਤਿਆਂ ਦੇ ਕਰਮ ਵਿੱਚ ਲੀਨ ਹੋਏ ਨਾਮ ਰੂਪ ਲੋਕ ਆਦਿ ਦਾ ਵਿਚਾਰ ਘਟ ਕਰਦੇ ਸਨ ਅਤੇ ਦੁਖੀ ਹੁੰਦੇ ਸਨ।

<u>ਉਪਨਿਸ਼ਦਾਂ ਵਿਚ ਦੁੱਖ ਦਾ ਸਰੂਪ</u>:- ਉਪਨਿਸ਼ਦਾਂ ਵਿੱਚ ਦੁੱਖਾਂ ਦੀ ਚਰਚਾ ਕੀਤਿਆਂ ਮਿਲਦਾ ਹੈ ਕਿ ਦੁੱਖ ਜਿਸਦੇ ਕੁਝ ਵੇਰੇ ਹੀ ਉਪਜਦੇ ਹਨ ਜਦ ਕਿ ਸਾਡੀਆਂ ਲੋੜਾਂ ਤਾਂ ਸਾਧਨਾਂ ਹੁੰਦੀਆਂ ਹਨ ਪਰ ਉਪਜ ਨੂੰ ਪੂਰਾ ਕਰਨ ਦੀ ਸਮੱਰਥੀ ਨਹੀਂ ਹੁੰਦੀ। ਮਾਂਡੂਕ ਲੋਕਾਂ ਅਤੇ ਦੁੱਖਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ :-

> " ਸੰਸਾਰ ਦੇ ਸਾਰੇ ਦੁੱਖਾਂ ਦਾ ਮੂਲ ਮਮਤਾ ਹੈ ਅਤੇ ਦੁੱਖ ਅਨਸਰ ਲੋਕ ਵਸਤੂਆਂ ਦੇ ਮੋਹ ਜਾਲ ਤੋਂ ਹੁੰਦਾ ਹੈ।"[2]

ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ ਅਧਿਆਤਮਕ ਸਾਧਨ ਤੇ ਧਨ ਲਈ ਸਭ ਪ੍ਰਕਾਰ ਦੀ ਜੋਸ਼ ਅਰਦਾਸ ਵਿਦ੍ਰੋਂ ਬੰਧਨਾਂ ਤੋਂ ਮੁਕਤ ਦੀ ਪ੍ਰੇਰਨਾ ਕੀਤੀ ਹੈ ਕਿਉਂਕਿ ਜਿਹ ਸਾਧਨ ਤਾਂ ਪ੍ਰਮਾਤਮੇ ਦੀ ਪਾਰ ਦੀ ਤਰ੍ਹਾਂ ਕਿਹਾ ਹੈ:-

" ਸਾਨੂੰ ਸਦਾਚਾਰਪੂਰਨ ਰੱਬ ਦੇਣਾ ਚਾਹੀਦਾ ਹੈ, ਕਿਉਂਕਿ ਸੰਪਤੀ ਜ਼ਿਆਦ ਦੇਣੀ ਚਾਹੀਦੀ ਹੈ ਅਤੇ ਅਹੰਕਾਰ ਤੋਂ ਮੁਕਤ ਹੋ ਜਾਣਾ ਚਾਹੀਦਾ ਹੈ। ! ਹਰ ਸਾਧਨ ਪ੍ਰਮਾਤਮੇ

---

1. ਤ੍ਰਿਲੋਕ ਸਿੰਘ ਤਾਂਗ, <u>ਚਾਰੇ ਵੇਦ ਹੋਏ ਸਚਿਆਰ</u>, ਪੰਨਾ 62
2. ਸਵਾਮੀ ਰਾਮ, <u>ਈਸ਼ੋਪਨਿਸ਼ਦ ਵਿਗਿਆਨਕ</u> ਵਿਵੇਚਨ, ਪੰਨਾ 51

ਦੀ ਧਾਰ ਦੀ ਤਰ੍ਹਾਂ ਤੇਜ਼ ਹੈ ਅਤੇ ਜਿਸ ਉਪਰ ਚੱਲਣਾ ਤੇ
ਜਿਸਨੂੰ ਪਾਰ ਕਰਨਾ ਕਠਿਨ ਹੈ।"[1]

ਸੰਸਾਰ ਵਿਚ ਜੀਵਾਂ ਦੀ ਚੁਰਾਸੀਆਂ ਵਿਚਲੀ ਜੂਨੀਆਂ ਪਾਰ ਕਰ ਜਿਨ੍ਹਾਂ ਚਉਰਾਸੀਆਂ ਲੱਖਾਂ ਦੇ [illegible] ਪਏ। [illegible] ਜੀਵ [illegible] ਕਰਦਾ ਹੈ [illegible] ਸਾਰਦਾ ਹੈ ਤਾਂ ਚਉਰਾਸੀਆਂ ਲੱਖਾਂ ਦੀ ਗਿਣਤੀ ਬਣਦੀ। ਸੰਖੇਪ ਵਿਚ ਸਭ ਜੂਨਾਂ ਦੀ ਸਮੂਹ ਗਿਣਤੀ ਚਉਰਾਸੀਆਂ ਲੱਖਾਂ ਹਨ। [illegible] ਵਿੱਚ ਲਿਖਿਆ ਹੈ:-

" ਚਉਰਾਸੀਆਂ ਲੱਖਾਂ ਜਿੰਨੇ ਜੀਵ ਅਤੇ ਜਨਮ ਹੁੰਦਾ ਹੈ।
ਅਤੇ ਜੋਨੀ ਅਤੇ ਜਨਮੀ ਪ੍ਰਕਾਰ ਕਿਸੇ ਦੀ ਗਿਣਤੀ ਵਿੱਚ ਲਿਆਉਣੀ
ਨਹੀਂ ਹੋ ਸਕਦਾ"।[2]

ਮਨੁੱਖੀ ਜਿਊਂਦਾ ਰਹਣ ਦੀ ਪ੍ਰਿਯਤ ਨਹੀਂ ਹੁੰਦੀ। ਗੁਰ ਜਨਮਾਂ [illegible] ਨੂੰ [illegible] ਦੇ ਰੱਖਣ ਵਿੱਚ ਹੀ ਪਿਆ ਰਹਿੰਦਾ ਹੈ। [illegible] ਵਿੱਚ ਲਿਖਦਾ ਕਿਸ ਤਰ੍ਹਾਂ ਮਿਲਦਾ ਹੈ:-

" ਜੇਕੋ ਮਨੁੱਖ ਜਾਣੇ ਜਿਤਨਾ ਦੇਹ ਪ੍ਰਾਪਤ ਕਰ ਲਏ
ਕੋਈ ਕੁਝ [illegible] ਪ੍ਰਾਪਤ ਨਹੀਂ ਹੁੰਦਾ। [illegible]
ਦੀ ਗਿਣਤੀ ਕੋਈ ਪੂਰਨ ਨਹੀਂ ਹੁੰਦੀ.... [illegible]
[illegible] ਦੀ [illegible] ਕਰਦਾ ਹੈ ਜਿਉਂ [illegible] ਮਨੁੱਖੀ [illegible]
[illegible] ਦੇ ਜਿਊਣਾ ਹੋ ਜਿਸਦੀ ਹੈ।"[3]

ਜਿਨ੍ਹਾਂ [illegible] ਦਾ ਜ਼ਿਕਰ ਕਰਦਿਆਂ ਸਾਰੀ ਕਾਮ ਦੇ ਆਪਣੀ ਪ੍ਰਸਤਕ [illegible] ਵਿਆਖਿਆ ਵਿੱਚ ਲਿਖਿਆ ਹੈ:-

---

1. ਡਾ. [illegible] ਸਿੰਘ, ਗੁਰਮਤਿ ਦੀ ਭੂਮਿਕਾ ਪੰਨਾ 103
2. [illegible], ਗੁਰਮਤ ਪ੍ਰਕਾਸ਼, ਪੰਨਾ 32
3. ਉਹੀ ਪੰਨਾ 109

> " ਮਮਤਾ ਹੀ ਦੁੱਖ ਦਾ ਅਸਲੀ ਕਾਰਣ ਹੈ ਅਤੇ ਇਹ ਲੋਭ, ਕ੍ਰੋਧ ਅਤੇ ਅਹੰਕਾਰ ਨੂੰ ਜਨਮ ਦਿੰਦੀ ਹੈ। ਇਹ ਮਨੁੱਖ ਦੀ ਕੁਦਰਤੀ ਦਾ ਕਾਰਣ ਇਸੇ ਜਨਮ ਵਿੱਚ ਨਹੀਂ ਬਲਕਿ ਜੀਵਨ ਧਾਰਨਾ ਤੋਂ ਪਹਿਲਾਂ ਵੀ ਹੁੰਦੀ ਹੈ। ਇਹੀ ਕਾਰਣ ਹੈ ਕਿ ਦੁਖ ਅਗਿਆਨੀ ਅਤੇ ਗਿਆਨ ਦੋਹਾਂ ਦਾ ਅਨਿਵਾਰਿਤ ਵਿਸ਼ੇਸ਼ਤਾ ਹੁੰਦਾ ਹੈ।"[1]

ਗਿਆਨ ਦਾ ਨਾ ਹੋਣਾ ਅਤੇ ਅਗਿਆਨਤਾ ਸਭਨਾਂ ਰਾਗ ਦਵੇਸ਼ ਵਿੱਚ ਪ੍ਰਵਿਰਤ ਹੋਣਾ, ਪਾਪ ਪੁੰਨ ਕਰਕੇ ਕਰਕੇ ਜਨਮ ਮਰਨ ਦੇ ਚੱਕਰ ਵਿੱਚ ਪੈਣਾ ਹੀ ਮਾਨਸਿਕ ਰੋਗਾਂ ਅਧੀਨ ਹੀ ਆਉਂਦਾ ਹੈ। ਛੰਦੋਗੁਪਨਿਸ਼ਦ ਵਿੱਚ ਲਿਖਿਆ ਹੈ:-

> " ਜਿਥੇ ਅਵਿਦਿਆ ਨਹੀਂ ਉਥੇ ਦੁੱਖ ਕਿਸ ਪ੍ਰਕਾਰ ਹੋ ਸਕਦਾ ਹੈ? ਕਿਉਂਕਿ ਅਵਿਦਿਆ ਨਾਲ ਰਾਗ ਦਵੇਸ਼ ਵਿੱਚ ਪ੍ਰਵਿਰਤੀ ਹੁੰਦੀ ਹੈ। ਪ੍ਰਵਿਰਤੀ ਅਧੀਨ ਕੀਤੇ ਹੋਏ ਕੰਮਾਂ ਦੇ ਕਰਨ ਨਾਲ ਪਾਪ ਪੁੰਨ ਹੁੰਦੇ ਹਨ ਅਤੇ ਪਾਪ ਪੁੰਨ ਨਾਲ ਜਨਮ ਮਰਨ ਹੁੰਦਾ ਹੈ, ਜਿਸ ਨਾਲ ਦੁੱਖ ਹੁੰਦਾ ਹੈ।"[2]

ਪ੍ਰਸ਼ਨੋਪਨਿਸ਼ਦ ਵਿੱਚ ਲਿਖਿਆ ਹੈ:-

> " ਜੋ ਮਨੁੱਖ ਗਿਆਨਹੀਣ ਹਨ, ਗੁਰ ਵੇਦਾਂ ਦੇ ਵਿਰੁੱਧ ਕਰਮ ਕਰਕੇ ਦੁੱਖ ਪਾਉਂਦੇ ਹਨ ਕਿਉਂਕਿ ਜੋ ਹਨੇਰੇ ਵਿੱਚ ਚਲਦਾ ਹੈ, ਉਹ ਕਿਸੇ ਹੀ ਮਾਰਗ ਤੇ ਨਹੀਂ ਪਹੁੰਚ ਸਕਦਾ।"[3]

<u>ਗੀਤਾ ਅਨੁਸਾਰ ਵਰਣਿਤ ਦੁੱਖ:-</u> ਭਗਵਤ ਗੀਤਾ ਸਾਧਕ ਨੂੰ ਆਤਮਿਕ ਸ਼ਕਤੀ ਦੇਣ ਦੇ ਨਾਲ

---

1. ਸਵਾਮੀ ਰਾਮ, ਯੋਗਪਨਿਸ਼ਦ ਵਿਗਿਆਨਿਕ ਵਿਵੇਚਨ, ਪੰਨਾ 59
2. ਸੁਆਮੀ ਦਯਾਨੰਦ ਸਰਸਵਤੀ, ਉਪਨਿਸ਼ਦ ਪ੍ਰਕਾਸ਼, ਪੰਨਾ 135
3. ਉਹੀ, ਪੰਨਾ 263

ਵਾਲਾ ਕਾਵਿ ਹੈ। ਇਸ ਵਿੱਚ ਕ੍ਰਿਸ਼ਨ ਜੀ ਨੇ ਮਨੁੱਖ ਨੂੰ ਦੈਨਿਕ ਜ਼ਿੰਦਗੀ ਵਿੱਚ ਆਉਣ ਵਾਲੀਆਂ ਔਕੜਾਂ ਤੋਂ ਸੁਚੇਤ ਕੀਤਾ ਹੈ, ਜਿਨ੍ਹਾਂ ਵਿੱਚੋਂ ਮਨੁੱਖ ਦੇ ਜਨਮ ਮਰਨ ਬਾਰੇ ਕਿਵੇਂ ਵਿਚਾਰਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਹੈ। ਕਵੀ ਜੀ ਨੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ:-

> " ਇਹ ਇਤਿ ਹਾਸਕ ਕਾਵਿ ਨਹੀਂ ਹੈ ਸਗੋਂ ਇਸ ਵਿੱਚ ਸੰਸਾਰਕ
> ਰੂਪ ਬਦਲਣ ਦੇ ਕਾਰਨ ਹਰ ਇੱਕ ਮਨੁੱਖੀ ਜੀਵਨ ਵਿੱਚ ਬਦਲਾਵ
> ਹੁੰਦੇ ਰਹਿਣ ਬਾਰੇ ਦਲੀਲ (ਦੁੱਖ-ਸੁੱਖ, ਮਾਣ, ਅਪਮਾਨ, ਖ਼ੁਸ਼ੀ
> ਗ਼ਮੀ ਆਦਿ ਜੀਵਨ ਦੀ ਦਸ਼ਾਂ) ਦਾ ਹੀ ਵਰਣਨ ਹੈ।"[1]

ਇਸ ਕਾਵਿ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਆਦਿ ਸਭ ਪ੍ਰਕਾਰ ਦੇ ਵਿਕਾਰਾਂ ਦਾ ਵਰਣਨ ਮਿਲਦਾ ਹੈ। ਪਹਿਲੇ ਅਧਿਆਇ ਵਿੱਚ ਅਰਜਨ ਦਾ ਮੋਹ ਦੱਸ ਹੈ ਜੋ ਕੌਰਵਾਂ ਨਾਲ ਲੜਾਈ ਕਰਨ ਤੋਂ ਇਨਕਾਰ ਕਰਦਾ ਹੈ:-

> " ਜਦੋਂ ਦੋਹਾਂ ਫ਼ੌਜਾਂ ਵਿੱਚ ਸਜੇ ਬਜ਼ੁਰਗ, ਚਾਚੇ, ਤਾਏ ਭਤੀਜੇ
> ਆਚਾਰੀਆ, ਮਾਮਾ ਸਹੁਰੇ, ਪੁੱਤਰ ਪੋਤਰੇ, ਮਿੱਤਰ, ਸਾਲੇ
> ਅਤੇ ਪਿਆਰਿਆਂ ਨੂੰ ਅਰਜਨ ਨੇ ਵੇਖਿਆ। ਇਨ੍ਹਾਂ ਸੰਬੰਧੀਆਂ
> ਨੂੰ ਇਸ ਤਰ੍ਹਾਂ ਖੜੋਤਾ ਵੇਖ ਕੇ ਦੁੱਖ ਪੈਦਾ ਹੋਣ ਦੇ ਕਾਰਨ
> ਰੋਣ ਲੱਗਿਆ ਦੁਖੀ ਹੋਏ ਅਰਜਨ ਇਸ ਤਰ੍ਹਾਂ ਬੋਲਿਆ
> ............... ਜਿਨ੍ਹਾਂ ਲਈ ਰਾਜ ਭੋਗ ਤੇ ਸੁੱਖ ਦੀ ਅਸਾਂ
> ਖ਼ਾਹਿਸ਼ ਕੀਤੀ, ਉਹੀ ਆਚਾਰੀਆ, ਚਾਚਾ, ਪੁੱਤਰ, ਦਾਦੇ
> ਭਤੀਜੇ, ਮਾਮਾ, ਸਹੁਰਾ, ਪੋਤਰੇ ਸਾਲੇ ਅਤੇ ਹੋਰ ਸੰਬੰਧੀ
> ਜੀਵਨ ਅਤੇ ਧਨ ਦੀ ਆਸ ਛੱਡ ਕੇ ਯੁੱਧ ਲਈ ਖੜੇ ਹਨ।
> ......... ਇਹ ਠੀਕ ਨਹੀਂ ਕਿ ਆਪਣੇ ਹੀ ਸੰਬੰਧੀ
> ਧ੍ਰਿਤਰਾਸ਼ਟਰ ਦੇ ਪੁੱਤਰਾਂ ਨੂੰ ਅਸੀਂ ਮਾਰੀਏ। ਸੰਬੰਧੀਆਂ ਨੂੰ
> ਮਾਰਕੇ ਕਿਵੇਂ ਸੁਖੀ ਹੋ ਸਕਦੇ ਹਾਂ।"[2]

---

1. ਗੁਰਮੁਖ ਸਿੰਘ ਮੁਸਾਫ਼ਿਰ, ਕਾਵਿ ਗੀਤਾ, ਪੰਨਾ 27
2. ਉਹੀ, ਪੰਨਾ 45

ਮਨੁੱਖ ਨੂੰ ਪਾਪ ਦੇ ਰਾਹੇ ਵਿੱਚ ਪਾਉਣ ਵਾਲਾ ਕਾਮ ਅਤੇ ਕ੍ਰੋਧ ਹੈ। ਜਦੋਂ ਕਾਮ ਵਾਸਨਾ ਪੂਰੀ ਨਹੀਂ ਹੁੰਦੀ ਤਾਂ ਕ੍ਰੋਧ ਆਉਂਦਾ ਹੈ ਅਤੇ ਕ੍ਰੋਧੀ ਪੁਰਸ਼ ਕੋਈ ਅਨੁਚਿਤ ਕਰਮ ਕਰਦਾ ਹੈ। ਅਜਿਹਾ ਵਿਅਕਤੀ ਰਜੋਗੁਣੀ ਕਹਾਉਂਦਾ ਹੈ ਜੋ ਇਨ੍ਹਾਂ ਪਾਪ ਕਰਮਾਂ ਕਾਰਨ ਦੁਖੀ ਹੁੰਦਾ ਰਹਿੰਦਾ ਹੈ। ਗੀਤਾ ਇਸ ਦਾ ਵਰਣਨ ਇਉਂ ਕਰਦੀ ਹੈ:-

"ਇਹ ਪ੍ਰੇਰਕ ਕਾਮ, ਕ੍ਰੋਧ, ਰਜੋਗੁਣ ਤੋਂ ਪੈਦਾ ਹੁੰਦੇ ਹਨ
ਜਿਨ੍ਹਾਂ ਦੀ ਤ੍ਰਿਸ਼ਨਾ ਮਿਟਦੀ ਹੀ ਨਹੀਂ ਹੈ, ਇਹ ਮਹਾਂਪਾਪੀ
ਹਨ। ਇਨ੍ਹਾਂ ਨੂੰ ਇਸ ਜੋਗ ਵਿੱਚ ਵੈਰੀ ਰੂਪ ਸਮਝਣਾ ਚਾਹੀਦਾ ਹੈ।"[1]

"ਇਸ ਸੰਸਾਰ ਵਿੱਚ ਸਾਰੇ ਪ੍ਰਾਣੀ ਇੱਛਾ ਅਤੇ ਰਾਗ ਦ੍ਵੈਸ਼ ਤੋਂ
ਪੈਦਾ ਹੋਣ ਵਾਲੇ ਦੁੱਖ ਸੁੱਖ ਆਦਿ ਜੋੜਿਆਂ ਦੇ ਮੋਹ ਸਦਕਾ
ਇਸ ਸੰਸਾਰ ਦੇ ਚੱਕਰ ਵਿੱਚ ਪਏ ਰਹਿੰਦੇ ਹਨ।"[2]

ਸਤੋ ਰਜੋ ਤਮੋ ਵਿਰਤੀਆਂ ਦੀ ਵਿਆਖਿਆ ਵੀ ਗੀਤਾ ਵਿੱਚ ਮਿਲਦੀ ਹੈ। ਪ੍ਰਕਿਰਤੀ ਦੇ ਇਹ ਤਿੰਨੇ ਗੁਣ ਆਤਮਾ ਨੂੰ ਸਰੀਰ ਵਿੱਚ ਜਕੜਦੇ ਹਨ। ਇਨ੍ਹਾਂ ਵਿਚੋਂ ਸਤੋ ਗੁਣ ਗਿਆਨ ਤੇ ਪ੍ਰਕਾਸ਼ ਦੇਣ ਵਾਲਾ ਹੈ। ਰਜੋ ਗੁਣ ਕਰਕੇ ਰਾਗ (ਮੋਹ) ਅਤੇ ਤ੍ਰਿਸ਼ਨਾ, ਤਮੋ ਗੁਣ ਤੋਂ ਅਗਿਆਨ, ਮੋਹ ਪੈਦਾ ਹੁੰਦਾ ਹੈ, ਮਨੁੱਖ ਆਲਸੀ ਬਣਦਾ ਹੈ। ਇਸ ਬਾਰੇ ਲਿਖਿਆ ਹੈ:-

"ਜਦੋਂ ਸਭ ਇੰਦਰੀਆਂ ਦੁਆਰਾ ਇਸ ਸਰੀਰ ਵਿੱਚ
ਗਿਆਨ ਦੀ ਰੋਸ਼ਨੀ ਪੈਦਾ ਹੁੰਦੀ ਹੈ ਤਾਂ ਸਤੋ ਗੁਣ ਦਾ
ਵਾਧਾ ਹੁੰਦਾ ਹੈ। ਜਦੋਂ ਲੋਭ ਪ੍ਰਵਿਰਤੀ ਕੰਮਾਂ ਦਾ ਆਰੰਭ ਹੁੰਦਾ ਹੈ ਤਾਂ
ਅਸ਼ਾਂਤੀ ਅਤੇ ਤ੍ਰਿਸ਼ਨਾ ਦਾ ਉਦੈ ਹੁੰਦਾ ਹੈ, ਉਦੋਂ ਰਜੋ
ਗੁਣ ਪ੍ਰਬਲ ਹੁੰਦਾ ਹੈ ਅਤੇ ਤਮੋ ਗੁਣ ਦੇ ਅਧੀਨ ਅਗਿਆਨ,
ਅੰਧਕਾਰ, ਵਿਹਲਪੁਣਾ, ਅਸਾਵਧਾਨੀ ਅਤੇ ਮੋਹ ਉਤਪੰਨ ਹੁੰਦਾ ਹੈ।"[3]

---

1. Radhakrishnan, Bhagvad Gita, Page 148.
2. Mahadev Desai, The Gita according to Gandhi, Page 248
3. Radhakrishnan, Bhagvad Gita, page 320

ਮਨ ਚੰਚਲ ਹੈ, ਇਸਨੂੰ ਕਾਬੂ ਰੱਖਣਾ ਬੜਾ ਮੁਸ਼ਕਲ ਹੈ। ਇਹ ਹੀ ਮਨੁੱਖ ਨੂੰ ਆਪਣੇ ਮਾਰਗ ਤੋਂ ਭਟਕਾਈ ਰੱਖਦਾ ਹੈ। ਇਸਦੀ ਅਸਥਿਰਤਾ ਬਾਰੇ ਕਿਹਾ ਹੈ:-

> " ਮਨ ਚੰਚਲ ਹੈ, ਮਨੁੱਖ ਨੂੰ ਚੱਕਰ ਵਿੱਚ ਪਾਈ ਰੱਖਦਾ ਹੈ, ਬਹੁਤ ਬਲੀ ਹੈ। ਹਵਾ ਦੀ ਤਰ੍ਹਾਂ ਹੀ ਮਨ ਨੂੰ ਵੱਸ ਕਰਨਾ ਬਹੁਤ ਔਖਾ ਹੈ।"[1]

ਇਸ ਤਰ੍ਹਾਂ ਮਾਨਸਿਕ ਰੋਗਾਂ ਅਨੁਸਾਰ ਕਿਸੇ ਵਿਕਾਰਾਂ ਦਾ ਗੀਤਾ ਵਿੱਚ ਭਰਪੂਰ ਵਰਣਨ ਮਿਲਦਾ ਹੈ। ਕ੍ਰਿਸ਼ਨ ਜੀ ਨੇ ਅਰਜਨ ਨੂੰ ਜੋ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਨਹੀਂ ਕੀਤੀ, ਸਗੋਂ ਹਰੇਕ ਪੂਰੀ ਮਾਤਰ ਨੂੰ ਇਨ੍ਹਾਂ ਦੀ ਮੁਕਤੀ ਤੋਂ ਬਚਣ ਨਹੀਂ ਕਿਹਾ ਹੈ।

<u>ਬੁੱਧ ਧਰਮ: ਦੁੱਖ ਦਾ ਸੰਕਲਪ:-</u> ਬੁੱਧ ਧਰਮ ਵਿੱਚ ਦੁੱਖ ਦਾ ਕਾਰਣ ਤ੍ਰਿਸ਼ਨਾ -ਪਿਆਸ ਅਨੁਸਾਰ ਵਿਸ਼ਿਆਂ ਦੀ ਪਿਆਸ ਹੋਇਆ ਹੈ। ਜੇਕਰ ਵਿਸ਼ਿਆਂ ਦੀ ਪਿਆਸ ਮਨੁੱਖ ਦੇ ਮਨ ਵਿੱਚ ਨਾ ਹੋਵੇ ਤਾਂ ਉਹ ਇਸ ਸੰਸਾਰ ਦੇ ਬੰਧਨ, ਆਵਾਗਵਣ ਦੇ ਚੱਕਰ ਵਿੱਚ ਨਹੀਂ ਪਵੇਗਾ ਤੇ ਨਾ ਹੀ ਦੁੱਖ ਭੋਗਣੇ ਪੈਣਗੇ। ਬੁੱਧ ਧਰਮ ਵਿੱਚ ਮਾਨਸਿਕ ਦੁੱਖਾਂ ਦਾ ਵਰਣਨ ਕਰਦਿਆਂ ਲਿਖਿਆ ਹੈ:-

> " ਮਨ ਹੀ ਸਾਰੀਆਂ ਮਾਨਸਿਕ ਕ੍ਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ। ਮਨ ਹੀ ਸ੍ਰੇਸ਼ਟ ਹੈ। ਮਨ ਤੋਂ ਹੀ ਸਾਰੀਆਂ ਮਾਨਸਿਕ ਕ੍ਰਿਆਵਾਂ ਦੀ ਰਚਨਾ ਹੋਈ ਹੈ। ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ, ਉਸਦੇ ਪਿੱਛੇ ਦੁੱਖ ਉਸੇ ਤਰ੍ਹਾਂ ਪੈਂਦਾ ਹੈ ਜਿਵੇਂ ਬੈਲ ਦਾ ਪਹੀਆ ਬੈਲ ਪਿੱਛੇ ਚਲਦਾ ਹੈ।"[2]

ਇਥੇ ਮਨ ਨੂੰ ਹੀ ਸਾਰੇ ਦੁੱਖਾਂ ਸੁੱਖਾਂ ਦਾ ਕਾਰਨ ਮੰਨਿਆ ਹੈ ਅਤੇ ਮਨ ਦੇ ਦੁਆਰਾ ਧਰਮ ਜੇਕਰ ਦੁਰਾਚਾਰ ਹੀ ਮਨੁੱਖ ਦੁੱਖਾਂ ਦਾ ਸ਼ਿਕਾਰ ਹੁੰਦਾ ਹੈ। ਉਹ ਪਾਪੀ ਬਣਦਾ ਹੈ ਅਤੇ ਨੈਤਿਕ ਪਤਨ ਰਾਹਾਂ ਵਿੱਚ ਹੀ ਦੁੱਖਾਂ ਨੂੰ ਪ੍ਰਾਪਤ ਹੁੰਦਾ ਹੈ। ਉਸਨੂੰ ਆਪ ਮਾਰਗ ਮਿਲਣਾ ਔਖਾ ਹੈ, ਪਰ

---

1. Radhakrishnan, Bhagvad Gita, Page 206

2. ਧੰਮ ਪੈਦ ਸੋਧੀ, ਧਮਪਦ, ਪੰਨਾ 61

ਪ੍ਰਤੀ ਲੋਚ ਤੱਕ ਹੀ ਜਦ ਤੱਕ ਪ੍ਰਸਤਾਵ ਵਣ ਪ੍ਰਾਪਤ ਨਹੀਂ ਹੁੰਦਾ। ਜਿਸ ਤਰ੍ਹਾਂ ਜੰਗਲੀ ਆਪਣੇ ਘੁਰੇ ਜਾਣ ਤੋਂ ਪਿੱਛੋਂ ਆਪ ਹੀ ਖ਼ਤਮ ਜਾਂਦਾ ਹੈ, ਉਸੇ ਤਰ੍ਹਾਂ ਹੀ ਮਨੁੱਖ ਆਪਣੇ ਹੀ ਪਾਪਾਂ ਸਦਕਾ ਦੁੱਖਾਂ ਵਿੱਚ ਘੁਸਿਆ ਜਾਂਦਾ ਹੈ। ਇਨ੍ਹਾਂ ਸਭ ਪਾਪਾਂ ਦਾ ਮੂਲ ਤ੍ਰਿਸ਼ਨਾ ਹੈ:-

" ਤ੍ਰਿਸ਼ਨਾ ਦੇ ਜਾਲ ਵਿੱਚ ਪਏ ਮਨੁੱਖ ਬੱਝੇ ਹੋਏ ਖਰਗੋਸ਼
ਵਾਂਗ ਚਾਰੇ ਪਾਸੇ ਭਟਕਦੇ ਹਨ, ਤੇ ਸੰਸਾਰ ਦੇ ਬੰਧਨਾਂ
ਵਿੱਚ ਬੱਝੇ ਮੁੜ ਮੁੜ ਕੇ ਚਿਰਕਾਲ ਤੱਕ ਦੁੱਖ ਪਾਉਂਦੇ ਹਨ।"[1]

" ਤ੍ਰਿਸ਼ਨਾ ਦੇ ਵਧਿਆ ਜਾਣ ਦੇ ਚਿੰਤ ਨੂੰ ਪ੍ਰਆਸਦੇ ਤੇ
ਮੁਚਲੇ ਦੌੜਦੇ ਹਨ। ਸੁੱਖ ਦੇ ਪਿੱਛੇ ਇਸ ਦਰਿਆ ਦੇ ਸ੍ਰੋਤਾਂ
ਵਿੱਚ ਡੁੱਬਦੇ ਹਨ ਤੇ ( ਮੁੜ ਮੁੜ ਕੇ) ਜਨਮ ਤੇ ਜਰਾ ਦੇ
ਫੇਰ ਵਿੱਚ ਪੈਂਦੇ ਹਨ।"[2]

ਜਦੋਂ ਮਨੁੱਖ ਦੀਆਂ ਤ੍ਰਿਸ਼ਨਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਸਨੂੰ ਕ੍ਰੋਧ ਆਉਂਦਾ ਹੈ, ਦੂਸਰਿਆਂ ਨੂੰ ਭੈੜੇ ਸ਼ਬਦ ਬੋਲਦਾ ਹੈ, ਦੂਸਰਿਆਂ ਦੀ ਨਿੰਦਾ ਕਰਦਾ ਹੈ, ਚੋਰੀਆਂ ਕਰਦਾ ਹੈ। ਚੋਰੀਆਂ ਦੀ ਜੜ੍ਹ ਲੋਭ ਹੈ। ਇਸ ਸੰਬੰਧੀ ਬੁੱਧ ਨੇ ਇਉਂ ਲਿਖਿਆ ਹੈ:-

" ਭੈੜੇ ਸ਼ਬਦ ਨਾ ਬੋਲੋ, ਦੂਜੇ ਵੀ ਤੁਹਾਨੂੰ ਇਸੇ ਤਰ੍ਹਾਂ
ਜੁਆਬ ਦੇਣਗੇ। ਕ੍ਰੋਧ ਭਰੇ ਸ਼ਬਦ ਦੁਖਦਾਇਕ ਹਨ, ਇਉਂ
ਪ੍ਰਤੀਕਰਮ ਵਜੋਂ ਤੁਹਾਨੂੰ ਦੰਡ ਮਿਲੇਗਾ।"[3]

" ਜਿਹੜਾ ਚੰਗਾ ਦੁਨੀਆਂ ਦੇ ਪਾਰ ਪੀੜ ਨੂੰ ਵੇਖਣੇ ਸਕਦਾ
ਹੈ ਉਹ ਨਾ ਚਿੰਤੇ ਤੇ ਨਾ ਗਾਤੀ ਚੈਨ ਪਾ ਸਕਦਾ ਹੈ।"[4]

---

1. ਐਮ.ਐਲ. ਸੋਖੀ, ਧਮਪਦ, ਪੰਨਾ 157
2. ਉਹੀ, ਪੰਨਾ 156
3. ਉਹੀ, ਪੰਨਾ 104
4. ਉਹੀ, ਪੰਨਾ 133

" ਹੇ ਅਤੁਲ ! ਇਹ ਬਹੁਤ ਦੇਰ ਤੋਂ ਚਲੀ ਆ ਰਹੀ ਗੱਲ
ਹੈ, ਅੱਜ ਦੀ ਹੀ ਨਹੀਂ, ਲੋਕੀਂ ਚੁਪ ਚਾਪ ਬੈਠਣ ਵਾਲੇ ਨੂੰ
ਨਿੰਦਦੇ ਹਨ, ਬਹੁਤੀ ਨੂੰ ਵੀ ਨਿੰਦਦੇ ਹਨ, ਘੱਟ ਬੋਲਣ
ਵਾਲੇ ਦੀ ਵੀ ਨਿੰਦਿਆ ਹੁੰਦੀ ਹੈ। ਇਸ ਜੱਗ ਵਿਚ ਕੋਈ ਵੀ
ਇਸ ਤਰ੍ਹਾਂ ਦਾ ਨਹੀਂ, ਜਿਸਦੀ ਨਿੰਦਿਆ ਨਾ ਹੁੰਦੀ ਹੋਵੇ।"[1]

" ਮੂਰਖ ਮਨੁੱਖ 'ਪੁੱਤਰ ਮੇਰਾ ਹੈ', 'ਧਨ ਮੇਰਾ ਹੈ',
ਇਹ ਸੋਚਦੇ ਦੁਖੀ ਹੁੰਦਾ ਹੈ। ਜਦ ਆਪਣਾ ਆਪ ਹੀ ਆਪਣਾ
ਨਹੀਂ ਹੈ ਤਾਂ 'ਪੁੱਤਰ' ਤੇ 'ਧਨ' ਕਿਵੇਂ ਆਪਣੇ ਹੋ ਸਕਦੇ ਹਨ।"[2]

ਇਸ ਤਰ੍ਹਾਂ ਬੁੱਧ ਧਰਮ ਵਿਚ ਵਿਸ਼ੇ ਵਾਸ਼ਨਾਵਾਂ ਵਿਚ ਡੁੱਬੇ ਹੋਏ ਮਨੁੱਖ ਦਾ ਬਹੁਤ ਬੁਰਾ ਚਿਤਰ ਖਿਚਿਆ ਹੈ। ਨਿਰਵਾਣ ਦੇ ਲਏ ਬੁੱਧ ਨੇ ਮਨੁੱਖ ਮਾਤਰ ਨੂੰ ਸਮਝਾਇਆ ਹੈ ਕਿ ਇੰਦ੍ਰੀਆਂ ਵਿਕਾਰਾਂ ਤੋਂ ਬਚੋ ਅਤੇ ਆਪਣੇ ਆਪ ਨੂੰ ਵਸ ਕਰੋ। ਇਸ ਸਬੰਧ ਬੁਧੀ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਬਚਾਈ ਰਖੋ ਤਾਂ ਹੀ ਤੇਰੀ ਕਿਰ ਨਾਮ ਸਾਗਰ ਵੱਲ ਚਲੇਗੀ ਤੇ ਨਿਰਵਾਣ ਪ੍ਰਾਪਤ ਹੋਵੇਗੀ। ਪਰ ਮਨੁੱਖ ਨੂੰ ਇਸਦੇ ਉਲਟ ਅਧਿਆਤਮਕ ਪੰਥ ਤਾਂ ਵਿਸਰਿਆ ਹੋਇਆ ਹੈ ਅਤੇ ਵਿਸ਼ੇ ਵਿਕਾਰਾਂ ਦੇ ਚੱਕਰ ਵਿਚ ਫਸਿਆ ਫਿਰਦਾ ਹੈ। ਬੁੱਧ ਨੇ ਤਾਂ ਵਾਸ਼ਨਾਵਾਂ ਦੇ ਜੰਗਲ ਨੂੰ ਕੱਟਣ ਦੀ ਪ੍ਰੇਰਨਾ ਕੀਤੀ ਹੈ:-

" ਹੇ ਭਿਖਸ਼ੂ! ਵਿਸ਼ੇ ਵਾਸ਼ਨਾਵਾਂ ਦੇ ਸਾਰੇ ਜੰਗਲ ਨੂੰ ਕੱਟ ਦਿਉ
ਸਿਰਫ਼ ਇੱਕ ਦਰਖ਼ਤ ਨੂੰ ਨਹੀਂ। ਵਿਸ਼ੇ ਵਾਸ਼ਨਾ ਦੇ ਜੰਗਲ ਨੂੰ
ਦੇਖ ਕੇ ਭੈਅ ਉਤਪੰਨ ਹੁੰਦਾ ਹੈ। ਕਾਮ ਦੇ ਜੰਗਲ ਅਤੇ ਵਿਕਾਰਾਂ
ਦੀ ਝਾੜੀਆਂ ਨੂੰ ਕੱਟਕੇ ਨਿਰਵਾਣ ਪ੍ਰਾਪਤ ਕਰੋ।"[3]

---

1. ਐਮ.ਐਲ. ਸੇਠੀ ਧਮਪਦ, ਪੰਨਾ 126
2. ਉਹੀ, ਪੰਨਾ 83
3. ਉਹੀ ਪੰਨਾ 82

UNIVERSITY

455453

ਸ਼ਾਸਤਰਾਂ ਵਿਚ ਵਰਣਿਤ ਦੁੱਖ:- ਮਨੁੱਖ ਜੀਵਨ ਵਿੱਚ ਦੁਖ ਨਰਕਾਂ ਦੀ ਭਾਂਤਿ ਹੈ। ਜਦ ਤੱਕ ਮਨੁੱਖ ਕਾਮ ਵਿਸ਼ੇ ਰੋਗ ਰਸ ਦੇ ਭੋਗਦਾ ਜਾਂਦਾ ਹੈ, ਉਸਨੂੰ ਸੁੱਖ ਹੁੰਦਾ ਹੈ, ਜੇਕਰ ਵਿਘਨ ਪੈ ਜਾਵੇ ਤਾਂ ਦੁੱਖ ਹੁੰਦਾ ਹੈ। ਆਤਮਿਕ ਦੁੱਖ ਵੀ ਇਸੇ ਦਾ ਸਿੱਟਾ ਹੁੰਦਾ ਹੈ ਕਿ ਜਿਵੇਂ ਪ੍ਰਕ੍ਰਿਤੀ ਵਿੱਚ ਰੁਕਾਵਟ ਪੈ ਜਾਂਦੀ ਹੈ। ਸੰਸਾਰ ਵਿੱਚ ਭੋਗ ਪਦਾਰਥਾਂ ਦੀ ਕਮੀ ਨਹੀਂ ਹੈ। ਦੁੱਖਾਂ ਦੀ ਸੀਮਾ ਕੇਵਲ ਅਨੇਕਾਂ ਵਿੱਚ ਹੈ। ਮਨੁੱਖ ਇਸ ਤਰ੍ਹਾਂ ਆਪਣਿਆਂ ਨੂੰ ਪਾ ਸਕਦਾ ਹੈ, ਜਿਸ ਕਰਕੇ ਦੁਖੀ ਰਹਿੰਦਾ ਹੈ। ਜਿਵੇਂ ਕਿ ਸ਼ਾਸਤਰ ਵਿੱਚ ਲਿਖਿਆ ਹੈ:-

> " ਮਨ ਜਿਸ ਕਿਸੇ ਵਸਤੂ ਨੂੰ ਪ੍ਰਾਪਤ ਕਰਨਾ ਚਾਹੇ ਅਤੇ
> ਉਹ ਵਸਤੂ ਨਾ ਮਿਲੇ ਤਾਂ ਉਸ ਤੋਂ ਦੁੱਖ ਹੁੰਦਾ ਹੈ।"[1]

ਨਿਆਇ ਦਰਸ਼ਨ ਦੇ ਕਰਤਾ ਵੀ ਆਪਣੇ ਵਿਚਾਰਾਂ ਵਿਚੋਂ ਮੋਹ ਨੂੰ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਦੱਸਦੇ ਹਨ। ਮੋਹ ਕਾਰਨ ਹੀ ਰਾਗ ਦਵੈਸ਼ ਉਤਪੰਨ ਹੁੰਦੇ ਹਨ। ਲਿਖਿਆ ਹੈ:-

> " ਮੋਹ ਸਾਰੇ ਦੋਸ਼ਾਂ ਦਾ ਮੂਲ ਹੈ। ਜਿਸਨੂੰ ਮੋਹ ਨਹੀਂ ਹੁੰਦਾ
> ਉਸਨੂੰ ਰਾਗ ਦਵੈਸ਼ ਨਹੀਂ ਹੁੰਦਾ। ਇਸ ਕਰਕੇ ਮੋਹ ਹੀ ਮਨੁੱਖ ਦਾ
> ਵੱਡਾ ਦੁਸ਼ਮਣ ਸਿੱਧ ਹੁੰਦਾ ਹੈ।"[2]

ਸਾਂਖ ਸ਼ਾਸਤਰ ਵਿੱਚ ਮਨੁੱਖ ਦੀਆਂ ਅਤ੍ਰਿਪਤੀਆਂ ਨੂੰ ਤਿੰਨ ਪ੍ਰਕਾਰ ਦਾ ਦੱਸਿਆ ਹੈ:-

> " ਨਾਸ਼ਵਾਨ ਵਸਤੂਆਂ (ਭੋਗਾਂ) ਨੂੰ ਪ੍ਰਾਪਤ ਕਰਨ ਵਿੱਚ ਵੀ
> ਦੁੱਖ, ਭੋਗਣ ਵਿੱਚ ਵੀ ਦੁੱਖ, ਨਾਸ਼ ਵਿੱਚ ਵੀ ਦੁੱਖ, ਭੋਗ
> ਵਿੱਚ ਵੀ ਦੁੱਖ (ਕਿਉਂਕਿ ਕਾਮਨਾ ਵਧਦੀ ਹੀ ਹੈ, ਤ੍ਰਿਪਤ
> ਨਹੀਂ ਹੁੰਦੀ) ਅਤੇ ਦੂਸਰਿਆਂ ਦੀ ਹਿੰਸਾ ਦਾ ਦੁੱਖ ਕਿਉਂਕਿ
> ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ ਭੋਗਾਂ ਦੀ ਪ੍ਰਾਪਤੀ ਨਹੀਂ ਹੁੰਦੀ।"[3]

---

1. ਪ੍ਰੋ ਰਾਮ ਸਰੂਪ ਸ਼ਾਸਤਰੀ ਨਿਆਇ ਦਰਸ਼ਨ, ਪੰਨਾ 35
2. ਉਹੀ, ਪੰਨਾ 202-3
3. ਉਹੀ, ਸਾਂਖ ਦਰਸ਼ਨ (ਭੂਮਿਕਾ) ਪੰਨਾ 22

ਇੰਦਰੀਆਂ ਦੇ ਵਿਸ਼ਿਆਂ ਦੀ ਪ੍ਰਬਲਤਾ ਬਾਰੇ ਵਿਚਾਰ ਕਰਦਿਆਂ ਸ਼ਾਸਤਰਾਂ ਦੇ ਕਰਤਾ ਲਿਖਦੇ ਹਨ ਕਿ ਮਨੁੱਖ ਨਾ ਚਾਹੁੰਦਿਆਂ ਹੋਇਆਂ ਵੀ ਵਿਸ਼ਿਆਂ ਦੇ ਚੱਕਰ ਵਿੱਚ ਫਸ ਹੀ ਜਾਂਦਾ ਹੈ। ਇਸ ਤਰ੍ਹਾਂ ਉਹ ਪ੍ਰਭੂ ਨਾਮ ਤੋਂ ਦੂਰ ਹਟ ਜਾਂਦਾ ਹੈ ਅਤੇ ਦੁਖੀ ਹੁੰਦਾ ਹੈ।

> " ਇੰਦਰੀਆਂ ਦੇ ਵਿਸ਼ੇ ਇਤਨੇ ਪ੍ਰਬਲ ਹਨ ਕਿ ਨਾ ਚਾਹੁੰਦੇ ਹੋਏ ਵੀ ਮਨੁੱਖ ਇਨ੍ਹਾਂ ਦੇ ਚੱਕਰ ਵਿੱਚ ਪੈ ਜਾਂਦਾ ਹੈ ਅਤੇ ਇਨ੍ਹਾਂ ਦਾ ਸ਼ਿਕਾਰ ਨਾ ਹਰ ਸਮੇਂ ਰਹਿਣੋਂ ਸਮਾਧੀ ਦਾ ਹੋਣਾ ਕਠਨ ਹੈ।"[1]

ਅਗਿਆਨਤਾ ਦੇ ਕਾਰਨ ਹੀ ਜੀਵਾਤਮਾ ਬੰਧਨਾਂ ਵਿੱਚ ਪੈਂਦੀ ਹੈ। ਇਸੇ ਤਰ੍ਹਾਂ ਉਹ ਸੰਸਾਰਕ ਭੋਗਾਂ ਵਿੱਚ ਗ੍ਰਸਿਤ ਹੋ ਕੇ ਆਪਣੇ ਅਸਲੀ ਸਰੂਪ ਨੂੰ ਭੁੱਲ ਜਾਂਦੀ ਹੈ। ਇਸ ਸੰਬੰਧੀ ਲਿਖਿਆ ਹੈ:-

> " ਵਿਕਾਰ ਦਾ ਮੂਲ ਅਗਿਆਨ ਹੈ, ਇਸੇ ਕਾਰਨ ਹੀ ਬੰਧਨ ਹੋਣਾ ਸ਼ੁਰੂ ਹੁੰਦਾ ਹੈ। ਕਿਉਂਕਿ ਸੰਸਾਰਿਕ ਭੋਗਾਂ ਵਿੱਚ ਪ੍ਰਵਿਰਤ ਕਰਨ ਵਾਲਾ ਅਗਿਆਨ ਹੀ ਹੈ।"[2]

> " ਅਵਿੱਦਿਆ ਦੇ ਕਾਰਨ ਹੀ ਦੁੱਖ ਸੁੱਖ ਅਨੁਭਵ ਕੀਤਾ ਜਾਂਦਾ ਹੈ ਕਿਉਂਕਿ ਜਿਤਨੇ ਸੁੱਖ ਹਨ, ਉਨ੍ਹਾਂ ਦਾ ਅੰਜਾਮ ਦੁੱਖ ਹੈ। ਸਰੀਰ ਨੂੰ ਸੁਖੀ ਦਾ ਵਿਸ਼ਾ ਮੰਨਦੇ ਹਨ, ਪਰ ਉਹ ਰੋਗ ਰੋਗ ਤਨਾਂ ਦੇ ਦੁੱਖ ਭੋਗਣੇ ਲਈ ਹੀ ਪ੍ਰਗਟ ਹੁੰਦਾ ਹੈ।"[3]

ਵੈਸ਼ੇਸ਼ਿਕ ਦਰਸ਼ਨ ਵਿੱਚ ਦੁੱਖ ਦੇ ਪ੍ਰਕਾਰ ਦੱਸਦਿਆਂ ਇੰਦ੍ਰਿਆਂ ਕਾਰਨ ਅਤੇ ਅਧਿਆਤਮਕ ਵਿਰਤੀ ਅਧੀਨ ਪ੍ਰਗਟ ਹੁੰਦੇ ਦੁੱਖ ਅਤੇ ਸਰੀਰ ਕਾਰਨ ਆਉਂਦੇ ਦੁੱਖਾਂ ਦਾ ਵਰਣਨ ਹੋਇਆ ਹੈ:-

---

1. ਪੰ:ਸ੍ਰੀ ਰਾਮ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਪੰਨਾ 238
2. ਉਹੀ, ਯੋਗ ਦਰਸ਼ਨ, ਪੰਨਾ 140
3. ਉਹੀ, ਨਿਆਇ ਦਰਸ਼ਨ, ਪੰਨਾ 219

> " ਮਨ ਵਿੱਚ ਜੋ ਇੱਛਾਵਾਂ ਹਨ, ਉਨ੍ਹਾਂ ਦੀ ਪੂਰਤੀ
> ਨਾ ਹੋਣ ਨਾਲ ਦੁੱਖ ਹੋਣਾ, ਦੁਸ਼ਮਣਾਂ ਨੂੰ ਵੇਖ ਕੇ ਆਪਣੇ
> ਆਪ ਨੂੰ ਸਹਾਰ ਅਸਮਰੱਥ ਜਾਣ, ਦੁਸ਼ਮਣਾਂ ਦਾ ਵਿਚਾਰ
> ਹੋਣ ਨਾਲ ਦਵੇਸ਼ ਦੇ ਅੰਦਰ ਉਨ੍ਹਾਂ ਨਾਲ ਅਪਕਾਰ ਹੋਣ ਨਾਲ
> ਦੁੱਖ ਦਾ ਉਤਪੰਨ ਹੋਣਾ ਕਿਹਾ ਹੈ।"[1]

> " ਜਿਸ ਪਦਾਰਥ ਵਿੱਚ ਪਿਆਰ ਹੁੰਦਾ ਹੈ, ਉਸਦੇ ਨਸ਼ਟ ਹੋਣ
> ਨਾਲ ਦੁੱਖ ਹੁੰਦਾ ਹੈ। ਜਿਸ ਨਾਲ ਪਿਆਰ ਨਹੀਂ ਹੁੰਦਾ ਉਸਦੇ
> ਨਸ਼ਟ ਹੋਣ ਨਾਲ ਦੁੱਖ ਨਹੀਂ ਹੁੰਦਾ ਹੈ।"[2]

ਵੈਸ਼ੇਸ਼ਿਕ ਦਰਸ਼ਨ ਵਿੱਚ ਮਾਨਸਿਕ ਦੁੱਖਾਂ ਦੀ ਇਕ ਹੋਰ ਕਿਸਮ ਦੱਸੀ ਗਈ ਹੈ। ਜਿਥੇ ਸੁਪਨੇ ਵਿੱਚ ਮਨੁੱਖ ਦਾ ਦੁੱਖੀ ਹੋਣਾ। ਬੁਰੇ ਮਨੁੱਖ ਨੂੰ ਚੰਗੇ ਸੁਪਨੇ ਨਹੀਂ ਆ ਸਕਦੇ ਅਤੇ ਇਨ੍ਹਾਂ ਨੂੰ ਆਤਮਾ ਦਾ ਆਪਣੇ ਪ੍ਰਗਟਾਵੇ ਕਰਨ ਦਾ ਢੰਗ ਕਿਹਾ ਹੈ:-

> " ਬੁਰੇ ਆਚਰਣ ਵਾਲੇ ਪਾਪੀ ਪੁਰਸ਼ਾਂ ਨੂੰ ਕਦੇ ਚੰਗੇ ਸੁਪਨੇ
> ਦਿਖਾਈ ਨਹੀਂ ਦਿੰਦੇ। ਉਹ ਸਦੋਂ ਹੀ ਸੁਪਨੇ ਵੇਖਦੇ ਹਨ
> ਉਹ ਜੋ ਵੇਖਦੇ ਹਨ ਅਤੇ ਜਿਸਦਾ ਅੰਦਰ ਪ੍ਰਬਲ ਸਰਮ
> ਦਾ ਸੰਸਕਾਰ ਹੀ ਹੋ ਸਕਦਾ ਹੈ।"[3]

ਯੋਗ ਦਰਸ਼ਨ ਵਿੱਚ ਕਿਸ੍ਹੇ ਵਿਕਾਰਾਂ ਤੋਂ ਉਤਪੰਨ ਹੋਣ ਵਾਲੇ ਦੁੱਖਾਂ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਕਲੇਸ਼ਾਂ ਦੇ ਅਭਿਆਸ ਤੋਂ ਉਪਜੇ ਦੁੱਖ ਅਨੰਤ ਜਨਮਾਂ ਸਮੇਂ ਤੋਂ ਸਭ ਕੁਝ ਸਮਝ ਕੇ ਸਰੀਰ ਨੂੰ ਦੁੱਖ ਦੇਖ ਲੈਣਾ ਨਾਲ ਵਿਕਾਰ ਕਰਨ ਅਤੇ ਦੁੱਖੀ ਹੋਣ ਦੀ ਭਾਵਨਾ ਆਮ ਹੁੰਦੀ ਹੈ:-

---

1. ਪੰ. ਸ੍ਰੀ ਰਾਮ ਸ਼ਰਮਾ ਆਚਾਰਯ, ਨਿਆਇ ਦਰਸ਼ਨ, ਪੰਨਾ 233
2. ਉਹੀ, ਪੰਨਾ 107
3. ਉਹੀ, ਪੰਨਾ ੨੨੭.

"ਜੋ ਮਨੁੱਖ ਦੂਸਰੇ ਪੁਰਸ਼ਾਂ ਨੂੰ ਸਵਾਰਥ ਲਈ ਕਾਮ,
ਕ੍ਰੋਧ, ਲੋਭ, ਮੋਹ ਨਾਲ ਦੁੱਖ ਦੇਣ ਦੀ ਮਨੋਬਿਰਤੀ ਰਖਦਾ ਹੈ,
ਉਨ੍ਹਾਂ ਦੇ ਕਰਮਾਂ ਦੇ ਅਨੁਕੂਲ, ਪਸ਼ੂ, ਪੰਛੀ, ਮਨੁੱਖ ਆਦਿ
ਜੂਨ, ਪਾਕੇ ਦੁੱਖ ਭੋਗਦਾ ਹੈ।"[1]

ਇਸੇ ਸੂਤਰ ਵਿੱਚ ਕਰਤਾ ਨੇ ਚਾਰ ਪ੍ਰਕਾਰ ਦੇ ਦੁੱਖਾਂ ਦਾ ਵਰਣਨ ਕੀਤਾ ਹੈ:-

1. ਪਰਿਣਾਮ ਦੁੱਖ:- ਜੋ ਵਿਸ਼ਿਆਂ ਦੀ ਪ੍ਰਾਪਤੀ ਵਿੱਚ ਸੁਖੀ ਹੈ, ਉਨ੍ਹਾਂ ਨੂੰ ਦੁੱਖ ਮਿਲਦੇ ਹਨ। ਪਰ ਇਹੋ ਕਾਮਨਾਵਾਂ ਨਾਲ ਵਿਸ਼ਿਆਂ ਕਦੀ ਵੀ ਤ੍ਰਿਪਤ ਨਹੀਂ ਹੁੰਦੀਆਂ। ਜਿਸ ਤਰ੍ਹਾਂ ਅੱਗ ਵਿੱਚ ਲੱਕੜੀਆਂ ਪਾਉਣ ਨਾਲ ਭਾਂਬੜ ਮੱਚਦੇ ਹਨ, ਇਸ ਤਰ੍ਹਾਂ ਵਿਸ਼ਿਆਂ ਦੇ ਭੋਗ ਨਾਲ ਹੋਰ ਵੀ ਵਿਸ਼ੇ ਭੋਗਾਂ ਦੀ ਕਾਮਨਾ ਹੁੰਦੀ ਹੈ। ਅੰਤ ਵਿੱਚ ਵਿਸ਼ਿਆਂ ਦੇ ਕਾਰਨ ਰੋਗ ਤੇ ਤ੍ਰਿਸ਼ਨਾ ਸਤਾਉਂਦੀ ਹੈ, ਇਹ ਦੁੱਖ ਹੈ।

2. ਤਾਪ ਦੁੱਖ:- ਵਿਸ਼ੇ ਸੁੱਖ ਦੇ ਮਿਲਣ ਤੇ ਰਾਗ, ਕਲੇਸ਼ ਉਤਪੰਨ ਹੁੰਦਾ ਹੈ, ਉਨ੍ਹਾਂ ਵਿੱਚ ਜੋ ਰੁਕਾਵਟਾਂ ਹੁੰਦੀਆਂ ਹਨ, ਉਨ੍ਹਾਂ ਵਿੱਚ ਦ੍ਵੇਸ਼ ਪੈਦਾ ਹੁੰਦਾ ਹੈ। ਇਹ ਤਾਪ ਦ੍ਵੇਸ਼ ਪੈਦਾ ਹੁੰਦਾ ਹੈ। ਇਹ ਰਾਗ ਦ੍ਵੇਸ਼ ਦੋਵੇਂ ਹੀ ਦੁਖਦਾਇਕ ਹਨ।

3. ਸੰਸਕਾਰ ਦੁੱਖ:- ਰਾਗ ਦ੍ਵੇਸ਼ ਦੇ ਵੱਸ ਹੋ ਕੇ ਮਨੁੱਖ ਸ਼ੁਭ ਅਸ਼ੁਭ ਕਰਮ ਕਰਦਾ ਹੈ। ਉਨ੍ਹਾਂ ਦੇ ਸੰਸਕਾਰ ਅੰਤਹਕਰਨ ਦੇ ਅੰਦਰ ਵਿੱਚ ਪੈ ਕੇ ਦੁਖਦਾਈ ਹੁੰਦੇ ਹਨ।

4. ਗੁਣ-ਬਿਰਤੀ-ਵਿਰੋਧ ਦੁੱਖ:- (ਤ੍ਰੈਗੁਣ) ਗੁਣਾਂ ਦੇ ਕੰਮਾਂ ਦਾ ਨਾਮ ਗੁਣ-ਬਿਰਤੀ ਹੈ। ਸਤੋਗੁਣ ਦਾ ਕੰਮ ਪ੍ਰਕਾਸ਼, ਸੁਖਦਾਈ ਹੈ। ਰਜੋਗੁਣ ਦਾ ਕੰਮ ਅਭਿਮਾਨ ਦੁੱਖ ਹੈ। ਤਮੋਗੁਣ ਮੋਹ ਦਾ ਕਰਤਾ ਹੈ। ਇਨ੍ਹਾਂ ਤਿੰਨਾਂ ਗੁਣਾਂ ਵਿੱਚ ਪਰਸਪਰ ਰੋਕਣਾ ਜਾਂ ਰੋਗ ਰਹਿੰਦੇ ਜਦ ਇਕ ਗੁਣ (ਸਤੋ) ਦੂਸਰੇ ਨੂੰ ਦਬਾ ਦਿੰਦਾ ਹੈ ਤਾਂ ਸੁੱਖ ਬਿਰਤੀ ਦਾ ਅਭਿਆਸ ਹੁੰਦਾ ਹੈ। ਜਦੋਂ ਰਜੋ ਦੋਹਾਂ ਨੂੰ ਦਬਾ ਦਿੰਦਾ ਹੈ ਤਾਂ ਦੁੱਖ ਹੁੰਦਾ ਹੈ ਅਤੇ ਜਦੋਂ ਤਮ ਦੀ ਪ੍ਰਬਲਤਾ ਹੁੰਦੀ ਹੈ ਤਾਂ ਮੋਹ ਹੁੰਦਾ ਹੈ।"[2]

---

1. ਪੰ: ਸ੍ਰੀ ਰਾਮ ਸ਼ਰਮਾ ਆਚਾਰਯ, ਯੋਗ ਦਰਸ਼ਨ, ਪੰਨਾ 149
2. ਉਹੀ, ਪੰਨਾ 150

ਸ਼ੰਕਰ ਦੇ ਅਦਵੈਤ ਵੇਦਾਂਤ ਵਿਚ ਮਾਨਸਿਕ ਦੁੱਖਾਂ ਦਾ ਵਿਸ਼ਲੇਸ਼ਣ ਕਰਦਿਆਂ ਦੂਸਰੇ ਦੁੱਖਾਂ ਦਾ ਕਾਰਣ ਅਵਿਦਿਆ ਦੇ ਕਾਰਣ ਮਨੁੱਖ ਦਾ ਜੀਵਨ ਵਿਚ ਰੋਣਾ ਦੱਸਿਆ ਹੈ। ਰਾਮਾਨੁਜ ਨੇ ਲਿਖਿਆ ਹੈ:-

> "1ਅਵਿਦਿਆ, 2.ਕਰਮ, 3. ਆਸ਼ਯ, 4.ਦੁਖ। ਅਵਿਦਿਆ ਦਾ ਅਰਥ ਗਿਆਨ ਦਾ ਅਭਾਵ ਹੈ। ਇਹ ਉਸ ਸਮੇਂ ਉਤਪੰਨ ਹੁੰਦੀ ਹੈ ਜਦੋਂ ਮਨੁੱਖ ਇਹ ਤੱਥ ਭੁਲਾਂਦਾ ਹੈ ਕਿ ਉਹ ਈਸ਼ਵਰ ਤੋਂ ਆਜ਼ਾਦ ਹੈ। ਇਸ ਅਵਿਦਿਆ ਦੇ ਕਾਰਣ ਮਨੁੱਖ ਆਪਣੇ ਆਪ ਨੂੰ ਸੁਤੰਤਰ ਸਮਝਦਾ ਹੈ ਜਦ ਕਿ ਉਹ ਈਸ਼ਵਰ ਅਧੀਨ ਹੈ। ਇਹ ਝੂਠੇ ਹਉਮੈ ਨੂੰ ਜਨਮ ਦਿੰਦੀ ਹੈ ਜਿਹੜਾ ਅੱਗੇ ਮਨੁੱਖ ਨੂੰ ਕਰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਕਰਮ ਮਨ ਉਤੇ ਸੰਸਕਾਰ ਛੱਡ ਦਿੰਦੇ ਹਨ ਜਿਨ੍ਹਾਂ ਨੂੰ ਆਸ਼ਯ ਆਖਦੇ ਹਨ। ਸੰਸਕਾਰ ਤੋਂ ਸੰਸਾਰ ਲਈ ਮੁੜ ਅਨੁਰਾਗ ਉਤਪੰਨ ਹੁੰਦਾ ਹੈ ਅਤੇ ਇਸ ਤਰ੍ਹਾਂ ਮਨੁੱਖ ਸੰਸਾਰਿਕ ਜੀਵਨ ਵਿਚ ਫਸਦਾ ਜਾਂਦਾ ਹੈ ਜੋ ਬੰਧਨ ਦੀ ਅਵਸਥਾ ਹੈ। ਇਸ ਸਥਿਤੀ ਅੰਦਰ ਜੀਵ ਸਰੀਰ, ਮਨ, ਇੰਦ੍ਰੀਆਂ ਆਦਿ ਨਾਲ ਜੁੜਦਾ ਹੈ ਅਤੇ ਆਪਣੇ ਅਸਲੇ ਸਰੂਪ ਨੂੰ ਭੁੱਲ ਜਾਂਦਾ ਹੈ।"[1]

ਵੇਦਾਂਤ ਨੇ ਆਪਣੇ 'ਬ੍ਰਹਮ ਅਦਵੈਤ' ਵਿਚ ਮਨੁੱਖ ਦੇ ਜੀਵਨ ਦਾ ਕਾਰਣ ਅਗਿਆਨ ਕਿਹਾ ਹੈ ਅਤੇ ਅਗਿਆਨ ਦਾ ਆਧਾਰ 'ਹਉਮੈ' ਮੰਨਿਆ ਹੈ ਜੋ ਕਿ ਇਨ੍ਹਾਂ ਵਿਚਾਰਾਂ ਵਿਚੋਂ ਪ੍ਰਮੁੱਖ ਵਿਚਾਰ ਹੈ:-

> " ਜੀਵ ਦਾ ਸੰਸਾਰਿਕ ਜੀਵਨ ਇਸ ਅਨੇਕਤਾ ਦੇ ਅਗਿਆਨ ( ਅਵਿਦਿਆ) ਦੇ ਕਾਰਣ ਹੁੰਦਾ ਹੈ। ਹਉਮੈ ਹੀ ਇਸ ਅਗਿਆਨ ਦਾ ਆਧਾਰ ਹੈ। ਵੇਦਾਂਤ ਕਹਿੰਦਾ ਹੈ ਕਿ ਗਿਆਨ ਨਾਲ ਇਹ ਅਵਿਦਿਆ ਦੂਰ ਨਹੀਂ ਹੁੰਦੀ ਜਿੰਨਾ ਚਿਰ ਅਗਿਆਨ ਦੀ ਨਿਵਿਰਤੀ ਨਾ ਹੋਵੇ।"[2]

---

1. ਡਾ. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 247
2. ਉਹੀ, ਪੰਨਾ 267

ਭਾਰਤੀ ਦਰਸ਼ਨਾਂ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੋਖਾਂ, ਵਿਸ਼ਾ ਅਗਿਆਨ ( ਅਵਿਦਿਆ) ਕਰਕੇ ਜਿਨ੍ਹਾਂ ਵਿੱਚ ਮੁੱਖ ਸਥਾਨ ਹੈ ਮਾਨਸਿਕ ਪ੍ਰੇਸ਼ਾਨੀਆਂ ਅਤੇ ਦੁੱਖ ਉਪਜਦੇ ਹਨ, ਜਾਂ ਚਿੰਤਾ ਸਾਰੀ ਮਾਤਰਾ ਵਿੱਚ ਮਿਲ ਜਾਂਦਾ ਹੈ। ਗੁਰ ਗੁਰਮਤ ਵਿੱਚ ਇਨ੍ਹਾਂ ਰੋਗਾਂ ਅਤੇ ਦੁੱਖਾਂ ਦੇ ਮੋਟੇ ਚਿੰਨ੍ਹ ਦੱਸ ਆਏ ਹਾਂ।

<u>ਗੁਰਮਤ ਅਨੁਸਾਰ ਮਾਨਸਿਕ ਰੋਗ ਅਤੇ ਦੁੱਖ</u>:- ਵੈਗਿਆਨਕ ਪ੍ਰਕਰਣ ਵਿਚਾਰ ਕਰਨ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਕੋਈ ਪ੍ਰਾਣੀ ਐਸਾ ਨਹੀਂ ਹੈ ਜਿਸਦੇ ਜੀਵਨ ਵਿੱਚ ਦੁਖ ਦਾ ਆਇਆ ਹੋਵੇ ( ਭਾਵੇਂ ਪਰਮ ਅਵਸਥਾ ਨੂੰ ਪਹੁੰਚੇ ਪ੍ਰਾਣੀ ਦੁਖ ਨੂੰ ਅਨੁਭਵ ਨਹੀਂ ਕਰਦੇ) ਇਨ੍ਹਾਂ ਦੁੱਖਾਂ ਵਿਚੋਂ ਮਾਨਸਿਕ ਦੁੱਖ ਅਧਿਕਤਰ ਵਿਕਾਰਾਂ ਵਿੱਚ ਗ੍ਰਸਤ ਹੋਣ ਕਰਕੇ ਉਪਜੇ ਦੁੱਖਾਂ ਨੂੰ ਗੁਰਬਾਣੀ ਵਿਸ਼ਾਲਤਾ ਸਹਿਤ ਵਿਚਾਰਦੀ ਹੈ ਕਿਉਂਕਿ ਵਿਕਾਰ ਇਨ੍ਹਾਂ ਵਿੱਚ ਇਤਨਾ ਖੁੱਭ ਜਾਂਦਾ ਹੈ, ਇਤਨਾ ਪਿਆਰ ਕਰਨ ਲੱਗ ਜਾਂਦਾ ਹੈ ਕਿ ਉਹ ਇਨ੍ਹਾਂ ਨੂੰ ਰੋਗ ਸਮਝਦਾ ਹੀ ਨਹੀਂ, ਸਗੋਂ ਇਨ੍ਹਾਂ ਨੂੰ ਜ਼ਿੰਦਗੀ ਦਾ ਆਧਾਰ ਅਤੇ ਰਸ ਸਮਝਦਾ ਹੈ। ਇਸ ਕਰਕੇ ਇਨ੍ਹਾਂ ਦਾ ਇਲਾਜ ਜਾਂ ਇਨ੍ਹਾਂ ਤੋਂ ਪ੍ਰਹੇਜ਼ ਮੁਸ਼ਕਲ ਹੈ। ਗੁਰੂ ਨਾਨਕ ਦੇਵ ਜੀ ਇਸ ਅਵਸਥਾ ਨੂੰ ਇਉਂ ਪ੍ਰਗਟਾਉਂਦੇ ਹਨ:-

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ।
ਭੋਗਹੁ ਰੋਗ ਸੁ ਅੰਤਿ ਵਿਗੋਵੈ ॥
ਹਰਖਹੁ ਸੋਗੁ ਨ ਮਿਟਈ ਕਬਹੂ
ਵਿਣੁ ਭਾਣੇ ਭਰਮਾਇਆ ॥[1]

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ।
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥[2]

ਹੁਣ ਉਨ੍ਹਾਂ ਵਿਸ਼ੇ ਵਿਕਾਰਾਂ ਦਾ ਗੁਰਬਾਣੀ ਅਨੁਸਾਰ ਵਿਵੇਚਨ ਕਰਦਾ ਹੈ, ਜਿਨ੍ਹਾਂ ਸਦਕਾ ਮਨੁੱਖ ਦੁੱਖਾਂ ਦੀ ਪਕੜ ਵਿੱਚ ਫਸਿਆ ਜਾਂਦਾ ਹੈ:-

<u>ਹਉਮੈ</u>:- ਆਮ ਅਰਥਾਂ ਵਿਚ 'ਹਉਮੈ' ਤੋਂ ਭਾਵ 'ਅਹੰਕਾਰ' ਲਿਆ ਜਾਂਦਾ ਹੈ। ਪਰ

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1034
2. ਉਹੀ ਪੰਨਾ 672

ਗੁਰਬਾਣੀ ਵਿੱਚ ਇਸਦੇ ਦੋ ਪੱਖ ਪੇਸ਼ ਕੀਤੇ ਗਏ ਹਨ ਇਕ ਅਹੰਕਾਰ ਵਾਲਾ, ਜਿਥੇ ਇਹ ਰੋਗ ਦਾ ਰੂਪ ਹੈ ਅਤੇ ਇੱਕ ਸਕਾਰਾਤਮਕ ਵਾਲਾ, ਜਿਥੇ ਇਹ ਦਾਰੂ ਦਾ ਰੂਪ ਧਾਰ ਲੈਂਦੀ ਹੈ। ਕਿਉਂਕਿ ਹਉਮੈ ਮਾਨਸਿਕ ਰੋਗਾਂ, ਦੁੱਖਾਂ ਦਾ ਕਾਰਨ ਕਿਹਾ ਗਿਆ ਹੈ, ਇਸ ਲਈ ਹਉਮੈ ਨੂੰ ਪਹਿਲੇ ਰੂਪ ਵਿੱਚ ਹੀ ਪੇਸ਼ ਕੀਤਾ ਜਾ ਰਿਹਾ ਹੈ। ਇਹ ਮਨੁੱਖ ਨੂੰ ਉਸਦੇ ਆਪੇ ਤੋਂ ਅਜਿਹੇ ਰਸੇ ਮਾਰ ਵਿੱਚ ਭਟਕਾਅ ਕੇ ਰੱਖਦੀ ਹੈ ਕਿ ਉਸਦੀ 'ਮੈਂ' ਉਸਦੇ ਦੁੱਖਾਂ ਦੇ ਜਾਲ ਵਿੱਚ ਗੁਆਚ ਕੇ ਰਹਿ ਜਾਂਦੀ ਹੈ। ਉਸਨੂੰ ਜਨਮ ਮਰਨ ਦੇ ਚੱਕਰ ਵਿੱਚ ਪਾਈ ਰੱਖਦੀ ਹੈ। ਸਾਹਿਬ ਫ਼ੁਰਮਾਉਂਦੇ ਹਨ:-

ਹਉਮੈਂ ਰੋਗਿ ਜਗਤੁ ਸਭੁ ਬਿਆਪਿਆ ਦੁਖੁ ਜਨਮਿ ਮਰੈ ਬਿਕਾਰ।[1]

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥[2]

ਜਦ ਤੱਕ ਉਹ ਹਉਮੈ ਦਾ ਸ਼ਿਕਾਰ ਹੈ, ਉਸਨੂੰ ਆਤਮਗਿਆਨ ਦਾ ਗਿਆਨ ਨਹੀਂ ਹੁੰਦਾ। ਇਹ ਕਿਹਾ ਜਾਂਦਾ ਹੈ ਕਿ ਹਿਰਨ ਸਦਾ ਦੌੜ ਦੀ ਸਥਿਤੀ ਰਹਿੰਦਾ ਹੈ, ਉਸੇ ਕਸਤੂਰੀ ਲਈ, ਜਦਕਿ ਕਸਤੂਰੀ ਵਾਲਾ ਹਮੇਸ਼ਾਂ ਉਸਦੀ ਨਾਭ ਵਿੱਚ ਰਹਿੰਦਾ ਹੈ ਪਰ ਅਗਿਆਨੀ ਜਾਪਦਾ ਜਿਹਾ ਹੈ ਕਿ ਉਹ ਕੁਝ ਵੀ ਨਹੀਂ ਦੇਖਦਾ।

ਜੀਵ ਹਉਮੈ ਵਿੱਚ ਫਸਿਆ ਅਜਿਹਾ ਰੋਗੀ ਹੋ ਨਿਬੜਦਾ ਹੈ, ਜਿਸਨੂੰ ਚੈਨ ਦਾ ਸਾਹ ਨਹੀਂ ਮਿਲਦਾ। ਇਹ ਜੀਵ ਨੂੰ ਨਰਕਾਂ ਦੀ ਅੱਗੀ ਧਕਾਉਂਦੀ ਹੈ, ਵਿਸ਼ਟਾ ਦੇ ਕੀੜੇ ਬਣਾਉਂਦੀ ਹੈ, ਆਵਾਗਵਣ ਦੇ ਗੇੜ ਵਿੱਚ ਪਾਉਂਦੀ ਹੈ। ਹਉਮੈ ਕਈ ਰੂਪਾਂ ਵਿੱਚ ਰੋਗ ਬਣ ਕੇ ਮਨੁੱਖ ਨੂੰ ਚੰਬੜੀ ਹੋਈ ਹੈ। ਜਿਸ ਤਰ੍ਹਾਂ ਮਨੁੱਖ ਦੀਆਂ ਸੰਰਚਨ ਭਾਵਨਾਵਾਂ ਅਨੇਕ ਹਨ, ਉਸੇ ਤਰ੍ਹਾਂ ਹਉਮੈ ਦੇ ਵੀ ਕਈ ਰੂਪ ਹਨ। ਗੁਰਬਾਣੀ ਵਿੱਚ ਇਨ੍ਹਾਂ ਦਾ ਜ਼ਿਕਰ ਇਵੇਂ ਹੈ ਅਧਿਆਤਮਕ ਅਹੰਕਾਰ, ਵਿਦਵਤਾ, ਕਰਮਕਾਂਡ, ਜਾਤੀ, ਧਨ ਦੌਲਤ, ਪਰਿਵਾਰ ਅਤੇ ਰੂਪ ਜਵਾਨੀ ਦਾ ਅਹੰਕਾਰ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 610
2. ਉਹੀ, ਪੰਨਾ 466

ਗੁਰਮਤ ਅਨੁਸਾਰ ਮਨੁੱਖਾਂ ਦਾ ਨਾਸ਼ਕ ਵਿਚ ਵਿਸ਼ੇਸ਼ਾਂ ਸਥਾਨ ਨਹੀਂ, ਸਗੋਂ ਦੇਰਨ ਆਤਮਾ ਨੂੰ ਮਲੀਨ ਕਰਨ ਵਿਚਲੇ ਸੰਸਾਰ ਨਾਲ ਜੁੜਦੀ ਹਉਮੈ ਕਰਦੇ ਹੈ। ਇਹੋ ਅਹੰਕਾਰ ਹੈ, ਉਸੇ ਪ੍ਰਾਣੀਆਂ ਦੇ ਨਾਮ ਦਾ ਵਾਸਾ ਨਹੀਂ ਹੋ ਸਕਦਾ ਤੇ ਹਉਮੈ ਨਾਮ ਵਿਰੋਧ ਮਨੁੱਖ ਦੀ ਦੁੱਖ ਹੈ:-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥[1]

ਅਹੰਕਾਰੀ ਮਨੁੱਖ ਦਾ ਹੋਣਾ ਪਰੇਨ ਨੈਸ ਕਰਨੀ, ਹੁਕਿਆਂਦੀ ਵਿਅਰਥ ਹੈ। ਗੁਰਮਤ ਵਿੱਚ ਮਨੁੱਖ ਨੂੰ ਕਿਸੇ ਵੀ ਤਰ੍ਹਾਂ ਦਾ ਅਹੰਕਾਰ ਨਾ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਜਿਸ ਤਰ੍ਹਾਂ ਪਰਬਤ ਉੱਚੇ ਹਨ ਤਾਂ ਉੱਥਾਂ ਤੇ ਜਲ ਪਾਣੀ ਨਹੀਂ ਠਹਿਰਦਾ, ਠੀਕ ਇਸੇ ਤਰ੍ਹਾਂ ਅਭਿਮਾਨੀ ਪੁਰਸ਼ ਰੱਬ ਨੂੰ ਵੀ ਰਹਿਮ ਕਰਨ ਪ੍ਰਭੂ ਦੀ ਖਾਲੀ ਚਲੇ ਜਾਂਦੇ ਹਨ। ਫਰੀਦ ਜੀ ਲਿਖਦੇ ਹਨ:-

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥[2]

ਜੋ ਪ੍ਰਾਣੀ ਅਹੰਕਾਰ ਕਾਰਨ ਆਪਣੇ ਆਪ ਨੂੰ ਸਰਬਉੱਚ ਵਾਲੀ ਸਮਝਦੇ ਹਨ, ਪਰ ਦੂਸਰਿਆਂ ਨੂੰ ਹੀਣਾ ਕਿਰਦੇ ਹਨ, ਅਜਿਹੇ ਵਿਅਕਤੀ ਦੋਜ਼ਖਾਂ ਦੀ ਅੱਗ ਵਿੱਚ ਸੜਦੇ ਹਨ। ਕਬੀਰ ਜੀ ਅਜਿਹੇ ਵਿਅਕਤੀਆਂ ਦੀ ਦਸ਼ਾ ਬਿਆਨਦੇ ਲਿਖਦੇ ਹਨ:-

ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥[3]

ਅਹੰਕਾਰ ਵਿਚ ਐਸਾ ਵਿਕਾਰ ਹੈ ਕਿ ਜਦੋਂ ਆਪਣੇ ਆਪ ਨੂੰ ਵੱਡਾ ਸਮਝਣ ਲਾਗੇ ਤੋ ਇਸਦੇ ਨਤੀਜੇ ਵਿਚ ਕੁਝ ਤਾਂ ਬਹੁਤ ਖੁਆਰ ਹੋਏ। ਰਾਜ ਕਈ ਅਸੁਰਪਤੀਆਂ ਪੈਦਾ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 560
2. ਉਹੀ, ਪੰਨਾ 1383
3. ਉਹੀ, ਪੰਨਾ 1105

224-25 ਤੇ ਇਤਿਹਾਸਕ ਪ੍ਰਮਾਣ ਦੇ ਕੇ ( ਬ੍ਰਾਹਮਣਾਂ ਦਾ ਪ੍ਰਮਾਣਾਂ ਦੀ ਸ੍ਰੇਸ਼ਟਤਾ ਨੂੰ ਨਾ ਸਮਝਦੇ ਅਹੰਕਾਰੀ ਹੋਣਾ ਕਿ ਮੈਂ ਵੱਡਾ ਹਾਂ ਤੇ ਮਨੁੱਖੀ ਦੀ ਸਾਂਝੀ ਕਿਤੇ ਨਹੀਂ ਹੋ ਸਕਦਾ, ਜਾਂ ਸੋ ਘਟ ਨੂੰ ਮਾਇਆ ਦਾ ਅਤੇ ਜਾਤੀ ਹੋਣ ਦਾ ਮਾਣ, ਧਰਮੀਏ ਦਾ ਜਾਤੀ ਹੋਣਾ ਅਤੇ ਧਰਮਾਤਮਾ ਦਾ ਅਹੰਕਾਰ ਵੱਸ ਜੋਤਿਆਂ ਵਾਲੀ ਹੋਣਾ) ਅਹੰਕਾਰੀਆਂ ਦੀ ਕੁਦਰਤ ਕੁੱਝੀ ਦਰਸਾਈ ਹੈ ਪਰ ਜਿਹੜਾ ਗੁਰਮਤੀ ਜੀਵਨ ਦਾ ਪਾਲਣ ਕਰਦਾ ਹੈ, ਉਸਨੂੰ ਹਰ ਪ੍ਰਭੂ ਆਪ ਬਖਸ਼ਦਾ ਹੈ। ਅਜੀਬ ਲਿਖ ਦਿਤਾ ਹੈ:-

ਬਿਨੁ ਸਤਸੰਗ ਨ ਭਾਵੈ ਹੋਈ ॥
ਬਿਨੁ ਗੁਰ ਗਿਆਨੁ ਨ ਸੋਝਿਆ ਜਾਇ॥
ਗੁਰਮਤਿ ਪਰਖੁ ਪਰਖੁ ਹਰਿ ਨਾਇ॥
ਨਾਨਕ ਨਾਮੁ ਮਿਲੈ ਗੁਣ ਗਾਇ ॥[1]

ਕਾਮ:- ਕਾਮ ਸਿਖੀ ਵਿਕਾਰਾਂ ਵਿਚੋਂ ਇਕ ਹੈ। ਗੁਰਮਤ ਵਿਚ ਕਾਮ ਨੂੰ ਬੁਰਾ ਨਹੀਂ ਕਿਹਾ ਗਿਆ ਕਿਉਂ ਕਿ ਇਸਦੇ ਕਾਰਨ ਹੀ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ। ਇਸੇ ਲਈ ਹੀ ਗੁਰਮਤ ਵਿਚ ਗ੍ਰਿਹਸਤ ਦੇ ਮਾਰਗ ਨੂੰ ਅਪਣਾਇਆ ਹੈ। ਕਾਮ ਜਿਹੜੀ ਹੱਦ ਤੋਂ ਨੀਚ ਨਹੀਂ ਜਾ ਸਕਦੀ ਹੈ। ਸਭ ਤੋਂ ਇਹ ਅਧਿਆਤਮਕ ਪੱਖ ਤੋਂ ਨੀਵੇਂ ਨਾ ਗਿਰਾਵੇ।

ਅਮਰੀਕ ਸਿੰਘ ਚੀਮਾ ਲਿਖਦੇ ਹਨ:-

> " ਕਾਮ ਦੇ ਦਮਨ ਤੋਂ ਇਹ ਭਾਵ ਨਹੀਂ ਕਿ ਕਾਮ ਤਿਆਗਣ ਯੋਗ ਹੈ। ਕਾਮ ਨੂੰ ਖ਼ਤਮ ਨਹੀਂ ਕਰਨਾ, ਸਗੋਂ ਇਸ ਪ੍ਰਵਿਰਤੀ ਨੂੰ ਸਦਾਚਾਰਕ ਵਿਆਹੁਤਾ ਜੀਵਨ ਵਿਚ ਅਨੁਸ਼ਾਸਿਤ ਕਰਨ ਦੀ ਲੋੜ ਹੈ। ਸਿਖ ਗੁਰੂਆਂ ਨੇ ਸਮਾਜ ਨੂੰ ਅਜਿਹੀਆਂ ਪ੍ਰਵਿਰਤੀਆਂ ਨੂੰ ਨਿਯਮਿਤ ਤੇ ਸੰਜਮ ਭਰਪੂਰ ਦੀ ਸਿੱਖਿਆ ਦਿਤੀ ਹੈ।"[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 225
2. ਅਮਰੀਕ ਸਿੰਘ ਚੀਮਾ, ਨਾਮਸੇਤ ਪੰਨਾ 16

ਡਾ. ਅਵਤਾਰ ਸਿੰਘ ਲਿਖਦੇ ਹਨ:-

> "ਗੁਰੂ ਨਾਨਕਾਂ ਦੇ ਨਾਮ ਦਾ ਮਹੱਤਵ ਏਸ ਤੱਥ ਤੇ
> ਨਿਰਭਰ ਹੁੰਦਾ ਹੈ, ਕਿਉਂਕਿ ਪੂਰੀ ਇਨਸਾਨੀ ਜ਼ਿੰਦਗੀ ਤੋਂ
> ਅਲਹਿਦਾ ਨਹੀਂ ਹੈ"।[1]

ਜਦ ਜਿਸਦੀ ਪ੍ਰਕਿਰਤਾ ਗੁਣੀ ਹੈ। ਨਾਮੀ ਕੋਲਾਂ ਵਿਵਹਾਰ ਉਪਜਦਾ ਹੈ। ਇਸ ਨਾਲ ਨਾ ਕੇਵਲ ਸਮਾਜ ਦੀ ਪਵਿੱਤਰਤਾ ਸਿੱਧ ਹੁੰਦੀ ਹੈ ਬਲਕਿ ਨਾਮੀ ਪੁਰਸ਼ ਆਪ ਵੀ ਨਾਮ ਦੀ ਲੋਹੀ ਵਿੱਚ ਰੁਝਿਆ ਜਾਂਦਾ ਹੈ। ਗੁਰੂ ਸਾਹਿਬ ਦੇ ਕਿਹਾ ਹੈ:-

> ਜਿਸੁ ਨਾਮੁ ਸੁਆਮੀ ਨਾਵਹਿ ਲੋਕਿ ਜਿਨਸ ਗੁਰੁ ਪਾਵਹਿ ॥
> ਸੋ ਸੁਖਦ ਹੋਇ ਸਾਧਹਿ ਜਿਹਿ ਗੁਰਿ ਗੁਰਿ ਪਛਤਾਵਹਿ ॥[2]

ਇਸ ਦਾ ਜ਼ਿਕਰ ਡਾ. ਜਸਬੀਰ ਸਿੰਘ ਸੋਮਾ ਇਉਂ ਕਰਦੇ ਹਨ:-

> "ਨਾਮ ਮਨੁੱਖ ਦੀ ਆਤਮਿਕ ਸ਼ਕਤੀ ਦਾ ਨਾਂ ਹੁੰਦਾ ਹੈ। ਜਿਸਦਾ
> ਜੀਵਨ ਦੇ ਤਿੰਨਾਂ ਪੱਖਾਂ ਭਾਵਾਤਮਿਕ, ਗਿਆਨਾਤਮਕ ਅਤੇ
> ਕਿਰਿਆਤਮਕ ਤੇ ਡੂੰਘਾ ਅਸਰ ਪੈਂਦਾ ਹੈ। ਭਾਵਾਤਮਿਕ ਪੱਖੋਂ
> ਮਨੁੱਖੀ ਆਪਾ ਹੋਛਿਆਂ ਭਾਵਨਾਵਾਂ ਤੋਂ ਰਹਿਤ ਹੋ ਜਾਂਦਾ ਹੈ।
> ਗਿਆਨਾਤਮਕ ਪੱਖੋਂ ਇਸ ਨਾਲ ਮਨੁੱਖ ਵਿੱਚੋਂ ਸਦਾਚਾਰਕ ਦ
> ਯੋਗਤਾ ਦਾ ਵਿਕਾਸ ਸ਼ੁਰੂ ਹੁੰਦਾ ਹੈ ਅਤੇ ਕਿਰਿਆਤਮਕ ਪੱਖੋਂ
> ਇਹ ਮਨੁੱਖ ਨੂੰ ਕਰਮਯੋਗੀ ਬਣਾ ਦੇਂਦਾ ਹੈ"।[3]

ਮਨੁੱਖ ਜਿਸਦੇ ਕੂੜੇ ਰਸ ਵਿੱਚ ਰੁਝਿਆ ਜਾਂਦਾ ਹੈ। ਗੁਰਦੇਵ ਨਾਮਦੀ ਬਖਸ਼ਿਸ਼ ਵਿਚ ਜਿਸਦੇ ਕੂੜੇ ਰਿਸ਼ਤਿਆਂ ਦਾ ਵਰਣਨ ਕਰਦੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਨਾਮ

---

1. Dr. Avtar Singh, Ethics of The Sikhs, Page 56
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 403
3. ਡਾ. ਜਸਬੀਰ ਸਿੰਘ ਸੋਮਾ, ਨਾਮ ਦੇਵ ਪੰਨਾ 16

ਮਨੁੱਖੀ ਸਰੀਰ ਨੂੰ ਇਵੇਂ ਗਾਲ ਦਿੰਦਾ ਹੈ ਜਿਵੇਂ ਸੋਹਾਗਾ ਕੰਚਨ ਨੂੰ ਗਾਲ ਦਿੰਦਾ ਹੈ:-

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥[1]

ਕਾਮ ਕਾਰਨ ਹੀ ਆਤਸ਼ਕ ਤੇ ਸੁਜਾਕ ਜਿਹੇ ਰੋਗਾਂ ਨਾਲ ਮਨੁੱਖ ਦੁਖੀ ਹੁੰਦਾ ਹੈ। ਇਸ ਸੰਬੰਧੀ ਡਾਕਟਰ ਪੂਰਨ ਸਿੰਘ ਜੀ ਲਿਖਦੇ ਹਨ:-

" ਸੁਜਾਕ ਤੇ ਆਤਸ਼ਕ ਜਿਹੇ ਗੁਪਤ ਰੋਗਾਂ ਬਾਰੇ
ਸਾਰੇ ਸੰਸਾਰ ਵਿਚ ਹਾਹਾਕਾਰ ਮਚ ਚੁਕਿਆ ਹੋਇਆ ਹੈ......
ਵਿਸ਼ਵ ਸਿਹਤ ਸੰਗਠਨ ਵਲੋਂ ਕੀਤੇ ਗਏ ਇਕ ਸਰਵੇਖਣ
ਅਨੁਸਾਰ ਦੁਨੀਆਂ ਦੇ ਲਗਭਗ ਦੋ ਕਰੋੜ ਸੱਤਰ ਲੱਖ ਵਿਅਕਤੀ
ਇਨ੍ਹਾਂ ਰੋਗਾਂ ਦਾ ਸ਼ਿਕਾਰ ਹਨ।"[2]

ਸਿੱਧ ਹੁੰਦਾ ਹੈ ਕਿ ਕਾਮ ਇਕ ਮਾਰੂ ਵਿਕਾਰੀ ਹੈ। ਗੁਰੂ ਅਰਜਨ ਦੇਵ ਜੀ ਨੇ ਕਾਮ ਦਾ ਬੜਾ ਭਿਆਨਕ ਸਰੂਪ ਪੇਸ਼ ਕੀਤਾ ਹੈ ਕਿ ਕਾਮ ਜੀਵਾਂ ਨੂੰ ਆਪਣੇ ਵੱਸ ਵਿਚ ਕਰਕੇ ਨਰਕਾਂ ਦੀ ਅੱਗ ਵਿਚ ਸਾੜਦਾ ਹੈ ਅਤੇ ਕਈ ਜੂਨਾਂ ਵਿਚ ਪਾਉਂਦਾ ਹੈ। ਜਪ, ਤਪ, ਸੰਜਮ ਨੂੰ ਸਾਰੇ ਖੁਆਰ ਕਰ ਦਿੰਦਾ ਹੈ। ਅਰਥਾਤ ਉੱਚੀ ਜਾਤੀ ਹੋਵੇ ਜਾਂ ਨੀਵੀਂ ਜਾਤੀ ਦਾ, ਕਾਮ ਸਭ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਹੈ। ਇਸ ਦੀ ਮਾਰ ਤੋਂ ਉਹੀ ਬਚਦਾ ਹੈ ਜੋ ਸਾਧ ਸੰਗਤ ਦਾ ਸਹਾਰਾ ਲੈਂਦਾ ਹੈ:-

" ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 932
2. ਡਾਕਟਰ ਪੂਰਨ ਸਿੰਘ, ਮੋਤੀ ਸਰੀ, ਪੰਨਾ 22-24
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1358

ਸੋ ਕਾਮ ਇਨ੍ਹਾਂ ਵਿਕਾਰਾਂ ਵਿਚੋਂ ਪ੍ਰਮੁੱਖ ਹੈ। ਇਹ ਸ੍ਰਿਸ਼ਟੀ ਦੀ ਸਾਜਨਾ ਲਈ ਜ਼ਰੂਰੀ ਤੱਤ ਹੈ, ਪਰ ਜਦੋਂ ਮਨੁੱਖ ਇਸਦੇ ਵੱਸ ਹੋ ਕੇ ਪਾਪੀ ਬਣਦਾ ਹੈ, ਉਸ ਸਮੇਂ ਇਹ ਬੁਰਾ ਹੈ। ਜਦੋਂ ਕਾਮ ਵਾਸ਼ਨਾ ਤ੍ਰਿਪਤ ਨਹੀਂ ਹੁੰਦੀ ਤਾਂ ਮਨੁੱਖ ਕ੍ਰੋਧ ਵਰਗੇ ਵਿਕਾਰ ਦਾ ਸ਼ਿਕਾਰ ਹੁੰਦਾ ਹੈ। ਹੁਣ ਕ੍ਰੋਧ ਦਾ ਵਰਣਨ ਕਰਦੇ ਹਾਂ।

ਕ੍ਰੋਧ:- ਕ੍ਰੋਧ ਵੀ ਪੰਜ ਵਿਕਾਰਾਂ ਵਿਚ ਗਿਣਿਆ ਜਾਂਦਾ ਹੈ ਜਿਸ ਕਾਰਨ ਬੁਰਾਈਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਉਪਜਦੀਆਂ ਰਹਿੰਦੀਆਂ ਹਨ। ਅਧਿਆਤਮਕ ਮੰਡਲਾਂ ਵਿਚ ਕ੍ਰੋਧ ਇਕ ਆਸੁਰੀ ਬਿਰਤੀ ਹੈ। ਇਸਨੂੰ (ਰਾਖਸ਼ੀ) ਗੁਣ ਦਾ ਰੂਪ ਕਿਹਾ ਹੈ, ਅਨੇਕ ਝਗੜਿਆਂ ਦੀ ਜੜ੍ਹ ਹੈ। ਇਹ ਵੈਰ-ਵਿਰੋਧ ਦੀ ਭਾਵਨਾ ਨੂੰ ਪੈਦਾ ਕਰਦਾ ਹੈ। ਕ੍ਰੋਧ ਨਾਲ ਕ੍ਰੋਧ ਨੂੰ ਕਦੇ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ। ਕਬੀਰ ਜੀ ਨੇ ਲਿਖਿਆ ਹੈ:-

ਕਰਤੁ ਹੋਇ ਕਰਤੂ ਕੀ ਪਾਰਾ ॥[1]

ਫ਼ਰੀਦ ਬਾਣੀ ਵਿਚ ਵੀ ਕ੍ਰੋਧ ਨਾ ਕਰਨ ਦੀ ਪ੍ਰੇਰਣਾ ਹੋਤੀ ਹੈ। ਮਿੱਠਤ ਨਾਲ ਸਭ ਕੁਝ ਜਿੱਤਿਆ ਜਾ ਸਕਦਾ ਹੈ ਜਿਸਦੇ ਫ਼ਲਸਰੂਪ ਮਨੁੱਖ ਸਰੀਰਕ ਰੋਗ ਤੋਂ ਵੀ ਬਚਿਆ ਰਹਿ ਸਕਦਾ ਹੈ:-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥[2]

ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ:-

> " ਕ੍ਰੋਧ ਮਾਨਸਿਕ ਕਮਜ਼ੋਰੀ ਦਾ ਚਿੰਨ੍ਹ ਹੈ। ਇਹ ਮਨੁੱਖ ਦਾ ਵੱਡਾ ਦੁਸ਼ਮਣ ਹੈ। ਕ੍ਰੋਧਵਾਨ ਪੁਰਸ਼ ਭਲੇ ਤੇ ਨੇਕ ਪੁਰਸ਼ਾਂ ਦਾ ਨਿਰਾਦਰ ਕਰਨ ਲੱਗ ਪੈਂਦਾ ਹੈ। ਗੁਰੂ ਸਾਹਿਬਾਂ ਨੇ ਇਸੇ ਨੂੰ ਮਿਟਾ ਦੇਣ ਦੀ ਸਿੱਖਿਆ ਦਿੱਤੀ ਹੈ। ਇਸੇ ਨਾਲ ਕ੍ਰੋਧ ਕਰਨ ਦੀ ਥਾਂਏ ਨਿਮਰਤਾ ਨਾਲ ਵਿਚਰਨ ਦੀ ਪ੍ਰੇਰਣਾ ਕੀਤੀ ਹੈ।"[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 341
2. ਉਹੀ, ਪੰਨਾ 1382
3. ਡਾ. ਜਸਬੀਰ ਸਿੰਘ ਸਾਬਰ, ਨਾਮਦੇਵ, ਪੰਨਾ 10

ਇਸ ਸੰਬੰਧੀ ਗੁਰਬਾਣੀ ਵਿਚ ਲਿਖਿਆ ਹੈ:-

ਲੋਭੁ ਨ ਜਾਨੁ ਸੰਗਿ ਕਬਹੂ ਆਪਨ ਆਪੁ ਖੋਵਾਹੁ ॥
ਲੋਭ ਬਿਆਪਤ ਜਲਿ ਬਲਹੁ ਤਾਰਨ ਤਰਣੀ ਪਾਇ ॥[1]

ਲੋਭ ਸਾਰੇ ਬੁਰਾਈਆਂ ਦੀ ਜੜ੍ਹ ਹੈ। ਇਸਨੂੰ ਸਭੇ ਦੀ ਵਧਿਆ ਨਹੀਂ ਉਪਜਾਈ। ਇਸਨੇ ਕਿਤਨੇ ਲੋਕਾਂ ਨੂੰ ਆਪਣੇ ਵੱਸ ਕੀਤਾ ਹੋਇਆ ਹੈ, ਜੋ ਇਸਦੇ ਸਾਹਮਣੇ ਬਾਂਦਰ ਦੀ ਨਿਆਈਂ ਨਾਚ ਕਰਦੇ ਹਨ। ਇਸਦੇ ਵੱਸ ਹੋਏ ਲੋਕ ਮਜਬੂਰ ਹੋ ਕੇ ਸਮਾਜ ਸਹੂਲਤਾਂ ਭੋਗਦੇ ਹਨ, ਲੋਭ ਅਤੇ ਆਤਮੀ ਬਣ ਜਾਂਦੇ ਹਨ। ਗੁਰੂ ਅਰਜਨ ਦੇਵ ਲਿਖਦੇ ਹਨ:-

" ਹੇ ਲੋਭ ਮੂਲ ਕ੍ਰੂਰ ਕੀਜੈ ਬਹੁਤਾ ਨ ਉਪਜਾਵੇ ॥
ਬਿਆਪਤ ਜੋਈ ਵਸੀ ਕਰੋਤਿ ਕਿਚਤੂੰ ਕਰੋਤਿ ਅਸਾ ਸਮਜਯਾ ॥
ਅਕਰਣ ਸਾਜਨ ਤ੍ਰਾਹਿ ਸਮਜੂਯਾ ॥ ਤ੍ਰਾਹਿ ਨਾਨਕ ਹਰਿ ਨਰਹ ॥[2]

ਗੁਰਬਾਣੀ ਵਿਚ ਤਾਂ ਗੁਰੂ ਪ੍ਰਭੂ ਦਾ ਪ੍ਰਮਾਣ ਲੋਭ ਤੋਂ ਵੀ ਰੋਕਿਆ ਹੈ, ਕਿਉਂ ਉਪਜ ਲੋਭ ਕੂੜ ਦੰਭ ਦਾ ਕਾਰਣ ਬਣਿਆ ਹੈ। ਇਹ ਸਮਾਜ ਦੀ ਵੰਡ ਹੈ ਜੋ ਬੁਰੀ ਕਿਰਤਿਆਂ ( ਆਪਣੇ ਹੀ ਰਿਸ਼ਤੇਦਾਰ) ਨੂੰ ਬੁਰੀ ਨਜ਼ਰ ਨਾਲ ਵੇਖਣ ਲਈ ਪ੍ਰੇਰਦੀ (ਮਜਬੂਰ) ਕਰਦਾ ਰਹਿੰਦਾ ਹੈ। ਗੁਰਦੇਵ ਕਹਿੰਦੇ ਹਨ:-

ਕੂੜਾ ਲਾਲਚਿ ਕੁਕਰਮਿ ਨ ਕਿਤੀਐ
ਜਿਨਿ ਕੀਤੀ ਲੋਭੁ ਵਿਕਾਰੁ ॥[3]

ਜੋ ਲੋਭ ਅਧਿਆਤਮਿਕ ਰੋਗਾਂ ਦਾ ਮੁੱਢਲਾ ਪ੍ਰੇਰਕ ਸ੍ਰੋਤ ਹੈ। ਜਦੋਂ ਲੋਭ ਆਵੇ ਤਾਂ ਲੋਭਵਾਨ ਤੇ ਲੋਭ ਪਰਤਨ ਦੋਵੇਂ ਹੀ ਨੁਕਸਾਨ ਉਠਾਉਂਦੇ ਹਨ।

ਮੋਹ:- ਇਹ ਵੀ ਵਿਕਾਰਕ ਰੋਗ ਹੈ। ਮੋਹ ਦਾ ਅਰਥ ਲਾਲਚ ਜਾਂ ਦੂਸਰੇ ਦੀ ਚੀਜ਼ ਲੈਣ ਦੀ ਇੱਛਾ ਹੈ। ਇਹ ਸਰਬ ਪਾਪਾਂ ਦੀ ਜੜ੍ਹ ਹੈ। ਇਸ ਨਾਲ ਕ੍ਰੋਧ, ਮਾਰ-ਮਰਾਈਆਂ ਅਤੇ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 259
2. ਉਹੀ, ਪੰਨਾ 1358
3. ਉਹੀ, ਪੰਨਾ 40

ਸਬਰ ਦਾ ਨਾਸ਼ ਹੋ ਜਾਂਦਾ ਹੈ। ਇਸਨੂੰ ਗੁਰਬਾਣੀ ਵਿੱਚ ਹਲਕੇ ਕੁੱਤੇ ਨਾਲ ਤੁਲਨਾ ਦਿੱਤੀ ਹੈ ਜੋ ਬਾਰ੍ਹੇ ਘਰੋ ਦੇਖਦਾ ਫਿਰਦਾ ਹੈ ਅਤੇ ਭੁੱਖ ਅਤੇ ਅਤ੍ਰਿਪਤ ਮਨ ਨੂੰ ਖਾ ਜਾਂਦਾ ਹੈ। ਅਰਜਨ ਪਾਤਸ਼ਾਹ ਫੁਰਮਾਉਂਦੇ ਹਨ:-

ਜਿਉਂ ਕੂਕਰੁ ਹਰਕਾਇਆ ਧਾਵੈ ਦਹਦਿਸਿ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥[1]

ਲੋਭੀ ਪੁਰਸ਼ ਕਿਸੇ ਦਾ ਵੀ ਵਫ਼ਾਦਾਰ ਨਹੀਂ ਹੁੰਦਾ। ਇਹ ਅੰਤ ਮਨ ਨੂੰ ਖੋਖਾ ਕਰਦਾ ਹੈ। ਆਪ ਸਦਾ ਅਤ੍ਰਿਪਤ ਰਹਿੰਦਾ ਹੈ ਅਤੇ ਦੂਜਿਆਂ ਦੇ ਧੰਨ ਤੇ ਨਜ਼ਰ ਸਾਹਮਣੇ ਹੁੰਦਿਆਂ ਨਹੀਂ ਕੀ ਹੁੰਦ ਦਾ ਆਦਰ ਕਰਦਾ ਹੈ। ਲੋਭੀ ਵਿਅਕਤੀਆਂ ਨੂੰ ਸੰਸਾਰ ਦੇ ਸਾਰੇ ਪਦਾਰਥ ਵੀ ਮਿਲ ਜਾਣ ਤ੍ਰਿਪਤੀ ਦਾ ਲੋਭ ਖਤਮ ਹੋਣਾ ਨਹੀਂ। ਇਹ ਆਪਣਾ ਸਾਰਾ ਜਨਮ ਵਿਅਰਥ ਗੁਆ ਲੈਂਦੇ ਹਨ। ਗੁਰਦੇਵ ਲੋਭੀ ਪੁਰਸ਼ ਤੇ ਚੋਟ ਕਰਦੇ ਹਨ:-

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥
ਮੁਹ ਕਾਲੇ ਤਿਨ ਲੋਭੀਆਂ ਜਾਸਨਿ ਜਨਮੁ ਗਵਾਇ ॥[2]

ਲੋਭੀ ਪੁਰਸ਼ ਵਿੱਚੋਂ ਸ਼ਰਮ, ਲਿਹਾਜ਼, ਮਿੱਤਰਾਂ ਸੰਬੰਧੀਆਂ ਅਤੇ ਸਤਿਕਾਰ ਪਿਆਰ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ, ਉਹ ਹਰ ਸਮੇਂ ਆਪਣੇ ਸੁਆਰਥ ਨੂੰ ਮੁੱਖ ਰੱਖਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲੋਭ ਦੇ ਸਮਾਨਾਰਥਕ ਸ਼ਬਦ ਲਾਲਚ ਵੀ ਆਇਆ ਹੈ, ਜਿਸਨੂੰ ਮਾੜੀ ਦੁੱਖ ਕਿਹਾ ਹੈ:-

ਲਾਲਚੁ ਛੋਡਹੁ ਅੰਧਿਹੁ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥[3]

---

੧. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੦

੨. ਉਹੀ, ਪੰਨਾ 1417

3 ਉਹੀ, ਪੰਨਾ 419

ਲਾਲਚ ਅਤੇ ਲੋੜਾਂ ਸਾਰੇ ਰਚਨਾ ਪਸਾਰ ਦਾ ਕਾਰਨ ਬਣਦੇ ਹਨ। ਲਾਲਚ ਤ੍ਰਿਸ਼ਨਾ ਦਾ ਹੀ ਰੂਪ ਹੈ ਅਰਥਾਤ ਜਿਸੇ ਵਸਤੂ ਦਾ ਲਾਲਚ ਹੈ, ਦਾ ਨਾਮ ਹੀ ਤ੍ਰਿਸ਼ਨਾ ਹੈ ਜੋ ਕਿ ਆਪਣੇ ਆਪ ਵਿਚ ਅਨੇਕਾਂ ਦੁੱਖ ਹੈ। ਜਿਸਦਾ ਤ੍ਰਿਸ਼ਨਾ ਦਾ ਸਾਧਨ ਹੈ। ਇਸ ਵਿਚ ਸਾਰੇ ਮਾਇਆ ਦਾ ਪ੍ਰਸਾਰ ਹੈ। ਮਾਇਆ ਨੇ ਸਾਰੇ ਜੀਵਾਂ ਤੇ ਆਪਣਾ ਪ੍ਰਭਾਵ ਪਾਇਆ ਹੋਇਆ ਹੈ। ਮਾਇਆ ਦੇ ਜਾਲ ਵਿਚ ਅਟਕਕੇ ਸਾਰੇ ਜੀਵ ਦੁਖੀ ਹੋਏ ਫਸੇ ਹੋਏ ਹਨ। ਤ੍ਰਿਸ਼ਨਾ ਅਤੇ ਲੋਭ ਰੂਪੀ ਵਿਸ ਜਾਲ ਵਿਚੋਂ ਨਿਕਲ ਨਹੀਂ ਸਕਦੇ:-

ਮਾਇਆ ਸਾਹੁ ਪਾਸਾਰਿਆ ਮੋਹਿਕ ਲੋਭ ਘਰਾਇ ॥
ਤ੍ਰਿਸਨਾ ਪੀਰੀ ਕਾਮਿਆ ਮਿਲਨ ਨ ਪਾਏ ਸਾਹਿ ॥[1]

ਡਾ. ਅਮਰੀਕ ਸਿੰਘ ਚੀਮਾ ਲਿਖਦੇ ਹਨ:-

" ਤ੍ਰਿਸ਼ਨਾ ਕਾਰਨ ਕਈ ਅਪ੍ਰਾਪ ਹੁੰਦੇ ਹਨ, ਹਰ ਮਨੁੱਖ
ਵਿਸ਼ਵਾ ਵਿਕਾਰ ਹੋਇਆ ਰਹਿੰਦਾ ਹੈ, ਹਰ ਇਕ ਨੂੰ ਕੋਈ ਨਾ
ਕੋਈ ਤ੍ਰਿਸ਼ਨਾ ਹੈ। ਕਿਸੇ ਨੂੰ ਵਡੇ ਸ਼ਹਿਰ ਦੀ, ਕਿਸੇ ਨੂੰ ਰਾਜਾਬ
ਦੀ, ਕਿਸੇ ਨੂੰ ਮਾਇਆ ਦੀ, ਕਿਸੇ ਨੂੰ ਜਾਇਦਾਦ ਦੀ। ਇਸ
ਕੀ ਹਰੇਕ ਨੂੰ ਇਹ ਲੋਭ ਲੱਗਾ ਹੋਇਆ ਹੈ।"[2]

ਗੁਰਬਾਣੀ ਇਸ ਬਾਰੇ ਕਹਿੰਦੀ ਹੈ:-

ਕਿਆ ਗਭਰੂ ਕਿਆ ਬਿਰਧਿ ਹੈ
ਮਨਮੁਖ ਤ੍ਰਿਸਨਾ ਭੁਖ ਨ ਜਾਇ ॥[3]

ਤ੍ਰਿਸ਼ਨਾ ਜੀਵ ਦੀ ਜਿਸਮਾਨੀ ਦੁਸ਼ਮਣ ਹੈ। ਜੇਕਾ ਹੋਣਾ ਦੀ ਸਾਂਝੀ ਵਿਚੋਂ ਕਰਨ ਨਾਲ ਵ ਜੀਵ ਨੂੰ ਸ਼ਾਂਤੀ ਨਹੀਂ ਮਿਲਦੀ। ਭੇਦ ਵਿਕਾਸ ਵਿਚ ਦੂਰਿਕ ਵਿਸਥਾਰ ਨਾਲ ਹੀ ਜੀਵ ਤ੍ਰਿਪਤ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 50
2. ਡਾ. ਅਮਰੀਕ ਸਿੰਘ ਚੀਮਾ, [illegible], ਪੰਨਾ 28
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 649

ਨਹੀਂ ਹੁੰਦਾ ਅਤੇ ਮਾਇਆ ਦੇ ਨਾਲ ਹਰ ਸਮੇਂ ਵਿੱਚ ਫਸਦਾ ਰਹਿੰਦਾ ਹੈ। ਸੰਸਾਰ ਦੇ ਮਹਾਨ ਵਿਅਕਤੀ ਸਮਰਾਟ ਵੀ ਤ੍ਰਿਸ਼ਨਾ ਤੋਂ ਮੁਕਤ ਨਹੀਂ ਹੋ ਸਕੇ। ਮਾਇਆ ਵਿੱਚ ਗ੍ਰਸਿਤ ਪੁਰਸ਼ ਨੂੰ ਆਪਣੇ ਭਲੇ ਬੁਰੇ ਦਾ ਪਤਾ ਨਹੀਂ ਲੱਗਦਾ, ਪਰ ਹਰੀ ਦੀ ਸ਼ਰਣ ਵਿਚ ਛੁਟਕਾਰਾ ਹੋ ਜਾਂਦਾ ਹੈ:-

ਦੇਹੀ ਅਤੇ ਰਾਜਨ ਬਹੁ ਭੂਸਨ ਤਾਹੀ ਤ੍ਰਿਸਨ ਨ ਬੂਝੀ॥
ਨ੍ਰਿਪਤਿ ਭਏ ਮਾਇਆ ਕੈ ਮਾਤੇ ਹੋਵਤ ਕਛੂ ਨ ਸੂਝੀ॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥[1]

ਕਪਟ:- ਤ੍ਰਿਸ਼ਨਾ ਦੇ ਪ੍ਰਭਾਵ ਸਦਕਾ ਮਨੁੱਖ ਕਪਟੀ ਬਣਦਾ ਹੈ। ਉਹ ਦੂਸਰਿਆਂ ਨੂੰ ਆਪਣੀਆਂ ਆਸ਼ਾਵਾਂ ਦੀ ਪੂਰਤੀ ਲਈ ਧੋਖਾ ਦਿੰਦਾ ਹੈ। ਉਪਰੋਂ ਤਾਂ ਉਹ ਚੰਗਾ ਬਣ ਬਣ ਬੈਠਦਾ ਹੈ ਪਰ ਅੰਦਰੂਨੀ ਤੌਰ ਤੇ ਉਸਦਾ ਹਰ ਕਰਮ ਆਪਣੇ ਸੁਆਰਥ ਦੀ ਪੂਰਤੀ ਲਈ ਹੁੰਦਾ ਹੈ। ਅਜਿਹੇ ਮਨੁੱਖ ਆਵਾਗਵਣ ਦੇ ਚੱਕਰ ਵਿੱਚ ਪਏ ਦੁਖੀ ਹੁੰਦੇ ਹਨ। ਸਾਹਿਬ ਫੁਰਮਾਉਂਦੇ ਹਨ:-

"ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰਿ ਧੋਵਾਇਆ॥
ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀਆਇਆ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ॥
ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ॥[2]

ਅਤੇ

ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟੁ ਕਰੇ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥
ਇਹੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 672
2. ਉਹੀ, ਪੰਨਾ 1243
3. ਉਹੀ, ਪੰਨਾ 512

ਈਰਖਾ -ਨਿੰਦਾ -ਝੂਠ:- ਇਸਦੇ ਪ੍ਰਭਾਵ ਅਧੀਨ ਮਨੁੱਖ ਦੂਸਰਿਆਂ ਨਾਲ ਈਰਖਾ ਕਰਦਾ, ਝੂਠ ਬੋਲਦਾ, ਨਿੰਦਿਆ ਚੁਗਲੀ ਕਰਦਾ ਹੈ। ਅਜਿਹਾ ਵਿਅਕਤੀ ਦੂਸਰਿਆਂ ਦੀ ਨਿੰਦਾ ਕਰਕੇ ਮੈਲ ਲਾਹੁੰਦਾ ਹੈ ਅਤੇ ਆਪ ਦੋਸ਼ਾਂ ਵੱਸ ਨਾ ਤਾਂ ਇਥੇ ਸੁਖੀ ਹੁੰਦਾ ਹੈ ਅਤੇ ਨਾਹੀਂ ਅਕਾਲ ਪੁਰਖ ਪ੍ਰਮਾਤਮਾ ਦੇ ਦਰਬਾਰ ਵਿੱਚ ਥਾਂ ਮਿਲਦੀ ਹੈ। ਉਹ ਆਪਣਾ ਅਨਮੋਲ ਜਨਮ ਵਿਅਰਥ ਗੁਆ ਦਿੰਦਾ ਹੈ। ਗੁਰਦੇਵ ਕਹਿੰਦੇ ਹਨ:-

> " ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥
> ਈਹਾ ਸੁਖੁ ਨਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ ॥
> ਨਿੰਦਕਿ ਅਹਿਲਾ ਜਨਮੁ ਗਵਾਇਆ ॥
> ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ [1] ॥

ਗੁਰਦੇਵ ਸਪਸ਼ਟ ਰੂਪ ਵਿਚ ਸਮਝਾਉਂਦੇ ਹਨ ਕਿ ਨਿੰਦਕ ਦੀ ਜ਼ਿੰਦਗੀ ਇਵੇਂ ਹੀ ਬਰਬਾਦ ਹੁੰਦੀ ਹੈ ਜਿਵੇਂ ਕਿ ਕੱਲਰ ਖਾਧੀ ਹੋਈ ਕੰਧ ਡਿੱਗ ਪੈਂਦੀ ਹੈ:-

> ਨਿੰਦਕੁ ਐਸੇ ਹੀ ਝਰਿ ਪਰੀਐ ॥
> ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ [2] ॥

ਪਰਾਈ ਨਿੰਦਾ ਵਿੱਚ ਮਨੁੱਖ ਸੁਆਦ ਜਿਹਾ ਅਨੁਭਵ ਕਰਦਾ ਹੈ, ਪਰ ਅਜਿਹਾ ਸੁਆਦ ਜਿਸ ਨਾਲ ਨੁਕਸਾਨ ਜ਼ਿਆਦਾ ਹੁੰਦਾ ਹੈ, ਸਕਦਾ ਹੈ। ਅਸਲ ਵਿਚ ਜਦੋਂ ਮਨੁੱਖ ਦੀ ਹਰ ਪ੍ਰਕਾਰ ਦੀ ਪ੍ਰਗਤੀ ਵਿੱਚ ਰੁਕਾਵਟ ਬਣਦਾ ਹੈ, ਇਸ ਪਿੱਛੇ ਝੂਠ ਕੁਰੀਤੀਆਂ ਹੈ ਜਦ ਕਿ ਝੂਠ ਹੀ ਮਾਨਸਿਕ ਵਿਕਾਰ ਅਧੀਨ ਆਉਂਦਾ ਹੈ। ਜਾਂ ਇਹ ਕਿਹਾ ਜਾ ਸਕਦਾ ਹੈ ਕਿ ਝੂਠ ਹੀ ਮਾਨਸਿਕ ਬੁਰਾਈਆਂ ਵਿਚ ਸਭ ਤੋਂ ਵੱਡਾ ਹੈ। ਇਹ ਪ੍ਰਭੂ ਦੇ ਪ੍ਰੇਮ ਰੂਪ ਸਚ ਦੇ ਵਿਰੁੱਧ ਹੈ। ਝੂਠ ਬੋਲਣਾ ਗੁਰਮਤਿ ਅਨੁਸਾਰ ਤੁੱਛ ਹੈ। ਝੂਠ ਦੇ ਵਿਰੁਧ ਕੀ ਲੋੜ ਨੂੰ ਜਾਣੋਂ ਮਨੁੱਖ ਹਨ ਪਰ ਨਿਗੁਣਿ ਪੁਰਸ਼ ਦੇ ਕਰਮ ਮਾੜੇ ਹਨ, ਆਪਣੇ ਆਪ ਨੂੰ ਉੱਚੇ ਸੁਚ ਆਖ ਕਹਾਉਂਦੇ ਹਨ ਜੋ ਸਾਥਿਆਂ ਦੀ ਖਾਤਰ ਝੂਠ ਬੋਲ ਬੋਲ ਕੇ ਆਰਥਿਕ ਮੋਹ ਸਮੇਟ ਲੈਂਦੇ ਹਨ। ਸਾਰੀ ਜ਼ਿੰਦਗੀ ਭਟਕਦੇ ਭਟਕਦੇ ਦੱਖ ਭੋਗ ਜਾਂਦੇ ਹਨ। ਉਨ੍ਹਾਂ ਦੇ ਮਨ ਤਨ ਵਿੱਚ ਸਾਥਿਆਂ ਦਾ ਮੋਹ ਵਧਿਆ ਰਹਿੰਦਾ ਹੈ ਮੋਹ ਦੀ ਕਮਾਈ ਕਰਦੇ ਹਨ। ਇਸ ਤੋਂ ਸੰਤੋਖ ਹੈ ਪ੍ਰਮਾਤਮਾ ਦੀ ਦਰਗਾਹੇ ਜ਼ਿੰਦਗੀ ਦੀ ਬਾਜ਼ੀ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 380
2. ਉਹੀ, ਪੰਨਾ 823

ਪਾਏ ਜਾਂਦੇ ਹਨ:-

ਕੂੜੁ ਕੁਸਤੁ ਕਮਾਵਹਿ ਕੂੜਿਆਰਾ ॥
ਲੋਭਿ ਮਰਹਿ ਕਹੁ ਕਹੁ ਕਹੁਧਾਰਾ ॥
ਮਨਿ ਤਨਿ ਭੂਲੇ ਭੂਲ ਕਮਾਵਹਿ ਕੁਰਮਤਿ ਵਰਤਣ ਜਾਣਾ ਹੇ ॥[1]

ਅਜਿਹੇ ਕੂੜ ਦੇ ਪ੍ਰੇਮੀ ਲੋਕ ਚੋਰੀ ਚਾਰੀਆਂ ਨੂੰ ਠਗੀਆਂ ਕਰਦੇ ਹਨ, ਉਨ੍ਹਾਂ ਨੂੰ ਲੋਕ ਚੰਗਾ ਨਹੀਂ ਸਮਝਦਾ। ਜਿਸ ਤਰ੍ਹਾਂ ਕਾਂ ਵਿਸ਼ਟਾ ਹੀ ਖਾਂਦਾ ਹੈ, ਇਸੇ ਤਰ੍ਹਾਂ ਕੂੜ ਬੋਲ ਬੋਲ ਕੇ ਉਹ ਆਪਣੇ ਮਨ ਦੀ ਤ੍ਰਿਪਤੀ ਪੂਰੀ ਕਰਦੇ ਹਨ। ਗੁਰਦੇਵ ਫੁਰਮਾਉਂਦੇ ਹਨ:-

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥
ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ[2] ॥

ਉਪਰੋਕਤ ਸਾਰੇ ਵਿਕਾਰ ਲੋਭ ਦੀ ਦੇਣ ਹਨ। ਲੋਭ ਸਾਰਿਆਂ ਵਿਕਾਰਾਂ ਦਾ ਜਨਮ ਦਾਤਾ ਹੈ।

ਮੋਹ:- ਲੋਭ ਵਾਂਗ ਮੋਹ ਵੀ ਮਾਨਸਿਕ ਰੋਗਾਂ ਵਿਚੋਂ ਇਕ ਹੈ। ਇਸਦਾ ਅਰਥ ਹੈ ਅਜਿਹਾਂ ਚੀਜ਼ਾਂ ਸੰਸਾਰਿਕ ਵਸਤਾਂ ਨਾਲ ਪਿਆਰ ਕਰਨਾ। ਗੁਰਬਾਣੀ ਵਿਚ ਵੀ ਇਸਨੂੰ ਇਸੇ ਰੂਪ ਵਿਚ ਲਿਆ ਗਿਆ ਹੈ। ਇਨਸਾਨ ਦੀ ਇਕ ਕੁਦਰਤੀ ਰੁਚੀ ਹੈ ਜਿਸ ਦਾ ਅੰਤ ਨਹੀਂ ਹੁੰਦਾ ਹੈ। ਪਰ ਇਸਦਾ ਇਹ ਅਰਥ ਨਹੀਂ ਕਿ ਦੁਨਿਆਵੀ ਚੀਜ਼ਾਂ ਨੂੰ ਬਿਲਕੁਲ ਹੀ ਤਿਆਗਣਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਦੇ ਨਾਲ ਵਿਹਾਰ ਕਰਨੇ ਹੀ ਪੈਂਦੇ ਹਨ। ਜੇ ਸਮਾਜ ਨਾਲੋਂ ਬਿਲਕੁਲ ਹੀ ਟੁੱਟ ਕੇ ਰਹਿ ਜਾਏ ਤਾਂ ਦੁਨੀਆਂ ਦੇ ਕੰਮ ਨਹੀਂ ਚਲ ਸਕਦੇ। ਗੁਰਬਾਣੀ ਅਨੁਸਾਰ ਨਾਲ ਮੋਹ ਦਾ ਜੋ ਰੂਪ ਜਿਸ ਵਿਚ ਮਨੁੱਖ ਫਸ ਕੇ ( ਜੋ ਵਿਕਾਰ ਵਿਚ ਪ੍ਰਾਣੀਆਂ, ਪਦਾਰਥਾਂ ਦੀ ਕੈਦ ਵਿਚ ਨਹੀਂ ਛੁੱਟਦਾ ) ਆਪਣੇ ਵਿਕਾਸ ਵਿਚ ਰੁਕਾਵਟ ਪੈਦਾ ਕਰਦੀ ਹੈ। ਇਸ ਵਿਚ ਵਿਸ਼ੇਸ਼ ਤੌਰ ਤੇ ਪ੍ਰਗਟ ਕਰਨ ਲਈ ਕਿਹਾ ਹੈ।

ਮੋਹ ਦੀ ਇਕ ਨਾਲ ਮਨੁੱਖ ਨੂੰ ਇਹ ਜਕੜ ਕਰਕੇ ਪਿਆਰਾਂ ਦੇ ਫੰਦੇ ਫਸਾ ਦਿੰਦਾ ਹੈ। ਗੁਰੂ ਨਾਨਕ ਦੇਵ ਪਾਤਸ਼ਾਹ ਨੇ ਮਾਇਆ ਦੇ ਮੋਹ ਨੂੰ ਕੁਸ਼ਟੀਆਂ ਦੀ ਪ੍ਰੀਤ, ਕਾਂਮ ਦੇ ਪ੍ਰਾਣਾਂ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1029
2. ਉਹੀ, ਪੰਨਾ 646

ਹੈ ਮਨ ਵਿੱਚ ਵਿਕਾਰਾਂ ਦੀ ਪ੍ਰਬਲ ਪੈਦਾ ਕਰਦਾ ਆਇਆ ਕਿਹਾ ਹੈ। ਜਿਸ ਕਰਕੇ ਤਾਂ ਸਾਂਭਾ ਰੱਖਦੇ ਮਨੁੱਖ ਵਿਕਾਰਾਂ ਦੇ ਦਾਗਾਂ ਨਾਲ ਕਲੰਕਿਤ ਹੋਣੇ ਵਿਚ ਭੁੱਲ ਕਰ ਜਾਂਦਾ ਹੈ ਅਤੇ ਉਸ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਜਿਸਨੂੰ ਕੋਈ ਥਾਂ ਨਹੀਂ ਮਿਲਦਾ:-

ਜੈਸਾ ਮੋਹੁ ਪਲੀਤਿ ਭੁਲਾਇ ॥
ਸਭਾ ਤਾਲਮ ਦਾਝਾ ਦਾਝੁ ॥
ਕਾਰ ਕੋਸ ਮੁਹਿ ਕਾਲਖਾ ਜਾਹਿ ॥
ਫਰਕਰ ਸੈਤਾਨ ਨਾਲੇ ਜਾਹਿ ॥ [1]

ਮੋਹ ਮਨੁੱਖ ਦੇ ਮਨ ਵਿੱਚ ਪਦਾਰਥ ਦੀ ਮਮਤਾ ਪੈਦਾ ਕਰਦਾ ਹੈ। ਇਸ ਮੋਹ ਵਿੱਚ ਸਾਰਾ ਜਗਤ ਡੁੱਬਾ ਪਿਆ ਹੈ। ਗੁਰਦੇਵ ਸਮਝਾਉਂਦੇ ਹਨ ਕਿ ਇਸ ਮੋਹ ਦੇ ਚੱਕਰ ਵਿੱਚ ਫਸਕੇ ਆਵਾਗਵਣ ਵਿੱਚ ਫਸਿਆ ਜਮਰਾਜ ਦੇ ਵੱਸ ਜਾਵੇਗਾ। ਕੋਈ ਗੁਰਮੁਖ ਮਨੁੱਖ ਇਸ ਉਪਰ ਪ੍ਰਭੂ ਦੀ ਕਿਰਪਾ ਹੁੰਦੀ ਹੈ, ਜਿਹੜਾ ਪਾਰ ਹੋ ਜਾਂਦਾ ਹੈ:-

ਮੋਹੁ ਕੁਟੰਬੁ ਮੋਹੁ ਸਭ ਕਾਰ ॥
ਮੋਹੁ ਤੁਮ ਤਜਹੁ ਸਗਲ ਵੇਕਾਰ ॥
... ... ...
ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥
ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮਪੁਰਿ ਜਾਹਿ ॥
... ... ...
ਨਦਰਿ ਕਰੇ ਤਾ ਏਹੁ ਮੋਹੁ ਜਾਇ ॥
ਨਾਨਕ ਹਰਿ ਸਿਉ ਰਹੈ ਸਮਾਇ ॥[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 662
2. ਉਹੀ, ਪੰਨਾ 356

ਚਿੰਤਾ:- ਚਿੰਤਾ ਵੀ ਇਕ ਵੱਡਾ ਮਾਨਸਿਕ ਰੋਗ ਹੈ। ਬਹੁਤ ਸਾਰੀਆਂ ਬੀਮਾਰੀਆਂ ਇਸੇ ਦੀ ਦੇਣ ਹਨ। ਸਿਆਣਿਆਂ ਦਾ ਕਥਨ ਹੈ ਚਿੰਤਾ ਚਿਖਾ ਬਰਾਬਰ ਅਰਥਾਤ ਜਿਵੇਂ ਇਨਸਾਨ ਮਰਕੇ ਚਿਖਾ ਵਿਚ ਸੜਦਾ ਹੈ ਤਿਵੇਂ ਹੀ ਉਹ ਜਿਉਂਦਾ ਇਸ ਚਿੰਤਾ ਰੂਪੀ ਅਗਨੀ ਵਿਚ ਸੜਦਾ ਹੈ। ਇਸ ਦੁਨੀਆਂ ਵਿਚ ਜਿਤਨੇ ਵੀ ਜੀਵ ਜੰਤੂ ਆਉਂਦੇ ਹਨ, ਸਭ ਇਸੇ ਰੋਗ ਦੇ ਘੇਰੇ ਹੋਏ ਹਨ। ਸਾਹਿਬ ਕਹਿੰਦੇ ਹਨ:-

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥1

ਚਿੰਤਾ ਅਜਿਹੀ ਬੀਮਾਰੀ ਹੈ ਜੋ ਕਿ ਗਰੀਬਾਂ ਸਾਰਿਆਂ ਲੋਕਾਂ ਨੂੰ ਵੀ ਹੈ (ਉਨ੍ਹਾਂ ਨੂੰ ਇਹ ਚਿੰਤਾ ਕਿ ਧਨ ਕਿਵੇਂ ਆ ਜਾਵੇ) ਅਤੇ ਅਮੀਰਾਂ ਨੂੰ ਵੀ (ਕਿ ਕਿਤੇ ਦੂਸਰੀਆਂ ਕੋਲੋਂ ਦੀ ਘਟਤਾਂ ਨਹੀਂ ਹੁੰਦੀ) ਹੁੰਦੀ ਹੈ। ਗੁਰਦੇਵ ਕਹਿੰਦੇ ਹਨ ਕਿ ਜਿਹੜਾ ਵਿਅਕਤੀ ਇਨ੍ਹਾਂ ਦੋਹਾਂ ਅਵਸਥਾਵਾਂ ਤੋਂ ਉਪਰ, ਇਸਨੇ ਅਨੰਦ ਰਹਿਣਾ ਹੈ, ਉਹ ਮੁਕਤਾ ਹੈ:-

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥
ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥2

ਗੁਰਬਾਣੀ ਮਨੁੱਖ ਨੂੰ ਯਾਦ ਕਰਾਉਂਦੀ ਹੈ ਕਿ ਇਸੇ ਪ੍ਰਕਾਰ ਦੀ ਚਿੰਤਾ ਕਰਦੇ ਆਪਣੇ ਆਪ ਨੂੰ ਦੁਖੀ ਕਰਨਾ ਸਿਆਣਪ ਨਹੀਂ ਹੈ। ਅਕਾਲਪੁਰਖ ਨੂੰ ਪਿਤਾ ਨੂੰ ਸਭ ਦੀ ਚਿੰਤਾ ਹੈ। ਉਹ ਤਾਂ ਪੱਥਰ ਵਿਚ ਪਏ ਕੀੜੇ ਨੂੰ ਵੀ ਰੋਜ਼ੀ ਦਿੰਦਾ ਹੈ। ਗੁਰਦੇਵ ਕਹਿੰਦੇ ਹਨ:-

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥3

ਅਸੀਂ ਵੇਖ ਰਿਹਾ ਜਾਂ ਸਕਦਾ ਹੈ ਮਾਨਸਿਕ ਰੋਗ, ਦੁੱਖ ਕਿਤੇ ਆਧੁਨਿਕ ਵਿਚ ਖਾਸ ਤੌਰ ਵਧਦੇ ਜਾਪਦੇ ਦੁੱਖ ਹਨ। ਜਿਹੜਾ ਮਨੁੱਖ ਆਪਣੀਆਂ ਇੱਛਾਵਾਂ ਨੂੰ ਨਹੀਂ ਰੋਕ ਸਕਦਾ, ਇੰਦ੍ਰੀਆਂ ਨੂੰ ਵੱਸ ਕਰਨ ਵਿਚ ਅਸਮਰਥ ਹੈ, ਜਿਨ੍ਹਾਂ ਵਿਚ ਉਸੇ ਨੂੰ ਭਲੇ ਬੁਰੇ ਦੀ ਪਹਿਚਾਣ ਨਹੀਂ ਰਹਿੰਦੀ, ਉਸ ਵਿਚ ਅਤੇ ਪਸ਼ੂ ਵਿਚ ਅੰਤਰ ਨਹੀਂ, ਉਹ ਦੁੱਖਾਂ ਦੀ ਪਕੜ ਵਿਚੋਂ ਨਿਕਲ ਨਹੀਂ ਸਕਦਾ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 188
2. ਉਹੀ, ਪੰਨਾ 1019
3. ਉਹੀ, ਪੰਨਾ 955

ਦੋਹਾ ਅਧਿਕਾਰੀ

ਠਰਮ ਸਿਪਾਤ ਅਤੇ ਕਾਰਾਵਕਰ

ਭਾਰਤ ਦੀਆਂ ਸਾਰੀਆਂ ਵਰਤਮਾਨ ਪ੍ਰਣਾਲੀਆਂ ਤੇ ਸੰਪਰਦਾਵਾਂ ਵਿੱਚ ਕਰਮ ਅਤੇ ਆਵਾਗਵਣ ਦਾ ਵਿਚਾਰ ਮੌਜੂਦ ਹੈ। ਇਹ ਸਿਧਾਂਤ ਉਨ੍ਹਾਂ ਹੀ ਪੁਰਾਣਾ ਹੈ ਜਿੰਨੀ ਮਨੁੱਖ ਦੀ ਉਮਰ। ਇਸਦੀ ਪੁਰਾਤਨਤਾ ਬਾਰੇ ਹੈਨਰੀ ਹੇ ਨੇ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ:-

> "ਪੁਨਰ ਜਨਮ ਦੇ ਸਿਧਾਂਤ ਜਿਤਨਾ ਸ਼ਾਇਦ ਹੀ ਕੋਈ ਸਿਧਾਂਤ ਹੋਵੇ ਜਿਸਦੀ ਉਮਰ ਏਨੀ ਲੰਮੀ ਹੋਵੇ।"[1]

<u>ਵੇਦਾਂ ਵਿੱਚ ਕਰਮ ਸਿਧਾਂਤ ਅਤੇ ਆਵਾਗਵਣ:</u>

ਕਰਮ ਅਤੇ ਆਵਾਗਵਣ ਦੇ ਸਿਧਾਂਤ ਦੇ ਮੁਢਲੀਆਂ ਤੌਰ ਵੇਦਾਂ ਵਿੱਚ ਪ੍ਰਚਲਤ ਬਲੀਦਾਨਿਕ ਰਸਮਾਂ ਅਤੇ ਗੀਤਾਂ ਦੀ ਸ਼ਕਲ ਵਿੱਚ ਮਿਲਦੇ ਹਨ। ਜਿਥੇ ਜਿਥੇ ਕਰਮ ਦਾ ਸਿਧਾਂਤ ਜ਼ਿਕਰ ਵੀ ਹੈ; ਯਜੁਰਵੇਦ ਦਾ ਵਿਸ਼ਾ ਯੱਗ ਹੈ। ਇਹ ਕਾਮਨਾਵਾਂ ਪੂਰੀਆਂ ਹੋਣੀਆਂ ਦੀ ਸੁੰਦਰ ਆਦਰਸ਼ ਪੇਸ਼ ਕਰਦਾ ਹੈ। ਇਸ ਵਿਚ ਲਿਖਿਆ ਹੈ:-

> "ਕਰਮ ਕਰਦਿਆਂ ਹੋਇਆਂ ਹੀ ਮਨੁੱਖ ਨੂੰ ਸੌ ਵਰ੍ਹੇ ਜੀਉਣ ਦੀ ਕਾਮਨਾ ਕਰਨੀ ਚਾਹੀਦੀ ਹੈ। ਮਨੁੱਖ ਦਾ ਜੀਵਨ ਕਰਮ ਕਰਨ ਲਈ ਹੀ ਹੈ, ਇਸ ਤਰ੍ਹਾਂ ਕਰਨ ਨਾਲ ਮਨੁੱਖ ਕਰਮ-ਚੱਕਰ ਵਿਚ ਨਹੀਂ ਫਸਦਾ।"[2]

ਸਾਮ ਵੇਦ ਵਿੱਚ ਲਿਖਿਆ ਹੈ:-

> "ਉਪਾਸਨਾ ਕਰਨ ਲਈ ਪਹਿਲਾਂ ਗਿਆਨ ਦੀ ਆਵੱਸ਼ਕਤਾ ਹੈ। ਫਿਰ ਮਨੁੱਖ ਨੂੰ ਉਸੇ ਅਨੁਸਾਰ ਕਰਮ ਕਰਨਾ ਪੈਂਦਾ ਹੈ। ਅਰਥਾਤ ਰਸ ਦੀ ਪ੍ਰਾਪਤੀ ਹੁੰਦੀ ਹੈ। ਉਸਦੇ ਕਰਮ ਨੂੰ ਫਲ ਲੱਗਦਾ ਹੈ। ਇਹ ਫਲ ਆਨੰਦਮਈ ਹੈ।"[3]

---

1. Henry Haigh, <u>Some Leading Ideas of Hinduism</u>, p. 12
2. ਡਾਕਟਰ ਸਿੰਘ ਰਾਮ, <u>ਚਾਰੇ ਵੇਦ ਕੇਹੇ ਸਵਿਚਾਰ</u>, ਪੰਨਾ 39
3. ਉਹੀ, ਪੰਨਾ 48

ਕਰਮ ਕਰਦਿਆਂ ਹੋਇਆਂ ਉਨ੍ਹਾਂ ਦੇ ਮਾੜੇ ਫਲ ਤੋਂ ਬਚਣ ਲਈ ਵੈਦਿਕ ਲੋਕ ਆਪਣੇ ਦੇਵਤਿਆਂ ਅੱਗੇ ਪ੍ਰਾਰਥਨਾ ਕਰਦੇ ਹਨ। ਅਥਰਵ ਵੇਦ ਵਿੱਚ ਲਿਖਿਆ ਹੈ:-

> "ਸਾਨੂੰ ਸਾਡੇ ਪਿਤਰਾਂ ਦੇ ਗੁਨਾਹਾਂ ਤੋਂ ਅਤੇ ਸਾਡੇ ਗੁਨਾਹਾਂ ਤੇ ਸਾਡੇ ਪਾਪ ਜੋ ਅਸੀਂ ਇਸ ਸਰੀਰ ਵਿੱਚ ਰਹਿੰਦੇ ਕੀਤੇ ਹਨ, ਤੋਂ ਬਚਾਉ।"[1]

ਇਨਾਮ ਅਤੇ ਸਜ਼ਾ 'ਕਰਮ ਤੇ ਆਵਾਗਵਨ' ਅਰਥਾਤ ਕਰਮਾਂ ਕਰਕੇ ਦੁੱਖ-ਸੁੱਖ ਮਿਲਣ ਦਾ ਵਿਚਾਰ ਵੇਦਾਂ ਵਿੱਚ ਮਿਲਦਾ ਹੈ। ਰਿਗਵੇਦ ਵਿੱਚ ਲਿਖਿਆ ਹੈ:-

> "ਪਾਪੀ ਹਮੇਸ਼ਾ ਲਈ ਖ਼ਤਮ ਹੋ ਜਾਂਦਾ ਹੈ ਅਤੇ ਗੁਣਵਾਨ ਅਮਰ ਹੋ ਜਾਂਦਾ ਹੈ।"[2]

ਉਹ ਲੋਕ ਜੀਵਾਤਮਾ ਨੂੰ ਅਮਰ ਮੰਨਦੇ ਸਨ। ਇਥੇ ਪਾਪੀ ਦਾ ਖ਼ਤਮ ਹੋਣਾ, ਇਸ ਦੁਨੀਆਂ ਵਿਚੋਂ ਉਸਦਾ ਸਮੇਂ-ਸਥਾਨ ਖ਼ਤਮ ਹੋਣਾ ਹੈ ਅਤੇ ਗੁਣਵਾਨ ਨੂੰ ਦੁਨੀਆਂ ਯਾਦ ਕਰਦੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ।

> "ਜੀਵਆਤਮਾ ਮੌਤ ਦੇ ਬਾਅਦ ਯਮਲੋਕ ਵਿਚ ਪਹੁੰਚਕੇ ਆਪਣੇ ਕਰਮਾਂ ਅਨੁਸਾਰ ਸਵਰਗ ਆਦਿ ਵਿਚ ਸਥਾਨ ਪਾਉਂਦੀ ਹੈ।"[3]

ਪਾਪੀ ਆਤਮਾ ਦਾ ਨਰਕ ਵਿੱਚ ਪੈਣ ਦਾ ਵੀ ਸੰਕੇਤ ਹੈ। ਜੋ ਸਭ ਤੋਂ ਪੁਰਾਤਨ ਲਿਖਤੀ ਸਾਹਿਤ ਵੇਦਾਂ ਵਿੱਚ ਇਸਦਾ ਜ਼ਿਕਰ ਮਿਲ ਜਾਂਦਾ ਹੈ।

---

1. Dr. Radhakrishnan, Indian Philosophy, p. 78

2. Dr. Raghbir Singh, The concepts of Karma and Transmigration as revealed in the poetry of Guru Nanak in the background of Ancient & Medieval Indian Thought, p. 22

3. ਵਿਸ਼ਵੇਸ਼ਵਰਾਨੰਦ ਵੇਦ, ਰਿਗਵੇਦ ਪਰ ਏਕ ਇਤਿਹਾਸਿਕ ਦ੍ਰਿਸ਼ਟੀ, ਪੰਨਾ 207

## ਉਪਨਿਸ਼ਦਾਂ ਵਿੱਚ ਕਰਮ ਸਿਧਾਂਤ ਅਤੇ ਆਵਾਗਵਣ :-

ਉਪਨਿਸ਼ਦਾਂ ਵਿੱਚ ਕਰਮ ਅਤੇ ਆਵਾਗਵਣ ਦਾ ਸਿਧਾਂਤ ਪੂਰੀ ਤਰ੍ਹਾਂ ਵਿਕਸਿਤ ਹੋਇਆ ਹੈ। ਚੰਗੇ ਕਰਮਾਂ ਦਾ ਚੰਗਾ ਫਲ (ਸੁੱਖ) ਅਤੇ ਮੰਦੇ ਕਰਮਾਂ ਦਾ ਮੰਦਾ ਫਲ (ਦੁੱਖ) ਅਤੇ ਜਨਮ-ਜਨਮਾਂਤਰ ਦਾ ਚੱਕਰ ਪ੍ਰਾਪਤ ਹੁੰਦਾ ਹੈ। ਇਨਸਾਨ ਚੰਗਾ ਅਤੇ ਮੰਦਾ ਆਪਣੇ ਕਰਮਾਂ ਕਰਕੇ ਬਣਦਾ ਹੈ। ਹਰੇਕ ਛੋਟੇ ਤੋਂ ਛੋਟਾ ਕੰਮ ਜੋ ਆਪਣੀ ਇੱਛਾ ਅਨੁਕੂਲ ਹੋਣਾ ਹੁੰਦਾ ਹੈ, ਆਚਰਣ ਤੇ ਅਸਰ ਪਾਉਂਦਾ ਹੈ। ਛਾਂਦੋਗਯ ਉਪਨਿਸ਼ਦ ਵਿਚ ਇਉਂ ਵਰਣਨ ਹੋਇਆ ਮਿਲਦਾ ਹੈ:-

> "ਜਿਨ੍ਹਾਂ ਦਾ ਆਚਰਣ ਚੰਗਾ ਹੁੰਦਾ ਹੈ, ਉਹ ਜਲਦੀ ਹੀ ਚੰਗਾ ਬ੍ਰਾਹਮਣ, ਖੱਤਰੀ ਵੈਸ਼ ਦਾ ਜਨਮ ਪਾ ਲੈਂਦੇ ਹਨ। ਪਰ ਜਿਨ੍ਹਾਂ ਦਾ ਆਚਰਣ ਬੁਰਾ ਹੁੰਦਾ ਹੈ, ਉਹ ਸੂਰਾਂ ਕੁੱਤਿਆਂ ਦੀ ਜੂਨੇਂ ਪੈਂਦੇ ਹਨ।"[1]

ਮੁੰਡਕ ਉਪਨਿਸ਼ਦ ਵਿਚ ਲਿਖਿਆ ਹੈ:-

> "ਮਨੁੱਖੀ ਇੱਛਾਵਾਂ ਜਨਮ ਦਾ ਕਾਰਣ ਹਨ। ਇੱਛਾ ਵਾਸ਼ਨਾਵਾਂ ਬਣਾਉਂਦੀ ਹੈ ਅਤੇ ਵਾਸ਼ਨਾ ਵਸ਼ ਪੁਰਸ਼ ਜਨਮਾਂ ਨੂੰ ਨਿਸ਼ਚਿਤ ਕਰਦਾ ਹੈ।"[2]

ਇਥੇ ਕਰਮ ਅਤੇ ਆਵਾਗਵਣ ਦਾ ਸਿਧਾਂਤ 'ਜੇਹਾ ਬੀਜੇ ਤੇਹਾ ਫਲ ਪਾਵੇਗੇ' ਦੇ ਸਿਧਾਂਤ ਨਾਲ ਮੇਲ ਖਾਂਦਾ ਹੈ। ਈਸ਼ੋਪਨਿਸ਼ਦ ਵਿੱਚ ਲਿਖਿਆ ਹੈ:-

> "ਆਪਣੀ ਕਾਮਨਾ ਅਤੇ ਸੰਕਲਪਾਂ ਦੇ ਆਧਾਰ ਉਤੇ ਜੋ ਕਰਮ ਹੁੰਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। . . . ਹੇ ਮਨੁੱਖ! ਇਸ ਸੰਸਾਰ ਵਿੱਚ ਕਰਮਾਂ ਨੂੰ ਕਰਦਾ ਹੋਇਆ ਸੌ ਵਰ੍ਹੇ ਤੱਕ ਜੀਣ ਦੀ ਇੱਛਾ ਕਰ। ਇਸ ਤਰ੍ਹਾਂ ਤੂੰ ਕਰਮਾਂ ਵਿੱਚ ਖੁਭਿਆ ਨਹੀਂ ਰਹੇਗਾ।"[3]

---

1. Dr. Raghbir Singh, The Concepts of Karma [illegible] d Tr[illegible] as revealed in the poetry of Guru Nanak in t[illegible] b[illegible] ourn[illegible] of Ancient & Medieval Indian Thought, p. 27

2. Ibid, p. 30

3. ਸਤਯਮੋਹਨ, ਈਸ਼ੋਪਨਿਸ਼ਦ ਵਿਦਿਆ ਦਾ ਵਿਵੇਚਨ, ਪੰਨਾ 43

ਇਥੇ ਜੋ ਵਧੇ ਤੌਰ ਜੈਬੁਟ ਦਾ ਇੱਕ ' ਤੋਂ ਭਾਵ ਇਹ ਲਿਆ ਹੈ ਕਿ ਸੰਸਾਰ ਦੇ ਸਾਰੇ ਸੁੱਖਾਂ ਦਾ ਸਾਹਮਣਾ ਪੇਸ਼ ਨਾਲ ਕਰਨਾ ਅਤੇ ਫਰ ਕੇ ਇਸ ਸੰਸਾਰ ਨੂੰ ਛੱਡਣ ਦਾ ਖ਼ਿਆਲ ਮਨ ਵਿੱਚ ਨਾ ਲਿਆਉਣਾ ਹੈ। ਚੰਗੇ ਕਰਮ ਕਰਨ ਦੀ ਪ੍ਰੇਰਣਾ ਮਿਲਦੀ ਹੈ। ਕਿਉਂਕਿ ਸੁੱਖਾਂ ਦੀ ਪ੍ਰਾਪਤੀ ਚੰਗੇ ਕਰਮਾਂ ਸਦਕਾ ਹੀ ਹੁੰਦੀ ਹੈ:-

> "ਮਨੁੱਖ ਨੂੰ ਸੁੱਖ ਦੀ ਪ੍ਰਾਪਤੀ ਚੰਗੇ ਕਰਮਾਂ ਕਰਕੇ ਹੀ ਹੁੰਦੀ ਹੈ, ਪਰ ਚੰਗੇ ਕਰਮ ਕਰਨਾ ਤਾਂ ਹੀ ਸੰਭਵ ਹੈ, ਜੇ ਮਨੁੱਖ ਗਿਆਨ-ਪੂਰਵਕ ਕਰਮ ਕਰੇ। ਗਿਆਨ-ਪੂਰਵਕ ਸ਼ੁਭ ਕਰਮ ਕਰਦਾ ਹੋਇਆ ਮਨੁੱਖ ਇਤਨੀ ਉੱਨਤੀ ਕਰ ਲੈਂਦਾ ਹੈ ਕਿ ਪਰਮ ਗਿਆਨ ਅਰਥਾਤ ਆਤਮਾ ਅਤੇ ਪ੍ਰਮਾਤਮਾ ਦੇ ਗਿਆਨ ਤੱਕ ਪਹੁੰਚਕੇ ਪਰਮਸੁੱਖ ਪ੍ਰਾਪਤ ਕਰ ਲੈਂਦਾ ਹੈ।"[1]

ਉਪਨਿਸ਼ਦਾਂ ਵਿੱਚ ਕਰਮ ਕਰਨ ਵਿੱਚ ਮਨੁੱਖ ਨੂੰ ਸੁਤੰਤਰ ਮੰਨਿਆ ਹੈ। ਜਿਸ ਤਰ੍ਹਾਂ ਇਕ ਪੰਛੀ ਆਪਣੇ ਆਪ ਨੂੰ ਜਾਲ ਵਿੱਚ ਫਸਾ ਲੈਂਦਾ ਹੈ, ਉਸੇ ਤਰ੍ਹਾਂ ਹੀ ਮਨੁੱਖ ਆਪਣੇ ਆਪ ਨੂੰ ਕਰਮਾਂ ਦੇ ਬੰਧਨ ਵਿੱਚ ਬੰਨ੍ਹ ਲੈਂਦਾ ਹੈ। ਪਰ ਜੇ ਉਹ ਗਿਆਨ ਪੂਰਵਕ ਚੰਗੇ ਕਰਮ ਕਰੇ ਤਾਂ ਮੁਕਤੀ ਪ੍ਰਾਪਤ ਕਰਦਾ ਹੈ।

ਜੈਨ ਵਿੱਚ ਕਰਮ ਅਤੇ ਪੁਨਰ ਜਨਮ:- ਜੈਨ ਮੱਤ ਵਿੱਚ ਭੀ ਕਰਮਾਂ ਨੂੰ ਰੂਹ ਦੇ ਬੰਧਨ ਦਾ ਕਾਰਣ ਮੰਨਿਆ ਹੈ। ਆਦਮੀ ਜਿੰਨਾ ਰੂਪ ਤੇ ਕਿਰਿਆ ਰਹਿਤ ਹੋ ਕੇ ਰਹਿੰਦਾ ਹੈ ਉਤਨਾ ਹੀ ਉਹ ਪਾਪ ਰਹਿਤ ਹੈ। ਇਹ ਜੈਨ ਧਰਮ ਦਾ ਮੁੱਖ ਸਿਧਾਂਤ ਹੈ:-

> "ਕਰਮ ਕਰਨ ਤੋਂ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਸ ਵਿੱਚ ਫਸੇ ਹੋਏ ਲੋਕ ਕਦਾਚਿਤ ਦੁੱਖ ਤੇ ਪਾਪ ਤੋਂ ਬਚ ਨਹੀਂ ਸਕਦੇ। ਕਰਮ ਹੀ ਮਨੁੱਖ ਦੀ ਮੌਤ ਦਾ ਕਾਰਣ ਹੈ।"[2]

ਬੁੱਧ ਧਰਮ ਵਿੱਚ ਕਰਮ ਅਤੇ ਪੁਨਰ-ਜਨਮ

ਬੋਧੀ ਫ਼ਿਲਾਸਫ਼ੀ ਵਿੱਚ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਮਹੱਤਵਪੂਰਣ ਹੈ। ਕਰਮ ਸਿਧਾਂਤ ਕਾਰਣ ਅਤੇ ਅਸਰ ਦਾ ਸਿਧਾਂਤ ਹੈ। ਭਾਵ ਹਰ ਘਟਨਾ ਪਹਿਲੇ ਕਾਰਣਾਂ ਦਾ

---

1. ਵਿਦਿਆ-ਵਿਦਿਆ ਵਾਚਸਪਤੀ, ਈਸ਼ੋਪਨਿਸ਼ਦ ਭਾਸ਼ਯ, ਪੰਨਾ 71
2. ਭਗਤ ਸਿੰਘ ਹੀਰਾ, ਗੁਰਮਤ ਵਿਚਾਰਧਾਰਾ, ਪੰਨਾ 131

ਨਤੀਜਾ ਹੁੰਦੀ ਹੈ ਅਤੇ ਆਉਣ ਵਾਲੇ ਨਤੀਜਿਆਂ ਲਈ ਕਾਰਣ ਬਣਦੀ ਹੈ। ਕਰਮ ਇਕ ਜ਼ਿੰਦਗੀ ਅਤੇ ਦੂਜੀ ਜ਼ਿੰਦਗੀ ਵਿਚਕਾਰ ਕੜੀ ਹਨ। ਕਿਸੇ ਵੀ ਜੀਵ ਦੀ ਮੌਤ ਪਿੱਛੋਂ ਕਰਮਾਂ ਤੋਂ ਬਿਨਾਂ ਕੁਝ ਨਹੀਂ ਰਹਿ ਜਾਂਦਾ।

ਇਸ ਧਰਮ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਮਨੁੱਖ ਦਾ ਉਦੇਸ਼ ਆਵਾਗਵਣ ਦੇ ਚੱਕਰ ਤੋਂ ਛੁਟਕਾਰਾ ਪਾਉਣਾ ਹੈ। ਬੁੱਧ ਨੇ ਕਰਮ ਨੂੰ ਕਰਮਕਾਂਡ ਦਾ ਰੂਪ ਨਹੀਂ ਦਿੱਤਾ, ਬਲਕਿ ਨੈਤਿਕ ਕਰਮ ਕਿਹਾ ਹੈ। ਇਸ ਲੋਕ ਵਿੱਚ ਕੀਤੇ ਗਏ ਪੁੰਨਾਂ ਤੋਂ ਪਰਲੋਕ ਵਿਚ ਅਨੰਦ ਅਤੇ ਕੀਤੇ ਪਾਪਾਂ ਤੋਂ ਦੁੱਖ ਮਿਲਦਾ ਹੈ। ਧਮਪਦ ਵਿੱਚ ਲਿਖਿਆ ਹੈ:-

> "ਕੁਝ ਬੰਦੇ ਜਨਮ ਮਰਨ ਦੇ ਗੇੜ ਵਿਚ ਪੈਂਦੇ ਹਨ, ਪਾਪੀ ਨਰਕਾਂ ਨੂੰ ਜਾਂਦੇ ਹਨ, ਧਰਮਾਤਮਾ ਸੁਰਗ ਦੇ ਪਾਸੇ ਜਾਂਦੇ ਹਨ ਤੇ ਵਿਕਾਰਹੀਣ ਪਰਿਨਿਰਵਾਣ ਨੂੰ ਪ੍ਰਾਪਤ ਹੁੰਦੇ ਹਨ।"[1]

ਇਥੋਂ ਸਪਸ਼ਟ ਹੁੰਦਾ ਹੈ ਕਿ ਬੁੱਧ ਧਰਮ ਵਿੱਚ ਪੁਨਰ ਜਨਮ, ਨਰਕ-ਸਵਰਗ ਅਤੇ ਪਰਮਾਰਥ ਸਤਿ ਤੇ ਵਿਸ਼ਵਾਸ਼ ਕੀਤਾ ਹੈ। ਬੁੱਧ ਨੇ ਈਸ਼ਵਰ ਦੀ ਸੱਤਾ ਅਤੇ ਆਤਮਾ ਦੀ ਹੋਂਦ ਨੂੰ ਨਾ ਮੰਨਕੇ ਕਰਮ ਦੇ ਸਿਧਾਂਤ ਨੂੰ ਸੰਸਾਰ-ਵਿਆਪੀ ਮੰਨਿਆ ਹੈ। ਰਾਈਸ ਡੇਵਿਡ ਲਿਖਦੇ ਹਨ:-

> "ਗੌਤਮ ਬੁੱਧ ਨੇ ਇਹ ਕਿਹਾ ਹੈ ਕਿ ਹਰੇਕ ਪ੍ਰਾਣੀ ਭਾਵੇਂ ਉਹ ਮਨੁੱਖ ਹੈ ਜਾਂ ਨਹੀਂ, ਦੇ ਮਰਨ ਪਿੱਛੋਂ ਪ੍ਰਾਣੀ ਦੇ ਕਰਮਾਂ ਤੋਂ ਛੁੱਟ ਹੋਰ ਕੁਝ ਨਹੀਂ ਰਹਿ ਜਾਂਦਾ। ਇਹ ਕਰਮ ਉਸਦੇ ਮਾਨਸਿਕ ਅਤੇ ਸਰੀਰਕ ਕਰਮਾਂ ਦਾ ਹੀ ਨਤੀਜਾ ਹਨ।"[2]

ਡਾ. ਰਘਬੀਰ ਸਿੰਘ ਨੇ ਲਿਖਿਆ ਹੈ:-

> "ਬੁੱਧ ਧਰਮ ਵਿੱਚ ਕਰਮ ਦਾ ਸਿਧਾਂਤ ਮਨੁੱਖੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਨ ਵਾਲਾ ਹੈ ਜੋ ਕਿ ਸੰਸਾਰ ਵਿੱਚ ਈਸ਼ਵਰ ਦੀ ਥਾਂ ਲੈਂਦਾ ਹੈ। ਇਸ ਧਰਮ ਵਿੱਚ ਕਰਮ, ਜੋ ਇਕ ਵਾਰ ਕਰ ਲਿਆ, ਦਾ ਅਸਰ ਹੁੰਦੇ

---

1. ਐਮ.ਐਲ., ਸੋਬਤੀ, ਧਮਪਦ, ਪੰਨਾ 126
2. T.W. Rhys Davids, Origin & Growth of Religion- Indian Buddhism, p. 36.

ਤੱਕ ਪ੍ਰਾਪਤ ਨਹੀਂ ਹੁੰਦਾ, ਜਦੋਂ ਤੱਕ ਨਤੀਜਾ ਦਾ ਭੋਗ ਲਵੇ। ਪ੍ਰੰਤੂ ਕੀ ਕੋਈ ਮੁਕਤੀ ਇਸਨੂੰ ਨਤੀਜਾ ਭੋਗਣ ਤੋਂ ਰੋਕ ਨਹੀਂ ਸਕਦੀ।"[1]

ਪੁਨਰ ਜਨਮ ਦਾ ਮੁਕਣਾ ਮੋਖ ਨੂੰ ਮੰਨਿਆ ਹੈ। ਇਹੀ ਦੁੱਖ ਦਾ ਕਾਰਣ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਬੁੱਧ ਧਰਮ ਤ੍ਰਿਸ਼ਨਾ ਨੂੰ ਹੀ ਸਾਰੇ ਦੁੱਖਾਂ ਦਾ ਮੂਲ ਮੰਨਦੇ ਹਨ। ਧਮਪੱਦ ਵਿੱਚ ਲਿਖਿਆ ਹੈ:-

> "ਜਗਤ ਵਿੱਚ ਪਏ ਮਨੁੱਖ ਦੀ ਤ੍ਰਿਸ਼ਨਾ "ਮਾਲੂਆ" ਵੇਲ ਵਾਂਗ ਵਧਦੀ ਹੈ, ਉਹ ਜੰਗਲ ਵਿੱਚ ਭਟਕਣ ਵਾਲੇ ਫਲ ਦੇ ਇੱਛੁਕ ਬਾਂਦਰ ਵਾਂਗ ਇਕ ਜਨਮ ਤੋਂ ਦੂਜੇ ਜਨਮ ਤੱਕ ਭਟਕਦਾ ਫਿਰਦਾ ਹੈ।"[2]

ਜਨ ਨੂੰ ਚੰਗੇ ਕਰਮਾਂ ਵੱਲ ਪ੍ਰੇਰਣ ਲਈ ਬੁੱਧ ਨੇ ਅਸ਼ਟਾਂਗ ਮਾਰਗ ਦੱਸਿਆ ਹੈ ਤਾਂ ਜੋ ਮਾਨਵ ਬੁਰੇ ਕਰਮਾਂ ਤੋਂ ਬਚ ਕੇ ਨਿਰਵਾਣ ਪ੍ਰਾਪਤ ਕਰ ਸਕੇ।

<u>ਗੀਤਾ ਅਨੁਸਾਰ ਕਰਮ ਸਿਧਾਂਤ ਅਤੇ ਆਵਾਗਵਣ</u>

ਕਰਮ ਗੀਤਾ ਦਾ ਪ੍ਰਮੁੱਖ ਵਿਸ਼ਾ ਹੈ। ਇਥੇ ਕਰਮ ਨੈਤਿਕ ਪੱਖ ਧਾਰਣ ਕਰ ਲੈਂਦੇ ਹਨ। ਗੀਤਾ ਵਿੱਚ ਕਰਮ ਦੇ ਸਿਧਾਂਤ ਨੂੰ ਸਪਸ਼ਟ ਕਰਨ ਲਈ ਤਿੰਨ ਨੁਕਤਿਆਂ ਤੇ ਭੇਦ ਕੀਤਾ ਹੈ:-

1. ਕਰਮ 2. ਵਿਕਰਮ ਅਤੇ 3. ਅਕਰਮ

> "'ਕਰਮ' ਦਾ ਮਤਲਬ ਹੈ ਕੰਮ। 'ਵਿਕਰਮ' ਦਾ ਭਾਵ ਕੰਮ ਵਿਚੋਂ ਮੋਹ ਅਤੇ ਸੁਆਰਥ ਦਾ ਨਾ ਹੋਣਾ ਹੈ। 'ਅਕਰਮ' ਦਾ ਭਾਵ ਹੈ ਕੋਈ ਕੰਮ ਨਾ ਕਰਨਾ। ਜਦੋਂ ਹੀ ਕਰਮ ਵਿਕਰਮ ਬਣ ਜਾਂਦੇ ਹਨ, ਇਹ ਆਪਣੇ ਆਪ ਅਕਰਮ ਵਿੱਚ ਬਦਲ ਜਾਂਦੇ ਹਨ ਅਤੇ ਉਨ੍ਹਾਂ ਕਰਮਾਂ ਨੂੰ, ਜੋ ਬੰਧਨ ਦਾ ਕਾਰਣ ਹਨ, ਨੂੰ ਖ਼ਤਮ ਕਰਦੇ ਹਨ।"[3]

---

1. Dr. Raghbir Singh, <u>The Concepts of Karma & Transmigration revealed in the poetry of Guru Nanak in the background of ancient & Medieval Indian Thought</u>, p. 96
2. ਐਮ.ਐਸ. ਸੋਢੀ, ਧਮਪਦ, ਪੰਨਾ 334
3. Mahadev Desai, <u>Gita According to Gandhi</u>, p. 198

ਗੀਤਾ ਅਨੁਸਾਰ ਪ੍ਰਾਪਤੀ ਹੋਰਨਾਂ ਸਾਧਨਾਂ ਨਾਲੋਂ ਸੌਖੇਰੀ ਹੋ ਸਕਦੀ ਹੈ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ:-

"ਜੇ ਤੂੰ ਇਕਾਗਰਤਾ (ਧਾਰਨਾ ਸਾਧਨ) ਪ੍ਰਾਪਤ ਨਹੀਂ ਕਰ ਸਕਦਾ ਤਾਂ ਅਭਿਆਸ ਕਰ। ਪਰ ਜੇ ਤੂੰ ਅਭਿਆਸ ਦੁਆਰਾ ਵੀ ਪ੍ਰਾਪਤ ਨਹੀਂ ਕਰ ਸਕਦਾ ਤਾਂ ਮੇਰੇ ਲਈ ਕਰਮ ਕਰਨੇ ਸਿੱਧੀ ਪ੍ਰਾਪਤ ਕਰ ਸਕਦਾ ਹੈਂ।"[1]

ਇਸ ਕ੍ਰਮ ਵਿੱਚ ਇਹ ਕਰਮ ਤਿੰਨ ਪ੍ਰਕਾਰ ਦੀ ਪ੍ਰਕਿਰਤੀ ਅਧੀਨ ਹੁੰਦੇ ਦੱਸੇ ਹਨ (1) ਸਾਤਵਿਕ (2) ਰਾਜਸਿਕ (3) ਤਾਮਸਿਕ।

"ਜਿਥੇ ਫਲ ਦੀ ਇੱਛਾ ਨਹੀਂ, ਰਾਗ ਦ੍ਵੇਸ਼ ਨਹੀਂ, ਉਹ ਕਰਮ 'ਸਾਤਵਿਕ' ਹੈ। ਜਿਥੇ ਫਲ ਦੀ ਇੱਛਾ ਹੈ, ਮੈਂ ਕਰਦਾ ਹਾਂ, ਇਹ ਅਭਿਮਾਨ ਹੈ, ਅਤੇ ਇਸ ਕਰਕੇ ਕ੍ਰਿਤ ਹੈ, ਉਹ 'ਰਾਜਸ' ਕਰਮ ਹੈ। ਜਿਥੇ ਨਾ ਨਤੀਜੇ ਦਾ, ਨਾ ਹਾਨੀ ਦਾ, ਨਾ ਹਿੰਸਾ ਅਤੇ ਸ਼ਕਤੀ ਦਾ ਵਿਚਾਰ ਹੈ ਅਤੇ ਜੋ ਮੋਹ ਵੱਸ ਕੀਤਾ ਜਾਂਦਾ ਹੈ, ਉਹ 'ਤਾਮਸ' ਕਰਮ ਹੈ।"[2]

ਆਵਾਗਵਣ ਦੇ ਸਿਧਾਂਤ ਨੂੰ ਵੀ ਗੀਤਾ ਵਿੱਚ ਪੂਰੇ ਤੌਰ ਤੇ ਮੰਨਿਆ ਗਿਆ ਹੈ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ:-

"ਕਿ ਹੇ ਅਰਜਨ ਤੇਰੇ ਅਤੇ ਮੇਰੇ ਅਨੇਕ ਜਨਮ ਹੋ ਚੁੱਕੇ ਹਨ, ਪਰ ਤੂੰ ਉਨ੍ਹਾਂ ਸਾਰਿਆਂ ਨੂੰ ਨਹੀਂ ਜਾਣਦਾ ਅਤੇ ਮੈਂ ਉਨ੍ਹਾਂ ਜਨਮਾਂ ਨੂੰ ਜਾਣਦਾ ਹਾਂ।"[3]

"ਜੋ ਜਨਮਿਆ ਹੈ ਨਿਸਚੇ ਹੀ ਉਸਦੀ ਮੌਤ ਹੋਵੇਗੀ ਅਤੇ ਮਰਨ ਵਾਲੇ ਦਾ ਨਿਸਚੇ ਹੀ ਜਨਮ ਹੋਵੇਗਾ। ਇਸ ਲਈ ਜਿਹੜੀ ਮੌਤ ਟਲ ਨਹੀਂ ਸਕਦੀ ਉਸ ਲਈ ਸ਼ੋਕ ਨਹੀਂ ਕਰਨਾ ਚਾਹੀਦਾ।"[4]

---

1. Mahadev Desai, Gita According to Gandhi, p. 307
2. ਮੁਸਾਫ਼ਿਰ ਗੁਰਮੁਖ ਸਿੰਘ, ਗਾਂਧੀ ਗੀਤਾ, ਪੰਨਾ 227
3. ਉਹੀ, ਪੰਨਾ 90
4. ਉਹੀ, ਪੰਨਾ 57

> "ਜਿਸ ਤਰ੍ਹਾਂ ਮਨੁੱਖ ਪੁਰਾਣੇ ਕੱਪੜੇ ਉਤਾਰਕੇ ਨਵੇਂ ਪਹਿਨਦਾ ਹੈ, ਉਸੇ ਤਰ੍ਹਾਂ ਇਹ ਜੀਵਾਤਮਾ ਪੁਰਾਣੇ ਸਰੀਰ ਨੂੰ ਤਿਆਗ ਕੇ ਨਵਾਂ ਸਰੀਰ ਅਪਣਾ ਲੈਂਦੀ ਹੈ।"[1]

ਇਸ ਜਨਮ ਮਰਣ ਦੇ ਚੱਕਰ ਤੋਂ ਮੁਕਤੀ ਉਦੋਂ ਮਿਲਦੀ ਹੈ, ਜਦੋਂ ਸਾਰੇ ਕਿਸਮ ਦੇ ਕਰਮ (ਸੰਚਿਤ, ਪ੍ਰਾਰਬਧ, ਅਤੇ ਆਗਾਮੀ) ਖ਼ਤਮ ਹੋ ਜਾਂਦੇ ਹਨ। ਇਸ ਤਰ੍ਹਾਂ ਗੀਤਾ ਕਰਮਾਂ ਨੂੰ ਤਿੰਨ ਭਾਗਾਂ ਵਿਚ ਵੰਡਦੀ ਹੈ।

## ਸ਼ਾਸਤਰਾਂ ਅਨੁਸਾਰ ਕਰਮ ਸਿਧਾਂਤ ਅਤੇ ਆਵਾਗਵਣ

ਸ਼ਾਸਤਰਾਂ ਵਿਚ ਵੀ ਕਰਮ ਸਿਧਾਂਤ ਅਤੇ ਆਵਾਗਵਣ ਦੇ ਪੱਖ ਤੇ ਗੌਰ ਕੀਤਾ ਗਿਆ ਹੈ। ਪਰ ਸਾਂਖ ਸ਼ਾਸਤਰ ਵਿਚ ਕਰਮਾਂ ਨੂੰ ਆਤਮਾ ਦੇ ਬੰਧਨ ਦਾ ਕਾਰਣ ਮੰਨਣ ਤੋਂ ਇਨਕਾਰ ਕੀਤਾ ਹੈ ਕਿਉਂਕਿ ਕਰਮ ਸਰੀਰ ਦੁਆਰਾ ਹੁੰਦਾ ਹੈ, ਆਤਮਾ ਦੁਆਰਾ ਨਹੀਂ। ਲਿਖਿਆ ਹੈ:-

> "ਆਤਮਾ, ਕਰਮ ਕਰਨ ਦੇ ਲਈ ਦੇਹ ਅਤੇ ਅੰਤਹਕਰਣ ਦੇ ਨਾਲ ਸੰਬੰਧ ਜੋੜ ਕੇ ਸੰਸਾਰ ਵਿਚ ਪ੍ਰਵਿਰਤ ਹੁੰਦੀ ਹੈ ਅਤੇ ਉਹ ਸੰਬੰਧ ਹੀ ਬੰਧਨ ਰੂਪ ਹੈ, ਤਦ ਸੰਸਾਰ ਵਿਚ ਦੇਹ ਵਾਲਾ ਕਰਮ ਆਪਣੇ ਤੋਂ ਪਹਿਲੇ ਉਪਸਥਿਤ ਬੰਧਨ ਦਾ ਕਾਰਣ ਨਹੀਂ ਹੋ ਸਕਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਕਰਮ ਆਤਮਾ ਦੇ ਬੰਧਨ ਦਾ ਕਾਰਣ ਨਹੀਂ ਹੋ ਸਕਦੇ।"[2]

ਜਨਮ ਲੈਣਿਆਂ ਦੀ ਬਾਰੇ ਵਿਚ ਮੁਸੀ ਰੂਮੀ ਦੇ ਸ਼ੇਅਰ ਵਿਚਾਰਨੀ ਯੋਗ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਆਤਮਾ ਨੇ ਪਿਛਲੇ ਜਨਮਾਂ ਵਿਚ ਅਨੇਕ ਪ੍ਰਕਾਰ ਦੇ ਅਨੁਭਵ ਪ੍ਰਾਪਤ ਕੀਤੇ ਹਨ। ਉਨ੍ਹਾਂ ਪ੍ਰਕਾਰਾਂ ਦੇ ਜਾਣਕਾਰ ਬੰਦਾ ਜਨਮ ਸਮੇਂ ਕਠਿਨਾਈਆਂ ਚਲਣਾਂ ਲਗਦਾ ਹੈ। ਜਿਵੇਂ ਕਿ ਦਰਸ਼ਨ ਦੇ ਲੇਖਕਾਂ ਦਾ ਮੱਤ ਹੈ ਕਿ ਮਨੁੱਖ ਕਰਮ ਕਰਨ ਵਿਚ ਸੁਤੰਤਰ ਹੈ, ਪਰ ਫਲ ਭੋਗਣ ਵਿਚ ਪਰਤੰਤਰ ਹੈ। ਕਿਹਾ ਹੈ:-

---

1. ਗੁਰਮੁਖ ਸਿੰਘ ਮੁਸਾਫ਼ਰ, ਗਾਂਧੀ ਗੀਤਾ, ਪੰਨਾ 57
2. ਸ੍ਰੀ ਰਾਮ ਸ਼ਰਮਾ ਆਚਾਰਯ, ਸਾਂਖ ਦਰਸ਼ਨ, ਪੰਨਾ 42

> "ਸੁੱਖ ਜਾਂ ਦੁੱਖ ਦੀ ਪ੍ਰਾਪਤੀ ਨੂੰ ਹੀ ਫਲ ਕਹਿੰਦੇ ਹਨ। ਇਸ ਦੀ ਉਤਪਤੀ ਪ੍ਰਵਿਰਤੀ ਅਤੇ ਦੋਸ਼ ਤੋਂ ਹੁੰਦੀ ਹੈ। ਧਾਰਮਿਕ ਪ੍ਰਵਿਰਤੀ ਤੋਂ ਹੋਣਾ ਕੰਮ ਸੁਖਦਾਇਕ ਅਤੇ ਅਧਾਰਮਿਕ ਪ੍ਰਵਿਰਤੀ ਵਾਲਾ ਕੰਮ ਦੁੱਖ ਉਤਪੰਨ ਕਰਨ ਵਾਲਾ ਹੁੰਦਾ ਹੈ।"[1]

ਯੋਗ ਦਰਸ਼ਨ ਵਿੱਚ ਪੰਜ ਪ੍ਰਕਾਰ ਦੇ ਕਲੇਸ਼ਾਂ (ਅਵਿਦਿਆ, ਆਤਮਾ ਤੇ ਬੁੱਧੀ ਨੂੰ ਅਭੇਦ ਜਾਨਣਾ, ਰਾਗ, ਦ੍ਵੈਸ਼ ਅਤੇ ਅਭਿਨਿਵੇਸ਼ (ਮੌਤ ਦਾ ਡਰ) ਨੂੰ ਕਰਮ ਸੰਸਕਾਰਾਂ ਦੀ ਜੜ੍ਹ ਮੰਨਿਆ ਹੈ ਕਿ ਇਨ੍ਹਾਂ ਦੇ ਕਾਰਣ ਹੀ ਸਕਾਮ ਕਰਮ ਪੈਦਾ ਹੁੰਦੇ ਹਨ। ਇਹ ਕਰਮ [illegible] ਵਿਰਤੀ ਅਧੀਨ ਹੁੰਦੇ ਦਰਸਾਏ ਹਨ। ਜਦੋਂ ਤੱਕ ਯੋਗ ਸਾਧਨਾ ਦੁਆਰਾ ਵਿਵੇਕ (ਪ੍ਰਾਪਤ ਕਰਕੇ) ਰੂਪੀ ਕੁਹਾੜੀ ਨਾਲ ਕਰਮਾਂ ਰੂਪੀ ਬ੍ਰਿਛ ਦੀ ਕਲੇਸ਼ ਰੂਪੀ ਜੜ੍ਹ ਨੂੰ ਕੱਟ ਨਹੀਂ ਦਿੱਤਾ ਜਾਂਦਾ, ਆਵਾਗਵਣ ਦਾ ਚੱਕਰ ਚਲਿਆ ਹੀ ਰਹੇਗਾ। ਇਹ ਕਰਮ ਚਾਰ ਪ੍ਰਕਾਰ ਦੇ ਪਾਪ ਕਰਮ, ਪੁੰਨ ਕਰਮ, ਪਾਪ-ਪੁੰਨ ਕਰਮ ਅਤੇ ਨਿਸ਼ਕਾਮ ਕਰਮ ਮੰਨੇ ਹਨ। ਲਿਖਿਆ ਹੈ:-

> "ਕਰਮ ਕਰਨ ਵਾਲਾ ਇਕ ਬ੍ਰਿਛ ਦੇ ਸਮਾਨ ਹੈ। ਇਸ ਦੀਆਂ ਜੜ੍ਹਾਂ ਅਵਿਦਿਆ ਜਨਿਤ ਕਲੇਸ਼ ਹਨ, ਜਿਸ ਉਤੇ ਜਾਤ, ਆਯੂ ਅਤੇ ਭੋਗ ਤਿੰਨ ਪ੍ਰਕਾਰ ਦੇ ਫਲ ਲੱਗਦੇ ਹਨ। ਇਹ ਫਲ ਤਦ ਤੱਕ ਲੱਗਦੇ ਰਹਿਣਗੇ ਜਦੋਂ ਤੱਕ ਇਸ ਦੀਆਂ ਜੜ੍ਹਾਂ ਕੁਹਾੜੀ ਨਾਲ ਕੱਟਕੇ ਸੁੱਟ ਨਹੀਂ ਦਿੱਤੀਆਂ ਜਾਂਦੀਆਂ।"[2]

ਵੈਸ਼ੇਸ਼ਿਕ ਦਰਸ਼ਨ ਵਿੱਚ ਕਰਮ ਕਰਨ ਲਈ ਚੇਤਨਾ ਅਤੇ ਪ੍ਰਯਤਨ ਦੀ ਅਵੱਸ਼ਕਤਾ ਮੰਨੀ ਹੈ ਕਿਉਂਕਿ ਸੌਂਦੇ ਸਮੇਂ ਵੀ ਸਾਡਾ ਸਰੀਰ ਹਰਕਤ ਕਰਦਾ ਰਹਿੰਦਾ ਹੈ, ਪਰ ਉਸ ਨੂੰ ਕਰਮ ਨਹੀਂ ਮੰਨਦੇ। ਕਰਮ ਆਤਮਾ ਅਤੇ ਮਨ ਦੀ ਪ੍ਰੇਰਣਾ ਨਾਲ ਹੁੰਦਾ ਹੈ। ਜਨਮ ਮਰਨ ਦਾ ਕਾਰਣ ਧਰਮ-ਅਧਰਮ ਵਿਰਤੀ ਅਧੀਨ ਹੁੰਦੇ ਕਰਮ ਕਿਹਾ ਹੈ:-

> "ਧਰਮ-ਅਧਰਮ ਉਤੇ ਹੀ ਜਨਮ ਮਰਨ ਨਿਰਭਰ ਹੈ। ਧਰਮ ਅਤੇ ਅਧਰਮ ਦੋਹਾਂ ਦਾ ਚੱਕਰ ਚੱਲਦੇ ਰਹਿਣ ਕਾਰਣ ਜਨਮ ਮਰਨ ਦਾ ਚੱਕਰ ਚੱਲਿਆ

---

1. ਸ੍ਰੀ ਰਾਮ ਸ਼ਰਮਾ ਆਚਾਰਯ, ਨ੍ਯਾਯ ਦਰਸ਼ਨ, ਪੰਨਾ 34

ਚਾਹੀਦਾ ਹੈ। ਜੇ ਧਰਮ-ਅਧਰਮ ਕਰਮ ਆਦਿ ਨਾ ਰਹਿਣ ਤਾਂ ਭੋਗ ਦੀ ਵੀ ਲੋੜ ਨਾ ਰਹੇ ਅਤੇ ਜਨਮ ਮਰਣ ਵੀ ਸਮਾਪਤ ਹੋ ਜਾਵੇਗਾ।"[1]

ਵੇਦਾਂਤ ਦਰਸ਼ਨ ਵਿੱਚ ਲਿਖਿਆ ਹੈ:-

"ਜੀਵ ਆਪਣੇ ਕਰਮਾਂ ਦੇ ਫਲਸਰੂਪ ਉੱਤਮ ਅਧਮ ਨੀਚ ਜੂਨੀ ਨੂੰ ਪ੍ਰਾਪਤ ਕਰਦਾ ਹੈ ਅਤੇ ਉਸੇ ਤਰ੍ਹਾਂ ਹੀ ਦੁੱਖ-ਸੁੱਖ ਰੂਪੀ ਫਲ ਭੋਗਦਾ ਹੈ।"[2]

ਮਿਮਾਂਸਾ ਵਾਲੇ ਵੀ ਕਰਮ ਨੂੰ ਮਨੁੱਖੀ ਜੀਵਨ ਦਾ ਬਹੁਤ ਜ਼ਰੂਰੀ ਹਿੱਸਾ ਮੰਨਦੇ ਹਨ। ਪਰ ਇਹ ਕਰਮ ਤਾਂ ਹੀ ਸ਼ੁਭ ਹਨ ਜੇ ਨਿਸ਼ਕਾਮ ਅਧੀਨ ਪ੍ਰਮਾਤਮਾ ਦੀ ਪ੍ਰਾਪਤੀ ਲਈ ਕੀਤੇ ਜਾਣ। ਕਰਮ ਬਿਨ੍ਹਾਂ ਗਿਆਨ ਬੇਅਰਥ ਹੈ, ਇਸ ਬਿਨ੍ਹਾਂ ਮੁਕਤੀ ਅਸੰਭਵ ਹੈ ਅਤੇ ਮਨੁੱਖ ਦੀ ਕਿਸਮਤ ਅਧੂਰੀ ਹੈ। ਇਸ ਕਰਕੇ ਨੇਕ ਕਰਮ (ਧਰਮ ਅਨੁਸਾਰ) ਜ਼ਿੰਦਗੀ ਦੀ ਆਤਮਿਕ ਜ਼ਰੂਰਤ ਹਨ:-

"ਜੋ ਕਰਮ ਪ੍ਰਮਾਤਮਾ ਦੀ ਪ੍ਰਾਪਤੀ ਲਈ ਨਹੀਂ ਕੀਤਾ ਜਾਂਦਾ, ਉਸ ਤੋਂ ਉਦਾਸੀਨ ਰਹਿਣੇ ਕੀਤਾ ਜਾਂਦਾ ਹੈ, ਉਹ ਵੇਦਾਂ ਦੇ ਮਤ ਅਨੁਸਾਰ ਦੋਸ਼ ਪੂਰਣ ਅਤੇ ਨਿਸਫਲ ਹੁੰਦਾ ਹੈ। ਉਹੀ ਕਰਮ ਉੱਤਮ ਹੈ ਜੋ ਪ੍ਰਮਾਤਮਾ ਲਈ ਕੀਤਾ ਜਾਵੇ।"[3]

## ਸਿੱਖ ਧਰਮ ਅਨੁਸਾਰ ਕਰਮ ਸਿਧਾਂਤ ਅਤੇ ਆਵਾਗਵਣ

ਇਸ ਤਰ੍ਹਾਂ ਹਿੰਦੂ ਧਰਮ ਵਿੱਚ ਕਰਮ ਅਤੇ ਆਵਾਗਵਣ ਦੇ ਸਿਧਾਂਤ ਅੰਤਰ ਸੰਬੰਧਿਤ ਹਨ। ਕਰਮਾਂ ਕਰਕੇ ਹੀ ਆਵਾਗਵਣ ਹੁੰਦਾ ਹੈ। ਸਿੱਖ ਧਰਮ ਵਿੱਚ ਵੀ ਕਰਮ ਅਤੇ ਆਵਾਗਵਣ ਦੇ ਸਿਧਾਂਤ ਨੂੰ ਮੰਨਿਆ ਹੈ। ਪਰ ਫਰਕ ਇਹ ਹੈ ਕਿ ਕਰਮ ਚੰਗੇ ਹੋਣ ਜਾਂ ਮਾੜੇ ਦੇ ਨਿਰੋਲੇ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਬਲਕਿ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਆਤਮਾ ਦੇ ਸਾਰੇ ਕਰਮ ਖ਼ਤਮ ਹੁੰਦੇ ਹਨ ਅਤੇ ਇਹ ਆਵਾਗਵਣ ਦੇ ਚੱਕਰ ਤੋਂ ਛੁੱਟਕੇ ਮੁਕਤੀ ਪ੍ਰਾਪਤ ਕਰਦੀ ਹੈ।

---

1. ਸ੍ਰੀ ਰਾਮ ਸ਼ਰਮਾ ਅਚਾਰਯ, ਵੈਸ਼ੇਸ਼ਿਕ ਦਰਸ਼ਨ, ਪੰਨਾ 169
2. ਸ੍ਰੀ ਰਾਮ ਸ਼ਰਮਾ ਅਚਾਰਯ, ਵੇਦਾਂਤ ਦਰਸ਼ਨ, ਪੰਨਾ 112
3. ਪੰ. ਸ੍ਰੀ ਰਾਮ ਸ਼ਰਮਾ ਅਚਾਰਯ, ਮੀਮਾਂਸਾ ਦਰਸ਼ਨ, ਪੰਨਾ 21

ਡਾ. ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ:-

> "ਹਿੰਦੂ ਧਰਮ ਕਰਮ ਅਤੇ ਪੁਨਰ ਜਨਮ ਦੇ ਸਿਧਾਂਤ ਵਿੱਚ ਵਿਸ਼ਵਾਸ਼ ਰੱਖਦਾ ਹੈ। ਗੁਰੂਆਂ ਨੇ ਵੀ ਇਹ ਸਿਧਾਂਤ ਪ੍ਰਵਾਨ ਕੀਤੇ ਪਰ ਗੁਰੂਆਂ ਨੇ 'ਈਸ਼ਵਰ ਦੀ ਕਿਰਪਾ' ਦੇ ਸਿਧਾਂਤ ਤੇ ਜ਼ਿਆਦਾ ਜ਼ੋਰ ਦਿੱਤਾ ਹੈ।"[1]

ਗੁਰਦੇਵ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਜਨਮ ਲੈਣਾ ਹੀ ਦੁੱਖ ਦਾ ਕਾਰਣ ਹੈ। ਗੁਰੂਆਂ ਦਾ ਵਿਚਾਰ ਹੈ ਕਿ ਮਨੁੱਖ ਪਵਿੱਤਰ ਸੋਮੇ ਤੋਂ ਪੈਦਾ ਹੋਇਆ ਹੈ। ਇਸ ਕਰਕੇ ਗੁਰੂ ਵਿੱਚ ਇਸ ਸੰਸਾਰ ਤੇ ਆਉਣ ਸਮੇਂ ਕੋਈ ਪਿਛਲੇ ਕਰਮ ਨਹੀਂ ਸਨ। ਫਿਰ ਜੀਵ ਕਰਮਾਂ ਦੇ ਬੰਧਨ ਵਿੱਚ ਕਿਵੇਂ ਪਿਆ? ਇਹ ਇਕ ਉਲਝਣਦਾਰ ਪ੍ਰਸ਼ਨ ਹੈ:-

> ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ॥"[2]

ਇਸ ਦੇ ਸੰਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਪ੍ਰਮਾਤਮਾ ਦੀ ਜੋਤ ਅੰਸ਼ ਨੇ ਹੋ ਪ੍ਰਤੀਤ ਹੋਇਆ। ਜਦ ਤੱਕ ਉਸਨੂੰ ਆਪਣੀ ਆਤਮਿਕ ਅਸਲੀਅਤ ਦਾ ਅਹਿਸਾਸ ਸੀ, ਜਦ ਤੱਕ ਆਪਣੀ ਆਤਮਿਕ ਪ੍ਰਕ੍ਰਿਤੀ ਦਾ ਗਿਆਨ ਸੀ, ਉਸ ਲਈ ਨਾ ਕੋਈ ਕਰਮਾਂ ਦਾ ਚੱਕਰ ਸੀ ਅਤੇ ਨਾ ਹੀ ਆਵਾਗਵਣ ਦਾ। ਇਹ ਚੱਕਰ ਉਸ ਲਈ ਉਸ ਸਮੇਂ ਪੈਦਾ ਹੋਇਆ ਜਦੋਂ ਉਹ ਆਤਮਿਕ ਸੋਧ ਨੂੰ ਵਿਸਰ ਕੇ ਆਪਣੀ ਹਉਮੈ ਤੇ ਖੁਦੀ ਦੇ ਅੰਧਕਾਰ ਵਿੱਚ ਫਸ ਗਿਆ। ਡਾ. ਤ੍ਰਿਲੋਚਨ ਸਿੰਘ ਲਿਖਦੇ ਹਨ:-

> "ਜਦੋਂ ਤੱਕ ਉਹ ਆਪਣੇ ਆਤਮਿਕ ਸੋਮੇ ਪ੍ਰਮਾਤਮਾ ਬਾਰੇ ਸੁਚੇਤ ਸੀ ਅਤੇ ਜਦੋਂ ਤੱਕ ਉਸਨੂੰ ਆਪਣੀ ਆਤਮਿਕ ਸਚਾਈ ਬਾਰੇ ਸੋਝੀ ਸੀ, ਉਸਨੂੰ ਕੋਈ ਜਨਮ ਮਰਨ ਦਾ ਚੱਕਰ ਨਹੀਂ ਸੀ ਅਤੇ ਨਾ ਹੀ ਕੋਈ ਕਰਮਾਂ ਦਾ ਚੱਕਰ ਸੀ। ਕਰਮ ਚੱਕਰ ਵਿਅਕਤੀ ਲਈ ਉਸ ਸਮੇਂ ਪੈਦਾ ਹੋਏ ਜਦੋਂ ਉਹ ਆਤਮਿਕ ਸੋਧ ਅਤੇ ਚੇਤਨਤਾ ਨੂੰ ਖੋ ਬੈਠਾ ਅਤੇ ਆਪਣੀ ਹਉਮੈ ਦਾ ਸ਼ਿਕਾਰ ਹੋ ਗਿਆ। ਉਹ ਪ੍ਰਮਾਤਮਾ ਤੋਂ ਦੂਰ ਹੁੰਦਾ ਗਿਆ ਅਤੇ ਦੁੱਖਾਂ ਦੇ ਚੱਕਰ ਵਿੱਚ ਫਸ ਗਿਆ।"[3]

---

1. Dr. Surinder Singh Kohli. Philosophy of Guru Nanak. p. 96
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 973
3. ਡਾ. ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿੱਖ ਧਰਮ - ਸਭ ਧਰਮਾਂ ਦਾ ਤੁਲਨਾਤਮਕ ਅਧਿਐਨ, ਪੰਨਾ 40

ਗੁਰਬਾਣੀ ਵਿੱਚ ਲਿਖਿਆ ਹੈ:-

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥ [1]

ਜੋਨਿ ਜਨਮ ਭਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਏ॥
ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁੜੀ ਮਿਲੈ ਸਜਾਇ॥ [2]

ਦੋਸੁ ਨ ਦੀਜੈ ਕਾਹੂ ਲੋਗ॥
ਜੋ ਕਮਾਵਨੁ ਸੋਈ ਭੋਗ॥
ਆਪਨ ਕਰਮ ਆਪੇ ਹੀ ਬੰਧ॥
ਆਵਨੁ ਜਾਵਨੁ ਮਾਇਆ ਧੰਧ॥ [3]

ਚੰਗਾ ਮੰਦਾ ਜੋ ਕੋ ਜੀਵ ਕੰਮ ਕਰਦਾ ਹੈ, ਉਸਦਾ ਫਲ ਆਪ ਹੀ ਭੁਗਤਣਾ ਪੈਂਦਾ ਹੈ। ਉਸਦੇ ਮੰਦੇ ਕਰਮ ਹੀ ਉਸ ਲਈ ਬੰਧਨ ਦਾ ਕਾਰਣ ਬਣਦੇ ਹਨ। ਗੁਰਬਾਣੀ ਵਿੱਚ ਬਾਰ ਬਾਰ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ 'ਚੰਗਾ ਮੰਦਾ ਆਪਣਾ ਆਪੇ ਹੀ ਕੀਤਾ ਪਾਵਣਾ'। ਜਿਹੜੇ ਪਾਪੀ ਮੰਦੇ ਕਰਮ ਕਰਦੇ ਹਨ, ਉਨ੍ਹਾਂ ਨੂੰ ਦਰਗਾਹ ਵਿੱਚ ਸਜ਼ਾ ਮਿਲਦੀ ਹੈ। ਜਿਸ ਤਰ੍ਹਾਂ ਮਧਾਣੀ ਨਾਲ ਦੁਧ ਰਿੜਕਿਆ ਜਾਂਦਾ ਹੈ, ਤਿਵੇਂ ਧਰਮ ਰਾਜ ਉਨ੍ਹਾਂ ਨੂੰ ਮੰਥਦਾ ਹੈ:-

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ॥
ਨਾਨਕ ਜਿਉ ਮਥਨਿ ਮਧਾਣੀਆ ਤਿਉ ਮਥੇ ਧਰਮਰਾਇ॥ [4]

'ਧਰਮਰਾਜ' ਨੂੰ ਇਥੇ ਪ੍ਰਭੂ ਦਾ ਨਿਆਂਕਾਰੀ ਨਿਯਮ ਲਿਆ ਜਾ ਸਕਦਾ ਹੈ ਜੋ ਕਿਸੇ ਵਿਸ਼ੇਸ਼ ਦਿਨ ਜਾਂ ਵਿਸ਼ੇਸ਼ ਥਾਂ ਤੇ ਨਹੀਂ ਹੁੰਦਾ। ਕਈ ਵਿਦਵਾਨਾਂ ਨੇ ਧਰਮਰਾਜ ਦੀ ਵੱਖਰੀ ਹੋਂਦ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 705
2. ਉਹੀ, ਪੰਨਾ 640
3. ਉਹੀ, ਪੰਨਾ 888
4. ਉਹੀ, ਪੰਨਾ 1425

ਮੰਨੀ ਹੈ।

ਜਨਮਾਂ ਦੇ ਸਿਲਸਿਲੇ ਵਿੱਚ ਚੌਰਾਸੀਆਂ ਪੂਰੀ ਇਸ ਧਰਤੀ ਉਤੇ ਕਈ ਰੂਪਾਂ ਵਿੱਚ ਜਨਮ ਲੈਂਦਾ ਹੈ। ਅੰਡਜ, ਜੇਰਜ, ਸੇਤਜ, ਉਤਭੁਜ ਚਾਰ ਪ੍ਰਕਾਰ ਦੀਆਂ ਜੂਨੀਆਂ ਵਿੱਚ ਜੀਵ ਜਨਮ ਲੈਂਦਾ ਹੈ। ਇਨ੍ਹਾਂ ਭਿੰਨ ਭਿੰਨ ਜੂਨੀਆਂ ਵਿੱਚ ਜੀਵ ਆਪਣੇ ਪੂਰਬਲੇ ਕਰਮਾਂ ਅਨੁਕੂਲ ਆਉਂਦਾ ਹੈ। ਇਨ੍ਹਾਂ ਵੱਖ ਵੱਖ ਜੂਨਾਂ ਦਾ ਜ਼ਿਕਰ ਅਰਜਨ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਇਉਂ ਕਰਦੇ ਹਨ:-

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥[1]

ਕਬੀਰ ਸਾਹਿਬ ਦਾ ਇਸ ਸਬੰਧੀ ਫੁਰਮਾਨ ਇਉਂ ਹੈ:-

ਅਸਥਾਵਰ ਜੰਗਮ ਕੀਟ ਪਤੰਗਾ ॥
ਅਨਿਕ ਜਨਮ ਕੀਏ ਬਹੁ ਰੰਗਾ ॥
ਐਸੇ ਘਰ ਹਮ ਬਹੁਤੁ ਬਸਾਏ ॥
ਜਬ ਹਮ ਰਾਮ ਗਰਭ ਹੋਇ ਆਏ ॥ਰਹਾਉ॥
ਜੋਗੀ ਜਤੀ ਤਪੀ ਬ੍ਰਹਮਚਾਰੀ ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥[2]

ਇਸ ਤਰ੍ਹਾਂ ਇਹ ਜਨਮ ਅਤੇ ਆਵਾਗਵਣ ਦਾ ਚੱਕਰ ਚੱਲਿਆ ਰਹਿੰਦਾ ਹੈ। ਇਹ ਆਵਾਜਾਈ ਉਪਜਣ, ਬਿਨਸਣ, ਫੇਰ ਪੈਣ ਦਾ ਚੱਕਰ ਮੁਕਣ ਤੱਕ ਜਾਰੀ ਰਹਿੰਦਾ ਹੈ, ਜਦ ਤੱਕ ਆਤਮਾ ਅਸਲੇ ਵਿੱਚ ਨਹੀਂ ਸਮਾ ਜਾਂਦਾ, ਆਪੇ ਦੀ ਸੋਝੀ ਨਹੀਂ ਹੋ ਜਾਂਦੀ, ਜੋਤ ਵਿੱਚ ਜੋਤ ਨਹੀਂ ਸਮਾਉਂਦੀ। ਨਾਮ ਦੇ ਸਹਾਰੇ ਜਦੋਂ ਭਰਮ ਰੂਪੀ ਬੰਧਨ ਟੁੱਟ ਜਾਵੇਗਾ ਤਾਂ ਅੰਦਰ ਵੱਸਦੀ ਹਰੀ ਦੀ ਜੋਤ ਪ੍ਰਕਾਸ਼ ਹੋ ਪਵੇਗੀ। ਸਾਹਿਬ ਫੁਰਮਾਉਂਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 176
2. ਉਹੀ, ਪੰਨਾ 325-326

ਛੂਟੈ ਆਸਾ ਗਰਭ ਨਾ ਮਰਹਿ ਕਹਿਓ ਪਰਗਾਸੁ॥
ਨਾਹੀ ਪੋਹੀ ਪਸਰ ਤੇ ਛੁਟਿ ਜੋਨੀ ਮੈਹਿ ਬਸਾਸੁ॥
ਆਖਣੁ ਜਾਣੁ ਕਹਿਓ॥ ਤਪਤ ਨਗਾਰਾ ਛੁਟਿ ਕਹਿਆ
ਛੁਟਿ ਸਤਿਗੁਰ ਨਾਮੁ ਜੋਏ॥[1]

ਜੀਵ ਇਸ ਸੰਸਾਰ ਵਿਚ ਆ ਕੇ ਕੁਤੱਤਵ ਜੀਵਨ ਜਿਉਂਦੇ ਹੀ ਆ ਇਸ ਸੰਸਾਰ ਦੇ ਮਾਇਆ ਜਾਲ ਵਿੱਚ ਫਸ ਜਾਂਦਾ ਹੈ, ਜਿਸ ਕਾਰਣ ਉਸਨੂੰ ਦੁਖੀ ਹੋਣਾ ਪੈਂਦਾ ਹੈ। ਇਹ ਦੁੱਖ ਹੁੰਦਾ ਤਾਂ ਉਸਦੇ ਆਪਣੇ ਕਰਮਾਂ ਦਾ ਨਤੀਜਾ, ਪਰ ਅਗਿਆਨ ਵੱਸ ਇਸਦਾ ਜ਼ਿੰਮੇਵਾਰ ਦੂਸਰਿਆਂ ਨੂੰ ਠਹਿਰਾਉਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:-

ਦੋਸੁ ਨ ਦੀਜੈ ਕਾਹੂ ਲੋਗ॥ ਜੋ ਕਮਾਵਨੁ ਸੋਈ ਭੋਗ॥[2]

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥[3]

ਡਾ. ਖਜ਼ਾਨ ਸਿੰਘ ਲਿਖਦੇ ਹਨ:-

"ਕੁਦਰਤ ਦਾ ਸਿਧਾਂਤ ਸਾਨੂੰ ਇਹੋ ਜਾਣ ਕਰਾਉਂਦਾ ਹੈ ਕਿ ਅਸਾਂ ਦੁਖ ਤੇ ਅਗਲੇ ਜਨਮ ਵਿੱਚ ਆਪਣੇ ਹੀ ਕਰਮਾਂ ਦਾ ਫਲ ਭੋਗਣਾ ਹੈ।"[4]

ਡੀ. ਐਸ. ਸਰਮਾ ਨੇ ਲਿਖਿਆ ਹੈ:-

"ਜੋ ਕੁਝ ਅਸੀਂ ਹੁਣ ਹਾਂ, ਇਹ ਸਾਡੇ ਪਿਛਲੇ ਕਰਮਾਂ ਦਾ ਫਲ ਹੈ ਤੇ ਜੋ ਕੁਝ ਅਸੀਂ ਭਵਿੱਖਤ ਵਿੱਚ ਹੋਵਾਂਗੇ, ਉਹ ਉਸਦਾ ਸਿੱਟਾ ਹੋਵੇਗਾ, ਜੋ ਕੁਝ ਅਸੀਂ ਸੋਚਦੇ ਤੇ ਕਰਦੇ ਹਾਂ।"[5]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1002
2. ਉਹੀ, ਪੰਨਾ 888
3. ਉਹੀ, ਪੰਨਾ 433
4. Khazan Singh, History & Philosophy of Sikh Religion, Vo. II, p. 476
5. D.S. Sarma, What is Hinduism? p. 90

ਹਰ ਚੰਗੇ ਮੰਦੇ ਕਰਮ ਦਾ ਪ੍ਰਭਾਵ ਮਨੁੱਖੀ ਮਨ ਤੇ ਅਚੇਤ ਜਾਂ ਸੁਚੇਤ ਤੌਰ ਤੇ ਜ਼ਰੂਰ ਪੈਂਦਾ ਹੈ। ਭਾਈ ਜੋਧ ਸਿੰਘ ਦੇ ਸ਼ਬਦਾਂ ਵਿੱਚ:-

> "ਜਿਹੜਾ ਬੀਜ ਵਿੱਚ ਬੀਜੀਏ ਤਾਂ ਬੂਟਾ ਉੱਗ ਆਉਂਦਾ ਹੈ, ਇਵੇਂ ਹੀ ਮਨ ਵਿਚੋਂ ਨਿਕਲੇ ਸੰਕਲਪ ਬੂਟਾ ਬਣ ਜਾਂਦੇ ਹਨ। ਸਰੀਰ ਦੇ ਕੀਤੇ *ਕਰਮ* ਕਰਮ ਹਨ, ਮਨ ਦੇ ਸੰਕਲਪਾਂ ਦਾ ਸਿੱਟਾ ਹਨ। ਸਿੱਟਾ ਇਹ ਹੈ ਕਿ ਉਸ ਕਰਮ ਦੀ ਸਾਡੇ ਵਿੱਚ ਆਦਤ ਹੋ ਜਾਂਦੀ। ਇਹ ਆਦਤਾਂ ਹੌਲੇ ਹੌਲੇ ਮਨ ਦੇ ਸੁਭਾਅ ਦਾ ਰੂਪ ਧਾਰਦੀਆਂ ਹਨ ਤੇ ਸਾਡਾ ਸੁਭਾਉ ਹੀ ਸਾਡੇ ਦੁੱਖ-ਸੁੱਖ ਦਾ ਕਾਰਨ ਬਣਦਾ ਹੈ।"[1]

ਗੁਰਬਾਣੀ ਇਨ੍ਹਾਂ ਕਰਮਾਂ ਨੂੰ ਦੋ ਪ੍ਰਕਾਰ ਦੇ ਦੱਸਦੀ ਹੈ। ਬੰਧਨ ਯੁਕਤ ਕਰਮ ਅਤੇ ਮੋਖ ਯੁਕਤ ਕਰਮ।

ਡਾ. ਤਾਰਾ ਸਿੰਘ ਬੇਦੀ ਲਿਖਦੇ ਹਨ:-

> "ਕਰਮ ਦੋ ਪ੍ਰਕਾਰ ਦੇ ਹਨ:- ਬੰਧਨ ਯੁਕਤ ਕਰਮ ਅਤੇ ਮੋਖ ਯੁਕਤ ਕਰਮ। - - - ਬੰਧਨ ਯੁਕਤ ਕਰਮਾਂ ਨੂੰ ਅੱਗੇ ਤਿੰਨ ਵਿਧੀਆਂ ਵਿੱਚ ਵੰਡਿਆ ਜਾਂਦਾ ਹੈ: 1. ਕਰਮ ਕਾਂਡ ਯੁਕਤ ਕਰਮ 2. ਅਹੰਕਾਰਯੁਕਤ ਕਰਮ ਅਤੇ 3. ਤ੍ਰੈਗੁਣੀ ਕਰਮ।"[2]

ਬੰਧਨ ਯੁਕਤ ਕਰਮ ਉਹ ਕਰਮ ਹਨ ਜਿਨ੍ਹਾਂ ਦੇ ਕਰਨ ਕਰਕੇ ਮਨੁੱਖ ਆਵਾਗਵਣ ਦੇ ਚੱਕਰ ਵਿੱਚ ਭਟਕਦਾ ਦੁਖੀ ਹੁੰਦਾ ਹੈ। ਮੋਖ ਯੁਕਤ ਕਰਮ ਉਨ੍ਹਾਂ ਕਰਮਾਂ ਨੂੰ ਕਿਹਾ ਹੈ ਜਿਨ੍ਹਾਂ ਸਦਕਾ ਜੀਵ ਉਸ ਅਲਖ ਨਾਲ ਅਭੇਦ ਹੁੰਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

> "ਗੁਰੂ ਨਾਨਕ ਬਾਣੀ ਅਨੁਸਾਰ ਕਰਮ ਦੋ ਤਰ੍ਹਾਂ ਦੇ ਹੁੰਦੇ ਹਨ: ਫੋਕੇ ਕਰਮ ਅਤੇ ਨੇਕ ਕਰਮ। ਫੋਕੇ ਕਰਮ (ਕਰਮਕਾਂਡ) ਗੁਰੂ ਜੀ ਦੇ ਅਸਵੀਕਾਰੇ ਹਨ। ਉਹ ਸਿਰਫ਼ ਉਨ੍ਹਾਂ ਕਰਮਾਂ ਤੇ ਜ਼ੋਰ ਦਿੰਦੇ ਹਨ, ਜਿਨ੍ਹਾਂ ਨਾਲ ਬ੍ਰਹਮ ਦਾ ਗਿਆਨ ਮਿਲਦਾ ਹੈ।"[3]

---

1. ਡਾ. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 231
2. ਡਾ. ਤਾਰਾ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰਨਾ 152
3. Dr. Surinder Singh Kohli, Out Lines of Sikh Thought, p. 51

ਅੱਗੇ ਇਨ੍ਹਾਂ ਕਰਮਾਂ ਦੀ ਵੀ ਵੰਡ ਹੋਈ ਲਗਦੀ ਹੈ। ਲੇਕਿਨ ਮੁੱਖ ਕਰਮ ਤਿੰਨ ਪ੍ਰਕਾਰ ਦੇ ਹਨ:- 1. ਕਰਮਕਾਂਡ 2. ਅਹਿੰਸਾਮੂਲਕ 3. ਨਿਸ਼ਕਾਮ ਕਰਮ।

ਕਰਮਕਾਂਡ:- ਕਰਮਕਾਂਡ ਤੋਂ ਭਾਵ ਬਣਤੀ ਸੀਮਿਤ ਹੋਈਆਂ ਰੂੜ੍ਹ ਧਾਰਮਿਕ ਕ੍ਰਿਆਵਾਂ ਤੋਂ ਹੈ ਜੋ ਹੌਲੀ ਹੌਲੀ ਧਰਮ ਦੇ ਅਸਲੀ ਸਰੂਪ ਨੂੰ ਛੁਪਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਪ੍ਰੇਮ ਰਹਿਤ ਹੋਈ ਪੂਜਾ ਵਿਅਰਥ ਹੈ ਅਤੇ ਇਸੇ ਨੂੰ ਹੀ ਕਰਮਕਾਂਡ ਕਿਹਾ ਜਾਂਦਾ ਹੈ। ਇਹ ਕਰਮਕਾਂਡ ਪ੍ਰਾਚੀਨ ਸਮੇਂ ਦਾ ਵਿਰਸਾ ਹਨ। ਇਸ ਦੇ ਅਧੀਨ ਤੀਰਥ-ਇਸ਼ਨਾਨ, ਵਰਤ, ਮੂਰਤੀ ਪੂਜਾ, ਕੁਰਬਾਨੀ ਦੇਣੀ, ਤਿਲਕ, ਜੰਞੂ, ਦਿਖਾਵੇ ਦੇ ਭਗਵੇਂ ਭੇਸ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿੱਚ ਕਰਮਕਾਂਡ ਅਥਵਾ ਦਿਖਾਵੇ ਦੇ ਧਾਰਮਿਕ ਅਚਾਰ ਦੀ ਆਲੋਚਨਾ ਹੋਈ ਹੈ। ਮਨੁੱਖ ਇਹ ਕਰਮ ਕਰਦਾ ਤਾਂ ਸੁੱਖ ਪ੍ਰਾਪਤੀ ਲਈ ਹੈ, ਪਰ ਉਲਟਾ ਇਨ੍ਹਾਂ ਕਰਕੇ ਉਸ ਨੂੰ ਦੁੱਖਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਰਥਾਤ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ। ਗੁਰਦੇਵ ਨੇ ਬ੍ਰਾਹਮਣਾਂ, ਮੁੱਲਾਂ, ਸੰਨਿਆਸੀਆਂ ਜੋਗੀਆਂ ਪੁਜਾਰੀਆਂ ਦੇ ਵਿਰੁੱਧ ਆਵਾਜ਼ ਉਠਾ ਕੇ ਸੱਚ ਨੂੰ ਲੋਕਾਂ ਸਾਹਮਣੇ ਪ੍ਰਗਟ ਕੀਤਾ ਹੈ। ਗੁਰੂਆਂ ਨੇ ਲੋਕਾਂ ਨੂੰ ਧਰਮ ਦੇ ਬਾਹਰੀ ਕਰਮਕਾਂਡ ਨੂੰ ਤਿਆਗਣ ਅਤੇ ਅੰਤਰਮੁਖੀ ਜੀਵਨ ਜੀਊਣ ਤੇ ਜ਼ੋਰ ਦਿੱਤਾ ਹੈ। ਨਾਮ ਤੋਂ ਬਿਨਾਂ ਸਾਰੇ ਕਰਮਕਾਂਡ ਵਿਅਰਥ ਹਨ। ਗੁਰੂ ਅਮਰਦਾਸ ਪਾਤਸ਼ਾਹ ਦਾ ਫੁਰਮਾਣ ਹੈ:-

ਕਰਮਕਾਂਡੁ ਬਹੁ ਕਰਹਿ ਅਚਾਰੁ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰੁ॥[1]

ਗੁਰਬਾਣੀ ਵਿੱਚ ਹਿੰਦੂਆਂ, ਮੁਸਲਮਾਨਾਂ, ਜੈਨੀਆਂ, ਜੋਗੀਆਂ, ਸਾਕਤਾਂ ਦੇ ਪ੍ਰਚਲਤ ਹੋਏ ਕਰਮਕਾਂਡਾਂ ਦੀ ਵਿਰੋਧਤਾ ਹੋਈ ਹੈ। ਹਿੰਦੂਆਂ ਦੇ ਕਰਮਕਾਂਡਾਂ ਦੀ ਵਿਰੋਧਤਾ ਕਰਦੇ ਹੋਏ ਲਿਖਿਆ ਹੈ:-

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਆ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 162

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥[1]

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥[2]

ਗੁਰਦੇਵ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਉਹ ਕਰਮ ਕਰੋ ਜਿਨ੍ਹਾਂ ਸਦਕਾ ਪਰਮਸੁੱਖ ਦੀ ਪ੍ਰਾਪਤੀ ਹੋਵੇ। ਧਾਰਮਿਕ ਕਰਮ ਕਰਨ ਨਾਲ ਅੰਤਰ ਦੀ ਮੈਲ ਦੂਰ ਨਹੀਂ ਹੁੰਦੀ, ਸਗੋਂ ਮਨ ਵਿਕਾਰਾਂ ਨਾਲ ਭਰਪੂਰ ਹੁੰਦਾ ਹੈ:-

ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ਰਹਾਉ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥[3]

ਮੁਸਲਮਾਨਾਂ ਦੇ ਬਾਹਰਲੇ ਆਚਾਰ ਦਾ ਵਿਰੋਧ ਕਰਦੇ ਲਿਖਿਆ ਹੈ:-

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥[4]

ਜੈਨੀ ਧਰਮ ਵਿੱਚ ਕਰਮਕਾਂਡ ਨੂੰ ਬੇਹੱਦ ਮਹੱਤਤਾ ਦਿੱਤੀ ਹੈ। ਇਹ ਲੋਕ ਧਰਤੀ ਨੂੰ ਸਾਫ਼ ਕਰਕੇ ਬੈਠਦੇ ਹਨ ਤਾਂ ਜੋ ਕੋਈ ਜੀਵ ਨਾ ਮਾਰ ਹੋ ਜਾਵੇ। ਸੰਸਾਰਿਕ ਖ਼ੁਸ਼ੀਆਂ ਤਿਆਗ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 789
2. ਉਹੀ, ਪੰਨਾ 890
3. ਉਹੀ, ਪੰਨਾ 635
4. ਉਹੀ, ਪੰਨਾ 951

ਤਪ ਸਾਧਨਾ ਕਰਦੇ ਹਨ, ਭੁੱਖ ਪਿਆਸ ਸਹਿੰਦੇ ਹਨ। ਸਰੀਰ ਨੂੰ ਦੁੱਖ ਦਿੰਦੇ ਹਨ। ਗੁਰਦੇਵ ਇਨ੍ਹਾਂ ਦੀਆਂ ਸਾਰੀਆਂ ਬੁਰੀਆਂ ਰੀਤੀਆਂ ਦਾ ਖੰਡਨ ਕਰਦੇ ਹਨ। ਲਿਖਿਆ ਹੈ:-

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਝੂੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥[1]

ਇਸ ਤਰ੍ਹਾਂ ਕਰਮਕਾਂਡਾਂ ਦਾ ਖੰਡਨ ਕਰਦੇ ਹੋਏ ਇਹ ਵਿਸ਼ਵਾਸ ਦਿੱਤਾ ਹੈ ਕਿ ਇਹ ਹੀ ਬੰਧਨ ਦਾ ਕਾਰਣ ਹਨ, ਇਹ ਆਤਮਿਕ ਜੀਵਨ ਨਹੀਂ ਦਿਵਾਉਂਦੇ ਹਨ।

<u>ਅਹੰਕਾਰਯੁਕਤ ਕਰਮ:-</u> ਖੁਦੀ ਤੇ ਹੰਕਾਰ ਅਧੀਨ ਕੀਤੇ ਕਰਮ ਹਉਮੈ ਵਿਆਪਕ ਕਰਮ ਹਨ। ਇਹ ਕਰਮ ਆਤਮਿਕ ਉੱਨਤੀ ਦੇ ਰਾਹ ਵਿਚ ਰੋੜਾ ਬਣਦੇ ਹਨ, ਆਵਾਗਵਣ ਦਾ ਕਾਰਣ ਬਣਦੇ ਹਨ। ਪਵਿੱਤਰ ਅਤੇ ਪ੍ਰਸ਼ੰਸਾ ਯੋਗ ਤੇ ਨੇਕੀ ਦੇ ਕੰਮ ਵੀ ਜੇਕਰ ਅਹੰਕਾਰੀ ਭਾਵਨਾ ਦੇ ਅਧੀਨ ਕੀਤੇ ਜਾਣ ਤਾਂ ਆਤਮਿਕ ਤੌਰ ਤੇ ਫਲਦਾਇਕ ਨਹੀਂ ਹਨ। ਅਜਿਹੇ ਕਰਮ ਕਿਸੇ ਹੱਦ ਤੱਕ ਤਾਂ ਲਾਭਦਾਇਕ ਹੋ ਸਕਦੇ ਹਨ ਜਿਵੇਂ ਕਿ ਸ਼ਾਇਦ ਸੁਰਗਾਂ ਜਾਂ ਆਦਰ ਸਤਿਕਾਰ ਲਈ ਪਰ ਅਜਿਹੇ ਕਰਮਾਂ ਸਦਕਾ ਮਨੁੱਖ ਮੁਕਤੀ ਦਾ ਹੱਕਦਾਰ ਨਹੀਂ ਹੋ ਸਕਦਾ। ਸਾਹਿਬ ਫੁਰਮਾਉਂਦੇ ਹਨ:-

ਹਉਮੈ ਕਰਤਿਆ ਨਹ ਸੁਖੁ ਹੋਇ ॥
ਮਨਮਤਿ ਝੂਠੀ ਸਚਾ ਸੋਇ ॥

.. ...

ਤ੍ਰਿਸਨਾ ਅਗਨਿ ਸਬਦਿ ਬੁਝਾਇ ॥ ਦੂਜਾ ਭਰਮੁ ਸਹਜਿ ਸੁਭਾਇ ॥
ਗੁਰਮਤੀ ਨਾਮੁ ਰਿਦੈ ਵਸਾਇ ॥ ਸਾਚੀ ਬਾਣੀ ਹਰਿ ਗੁਣ ਗਾਇ ॥

.. ... ...

ਨਾਨਕੁ ਸਚਾ ਨਾਮਿ ਸਮਾਇ ॥ ਪੂਰੇ ਗੁਰ ਤੇ ਇਹੁ ਮਤਿ ਪਾਇ ॥[2]

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 149
2. ਉਹੀ, ਪੰਨਾ 222

ਹਉਮੈ ਸਭ ਬੁਰਾਈਆਂ ਦੀ ਜੜ੍ਹ ਹੈ। ਇਸ ਅਧੀਨ ਹੋਏ ਕਰਮ ਇਕ ਵੱਖਰੀ ਸ਼ਖ਼ਸੀਅਤ ਨੂੰ ਜਨਮ ਦਿੰਦੇ ਹਨ। ਜਦੋਂ ਤੱਕ ਇਹ ਹਉਮੈ ਅਧੀਨ ਕਰਮ ਕਰਦਾ ਰਹੇਗਾ, ਜਨਮ-ਮਰਨ ਵਿੱਚ ਭਟਕਦਾ ਰਹੇਗਾ, ਕਰਮ-ਫਲ ਭੁਗਤਦਾ ਰਹੇਗਾ। ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ:-

ਜਬ ਲਗੁ ਜਾਣੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਣੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥[1]

ਅਹੰਕਾਰ ਅਧੀਨ ਹੋਏ ਕਰਮ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਵਿਚ ਆ ਜਾਂਦੇ ਹਨ। ਡਾ. ਰਘਬੀਰ ਸਿੰਘ ਨੇ ਲਿਖਿਆ ਹੈ:-

"ਇਹ 'ਮੈਂ'ਦੀ ਭਾਵਨਾ ਅਹੰਕਾਰ ਦੇ ਰੂਪ ਵਿੱਚ ਵਟ ਜਾਂਦੀ ਹੈ ਜਿਹੜਾ ਕਿ ਵਿਦਿਆ, ਤਾਕਤ, ਧਨ, ਸੁੰਦਰਤਾ ਅਤੇ ਕੁਲ ਜਾਤੀ ਦੇ ਦੇ ਰੂਪ ਵਿਚ ਵਟ ਜਾਂਦੀ ਹੈ। ਇਹ ਰੋਹਬ ਅਤੇ ਆਪਣੇ ਆਪ ਨੂੰ ਉਚਿਆਂ ਸਮਝਣ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਇਹ ਵਿਅਕਤੀਗਤ ਆਪੇ ਨੂੰ ਪੈਦਾ ਕਰਦੀ ਹੈ, ਜਿਸ ਨਾਲ ਮਨੁੱਖ ਮਨੁੱਖ ਵਿੱਚ ਫਰਕ ਸਮਝਿਆ ਜਾਂਦਾ ਹੈ। ਇਹ ਹੰਕਾਰੀ ਭਾਵਨਾ ਮਨੁੱਖ ਨੂੰ ਆਪਣੇ ਸਾਥੀ ਭਰਾਵਾਂ ਤੋਂ ਹੀ ਨਹੀਂ ਨਿਖੇੜਦੀ, ਸਗੋਂ ਪ੍ਰਮਾਤਮਾ ਤੋਂ ਵੀ ਦੂਰ ਕਰਦੀ ਹੈ। ਅਹੰਕਾਰ ਪੂਰਵਕ ਕੀਤੇ ਵਿਅਕਤੀ ਦੀ ਕਰਨੀ ਦੁਆਰੇ ਜੂਨੀ ਦੀ ਤਰ੍ਹਾਂ ਹਨ।"[2]

ਕਈ ਲੋਕਾਂ ਦਾ ਆਪਣੀ ਜ਼ਿੰਦਗੀ ਵਿਚ ਝੁਕਾਉ ਧਾਰਮਿਕ ਹੁੰਦਾ ਅਤੇ ਉਹ ਈਮਾਨਦਾਰੀ ਨਾਲ ਕਰਮ ਕਰਨ ਵਿੱਚ ਮਸਤ ਹੁੰਦੇ ਹਨ। ਉਹ ਇਹ ਕੰਮ ਕਰਦੇ ਹੋਏ ਖੁਸ਼ੀ ਅਤੇ ਮਾਨਸਿਕ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 278
2. Dr. Raghbir Singh, The Concepts of Karma & Transmigration as revealed in the poetry of Guru Nanak in the background of Ancient & Medieval Indian Thought, p. 119-120.

ਤਸੱਲੀ ਮਹਿਸੂਸ ਕਰਦੇ ਹਨ। ਪਰ ਜੇਕਰ ਗੁਰੂਆਂ ਨੇ ਆਪਣੀ ਅਰਦਾਸੀ ਭਾਵਨਾ ਨੂੰ ਲਈਂ ਮਾਪਿਆ ਤਾਂ ਇਹ ਕਰਮ ਗੁਰੂਆਂ ਨੂੰ ਮਨ ਇੱਕਤ੍ਰ ਕਰਨ ਲਈ ਦੇ ਸਾਧਨ ਅਤੇ ਪ੍ਰਮਾਤਮਾ ਦੀ ਮਿਹਰ ਤੋਂ ਵੰਚਿਤ ਰੱਖਦੇ ਹਨ:-

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ [1]

ਵਿਦਿਆ ਅਤੇ ਗਿਆਨ ਦੇ ਖੇਤਰ ਵਿੱਚ ਗੁਰਬਾਣੀ ਦਾ ਉਪਦੇਸ਼ ਹੈ ਕਿ ਸਚਾਈ ਦੀ ਭਾਲ ਹੀ ਹਰ ਸਿੱਖਿਆ ਦਾ ਮੂਲ ਹੈ। ਜਿਸ ਤੋਂ ਬਿਨ੍ਹਾਂ ਗਿਆਨ, ਵਿਦਿਆ ਬੇਕਾਰ ਹੈ। ਬਹੁਤ ਸਾਰੀ ਪੜ੍ਹਾਈ ਦਿਮਾਗ ਨੂੰ ਤਾਂ ਤੇਜ਼ ਕਰ ਸਕਦੀ ਹੈ, ਪਰ ਆਤਮਿਕ ਖੋਜ ਦੇ ਰਾਹ ਵਿੱਚ ਰੁਕਾਵਟ ਬਣਕੇ ਦੁੱਖ ਦਾ ਕਾਰਨ ਬਣਦੀ ਹੈ:-

ਗਿਆਨੁ ਧਿਆਨੁ ਕਹੈ ਸਭੁ ਕੋਇ ॥
ਪੜਿ ਪੜਿ ਬਾਦੁ ਕਰੇ ਦੁਖੁ ਹੋਈ॥
ਕਥਿ ਕਥਨੀ ਤੇ ਕਟੀ ਨ ਹੋਈ॥
ਬਿਨੁ ਗੁਰ ਸਾਚੇ ਮੁਕਤਿ ਨ ਹੋਈ॥ [2]

ਹਿੰਦੂ ਧਾਰਮਿਕ ਪੁਸਤਕਾਂ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡਦੀਆਂ ਹਨ: 1. ਬ੍ਰਾਹਮਣ 2. ਖਤਰੀ 3. ਵੈਸ਼ ਅਤੇ 4. ਸ਼ੂਦਰ। ਇਨ੍ਹਾਂ ਨੂੰ ਵੱਖ ਵੱਖ ਪ੍ਰਕਾਰ ਦੇ ਕੰਮ ਸੌਂਪੇ ਗਏ। ਇਨ੍ਹਾਂ ਵਰਣਾਂ ਨੇ ਜਾਤ ਪਾਤ ਨੂੰ ਜਨਮ ਦਿੱਤਾ। ਜਿਨ੍ਹਾਂ ਤੋਂ ਮਨੁੱਖ ਦੇ ਉਚੇ ਅਤੇ ਨੀਵੇਂ ਪੱਧਰ ਦਾ ਪਤਾ ਲੱਗਦਾ ਹੈ ਪਰ ਇਹ ਭਾਵਨਾ ਮਨੁੱਖ ਨੂੰ ਹੰਕਾਰ ਦੇ ਖੂਹ ਵਿਚ ਧੱਕਦੀ ਹੈ ਅਤੇ ਕੁਝ ਆਤਮਿਕ ਮੰਜ਼ਲਾਂ ਤੋਂ ਵੰਚਿਤ ਕਰਦੀ ਹੈ। ਸੋ ਇਸ ਜਾਤ ਪਾਤ ਦੀ ਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 467
2. ਉਹੀ, ਪੰਨਾ 831

ਕਰਮ ਹੀ ਬੰਧਨ ਦਾ ਕਾਰਣ ਬਣਦੇ ਹਨ। ਗੁਰਦੇਵ ਸਮਝਾਉਂਦੇ ਹਨ ਕਿ ਜਾਤ ਦਾ ਅਭਿਮਾਨ ਬਹੁਤ ਸਾਰੇ ਵਿਕਾਰਾਂ ਨੂੰ ਉਤਪੰਨ ਕਰਦਾ ਹੈ। ਦਰਅਸਲ ਬ੍ਰਾਹਮਣ ਉਹੀ ਹੈ ਜੋ ਬ੍ਰਹਮ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ:-

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥[1]

ਧਨ ਦੀ ਚਤੁਰਾਈ, ਪਰਿਵਾਰਕ ਬੰਧਨ ਅਤੇ ਸੁੰਦਰਤਾ ਦਾ ਮਾਣ ਮਨੁੱਖੀ ਜ਼ਿੰਦਗੀ ਦੇ ਕੁਝ ਹੋਰ ਪੱਖ ਹਨ ਜਿਨ੍ਹਾਂ ਵਿੱਚ ਉਹ ਆਪਣੀ ਇੱਛਾ ਕਰਕੇ ਹੀ ਫਸਿਆ ਰਹਿੰਦਾ ਹੈ। ਉਹ ਆਪਣੇ ਸਾਰੇ ਯਤਨਾਂ ਨਾਲ ਮਾਇਆ ਇਕੱਠੀ ਕਰਦਾ ਹੈ ਤਾਂ ਕਿ ਸਮਾਜ ਵਿੱਚ ਪੈਸੇ ਦੇ ਜ਼ੋਰ ਕੁਝ ਵਿਸ਼ਿਸ਼ਟਤਾ ਪ੍ਰਾਪਤ ਕਰ ਸਕੇ। ਘਰ ਅਤੇ ਪਰਿਵਾਰ, ਧੀਆਂ ਪੁੱਤਰ, ਮਾਂ ਬਾਪ, ਭੈਣ ਭਾਈ ਵੀ ਉਸ ਲਈ ਬੰਧਨ ਦਾ ਕਾਰਣ ਬਣਦੇ ਹਨ:-

ਬੰਧਨ ਮਾਤ ਪਿਤਾ ਸੰਸਾਰਿ ॥
ਬੰਧਨ ਸੁਤ ਕੰਨਿਆ ਅਰੁ ਨਾਰਿ ॥
ਬੰਧਨ ਕਰਮ ਧਰਮ ਹਉ ਕੀਆ ॥
ਬੰਧਨ ਪੁਤੁ ਕਲਤੁ ਮਨਿ ਬੀਆ ॥[2]

ਜਵਾਨੀ ਅਤੇ ਸੁੰਦਰਤਾ ਦਾ ਮਾਣ ਸੰਸਾਰ ਦੇ ਸਾਰੇ ਮਨੁੱਖ, ਭਾਵੇਂ ਕੋਈ ਅਮੀਰ ਭਾਵੇਂ ਗਰੀਬ ਹੈ, ਉੱਚਾ ਹੈ ਜਾਂ ਨੀਵਾਂ, ਵਿੱਚ ਹੈ। ਜੀਵ ਦੀ ਅਗਿਆਨੀ ਆਦਤ ਉਸਨੂੰ ਕਿਤੇ ਵੀ ਸੰਤੁਸ਼ਟ ਨਹੀਂ ਹੋਣ ਦਿੰਦੀ। ਗੁਰਦੇਵ ਸਮਝਾਉਂਦੇ ਹਨ:-

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋਆਨੀ ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈਆਨੀ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1128
2. ਉਹੀ, ਪੰਨਾ 416

ਆਪੈ ਦਰਸਨਿ ਆਸਿ ਨ ਆਪੈ ਛੋਡਿ ਜਾਏ ਅਭਿਮਾਨੀ॥[1]

ਅਤੇ

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ॥[2]

ਜਿਉਂ ਜਿਉਂ ਜੀਵ ਹਉਮੈ ਆਸ੍ਰਿਤ ਕਰਮ ਕਰਦਾ ਹੈ, ਤਿਉਂ ਤਿਉਂ ਹੀ ਸਖਸੀਅਤ ਦਾ ਵਿਕਾਸ ਹੋਰ ਪਕੇਰਾ ਹੁੰਦਾ ਜਾਂਦਾ ਹੈ। ਇਹੀ ਆਤਮਾ ਤੇ ਪ੍ਰਮਾਤਮਾ ਵਿਚਕਾਰ ਕੰਧ ਹੈ। ਜੀਵ ਨੂੰ ਲੋਭ ਮੋਹ ਹੰਕਾਰ ਆਦਿ ਵਿਕਾਰ ਘੇਰ ਲੈਂਦੇ ਹਨ। ਜੀਵ ਇਨ੍ਹਾਂ ਦੇ ਪੂਰਨ ਅਧੀਨ ਹੋ ਕੇ ਕਠਪੁਤਲੀ ਵਤ ਕਰਮ ਕਰਦਾ ਹੈ। ਇਹੀ ਕਰਮ ਇਸ ਦੇ ਦੁੱਖ ਦਾ ਕਾਰਣ ਬਣਦੇ ਹਨ ਅਰਥਾਤ ਉਸ ਨੂੰ ਜੇਲ਼ ਵਿੱਚ ਪਾਈ ਰੱਖਦੇ ਹਨ।

ਤ੍ਰਿਗੁਣੀ ਕਰਮ:- ਤ੍ਰਿਗੁਣ ਦਾ ਭਾਵ ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਤੋਂ ਹੈ ਜੋ ਮਾਇਆ (ਪ੍ਰਕ੍ਰਿਤੀ) ਦਾ ਹੀ ਸਰੂਪ ਹਨ। ਗੁਰਦੇਵ ਫੁਰਮਾਉਂਦੇ ਹਨ:-

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹ ਤੇਰੀ ਸਭ ਮਾਇਆ॥[3]

ਮਾਇਆ ਮਨੁੱਖ ਲਈ ਬੰਧਨ ਦਾ ਕਾਰਣ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ:-

"ਇਹ ਤਿੰਨ ਗੁਣ ਹੰਕਾਰ ਦਾ ਨਤੀਜਾ ਹਨ। ਤਮੋ ਗੁਣੀ ਕਰਮ ਮਰਯਾਦਾ ਦੇ ਪ੍ਰਤਿਕੂਲ ਹਨ। ਰਜੋ ਗੁਣੀ ਕਰਮ ਮਰਯਾਦਾ ਤੇ ਬੇ-ਮਰਯਾਦਾ ਦੋਹਾਂ ਦਾ ਮਿਸ਼ਰਣ ਹਨ ਅਤੇ ਸਤੋ ਗੁਣੀ ਕਰਮ ਮਰਯਾਦਾ ਦੇ ਅਨੁਕੂਲ ਹਨ।"[4]

ਸਾਰੇ ਕਰਮ ਜੋ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਕੀਤੇ ਜਾਂਦੇ ਹਨ, ਬੰਧਨ ਦਾ ਕਾਰਣ ਬਣਦੇ ਹਨ। ਜਿਨ੍ਹਾਂ ਦਾ ਮਾਇਆ ਨਾਲ ਮੋਹ ਪੈ ਜਾਂਦਾ ਹੈ, ਉਹ ਆਵਾਗਵਣ ਦੇ ਚੱਕਰ ਵਿੱਚ ਪੈ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 379
2. ਉਹੀ, ਪੰਨਾ 1288
3. ਉਹੀ, ਪੰਨਾ 1123
4. Dr. Surinder Singh Kohli, Philosophy of Guru Nanak, p. 128

ਜਾਂਦਾ ਹੈ:-

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥[1]

ਅਤੇ

ਤ੍ਰੈਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰੁ ॥
ਲੋਭੀ ਅਨੁ ਕਉ ਸੇਵਦੇ ਪੜਿ ਵੇਦਾ ਕਰਹਿ ਪੁਕਾਰ ॥
ਬਿਖਿਆ ਅੰਦਰਿ ਪਚਿ ਮੁਏ ਨ ਉਰਵਾਰੁ ਨ ਪਾਰੁ ॥[2]

ਮਾਇਆ ਦੇ ਤਿੰਨਾਂ ਗੁਣਾਂ ਕਰਕੇ ਮਨੁੱਖ ਦਾ ਸੰਸਾਰ ਨਾਲ ਮੋਹ ਪੈ ਜਾਂਦਾ ਹੈ। ਉਹ ਵਿਸ਼ੇ ਦੇ ਚੱਕਰ ਵਿੱਚ ਉਲਝ ਜਾਂਦਾ ਹੈ ਅਤੇ ਅਲੱਖ ਪ੍ਰਭੂ ਨੂੰ ਲੱਖਣ ਦੇ ਸਮਰੱਥ ਨਹੀਂ ਰਹਿੰਦਾ:-

ਤੇਰੇ ਜੋਹਿ ਗੁਣ ਸੰਸਾਰਿ ਸਮਾਵਹਿ ਅਲਖੁ ਨ ਲਖਿਆ ਜਾਈ ਹੇ ॥[3]

ਉਪਰੋਕਤ ਵਿਚਾਰ ਤਾਂ ਬੰਧਨਯੁਕਤ ਕਰਮਾਂ ਬਾਰੇ ਹੈ, ਜਿਨ੍ਹਾਂ ਕਰਕੇ ਮਨੁੱਖ ਆਵਾਗਵਣ ਦੇ ਚੱਕਰ ਤੋਂ ਛੁਟਕਾਰਾ ਨਹੀਂ ਪਾ ਸਕਦਾ। ਹੁਣ ਮੋਖ-ਯੁਕਤ ਕਰਮਾਂ ਦੀ ਵਿਚਾਰ ਕਰਨੀ ਜਾਇਜ਼ ਹੈ ਜਿਨ੍ਹਾਂ ਸਦਕਾ ਜੀਵ ਨੇ ਅਕਾਲਪੁਰਖ ਨਾਲ ਅਭੇਦ ਹੋ ਕੇ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣਾ ਹੈ। ਗੁਰਬਾਣੀ ਅਨੁਸਾਰ ਇਨ੍ਹਾਂ ਮੋਖ-ਯੁਕਤ ਕਰਮਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਧਰਮੋਕਤ ਕਰਮ ਜਾਂ ਨਿਸ਼ਕਾਮ ਕਰਮ।
2. ਅਧਿਆਤਮਕ ਕਰਮ।
3. ਹੁਕਮ ਰਜ਼ਾਈ ਕਰਮ।

ਡਾ. ਤਾਰਾ ਸਿੰਘ ਬੇਦੀ ਲਿਖਦੇ ਹਨ:-

"ਗੁਰਦੇਵ ਦੇ ਕਥਨ ਅਨੁਸਾਰ ਮੋਖ ਯੁਕਤ ਕਰਮਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:- 1. ਧਰਮੋਕਤ ਕਰਮ 2. ਅਧਿਆਤਮਕ ਕਰਮ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 603
2. ਉਹੀ, ਪੰਨਾ 30
3. ਉਹੀ, ਪੰਨਾ 156

੩. ਉਤਮ ਕਮਾਈ ਕਰਮ।"[1]

<u>ਨਿਹਕੇਵਲ ਕਰਮ</u>:- ਇਹ ਕਰਮ ਬਹੁਤ ਉੱਤਮ ਕਰਮ ਹਨ। ਪ੍ਰਮਾਤਮਾ ਦਾ ਨਾਮ ਸਿਮਰਣ 'ਨਿਹਕੇਵਲ ਕਰਮ' ਦਾ ਮੁਖ ਹੈ। ਅਵਤਾਰ ਲੋਕੀ ਵੀ ਏਸ ਕਰਦੇ, ਉਠਦੇ ਬਹਿੰਦੇ, ਪ੍ਰਭੂ ਵੱਲ ਧਿਆਨ ਜੋੜਨਾ ਹੈ। ਉਸਨੂੰ ਸਭ ਪਾਸੇ ਅਕਾਲਪੁਰਖ ਹੀ ਨਜ਼ਰੀਂ ਆਉਂਦਾ ਹੈ। ਡਾ. ਤਾਰਾ ਸਿੰਘ ਬੇਦੀ ਲਿਖਦੇ ਹਨ:-

> "ਸਤਿਗੁਰੂ ਜਿਸਦੇ ਅੰਤਰਆਤਮਾ ਪ੍ਰਮਾਤਮਾ ਨੂੰ ਵਸਾ ਦਿੱਤਾ ਹੈ, ਉਸੇ ਨੂੰ ਸਭੇ ਜੀਵ ਦੀ ਸੁਰਤੀ ਦੀ ਕਦਰ ਤੇ ਕੀਮਤ ਦਾ ਅਸਲੀ ਗਿਆਨ ਹੁੰਦਾ ਹੈ। ਉਹਨਾਂ ਲਈ ਪਦਾਰਥ ਅਤੇ ਜੀਵਨ ਵਿਚ ਸਮਾਨ ਹੋ ਜਾਂਦੇ ਹਨ। ਚੰਦਰਮਾ ਦੀ ਸੀਤਲਤਾ ਅਤੇ ਸੂਰਜ ਦੀ ਗਰਮੀ ਵਿੱਚ ਵੀ ਇਸ ਪ੍ਰਕਾਰ ਦੇ ਵਿਅਕਤੀ ਦੀ ਉਹੀ ਸਮਾਨ ਰਹਿੰਦੀ ਹੈ।"[2]

ਅਕਾਲਪੁਰਖ ਦੀ ਸੱਚੇ ਦਿਲੋਂ ਭਗਤੀ ਕਰਨਾ ਸਾਰੇ ਕਰਮਾਂ ਤੋਂ ਸ੍ਰੇਸ਼ਟ ਹੈ। ਪਰ ਗੁਰਦੇਵ ਕਹਿੰਦੇ ਹਨ ਕਿ ਜਿਸਦੇ ਪੂਰਬਲੇ ਕਰਮ ਚੰਗੇ ਹੋਣ ਉਸੇ ਨੂੰ ਇਸ ਦੀ ਪ੍ਰਾਪਤੀ ਹੁੰਦੀ ਹੈ:-

> ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
> ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥[3]

ਜਿੱਥੇ ਪਰਮ ਵਿੱਚ ਹਰੀ ਜੱਸ ਨੂੰ ਕਲਯੁਗ ਦੇ ਸਮੇਂ ਵਿਚ ਉੱਤਮ ਕਰਮ ਦੱਸਦੇ ਗੁਰਦੇਵ ਇਸ ਵਿਚ ਜੋਰ ਦੇਣ ਦੀ ਪ੍ਰੇਰਣਾ ਦਿੰਦੇ ਹਨ। ਭਗਤੀ ਦਾ ਮੁੱਖ ਅੰਗ ਵੀ ਹਰੀ ਜੱਸ ਦੱਸਿਆ ਹੈ। ਫੁਰਮਾਣ ਹੈ:-

> ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
> ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥[4]

---

1. ਡਾ. ਤਾਰਾ ਸਿੰਘ ਬੇਦੀ, <u>ਗੁਰੂ ਨਾਨਕ ਦਰਸ਼ਨ</u>, ਪੰਨਾ 153
2. ਉਹੀ, ਪੰਨਾ 154
3. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 642
4. ਉਹੀ, ਪੰਨਾ 1314

ਇਹ ਸਿੱਧ ਕਰਦਿਆਂ ਹੈ ਕਿ ਸੰਚਿਤ ਕਰਮਾਂ ਦੇ ਅਸਰ ਨੂੰ ਪਰਿਵਰਤਿਤ ਕਰਮਾਂ ਜਾਂ ਹਰੀ ਦਾ ਜੱਸ ਗਾਉਣ ਨਾਲ ਬੇਅਸਰ ਕੀਤਾ ਜਾ ਸਕਦਾ ਹੈ। ਨਾਮ ਬਿਨਾਂ ਕਿਸੇ ਚੀਜ਼ ਦੀ ਵੀ ਪ੍ਰਾਪਤੀ ਨਹੀਂ ਹੁੰਦੀ ਅਤੇ ਗੁਰੂ ਦੇ ਨਾਮ ਦੁਆਰਾ ਅਕਾਲਪੁਰਖ ਨਾਲ ਮੇਲ ਪ੍ਰਾਪਤ ਹੁੰਦਾ ਹੈ:-

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥
ਗੁਰਮੁਖਿ ਪਾਏ ਮੋਖ ਦੁਆਰੁ॥[1]

<u>ਅਧਿਆਤਮਕ ਕਰਮ</u>:- ਪਰਮਾਤਮਾ ਦੀ ਪ੍ਰਾਪਤੀ ਲਈ ਜੋ ਕਰਮ ਹਉਮੈ ਰਹਿਤ ਕੀਤੇ ਜਾਣ ਉਹ ਕਰਮ ਅਧਿਆਤਮਕ ਕਰਮ ਹਨ। ਇਨ੍ਹਾਂ ਕਰਮਾਂ ਦੀ ਸੀਮਾਂ ਨਿਸ਼ਚਿਤ ਕਰਨੀ ਮੁਸ਼ਕਿਲ ਹੈ। ਇਹ ਕਰਮ ਪ੍ਰਾਣੀ ਨੂੰ ਸਾਰੇ ਕਰਮਾਂ ਤੋਂ ਮੁਕਤ ਕਰਕੇ ਸਰਬ ਸ੍ਰੇਸ਼ਟ ਆਤਮਿਕ ਅਵਸਥਾ ਵੱਲ ਲੈ ਜਾਂਦੇ ਹਨ। ਇਹ ਨਿਸ਼ਕਾਮ ਭਾਵਨਾ ਨਾਲ ਅਰਥਾਤ ਬਿਨਾਂ ਕਿਸੇ ਫਲ ਦੀ ਇੱਛਾ ਤੋਂ ਕੀਤੇ ਜਾਂਦੇ ਹਨ। ਪੰਜ ਵਿਕਾਰਾਂ ਨੂੰ ਮਾਰਨਾ, ਸੱਚ ਅਪਣਾਉਂਦੇ ਹੋਏ ਪਰਮਾਤਮਾ ਦੀ ਜੋਤ ਹਰ ਪਾਸੇ ਪਸਰੀ ਵੇਖਣਾ, ਹੁਕਮ ਦਾ ਭੇਅ ਮੰਨਣਾ, ਗੁਰੂ ਦਾ ਸ਼ਬਦ ਮੰਨਣਾ ਤੇ ਆਤਮਿਕ ਸਚਾਈ ਦੀ ਭਾਲ ਕਰਨਾ ਆਦਿ ਅਧਿਆਤਮਕ ਕਰਮ ਕਹੇ ਹਨ:-

ਅਧਿਆਤਮ ਕਰਮ ਕਰੇ ਦਿਨੁ ਰਾਤੀ॥
ਨਿਰਮਲ ਜੋਤਿ ਨਿਰੰਤਰਿ ਜਾਤੀ॥[2]

ਡਾ. ਰਤਨ ਸਿੰਘ ਜੱਗੀ ਨੇ ਲਿਖਿਆ ਹੈ:-

> "ਜੋ ਸਾਧਕ ਸਵੇਰੇ ਅੰਮ੍ਰਿਤ ਵੇਲੇ ਪਰਮਾਤਮਾ ਦੀ ਉਸਤਤ ਕਰਦੇ ਹਨ, ਇਕਾਗਰ ਮਨ ਨਾਲ ਪਰਮਾਤਮਾ ਦਾ ਧਿਆਨ ਧਰਦੇ ਹਨ, ਵਰਨ ਦੇ ਵਾਸਤਵਿਕ ਮਹੱਤਵ ਨੂੰ ਧਾਰ ਕੇ ਅੰਧਕਾਰਮਈ ਮਨ ਨਾਲ ਯੁਧ ਕਰਦੇ ਹਨ, ਉਹੀ ਪੂਰੇ ਸ਼ੁਧ ਅਰਥਾਂ ਗੁਰਮੁਖ ਹਨ। ਸ਼ੁਭ ਅਰਥਾਂ ਅਧਿਆਤਮਕ ਕਰਮਾਂ ਦੀ ਵੇਲ ਦਾ ਜਦੋਂ ਵਿਸਤਾਰ ਹੁੰਦਾ ਹੈ ਤਾਂ ਉਸ ਵਿੱਚ ਨਾਮ ਨਾਮ ਦਾ ਫ਼ਲ ਲੱਗਦਾ ਹੈ।"[3]

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 115
2. ਉਹੀ, ਪੰਨਾ 1039
3. ਡਾ. ਰਤਨ ਸਿੰਘ ਜੱਗੀ, <u>ਗੁਰੂ ਨਾਨਕ ਦੀ ਵਿਚਾਰਧਾਰਾ</u>, ਪੰਨਾ 391-92

ਅਧਿਆਤਮਕ ਕਰਮਾਂ ਰਾਹੀਂ ਫਲ-ਯੁਕਤ ਕਰਮਾਂ ਦੇ ਅਸਰ ਮਿਟ ਜਾਂਦੇ ਹਨ। ਪਾਪਾਂ ਦੇ ਦਾਗ ਐਸੇ ਨਹੀਂ ਜੋ ਲਹਿ ਨਹੀਂ ਸਕਦੇ, ਉਨ੍ਹਾਂ ਨੂੰ ਅਧਿਆਤਮਕ ਕਰਮਾਂ ਰਾਹੀਂ ਧੋਤਾ ਜਾ ਸਕਦਾ ਹੈ। ਇਕਾਗਰ ਚਿੱਤ ਸਿਮਰਣ ਨਾਲ ਉਚ ਆਤਮਿਕ ਅਵਸਥਾ ਨੂੰ ਪਹੁੰਚਿਆ ਜਾ ਸਕਦਾ ਹੈ।

ਹੁਕਮ ਰਜਾਈ ਕਰਮ:- ਹੁਕਮ ਰਜਾਈ ਕਰਮ ਜਿਵੇਂ ਕਿ ਸ਼ਬਦਾਂ ਤੋਂ ਸਪਸ਼ਟ ਹੈ, ਉਹ ਕਰਮ ਹਨ ਜਿਹੜੇ ਅਕਾਲਪੁਰਖ ਦੀ ਪ੍ਰੇਰਣਾ, ਹੁਕਮ ਅਤੇ ਉਸਦੀ ਇੱਛਾ ਅਨੁਕੂਲ ਹੁੰਦੇ ਹਨ। ਇਹ ਕਰਮ ਮਨੁੱਖ ਨੂੰ ਸਹਿਜ ਦੀ ਮੁਕਤੀ ਬਖਸ਼ਦੇ ਹਨ। ਅਜਿਹੇ ਵਿਅਕਤੀ ਨੂੰ ਕੋਈ ਦੁੱਖ ਪੋਹ ਨਹੀਂ ਸਕਦਾ।

ਇਸ ਅਵਸਥਾ ਦੀ ਸਚਾਈ ਵਿੱਚ ਦ੍ਰਿੜ ਹੋ ਕੇ ਜੀਵ ਸ਼ੁਭ ਕਰਮਾਂ ਨਮਿੱਤ ਹਰ ਕੁਰਬਾਨੀ ਕਰਨ ਲਈ ਤਿਆਰ ਹੁੰਦਾ ਹੈ। ਉਹ ਜਿਥੇ ਜਾਂਦਾ, ਬੈਠਦਾ, ਉਠਦਾ ਹੈ, ਜੋ ਵੀ ਕਰਮ ਕਰਦਾ ਹੈ, ਅਕਾਲਪੁਰਖ ਦੇ ਹੁਕਮ ਅਧੀਨ ਕਰਦਾ ਹੈ ਅਤੇ ਪ੍ਰਭੂ ਨੂੰ ਹਰ ਥਾਂ ਰਮਿਆ ਵੇਖਦਾ ਹੈ:-

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ॥
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ॥[1]

ਅਜਿਹੇ ਸਾਧਕ ਦੇ ਸਭ ਕਰਮ, ਸਭ ਘਾਲ ਥਾਇ ਪੈਂਦੀ ਹੈ। ਫੁਰਮਾਣ ਹੈ:-

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥[2]

ਉਸਦੇ ਅੰਦਰ ਨਾਮ ਦਾ ਅਮੁੱਟ ਖਜ਼ਾਨਾ ਪ੍ਰਗਟ ਹੋ ਜਾਂਦਾ ਹੈ। ਉਹ ਨਾਮੀ ਨਾਲ ਅਭੇਦ ਹੋ ਜਾਂਦੇ ਹਨ। ਆਵਾਗਵਣ ਖ਼ਤਮ ਹੋ ਜਾਂਦਾ ਹੈ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਕਰਮ ਅਤੇ ਆਵਾਗਵਣ ਦੇ ਸਿਧਾਂਤ ਨੂੰ ਸਾਰੇ ਭਾਰਤੀ ਮੱਤਾਂ ਵਿਚ ਸਵੀਕਾਰ ਕੀਤਾ ਗਿਆ ਹੈ ਅਤੇ ਇਸ ਕਰਮ-ਫਲ ਨੂੰ ਦੁੱਖ ਦਾ ਕਾਰਣ ਮੰਨਿਆ ਗਿਆ ਹੈ। ਫਲ-ਯੁਕਤ ਕਰਮਾਂ ਦੇ ਕਰਨ ਨਾਲ ਇਹ ਚੱਕਰ ਚੱਲਦਾ ਰਹਿੰਦਾ ਹੈ। ਪਰ ਜੋਗ ਯੁਕਤ ਕਰਮਾਂ ਸਦਕਾ ਅਕਾਲਪੁਰਖ ਨਾਲ ਅਭੇਦ ਹੋ ਕੇ ਇਸ ਆਵਾਗਵਣ ਦੇ ਚੱਕਰ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 993
2. ਉਹੀ, ਪੰਨਾ 421

## ਪੰਜਵਾਂ ਅਧਿਆਇ

**
**
**
**

## ਏਸ਼ੀ ਅਤੇ ਦੇਸ਼ ਮੁਲਕਾਂ ਅਤੇ ਟੁਰ੍ਹ ਵਟੋਂ ਜਾਏ ਕਬਿਰ

ਅਧਿਆਤਮਕ ਅਤੇ ਅਧਿਭੌਤਿਕ ਦੁੱਖਾਂ ਦੇ ਨਾਲ ਨਾਲ ਭਾਰਤੀ ਦਰਸ਼ਨ ਵਿੱਚ ਅਧਿਦੈਵਿਕ ਦੁੱਖਾਂ ਦਾ ਜ਼ਿਕਰ ਵੀ ਹੋਇਆ ਹੈ। ਜਿਸ ਤੋਂ ਭਾਵ ਹੈ ਕਿ ਮਨੁੱਖ ਲਈ ਦੈਵੀ ਆਫ਼ਤੀ ਦੁੱਖ, ਜੋ ਕੁਦਰਤੀ ਸ਼ਕਤੀਆਂ ਅੰਦਰ ਪੈਦਾ ਹੁੰਦੇ ਹਨ, ਨਾਲ ਵੀ ਜੁੜਿਆ ਜਾਂਦਾ ਹੈ, ਜਿਨ੍ਹਾਂ ਦੀ ਕਿ ਉਸਨੂੰ ਆਸ ਵੀ ਨਹੀਂ ਹੁੰਦੀ ਜਿਵੇਂ ਭੂਚਾਲ ਦਾ ਆਉਣਾ, ਹੜ੍ਹ ਆਉਣ ਜਾਂ ਕੁਝ ਬਰਬਾਦ ਹੋਣਾ। ਕਈ ਵਾਰ ਇਵੇਂ ਹੁੰਦਾ ਹੈ ਕਿ ਉਹ ਸੁਖ ਭਰਿਆ ਜੀਵਨ ਬਿਤਾ ਰਿਹਾ ਹੁੰਦਾ ਹੈ ਕਿ ਅਚਾਨਕ ਕੋਈ ਕੁਦਰਤੀ ਦੁਰਘਟਨਾ ਵਾਪਰ ਜਾਂਦੀ ਹੈ, ਉਸਦਾ ਜੀਵਨ ਦੁੱਖਾਂ ਭਰਪੂਰ ਹੋ ਜਾਂਦਾ ਹੈ। ਇਹ ਅਣਕਿਆਸੀਆਂ ਮਨੁੱਖ ਆਪ ਸਹੇੜਦਾ ਹੈ ਤੇ ਨਾ ਸਮਾਜ ਵਲੋਂ ਪੈਦਾ ਕੀਤੀਆਂ ਹੁੰਦੀਆਂ ਹਨ। ਪਰ ਇਹ ਮਨੁੱਖ ਦੇ ਜੀਵਨ ਨੂੰ ਪਰੇਸ਼ਾਨ ਕਰ ਸਕਦੀਆਂ ਹਨ, ਇਨ੍ਹਾਂ ਨੂੰ ਹੀ ਅਧਿਦੈਵਿਕ ਦੁੱਖਾਂ ਦਾ ਨਾਂ ਦਿੱਤਾ ਹੈ।

ਇਸ ਪ੍ਰਕਾਰ ਦੇ ਦੁੱਖ ਦਾ ਸਾਹਮਣਾ ਮਨੁੱਖ ਨੂੰ ਜਨਮ ਸਮੇਂ ਤੋਂ ਹੀ ਕਰਨਾ ਪਿਆ। ਜਦੋਂ ਆਦਿ ਮਨੁੱਖ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਹੋਣਗੀਆਂ ਤਾਂ ਸਭ ਤੋਂ ਪਹਿਲਾਂ ਉਸਨੂੰ ਆਪਣੇ ਆਲੇ ਦੁਆਲੇ ਪ੍ਰਕਿਰਤੀ ਦੇ ਅਸਲ ਰੂਪ ਦਾ ਹੀ ਅਨੁਭਵ ਹੋਇਆ ਹੋਵੇਗਾ। ਉਸਦੇ ਸਾਹਮਣੇ ਸਭ ਤੋਂ ਪਹਿਲਾਂ ਜਦੋਂ ਪ੍ਰਕਿਰਤੀ ਦਾ ਭਿਆਨਕ ਰੂਪ ਪ੍ਰਗਟ ਹੋਇਆ ਹੋਵੇਗਾ, ਚਲੋ ਨਾਲ ਉਸਦੀ ਭੁੱਖ ਪਿਆਸ ਵਧੀ ਹੋਵੇਗੀ, ਬਰਖਾ ਦੀ ਬੁਛਾੜ ਅਤੇ ਬੱਦਲਾਂ ਦੀ ਗਿਆਨਹੀਣ ਗਰਜ ਅੰਦਰ ਉਹ ਡਰ ਨਾਲ ਕੰਬ ਉਠਿਆ ਹੋਵੇਗਾ, ਗਰਮੀ ਅਤੇ ਸਰਦੀ ਨੇ ਉਸਨੂੰ ਅਸਹਿ ਪ੍ਰਭਾਵਿਤ ਕੀਤਾ ਹੋਵੇਗਾ ਅਤੇ ਜੰਗਲੀ ਜਾਨਵਰਾਂ ਨੇ ਉਸਦੇ ਮਨ ਵੀ ਅੰਦਰ ਭਾਰੀ ਡਰ ਪੈਦਾ ਕੀਤਾ ਹੋਵੇਗਾ ਤਾਂ ਮਨੁੱਖ ਨੇ ਆਤਮ ਰੱਖਿਆ ਲਈ ਕਈ ਸਾਧਨ ਜੁਟਾਏ ਹੋਣਗੇ। ਪਰ ਉਹ ਸਭ ਪ੍ਰਕਿਰਤੀ ਦੇ ਸਾਹਮਣੇ ਨਿਰਾਰਥਕ ਸਿੱਧ ਹੋਏ ਹੋਣਗੇ। ਉਸਨੇ ਆਪਣੇ ਇਨ੍ਹਾਂ ਦੁੱਖਾਂ ਦਾ ਕਾਰਣ ਆਪਣੇ ਆਪ ਤੋਂ ਬਾਹਰ ਸੋਚਿਆ। ਦੁੱਖ ਜਿਸ ਵਿੱਚ ਉਸਦਾ ਆਪਣਾ ਦੋਸ਼ ਨਹੀਂ, ਸਗੋਂ ਦੁੱਖਾਂ ਦੀ ਜੜ੍ਹ ਦੈਵੀ ਤੇ ਅਲੌਕਿਕ ਸ਼ਕਤੀਆਂ ਹਨ। ਉਸਨੂੰ ਇਹ ਅਨੁਭਵ ਹੋਇਆ ਕਿ ਇਹ ਸ਼ਕਤੀਆਂ ਮਨੁੱਖੀ ਤਾਕਤ ਦੇ ਦਾਇਰੇ ਤੋਂ ਅਧਿਕ ਸ਼ਕਤੀਸ਼ਾਲੀ ਹਨ। ਇਹ ਇਕੱਲੇ ਵਿਅਕਤੀ ਨੂੰ ਹੀ ਦੁੱਖ ਨਹੀਂ ਸਨ ਦਿੰਦੀਆਂ, ਬਲਕਿ ਵਿਅਕਤੀਆਂ ਦੇ ਸਮੂਹ ਨੂੰ ਵੀ ਦੁੱਖ ਦਿੰਦੀਆਂ ਸਨ। ਪਰ ਕਿਸੇ ਵੀ ਤਰ੍ਹਾਂ ਮਨੁੱਖ ਇਨ੍ਹਾਂ ਤੋਂ ਅਣਭਿੱਜ ਨਹੀਂ ਰਹਿ ਸਕਦਾ ਸੀ। ਇਹ ਉਸਦੇ ਜੀਵਨ ਦਾ ਅਨਿੱਖੜ ਅੰਗ ਸਨ ਅਰਥਾਤ ਇਨ੍ਹਾਂ ਤੇ ਉਸਦੀ ਜ਼ਿੰਦਗੀ ਨਿਰਭਰ ਸੀ। ਸਪਸ਼ਟ ਸਿੱਧ ਹੁੰਦਾ ਹੈ ਕਿ ਮਨੁੱਖ ਦੇ ਆਪਣੇ ਦੁੱਖ ਸੁੱਖ ਦੇ ਅਨੁਭਵ ਵਿਚੋਂ ਇਨ੍ਹਾਂ ਸ਼ਕਤੀਆਂ ਦਾ ਵਿਚਾਰ ਜਨਮਿਆ। ਦੈਵੀ ਉਤੇ

ਜਿਹੜੀਆਂ ਕੁਦਰਤੀ ਸ਼ਕਤੀਆਂ ਨਜ਼ਰ ਆਈਆਂ ਮਨੁੱਖ ਨੇ ਉਨ੍ਹਾਂ ਵਿੱਚ ਦੇਵ-ਰੂਪਾਂ ਦਾ ਵਾਸਾ ਮੰਨ ਲਿਆ। ਇਨ੍ਹਾਂ ਦੇਵੀ-ਦੇਵਤਿਆਂ ਵਿਚ ਵਿਸ਼ਵਾਸ਼ ਏਸੀ ਜਿਸਦੇ ਦਾ ਸਾਰੇ ਤੋਂ ਸਾਰਾ ਕਰਨਾਦਾ ਹੈ।

ਡਾ. ਸ਼ੇਰ ਸਿੰਘ ਲਿਖਦੇ ਹਨ:-

"ਪ੍ਰਾਚੀਨ ਆਰੀਆਂ ਨੇ ਕੁਦਰਤੀ ਸ਼ਕਤੀਆਂ ਨੂੰ ਸਜੀਵ ਕਲਪਿਆ। ਪਹਾੜ, ਦਰਿਆ, ਅਗਨੀ, ਸੂਰਜ ਆਦਿ ਸਭਨਾਂ ਵਿਚ ਮਨੁੱਖੀ ਮਨ ਦਾ ਪ੍ਰਤੀਬਿੰਬ ਪਾ ਕੇ, ਉਨ੍ਹਾਂ ਨੂੰ ਦੇਵਤਾ ਬਣਾਇਆ ਗਿਆ। ਆਦਮੀ ਤਾਂ ਨਿਰਬਲ ਤੇ ਨਾਚੀਜ਼ ਹੈ। ਉਸ ਨਾਲੋਂ ਮਹਾਨ ਕੁਦਰਤ ਤੇ ਉਸ ਦੀਆਂ ਮਹਾਨ ਸ਼ਕਤੀਆਂ ਜੀਵਨ ਦੇ ਸਾਧਨ ਹਨ। ਉਨ੍ਹਾਂ ਦੇ ਮੁਕਾਬਲੇ ਵਿੱਚ ਇਸ ਦੀ ਹਸਤੀ ਕੀ ਹੈ? ਤੇ ਕਰ ਕੀ ਦੇਵਤਾ ਹੋਇਆ ਤੇ ਹੋਇਆ ਕੀ ਉਨ੍ਹਾਂ ਦੇ ਗੁਲਾਮ ਹੈ। ਅਸਮਾਨ, ਧਰਤੀ, ਬਿਜਲੀ ਤੇ ਬੱਦਲ, ਪਹਾੜ, ਅੱਗ ਪਾਣੀ ਹਵਾ ਆਦਿ ਸਭ ਪਸਾਰੇ ਮਨੁੱਖ ਨੂੰ ਉਸ ਨਾਲੋਂ ਵਡੇ ਤੇ ਚਿਰੰਜੀਵ ਜਾਪਦੇ ਸਨ। ਇਨ੍ਹਾਂ ਸਭਨਾਂ ਨੂੰ ਦੇਵਤੇ ਬਣਾਇਆ ਗਿਆ।"[1]

"ਧਰਮ ਸਾਹਿਤ ਤੇ ਇਤਿਹਾਸ" ਵਿਚ ਲਿਖਿਆ ਹੈ:-

" ਜਿਸ ਤਰ੍ਹਾਂ ਜੋਗੀਆਂ ਨੂੰ ਭਰਪੂਰ ਲਈ ਲਈ ਤਰ੍ਹਾਂ ਦੇ ਰਸੂਏ (ਸਾਧੂ ਆਦਿਕ) ਆਦਿ ਪ੍ਰਸਿੱਧ ਹਨ, ਉਸੇ ਤਰ੍ਹਾਂ ਪੁਰਾਤਨ ਸਮ-ਸਮਾਜ ਦੀ ਬੱਦਲ ਦੀ ਗਰਜ, ਬਿਜਲੀ ਦੀ ਚਮਕ, ਹਵਾ ਦੀ ਸਰਸਰਾਹਟ, ਤਾਰਿਆਂ ਦਾ ਟੁੱਟਣਾ, ਜਲ ਵਰਖਾ, ਦਿਨ ਦਾ ਚਾਨਣਾ ਫੈਲਣਾ, ਸੂਰਜ ਦੀ ਧੁੱਪ, ਚੰਨ ਦੀ ਚਾਨਣੀ, ਜਲ ਪ੍ਰਵਾਹ, ਬੇਗ, ਭੂਚਾਲ ਆਦਿ ਕੁਦਰਤੀ ਨਜ਼ਾਰਿਆਂ ਨੂੰ ਵੇਖਕੇ ਜਦੋਂ ਉਸਦੀ ਸਮਝ ਵਿੱਚ ਕੁਝ ਨਹੀਂ ਸੀ ਆਉਂਦਾ ਤਾਂ ਡਰ ਜਾਇਆ ਕਰਦਾ ਸੀ। ਮਨੁੱਖ ਨੇ ਇਸ ਡਰ ਅਧੀਨ ਬਿਜਲੀ ਵਿਚੋਂ ਇੰਦਰ, ਹਵਾ ਵਿੱਚ ਵਾਯੂ, ਜਲ ਵਿਚ ਵਰੁਣ, ਮੌਤ ਵਿੱਚ ਜਮ ਆਦਿ ਦੇਵਤਿਆਂ ਦੀ

---

1. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 111

> ਕਲਪਨਾ ਹੀ ਕੀਤੀ ਤੇ ਇਸ ਤਰ੍ਹਾਂ ਦੇਵ-ਸਮਾਧਾਨ ਨਾਲ ਪ੍ਰਸ਼ਨ ਦਾ ਮੁੱਢ ਵੀ ਬੱਧ ਲਿਆ ਅਤੇ ਏਨ ਸੰਸਾਰਿਕ ਦੁੱਖ ਨਵਿਰਤੀ ਲਈ ਦੇਵਤਿਆਂ ਦੇ ਸੰਗ ਜੁੜੇ ਰੱਬ ਜਾਂ ਨੇ ਸ਼ਕਤੀ ਦਾ ਰਸਤਾ ਢੂੰਡ ਲੱਭੇ।"[1]

ਦੈਵੀ ਸ਼ਕਤੀਆਂ ਅਨੇਕ ਕਿਸਮ ਦੇ ਪਦਾਰਥਾਂ ਹਨ ਜਿਨ੍ਹਾਂ ਦੇ ਮੂਹਰੇ ਕਿਤਨੀ ਸੰਤ ਪ੍ਰਬੀ ਨੀਤੇ ਜਿਨ੍ਹਾਂ ਦ੍ਰਿਸ਼ਟਮਾਨ ਨਹੀਂ, ਜਿਨ੍ਹਾਂ ਦਾ ਅਨੁਭਵ ਵੀ ਨਹੀਂ ਹੋ ਸਕਦਾ। ਯੂਨਾਨ, ਮਿਸਰ ਤੇ ਪੁਰਾਣੀ ਯੂਰਪ ਵਿੱਚ ਵੀ ਇਨ੍ਹਾਂ ਸ਼ਕਤੀਆਂ ਨੂੰ ਦੇਵਤਿਆਂ ਦੇ ਰੂਪ ਵਿਚ ਪੂਜਿਆ ਗਿਆ। ਪਹਿਲਾਂ ਇਨ੍ਹਾਂ ਦੇਵਤਿਆਂ ਨੂੰ ਮਨੁੱਖ ਦੇ ਵੈਰੀ ਹੀ ਸਮਝਿਆ ਗਿਆ। ਯੂਨਾਨਾਂ ਦੇ ਓਲੰਪਿਕ ਦੇਵਤਿਆਂ ਦਾ ਮਨੁੱਖ ਪ੍ਰਤੀ ਰਵੱਈਆ ਈਰਖਾ ਭਰਪੂਰ ਸੀ। ਟਿਊਟਾਨਿਕ ਲੋਕਾਂ ਵਿਚ ਦਵੈਤ ਦਾ ਵਿਚਾਰ ਪ੍ਰਚਲਤ ਸੀ। 'ਅਹਿਰਮਨ' ਤੇ 'ਯਜ਼ਦਾਨ' ਸਰਵੋਤਮ ਦੇਵੀ ਦੇਵਤੇ ਹਨ। 'ਅਹਿਰਮਨ' ਨੂੰ ਬੁਰੀ ਸ਼ਕਤੀ ਦਾ ਮਾਲਕ ਹੋਣ ਕਰਕੇ ਬੇਨੇਮਾਂ ਤੇ ਅਨੇਕ ਰੋਗਿਆਂ ਹੈ। 'ਯਜ਼ਦਾਨ' ਨੂੰ ਨੇਕ ਤੇ ਕਿਸਮਤ ਦੀ ਦੇਵੀ ਮੰਨਿਆ ਹੈ ਜੋ ਕਿ 'ਖੁਸ਼ੀ' ਤੇ ਚੰਗੇ ਸ਼ਕਤੀਆਂ ਦੀ ਹੈ। ਯੂਨਾਨੀ ਯੂਰਪ ਦੇ ਲੋਕਾਂ ਦੀ ਜਿਤਨੀ ਦਿਲਚਸਪੀਆਂ ਦਾ ਰੂਪੀ ਸੀ ਕਿਉਂਕਿ ਉਨ੍ਹਾਂ ਦਾ ਵਾਹ ਸਖ਼ਤ ਜਲਵਾਯੂ ਨਾਲ ਸੀ। ਜੰਗਲ ਤੇ ਤੂਫਾਨਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਕਰਕੇ ਦੇਵੀ ਦੇਵਤਿਆਂ ਵਿੱਚ ਵਿਸ਼ਵਾਸ ਵੱਧ ਗਿਆ।

ਪੁਰਾਤਨ ਭਾਰਤੀ ਧਰਮ ਅਤੇ ਸਭਿਅਤਾ ਦੇ ਵਿਕਾਸ ਦੇ ਸਭ ਤੋਂ ਪੁਰਾਤਨ ਸੋਮੇ ਵੇਦ ਹਨ। ਪ੍ਰਾਰੰਭਿਕ ਰੂਪ ਵਿਚ ਪ੍ਰਾਕ੍ਰਿਤਕ ਸ਼ਕਤੀਆਂ ਦੇ ਕਹਿਰ ਤੋਂ ਬਚਣ ਲਈ ਉਨ੍ਹਾਂ ਦੀ ਦੇਵੀ ਦੇਵਤਿਆਂ ਦੇ ਰੂਪ ਵਿਚ ਪੂਜਾ ਦਾ ਵਿਚਾਰ ਵੇਦਾਂ ਵਿਚੋਂ ਮਿਲਦਾ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ:-

> "ਪੁਰਾਣੇ ਵੈਦਿਕ ਮੰਤਰ ਜਿਹੜੀ ਕਿਸੇ ਆਪਣੇ ਅਣਭੋਲੇ ਤੇ ਸਧਾਰਨ ਮਨ ਨਾਲ ਕੁਦਰਤੀ ਨਜ਼ਾਰੇ ਤੱਕ ਕੇ ਖੁਸ਼ ਹੁੰਦੇ ਸਨ। ਰੂਪ ਅਸਲ ਵਿਚ ਦਾਰਿਕ ਸਭਾਵ ਵੱਖਰੇ ਸਨ ਤੇ ਕੁਦਰਤੀ ਦ੍ਰਿਸ਼ਾਂ ਤੇ ਘਟਨਾਵਾਂ ਜੀਆਂ ਜੋੜਾਂ ਨੂੰ ਤੱਕ ਕੇ ਮੋਹੇ ਵਿੱਚ ਆਉਂਦੇ ਸਨ, ਕਲਪਨਾ ਸ਼ਕਤੀ ਪੂਰੇ ਜੋਸ਼ ਵਿਚ ਹੋਸ਼ ਆਉਂਦੀ ਸੀ। ਇਨ੍ਹਾਂ ਨੂੰ ਮਨੁੱਖਤਾ ਤੇ ਸ਼ੈਤਾਨ ਕਲਪਨਾ ਨੇ ਖੁਸ਼ ਕਈ

---

1. ਸ਼ਮਸ਼ੇਰ ਸਿੰਘ ਅਸ਼ੋਕ, <u>ਧਰਮ ਸਾਹਿਤ ਤੇ ਇਤਿਹਾਸ</u>, ਪੰਨਾ 70

> ਪਰ ਇਹ ਲੋੜ ਨੂੰ ਆਤਮਤੱਤੀ ਤੇ ਜੀਵਨ ਸਰੂਪ ਵਿਖਾਇਆ। ਚੰਦ, ਤਾਰੇ, ਸਮੁੰਦਰ, ਅਸਮਾਨ, ਧਰਤ ਤੇ ਸੰਧਿਆ ਸਾਰੇ ਦੇਵਤਾ ਰੂਪ ਹੋ ਕੇ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਖਲੋਤੇ। ਵੈਦਿਕ ਕਾਲ ਦੀ ਸਭ ਤੋਂ ਪਹਿਲੀ ਪੂਜਾ ਪ੍ਰਤਿਸ਼ਠਾ ਇਨ੍ਹਾਂ ਕੁਦਰਤੀ ਦੇਵਤਿਆਂ ਦਾ ਪੂਜਣ ਸੀ।"[1]

ਮਨੁੱਖ ਇਸ ਤੋਂ ਅਗਾਂਹ ਕੁਝ ਸ਼ਕਤੀ ਨੂੰ ਪੂਜਣ ਲੱਗਾ। ਇਸ ਤਰ੍ਹਾਂ ਇਨ੍ਹਾਂ ਦੇਵਤਿਆਂ ਦੀ ਗਿਣਤੀ ਬਹੁਤ ਵੱਧ ਗਈ। ਇਨ੍ਹਾਂ ਦਾ ਸਭ ਤੋਂ ਵੱਧ ਵਰਣਨ ਰਿਗਵੇਦ ਵਿਚੋਂ ਮਿਲਦਾ ਹੈ। ਡਾ. ਹਰਿਬਨਸ ਸਿੰਘ ਲਿਖਦੇ ਹਨ:-

> "ਇਨ੍ਹਾਂ ਦਾ ਪ੍ਰਮੁੱਖ ਅੰਸ਼ ਸ਼ਕਤੀ ਹੈ। ਇਹ ਪ੍ਰਕ੍ਰਿਤੀ ਦੇ ਪ੍ਰਕੋਪ ਨੂੰ ਰੋਕ ਤਰ੍ਹਾਂ ਬਚਾਉਂਦੇ ਹਨ ਅਤੇ ਲੋਕ ਦੀ ਰਾਖੀ ਨੂੰ ਦੇਖਦੇ ਹਨ। ਸਭੇ ਪ੍ਰਕਿਰਤਾਂ ਉਤੇ ਇਹ ਰਾਜ ਕਰਦੇ ਹਨ। ਇਨ੍ਹਾਂ ਦੇ ਹੁਕਮ ਤੋਂ ਬਾਹਰ ਕੋਈ ਜਿਉਂ ਨਹੀਂ ਸਕਦਾ। ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਦਾ ਨਿਰਭਰ ਇਨ੍ਹਾਂ ਦੀ ਕਿਰਪਾਲਤਾ ਉਪਰ ਹੈ। ਇਹ ਬੜੇ ਪਰਉਪਕਾਰੀ ਹਨ ਅਤੇ ਮਨੁੱਖ ਨੂੰ ਪਰੇਮ ਨਾਲ ਰਖਦੇ ਹਨ। 'ਵਰੁਣ' ਸੁਆਇਰ ਇਨਸਾਫ਼ ਦੇਵਤਾ ਹੈ ਜੋ ਮਨੁੱਖ ਨੂੰ ਸਜ਼ਾ ਦਿੰਦਾ ਹੈ। ਇਹ 'ਸਦੈਵ' ਹਨ ਅਤੇ ਕੋਈ ਨਹੀਂ ਜਿੱਤੇ। ਈਮਾਨਦਾਰ ਅਤੇ ਧਰਮਾਤਮਾ ਦੇ ਇਹ ਮਿੱਤਰ ਅਤੇ ਰਾਖੇ ਹਨ, ਪਰ ਪਾਪੀ ਨੂੰ ਦੰਡ ਦੇਣ ਵਾਲੇ ਹਨ।"[2]

'ਹਿੰਦੂ ਮਿਥਿਹਾਸ ਕੋਸ਼' ਵਿਚ ਇਉਂ ਲਿਖਿਆ ਹੋਇਆ ਹੈ:-

> "ਆਰੀਆਂ ਦੇ ਇਨ੍ਹਾਂ ਵੱਡੇ ਅਤੇ ਛੋਟੇ ਪ੍ਰਕਾਸ਼ ਦਾ ਨਿਮਿੱਤਰ ਰੂਪ ਧਾਰੀਆਂ ਨੂੰ ਮਿਥਿਆ ਅਤੇ ਇਹ ਸਮਝਿਆ ਕਿ ਅਗਨੀ, ਸੂਰਜ, ਚੰਦ ਅਤੇ ਹੋਰ ਪ੍ਰਕਿਰਤਕ ਸ਼ਕਤੀਆਂ ਪਿਛੇ ਅਦਿਸ਼ਟ ਸ਼ਕਤੀਆਂ ਜਾਗਦੀਆਂ ਹਸਤੀਆਂ ਹੀ ਹਨ ਜਿਹੜੀਆਂ ਇਨ੍ਹਾਂ ਤੋਂ ਕਿਤੇ ਵੱਡੀ ਸੀਮੇ ਨਾਲ ਨਚਾਉਂਦੀਆਂ ਹਨ।

---

1. Dr. Radhakrishnan, Indian Philosophy, p. 66
2. ਹਰਿਬਨਸ ਸਿੰਘ, ਵਿਰਾਸਤ, ਪੰਨਾ 17

> ਇਹ ਅਜਿਹੀਆਂ ਨਿਰਪਖ ਰਚਨਾਵਾਂ ਦੀ ਉਸਤਤ ਕਰਦੇ ਅਤੇ ਸੰਸਾਰਕ ਅਬੂਸ ਨਾਲ ਉਨ੍ਹਾਂ ਐਵੇਂ ਪ੍ਰਾਰਥਨਾ ਵੀ ਕਰਦੇ ਸਨ। --- ਪ੍ਰਕ੍ਰਿਤੀ ਦੇ ਕੰਮਾਂ ਅਤੇ ਅਵਸਥਾ ਅਵਸਥਾਵਾਂ ਅਤੇ ਉਨ੍ਹਾਂ ਦੇ ਆਪਣੇ ਪ੍ਰਭਾਵ ਪੈਣੇ ਪ੍ਰਭਾਵਾਂ ਤੋਂ ਪ੍ਰਭਾਵਤ ਹੋ ਕੇ ਅਤੇ ਇਸਦੀ ਸੁੰਦਰਤਾ ਦਾ ਅਨੁਭਵ ਕਰਕੇ ਆਪਣੇ ਦੇਵਤਿਆਂ ਦੀ ਕਲਪਨਾ ਕਰ ਲਈ। --- ਉਨ੍ਹਾਂ ਲਈ ਹਰੇਕ ਦੇਵਤਾ ਹੀ ਸਰਬੋਤਮ ਸੀ ਅਤੇ ਆਪਣੇ ਸ਼ਰਧਾਲੂਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਜਾਂ ਉਨ੍ਹਾਂ ਵਿਚ ਡਰ ਜਾਂ ਖੁਸ਼ੀ ਦੀ ਭਾਵਨਾ ਜਗਾਉਣ ਦੇ ਸਮਰੱਥ ਸੀ।"[1]

ਹੁਣ ਉਨ੍ਹਾਂ ਪ੍ਰਕ੍ਰਿਤਕ ਜਾਂ ਦੈਵੀ ਸ਼ਕਤੀਆਂ ਦਾ ਵਰਣਨ ਕਰਦੇ ਹਾਂ, ਜਿਨ੍ਹਾਂ ਦੇ ਕਹਿਰ ਤੋਂ ਡਰਦਿਆਂ ਮਨੁੱਖ ਨੇ ਆਤਮ ਰੱਖਿਆ ਲਈ ਅਤੇ ਉਨ੍ਹਾਂ ਨੂੰ ਖੁਸ਼ ਕਰਨ ਲਈ ਦੇਵਤਿਆਂ ਦਾ ਰੂਪ ਦੇ ਕੇ ਪੂਜਾ ਆਰੰਭ ਕੀਤੀ।-

<u>ਇੰਦਰ ਦੇਵਤਾ</u>:- ਇਹ ਅਕਾਸ਼ ਦਾ ਦੇਵਤਾ ਹੈ ਜਿਸਨੂੰ ਵੇਦਾਂ ਵਿਚ ਬਾਕੀ ਦੇਵਤਿਆਂ ਨਾਲੋਂ ਪ੍ਰਮੁੱਖ ਮੰਨਿਆ ਹੈ। ਪਰ ਇਹ ਅਨਾਦੀ ਨਹੀਂ, ਇਸਦੇ ਮਾਤਾ ਪਿਤਾ ਹਨ। ਕਿਉਂਕਿ ਇਹ ਵਾਯੂਮੰਡਲ ਦਾ ਦੇਵਤਾ ਹੈ ਇਸ ਲਈ ਬੱਦਲਾਂ ਦਾ ਪ੍ਰਬੰਧ ਤੇ ਮੀਂਹ ਵਰ੍ਹਾਉਣ ਦਾ ਕੰਮ ਇਸਦੇ ਅਧਿਕਾਰ ਹਨ। ਇਸ ਲਈ ਇਸਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ। ਪਰ ਇਸ ਦੇ ਨਾਲ ਹੀ ਬਿਜਲੀ ਤੇ ਤੂਫਾਨਾਂ ਦਾ ਪ੍ਰਕੋਪ ਪੈਦਾ ਕਰਕੇ ਇਸਨੂੰ ਬੜਾ ਭਿਅੰਕਰ ਮੰਨਿਆ ਜਾਂਦਾ ਹੈ। ਏ.ਏ. ਮੈਕਡੋਨਲ 'ਵੈਦਿਕ ਮਾਈਥਾਲੋਜੀ' ਵਿੱਚ ਲਿਖਦੇ ਹਨ:-

> "ਬੱਦਲਾਂ ਦਾ ਵਰ੍ਹਨਾ ਇੰਦਰ ਦੇਵਤਾ ਦੇ ਕੰਮਾਂ ਵਿਚ ਸਭ ਸਾਹਮਣੇ ਆਉਂਦਾ ਹੈ। ਇਹ ਉਸਨੂੰ ਅਸਮਾਨੀ ਬਿਜਲੀ ਪੈਦਾ ਕਰਨ ਵਾਲਾ ਕਿਹਾ ਜਾਂਦਾ ਹੈ ਅਤੇ ਅਸਮਾਨ ਤੋਂ ਪਾਣੀ ਥੱਲੇ ਲਿਆਉਂਦਾ ਹੈ।"[2]

---

1. ਰਜਿੰਦਰ ਸਿੰਘ ਸ਼ਾਸਤਰੀ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 2-3
2. H.A. Macdonell, <u>Vedic Mythology</u>, p. 61

ਅੱਗੇ ਜਾ ਕੇ ਲਿਖਿਆ ਹੈ:-

> "ਇੰਦਰ ਨੂੰ ਪਰਬਤੀ ਅਤੇ ਪਹਾੜਾਂ ਨੂੰ ਹਿਲਾਣ ਵਾਲਾ ਦੇਵਤਾ ਮੰਨਿਆ ਜਾਂਦਾ ਹੈ ਅਤੇ ਬਾਅਦ ਵਿਚ ਇੰਦਰ ਨੇ ਪਹਾੜਾਂ ਦੇ ਖੰਭ ਕਾਟ ਸੁੱਟੇ ਜਿਹੜੇ ਅਸਲ ਵਿਚ ਚਾਰਦੇ ਫਿਰਦੇ ਸੀ ਅਤੇ ਇਸ ਤਰ੍ਹਾਂ ਧਰਤੀ ਨੂੰ ਸੁਖਦ ਸੁਰਖੀ ਕਰ ਦਿੱਤਾ। ਇਸ ਤਰ੍ਹਾਂ ਇਹ ਖੰਭ ਬਰਸਾਤ ਵਾਲੇ ਬੱਦਲ ਬਣ ਗਏ। ਇਹ ਪੂਰਬ-ਵੈਦਿਕ ਕਾਲ ਵਿੱਚ ਇਕ ਕਹਾਣੀ ਹੈ।"[1]

ਜਿਹੜੇ ਇਸ ਦੇਵਤੇ ਦੀ ਪੂਜਾ ਨਹੀਂ ਕਰਦੇ ਸਨ, ਉਨ੍ਹਾਂ ਨੂੰ ਇਹ ਤਬਾਹ ਕਰ ਦਿੰਦਾ ਸੀ। ਇਸੇ ਨਾਲ ਸੰਬੰਧਤ ਇਕ ਕਥਾ 'ਹਿੰਦੂ ਮਿਥਿਹਾਸ ਕੋਸ਼' ਵਿਚ ਵਰਣਨ ਕੀਤੀ ਗਈ ਹੈ। ਇਸਦੇ ਅਨੁਸਾਰ ਲਿਖਿਆ ਹੈ:-

> "ਬ੍ਰਜ ਵਿੱਚ ਇੰਦਰ ਦੀ ਪੂਜਾ ਦਾ ਬੜਾ ਰਿਵਾਜ ਸੀ, ਪਰ ਕ੍ਰਿਸ਼ਨ ਦੇ ਕਹਿਣ ਤੇ ਉਨ੍ਹਾਂ ਨੇ ਇਹ ਪੂਜਾ ਬੰਦ ਕਰ ਦਿੱਤੀ। ਇੰਦਰ ਨੂੰ ਇਸ ਗੱਲ ਤੇ ਬੜਾ ਗੁੱਸਾ ਆਇਆ ਅਤੇ ਇਸਨੇ ਉਨ੍ਹਾਂ ਨੂੰ ਡੁਬੋਣ ਲਈ ਮੀਂਹ ਤੇ ਝੱਖੜ ਦਾ ਇਕ ਤੂਫਾਨ ਭੇਜਿਆ, ਪਰ ਕ੍ਰਿਸ਼ਨ ਨੇ ਤੂਫਾਨ ਤੋਂ ਬ੍ਰਜਵਾਸੀਆਂ ਦੀ ਰੱਖਿਆ ਕਰਨ ਲਈ ਗੋਵਰਧਨ ਪਰਬਤ ਨੂੰ ਸੱਤ ਦਿਨ ਤੱਕ ਉਂਗਲ ਉਤੇ ਚੁੱਕੀ ਰੱਖਿਆ। ਅਖੀਰ ਇੰਦਰ ਹਾਰ ਗਿਆ ਅਤੇ ਕ੍ਰਿਸ਼ਨ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ।"[2]

<u>ਅਗਨੀ ਦੇਵਤਾ</u>:- ਸਾਰੇ ਦੇਵਤਿਆਂ ਨਾਲੋਂ ਮਨੁੱਖੀ ਜੀਵਨ ਨਾਲ ਇਹਦਾ ਸਭ ਤੋਂ ਵੱਧ ਸੰਬੰਧ ਹੈ। ਇਹੋ ਇਕੱਲਾ ਦੇਵਤਾ ਹੈ ਜਿਸਨੂੰ 'ਗ੍ਰਹਿਪਤੀ' (ਘਰ ਦਾ ਮਾਲਕ) ਮੰਨਿਆ ਗਿਆ ਹੈ। ਇਹ ਜੀਵਾਂ ਦੀ ਆਤਮਾ ਹੈ। ਇਹ ਦੇਵਤਾ ਤਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਅਕਾਸ਼ ਵਿੱਚ ਸੂਰਜ ਦੇ ਰੂਪ ਵਿੱਚ, ਪੁਲਾੜ ਵਿਚ ਬਿਜਲੀ ਦੇ ਰੂਪ ਵਿੱਚ ਅਤੇ ਧਰਤੀ ਉਤੇ ਸਧਾਰਨ ਅੱਗ ਦੇ ਰੂਪ ਵਿੱਚ। ਇਹ ਵੇਦਾਂ ਦੇ ਪ੍ਰਧਾਨ ਦੇਵਤਿਆਂ ਵਿਚੋਂ ਇਕ ਹੈ। ਇਸਨੂੰ ਜੀਵਾਂ ਦੀ ਆਤਮਾ ਮੰਨਿਆ ਹੈ।

---

1. A.A. Macdonell, <u>Vedic Mythology</u>, p. 62
2. ਰਜਿੰਦਰ ਸਿੰਘ ਸ਼ਾਸਤਰੀ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 77

ਰਿਗਵੇਦ ਦੇ ਮੰਤਰਾਂ ਵਿਚ ਅਗਨੀ ਦੇਵ ਨੂੰ ਮਨੁੱਖੀ ਰੂਪ ਦਿੱਤਾ ਹੈ। ਹਰਿਭਜਨ ਸਿੰਘ ਲਿਖਦੇ ਹਨ:-

> "ਸੂਰਜ ਵਰਗੀ ਉਹਦੀ ਨੁਹਾਰ ਹੈ। ਉਸ ਦੀਆਂ ਕਿਰਨਾਂ ਅਤੇ ਬਿਜਲੀ ਵਾਂਗ ਉਹ ਜਗਮਗਾਉਂਦਾ ਹੈ। ਉਹ ਰਾਤਾਂ ਵੀ ਚਮਕਦਾ ਹੈ ਅਤੇ ਆਪਣੀਆਂ ਰਿਸ਼ਮਾਂ ਦੁਆਰਾ ਹਨੇਰੇ ਨੂੰ ਦੂਰ ਕਰਦਾ ਹੈ।"[1]

> "ਇਸ ਨੂੰ ਰੂਪਕ ਪੁਰਸ਼ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਜਿਸਨੂੰ ਘਰ ਲਈ ਆਵਾਹਨ ਕੀਤਾ ਜਾਂਦਾ ਹੈ। ਇਹ ਆਪਣੇ ਦੇ ਲੋਹੇ ਵਰਗੇ ਦੰਦਾਂ ਨੂੰ ਤਿੱਖਾ ਕਰਦਾ ਹੈ, ਅਤੇ ਆਪਣੇ ਸ਼ਿਕਾਰ ਨੂੰ ਮੂੰਹ ਵਿੱਚ ਪਾਉਂਦਾ ਹੈ ਅਤੇ ਨਿਗਲ ਜਾਂਦਾ ਹੈ। ਇਹ ਆਪਣੇ ਤੀਰਾਂ ਦੀਆਂ ਧਾਰਾਂ ਤਿੱਖੀਆਂ ਕਰਦਾ ਹੈ ਅਤੇ ਉਨ੍ਹਾਂ ਨੂੰ ਰਾਖਸ਼ਾਂ ਦੀਆਂ ਛਾਤੀਆਂ ਵਿੱਚ ਭੇਜ ਦਿੰਦਾ ਹੈ।"[2]

ਇਹ ਵੀ ਮੰਨਿਆ ਜਾਂਦਾ ਹੈ ਕਿ ਅਗਨੀ ਬਦ-ਆਤਮਾਵਾਂ ਦਾ ਖ਼ਾਤਮਾ ਤੇ ਜਾਦੂ ਟੂਣਿਆਂ ਦੇ ਅਸਰ ਤੋਂ ਬਚਾਉਂਦੀ ਹੈ। ਭੂਤ ਪ੍ਰੇਤ ਇਸਦੀ ਚਮਕ ਤੋਂ ਡਰਦੇ ਨੇੜੇ ਨਹੀਂ ਆਉਂਦੇ। ਆਦਿ ਮਨੁੱਖ ਨੇ ਇਹ ਕਲਪਨਾ ਕਰਕੇ ਇਸਨੂੰ ਦੇਵਤਾ ਰੂਪ ਵਿੱਚ ਪੂਜਿਆ। ਏ.ਏ. ਮੈਕਡੋਨਲ ਨੇ ਲਿਖਿਆ ਹੈ:-

> "ਵੇਦਾਂ ਵਿੱਚ ਪ੍ਰਚਲਤ ਅਗਨੀ ਦਾ ਸਭ ਤੋਂ ਪ੍ਰਧਾਨ ਕੰਮ ਬੁਰਾਈ ਵਾਲੀਆਂ ਆਤਮਾਵਾਂ ਤੇ ਜਾਦੂ ਟੂਣੇ ਨੂੰ ਜਲਾਉਣਾ ਹੈ ਅਤੇ ਅਗਨੀ ਆਪਣੀ ਚਮਕ ਨਾਲ ਭੂਤ ਪ੍ਰੇਤਾਂ ਨੂੰ ਭੈਅ ਦਿੰਦੀ ਹੈ। - - - ਜਦੋਂ ਇਸਨੂੰ ਰੋਜ਼ ਬਾਲ੍ਹ ਜਾਂਦਾ ਹੈ ਤਾਂ ਇਹ ਲੋਹੇ ਦੇ ਦੰਦਾਂ ਨਾਲ ਭੂਤ ਪ੍ਰੇਤਾਂ ਨੂੰ ਖਾ ਜਾਂਦੀ ਹੈ।"[3]

---

1. ਹਰਿਭਜਨ ਸਿੰਘ, ਰਿਗਬਾਣੀ, ਪੰਨਾ 75
2. ਰਜਿੰਦਰ ਸਿੰਘ ਸ਼ਾਸਤਰੀ, ਹਿੰਦੂ ਮਿਥਿਹਾਸ ਕੋਸ਼, ਪੰਨਾ 33
3. A.A. Macdonell, Vedic Mythology, p. 95

ਅਗਨੀ ਬਾਰੇ ਹੁਣ ਮੁਖ ਦੇਵਤਾ ਨਹੀਂ ਰਿਹਾ ਪਰ ਯੱਗ ਆਦਿ ਵਿੱਚ ਓਸ ਆਹੂਤ ਪਾਉਣ ਕਾਰਨ ਹੀ ਇਸਦਾ ਮਹੱਤਵ ਬਣਨ ਦੀ ਪ੍ਰਥਾ ਹੈ।

<u>ਸੂਰਜ ਦੇਵਤਾ</u>:- ਇਹ ਵੇਦਾਂ ਵਿੱਚ ਵਰਣਿਤ ਪ੍ਰਧਾਨ ਦੇਵਤਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ, ਜੋ ਪ੍ਰਕਾਸ਼ ਅਤੇ ਤੇਜ ਦਾ ਸ੍ਰੋਤ ਹੈ। ਇਹ ਚੰਨ ਨੂੰ ਵੀ ਪ੍ਰਕਾਸ਼ ਬਖਸ਼ਦਾ ਹੈ। ਇਸਨੂੰ ਵਾਯੂ, ਇੰਦਰ ਅਤੇ ਅਗਨੀ ਦੇਵਾਂ ਨਾਲ ਸੰਬੰਧਤ ਕੀਤਾ ਗਿਆ ਹੈ। ਇਹ ਮਨਾਉਤ ਹੈ ਕਿ ਸੂਰਜ ਦੇਵਤਾ ਸੱਤਾਂ ਦੇ ਘੋੜੇ ਵਾਲੇ ਰੱਥ ਦਾ ਸਵਾਰ ਹੁੰਦਾ ਹੈ। ਇਸੇ ਨਾਲ ਹੀ ਸੰਬੰਧਤ ਇਕ ਮਿਥਿਹਾਸਕ ਕਥਾ ਹੈ ਕਿ ਇਕ ਰਿਸ਼ੀ ਨੇ ਆਪਣੀ ਕਾਮ ਭੁਖ ਨੂੰ ਤ੍ਰਿਪਤ ਕਰਨ ਲਈ ਸੂਰਜ ਨੂੰ ਬੰਦੀ ਬਣਾ ਲਿਆ ਸੀ ਪਰ ਆਪ ਠੀਕ ਸਮਝਣਾ ਤ੍ਰਿਪਤ ਕਰਨ ਉਪਰੰਤ ਸਾਰੇ ਤਪ ਤੇਜ ਤੋਂ ਵਾਂਝਿਆ ਹੋ ਗਿਆ ਸੀ। ਸੂਰਜ ਦੇ ਸੰਬੰਧ ਵਿਚ ਮਿਥਿਹਾਸ ਵੀ ਮਿਲਦੇ ਹਨ, ਉਹ ਕਥਾਵਾਂ ਦੀ ਬਜਾਏ ਕਾਵਿਮਈ ਜਿਆਦਾ ਹਨ। ਹਿੰਦੂ ਮਿਥਿਹਾਸ ਕੋਸ਼ ਵਿੱਚ ਇਸ ਦੇ ਤੇਜ ਦਾ ਵਰਣਨ ਇਉਂ ਕੀਤਾ ਹੈ:-

> "ਇਕ ਵਾਰ ਰਾਖਸ਼ਾਂ ਦੇ ਇਕ ਵਰਗ ਨੇ ਜਿਨ੍ਹਾਂ ਨੂੰ 'ਮੰਦੇਹਸ' ਕਹਿੰਦੇ ਹਨ, ਇਸਨੂੰ ਨਿਗਲ ਕੇ ਖਾ ਜਾਣ ਲਈ ਹਮਲਾ ਕੀਤਾ, ਪਰ ਉਹ ਸੂਰਜ ਦੇ ਤੇਜ ਨੂੰ ਸਹਿਣ ਨਾ ਕਰ ਸਕੇ ਅਤੇ ਖਿੰਡ ਪੁੰਡ ਗਏ।"[1]

ਅਜੀ ਤਾਂਈਂ ਤੇ ਥੌੜ ਵੀ ਸੂਰਜ ਦੇ ਮੰਦਰ ਮਿਲਦੇ ਹਨ, ਜਿੱਥੇ ਕਿ ਇਸਦੀ ਪੂਜਾ ਕੀਤੀ ਜਾਂਦੀ ਹੈ। ਸਵੇਰ ਨੂੰ ਚੜ੍ਹਦੇ ਸੂਰਜ ਨੂੰ ਪਾਣੀ ਦੇਣਾ ਪੂਜਾ ਦਾ ਹੀ ਚਿੰਨ੍ਹ ਹੈ ਜਿਸ ਬਾਰੇ ਇਹ ਸਮਝਿਆ ਹੈ ਕਿ ਚੜ੍ਹਦੇ ਸੂਰਜ ਨੂੰ ਪਾਣੀ ਦੇਣ ਨਾਲ ਉਹ ਬੁਰੀ ਵਿਕਾਰਾਂ ਤੋਂ ਬਚਾਉ ਹੁੰਦਾ ਹੈ। ਪਰ ਪ੍ਰਚਲਿਤ ਵਿਚਾਰ ਵਿਚ ਵੱਡੇ ਇਸ ਪ੍ਰਕਾਰ ਦੇ ਸ੍ਰੋਤ ਨੂੰ ਦੇਖ ਕਰਕੇ ਪੂਜਣਾ ਸਹਜ ਪੂਜਾ ਹੈ, ਕ੍ਰਿਤ ਪੂਜਾ ਹੈ ਅਤੇ ਅਗਿਆਨ ਭਰਪੂਰ ਕਰਮ ਹੈ।

<u>ਵਰੁਣ ਦੇਵਤਾ</u>:- ਇਸਨੂੰ ਪਰਮ ਦੇਵ ਮੰਨਿਆ ਗਿਆ ਹੈ ਜੋ ਕਿ ਮਨੁੱਖਾਂ ਅਤੇ ਦੇਵਤਿਆਂ ਦਾ ਰਾਜਾ ਹੈ। ਇਸਨੂੰ ਦੇਵੀ ਸ਼ਾਸਕ ਮੰਨਿਆ ਹੈ। ਅਕਾਸ਼ ਅਤੇ ਪ੍ਰਿਥਵੀ ਇਸਨੇ ਬਣਾਏ। ਵਾਯੂ

---

1. ਰਜਿੰਦਰ ਸਿੰਘ ਸ਼ਾਸਤਰੀ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 138

ਜਿਸਦਾ ਸਾਰ ਹੈ। ਰਿਗਵੇਦ ਵਿੱਚ ਵਰੁਣ ਨੂੰ ਪਾਣੀ ਦਾ ਦੇਵਤਾ ਕਿਹਾ ਗਿਆ ਹੈ ਜੋ ਕਿ ਦਰਿਆਵਾਂ ਨੂੰ ਚਲਾਉਂਦਾ ਹੈ। ਹਰਿਭਜਨ ਸਿੰਘ ਨੇ ਲਿਖਿਆ ਹੈ:-

> "ਵਰੁਣ ਨਾ ਸਿਰਫ਼ ਨੈਤਿਕ ਪ੍ਰਬੰਧ ਦਾ ਰਾਖਾ ਹੈ, ਸਗੋਂ ਪਵਿੱਤਰ ਦੇ ਨੇਮ ਵੀ ਉਸਦੇ ਆਸਰੇ ਚੱਲਦੇ ਹਨ। ਉਹ ਪ੍ਰਕ੍ਰਿਤੀ ਦੇ ਪ੍ਰਬੰਧ ਦਾ ਰਾਜਾ ਹੈ। ਉਸ ਨੇ ਹੀ ਪ੍ਰਿਥਵੀ ਅਕਾਸ਼ ਬਣਾਏ ਅਤੇ ਉਸਦੇ ਬਣਾਏ ਨਿਯਮਾਂ ਸਦਕਾ ਹੀ ਇਹ ਦੋਵੇਂ ਆਪੋ ਆਪਣੀ ਥਾਵੇਂ ਖੜੋਤੇ ਹਨ। ਉਸਨੇ ਸੂਰਜ ਦੀ ਸਿਰਜਣਾ ਕੀਤੀ ਅਤੇ ਉਸ ਲਈ ਇਕ ਚੌੜਾ ਰਾਹ ਤਿਆਰ ਕੀਤਾ। ਉਹ ਚੰਦਰਮਾ ਨੂੰ ਆਪਣੇ ਸਮੇਂ ਅਨੁਸਾਰ ਚੱਲਣ ਦੀ ਆਗਿਆ ਦਿੰਦਾ ਹੈ। ਉਹ ਪਾਣੀਆਂ ਨੂੰ ਵਹਾਉਣ ਵਾਲਾ ਹੈ। ਉਹ ਨਦੀਆਂ ਨੂੰ ਵੱਗਣ ਲਈ ਮਜਬੂਰ ਕਰਦਾ ਹੈ। ਇਹ ਉਸਦੀ ਮਾਇਆ ਹੀ ਹੈ, ਕਿ ਨਦੀਆਂ ਸਮੁੰਦਰ ਵਿਚ ਜਾ ਡਿੱਗਦੀਆਂ ਰਹਿੰਦੀਆਂ ਹਨ, ਪਰ ਸਮੁੰਦਰ ਕੰਢਿਆਂ ਤੋਂ ਬਾਹਰ ਨਹੀਂ ਵੱਗਦਾ।"[1]

ਵੇਦਾਂ ਵਿੱਚ ਇਹ ਵੀ ਵਰਣਨ ਮਿਲਦਾ ਹੈ ਕਿ ਵਰੁਣ ਦਾ ਮਾਣਵਤਾ ਦੀ ਚਾਲ ਤੇ ਅਸੀਮਤ ਨਿਯੰਤ੍ਰਣ ਹੈ। ਮਨੁੱਖ ਇਸ ਅੱਗੇ ਕੁਰਬਾਨੀ ਅਤੇ ਪਾਪ ਨੂੰ ਦੂਰ ਕਰਨ ਅਤੇ ਪਾਪ ਨੂੰ ਰੱਸੇ ਵਾਂਗ ਬੰਧਨ ਲਈ ਪ੍ਰਾਰਥਨਾ ਕਰਦਾ ਹੈ। ਰਿਗਵੇਦ ਵਿੱਚ ਕਈ ਥਾਵਾਂ ਤੇ ਉਨ੍ਹਾਂ ਜੀਵਾਂ ਜਾਂ ਬੰਦਿਆਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨਾਲ ਇਹ ਦੋਸ਼ੀਆਂ ਨੂੰ ਬਖਸ਼ਣਾ ਅਤੇ ਦੰਡ ਦਿੰਦਾ ਹੈ। ਪਰ ਇਸ ਦੇ ਨਾਲ ਹੀ ਪ੍ਰਸ਼ਚਿਤ ਕਰਨ ਪਿੱਛੋਂ ਖਿਮਾਂ ਵੀ ਕਰ ਦਿੰਦਾ ਹੈ। ਏ.ਏ. ਮੈਕਡੋਨਲ ਨੇ ਲਿਖਿਆ ਹੈ:-

> "ਵਰੁਣ ਦੇਵ ਪਸ਼ੂਆਂ ਦੀ ਪ੍ਰਧਾਨ ਹਨ। ਉਹ ਮੌਤ ਨੂੰ ਦੂਰ ਭਜਾਉਂਦਾ ਅਤੇ ਪਾਪਾਂ ਤੋਂ ਮੁਕਤੀ ਦਿਵਾਉਂਦਾ ਹੈ। ਉਹ ਜੀਵਨ ਨੂੰ ਜਾਂ ਤਾਂ ਲੈ ਸਕਦਾ ਹੈ ਜਾਂ ਲਮਕਾ ਸਕਦਾ ਹੈ। ਉਹ ਅਨੈਤਿਕਤਾ ਦਾ ਸਿਆਣਾ ਰੱਖਿਅਕ ਹੈ।"[2]

---

1. ਹਰਿਭਜਨ ਸਿੰਘ, ਰਿਗਬਾਣੀ, ਪੰਨਾ 86

2. A.A. Macdonell, Vedic Mythology, p. 27

ਵੇਦ ਦੀ ਪਿੱਠ ਵਿਚ ਇਹ ਆਮ ਵੇਖਣ ਨੂੰ ਮਿਲਦਾ ਹੈ ਕਿ ਏਕ 'ਅਦੁਣ' ਨੂੰ ਪਾਣੀ ਦਾ ਦੇਵਤਾ ਦੇ ਰੂਪ ਵਿਚ ਪੂਜਦੇ ਹਨ। 'ਸਾਵਣ' ਦੇ ਮਹੀਨੇ ਵਿਚ 'ਨਾਗਾਂ' ਦੇਵ ਦਾ ਵਿਸ਼ਵਾਸ ਧੂਮਧਾਮਪੂਰਵਕ ਜਿਹੇ ਇੱਥੇ ਆਮ ਪ੍ਰਚਲਤ ਹੈ ਤਾਂ ਕਿ ਮਨੁੱਖ ਨਾਗਣ ਆਦਿਕ ਜ਼ਹਿਰੀਲੇ ਜੰਤੂਆਂ ਦੇ ਜ਼ਹਿਰ ਤੋਂ ਬਚਿਆ ਜਾ ਸਕੇ। ਪਰ ਇਹ ਅੰਧਵਿਸ਼ਵਾਸਤਾ ਦਾ ਚਿੰਨ੍ਹ ਹੈ।

<u>ਮਰੁਤ ਦੇਵਤਾ</u>:- ਇਹ ਵਾਯੂ ਦਾ ਦੇਵਤਾ ਹੈ, ਜਿਸਦਾ ਵੇਦਾਂ ਵਿੱਚ ਵਿਸ਼ੇਸ਼ ਸਥਾਨ ਹੈ। ਇਸਨੂੰ ਤੂਫ਼ਾਨੀ ਦੇਵਤਾ ਵੀ ਕਿਹਾ ਗਿਆ ਹੈ। ਇਹ ਬਿਜਲੀ ਦੀ ਚਮਕ ਅਤੇ ਗਰਜ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਇਹ ਵਾਯੂਮੰਡਲ ਦੀ ਸਫ਼ਾਈ ਅਤੇ ਤੂਫ਼ਾਨਾਂ ਦੀ ਅਗਵਾਈ ਕਰਦਾ ਹੈ। ਏ.ਏ. ਮੈਕਡਾਨਲ ਨੇ ਲਿਖਿਆ ਹੈ:-

> "ਮਰੁਤ ਦਾ ਸਮੂਹਿਕ, ਗਰਜਣ, ਹਵਾ ਅਤੇ ਮੀਂਹ ਨਾਲ ਸੰਬੰਧਿਤ ਹੋਣ ਕਰਕੇ ਇਹ ਸਾਫ਼ ਦਿਸਦਾ ਹੈ ਕਿ ਰੁਦਰ ਰਿਗਵੇਦ ਵਿਚ ਤੂਫ਼ਾਨੀ ਦੇਵਤਾ ਹੈ। ਇਸ ਤੋਂ ਇਲਾਵਾ ਦੇ ਵਿਸ਼ੇਸ਼ਤਾਵਾਂ ਅਨੁਸਾਰ ਮਰੁਤ ਹਵਾ ਦੀ ਨੁਮਾਇੰਦਗੀ ਕਰਦਾ ਹੈ ਅਤੇ ਇਸ ਸ਼ਬਦ ਦਾ ਪੁਰਵ-ਵੈਦਿਕ ਅਰਥ 'ਹਵਾ' ਹੈ।"[1]

<u>ਰੁਦ੍ਰ ਦੇਵਤਾ</u>:- 'ਰੁਦ੍ਰ' ਦੇਵਤਾ ਨੂੰ ਗਰਜਣ ਵਾਲਾ ਅਤੇ ਭਿਆਨਕ ਦੇਵਤਾ ਮੰਨਿਆ ਹੈ। ਰਿਗਵੇਦ ਵਿਚ ਇਸਦਾ ਬਹੁਤ ਭਿਆਨਕ ਰੂਪ ਪੇਸ਼ ਹੋਇਆ ਹੈ। ਇਸਨੂੰ ਵਿਨਾਸ਼ਕਾਰੀ ਦੇਵਤਾ ਹੋਣ ਕਰਕੇ ਬੀਮਾਰੀਆਂ ਭੇਜਣ ਵਾਲਾ ਮੰਨਿਆ ਹੈ, ਪਰ ਨਾਲ ਹੀ ਪਰਉਪਕਾਰੀ ਵੀ ਮੰਨਿਆ ਹੈ। ਰਿਗਵੇਦ ਵਿਚ ਉਸਤਤੀ ਕਰਦਿਆਂ ਲਿਖਿਆ ਹੈ:-

> "ਰੁਦਰ ਸਾਰੇ ਘਰਾਂ ਅਤੇ ਜੀਆਂ ਦਾ ਮਾਲਕ ਹੈ। ਇਹ ਸਭ ਰੋਗਾਂ ਨੂੰ ਦੂਰ ਕਰਦਾ ਹੈ ਅਤੇ ਸੁਰਗ ਦੀ ਤਰ੍ਹਾਂ ਪ੍ਰਕਾਸ਼ਮਾਨ ਹੈ। ਇਹ ਸਾਰਿਆਂ ਦੇਵਤਿਆਂ ਨਾਲੋਂ ਵੱਡਾ ਦਾਨੀ ਹੈ ਅਤੇ ਘੋੜਿਆਂ, ਭੇਡਾਂ, ਮਨੁੱਖਾਂ ਤੇ ਗਊਆਂ ਨੂੰ ਖੁਸ਼ਹਾਲੀ ਤੇ ਤੰਦਰੁਸਤੀ ਬਖ਼ਸ਼ਦਾ ਹੈ। ਇਹ ਸਭ ਦਾ ਮਾਲਕ ਹੈ। ਸਭ ਬੀਮਾਰੀਆਂ ਦੂਰ ਕਰਨ ਵਾਲੀ ਦਵਾਈਆਂ ਦੇਣ ਵਾਲਾ ਅਤੇ ਸਭ ਪਾਪਾਂ ਦਾ

---

1. A.A. Macdonell, <u>Vedic Mythology</u>, p. 81.

> ਨਾਸ਼ ਕਰਨ ਵਾਲਾ ਹੈ, ਪਰ ਭੂਲੇ ਪਾਸੇ ਇਸਨੇ ਆਪਣੇ ਹੱਥ ਵਿਚ ਵੱਜਰ, ਧਨੁਸ਼ ਤੇ ਤੀਰ ਚੁੱਕਿਆ ਹੋਇਆ ਹੈ ਤੇ ਜਦੋਂ ਇਹ ਆਪਣੇ ਰੱਥ ਤੇ ਚੜ੍ਹਦਾ ਹੈ ਤਾਂ ਇਹ ਸੋਹਣੀ ਨਾਰੰਗ ਦੀ ਤਰ੍ਹਾਂ ਚਮਕਦਾ, ਭਿਆਨਕ ਸ਼ਕਲ ਵਾਲਾ ਲੱਗਦਾ ਹੈ।"[1]

ਅਥਰਵ ਵੇਦ ਵਿੱਚ ਇਸਦੀ ਪ੍ਰਕ੍ਰਿਤੀ ਵਿਨਾਸ਼ਕਾਰੀ ਰਹੀ ਹੈ। ਪੁਰਾਣ ਦੇ ਸਮੇਂ ਸਾਰੇ ਸੰਸਾਰ ਨੂੰ ਨਾਸ਼ ਕਰ ਦਿੰਦਾ ਹੈ। ਬਾਅਦ ਵਿੱਚ ਇਹੋ 'ਰੁਦ੍ਰ' 'ਸ਼ਿਵਜੀ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਮੰਨਿਆ ਜਾਂਦਾ ਹੈ ਕਿ ਇਸਦੀ ਪੂਜਾ ਕਰਨ ਨਾਲ ਅਸੀਮਤ ਸ਼ਕਤੀਆਂ ਦੀ ਪ੍ਰਾਪਤੀ ਹੁੰਦੀ ਹੈ, ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸਦੇ ਸਿਰ ਤੇ ਜਟਾਂ ਅਤੇ ਸਰੀਰ ਤੇ ਸੁਆਹ ਮਲੀ ਹੋਈ ਹੁੰਦੀ ਹੈ। ਇਹ ਸ਼ਮਸ਼ਾਨਾਂ ਅਤੇ ਮਸਾਣਾਂ ਵਿੱਚ ਵਿਚਰਦਾ ਰਹਿਣ ਕਰਕੇ ਭੂਤਾਂ ਪ੍ਰੇਤਾਂ ਦਾ ਸੁਆਮੀ ਮੰਨਿਆ ਹੈ।

ਭਾਵੇਂ ਹੀ ਇਸ ਦੇਵਤੇ ਦਾ ਭਿਆਨਕ ਰੂਪ ਵਿੱਚ ਚਿਤ੍ਰਣ ਹੋਇਆ ਮਿਲਦਾ ਹੈ, ਪਰ ਆਪਣੀ ਪੂਜਾ ਕਰਨ ਵਾਲੇ ਲਈ ਪਰਉਪਕਾਰੀ ਸਿੱਧ ਹੁੰਦਾ ਹੈ।

<u>ਯਮਰਾਜ:-</u> ਵੇਦਾਂ ਵਿੱਚ ਯਮ ਨੂੰ ਮੌਤ ਦਾ ਦੇਵਤਾ ਕਿਹਾ ਹੈ। ਮਰਨ ਉਪਰੰਤ ਸਾਰੀਆਂ ਰੂਹਾਂ ਇਸ ਪਾਸ ਪਹੁੰਚਦੀਆਂ ਹਨ। ਇਸਨੂੰ 'ਧਰਮਰਾਜ' ਵੀ ਕਿਹਾ ਜਾਂਦਾ ਹੈ। ਇਸਦਾ ਰੰਗ ਹਰਾ ਸਮਝ ਮੰਨਿਆ ਗਿਆ ਹੈ। ਇਹ ਜੀਵਾਂ ਨੂੰ ਰੂਹਾਂ ਦੇ ਕਰਮਾਂ ਅਨੁਸਾਰ ਦੰਡ ਦਿੰਦਾ ਹੈ। ਡਬਲਯੂ. ਜੇ. ਵਿਲਕਿਨਜ਼ ਨੇ ਲਿਖਿਆ ਹੈ:-

> "ਵੈਦਿਕ ਕਾਲ ਵਿੱਚ ਯਮ ਨੂੰ ਪਿਤ੍ਰ ਲੋਕ ਦਾ ਦੇਵਤਾ ਕਿਹਾ ਹੈ। ਮਰਨ ਉਪਰੰਤ ਸਾਰੇ ਪੁਰਸ਼ਾਂ ਨੂੰ ਰੂਹਾਂ ਦੇ ਕਰਮਾਂ ਅਨੁਸਾਰ ਸਜ਼ਾ ਤੇ ਇਨਸਾਫ ਦੇਣਾ ਇਸਦੇ ਜ਼ਿੰਮੇ ਹੈ। ਇਹ ਮਰਨ ਵਾਲੇ ਮਨੁੱਖਾਂ ਵਿਚੋਂ ਪਹਿਲਾ ਮਨੁੱਖ ਸੀ। ਇਸ ਲਈ ਇਸਨੂੰ ਮਰਨ ਵਾਲਿਆਂ ਵਿਚੋਂ ਪ੍ਰਧਾਨ ਰੱਖਿਆ ਗਿਆ। ਇਸਨੂੰ ਪਹਿਲਾ ਮਨੁੱਖ ਤੇ ਪਹਿਲਾ ਰਾਜਾ ਵੀ ਕਿਹਾ ਜਾਂਦਾ ਹੈ।"[2]

---

1. ਰਜਿੰਦਰ ਸਿੰਘ ਸ਼ਾਸਤਰੀ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 120
2. W.J. Wilkins, <u>Hindu Mythology Vedic & Puranic</u>, p. 79

'ਹਿੰਦੂ ਮਿਥਿਹਾਸ ਕੋਸ਼' ਵਿਚ ਲਿਖਿਆ ਹੈ:-

> "ਅਧਮ ਜੂਨੀ ਦੀ ਕਿਸੇ ਰੂਹ ਤੋਂ ਅਭਿਪ੍ਰਾਇ ਦਾ ਹੀ ਭੂਤ ਹੈ। ਇਸ ਤੋਂ ਚਾਰ ਅੱਖਾਂ ਅਤੇ ਪੈਰਾਂ ਦਾ ਸਾਮਾਨ ਵਾਲੇ ਦੇ ਭੂਖ ਹੁੰਦੇ ਹਨ, ਜਿਹੜੇ ਇਸ ਦੇ ਵਿਕਾਸ ਸਮਾਨ ਦੇ ਨਾਲ ਦੀ ਸੀਮਾਵਾਂ ਬਣਦੇ ਹਨ ਅਤੇ ਜਿਹੜੇ ਮਨੁੱਖਾਂ ਨੂੰ ਤੰਗ ਤੋਂ ਤੰਗ ਕਰਨ ਲਈ ਜਾਣੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਇਹ ਮੁਰਦੇ ਮਨੁੱਖਾਂ ਵਿੱਚ ਵਿਸਦੇ ਭੂਤ ਬਣਕੇ ਜਿਉਂਦੇ ਰਹਿੰਦੇ ਹਨ।"[1]

<u>ਜਿੰਨ, ਭੂਤ, ਪ੍ਰੇਤ:-</u> ਜਿੰਨਾਂ, ਭੂਤਾਂ, ਪ੍ਰੇਤਾਂ ਹੁੰਦੇ ਬਹੁਤ ਸਾਰੇ ਵਹਿਮਾਂ ਦਾ ਵਿਸ਼ਵਾਸ਼ ਹੈ। ਇਨ੍ਹਾਂ ਤੋਂ ਭਾਵ ਉਹ ਦੁਸ਼ਟ ਰੂਹਾਂ ਹਨ, ਜਿਹੜੀਆਂ ਸ਼ਮਸ਼ਾਨ ਭੂਮੀ ਵਿਚ ਭਟਕਦੀਆਂ ਹਨ, ਰੁੱਖਾਂ ਵਿਚ ਆਪਣਾ ਟਿਕਾਣਾ ਬਣਾਉਂਦੀਆਂ ਹਨ, ਮੁਰਦਿਆਂ ਨੂੰ ਜਗਾਉਂਦੀਆਂ, ਮਨੁੱਖਾਂ ਨੂੰ ਭਟਕਾਉਂਦੀਆਂ ਤੇ ਮਾਰਦੀਆਂ ਹਨ। 'ਵਿਸ਼ਨੂੰ ਪੁਰਾਣ' ਅਨੁਸਾਰ ਇਨ੍ਹਾਂ ਦੀ ਪੈਦਾਇਸ਼ ਸਿਰਜਣਹਾਰ ਦੇ ਕ੍ਰੋਧ ਸਮੇਂ ਹੋਈ, ਪਰ ਇਹ ਸ਼ਿਵਜੀ ਦੇ ਸੇਵਕ ਹਨ।

ਈਸਾਈ ਅਤੇ ਇਸਲਾਮ ਧਰਮ ਵਿਚ ਵੀ ਇਨ੍ਹਾਂ ਦੈਵੀ ਸ਼ਕਤੀਆਂ ਤੇ ਵਿਸ਼ਵਾਸ਼ ਕੀਤਾ ਜਾਂਦਾ ਹੈ। ਇਹ ਇਬਲੀਸ, ਸ਼ੈਤਾਨ ਅਤੇ ਜਿੰਨ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਖ਼ਾਸ ਕਿਸਮ ਦੀ ਸਾਧਨਾ ਦੁਆਰਾ ਮਨੁੱਖ ਸ਼ਕਤੀਆਂ ਨੂੰ ਆਪਣੇ ਉਤੇ ਪ੍ਰਸੰਨ ਕਰਕੇ ਇਨ੍ਹਾਂ ਤੋਂ ਬਹੁਤ ਸਾਰੇ ਵਰ ਪ੍ਰਾਪਤ ਕਰ ਸਕਦਾ ਹੈ। ਜਿੰਨਾਂ ਦੀ ਹੋਂਦ ਉਪਰ ਵੀ ਵਿਸ਼ਵਾਸ਼ ਕੀਤਾ ਜਾਂਦਾ ਹੈ। ਪ੍ਰੋ. ਜੋਗਿੰਦਰ ਸਿੰਘ ਲਿਖਦੇ ਹਨ:-

> "ਅਰਬ ਲੋਕਾਂ ਅਨੁਸਾਰ ਜਿੰਨਾਂ ਦੇ ਤਾਲੀ 'ਰੂਪ' ਹਨ ਅਤੇ ਹਰੇਕ 'ਰੂਪ' ਵਿਚ ਦੋ ਦੋ ਸੌ ਹਜ਼ਾਰ ਜਿੰਨ ਹਨ, ਜਿੰਨਾਂ ਦੀ ਹਸਤੀ ਧੁਰੋ ਹੀ ਮਨੁੱਖ ਤੋਂ ਪਹਿਲਾਂ ਦੀ ਹੈ। ਕਿਉਂਕਿ ਪਹਿਲਾਂ ਪਹਿਲ ਇਬਲੀਸ ਨੂੰ ਅਧਿਕਾਰ ਨਾਲ ਇਹਨਾਂ ਦੇ ਦੇ ਦਿੱਤਾ ਗਿਆ ਸੀ। ਜਿੰਨ ਅਗਨੀ ਵਿਚੋਂ ਜਨਮੇ ਸਨ। ਇਹਨਾਂ ਦਾ ਮੁਖੀ ਅਜਾਜ਼ੀਲ ਇਬਲੀਸ ਹੈ। ਜਦੋਂ ਰੱਬ ਦੁਆਰਾ ਜਨਮੇ ਗਏ ਪੈਗੰਬਰ ਆਦਮ ਅੱਗੇ ਇਬਲੀਸ ਨੇ ਸਿਜਦਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸਨੂੰ ਸ਼ੈਤਾਨ ਅਤੇ ਜਿੰਨ ਦੀ ਉਪਾਧੀ ਮਿਲੀ।"[2]

---

1. ਰਜਿੰਦਰ ਸਿੰਘ ਸ਼ਾਸਤਰੀ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 442
2. Joginder Singh, <u>Treatment of Mythology in the Poetry of Guru Nanak</u>, p. 91

ਜਿਸ ਤਰ੍ਹਾਂ ਅੱਗ ਦੀ ਲਾਟ ਦਿੱਸਦੀ ਹੈ, ਪਰ ਫੜੀ ਨਹੀਂ ਜਾ ਸਕਦੀ, ਉਸੇ ਤਰ੍ਹਾਂ ਇਹ ਹਸਤੀਆਂ ਵਿਖਾਈ ਦਿੰਦੀਆਂ ਤਾਂ ਸੋਹਣੀਆਂ ਹਨ, ਪਰ ਫੜੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਵਿਚ ਅਜੀਬ ਗੁਣ ਹੁੰਦਾ ਹੈ, ਜਿਸ ਸਦਕਾ ਇਹ ਜੋ ਕੁਝ ਚਾਹੁਣ ਕਰ ਸਕਦੀਆਂ ਹਨ। ਅਮਰਜੀਤ ਸਿੰਘ ਉੱਪਲ ਲਿਖਦੇ ਹਨ:-

> "ਕੁੱਖਾਂ ਵਿਚੋਂ ਜਿੰਨ, ਭੂਤ ਤੇ ਪਿਸ਼ਾਚ ਤੇ ਚੁੜੇਲਾਂ ਦਾ ਜਨਮ ਮੰਨਿਆ ਜਾਂਦਾ ਹੈ। ਇਸ ਕਰਕੇ ਦਰਖ਼ਤ ਨੂੰ ਕੱਟਣਾ ਤੇ ਇਸ ਉੱਤੇ ਬੈਠਣੇ ਬਾਰੇ ਨਹੀਂ ਚਾਹੀਦਾ। ਮੁਸਲਮਾਨ ਵਾਲੀ ਕੋਈ ਚੀਜ਼ ਸਮਝ ਕੇ ਦੇਣ ਦੀ ਇੱਛਾ ਨਹੀਂ ਚਾਹੀਦਾ। ਅਬੂਦਾਸ ਲਿਖਦਾ ਹੈ ਕਿ ਕੁਰਾਨ ਤੇ ਕੌਮ ਦੀਆਂ ਪੁਰਾਣ ਕਥਾਵਾਂ ਵਿੱਚ ਜ਼ਿਕਰ ਆਉਂਦਾ ਹੈ ਕਿ 'ਜਾਮਾ ਜਿਨਾਂ' ਜਿੰਨਾਂ ਦਾ ਜੀਵਨ ਦਰਖ਼ਤਾਂ ਨਾਲ ਬੰਨ੍ਹਾ ਹੋਇਆ ਹੁੰਦਾ ਸੀ। ਰੁੱਖ ਦੇ ਕੱਟਣ ਹੋ ਜਾਣ ਨਾਲ ਜਿੰਨਾਂ ਦੀ ਮੌਤ ਹੋ ਜਾਂਦੀ ਸੀ। - - - ਅੱਗੇ ਲਿਖਿਆ ਹੈ ਕਿ ਸ਼ਾਇਦ ਇਨ੍ਹਾਂ ਰੁੱਖਾਂ ਤੋਂ ਹੀ ਉਪਜੀ। ਪ੍ਰਾਚੀਨ ਰੁੱਖ ਪੂਜਾ ਦੀ ਪ੍ਰਥਾ ਇਸ ਤੋਂ ਹੀ ਸ਼ੁਰੂ ਹੋਈ। 'ਭੂਤ' ਤੇ 'ਜਿੰਨ' ਨੂੰ ਸਰੀਰਾਂ ਤੋਂ ਰਹਿਤ ਮੰਨਿਆ ਜਾਂਦਾ ਹੈ। ਇਹ ਆਮ ਵਿਸ਼ਵਾਸ ਹੈ ਕਿ ਇਹ ਕੁਰਾਨ ਤੋਂ ਡਰਿਆ ਕਰਦਾ ਹੈ।"[1]

ਕਿੱਸਾ ਕਾਵਿ ਵਿੱਚ ਹੀਰ ਰਾਂਝੇ ਦੇ ਕਿੱਸੇ ਵਿੱਚ ਜਦੋਂ ਕਾਜ਼ੀ ਹੀਰ ਖੇੜਿਆਂ ਨੂੰ ਦੇ ਦਿੰਦਾ ਹੈ ਤਾਂ ਹੀਰ ਰਾਂਝੇ ਨੂੰ ਜੋਗ ਲੈਣ ਜਾਂਦਾ ਹੈ। ਜੋਗ ਟਿੱਲੇ ਦਾ ਨਾਥ ਬਾਲੇ ਨਾਥ ਜੋਗੀਆਂ ਦਾ ਗੁਰੂ ਕਿਹਾ ਹੈ ਅਤੇ ਇਹ ਜੋਗ ਪੀਰਾਂ ਵੱਲੋਂ ਬਖ਼ਸ਼ੀ ਜਾਂਦੀ ਹੈ, ਜਿਨ੍ਹਾਂ ਨੇ ਰਾਂਝੇ ਦੀ ਵੰਝਲੀ ਤੇ ਮੋਹਿਤ ਹੋ ਕੇ ਹਰ ਸਮੇਂ ਇਸ ਦੀ ਮਦਦ ਕਰਨ ਦਾ ਵਾਅਦਾ ਕੀਤਾ ਸੀ। ਜੋਗ ਪ੍ਰਾਪਤ ਕਰਨ ਲਈ ਕਠਨਾਈਆਂ ਸਭ ਹੋਣੀਆਂ ਜਿਸਦੇ ਜਾਂਦੀਆਂ ਹਨ। ਅਖੀਰ ਵਿਚ ਜੋਗ ਦਿਵਾਉਣਾ ਪੈ ਜਾਂਦਾ ਹੈ। ਇਸ ਤਰ੍ਹਾਂ ਇਹ ਅੰਗਮੀ ਸ਼ਕਤੀਆਂ ਅਸੀਸ ਵਿਚ ਅਦਿੱਖ ਰੂਪ ਦਿੰਦੀਆਂ ਹਨ।

<u>ਦੇਵੀ ਪੂਜਾ:-</u> ਵੇਦਾਂ ਉਪਨਿਸ਼ਦਾਂ ਵਿਚ ਦੇਵੀ ਪੂਜਾ ਦਾ ਜ਼ਿਕਰ ਨਹੀਂ ਬਹੁਤਾ ਮਿਲਦਾ, ਬਲਕਿ ਪੁਰਾਣਾਂ ਵਿਚੋਂ ਦੇਵੀ ਪੂਜਾ ਦਾ ਜ਼ਿਕਰ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ:-

---

1. ਅਮਰਜੀਤ ਸਿੰਘ ਉੱਪਲ, <u>ਪੰਜਾਬੀ ਕਿੱਸਾ ਕਾਵਿ ਵਿਚ ਪਰਾਸਰੀਰਕ ਅੰਸ਼,</u> ਪੰਨਾ 10

"ਇਹ ਹਿਮਾਲਯ ਦੀ ਬੇਟੀ ਸੀ, ਇਸੀ ਕਾਰਣ ਉਸਦਾ ਨਾਮ ਪਾਰਬਤੀ, ਗਿਰਜਾ ਅਤੇ ਸ਼ੈਲਜਾ ਆਦਿ ਹਨ। ਉਸਨੇ ਦੇਵਤਿਆਂ ਦੀ ਹਿਮਾਇਤ ਵਿੱਚ ਦੈਤਾਂ ਨਾਲ ਯੁੱਧ ਕੀਤਾ ਅਤੇ ਇੰਦ੍ਰ ਨੂੰ ਖੁਸੀ ਹੋਈ ਰਾਜ ਗੱਦੀ ਮੁੜ ਦਿੱਤੀ।"[1]

ਇਸ ਬਾਰੇ ਇਕ ਹੋਰ ਪੁਰਾਣਕ ਕਥਾ ਇਉਂ ਪ੍ਰਚਲਤ ਹੈ ਕਿ ਸ਼ਿਵ ਜੀ ਦੀ ਪਤਨੀ ਜੋ ਕਿ 'ਦਕਸ਼' ਦੀ ਪੁੱਤਰੀ ਸੀ, ਦਕਸ਼ ਦੇ ਯੱਗ ਵਿਚ ਮਹਾਂਦੇਵ ਦੀ ਅਹੂਤੀ ਨਾ ਦੇਣ ਨੂੰ ਨਿਰਾਦਰੀ ਮੰਨ ਕੇ ਯਗਕੁੰਡ ਵਿਚ ਜਿਉਂਦੇ ਸਤੀ ਹੋ ਗਈ ਸੀ। ਸ਼ਿਵਜੀ ਸੋਗ ਵੱਸ ਹੋ ਕੇ ਉਸਦੇ ਸੜੇ ਹੋਏ ਪਿੰਜਰ ਨੂੰ ਲੈ ਕੇ ਥਾਂ ਥਾਂ ਫਿਰਦੇ ਰਹੇ। ਅਖੀਰ ਵਿਸ਼ਨੂੰ ਨੇ ਸਤੀ ਦਾ ਪਿੰਜਰ ਨੂੰ ਸੁਦਰਸ਼ਨ ਚੱਕਰ ਨਾਲ ਖਿੰਡਾ ਦਿੱਤਾ। ਜਿਥੇ ਜਿਥੇ ਅੰਗ ਡਿੱਗੇ, ਉਹੀ ਪਵਿੱਤਰ ਅਸਥਾਨ ਬਣ ਗਏ। ਇਨ੍ਹਾਂ ਬਾਰੇ ਆਪਣੇ ਵਿਚਾਰ ਦਿੰਦੇ ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ:-

"ਇਨ੍ਹਾਂ ਪੁਰਾਣਾਂ ਤੋਂ ਜੇ ਇਹ ਉਪਦੇਸ਼ ਲਿਆ ਜਾਵੇ ਕਿ ਇਸਤ੍ਰੀਆਂ ਨੂੰ ਭੀ ਯੁੱਧ ਵਿਦਯਾ ਵਿਚ ਨਿਪੁੰਨ ਹੋਣਾ ਲੋੜੀਏ ਅਰ ਆਪਣੇ ਪਤੀ ਦਾ ਸਨਮਾਨ ਪ੍ਰਾਣਾਂ ਤੋਂ ਭੀ ਵੱਧਕੇ ਕਰਨਾ ਚਾਹੀਏ, ਤਾਂ ਬਹੁਤ ਚੰਗਾ ਹੈ, ਪਰ ਇਸ ਤੋਂ ਛੁੱਟ ਹੋਰ ਦੇਵੀ ਲਾਭਦਾਇਕ ਨਹੀਂ ਹੋਈ।"[2]

ਦੇਵੀ ਦੇ ਵੱਖ ਵੱਖ ਨਾਂ ਇਸ ਦੇ ਭਿੰਨ ਭਿੰਨ ਰੂਪਾਂ, ਗੁਣਾਂ ਅਤੇ ਕਰਮਾਂ ਨਾਲ ਸੰਬੰਧ ਰੱਖਦੇ ਹਨ। ਸਤਿਗੁਣ ਰੂਪ ਵਿੱਚ ਇਹ 'ਜਗ ਦੀ ਮਾਂ' ਅਖਵਾਂਦੀ ਹੈ। ਤਮੋਗੁਣ ਰੂਪ ਵਿਚ ਇਹ ਦੁਰਗਾ, ਕਾਲੀ, ਚੰਡੀ ਹੈ। ਇਸ ਦੇ ਇਸ ਰੂਪ ਦੀਆਂ ਹੀ ਯੁੱਧ ਦੇ ਪਰਸੰਗ ਲਿਖੇ ਜਾਂਦੇ ਹਨ। 'ਹਿੰਦੂ ਮਿਥਿਹਾਸ ਕੋਸ਼' ਵਿਚ ਲਿਖਿਆ ਹੈ:-

"ਦੁਰਗਾ ਦੇ ਰੂਪ ਵਿਚ ਇਹ ਸੁੰਦਰ ਅਤੇ ਪੀਲੇ ਰੰਗ ਵਾਲੀ ਦੇਵੀ ਹੈ, ਜਿਹੜੀ ਸ਼ੇਰ ਉਤੇ ਸਵਾਰ ਹੈ ਅਤੇ ਜਿਸਦਾ ਪ੍ਰਭਾਵ ਭਿਆਨਕ ਅਤੇ ਵਿਨਾਸ਼ਕਾਰੀ

---

1. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ, ਪੰਨਾ 597

2 ਉਹੀ, ਪੰਨਾ 598

> ਹੈ। ਨਾਗੀ ਜਾਂ ਨਾਗਿਨਾਂ ਦੇ ਰੂਪ ਵਿਚ ਇਹ ਨਾਗ ਫੰਣ ਵਾਲੀ ਅਤੇ ਸ਼ੇਸ਼ਨਾਗ ਲਿਪਟੇ ਵਾਲੀ ਹੈ। ਇਸ ਦੇ ਮੂੰਹ ਵਿਚੋਂ ਖੂਨ ਟਪਕਦਾ ਦਿਖਾ ਹੁੰਦਾ ਹੈ। ਇਸਦੇ ਗਲੇ ਵਿੱਚ ਸੱਪ ਅਤੇ ਬਾਹਾਂ ਦੀਆਂ ਬੇਪਰੀਆਂ ਪਾਈਆਂ ਹੁੰਦੀਆਂ ਹਨ।"[1]

ਬੰਗ ਦੀ ਦੇਵੀ ਪੂਜਾ ਪ੍ਰਚਲਤ ਹੈ। ਸੀਤਲਾ ਇਕ ਸਥਾਨਕ ਦੇਵੀ ਹੈ। ਪਰ ਲੋਕ ਇਸਨੂੰ ਵੀ ਦੇਵੀ ਦੇ ਰੂਪ ਵਿਚ ਪੂਜਦੇ ਹਨ, ਦਵਾਈ ਦੇਣ ਤੋਂ ਪ੍ਰਹੇਜ਼ ਕਰਦੇ ਹਨ। ਸ਼ਸ਼ੀ ਭੂਸ਼ਨ ਦਾਸ ਗੁਪਤਾ ਨੇ ਲਿਖਿਆ ਹੈ:-

> "ਮਾਤਾ ਪੂਜਾ ਭਾਰਤ ਵਿੱਚ ਅਤੇ ਖ਼ਾਸ ਕਰਕੇ ਬੰਗਾਲ ਵਿਚ ਹੈ ਧਾਰਮਿਕ ਜਾਗਰਤੀ ਨੂੰ ਲੋਕਾਂ ਵਿੱਚ ਫ਼ੈਲਾਉਣ ਪ੍ਰਚੱਲਤ ਅਤੇ ਚੂਹੀਆਂ ਕਰਦਾਂ ਜੀਵਤਾਂ ਨੂੰ ਆਪਣੇ ਅਨੁਸਾਰ ਢਾਲਿਆ ਹੈ। ਇਸ ਵਿਚੋਂ ਦੁਖਾਂਤ ਲੋਕਾਂ ਦੀ ਸਥਿਆਤ ਵਿੱਚ ਬੀਮਾਰੀਆਂ ਨੂੰ ਦੇਖਿਆ ਜਾ ਸਕਦਾ ਹੈ। ਦੇਵੀ ਮਾਤਾ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਅਤੇ ਸਿਆਣੈਪਣ ਦਾ ਅਧਾਰ ਬਣ ਸਕਦੀ ਸੀ।"[2]

ਪਿਆਰਾ ਸਿੰਘ ਪਦਮ ਲਿਖਦੇ ਹਨ:-

> "ਹਿੰਦੂ ਮਤ ਅਨੁਸਾਰ ਦੇਵੀ ਦੇ ਇਕ ਰੂਪ ਦਾ ਨਾਮ ਸੀਤਲਾ ਹੈ। ਇਸ ਦਾ ਰੰਗ ਸੁਨਹਿਰੀ, ਇਹ ਲਾਲ ਬਸਤਰ ਪਹਿਨਦੀ ਅਤੇ ਖੋਤੇ ਦੀ ਸਵਾਰੀ ਕਰਦੀ ਹੈ। ਇਸਦੀ ਕ੍ਰੋਪੀ ਨਾਲ ਚੇਚਕ ਦਾ ਰੋਗ ਹੁੰਦਾ ਕਿਹਾ ਜਾਂਦਾ ਹੈ। ਸ਼ਰਧਾਲੂ ਇਸਦੀ ਪੂਜਾ ਚੇਤ ਵਦੀ ਅਸ਼ਟਮੀ ਨੂੰ ਕਰਦੇ ਹਨ ਤੇ ਇਸ ਨੂੰ 'ਸੀਤਲਾ ਅਸ਼ਟਮੀ' ਸੱਦਦੇ ਹਨ। ਜਿਨ੍ਹਾਂ ਦੀ ਤਾਂਮਸੀ ਸੇਵਾ ਵਿੱਚ ਭੇਟਾ ਆਦਿ ਨਾਲ ਇਸਦੀ ਬਿਨਤੀ ਕੀਤੀ ਗਈ ਹੈ।"[3]

---

1. ਹਰਜਿੰਦਰ ਸਿੰਘ ਢਾਂਡਰੀ, ਹਿੰਦੂ ਮਿਥਿਹਾਸ ਕੋਸ਼, ਪੰਨਾ 309
2. Shashi Bhusan Das Gupta, Aspects o[illegible] ...uch p. 19.
3. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 74

ਐਚ.ਐਚ. ਵਿਲਸਨ ਨੇ ਲਿਖਿਆ ਹੈ:-

> "ਅਸ਼ੋਕਾ ਸ਼ਸ਼ਟੀ ਵ੍ਰਿਤ (Sixth Lunar day) ਮਾਘ ਦੇ ਅੰਤ ਵਿੱਚ ਮਨਾਇਆ ਜਾਂਦਾ ਹੈ। ਇਹ ਤਿਉਹਾਰ ਪੱਕੇ ਤੌਰ ਤੇ ਇਸਤ੍ਰੀ ਜਾਤੀ ਨਾਲ ਸੰਬੰਧਿਤ ਹੈ ਅਤੇ ਵਿਆਹੀਆਂ ਹੋਈਆਂ ਔਰਤਾਂ ਜਿਨ੍ਹਾਂ ਦੇ ਬੱਚੇ ਹਨ ਨਾਲ ਸੰਬੰਧਿਤ ਹੈ। ਅੱਜ ਨੇਹੂ ਦੇ ਰੁੱਖ ਵਿਚ ਇਸਦਾ ਵਿਸ਼ੇਸ਼ ਰੂਪਾਂ ਨੂੰ ਖਾਸ ਤੌਰ ਤੇ ਦੇਵਤਾ ਦੀ ਨਿਸ਼ਾਨੀ ਤੋਂ ਸਵੀਕਾਰਦਾ ਹੈ।"[1]

ਗੁਰਬਾਣੀ ਵਿਚ ਮਨੁੱਖ ਨੂੰ ਅਜਿਹੇ ਭੇਖ ਤੋਂ ਮੁਕਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਮਨੁੱਖ ਨੂੰ ਪ੍ਰਕਿਰਤੀ ਦਾ ਸਰਦਾਰ ਮੰਨਕੇ 'ਇਸੁ ਧਰਤੀ ਮਹਿ ਤੇਰੀ ਸਿਕਦਾਰੀ' ਕਹਿਕੇ ਅਜਿਹੇ ਰਸਮਾਂ ਕਰਮਾਂ ਤੋਂ ਦੂਰ ਰੱਖਿਆ ਹੈ। ਇਸ ਪਵਿੱਤਰ ਗ੍ਰੰਥ ਵਿੱਚ ਉਪਰੋਕਤ ਦੇਵਤਿਆਂ ਨੂੰ ਅਕਾਲ ਪੁਰਖ ਦੇ ਭੈਅ ਵਿੱਚ ਵਿਚਰਦੇ ਦੱਸਿਆ ਹੈ। ਹੁਣ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਇਨ੍ਹਾਂ ਦੇਵਤਿਆਂ, ਦੇਵੀਆਂ ਦਾ ਜ਼ਿਕਰ ਕਰਦੇ ਹਾਂ:-

ਇਸ ਪਵਿੱਤਰ ਗ੍ਰੰਥ ਵਿੱਚ ਇੰਦਰ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਇਹਦੇ ਦੀ ਇਸਨੂੰ ਮੁਕਤੀਦਾਤੀ ਦੇਵਤੇ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ। ਇਹ ਅਕਾਲ ਪੁਰਖ ਦੇ ਦੁਆਰੇ ਉਸਦਾ ਪਾਣੀਹਾਰ ਹੈ, ਉਸ ਦਾ ਜੱਸ ਗਾ ਰਿਹਾ ਹੈ:-

> ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥[2]

ਅਤੇ

> ਬ੍ਰਹਮੇ ਰੁਦ੍ਰ ਧਿਆਇਦੇ ਇੰਦ੍ਰ ਇੰਦ੍ਰਾਸਣਾ ॥
> ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥[3]

ਵਾਹਿਗੁਰੂ ਜੀ ਨੇ ਇਸ ਦੀ ਨਿੰਦਿਆ ਕੀਤੀ ਹੈ ਅਤੇ ਇਸਨੂੰ ਉਸਤੋਂ ਥੱਲੇ ਵਿਖਾਇਆ ਗਿਆ ਹੈ:-

---

1. H.H. Wilson, Religious of the Hindus, Vol. II, p. 192.
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 6
3. ਉਹੀ, ਪੰਨਾ 518

ਪਉਣੁ ਪਾਣੀ ਬੈਸੰਤਰੁ ਰੋਵੈ ਰੋਵੈ ਇੰਦੁ ਵਿਚਾਰਾ ॥[1]

ਮਾਇਆ ਪਾਖੰਡ ਰਾਹੀਂ ਅਤੇ ਲੋਕਾਂ ਨੂੰ ਬੁਰੀ ਪ੍ਰਕਾਰ ਠਗਣ ਵਾਲਾ ਤਾਂ ਸਦਾ ਪਛਤਾਉਂਦਾ ਹੀ ਹੈ:-

ਮੋਹੁ ਪਇਆ ਪਰਮੇਸਰਿ ਪਾਇਆ ॥
ਜੋਗ ਜੋਤ ਸਭ ਸੁਖੀ ਵਸਾਇਆ ॥[2]

ਗੁਰਦੇਵ ਅਗਨੀ ਦੇਵਤਾ ਪ੍ਰਤੀ ਲੋਕਾਂ ਦੀਆਂ ਧਾਰਨਾਵਾਂ ਦਾ ਵੀ ਜ਼ਿਕਰ ਕਰਦੇ ਹਨ। ਹਿੰਦੂਆਂ ਧਰਮਗ੍ਰੰਥਾਂ ਤੋਂ ਪੂਜਾ ਕਰਨੀ ਦਾ ਨਾਮ ਹੈ। ਇਨ੍ਹਾਂ ਨਾਲ ਦੂਸਰੇ ਨਾਮ ਨੂੰ ਦੁਰਕਾਰਿਆ ਨਹੀਂ ਜਾ ਸਕਦਾ। ਇਹ ਪੁਰਾਣੇ ਦੇਵਤਾ ਸਨ, ਜਦੋਂ ਇਹ ਹੋਏ, ਇਹ ਬਹੁਤ ਸੰਕਟੇ ਵਿਚ ਆਖਿਆ ਗਿਆ ਹੈ ਕਿ ਇਹ ਵੀ ਉਸੇ ਪ੍ਰਭੂ ਦੀ ਸੇਵਕਾ ਹੈ:-

ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥[3]

ਗੁਰਬਾਣੀ ਵਿੱਚ ਵਿਕਾਰਾਂ ਨੂੰ ਅਗਨੀ ਨਾਲ ਤੁਲਨਾ ਦਿੱਤੀ ਹੈ:-

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥[4]

ਅਤੇ

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥[5]

ਮਨਮੋਹਨ ਸਿੰਘ ਗੁਰੂ ਨਾਨਕ ਦੇ ਭਜਨਾਂ ਤੇ ਲਿਖਿਆ ਹੈ:-

"ਚਾਰੇ ਅਗਨਿ" ਤੋਂ ਭਾਵ ਨਿਰਦਈ ਪੁਣਾ, ਸੰਸਾਰੀ ਮਮਤਾ, ਕ੍ਰੋਧ ਅਤੇ ਲੋਭ ਹਨ।"[6]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 998
2. ਉਹੀ, ਪੰਨਾ 105
3. ਉਹੀ, ਪੰਨਾ 464
4. ਉਹੀ, ਪੰਨਾ 19
5. ਉਹੀ, ਪੰਨਾ 22
6. Manmohan Singh advocate, Hymns of Guru Nanak, p. 64

ਇਹ ਤ੍ਰਿਸਨਾ ਰੂਪੀ ਅਗਨੀ ਗੁਰੂ ਦੇ ਸ਼ਬਦ ਪ੍ਰਕਟਿਤ ਨਾਮ ਰਾਹੀਂ ਪਾਣੀ ਛਿੜਕ ਨਾਲ ਬੁੱਝਦੀ ਹੈ ਅਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਾਹਿਬ ਕਹਿੰਦੇ ਹਨ:-

ਬੁਝਿ ਮਿਟਿਓ ਸੁਖੁ ਪਾਇਓ ਅਗਨਿ ਸਬਦ ਗੁਰ ਮਾਹਿ॥[1]

'ਸੂਰਜ' ਸ਼ਬਦ ਵੀ ਕੋਈ ਬਹੁਤੀ ਵਾਰੀ ਵਰਤਿਆ ਹੋਇਆ ਮਿਲਦਾ ਹੈ। ਪਰ ਇਸਨੂੰ ਪ੍ਰਕਾਸ਼ ਤੇ ਤੇਜ਼ ਦਾ ਸ੍ਰੋਤ ਮੰਨਿਆ ਹੈ, ਦੇਵਤਾ ਨਹੀਂ ਮੰਨਿਆ। ਗੁਰੂ ਨਾਨਕ ਦੇਵ ਜੀ ਅਨੁਸਾਰ ਅਜਿਹੇ ਸੂਰਜ ਕਰੋੜਾਂ ਹੀ ਹਨ ਜਿਹਾ ਕਿ ਉਹਨਾਂ ਦੇ ਵਾਕਾਂ ਵਿੱਚ ਪ੍ਰਗਟ ਹੋਇਆ ਹੈ:-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥[2]

ਸਾਖੀਆਂ ਵਿੱਚ ਲਿਖਿਆ ਮਿਲਦਾ ਹੈ ਕਿ ਇਸ ਅਵਿਸ਼ਵਾਸ ਭਰਪੂਰ ਕਰਮ (ਸੂਰਜ ਨੂੰ ਪਾਣੀ ਦੇਣੇ) ਪੰਡਤਾਂ ਨੂੰ ਰੋਕਣ ਲਈ ਗੁਰੂ ਨਾਨਕ ਦੇਵ ਜੀ ਨੇ ਪੱਛਮ ਨੂੰ ਪਾਣੀ ਦੇਣਾ ਸ਼ੁਰੂ ਕੀਤਾ ਸੀ। ਪੁੱਛਣ ਤੇ ਕਿ ਤੁਸੀਂ ਪਾਣੀ ਕਿਸਨੂੰ ਦਿੰਦੇ ਹੋ ਤਾਂ ਗੁਰਦੇਵ ਦਾ ਉੱਤਰ ਸੀ 'ਕਰਤਾਰ ਪੁਰ ਆਪਣੇ ਖੇਤਾਂ ਨੂੰ।' ਜਦੋਂ ਪੰਡਤਾਂ ਨੇ ਸੁਆਲ ਕੀਤਾ ਕਿ ਇਤਨੀ ਦੂਰ ਪਾਣੀ ਕਿਵੇਂ ਪੁੱਜੇਗਾ ਤਾਂ ਸਾਹਿਬ ਨੇ ਦਲੀਲ ਨਾਲ ਸਮਝਾਇਆ ਕਿ ਜੇ ਤੁਹਾਡਾ ਪਾਣੀ ਸੂਰਜ ਨੂੰ ਪੁੱਜ ਜਾਵੇਗਾ ਤਾਂ ਇਹ ਪਾਣੀ ਵੀ ਕਰਤਾਰ ਪੁਰ ਪੁੱਜੇਗਾ ਕਿਉਂਕਿ ਜੇ ਮੇਰਾ ਪਾਣੀ ਨਹੀਂ ਪੁੱਜ ਸਕਦਾ ਤਾਂ ਤੁਹਾਡਾ ਇਹ ਪੁੱਜਣਾ ਵੀ ਵਿਅਰਥ ਹੈ।

'ਵਰੁਣ' ਸ਼ਬਦ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਕਿਧਰੇ ਵੀ ਵਰਣਨ ਨਹੀਂ ਮਿਲਦਾ। ਸਭਨਾਂ ਸ਼ਕਤੀਆਂ ਦਾ ਮਾਲਕ ਇਕ ਅਕਾਲ ਪੁਰਖ ਨੂੰ ਮੰਨਿਆ ਹੈ, ਜੋ ਜੀਵ ਦੇ ਚੰਗੇ ਕਰਮਾਂ ਅਨੁਸਾਰ ਉਹਨਾਂ ਨੂੰ ਫਲ ਦਿੰਦਾ ਹੈ ਅਤੇ ਨਾਮ ਵਿਚ ਲਿਵਲੀਨ ਹੋ ਜਾਣ ਵਾਲਿਆਂ ਦੇ ਸਾਰੇ ਪਿਛਲੇ ਕਰਮਾਂ ਦਾ ਲੇਖਾ ਸਾਫ਼ ਕਰ ਦਿੰਦਾ ਹੈ।

'ਮਰੁਤ' ਸ਼ਬਦ ਦਾ ਵਰਣਨ ਵੀ ਕਿਧਰੇ ਨਹੀਂ ਆਇਆ। ਇਸਦਾ ਸਮਾਨਾਰਥੀ ਸ਼ਬਦ 'ਹਵਾ', 'ਪਵਣ' ਆਦਿ ਰੂਪ ਮਿਲਦੇ ਹਨ। 'ਪਵਣ' ਨੂੰ ਜ਼ਿੰਦਗੀ ਦਾ ਆਧਾਰ ਮੰਨਿਆ ਹੈ ਪਰ ਦੇਵਤਾ ਰੂਪ ਮੰਨਕੇ ਪੂਜਣ ਦਾ ਪ੍ਰੇਰਣਾ ਕਿਧਰੇ ਨਹੀਂ ਮਿਲਦੀ:-

---

1.

2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 21

3. ਉਹੀ, ਪੰਨਾ 13

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥[1]

'ਰੁਦ੍ਰ' ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲ ਜਾਂਦੀ ਹੈ:-

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥
ਅੰਤੁ ਨ ਪਾਵਹਿ ਅਲਖ ਅਭੇਵਾ ॥[2]

ਪਰ 'ਸ਼ਿਵ' ਸ਼ਬਦ ਦੀ ਵਰਤੋਂ 'ਰੁਦ੍ਰ' ਨਾਲੋਂ ਅਧਿਕ ਨਜ਼ਰ ਮਿਲਦੀ ਹੈ। ਇਸਨੂੰ ਦੇਵਤੇ ਦਾ ਰੂਪ ਨਹੀਂ ਦਿੱਤਾ ਸਗੋਂ ਅਕਾਲਪੁਰਖ ਦੀ ਸ਼ਕਤੀ ਦੇ ਰੂਪ ਵਿਚ ਚਿਤਰਿਆ ਹੈ।

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥[3]

ਇਸੇ ਤਰ੍ਹਾਂ ਧਰਮਰਾਜ ਨੂੰ ਪ੍ਰਭੂ ਦੇ ਹੁਕਮ ਵਿੱਚ ਵਿਚਰਦੇ ਦੱਸਿਆ ਹੈ। ਉਹ ਪ੍ਰਭੂ ਦੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਦਾ। ਗੁਰਬਾਣੀ ਵਿੱਚ ਲਿਖਿਆ ਹੈ:-

ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮੁ ਰਾਇ ਕਰੈ ਧੰਨੁ ਸਵਾਰਣਹਾਰੁ ॥[4]

ਇਥੇ ਮਹੱਤਵ ਨੂੰ 'ਧਰਮਰਾਜ' ਦਾ ਸੰਕਲਪ ਨਾ ਦੇ ਕੇ ਸਗੋਂ ਨਾਮ ਵਿਚ ਲਿਵਲੀਨ ਸਾਧਕ ਦੀ ਸੇਵਾ ਕਰਦੇ ਦੱਸਿਆ ਹੈ। ਫਿਰ ਤਾਂ ਧਰਮ ਰਾਜ ਦੇ ਵੱਸ ਦੀ ਗੱਲ ਨਹੀਂ ਰਹਿ ਜਾਂਦਾ। ਸਾਰੇ ਕਰਮਾਂ ਦਾ ਲੇਖਾ ਜੋਖਾ ਖ਼ਤਮ ਹੋ ਜਾਂਦਾ ਹੈ:-

ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥
ਧਰਮਰਾਇ ਕੇ ਕਾਗਰ ਫਾਟੇ ॥[5]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 8
2. ਉਹੀ, ਪੰਨਾ 1053
3. ਉਹੀ, ਪੰਨਾ 920
4. ਉਹੀ, ਪੰਨਾ 38-39
5. ਉਹੀ, ਪੰਨਾ 1348

ਇਸ ਤਰ੍ਹਾਂ ਗੁਰਦੇਵ ਨੇ ਮਨੁੱਖ ਨੂੰ ਕਿਸੇ ਕਿਸਮ ਦਾ ਸਹਿਮ ਨਾ ਪਾ ਕੇ ਅਕਾਲਪੁਰਖ ਦੇ ਭੈਅ ਵਿੱਚ ਰਹਿਣ ਅਤੇ ਚੰਗੇ ਕਰਮ ਕਰਨ ਦੀ ਪ੍ਰੇਰਣਾ ਕੀਤੀ ਹੈ।

ਬਾਣੀ ਵਿੱਚ ਜਿਨ, ਭੂਤ, ਪ੍ਰੇਤ ਸ਼ਕਤੀਆਂ ਬਾਰੇ ਦਰਸਾਈਆਂ ਹਨ। ਪਰ ਸਾਹਿਬਾਂ ਵਿੱਚ ਸ਼ਰਧਾ ਰੱਖਣ ਨੂੰ ਅਜਿਹੀਆਂ ਸ਼ਕਤੀਆਂ ਬਾਰੇ ਨਾਲ ਜੁੜਨਾ ਦਿੱਤੀ ਹੈ। ਜਿੰਨਾਂ ਭੂਤਾਂ ਦਾ ਰੂਪ ਦੱਸਿਆ ਹੈ। ਇਸ ਰੂਪ ਵਿੱਚ ਜਿਨ ਪ੍ਰਤੀ ਵਿਸ਼ਵਾਸ ਦੀ ਭਾਵਨਾ ਪ੍ਰਗਟ ਰੂਪ ਪ੍ਰਚਲਤ ਦੇ ਸਾਹਮਣੇ ਆਉਂਦੀ ਹੈ। ਸਾਹਿਬ ਫੁਰਮਾਉਂਦੇ ਹਨ:-

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥[1]

ਦੇਵੀ ਦੇਵਤਿਆਂ ਦੀ ਪੂਜਾ ਕਰਨ ਨਾਲ ਪ੍ਰਾਪਤ ਕੁਝ ਨਹੀਂ ਹੁੰਦਾ। ਸਾਹਿਬ ਫਰਮਾਉਂਦੇ ਹਨ ਕਿ ਜਿਹੜੇ ਆਪ ਹੀ ਡੁੱਬ ਜਾਂਦੇ ਹਨ, ਉਹ ਦੂਸਰਿਆਂ ਨੂੰ ਕੀ ਤਾਰ ਸਕਦੇ ਹਨ:-

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥[2]

ਦੇਵੀ ਪੂਜਾ ਦਾ ਖੰਡਨ ਕਰਦਿਆਂ ਸਾਹਿਬ ਲਿਖਦੇ ਹਨ:-

ਮਹਾ ਮਾਈ ਕੀ ਪੂਜਾ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥
ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥[3]

ਅਤੇ

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 556
2. ਉਹੀ, ਪੰਨਾ 637
3. ਉਹੀ, ਪੰਨਾ 874
4. ਉਹੀ, ਪੰਨਾ 1138

ਅਜਿਹੇ ਮਨੁੱਖ ਜਿਹੜੀ ਸ਼ਕਤੀ ਨੂੰ ਪੂਜਦੇ ਹਨ, ਉਹੋ ਜਿਹੇ ਹੀ ਬਣ ਜਾਂਦੇ ਹਨ ਅਰਥਾਤ ਉਪਾਸ਼ਕ ਉਪਾਸ਼ਯ ਦਾ ਰੂਪ ਹੋ ਨਿਬੜਦਾ ਹੈ। ਭਗਤ ਨਾਮਦੇਵ ਜੀ ਲਿਖਦੇ ਹਨ:-

> ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥
> ਹਉ ਤਉ ਏਕੁ ਰਮਈਆ ਲੈਹਉ॥
> ਆਨ ਦੇਵ ਬਦਲਾਵਨਿ ਦੈਹਉ॥[1]

ਇਸੇ ਤਰ੍ਹਾਂ ਹੀ ਗੁਰਬਾਣੀ ਵਿੱਚ ਆਪਣੇ ਵੱਡੇ ਵਡੇਰਿਆਂ ਦਵਾਰਾ ਹੋਣ ਵਾਲੇ ਸਰਾਧਾਂ ਦਾ ਵਿਰੋਧ ਕੀਤਾ ਹੈ ਕਿ ਜਿਊਂਦਿਆਂ ਨੂੰ ਤਾਂ ਕੋਈ ਪੁੱਛਦਾ ਨਹੀਂ ਤਾਂ ਮਰਨ ਉਪਰੰਤ ਉਨ੍ਹਾਂ ਨਮਿਤ ਕੀਤੇ ਸਰਾਧ ਨਿਰਰਥਕ ਹਨ। ਇਹ ਤਾਂ ਸਾਰੇ ਬ੍ਰਾਹਮਣਾਂ ਦੇ ਢਿੱਡ ਦੇ ਢਕੌਂਸਲੇ ਹਨ। ਕਬੀਰ ਸਾਹਿਬ ਕਹਿੰਦੇ ਹਨ:

> ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
> ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥[2]

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜਿਵੇਂ ਆਦਿ ਮਨੁੱਖ ਨੇ ਦੈਵੀ ਸ਼ਕਤੀਆਂ ਦੇ ਕਹਿਰ ਤੋਂ ਡਰ ਕੇ ਉਨ੍ਹਾਂ ਨੂੰ ਦੇਵੀ ਦੇਵਤਿਆਂ ਦੇ ਰੂਪ ਵਿਚ ਪੂਜਿਆ। ਉਥੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਨ੍ਹਾਂ ਦਾ ਖੰਡਨ ਕੀਤਾ ਗਿਆ ਹੈ। ਸਾਰੀਆਂ ਸ਼ਕਤੀਆਂ ਦਾ ਮਾਲਕ ਅਕਾਲਪੁਰਖ ਨੂੰ ਮੰਨਿਆ ਹੈ। ਗੁਰਬਾਣੀ ਵਿਚ ਮਨੁੱਖ ਨੂੰ ਕੁਦਰਤ ਵਾਲੋਂ ਰੱਬ ਨਾਲ ਜੋੜਿਆ ਹੈ। ਜਦੋਂ ਕੁਦਰਤ ਮਨੁੱਖ ਨਾਲ ਨਾਰਾਜ਼ ਹੁੰਦੀ ਹੈ ਅਤੇ ਉਸਦੀ ਇੱਛਾ ਦੇ ਵਿਰੁੱਧ ਹੜ੍ਹ, ਤੂਫ਼ਾਨ ਆਦਿ ਆਉਂਦੇ ਹਨ ਜਾਂ ਮੌਤ ਹੁੰਦੀ ਹੈ ਤਾਂ ਗੁਰਮੁਖ ਰੱਬ ਦੇ ਹੁਕਮ ਨੂੰ ਮੰਨਦਾ ਹੈ ਅਤੇ ਸਾਧਾਰਣ ਪਾਠਕ ਅਕਾਲਪੁਰਖ ਪਾਸ ਸ਼ਿਕਾਇਤ ਕਰਦਾ ਹੈ। ਉਸਨੂੰ ਇਹ ਸੋਝੀ ਹੁੰਦੀ ਹੈ ਕਿ ਇਹ ਸਭ ਕੁਦਰਤੀ ਸ਼ਕਤੀਆਂ ਅਕਾਲਪੁਰਖ ਦੇ ਹੁਕਮ ਵਿੱਚ ਚਲਦੀਆਂ ਹਨ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 874
2. ਉਹੀ, ਪੰਨਾ 332

# – ਭਾਗ ਦੂਜਾ –

## ਦੁੱਖਾਂ ਦੀ ਨਿਵਿਰਤੀ ਕਿਵੇਂ ?

ਫੇਰ ਥਪਿਆਇ

* *
* *
* *
* *

ਕੈਦੀ ਹੁਕਮ ਕਰੇ ਰਜ਼ਾ

ਦੁੱਖ ਦੀ ਹੋਂਦ ਮਨੁੱਖੀ ਜੀਵਨ ਦਾ ਮਹੱਤਵ-ਪੂਰਨ ਹਿੱਸਾ ਹੈ। ਆਦਿ ਕਾਲ ਤੋਂ ਅਨੇਕ ਧਰਮ, ਸਿਧਾਂਤ ਜਾਂ ਵਿਚਾਰਧਾਰਾ ਦੇ ਦੁੱਖ ਹੋਂਦ ਤੇ ਦੇ ਪਰਤੱਖ ਦਿਸਦੀ ਰੱਖ ਰਹੇ ਆਏ ਹਨ; ਜਿਵੇਂ ਜਨਮ ਤੇ ਮਰਨ, ਵਿਛੋੜਾ ਤੇ ਮਜਬੂਰੀਆਂ, ਰੋਗ ਤੇ ਭੋਗ, ਦੁੱਖ ਤੇ ਸੁੱਖ ਆਦਿ। ਮਨੁੱਖੀ ਮਨ ਅਜਿਹੀ ਸਥਿਤੀ ਤੇ ਮਸਲੇ ਨਹੀਂ ਚਾਹੁੰਦਾ। ਦੁਨੀਆਂ ਵਿਚ ਵਿਚਰਦਿਆਂ, ਸਮਾਜਿਕ ਤੇ ਰਾਜਨੀਤਕ ਸਥਿਤੀਆਂ ਨਾਲ ਵਿਚਰਦਿਆਂ ਵਿਚ ਜਾਲ, ਜਿਸਮਾਂ, ਰਾਜ ਦ੍ਰਿਸ਼ ਯੁੱਧ-ਯੁੱਧ ਆਦਿ ਦੇ ਕਾਰਨਾਂ ਨੂੰ ਦਰਸਾਉਂਦਾ ਹੈ। ਇਸ ਸੰਬੰਧ ਵਿਚ ਤੋਂ ਅਜੋਕਿ ਵਧੀ ਹੋਂਦ ਸਮਝਾਂ। ਗੁਰਵਾਕ ਹੈ:-

ਕਿਤੁ ਮਨੁਖਾ ਜਿਨੁ ਨ ਜਿਤੈ ਦੁਖੀਆ ਰੋਵਹਿ ਧਾਹ ਕਰਿ ਧਾਰੇ ॥[1]

ਅਨੇਕ ਜੀਵ ਦੁੱਖ ਭੋਗਦੇ ਹਨ ਅਤੇ ਇਸ ਸਮੱਸਿਆ ਦੁੱਖ ਦੀ ਸਥਿਤੀ ਵਿਚ ਰਹੀ ਪ੍ਰਕਾਰ ਰਹਿੰਦਾ ਹੈ। ਸਰੀਰਕ ਰੋਗ ਹੋਣੇ ਤਾਂ ਰੋਗਾਂ ਪਰਿਵਾਰਾਂ ਤੋਂ ਦਵਾਈ ਦੀ ਲੋੜ ਪੈਂਦਾ ਹੈ, ਮਾਨਸਿਕ ਰੋਗਾਂ ਦੀ ਸਥਿਤੀ ਵਧੀ ਮਾਨਸਿਕ ਚਿਕਿਤਸਕਾਂ ਦੀ ਸਹਾਇਤਾ ਲੈਣ ਪੈਂਦਾ ਹੈ ਅਤੇ ਏਥੇ ਧਾਰਮਿਕ ਨਜ਼ਰ ਪ੍ਰਾਪਤ ਦੁੱਖਾਂ ਤੋਂ ਛੁਟਕਾਰੇ ਲਈ ਪ੍ਰਭੂ ਸਿਮਰਨ ਆਦਿ ਦਾ ਸਹਾਰਾ ਲੈਂਦਾ ਹੈ। ਸਾਡੀ ਖੋਜ ਵਿਚ ਦੁੱਖ ਅਤੇ ਦੁਖਦੀ ਸਥਿਤੀ ਦੀ ਕਿਸਮਾਂ ਪ੍ਰਕਾਰ ਰੂਪ ਵਿਚ ਦੇਖਣ ਰਹੀ ਹੈ। ਇਸ ਮਕਸਦ, ਸਾਡੀ ਅਤੇ ਹੋਰ ਧਾਰਮਿਕ ਮਾਨਤਾ ਮਤਾਂ ਦੀ ਦੁੱਖ ਦੀ ਸਥਿਤੀ ਨੂੰ ਦੇਖਣੀ ਮਕਸਦ ਹੈ ਕੇ ਮਨੁੱਖ ਨੂੰ ਮਨਮ ਵੱਲ ਪ੍ਰੇਰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੁੱਖ ਸਥਿਤੀ ਲਈ ਵਰਤੇ ਗਏ ਸ਼ਬਦਾਂ ਦੀ ਵਿਆਖਿਆ ਕਰਨਾ ਹੈ। ਦੁੱਖ ਸ਼ਬਦਾਂ ਵਿਚ ਕੋਈ ਰੂਪ ਤੇ ਵਰਤੇ ਪ੍ਰਯੋਗ ਹੈ।

ਦੁਖ (ਪੀੜਤ ਆਦਿ) ਵਿੱਚ ਵਿਚ ਵਰਤਣ ਕੋਈ ਜਾ ਹੁੰਦਾ ਹੈ ਕਿ ਮਨੁੱਖ ਦੇ ਆਪਣੇ ਦੁੱਖ-ਸੁੱਖ ਦੇ ਅਨੁਭਵ ਵਿਚੋਂ ਹੋਣੇ-ਪ੍ਰਕਾਰਾਂ ਨੂੰ ਸਮਝ ਲੈਂਦਾ ਸੋ ਕਿ ਕੋਈ ਕਿਸੇ ਦਾ ਸਾਥੋਂ ਤੋਂ ਜਾਣਾ ਜਾਂਦਾ ਹੈ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਮਨੁੱਖ ਦਾ ਇਹ ਵਿਸ਼ਵਾਸ ਬਣਦਾ ਗਿਆ ਕਿ ਜ਼ਿੰਦਗੀ ਵਿੱਚ ਹਰ ਕਿਸਮ ਦੇ ਦੁਖ ਹੋਣ ਹੋ ਸਕਦੇ ਹੈ। ਮਨੁੱਖੀ ਸਮਰੱਥ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 170

ਕਿਉਂ ਹੁਕਮ ਕਰਤਾ ਦੇ ਸਰੂਪਾਂ ਜੋ ਕੁਝ ਆਧਾਰ ਕਿਹਾ, ਕਦੇ ਉਸਦਾ ਐਸਾ ਸਰੂਪ ਜੀ ਦੁਸਰਾ ਹੈ, ਹੁਕਮ ਰੱਬ ਦਾ ਕੰਮ ਹੋਇਆ ਹੈ। ਉਹ ਜੋ ਕਰਤਾ ਪੁਰਖ ਹੈ, ਰਚ ਰਿਹਾ ਹੈ, ਕੋਈ ਦੂਜੀ ਚੀਜ਼ ਨਹੀਂ ਸਕਦਾ।

'ਹੁਕਮ' ਦਾ ਸੰਕਲਪ ਗੁਰਮਤ ਵਿਚਾਰ ਅਤੇ ਸਾਰਾ ਹੀ ਸਿਖ ਦਰਸ਼ਨ ਸਮੂਹ ਨੂੰ ਸਮਝਾਉਣ ਲਈ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥[1]

'ਹੁਕਮ' ਜਿਥੇ ਕਿ ਰੱਬ ਦੀ ਇੱਛਾ ਹੈ, ਜਿਥੇ ਰੱਬ ਦੇ ਹੁਕਮ ਦੇ ਹੀ ਹੁਕਮ ਅਨੁਸਾਰ। ਇਹ ਅਸਲੀ ਦਾ ਸੰਬੰਧ ਹੈ ਜਿਸ ਤੋਂ ਰੱਬ ਕਿਸੇ ਦੀ ਆਗਿਆ ਅਤੇ ਹੁਕਮ ਰਾਹੀਂ ਪ੍ਰਗਟਿਆ ਨਿਯਮ ਹੈ — ਇਹ ਸਾਰੇ ਦੇਸ਼, ਪ੍ਰੈਕਟਸ ਜੀ ਕਿਸੇ ਦੀ ਸੰਮਤਾ ਰਹਿੰਦੇ ਹਨ ਸਕਦਾ ਹੈ। ਧਾਰਮਿਕ ਵਿਚਾਰ ਅਨੁਸਾਰ ਇਹ ਪ੍ਰਮਾਣਾਂ ਦੇ ਰਾਹੇ (...) ਰਾਹ ਸੰਕੇਤ ਹੈ। ਇਹ ਮੁਢਲੇ ਸੁਤੰਤਰਤਾ ਦੇ ਅਨੁਸਾਰ ਰਾਹ ਅਤੇ ਪ੍ਰਭੂ ਵਿੱਚ ਆਇਆ ਹੈ। ਇਸ ਬਾਰੇ ਵੱਖ ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਡਾ. ਸ਼ੇਰ ਸਿੰਘ ਲਿਖਦੇ ਹਨ:-

"ਏਸ ਹੁਕਮ ਦਾ ਸਿਧਾਂਤ, ਗੁਰਮਤਿ ਦੇ ਅਨੁਸਾਰ ਰੱਬ ਤਾਂ ਇਹ ਹੈ ਕਿ ਕੰਮ ਹੁਕਮੇ ਹੁੰਦੇ ਹਨ ਸਭ ਕੁਝ ਪ੍ਰਭੂ ਵਿੱਚ ਆ ਜਾਂਦਾ ਹੈ।"[2]

ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

"ਹੁਕਮ ਰੱਬੀ ਕਾਨੂੰਨ ਵਿੱਚ ਰੱਬ ਨੂੰ ਆਖਦੇ ਹਨ, ਰੱਬੀ ਨਿਯਮਾਂ ਦੀ ਧਾਰਨਾ ਨੂੰ ਆਖਦੇ ਹਨ। ਇਹ ਨਿਯਮ ਜਿਵੇਂ ਕੁਦਰਤ ਵਿਚ ਅਤੇ ਸਮਾਜ ਵਿੱਚ ਲਾਗੂ ਹੁੰਦੇ ਹਨ: ਸਮਾਜੀ, ਵਿਗਿਆਨੀ ਤੇ ਆਤਮਕ।"[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 55
2. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 212
3. Dr. Surinder Singh Kohli, Out Lines of Sikh Thought, p. .

ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ:-

"ਹੁਕਮ ਕਰਤਾਰ ਪੁਰਖ ਦੀ ਕਰਤਾਰ ਸ਼ਕਤਾ ਹੈ। ਜਿਸਦਾ ਆਦਿ ਤੇ ਅੰਤ ਅਪਾਰ ਸੰਸਾਰ ਵਿੱਚ ਹੀ ਹੈ। ਇਹ ਅਜਿਹੀ ਸੱਤਾ ਹੈ। ਜਿਸ ਵਿੱਚ ਰਤਾ ਭਰ ਅਦਲ-ਬਦਲ ਨਹੀਂ, ਸਗੋਂ ਸਦਾ ਪੂਰਨ ਦੀ ਤਰ੍ਹਾਂ ਹੈ।"[1]

ਡਾ. ਦਿਵਾਨ ਸਿੰਘ ਦਾ ਵਿਚਾਰ ਹੈ:-

"ਹੁਕਮ ਦੁਆਰਾ ਮਨੁੱਖ ਦੇ ਅੰਦਰ ਵਿੱਚ ਆਪਣਾ ਕਰਤੱਵ ਨਿਸ਼ਚਾ ਹੈ। ਇਹ ਦੈਵੀ ਸ਼ਕਤੀ ਹੈ ਜੋ ਸਾਰੇ ਸ੍ਰਿਸ਼ਟੀ ਦੇ ਵਿਕਾਸ ਨੂੰ ਕ੍ਰਮ ਬੱਧੇ ਤੋਰਦਾ ਹੈ ਅਤੇ ਮਨੁੱਖ ਨੂੰ ਹੁਕਮ ਵਿਚ ਚਲਣ ਦਾ ਪ੍ਰਬੰਧ ਸਾਧਨ ਬਣਦਾ ਹੈ। ਇੰਜ ਹੁਕਮ ਦੀ ਪ੍ਰਾਪਤੀ ਪਿੱਛੋਂ ਮਨੁੱਖ ਦੇ ਸਹਜ-ਸੁਭਾਵੀ ਹਸਤੀ ਸ਼ਕਤੀਸ਼ਾਲੀ ਹੁੰਦਾ ਹੈ। ਇਹੋ ਹੁਕਮ ਹੈ।"[2]

ਸੋ ਗੁਰਬਾਣੀ ਅਨੁਸਾਰ 'ਹੁਕਮ' ਤੋਂ ਭਾਵ ਪ੍ਰਭੂ ਸਰਬ-ਵਿਆਪਕ ਵਾਹਿਗੁਰੂ ਦੀ ਸ਼ਕਤੀ ਤੋਂ ਲਿਆ ਹੈ, ਜਿਸਦਾ ਕਿ ਇਸ ਸ੍ਰਿਸ਼ਟੀ ਦਾ ਰਚਣਾ, ਪਾਲਣਹਾਰਾ ਤੇ ਖ਼ਤਮ ਕਰਨ ਵਾਲਾ ਵੀ ਹੈ। ਭਾਈ ਅਵਤਾਰ ਸਿੰਘ ਅਜਿਹਾ ਲਿਖਦੇ ਹਨ :-

"ਹੁਕਮ ਰੱਬ ਦਾ ਜਾਂ ਰਜ਼ਾ, ਅਤੇ ਰੱਬ ਦਾ ਜਾਂ ਇੱਛਾ, ਵਿਚਾਰ, ਖ਼ੁਸ਼ੀ, ਆਗਿਆ, ਭੇਤ ਜਾਂ ਕਾਨੂੰਨ ਅਟੱਲ ਰੱਬ ਦਾ, ਕੋਈ ਅਜਿਹਾ ਜਿਸ ਤੇ ਹੈ ਕਰਤਾਰ ਪੁਰਖ ਦੀ ਮਰਜ਼ੀ, ਆਗਿਆ Will ਕੀ ਜਦ ਜਾਂਦੀ ਹੈ। ਹਿਰਦਾ ਤੋਂ ਹੁਕਮਾਂ ਸੈਂਕੜੇ ਰੱਬ ਸਮਝੇ ਹਾਂ ਕਿ ਹੁਕਮ ਕੁਦਰਤੀ ਪ੍ਰਗਟ ਹੋਈ ਜਾਂਦੀ ਹੈ ਜਦ ਰਜ਼ਾ, ਅਤੇ ਅਪ੍ਰਗਟ ਜਾਂਦੀ ਹੈ। ਇਹ ਸਭ ਗੁਰ ਅਨੁਸਾਰ ਦੀ ਜਾਂਦੀ ਹੀ ਹੈ।"[3]

---

1. ਕਾਨ੍ਹ ਸਿੰਘ ਨਾਭਾ, ਗੁਰਮਤ ਵਿਚਾਰਧਾਰਾ, ਪੰਨਾ 479
2. ਪ੍ਰਿ. ਗੁਰਚਰਨ ਸਿੰਘ (ਸੰਪਾ.), ਸਿੱਖ ਧਰਮ ਗ੍ਰੰਥਾਂ ਦਾ ਗੁਰੂ ਨਾਨਕ ਵਿਚਾਰ ਸੈਮੀਨਾਰ ਅੰਕ, ਪੰਨਾ 295
3. ਡਾ. ਤਾਰਨ ਸਿੰਘ (ਸੰਪਾ.), ਰਾਗ ਪ੍ਰਕਾਸ਼ ਪੋਥੀਆਂ, ਪੰਨਾ 107

'ਰਜ਼ਾ' ਸ਼ਬਦ ਦੀ ਅਰਬੀ ਜ਼ੁਬਾਨ ਦਾ ਹੀ ਹੈ ਜਿਸਦਾ ਅਰਥ ਪ੍ਰਵਾਨਗੀ ਹੈ। ਪੰਜਾਬੀ ਵਿੱਚ ਇਸ ਸ਼ਬਦ ਦੇ ਅਰਥ 'ਭਾਣਾ' ਤੋਂ ਲਏ ਜਾਂਦੇ ਹਨ। ਹੁਕਮ ਸ਼ਬਦ ਤੇ ਇਸਨੂੰ ਇੱਕਠਾ ਕਰਕੇ ਸ਼ਬਦਾਂ ਦੀ ਵਾਧਗੀ ਦੀ ਰਜ਼ਾ ਵਿੱਚ ਰਹਿਣਾ ਹੈ। ਪ੍ਰੋ. ਸਾਹਿਬ ਸਿੰਘ ਨੇ ਆਪਣੇ ਟੀਕ 'ਗੁਰੂ ਗ੍ਰੰਥ ਸਾਹਿਬ ਵਿੱਚ ਰਜ਼ੇ ਦਾ ਸੰਕਲਪ' ਵਿੱਚ ਇਹ ਵਿਦਵਾਨ ਦੇ ਵਿਚਾਰ ਇਉਂ ਪ੍ਰਗਟਾਏ ਹਨ:-

"ਕਾਦਰ ਦਾ ਭਾਣਾ, ਹੁਕਮ ਅਤੇ ਰਜ਼ਾ ਇਕ ਹੀ ਵਸਤੂ ਹਨ, ਪਰ ਇਹ ਗੁਰਮੁਖ ਲਿਖਾਂ ਦੇ ਵੱਖ ਵੱਖ ਨਾਂ ਹਨ, ਜਦ ਸਿਟੇ ਦੀ ਅਵਸਥਾ ਵੱਖ ਵੱਖ ਹੈ। ਪ੍ਰਭੂ ਦਾ ਭਾਣਾ, ਹੁਕਮ ਹੀ ਮੰਨ ਹੈ, ਪ੍ਰਮਿਤਣਾ ਹੈ, ਖੁਸ਼ੀ ਹੈ। ਇਹ ਖੁਸ਼ੀ ਜਾਂ ਇੱਛਾ ਹੁਕਮ ਵਿੱਚ ਰੂਪਮਾਨ ਹੋ ਜਾਂਦੀ ਹੈ, ਅਤੇ ਸਮਰਥਸ਼ੀ ਰਜ਼ਾ (ਭਾਣਾ) ਦਾ ਪ੍ਰਗਟਿਆ ਹੁਕਮ ਹੈ।"[1]

ਵਿਦਵਾਨ ਦੇ ਉਪਰੋਕਤ ਕਥਨ ਤੋਂ ਸਾਫ਼ ਜ਼ਾਹਰ ਹੈ ਕਿ ਭਾਣਾ ਇੱਛਾ-ਹੁਕਮ-ਰਜ਼ਾ ਆਦਿ ਵਿੱਚ ਕੋਈ ਭੇਦ ਨਹੀਂ। ਪ੍ਰੋ. ਜੋਗਿੰਦਰ ਸਿੰਘ ਲਿਖਦੇ ਹਨ:-

"ਹੁਕਮ-ਰਜ਼ਾ ਦਾ ਸਰੋਤ ਅਕਾਲ ਪੁਰਖ ਹੈ। ਇਹ ਆਤਮਾ ਦੀ ਅਤਿ ਵਿਸਮਾਦ ਅਵਸਥਾ ਨਾਲ ਸੰਬੰਧਿਤ ਹੈ। ਮੱਨ ਦੀ ਏਕਤਾ ਵਿੱਚ ਇਸੇ ਸਰੋਤ ਦੀ ਪ੍ਰਾਪਤੀ ਹੋ ਜਾਂਦੀ ਹੈ।"[2]

ਗੁਰਬਾਣੀ ਵਿੱਚ 'ਹੁਕਮ' ਸ਼ਬਦ 'ਰਜ਼ਾ' ਜਾਂ 'ਭੈਅਮਈ ਵਿਧਾਨ' ਦੇ ਰੂਪ ਵਿਚ ਵਰਤਿਆ ਹੈ। ਇਸੇ ਸਭ ਆਪਣੇ ਆਪ ਹੀ ਹੋਣ ਲਈ ਗੁਰੂ ਸਾਹਿਬ ਨੇ ਹੁਕਮ-ਰਜ਼ਾ ਇਕ ਸ਼ਬਦ ਦੇ ਰੂਪ ਵਿੱਚ ਵਰਤਿਆ ਹੈ। ਗੁਰਵਾਕ ਹਨ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[3]

---

1. ਗਿ. ਗੁਰਦਿੱਤ ਸਿੰਘ (ਸੰਪਾ.) ਸਿੱਖ ਸਭਾ ਪਤ੍ਰਿਕਾ ਦਾ ਗੁਰੂ ਗ੍ਰੰਥ ਵਿਚਾਰ ਵਿਸ਼ੇਸ਼ ਅੰਕ, ਪੰਨਾ 1
2. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰਨਾ 77
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥[1]

ਡਾ. ਰਤਨ ਸਿੰਘ ਜੱਗੀ ਆਪਣੇ ਵਿਚਾਰ ਇਉਂ ਪ੍ਰਗਟਾਉਂਦੇ ਹਨ :-

"ਹੁਕਮ ਜਾਂ ਰਜ਼ਾ ਨੂੰ ਗੁਰੂ ਸਾਹਿਬ ਨੇ ਅਟੱਲ ਤੇ ਅਟੱਲ ਰੱਬੀ ਨਿਯਮ ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਹੈ। ਜਿਸਦੇ ਨਾਲ ਨਾਲ ਇਹ ਸਚਾਈ ਵੀ ਸਪਸ਼ਟ ਹੁੰਦੀ ਹੈ ਕਿ ਪ੍ਰਮਾਤਮਾ ਖੁਦ ਹੀ ਹੁਕਮ ਜਾਂ ਰਜ਼ਾ ਹੈ। ਰਜ਼ਾ ਤੇ ਰੱਬ ਵਿੱਚ ਕੋਈ ਅੰਤਰ ਨਹੀਂ। ਇਸੇ ਰਜ਼ਾ ਨੂੰ ਰੱਬ ਦੀ ਕੁਦਰਤ ਵੀ ਕਿਹਾ ਹੈ। ਜੋ ਖੁਦ ਕਾਦਰ ਵੀ ਹੈ ਤੇ ਕੁਦਰਤ ਵੀ ਹੈ। ਇਸਦਾ ਭਾਵ ਹੋਇਆ ਕਿ ਕੁਦਰਤ ਨੂੰ ਸਵੀਕਾਰ ਕਰਨਾ ਰੱਬ ਦੀ ਰਜ਼ਾ ਦਾ ਮੰਨਣਾ ਹੈ।"[2]

'ਸਿੱਖ ਧਰਮ ਦਰਸ਼ਨ' ਵਿਚ ਲਿਖਿਆ ਹੈ:-

"ਸਿੱਖੀ ਵਿੱਚ ਰਜ਼ਾ ਮੰਨਣ ਦੇ ਅਰਥ ਕਿਸੇ ਕਿਸੇ ਪ੍ਰਕਾਰ ਦੇ ਨਿਰਾਸ਼ ਦੇ ਲੋਕ ਅਕਾਲ ਪੁਰਖ ਦੇ ਪ੍ਰੇਮ ਵਿੱਚ ਮਗਨ ਹੋ ਕੇ ਮਨੁੱਖ ਜਾਤੀ ਦੀ ਸੇਵਾ ਕਰਨਾ ਹੈ ਕਿਉਂਕਿ ਸਿੱਖ ਪ੍ਰਮਾਤਮਾ ਨੂੰ ਕੁਦਰਤ ਤੇ ਮਨੁੱਖ ਜਾਤੀ ਵਿੱਚ ਵੱਸਦਾ ਵੇਖਦਾ ਹੈ, ਇਸ ਲਈ ਦੂਸਰੇ ਸ਼ਬਦ ਵਿਚ ਪ੍ਰਮਾਤਮਾ ਨਾਲ ਪ੍ਰੇਮ ਕਰਨ ਦੇ ਅਰਥ ਮਨੁੱਖ ਜਾਤੀ ਨਾਲ ਪ੍ਰੇਮ ਕਰਨਾ ਹੈ।"[3]

ਅੱਗੇ ਜਾ ਕੇ ਲਿਖਿਆ ਹੈ:-

"ਗੁਰੂ ਆਪਣਿਆਂ ਸਿੱਖਾਂ ਨੂੰ 'ਰਜ਼ਾ-ਅਨੁਸਾਰ' ਜੀਵਨ ਦੀ ਹਿਦਾਇਤ ਕਰਦੇ ਹਨ, ਅਰਥਾਤ ਅਕਾਲ ਪੁਰਖ ਦੇ ਭਾਣੇ ਅੰਦਰ ਰਹੋ। ਅਸਲ ਵਿਚ ਸ਼ਬਦ 'ਇਸਲਾਮ' ਦੇ ਅਰਥ ਹਨ, ਪ੍ਰਮਾਤਮਾ ਦੇ ਭਾਣੇ ਨੂੰ ਸਿਰ ਮੱਥੇ ਤੇ ਕਬੂਲਣਾ ਤੇ ਕੁਰਾਨ ਵਿਚ ਇਬਰਾਹੀਮ ਦੇ ਦੂਸਰੇ ਆਤਮ-ਸਮਰਪਣ ਦੇ ਨਾਮ ਨੂੰ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1090
2. ਡਾ. ਰਤਨ ਸਿੰਘ ਜੱਗੀ, ਕਬੀਰ ਤੇ ਕਬੀਰ ਬਾਣੀ, ਪੰਨਾ 53
3. ਵਜ਼ੀਰ ਸਿੰਘ, ਸਿੱਖ ਧਰਮ ਦਰਸ਼ਨ, ਪੰਨਾ 253

ਇਸਲਾਮ ਦੇ ਨਾਂ ਨਾਲ ਪੁਕਾਰਿਆ ਗਿਆ। ਸੂਫੀਆਂ ਦੇ "ਫਨਾ-ਫਿੱਲਾ" ਜਾਂ ਪ੍ਰਾਣਾਯਾਮਾਂ ਵਿੱਚ ਜਿਵੇਂ ਸਾਰਾ ਸੁਰਤ ਵੀ ਇਸ ਸ਼ਬਦ ਦੇ ਦਰਸਾਏ ਵਿਚ ਰਖਦੇ ਹਨ। ਜੋਗੀ ਸਾਧਨਾਂ ਦੀ ਇਸ ਹਾਲਤ ਨੂੰ ਸੁੰਨ (ਸੁੰਨ ਸਮਾਧ ਆ) ਕਹਿੰਦੇ ਹਨ।"[1]

ਜਦਾਂ ਸੰਤ ਸਾਡੀ ਗੁਰੂ ਅਰਜਨ ਦੇਵ ਜੀ ਦੇ ਆਦਿ ਗ੍ਰੰਥ ਵਿੱਚ ਦਰਜ ਸ਼ਬਦ ਸੰਗ੍ਰਹਿਤ ਬਾਣੀਆਂ ਦਾ ਮਾਰੂ ਰਾਗ ਵਿਚ ਪੰਨਾ 1019 ਉਤੇ ਪ੍ਰਯੋਗ ਹੋਇਆ ਹੈ। ਇਸਦਾ ਅਰਥ ਹੈ ਜਦਾਂ ਸੰਤ ਸਾਡੀ ਰੱਬ ਜੇਹੇ ਅਕਾਲ ਪੁਰਖ ਦੇ ਅੱਗੇ ਝੁਕਣਾ।

ਭਾਈ ਕਾਨ੍ਹ ਸਿੰਘ ਨਾਭਾ ਨੇ ਅੰਜੁਲੀ ਦਾ ਅਰਥ ਸਪਸ਼ਟ ਕਰਦੇ ਹੋਏ ਲਿਖਿਆ ਹੈ:-

"ਹੱਥ ਜੋੜਿਆਂ ਜੋ ਪ੍ਰਣਾਮ ਕਰੀ ਜਾਂਦੀ ਹੈ।"[2]

ਭਾਵੇਂ ਅੰਜੁਲੀ ਕਰਦਿਆਂ ਉਸਦੇ ਸਾਰੇ ਦੁੱਖ ਕਲੇਸ਼ ਨਠੇ ਜਾਂਦੇ ਹਨ। ਕੀਰਤਨ ਸੋਹਿਲਾ ਵਿੱਚ ਲਿਖਿਆ ਹੈ:-

ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ॥[3]

ਗੁਰਮਤ ਅਨੁਸਾਰ ਸਤਿਕਰਿਆਈ, ਸਰਬ ਸਮਰੱਥ ਵਾਹਿਗੁਰੂ ਜੀ ਨੂੰ ਆਪਾ ਸੌਂਪਣਾ, ਹੁਕਮ ਮੰਨਣਾ ਤੇ ਉਸਦੇ ਅੱਗੇ ਅਰਦਾਸ ਕਰਦੇ ਹੀ ਜਿੱਥੇ ਸਾਧਨ ਦੇ ਰੂਪ ਚ ਇਹ ਇਕ ਜੀਵੀ ਪ੍ਰਤੀਤ ਸਮਝਦੀ ਹੈ ਕਿ ਮਨ ਸੰਕਲਪਾਂ-ਵਿਕਲਪਾਂ ਦਾ ਪੁਤਲਾ ਹੈ। ਸਾਰੇ ਕੁਕਰਮ ਮਨ ਹੀ ਤਾਂ ਕਰਦੇ ਹਨ। ਇਹ ਹੀ ਸਾਰੇ ਦੁੱਖਾਂ ਦਾ ਕਾਰਨ ਹੈ। ਇਹ ਸਭ ਦੁਸ਼ਮਣਾਂ ਤੋਂ ਖ਼ਤਰਨਾਕ ਹੈ। ਜਿਸ ਵੇਲੇ ਮਨੋਂ ਛੁੱਟੀ ਮਿਲ ਜਾਂਦੀ ਹੈ, ਤਾਂ ਇਸਨੂੰ ਕੁਕਰਮ ਪਾਸੇ ਲਾਉਂਦੀ ਹੈ ਤਾਂ ਇਹ ਰੋਗ ਰੋਗੀ ਹੋ ਜਾਂਦਾ ਹੈ। ਇਹ ਅਜੇਹਾ ਤੂਫ਼ਾਨ ਜਿਸ ਬਾਝੁਆਂ ਕਾਬੂ ਹਾਸਲ ਹੋ ਜਾਂਦੀ ਹੈ। ਸੱਚ ਸਭ ਪ੍ਰਾਣੀਆਂ ਦੀ ਸਾਰ ਇਹੋ ਮਨ ਹੀ ਹੈ। ਜੇ ਇਹ ਮਨ ਵਾਹਿਗੁਰੂ ਜੀ ਦੇ ਅਰਪਣ ਕਰ ਦੇਈਏ, ਜੇ ਵਾਹਿਗੁਰੂ ਜੀ ਰਹਿਣ, ਉਸੇ ਵਿੱਚ ਰਜ਼ਾਈ ਸਮਝੀਏ ਤਾਂ ਇਹੋ ਹੁਕਮ ਮੰਨਣਾ ਹੈ,

---

1. ਬਲਦੇਵ ਸਿੰਘ (ਸ਼੍ਰੀ.ਪਾ.) ਸਿੱਖ ਧਰਮ ਦਰਸ਼ਨ, ਪੰਨਾ 256
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 85
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 171

ਰਜ਼ਾ ਵਿੱਚ ਵਰਤਿਆ ਹੈ। ਇਸ ਭਾਵ ਵਿੱਚ ਜੀਵ ਹੁਕਮ ਤੋਂ ਉਲੰਘਣਾ ਕਰਦਾ ਹੈ, ਜਿਵੇਂ ਪਸ਼ੂ ਦੀ ਸਥਿਤੀ ਹੁੰਦੀ ਹੈ। ਉਸਦੇ ਹੁਕਮ ਅਧੀਨ ਦੁੱਖ ਸੁੱਖ, ਜਨਮ, ਮੌਤ ਇਹ ਸਭ ਸਮਝਦਾ ਹੈ। ਗੁਰਵਾਕ ਹੈ:-

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥[1]

ਇਹ ਸੰਸਾਰ ਉਸ ਰਚਨਾ ਕੁਦਰਤ ਦੀ ਖੇਡ ਹੈ ਅਤੇ ਇਹ ਖੇਡ ਉਸਦੇ ਹੁਕਮ ਨਾਲ ਹੀ ਹੋਂਦ ਵਿੱਚ ਆਈ ਹੈ। ਉਸ ਵਾਹਿਗੁਰੂ ਨੂੰ ਜੋ ਵੀ ਚੰਗਾ ਲੱਗਦਾ ਹੈ, ਉਹ ਕਰਦਾ ਹੈ, ਕਿਉਂਕਿ ਜੀਵਾਂ ਦੇ ਵੱਸ ਵਿੱਚ ਕੋਈ ਚੀਜ਼ ਨਹੀਂ। ਉਸਦੇ ਹੁਕਮ ਅਨੁਸਾਰ ਹੀ ਹੁਕਮ ਅਤੇ ਰੋਗ ਸੁਖ, ਦੁੱਖ-ਸੁੱਖ ਆਦਿ ਮਿਲਦੇ ਹਨ। ਗੁਰਦੇਵ ਫਰਮਾਉਂਦੇ ਹਨ:-

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥[2]

ਅਤੇ

ਜਿਉਂ ਜਿਉਂ ਤੇਰਾ ਹੁਕਮੁ ਤਿਵੈ ਤਿਉਂ ਹੋਵਣਾ ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥[3]

ਵਾਹਿਗੁਰੂ ਜੀ ਇਸ ਕਾਇਨਾਤ ਦਾ ਸਿਰਜਣਹਾਰ ਹੈ, ਜਿਸਦੇ ਹੁਕਮ ਬਿਨ ਕੋਈ ਨਹੀਂ ਹੈ। ਉਸਦੀ ਮਰਜ਼ੀ ਦੇ ਖ਼ਿਲਾਫ਼ ਕੁਝ ਨਹੀਂ ਹੁੰਦਾ। ਇਸ ਲਈ ਉਸਦਾ ਹੁਕਮ ਸੰਸਾਰ ਵਿੱਚ ਤੁੱਲ ਹੈ। ਜੀਵ ਇਨ੍ਹਾਂ ਵਿਸ਼ਿਆਂ ਦਾ ਸਤਾਇਆ ਹੋਇਆ ਅਗਨੀ ਦੀ ਤਰ੍ਹਾਂ ਤੜਪਦਾ ਹੈ ਪਰ ਹੁਕਮ ਅਧੀਨ ਚੱਲਣ ਨਾਲ ਸੁੱਖ ਨੂੰ ਪ੍ਰਾਪਤ ਕਰਦਾ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1000
2. ਉਹੀ, ਪੰਨਾ 8
3. ਉਹੀ, ਪੰਨਾ 523

ਜੀਅੜਾ ਅਗਨਿ ਬਰਾਬਰ ਤਪੈ ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮਿ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥[1]

ਅਤੇ

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥[2]

ਇਸ ਹੁਕਮ ਦੀ ਪਛਾਣ ਕੀਤੇ ਬਿਨ੍ਹਾਂ ਜੀਵ ਦੁਖੀ ਹੁੰਦਾ ਹੈ:-

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥[3]

ਹੁਕਮ ਅਤੇ ਸੱਚ ਦਾ ਅਦੁਤ ਹੀ ਨੇੜੇ ਦਾ ਸੰਬੰਧ ਹੈ। ਹੁਕਮ ਦੀ ਤਾਬਿਆਦਾਰੀ ਸੱਚ ਦੀ ਪ੍ਰਾਪਤੀ ਦਾ ਮੁੱਖ ਸਾਧਨ ਹੈ। ਆਗਿਆਕਾਰੀ ਸੇਵਕ ਹਰਿ ਜਿਹਾ ਹੀ ਹੋ ਜਾਂਦਾ ਹੈ। ਇਸ ਤੋਂ ਬਾਹਰ ਤੇ ਹੁਕਮ ਲਬੋਂ ਨਹੀਂ ਜਾ ਸਕਦੇ। ਇਹ ਇਕ ਖੂਬ ਹੀ ਗਲ। ਖੁਦਾ ਹੁਕਮ ਅਟੱਲ ਤੇ ਸਰਬੰਗ ਹੈ। ਖੁਦ ਵਾਹਿਗੁਰੂ ਜੀ ਕੋਲੋਂ ਅਰਦਾਸ ਤਾਂ ਕਬੂਲ ਹੁੰਦੀ ਹੈ, ਪਰ ਹੁਕਮ ਨਹੀਂ ਬਦਲ ਸਕਦਾ। ਫੁਰਮਾਨ ਹੈ:-

ਜਿਸੁ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥[4]

ਗੁਰੂ ਸਾਹਿਬ ਦਾ ਹੁਕਮ ਦੀ ਮਹਤਤਾ ਨੂੰ ਦਾਸ ਦੇ ਰੂਪ ਵਿੱਚ ਦਰਸਾਣ ਕਰਨਾ ਕਈ ਸਮਾਜਿਕ ਸਥਿਤੀਆਂ ਵਿੱਚ, ਜਦੋਂ ਮਨੁੱਖ ਰੋਜ ਜਬਰ ਤੇ ਧੀਰਜ ਦੀਆਂ ਕੁਰੀਆਂ ਦਾਸੀਆਂ ਤੇ ਹੁੰਦਾ ਹੈ, ਨੂੰ ਦੇਖਾਂ ਸਾਰੂਪ ਨਹੀਂ ਕਬੂਲ ਦਾ ਅਲਾਇਦਰ ਜਿਹੇ ਹੋਇਆ ਹੈ। ਗੁਰ ਜਦੋਂ ਇਸ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 156
2. ਉਹੀ, ਪੰਨਾ 471
3. ਉਹੀ, ਪੰਨਾ 400
4. ਉਹੀ, ਪੰਨਾ 474

ਪਦਾਰਥਵਾਦ ਦਾ ਸ਼ਿਕਾਰ ਹੋ ਕੇ ਮਨੁੱਖੀ ਜੀਵਨ ਤਾਂ ਬਿਲਕੁਲ [illegible] ਹੋ ਜਾਂਦਾ ਹੈ ਤਾਂ ਗੁਰਮਤਿ ਸੋਚ ਦੀ ਸਾਰ ਦਿਖਾਉਂਦੇ ਹੋਏ ਕਹਿੰਦੇ ਹਨ:-

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ ॥[1]

ਹੁਕਮ ਦਾ ਸਿਧਾਂਤ ਮੰਨਣਾ ਤਾਂ ਸੌਖਾ ਹੈ ਪਰ ਇਸ ਦੇ ਪੂਰੇ ਆਦਰਸ਼ ਤੱਕ ਪਹੁੰਚਣਾ ਬਹੁਤ ਕਠਨ ਹੈ। ਇਸ ਦਾ ਸੰਬੰਧ ਰੂਹੀ ਜਗਤ ਨਾਲ ਜ਼ਿਆਦਾ ਜਾਪਦਾ ਹੈ। ਇਸ ਉਤੇ ਪਹਿਰਾ ਦੇਣ ਲਈ ਆਪਣੇ ਆਪ ਨੂੰ ਹੁਕਮ ਦੇ ਅਨੁਸਾਰ ਢਾਲਣਾ ਪੈਂਦਾ ਹੈ। ਭਾਣਾ ਮੰਨਣ ਵਾਲਿਆਂ ਲਈ ਪਰਮਾਤਮਾ ਦਾ ਹੁਕਮ 'ਸਤਿ ਬਚਨ' ਹੁੰਦਾ ਹੈ। ਭਾਣੇ ਅੰਦਰ ਰਹਿੰਦਿਆਂ ਉਹ ਦੁੱਖ-ਸੁੱਖ ਨੂੰ ਇਕੋ ਜਿਹਾ ਮੰਨਦੇ ਹਨ। ਗੁਰਬਾਣੀ ਹੈ:-

ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥[2]

ਉਸ ਅਕਾਲ ਪੁਰਖ ਦੇ ਹੁਕਮ ਨੂੰ ਖੁਸ਼ੀ ਖੁਸ਼ੀ ਕਬੂਲ ਕਰਨ ਵਾਲਾ, ਉਸ ਵਿਚ ਰਹਿਣ ਵਾਲਾ ਆਦਮੀ ਸੁੱਖ ਨੂੰ ਪ੍ਰਾਪਤ ਹੁੰਦਾ ਹੈ। ਉਸਦੇ ਸਾਰੇ ਦੁੱਖ ਖ਼ਤਮ ਹੋ ਜਾਂਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 141

2. ਉਹੀ, ਪੰਨਾ 275

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥[1]

ਇਸ ਹੁਕਮ ਨੂੰ ਸਮਾਜਕ ਰੂਪ ਵਾਲੇ ਸਮਝ ਨਹੀਂ ਸਕਦੇ। ਪ੍ਰਭੂ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਆਪਣੀ ਮਰਜ਼ੀ ਰੱਬ ਦੀ ਮਰਜ਼ੀ ਦੇ ਤਾਬਿਆ ਕੀਤੀ ਹੋਈ ਹੈ, ਉਹੀ ਇਸਨੂੰ ਜਾਣ ਸਕਦੇ ਹਨ। ਜਿਸ ਤਰ੍ਹਾਂ ਤਮਾਸ਼ਾ ਕਰਨ ਵਾਲਾ ਨਾਚ ਕੀਆਂ ਪੁਤਲੀਆਂ ਨੂੰ ਡੋਰ ਬੱਧੀ ਬਸਤਰ ਪਾ ਕੇ ਨਵੀਂ ਸੂਰਤਾਂ ਵਿੱਚ ਆਪਣੀ ਇੱਛਾਂ ਅਨੁਸਾਰ ਪਰਦਤ ਨਚਾਉਂਦਾ ਹੈ, ਉਹ ਆਪਣੀ ਮਰਜ਼ੀ ਨਾਲ ਨਹੀਂ ਵਿਚਰਦੀਆਂ ਹਨ। ਇਹੀ ਹਾਲ ਇਸ ਜੀਵ ਦਾ ਹੈ। ਇਹ ਵੀ ਨਾਚ ਦੀ ਪੁਤਲੀ ਹੈ ਜਿਸਦੀ ਡੋਰ ਵਾਹਿਗੁਰੂ ਹੱਥ ਹੈ:-

ਕਾਠ ਕੀ ਪੁਤਰੀ ਕਹਾ ਕਰੈ
ਬਪੁਰੀ ਖਿਲਾਵਨਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀਗਰੁ
ਓਹੁ ਤੈਸੋ ਹੀ ਸਾਜੁ ਆਨੈ ॥[2]

ਪਰ ਜੇਕਰ ਹੁਕਮ ਵਿੱਚ ਨਾ ਚਲਿਆ ਜਾਵੇ ਤਾਂ ਦੁਖੀ ਹੋਣਾ ਪੈਂਦਾ ਹੈ ਜੇ ਮਨ ਅਤੇ ਗਿਆਨ ਇੰਦਰੀਆਂ ਨੂੰ ਗੁਰੂ ਅਧੀਨ ਕਰਕੇ ਹੁਕਮ ਅਧੀਨ ਚਲਿਆ ਜਾਵੇ ਤਾਂ ਸੁੱਖ ਹੀ ਸੁੱਖ ਹੈ, ਪਰ ਜੇ ਮਨ ਚੀਜ਼ਾਂ ਚਾਹਾਂ ਵਿੱਚ ਫਸਕੇ ਵਾਹਿਗੁਰੂ ਦੇ ਹੁਕਮ ਨੂੰ ਭੁੱਲ ਜਾਵੇ, ਅਤੇ ਰਸਾਂ ਵਿੱਚ ਫਸ ਜਾਵੇ ਤਾਂ ਦੁੱਖ ਹੀ ਦੁੱਖ ਹੈ। ਅਸਲ ਵਿੱਚ ਜ਼ਿੰਦਗੀ ਦੇ ਵਿਚ ਜਿੰਨੇ ਦੁੱਖ ਕਲੇਸ਼ ਆਉਂਦੇ ਹਨ, ਉਨ੍ਹਾਂ ਦੇ ਜ਼ਿੰਮੇਵਾਰ ਅਸੀਂ ਆਪ ਹੁੰਦੇ ਹਾਂ ਕਿਉਂਕਿ ਚੰਗੇ ਮੰਦੇ ਕਰਮਾਂ ਦੀ ਪਰਖ ਨਾ ਕਰਕੇ ਬੁਰਾਈ ਵਾਲੇ ਪਾਸੇ ਤੁਰ ਪੈਂਦੇ ਹਾਂ। ਪਰ ਵਾਹਿਗੁਰੂ ਜੀ ਦੀ ਰਜ਼ਾ ਵਿੱਚ ਰਹਿਣ ਵਾਲਾ ਜੀਵ ਅਨੰਦ ਤੇ ਖੇੜਾ ਮਾਣਦਾ, ਚੰਗੇ ਕਰਮ ਕਰਦਾ ਹੈ, ਜੋ ਵੀ ਵਾਹਿਗੁਰੂ ਜੀ ਕਰਦੇ ਹਨ, ਉਸੇ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 765
2. ਉਹੀ, ਪੰਨਾ 206

ਸਭ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥
ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸਨੋ ਕਿਰਪਾ ਕਰੇ ਰਜਾਇ ॥ [1]

ਹਾਜ਼ਰ ਅਤੇ ਨਾਜ਼ਰ ਦਾ ਸਿਧਾਂਤ ਸੰਸਾਰ ਵਿੱਚ ਲਾਗੂ ਕੀਤਾ ਹੈ। ਗੁਰੂ ਸਾਹਿਬ ਦਾ ਵਿਸ਼ਵਾਸ ਹੈ ਕਿ ਅਕਾਲ ਪੁਰਖ ਸ੍ਰਿਸ਼ਟੀ ਨੂੰ ਰਚ ਕੇ ਆਪ ਦੇਖਦਾ ਹੈ; ਪ੍ਰਸੰਨ ਹੁੰਦਾ ਹੈ ਅਤੇ ਹਰ ਪਾਸੇ ਹੁਕਮ ਲਾਗੂ ਕੀਤਾ ਹੈ:-

ਹੁਕਮਿ ਚਲਾਏ ਰਹਿਆ ਭਰਪੂਰੇ ॥
ਕਿਸੁ ਨੇੜੈ ਕਿਸੁ ਆਖਾਂ ਦੂਰੇ ॥
ਗੁਪਤੁ ਪਰਗਟੁ ਹਰਿ ਘਟਿ ਘਟਿ ਦੇਖਹੁ ਵਰਤੈ ਤਾਕਿ ਸਬਾਇਆ ॥ [2]

ਜੀਵ ਦਾ ਜੀਣਾ, ਮਰਨਾ, ਗੁਰਮੁਖ ਦਾ ਦਰਗਾਹ ਵਿੱਚ ਜਾ ਕੇ ਇੱਜ਼ਤ ਪਾਉਣਾ ਤੇ ਮਨਮੁਖ ਦਾ ਸਜ਼ਾ ਪਾਉਣਾ ਅਰਥਾਤ ਅਨੰਦ ਦੀ ਪ੍ਰਾਪਤੀ ਤੇ ਜਨਮ ਮਰਣ ਦਾ ਗੇੜ ਵਿੱਚ ਪਿਆ ਰਹਿਣਾ ਸਭ ਹੁਕਮ ਵਿੱਚ ਹੀ ਹਨ, ਪ੍ਰੰਤੂ ਗੁਰਮੁਖ ਹੁਕਮ ਮੰਨਕੇ ਵਾਹਿਗੁਰੂ ਨਾਲ ਅਭੇਦ ਹੋ ਜਾਂਦਾ ਹੈ:-

ਹੁਕਮੇ ਅੰਦਰਿ ਨਿੰਮਿਆ ਪਿਆਰੇ ਹੁਕਮੇ ਉਦਰ ਮਝਾਰਿ ॥
ਹੁਕਮੇ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥
ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥
ਹੁਕਮੇ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ।
ਹੁਕਮੇ ਬੰਨਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥
ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥
ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 556
2. ਉਹੀ, ਪੰਨਾ 1042

ਸੁਰਮੇ ਸਭੇ ਤਰਾਈਅਨਿ ਪਿਆਰੇ ਕਰਤਾਰਿ ਸੂਠਾ ਹੋਇ॥
ਹੁਕਮਿ ਸਿਰਜਾਪੇ ਸਭੁ ਕੋ ਪਿਆਰੇ ਸਭੁ ਕਿਛੁ ਕਰਿਆਣੀ ਹੋਇ॥[1]

ਵਾਹਿਗੁਰੂ ਜੀ ਦੇ ਬਾਰੇ ਕੀਰਤਨ ਵਿਚਾਰਧਿਆਂ ਹੋਇਆਂ ਹੋਈ ਹੋਸ ਪ੍ਰਗਟ ਕਰਨ ਦੀ ਉੱਤਾਵਿਸ ਨਹੀਂ ਕਰੀਦੀ। ਸ. ਜੋਧਾ ਸਿੰਘ 'ਜੋਧਨ' ਲਿਖਦੇ ਹਨ:-

"ਗੁਰਬਾਣੀ ਰਚਨਾ ਵਿੱਚ ਕਾਦਿਰ ਦੇ ਬਾਰੇ ਨੂੰ ਜਿਤਨਾ ਕਰਕੇ ਅੰਦਰ ਵਿੱਚ ਆਪਣੇ ਜੀਵਨ ਆਦਰਸ਼ ਦੀ ਕੀਮਤ ਜਿੰਨੇ ਪਰਗਟ ਹੁੰਦੀ ਹੈ। ਜਿਸਦੀ ਜਿੰਨੇ ਦਾ ਵਿਸ਼ਵਾਸ ਕੋਈ ਦਾਸ, ਤਾਂ ਕਿਸੇ ਹੁੰਦੇ ਕਿਸ ਕਰਦਾ ਹੈ, ਤਾਂ ਕਿਸੇ ਨੂੰ ਦੇਸਦਾ ਹੈ, ਤਾਂ ਸਭੇ ਕਿਰਤੀ ਦੀ ਕਿਰਾਸਤ ਵਿੱਚ ਕਰਨ ਹੁੰਦਾ ਹੈ ਸਗੋਂ ਗੁਰਬਾਣੀ ਦੇ 'ਅਨਦਾਸ' ਵਿੱਚ ਰੋਜ਼ ਹੈ ਨੇ ਕਈ ਕਈ ਰਹੁਣੀ ਕਰਨ ਵਿੱਚ ਵਿਚਰਦਾ ਹੈ।"[2]

ਗੁਰ ਵਾਹਿਗੁਰੂ ਜੀ ਪਲਾਂ ਵਿੱਚ ਜਲ ਤੋਂ ਥਲ, ਥਲ ਨੂੰ ਜਲ, ਰਾਜੇ ਨੂੰ ਕੰਗਾਲ ਤੇ ਕੰਗਾਲ ਨੂੰ ਰਾਜਾ ਬਣਾ ਸਕਦਾ ਹੈ। ਫੁਰਮਾਨ ਹੈ:-

ਖਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥[3]

ਅਤੇ

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥
ਧਰਤੀ ਤੇ ਆਕਾਸ ਚਢਾਵੈ ਚਢੇ ਅਕਾਸ ਗਿਰਾਵੈ॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥
ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 636
2. ਡਾ. ਕੁਲਦੀਪ ਸਿੰਘ (ਸੰਪਾ.), ਸਿੱਖ ਸਭਾ ਪ੍ਰਚਾਰ ਦਾ ਗੁਰੂ ਗ੍ਰੰਥ ਵਿਚਾਰ ਸੀਰੀਜ਼ ਬੰਨ, ਪੰਨਾ 334
3. ਉਹੀ, ਪੰਨਾ 537

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥[1]

ਭਾਣਾ ਮੰਨਣ ਨਾਲ ਸਬੰਧਤ ਅਕਾਲ ਪੁਰਖ ਦੀ ਰਜ਼ਾ ਵਿਚ ਵਿਚਰਦਿਆਂ ਜੀਵ ਸਹਾਰਾ ਲੈਂਦਾ ਹੈ। ਭਾਣਾ ਮੰਨਣ ਦੀ ਭਾਵਨਾ ਹੈ ਜੋ ਬੇਅੰਤ ਸ਼ਹੀਦਾਂ ਨੂੰ ਖੁਸ਼ੀ ਖੁਸ਼ੀ ਕਸ਼ਟ ਸਹਿਣੇ ਸਮੇਂ ਚੜ੍ਹਦੀ ਕਲਾ ਵਿੱਚ ਰੱਖਿਆ। ਜਿਵੇਂ ਕਿ ਭਾਣਾ ਮੰਨਣ ਦੇ ਪਥ ਨਾਲ ਗੁਰੂ ਅਰਜਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਚਾਰੇ ਸਾਹਿਬਜ਼ਾਦੇ, ਅਨੇਕ ਸਿੰਘਾਂ ਤੇ ਸਿੰਘਣੀਆਂ, ਜਿਨ੍ਹਾਂ ਤੇ ਅਨੇਕ ਤੇ ਅਸਹਿ ਜ਼ੁਲਮ ਢਾਹੇ ਗਏ, ਜਿਨ੍ਹਾਂ ਜ਼ੁਲਮਾਂ ਨੂੰ ਸਰੀਰ ਤੇ ਮਨ ਨੂੰ ਮਿੱਠੇ ਸਮਝ ਕੇ ਜਰ ਲਿਆ। ਗੁਰਵਾਕ ਹੈ:-

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥[2]

'ਗੁਰੂ ਨਾਨਕ ਬਾਣੀ ਵਿੱਚ ਹੁਕਮ ਦਾ ਸਿਧਾਂਤ' ਵਿੱਚ ਡਾ. ਸਤ ਮਹਿੰਦਰ ਇਨਸਾਨ ਦਾ ਵਰਣਨ ਮਿਲਦਾ ਹੈ:-

> "ਜੋ ਤੇਜ ਦੇ ਸੂਰਜ ਗੋਲੇ ਤੇ ਤੇਲਆਂ ਦੇ ਕਸੂਰੇ ਸਾਗਰ ਵਿੱਚ ਸਰੂਪ ਨੂੰ ਜਾਣ ਜੋ ਵਿਸ਼ਾਲ ਪਸਾਰ ਵਿੱਚ ਅਡੋਲ ਤੇ ਨਿਰਭਰ ਦੇਖਦਾ ਹੈ, ਇਸ ਵਿਸ਼ਵ ਨੂੰ ਵਿਧਾਤਾ 'ਪ੍ਰਭੂ ਨਿਯਮਤਕਾਰ' ਕਹਿੰਦਾ ਹੈ ਪਰ ਇਹ ਭਾਣਾ ਮੰਨਣਾ ਹੈ। ਨਿਯਮਤਕਾਰ ਪ੍ਰਭ ਹੋਰ ਕੋਈ ਆ ਇਸੇ ਪ੍ਰਭ ਵਿਧੇਨ ਨੂੰ ਵੀ ਮੰਨਦਾ ਹੈ। ਇਹ ਨਿਯਮਾਂ ਅਨੁਸਾਰ ਤੇ ਪਹੁੰਚ ਹੋਣੇ ਨੂੰ, ਜਗਤ ਤੇ ਵਿਵਹਾਰ ਨੂੰ ਅਡੋਲ ਤੇ ਇਕਸਾਰ ਇਕ ਦੇਖਦਾ ਹੈ। ਉਸਨੂੰ ਇਹ ਪਰੇਸ਼ਾਨ ਨਹੀਂ ਹੁੰਦਾ ਕਿ ਇਕ ਦ੍ਰਿੜ੍ਹ ਪ੍ਰਯੋਜਨ ਹੁੰਦਾ ਹੈ। ਉਹ ਵਿਸ਼ਵਾਸੀ ਵਿੱਚ ਕੋਈ ਭੇਦ ਨਹੀਂ ਦੇਖ ਸਕਦਾ। ਫਲਸਰੂਪ ਉਸਨੂੰ ਇਹ ਸੰਦੇਹ ਨਹੀਂ ਹੁੰਦਾ ਕਿ ਵਿਰੁੱਧ ਇਕ ਕੋਈ ਚੇਤਨ ਸੱਤਾ ਹੈ ਜਿਸ ਦੇ ਨਿਯਮ ਸਮੇਂ ਸਮੇਂ ਦਾ ਖੁੱਲ੍ਹੀ ਨਹੀਂ ਜਾਂਦਾ ਵਿਰੁੱਧ ਹੋਣ ਦਿੱਤਾ ਹੈ। ਇਹ ਭਾਣਾ ਮੰਨਣਾ ਇਸ ਤੋਂ ਭਿੰਨ ਹੁੰਦਾ ਹੈ।"[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1252
2. ਉਹੀ, ਪੰਨਾ 394
3. ਸਤਬੀਰ ਕੌਰ ਦੁਗਲ, ਗੁਰੂ ਨਾਨਕ ਬਾਣੀ ਵਿੱਚ ਹੁਕਮ ਦਾ ਸਿਧਾਂਤ, ਪੰਨਾ 97

ਪ੍ਰਮਾਤਮਾ ਨਾਲ ਮੇਲ ਜਾਂ ਵਿਛੋੜਾ ਜੀਵ ਦੇ ਕਿਸੇ ਕਰਮਾਂ ਅਨੁਸਾਰ ਹੁੰਦਾ ਹੈ। ਉਸਦੇ ਧੁਰ ਤੋਂ ਦਾ ਜੀਵ ਕਦਾ ਦੇ ਵਿੱਚ ਜਾਣ ਪਾ ਦਿੱਤੀ। ਜਦ ਓ ਦੇ ਜਦੋਂ ਜੀਵ ਕਰੇ ਕਰਮ ਵਿੱਚ ਜੀ ਹੁੰਦਾ ਹੈ ਤਾਂ ਉਸਨੂੰ ਵਾਹਿਗੁਰੂ ਯਾਦ ਹੁੰਦਾ ਹੈ। ਜਨਮ ਉਪਰੰਤ ਕਰਤਾਰ ਨੂੰ ਤਾਂ ਵਿਸਾਰ ਦਿੰਦਾ ਹੈ ਤੇ ਉਸਦੀਆਂ ਕਿਰਤੀਆਂ ਦਾਤਾਂ ਨਾਲ ਮੋਹ ਵਧਾ ਲੈਂਦਾ ਹੈ। ਪਰ ਗੁਰ ਸਰਬ-ਸਮਰਥ ਵਿਚ ਵੀ ਉਸਦੀ ਰਜ਼ਾ ਕਰਮ ਤੇ ਨੀਆਂ ਰਹਦਾ ਹੈ। ਪਰ ਉਸੇ ਜੀਵ ਦਾ ਜਨਮ ਸਫਲਾ ਹੈ, ਜੋ ਇਸ ਸੰਸਾਰ ਵਿੱਚ ਵਿਚਰਦਿਆਂ ਹੋਇਆ ਉਸ ਦੀ ਰਜ਼ਾ ਨਿਰਭੈ ਰਹਿੰਦਾ ਹੈ:-

> ਇਕਿ ਕਰਮਿ ਕੁਮਾਵੈ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ॥
> ਜਿਤੁ ਤੁਧੁ ਭਾਵੈ ਤੇਰਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ॥[1]

ਮਨੁੱਖ ਕੇਵਲ ਹੋਣੀ ਦੀ ਸਾਰ ਨਹੀਂ ਜਾਣਦਾ। ਨਾ ਹੋਣੀ ਦੇਖ ਸਕਦਾ, ਨਾ ਸਾਂ ਵਿਧੁ ਅਤੇ ਵਿਚਾਰਨਸਾਰ ਸਾਰ ਕਿਹਾ ਹੈ। ਇਹ ਪ੍ਰਮਾਤਮਾ ਦੇ ਪਵਿੱਤਰ ਨਾਮ ਦਾ ਸਰੂਪ ਜੋ ਸਭ ਪਾਸੇ ਤੋਂ ਮਨੁੱਖ ਦੀ ਰੱਖਿਆ ਕਰਦਾ ਹੈ, ਹੋਣੀ ਕੁੱਝ ਤਰਦੀਦ ਨਹੀਂ ਹੁੰਦੀ। ਫੁਰਮਾਨ ਹੈ:-

> ਜਾਣਹੁ ਹੁਕਮਹੁ ਕਤਿ ਕਰੇ ਵੇਖੀ ਖੋਜ ਨ ਕੋਇ॥
> ਨਾਨਕੁ ਵੇਖਿ ਵਿਗਸਦਾ ਸਾਰ ਕੀ ਕੀਮ ਪਵੈ॥
> ਸਭੋ ਜੀ ਆਖਣਾ ਬੂਝੈ ਸਤਿ ਅਮਰਾਉ॥
> ਜਿਤਿ ਆਖੈ ਜੁ ਪਾਤਸ਼ਾਹੁ ਨਵੇ ਨ ਤਖੀ ਵਹੁ॥[2]

ਪ੍ਰਭੂ ਦੇ ਹੁਕਮ ਵਿੱਚ ਚਲਣ ਵਾਲੇ ਜੀਵਾਂ ਨੂੰ ਕਦੇ ਪਛਤਾਵਾ ਨਹੀਂ ਹੋਂਦਾ। ਵਾਹਿਗੁਰੂ ਨੂੰ ਜੋ ਮਨਜ਼ੂਰ ਹੁੰਦਾ ਹੈ, ਉਹੀ ਹੁੰਦਾ ਹੈ। ਜੀਵ ਦੀ ਆਪਣੀ ਇਖ਼ਤਿਆਰ ਕੋਈ ਨਹੀਂ ਆਉਂਦੀ ਤੇ ਜਿਹੜਾ ਆਪਣੀ ਸਮਝ ਅਨੁਸਾਰ ਚੱਲਦਾ ਹੈ, ਜਿਹੜੇ ਵਿੱਚ ਨਹੀਂ ਰਹਿੰਦਾ ਉਹ ਦੁਖੀ ਹੁੰਦਾ ਹੈ। ਜੋ ਹੁਕਮ ਦੇ ਰਹੱਸ ਨੂੰ ਸਮਝ ਲੈਂਦੇ ਹਨ ਉਹ ਉਸਦੀ ਦਰਬਾਰ ਵਿੱਚ ਸੱਚੇ ਸਾਬਤ ਹੁੰਦੇ ਹਨ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 635
2. ਉਹੀ, ਪੰਨਾ 70

ਗੁਰਵਾਕ ਹਨ:-

> ਜਿਨੀ ਪਛਾਤਾ ਹੁਕਮਿ ਤਿਨ ਕਦੇ ਨ ਰੋਵਣਾ ॥[1]
>
> ਸਿਆਣਪ ਕਾਹੂ ਕਾਮਿ ਨ ਆਤ ॥
> ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥[2]
>
> ਜੋ ਕਿਛੁ ਕਰਤੈ ਸਭਿ ਤੇਰਾ ਭਾਣਾ ॥
> ਹੁਕਮੁ ਬੂਝੈ ਸੋ ਸਾਚਿ ਸਮਾਣਾ ॥[3]

ਗੁਰਬਾਣੀ ਕਹਿੰਦੀ ਹੈ ਕਿ ਜੀਵ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਅਕਾਲ ਪੁਰਖ ਦੇ ਇਸ ਹੁਕਮ ਨੂੰ ਸਮਝਣ ਦੀ ਕੋਸ਼ਿਸ਼ ਕਰੇ। ਜਦ ਤੱਕ ਮਨੁੱਖ ਨੂੰ ਹੁਕਮ ਦੀ ਪਛਾਣ ਨਹੀਂ ਹੁੰਦੀ, ਮਨੁੱਖ ਦੁੱਖਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਹੁਕਮ ਦੀ ਰਮਜ਼ ਨੂੰ ਸਮਝਣ ਵਾਸਤੇ ਵਿਚੋਂ ਹਉਮੈ ਮਿਟਾ ਦੇਣੀ ਲਾਜ਼ਮ ਹੋ ਜਾਂਦੀ ਹੈ। ਡਾ. ਸ਼ੇਰ ਸਿੰਘ ਜੀ ਲਿਖਦੇ ਹਨ:-

> "ਰੱਬ ਦਾ ਹੁਕਮ ਮੰਨਣਾ ਤੇ ਹੁਕਮ ਦੀ ਰਾਹ ਜਾਂ ਨਿਯਮ ਨੂੰ ਸਮਝਣਾ ਸਿੱਖਾਂ ਦਾ ਕਾਮ ਲਿਖਿਆ ਹੈ। ਭਾਣਾ ਮੰਨਣਾ ਸਿੱਖ ਦਾ ਪਰਮ ਧਰਮ ਹੈ ਪਰ ਇਹ ਹੁਕਮ-ਰਜ਼ਾ ਤੇ ਤਸਲੀਮ ਆਦਿ ਦਾ ਵਿਚਾਰ ਮੁਸਲਮਾਨਾਂ ਤੇ ਸੂਫ਼ੀਆਂ ਵਿਚਲੇ ਦਾਸ ਮੰਨਿਉਤ ਹੈ, ਇਹੁ ਵਿਚਾਰ ਦਾਸ ਨਹੀਂ ਇਹੁ ਹਰ ਇਕ ਅਵਸਥਾ ਨੂੰ ਰਜ਼ਾ ਦਾਸ ਮੰਨਿਉਤ ਕਰਦੇ ਪਰ ਸਿੱਖ ਰੱਬ ਦੀ ਰਜ਼ਾ ਮੰਨੇ ਦਾਸ।"[4]

ਹਉਮੈ ਦਾ ਵਿਕਾਰ ਦੂਰ ਤੇ ਜੋ ਜੀਵ ਨੂੰ ਪ੍ਰਭ ਨਿਰਮਲ-ਸਮਰੱਥ ਵਾਹਿਗੁਰੂ ਦੇ ਦਿਦਾਰ ਦੀ ਸੰਭਾਵਨਾ ਹੋ ਸਕਦੀ ਹੈ। ਹਉਮੈ ਖ਼ਤਮ ਹੋਣ ਨਾਲ ਮਨ ਦਾ ਵੈਰਾਗੀ ਪ੍ਰਕਾਸ਼ ਜਾਗ ਪੈਂਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 523
2. ਉਹੀ, ਪੰਨਾ 496
3. ਉਹੀ, ਪੰਨਾ 193
4.

ਇਹ ਆਤਮਾ ਪਰਮਾਤਮਾ ਦੀ ਅੰਸ਼ ਹੈ। ਹਉਮੈ ਵਿੱਚ ਗ੍ਰਸਤ ਹੋਣ ਕਰਕੇ ਮਨ ਦੁਬਿਧਾ ਵਿੱਚ ਪੈ ਜਾਂਦਾ ਹੈ ਅਤੇ ਆਪਣੇ ਅਸਲੇ ਨੂੰ ਭੁੱਲ ਜਾਂਦਾ ਹੈ। ਮਾਇਆ ਦੇ ਪ੍ਰਭਾਵ ਮਾਤਹਿਤ ਜਿੰਨੀ ਦੇਰ ਵੀ ਹਉਮੈ ਦਾ ਇਹ ਰੋਗ ਨਹੀਂ ਕਟਦਾ ਇਹ ਜੀਵ ਨੂੰ ਇਸਦੇ ਪ੍ਰਭੂ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ। ਫੁਰਮਾਨ ਹੈ:-

ਧਨੁ ਧਨੁ ਜੋੜਿ ਗਠੜੀ ਚੋ ਬਧਿ ਦੂਜੈ ਭਾਇ ਵਿਗਾਰਿਆਸੁ ॥
ਜੀਆਂ ਦੇ ਘਾਤ ਘਾਤਣੇ ਇਹੁ ਪੇਖੈ ਦੁਨੀਆਇਸੁ ॥[1]

ਮੁੜੀ, ਦੁੱਖ ਤੇ ਕਸ਼ਟ ਇਸ਼ਵਰ ਵੱਲੋਂ ਹੀ ਨੇ ਮਨੁੱਖ ਉਸ ਵਾਹਿਗੁਰੂ ਨੂੰ ਭੁੱਲ ਜਾਂਦਾ ਹੈ ਤੇ ਇਨ੍ਹਾਂ ਦੁੱਖਾਂ ਨੂੰ ਆਪਣੀ ਕਰਨੀ ਦਾ ਨਤੀਜਾ ਖਿਆਲ ਕਰਦਾ ਹੈ। ਇਹੀ ਦੁਸ਼ਮਣੀ ਹਉਮੈ ਦੇ ਜਿਸ ਕਰਕੇ ਇਹ ਦੁਸ਼ਟੀ ਦੁਖੀ ਹੋਣਾ ਪੈਂਦਾ ਹੈ। ਕਈਆਂ ਮਨੁੱਖ ਦੁੱਖ ਵਿੱਚ ਵੀ ਇਤਨਾ ਵਿਸ਼ ਮੰਨ ਲਿਆ ਹੈ ਕਿ ਰੱਬ ਦਾ ਨਾ ਹੋਣਾ ਵੀ ਕ੍ਰੋਧ ਸਮਝਦਾ ਹੈ। ਕਬੀਰ ਇਹ ਲਿਖਿਆ ਹੈ ਕਿ ਮੈਂ ਤਾਂ ਕੋਈ ਕੁਰਾਹ ਨਹੀਂ ਕੀਤਾ ਮੈਨੂੰ ਦੁੱਖ ਕਿਉਂ ਆਏ। ਇਸ ਬਾਰੇ ਫਰੀਦ ਜੀ ਇਉਂ ਫੁਰਮਾਉਂਦੇ ਹਨ: ਦੁੱਖ-ਦੁੱਖ ਕੋਈ ਹੁਕਮ ਅਨੁਸਾਰ ਹਨ। ਜਾਂ ਦੁੱਖ ਵਿੱਚ ਇਸ ਤਰ੍ਹਾਂ ਜਾਪਦਾ ਹੈ ਕੇ ਜਾ ਵੀ ਦੁੱਖ ਵੇਲੇ ਵਾਹਿਗੁਰੂ ਨੂੰ ਭੁੱਲਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਜਿਗਿਆਸੂ ਦੁੱਖ-ਸੁੱਖ ਨੂੰ ਇਕੋ ਜਿਹਾ ਸਮਝ ਕੇ ਜੀਵਨ ਬਤੀਤ ਕਰੇਗਾ ਤਦ ਪ੍ਰਭੂ ਦੀ ਪ੍ਰਾਪਤੀ ਸਹਜ ਹੀ ਹੋ ਜਾਵੇਗੀ:-

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥[2]

ਫਰੀਦ ਜੀ ਕਹਿੰਦੇ ਹਨ ਕਿ ਜੇ ਮਨੁੱਖ ਦੁਨੀਆਂ ਦੇ ਸੁੱਖਾਂ ਨੂੰ ਛੱਡਦੇ ਪਰਮਾਤਮਾ ਨਾਲ ਜੁੜ ਜਾਵੇਗਾ ਤਾਂ ਜਾਂਦਾ ਜੀਅ ਉਸਨੂੰ ਵਾਹਿਗੁਰੂ ਦਾ ਰੂਪ ਦਿਸੇਗਾ। ਇਸ ਅਵਸਥਾ ਨੂੰ ਮਨੁੱਖ ਤਾਂ ਹੀ ਪ੍ਰਾਪਤ ਕਰਦਾ ਹੈ ਜੇ ਰੱਬ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰੇ :-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 624
2. ਉਹੀ, ਪੰਨਾ 1383

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥1

ਸੋ ਹਉਮੈ ਦਾ ਤਿਆਗ ਕਰਕੇ ਵਾਹਿਗੁਰੂ ਦੇ ਗੁਣ ਅੰਦਰ ਵਸਾਇਆਂ ਹੋਇਆਂ ਵਿਚ, ਕਾਰ ਉਸਦੇ ਗੁਣ ਆਪਣੇ ਅੰਦਰ ਧਾਰਨ ਮਿਲਦਾ ਹੈ। ਫੁਰਮਾਨ ਹੈ:-

ਹੋਵੈ ਸੇਵੀ ਸਤੁ ਸਾਰੁ ॥
ਅਮੁਲਾ ਤਜਿ ਅਹੰਕਾਰੁ ॥
ਕਿਸੁ ਸੋਇ ਸਦਾ ਗੁਣ ਗਾਉ ॥
ਪ੍ਰਭੁ ਮਿਲੀ ਸੁਆਉ ॥[2]

ਵਾਹਿਗੁਰੂ ਦਾ ਹੁਕਮ ਮੰਨਣੇ ਉਸਦੀ ਰਜ਼ਾ ਵਿੱਚ ਰਹਿਣ ਵਾਲੇ ਜੀਵ ਨੂੰ ਦੁੱਖ-ਸੁੱਖ ਦੋਵੇਂ ਅਵਸਥਾਵਾਂ ਇਕੋ ਜਿਹੀਆਂ ਹਨ ਜਿਸ ਤਰ੍ਹਾਂ ਸ਼ੁਧਿਮਾਨ ਦੇ ਚਾਨ-ਵਿਹਾਰ ਦੇ ਸਬੰਧ ਵਿੱਚ ਲਹਿਰਾਂ ਉਠ ਰਹੀਆਂ ਹੁੰਦੀਆਂ ਹਨ ਤੇ ਉਸਦੀ ਜੀਵਨ ਰੂਪੀ ਬੇੜੀ ਕਿਨ੍ਹਾਂ ਵਿਚਦ ਤੋਂ, ਸਹੀ ਸਲਾਮਤ ਇਸ ਦੁਨਿਆਵੀ ਭਵ-ਸਾਗਰ ਤੋਂ ਪਾਰ ਹੋ ਜਾਂਦੀ ਹੈ। ਫੁਰਮਾਨ ਹੈ:-

ਹਰਿ ਕੈ ਭਾਣੈ ਸਤੁ ਸੇਵਾ ਕਰੈ ਦੂਜੈ ਸਚੁ ਸੋਈ ॥
ਹਰਿ ਕੈ ਭਾਣੈ ਸਦਾ ਸੇਵੀਐ ਭਾਣੈ ਸੰਜਮੁ ਸੁਖੁ ਹੋਈ ॥
ਹਰਿ ਕੈ ਭਾਣੈ ਸਦਾ ਪਰਵਾਣੁ ਪਾਇਆ ਸਚਿ ਹੁਕਮ ਹੋਈ ॥
ਨਾਨਕੁ ਨਾਮੁ ਸਲਾਹਿ ਤੂ ਗੁਰਮੁਖਿ ਗਤਿ ਹੋਈ ॥ [3]

ਗੁਰਦੇਵ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਦ ਜੀ ਮਤ ਨੂੰ ਤਿਆਗ ਕੇ ਅਕਾਲ ਪੁਰਖ ਦੇ ਭਾਣੇ ਵਿੱਚ ਚੱਲੇ ਤਾਂ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦੀ ਰਜ਼ਾ ਨੂੰ ਮਿੱਠਾ ਕਰਕੇ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382
2. ਉਹੀ, ਪੰਨਾ 895
3. ਉਹੀ, ਪੰਨਾ 365

ਮੰਨਣ ਨਾਲ ਹੀ ਦੁੱਖ-ਸੁੱਖ ਵਿੱਚ ਕੋਈ ਅੰਤਰ ਨਹੀਂ ਜਾਪਦਾ:-

ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਹੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ-ਦੁਖਿ ਓਹੀ ਧਿਆਈਐ ਹੇ ॥[1]

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਜਿਤਨੇ ਵੀ ਦੁੱਖ ਆਉਂਦੇ ਹਨ, ਉਹ ਉਸ ਵਾਹਿਗੁਰੂ ਦੇ ਹੁਕਮ ਨੂੰ ਨਾ ਮੰਨਣ ਕਰਕੇ ਹਨ। ਉਹ ਆਪਣੀ ਹਉਮੈ ਵਿੱਚ ਕੁਮਤ ਮੰਦੀਆਂ ਕਰਮ ਕਰਦਾ ਹੈ ਜਿਨ੍ਹਾਂ ਦੇ ਫਲਸਰੂਪ ਉਸਨੂੰ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਜੇਕਰ ਉਹ ਵਾਹਿਗੁਰੂ ਦੇ ਹੁਕਮ ਨੂੰ ਮੰਨੇ ਅਤੇ ਮਿੱਠਾ ਕਰਕੇ ਮੰਨੇ, ਤਾਂ ਹਰ ਵੇਲੇ ਉਸ ਵਾਹਿਗੁਰੂ ਨੂੰ ਧਿਆਨ ਵਿਚ ਰੱਖੇ, ਜੋ ਕੁਝ ਵੀ ਵਾਹਿਗੁਰੂ ਨੇ ਦਿੱਤਾ ਹੈ, ਉਸ ਲਈ ਉਸਦਾ ਸ਼ੁਕਰਗੁਜ਼ਾਰ ਹੋਵੇ ਤਾਂ ਉਸਨੂੰ ਦੁੱਖ ਆਉਂਦੇ ਹੀ ਨਹੀਂ ਹਨ ਅਰਥਾਤ ਗਿਆਨੀ ਵਿਅਕਤੀ ਦੁੱਖ-ਸੁੱਖ ਵਿੱਚ ਕੋਈ ਅੰਤਰ ਨਹੀਂ ਸਮਝਦਾ, ਦੋਹਾਂ ਨੂੰ ਵਾਹਿਗੁਰੂ ਦੀ ਦੇਣ ਸਮਝਦਾ ਹੋਇਆ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿੰਦਾ ਹੈ।

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 209

## ਸੱਤਵਾਂ ਅਧਿਆਇ

**
**
**
**

## ਖੂਹਾਂ ਦਾ ਸੰਚਾਰ - ਵਿਸ਼ੇਸ਼ ਤੌਰ ਤੇ ਟੱਬੀ ਖੂਹਾਂ ਦਾ ਅਪਣਾਣਾ

ਜੀਵ ਇਹ ਭੁੱਲੀ ਫਿਰਦਾ ਹੈ ਕਿ ਮਨੁੱਖਾ ਜਨਮ ਬਹੁਤ ਦੁਰਲੱਭ ਹੈ। ਲੱਖ ਲੱਖ ਜੂਨਾਂ ਵਿੱਚ ਭਟਕਣ ਮਗਰੋਂ ਇਹ ਚੰਗੇ ਕਰਮਾਂ ਦੇ ਫਲਸਰੂਪ ਪ੍ਰਾਪਤ ਹੁੰਦਾ ਹੈ। ਦੇਵਤੇ ਵੀ ਮਨੁੱਖਾ ਜਨਮ ਲਈ ਤਰਸਦੇ ਹਨ। ਗੁਰਬਾਣੀ ਵਿੱਚ ਲਿਖਿਆ ਹੈ:-

ਇਸੁ ਦੇਹੀ ਕਉ ਸਿਮਰਹਿ ਦੇਵ ॥[1]

ਗੁਣ ਔਗੁਣ ਮਨੁੱਖ ਵਿਚ ਪਰਸਪਰ ਵਿਰੋਧਤ ਹੁੰਦੇ ਰਹਿੰਦੇ ਹਨ। ਇਨ੍ਹਾਂ ਦੀ ਜੰਗ ਹਰ ਮਨੁੱਖ ਵਿਚ ਹੁੰਦੀ ਹੈ। ਇਨ੍ਹਾਂ ਦੀ ਬਹੁਤਾਤ ਸਦਕਾ ਹੀ ਮਨੁੱਖ ਪ੍ਰਮਾਤਮਾ ਤੋਂ ਨੇੜੇ ਜਾਂ ਦੂਰ ਹੁੰਦਾ ਹੈ। ਉਹ ਘੜੀ ਘੜੀ ਆਪਣੀਆਂ ਰੁਚੀਆਂ ਦੇ ਅਧੀਨ ਦੁਖੀ ਹੁੰਦਾ ਰਹਿੰਦਾ ਹੈ। ਜਦੋਂ ਕਦੇ ਥੋੜ੍ਹੀ ਜਿਹੀ ਗਹਿਰਾਈ ਨਾਲ ਉਹ ਆਪਣੇ ਅੰਦਰ ਝਾਤ ਤੇ ਨਜ਼ਰ ਮਾਰਦਾ ਹੈ ਤਾਂ ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਬਦੀਆਂ ਵਿੱਚ ਫਸਿਆ ਆਪਣਾ ਅਮੋਲ ਜਨਮ ਵਿਅਰਥ ਗੁਆ ਰਿਹਾ ਹੈ। ਅਜਿਹੇ ਵਿਅਕਤੀ ਨੂੰ ਗੁਰਦੇਵ ਆਪਣਾ ਆਪਾ ਪਛਾਣਨ ਦੀ ਪ੍ਰੇਰਣਾ ਕਰਦੇ ਹਨ:-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥[2]

ਅਤੇ

ਆਤਮੁ ਚੀਨਿ ਪਰਮ ਸੁਖੁ ਪਾਇਆ ॥[3]

ਆਪਣਾ ਮੂਲ ਪਛਾਣਨ ਲਈ ਤੇ ਪਰਮ ਸੁੱਖ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਣੀਆਂ ਔਗੁਣ ਪ੍ਰਵਿਰਤੀਆਂ ਨਾਲ ਯੁੱਧ ਕਰਨਾ ਪੈਂਦਾ ਹੈ ਅਤੇ ਸੱਚ-ਆਚਾਰ ਦਾ ਨਿਰਮਾਣ ਕਰਨਾ ਪੈਂਦਾ ਹੈ। ਇਸ ਲਈ ਔਗੁਣਾਂ ਨੂੰ ਤਿਆਗਣਾ ਹੀ ਕਾਫ਼ੀ ਨਹੀਂ ਹੈ, ਸਗੋਂ ਸਦਗੁਣਾਂ ਨੂੰ ਧਾਰਣਾ ਵੀ ਜ਼ਰੂਰੀ ਹੈ। ਔਗੁਣ ਮਨੁੱਖ ਦੇ ਮਨ ਵਿਚ ਦੀਮੇਕਾਂ ਦੀ ਨਿਆਈਂ ਹਨ, ਜਿਨ੍ਹਾਂ ਨੂੰ ਗੁਣਾਂ ਨਾਲ ਮੇਟਿਆ ਜਾ ਸਕਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1159
2. ਉਹੀ, ਪੰਨਾ 441
3. ਉਹੀ, ਪੰਨਾ 375

ਨੇਕੀ ਅਤੇ ਬਦੀ ਉਸ ਵਾਹਿਗੁਰੂ ਜੀ ਦੀ ਸਿਰਜਣਾ ਹੈ। ਪਰ ਮਨੁੱਖ ਨੇਕੀ ਅਤੇ ਬੁਰਿਆਈ ਨੂੰ ਤਾਂ ਹੀ ਪਹਿਚਾਣ ਕਰ ਸਕਦਾ ਹੈ, ਜੇਕਰ ਉਸਨੂੰ ਬਦੀ ਅਤੇ ਉਸਤੋਂ ਪ੍ਰਾਪਤ ਹੁੰਦੇ ਦੁੱਖ ਦਾ ਅਹਿਸਾਸ ਹੋਵੇ ਅਤੇ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਦੀ ਉਤਸੁਕਤਾ ਹੋਵੇ। ਇਸ ਪ੍ਰਾਪਤੀ ਲਈ ਵਾਹਿਗੁਰੂ ਜੀ ਦੀ ਕਿਰਪਾ ਦਾ ਪਾਤਰ ਬਣੇ ਅਤੇ ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਉਹ ਵਾਹਿਗੁਰੂ ਜੀ ਵਾਂਗ ਪਵਿੱਤਰ ਬਣਨ ਦੀ ਕੋਸ਼ਿਸ਼ ਕਰੇ।

<u>ਦੈਵੀ ਗੁਣ:</u>

ਗੁਰੂ ਸਾਹਿਬਾਂ ਦੇ ਕਥਨ ਅਨੁਸਾਰ ਉਹ ਅਕਾਲ ਪੁਰਖ ਗੁਣਾਂ ਦਾ ਖਜ਼ਾਨਾ ਹੈ। ਜੇਕਰ ਮਨੁੱਖ ਇਨ੍ਹਾਂ ਗੁਣਾਂ ਨੂੰ ਧਾਰਨ ਕਰੇਗਾ ਤਾਂ ਹੀ ਉਹ ਵਾਹਿਗੁਰੂ ਨਾਲ ਅਭੇਦ ਹੋ ਸਕੇਗਾ। ਕਿਉਂਕਿ 'ਨਿਰਗੁਣੁ ਰਾਮੁ ਗੁਣਹ ਵਸਿ ਹੋਇ।' ਅਤੇ ਉਸ ਵਾਹਿਗੁਰੂ ਜੀ ਨਾਲ ਅਭੇਦ ਹੋਣ ਲਈ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਜਿਨ੍ਹਾਂ ਗੁਣਾਂ ਦਾ ਵਰਣਨ ਗੁਰੂ ਸਾਹਿਬ ਕਰਦੇ ਹਨ, ਉਹ ਇਹ ਹਨ:-

<u>ਸਤਿ:-</u> ਜਿਗਿਆਸੂ ਨੂੰ ਸਤਿ-ਸਰੂਪ ਵਾਹਿਗੁਰੂ ਨਾਲ ਅਭੇਦ ਹੋਣ ਲਈ ਸਤਿ ਦਾ ਅਨੁਗਾਮੀ ਹੋਣਾ ਜ਼ਰੂਰੀ ਹੈ। ਸਤਿ ਦਾ ਮਤਲਬ ਹੈ ਹੋਂਦ ਵਾਲਾ, ਸਥਿਰ। ਸੰਤ ਇੰਦਰ ਸਿੰਘ ਲਿਖਦੇ ਹਨ:-

> "ਜਿਸ ਚੀਜ਼ ਦਾ ਕਦੇ ਵੀ ਨਾਸ਼ ਨ ਹੋਵੇ ਅਰ ਜੋ ਚੀਜ਼ ਸਦਾ ਇਕ ਰਸ ਤੇ ਅਟੱਲਤਾਈ ਹੋਵੇ, ਉਸਨੂੰ ਸਤਿ, ਸਚ, ਅਸਲ, ਹਕੀਕਤ ਜਾਂ ਰਾਸਤੀ ਆਖਦੇ ਹਨ। ਵੇਦਾਂ ਵਿਚ ਸਤਿ ਦੇ ਅਰਥ ਕੀਤੇ ਹਨ 'ਤ੍ਰੈਕਾਲ ਜਿਸਦਾ ਨਾਸ਼ ਨਾ ਹੋਵੇ', ਉਹ ਸਤਿ ਹੈ।"[1]

ਸਤਿ ਪਰਮੇਸ਼ਰ ਦਾ ਅਸਲੀ ਸਰੂਪ ਹੈ। ਗੁਰੂ ਸਾਹਿਬ ਵੀ ਦੱਸਦੇ ਹਨ ਕਿ ਸਤਿ ਸਦਾ ਹੈ। ਸ੍ਰਿਸ਼ਟੀ ਰਚਨਾ ਦੇ ਪਹਿਲਾਂ ਵੀ ਸੀ ਤੇ ਅਖੀਰ ਵਿਚ ਵੀ ਹੋਵੇਗਾ:-

ਆਦਿ ਸਚੁ ॥ ਜੁਗਾਦਿ ਸਚੁ ॥
ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥[2]

---

1. ਸੰਤ ਇੰਦਰ ਸਿੰਘ ਜੀ, <u>ਗੁਰਮਤੀ ਜ਼ਿੰਦਗੀ</u>, ਪੰਨਾ 329
2. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1

ਵਾਹਿਗੁਰੂ ਆਪ ਸੱਚ ਹੈ ਇਸ ਕਰਕੇ ਉਸਦੀ ਰਚੀ ਸ੍ਰਿਸ਼ਟੀ ਵੀ ਸੱਚ ਹੈ। ਗੁਰਦੇਵ ਲਿਖਦੇ ਹਨ:-

ਆਪਿ ਸਾਚੁ ਧਾਰੀ ਸਭ ਸਾਚੁ ॥
ਓਤਿ ਪੋਤਿ ਆਪਨ ਸੰਗਿ ਰਾਚੁ ॥ [1]

ਅਤੇ

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥ [2]

ਜਿਸ ਪੁਰਸ਼ ਦੇ ਹਿਰਦੇ ਵਿੱਚ ਸੱਚ ਦਾ ਨਿਵਾਸ ਹੈ, ਉਸਨੂੰ ਸਤਿ ਪੁਰਸ਼ ਸਮਝਣਾ ਚਾਹੀਦਾ ਹੈ ਕਿਉਂਕਿ ਸਤਿ ਅਤੇ ਅਕਾਲਪੁਰਖ ਵਿਚ ਕੋਈ ਭੇਦ ਨਹੀਂ ਹੈ।

ਪਰ ਮਨੁੱਖੀ ਮਨ ਕਿਉਂਕਿ ਸਥਿਰ ਨਹੀਂ ਹੈ, ਉਸਨੇ ਇਸ ਸੱਚ ਨੂੰ, ਸਚਿਆਰਤਾ ਨੂੰ ਆਪਣੇ ਜੀਵਨ ਵਿੱਚ ਨਿਭਾਉਣਾ ਹੈ, ਇਸ ਵਾਸਤੇ ਸੱਚੇ ਸੁਚੱਜੇ ਆਚਾਰ ਦੀ ਜ਼ਰੂਰਤ ਹੈ। ਗੁਰਦੇਵ ਸੱਚ ਆਚਾਰ ਨੂੰ ਸਭ ਤੋਂ ਉੱਤਮ ਕਹਿੰਦੇ ਹਨ:-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ [3]

ਜ਼ਿੰਦਗੀ ਵਿੱਚ ਵਿਚਰਦਿਆਂ ਹੋਇਆਂ ਸੱਚ ਬੋਲਣਾ ਬਹੁਤ ਸੌਖਾ ਲਗਦਾ ਹੈ ਪਰ ਇਸਨੂੰ ਅਮਲ ਵਿੱਚ ਨਿਭਾਉਣਾ ਔਖਾ ਹੈ। ਸੱਚ ਬੋਲਣ ਲਈ ਪਹਿਲਾਂ ਹਿਰਦਾ ਸ਼ੁੱਧ ਕਰਨ ਦੀ ਜ਼ਰੂਰਤ ਹੈ। ਸੱਚੇ ਬਚਨ ਲਈ ਸੱਚੇ ਨਾਮ ਪਿਆਰ, ਸੱਚ ਪ੍ਰਾਪਤ ਕਰਨ ਦੀ ਜੁਗਤੀ ਤੇ ਜਾਣਕਾਰੀ, ਸੱਚੀ ਸਿੱਖਿਆ ਤੇ ਆਤਮਿਕ ਸ਼ੁੱਧੀ ਦੀ ਜ਼ਰੂਰਤ ਦੱਸੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 294
2. ਉਹੀ
3. ਉਹੀ, ਪੰਨਾ 62

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥

... ... ...

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥[1]

ਅਕਸਰ ਸੰਸਾਰ ਵਿੱਚ ਇਹ ਦੇਖਣ ਵਿੱਚ ਆਉਂਦਾ ਹੈ ਕਿ ਸਚਿ ਪੁਰਸ਼ਾਂ ਨੂੰ ਬੜੇ ਕਸ਼ਟ ਉਠਾਉਣੇ ਪੈਂਦੇ ਹਨ। ਦੁਨੀਆਂ ਵਿੱਚ ਕੂੜੇ, ਮੱਕਾਰੀ, ਫਰੇਬੀ ਲੋਕ ਜ਼ਿਆਦਾ ਹਨ। ਸਚਿ ਆਚਰਣ ਵਾਲੇ ਨੂੰ ਆਪਣਾ ਜੀਵਨ ਬਿਤਾਉਣਾ ਬੜਾ ਔਖਾ ਹੋ ਜਾਂਦਾ ਹੈ। ਸਚਿ ਅਤੇ ਅਸਤਿ ਦਾ ਸਦਾ ਤੋਂ ਹੀ ਵਿਰੋਧ ਚੱਲਿਆ ਆਉਂਦਾ ਹੈ। ਭਗਤਾਂ ਅਤੇ ਸੰਸਾਰੀਆਂ ਦੇ ਅਨੇਕ ਵਾਰੀ ਕੁਰਖੇਤ੍ਰ ਛਿੜਦੇ ਰਹੇ:-

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥[2]

ਸਚਿ ਪਹਿਲਾਂ ਤਾਂ ਵਿਹੁ ਜੀ ਤਰ੍ਹਾਂ ਕੌੜਾ ਅਤੇ ਦੁਖਦਾਈ ਲੱਗਦਾ ਹੈ, ਪ੍ਰੰਤੂ ਇਸਦਾ ਫਲ ਅੰਮ੍ਰਿਤ ਸਮਾਨ ਮਿੱਠਾ ਅਤੇ ਸੁਖਦਾਈ ਹੁੰਦਾ ਹੈ। ਸੱਚ ਬੋਲਣ ਅਤੇ ਸਚਿ-ਆਚਾਰ ਵਿਹਾਰ ਸਮਝਣ ਲਈ ਸਤਿਸੰਗਤ ਕਰਨੀ ਜਿਗਿਆਸੂ ਲਈ ਅਤਿ ਲੋੜੀਂਦੀ ਹੈ। ਕਿਉਂਕਿ ਸਤਿਸੰਗਤ ਵਿੱਚ ਜਾ ਕੇ ਪ੍ਰੇਮਾ ਭਗਤੀ ਤੇ ਸਿਮਰਨ ਸੇਵਾ ਨਾਲ ਮਨ ਨਿਰਮਲ ਤੇ ਬੁੱਧੀ ਉੱਜਲ ਹੁੰਦੀ ਹੈ ਅਤੇ ਅਗਿਆਨ ਅੰਧਕਾਰ ਗਿਆਨ ਦੇ ਚਾਨਣੇ ਵਿੱਚ ਸੱਚ ਅਤੇ ਝੂਠ ਦੀ ਪਛਾਣ ਹੋ ਜਾਂਦੀ ਹੈ। ਫੁਰਮਾਨ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 468
2. ਉਹੀ, ਪੰਨਾ 145

ਸਤਿਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥
ਗੁਰਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥
ਲੋਹਾ ਪਾਰਸੁ ਭੇਟੀਐ ਕੰਚਨੁ ਹੋਇਆਇਆ ॥[1]

ਸਤਿ ਸੰਗਤ, ਸੱਚਾ-ਆਚਾਰ ਗੁਰਮੁਖ ਬਣਨ ਨਾਲ ਮਨੁੱਖ ਨੂੰ ਸਤਿ ਸਰੂਪ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਨਾਲ ਅਭੇਦ ਹੋਣ ਉਪਰੰਤ ਉਹ ਆਤਮਕ ਅਵਸਥਾ ਨੂੰ ਪਹੁੰਚ ਜਾਂਦਾ ਹੈ ਕਿ ਦੁੱਖ-ਸੁੱਖ ਵਿਚ ਸਮਾਨ ਜਾਪਦੇ ਹਨ।

ਨਿਰਭਉ ਤੇ ਨਿਰਵੈਰ ਹੋਣਾ:- ਗੁਰ ਵਾਹਿਗੁਰੂ ਨਿਰਭਉ ਹੈ, ਨਿਰਵੈਰ ਹੈ। ਉਸ ਦੀ ਪ੍ਰਾਪਤੀ ਲਈ, ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਜੀਵ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਨੂੰ ਨਿਰਵੈਰਤਾ ਦੇ ਪੱਧਰ ਤੱਕ ਲਿਆਵੇ।

ਸਰਦੂਲ ਸਿੰਘ ਕਵੀਸ਼ਰ ਨੇ ਲਿਖਿਆ ਹੈ:-

> "ਮਨੁੱਖਾਂ ਦਾ ਜਨਮ ਲੈਣਾ, ਸੰਭਾਵਨਾਵਾਂ ਦੇ ਅੰਦਰ ਹੁੰਦਾ ਹੈ। ਜ਼ਿੰਦਗੀ ਦੀ ਵਿਸ਼ੇਸ਼ਤਾ ਉਸਦੇ ਜਨਮ ਦਾ ਨਿਯਮ ਹੈ। ਮੈਂ-ਮੇਰੀਆਂ ਲਈ ਲੋਭ ਤੇ ਰੋਗ ਉਸਦੇ ਫਲ ਹਨ। ਕੋਈ ਵਿਰਲਾ ਹੀ ਇਨ੍ਹਾਂ ਜਕੜਾਂ ਤੋਂ ਮੁਕਤੀ ਹੋਵੇਗਾ। ਜੋ ਇਨਸਾਨ ਦਿਲੋਂ ਮਨੋਂ ਪਰਮਾਤਮਾ ਦੀ ਸ਼ਕਤੀ ਤੇ ਭਰੋਸਾ ਕਰੇ ਤਦੇ ਹੀ ਉਹ ਰੋਗ ਤੇ ਲੋਭ ਤੋਂ ਛੁਟਕਾਰਾ ਪਾ ਸਕਦਾ ਹੈ।" 2

ਜਦੋਂ ਉਸਨੂੰ ਇਹ ਸੋਝੀ ਆ ਜਾਵੇ ਕਿ ਹਰ ਪ੍ਰਾਣੀ ਵਿਚ ਬ੍ਰਹਮ ਸਮਾਇਆ ਹੋਇਆ ਹੈ ਤਾਂ ਉਸਦੀ ਵੈਰ ਭਾਵਨਾ ਖਤਮ ਹੋ ਜਾਂਦੀ ਹੈ। ਜੇ ਵੈਰ ਦੀ ਭਾਵਨਾ ਹੀ ਨਾ ਰਹੀ ਤਾਂ ਮਨ ਵਿਚੋਂ ਕ੍ਰੋਧ, ਈਰਖਾ, ਦ੍ਵੈਸ਼ ਆਦਿ ਦੇ ਭਾਵ ਵੀ ਮਿਟ ਜਾਂਦੇ ਹਨ, ਜਿਨ੍ਹਾਂ ਦੀ ਹੋਂਦ ਮਨੁੱਖ ਨੂੰ ਦੁਖੀ ਕਰਦੀ ਹੈ।

ਕਰਿ ਦੁਖੀ ਸੰਸਾਰਿ ਵਾਦੇ ਖਪੀਐ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1244
2. ਰਣਜੀਤ ਸਿੰਘ (ਸੰਪਾ.), ਸਿੱਖ ਧਰਮ ਦਰਸ਼ਨ, ਪੰਨਾ 77
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 142

ਨਾਮਿ ਨਵੇਰੁ ਵੈਰੁ ਸੋਧੁ ਨਿਰੁ ਕਰਤੇ ਵਰਸਾਇਆ ॥[1]

ਜਦੋਂ ਸਾਧਕ ਦੇ ਮਨ ਵਿੱਚ ਕਿਸੇ ਪ੍ਰਤੀ ਕੋਈ ਵੈਰ ਨਹੀਂ ਹੁੰਦਾ, ਕਿਸੇ ਨਾਲ ਕੋਈ ਗੁੱਸਾ ਨਹੀਂ ਹੁੰਦਾ ਤਾਂ ਉਹ ਸੁਖੀ ਰਹਿੰਦਾ ਹੈ। ਇਸ ਸੰਬੰਧੀ ਫਰੀਦ ਜੀ ਦਾ ਫੁਰਮਾਣ ਹੈ:-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ [2]

ਅਜਿਹਾ ਨਿਰਵੈਰ ਪੁਰਖ ਪ੍ਰਭੂ-ਪਰਮਾਤਮਾ ਦਾ ਰੂਪ ਹੋ ਜਾਂਦਾ ਹੈ। ਇਸ ਬਾਰੇ ਗੁਰਦੇਵ ਕਹਿੰਦੇ ਹਨ:-

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥[3]

ਇਸੇ ਤਰ੍ਹਾਂ ਨਿਰਭਉ ਪੁਰਖ ਦੇ ਨੇੜੇ ਚਿੰਤਾ, ਡਰ, ਗ਼ਮ ਨਹੀਂ ਆਉਂਦੇ ਅਤੇ ਉਹ ਸੁਖੀ ਰਹਿੰਦਾ ਹੈ, ਮਾਇਆ ਦੇ ਮੋਹ ਵਿਚ ਗ੍ਰਸਤ ਹੋਇਆ ਉਹ ਨਿਰਭੈ ਨਹੀਂ ਹੋ ਸਕਦਾ, ਇਸਦੇ ਉਲਟ ਪ੍ਰਭੂ ਦੇ ਗੁਣ ਗਾਣ ਵਾਲਾ ਸੁਖੀ ਰਹਿੰਦਾ ਹੈ। ਫੁਰਮਾਨ ਹੈ:-

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀਂ ਪਾਵੈ ॥[4]

ਇਹ ਅਵਸਥਾ ਮਨੁੱਖ ਤੇ ਤਾਂ ਹੀ ਆਉਂਦੀ ਹੈ ਜੇ ਉਹ ਸਭ ਜੀਵਾਂ ਵਿੱਚ ਅਕਾਲ ਪੁਰਖ ਦੇ ਦਰਸ਼ਨ ਕਰੇ ਅਤੇ ਕਿਸੇ ਪਾਸੋਂ ਵੀ ਭੈਅ ਨ ਖਾਵੇ। ਨਿਰਭਉ ਪਰਮਾਤਮਾ ਦੇ ਨਾਮ ਦੇ ਸਿਮਰਨ ਨਾਲ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਮਿਲਦਾ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 984
2. ਉਹੀ, ਪੰਨਾ 1382
3. ਉਹੀ, ਪੰਨਾ 1141
4. ਉਹੀ, ਪੰਨਾ 220

ਓਹੁ ਅਬਿਨਾਸੀ ਰਾਇਆ ॥
ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥[1]

ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥[2]

ਘਟ ਘਟ ਵਿੱਚ ਰਮਣੀਆਂ ਕੀਟਣ ਵਾਲਾ ਪ੍ਰਭੂ ਨਾ ਆਪ ਕਿਸੇ ਪਾਸੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰਬਾਣੀ ਵਿੱਚ ਅਜਿਹੇ ਵਿਅਕਤੀ ਨੂੰ ਪਰਮ ਅਵਸਥਾ ਨੂੰ ਪਹੁੰਚੇ ਵਿਅਕਤੀ ਦਾ ਰੂਪ ਦੱਸਿਆ ਹੈ। ਗੁਰਵਾਕ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥[3]

ਜਿਸ ਮਨੁੱਖ ਨੂੰ ਕਿਸੇ ਪਾਸੇ ਤੋਂ ਵੀ ਕਿਸੇ ਪ੍ਰਕਾਰ ਦਾ ਡਰ ਨਹੀਂ ਹੁੰਦਾ, ਉਸਦਾ ਕੱਦ ਉੱਚ ਮਾਨੋ ਹੋਂਦਾ ਜਾਂਦਾ ਹੈ। ਉਸਨੂੰ ਇਹ ਪੂਰਨ ਵਿਸ਼ਵਾਸ਼ ਹੋ ਜਾਂਦਾ ਹੈ ਕਿ ਨਿਰਭਉ ਪ੍ਰਮਾਤਮਾ ਦੀ ਸ਼ਰਣਾਈ ਪਏ ਨਾਲ ਕੋਈ ਵੀ ਵਿਅਕਤੀ ਮਾਰ ਨਹੀਂ ਸਕਦਾ ਕਿਉਂਕਿ ਉਸਤੋਂ ਉਪਰ ਹੋਰ ਕੋਈ ਸ਼ਕਤੀ ਤਾਂ ਹੈ ਨਹੀਂ ਤਾਂ ਡਰ ਕਿਸਦਾ ਹੋ ਸਕਦਾ ਹੈ। ਗੁਰਵਾਕ ਹੈ:-

ਜਿਸਨਾ ਸਾਹਿਬੁ ਡਾਢਾ ਹੋਇ ॥
ਤਿਸਨੋ ਮਾਰਿ ਨ ਸਾਕੈ ਕੋਇ ॥
ਸਾਹਿਬ ਕੀ ਸੇਵਕੁ ਰਹੈ ਸਰਣਾਈ ॥
ਆਪੇ ਬਖਸੇ ਦੇਇ ਵਡਿਆਈ ॥
ਤਿਸੁ ਤੇ ਊਪਰਿ ਨਾਹੀ ਕੋਇ ॥
ਕਉਣੁ ਡਰੈ ਡਰਿ ਕਿਸਨਾ ਹੋਇ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 206
2. ਉਹੀ, ਪੰਨਾ 293
3. ਉਹੀ, ਪੰਨਾ 1427
4. ਉਹੀ, ਪੰਨਾ 842

ਜੈ ਸਹਿ ਬਖਸਿਓ ਸਚਿ ਸੀਗਾਰਾ ॥
ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥
ਭਉ ਨ ਵਿਆਪੈ ਤੇਰੀ ਸਰਣਾ ॥
ਜੋ ਤੁਧੁ ਭਾਵੈ ਸੋਈ ਕਰਣਾ ॥[1]

ਦਾਤਾਰ:- ਉਹ ਵਾਹਿਗੁਰੂ ਸਭ ਜੀਵਾਂ ਦਾ ਪ੍ਰਤਿਪਾਲਕ ਹੈ, ਦਾਤਾ ਹੈ। ਉਹ ਹਰ ਸਮੇਂ ਜੀਵਾਂ ਨੂੰ ਦਾਤਾਂ ਦਿੰਦਾ ਰਹਿੰਦਾ ਹੈ, ਥੱਕਦਾ ਨਹੀਂ, ਜੀਵ ਭਾਵੇਂ ਲੈਂਦੇ ਲੈਂਦੇ ਥੱਕ ਜਾਣ। ਗੁਰੂ ਨਾਨਕ ਪਾਤਸ਼ਾਹ ਨੇ ਲਿਖਿਆ ਹੈ:-

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥[2]

ਜਿਗਿਆਸੂ ਨੂੰ ਵਾਹਿਗੁਰੂ ਨਾਲ ਅਭੇਦ ਹੋਣ ਤੇ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਉਸ ਜਿਹਾ ਹੀ ਦਾਤਾਰ ਬਣਨਾ ਜ਼ਰੂਰੀ ਹੈ। ਜਿਸ ਤਰ੍ਹਾਂ ਵਿਸਮਾਦ ਵਾਹਿਗੁਰੂ ਜੀ ਪਾਸੋਂ ਜਦ ਵੀ ਕੋਈ ਸਾਇਲ ਚੀਜ਼ ਦੀ ਮੰਗ ਕਰੇ, ਉਹ ਨਿਰਾਸ਼ ਨਹੀਂ ਕਰਦਾ। ਇਸੇ ਤਰ੍ਹਾਂ ਹੀ ਜੇ ਕੋਈ ਚੀਜ਼ ਮੰਗਣ ਆਵੇ ਤਾਂ ਉਸਨੂੰ ਕਦੇ ਨਿਰਾਸ਼ ਨਹੀਂ ਕਰਨਾ ਚਾਹੀਦਾ। ਉਸਦੇ ਵੀ ਭਲਾਈ ਕਰਨ ਨਾਲ ਮਨ ਦੀ ਖ਼ੁਸ਼ੀ ਮਿਲਦੀ ਹੈ। ਗੁਰਵਾਕ ਹੈ:-

ਇਹੁ ਬਿਧਿ ਪੇਖੀ ਬਹੁ ਪਰਕਾਰਾ ਬਿਨੁ ਸਤਿਗੁਰ ਨਹੀਂ ਪਾਏ ॥
ਗੁਰੁ ਦਾਤਾਰੁ ਵਡੇ ਪ੍ਰਭ ਸੰਮ੍ਰਥ ਮਾਂਗਨ ਕਉ ਦਾਨੁ ਆਇ ॥[3]

ਦਾਤਾਰ ਗੁਣ ਮਨੁੱਖ ਅੰਦਰ ਸਬਰ ਗੁਣ ਪੈਦਾ ਕਰਦਾ ਹੈ ਤੇ ਉਸਦਾ ਲੋਭ, ਮੋਹ ਤੋਂ ਛੁਟਕਾਰਾ ਹੁੰਦਾ ਹੈ। ਇਨ੍ਹਾਂ ਭਾਵਾਂ ਦੀ ਹੋਂਦ ਹੀ ਮਨੁੱਖ ਨੂੰ ਦੁਖੀ ਕਰਦੀ ਹੈ। ਅਜਿਹੇ ਪੁਰਸ਼ਾਂ ਦਾ ਜਪੁਜੀ ਵਿੱਚ ਇਵੇਂ ਜ਼ਿਕਰ ਆਉਂਦਾ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 192
2. ਉਹੀ, ਪੰਨਾ 2
3. ਉਹੀ, ਪੰਨਾ 999

ਅਸੰਖ ਸਤੀ ਅਸੰਖ ਦਾਤਾਰ ॥[1]

ਪਰ ਫਿਰ ਦਿੱਤਾ ਕਿਵੇਂ ਦਾਨ ਹਮਦਰਦੀ ਸਰੂਪ ਹੋਵੇ। ਜੇ ਹੰਕਾਰ ਕਰ ਕਿਸੇ ਨੂੰ ਕੋਈ ਚੀਜ਼ ਦਿੱਤੀ ਜਾਵੇ ਤਾਂ ਮਨੁੱਖ ਨੂੰ ਉਸੇ ਚਕਰ ਵਿੱਚ ਫਿਰ ਸਹਣਾ ਪਵੇਗਾ ਜਿਸਤੋਂ ਛੁਟਕਾਰੇ ਲਈ ਉਹ ਇਹ ਦਾਨ ਕਰਦਾ ਹੈ। ਫਿਰ ਤਾਂ ਦਾਨ ਕਰਨ ਦਾ ਫਾਇਦਾ ਹੀ ਕੀ ਹੈ ? ਜੇ ਜਦੋਂ ਕਿਸੇ ਨੂੰ ਆਪਣੀ ਕਮਾਈ ਵਿਚੋਂ ਕੁਝ ਦਿੱਤਾ ਜਾਵੇ ਤਾਂ ਇਸਦਾ ਭਾਵ ਇਹ ਹੋਇਆ ਕਿ ਉਸ ਵਿਅਕਤੀ ਪ੍ਰਤੀ ਉਸਦੇ ਮਨ ਵਿੱਚ ਪ੍ਰੇਮ ਭਾਵਨਾ, ਹਮਦਰਦੀ ਤੇ ਦਯਾ ਦੀ ਭਾਵਨਾ ਹੈ। ਗੁਰਦੇਵ ਅਜਿਹੇ ਵਿਅਕਤੀ ਨੂੰ ਸੂਰਮੇ ਦੀ ਪਦਵੀ ਦਿੰਦੇ ਹਨ।

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥
ਪੁੰਨੁ ਦਾਨੁ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥
ਸੋ ਖਤ੍ਰੀ ਦਰਗਹ ਪਰਵਾਣੁ ॥[2]

ਅਜਿਹੇ ਮਨੁੱਖ ਨੂੰ ਆਪਣਾ ਦਾਤਾਰ ਪ੍ਰਭੂ ਕਦੇ ਵੀ ਨਹੀਂ ਵਿਸਰਦਾ। ਗੁਰਵਾਕ ਹੈ:

ਜਿਨਿ ਜੀਉ ਪਿੰਡੁ ਸਾਜਿਆ ਸਭਸੈ ਦੇਇ ਅਧਾਰ ਜੀਉ ॥
ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥[3]

ਫਿਰ ਤਾਂ ਉਸ ਅਕਾਲ ਪੁਰਖ ਵਾਹਿਗੁਰੂ ਪਾਸੋਂ ਸਭ ਵਸਤੂਆਂ ਨੂੰ ਤਜਕੇ ਨਾਮ ਦੀ ਦਾਤ ਮੰਗਦਾ ਹੈ:-

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 4
2. ਉਹੀ, ਪੰਨਾ 1411
3. ਉਹੀ, ਪੰਨਾ 751
4. ਉਹੀ, ਪੰਨਾ 762

ਜਿਹੜਾ ਜੀਵ ਉਸ ਦਾਤਾਰ ਪ੍ਰਭੂ ਨੂੰ ਮਨ ਵਿੱਚ ਨਹੀਂ ਵਸਾਉਂਦਾ, ਆਪ ਦਾਨ ਨਹੀਂ ਕਰਦਾ, ਉਸ ਦੇ ਮਨ ਵਿੱਚ ਲੋਭ, ਲਾਲਚ, ਕੂੜ ਆਦਿ ਵਿਕਾਰ ਆ ਜਾਂਦੇ ਹਨ, ਜਿਨ੍ਹਾਂ ਸਦਕਾ ਉਸਨੂੰ ਦੁਖੀ ਹੋਣਾ ਪੈਂਦਾ ਹੈ। ਗੁਰਦੇਵ ਕਹਿੰਦੇ ਹਨ:-

ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥[1]

ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

"ਜਿਹੜਾ ਰੱਬ ਦੇ ਰਸਤੇ ਤੇ ਚੱਲਣਾ ਚਾਹੁੰਦਾ ਹੈ, ਉਹ ਕੰਮ ਕਰੇ ਅਤੇ ਕਮਾਵੇ। ਆਪਣੀ ਕਮਾਈ ਦਾ ਕੁਝ ਹਿੱਸਾ ਲੋੜਵੰਦਾਂ ਨੂੰ ਦੇਵੇ। ਆਪਣੀ ਸਮਰੱਥਾ ਅਨੁਸਾਰ ਲੋੜਵੰਦ ਗਰੀਬਾਂ ਦੀ ਮਦਦ ਕਰੇ। --- ਜੀਵ ਦੀ ਸੇਵਾ ਨਿਸ਼ਕਾਮ ਹੋਣੀ ਚਾਹੀਦੀ ਹੈ, ਨਹੀਂ ਤਾਂ ਹੰਕਾਰ ਵੱਸ ਕੀਤੀ ਕਰਨੀ ਦਾ ਕੋਈ ਫਾਇਦਾ ਨਹੀਂ ਹੋਵੇਗਾ।"[2]

ਜੋ ਹੰਕਾਰ ਰਹਿਤ ਦਾਨ ਕਰਨ ਨਾਲ ਮਨ ਸ਼ੁੱਧ ਹੋ ਸਕਦਾ ਹੈ, ਬੁਰਾਈਆਂ ਨਾਲ ਵਿਚ ਰਹਿ ਸਕਦਾ ਹੈ।

<u>ਦਇਆਲੂ</u>:- ਮਨੁੱਖ ਦੇ ਸੁਖੀ ਰਹਿਣ ਲਈ ਹੋਰ ਗੁਣਾਂ ਦੇ ਨਾਲ ਨਾਲ ਉਸਦਾ ਦਇਆਲੂ ਹੋਣਾ ਵੀ ਅਤਿ ਜ਼ਰੂਰੀ ਹੈ। ਦਇਆ ਤੋਂ ਭਾਵ ਹੈ ਦੂਸਰੇ ਦੇ ਦੁੱਖ ਨੂੰ ਦੇਖਕੇ ਸਹਾਰ ਨਾ ਸਕਣਾ, ਦਿਲ ਦ੍ਰਵ ਕੇ ਪਾਣੀ ਪਾਣੀ ਹੋ ਜਾਣਾ ਤੇ ਪਰਾਈ ਪੀੜ ਹਰਨ ਲਈ ਤਨੋਂ ਮਨੋਂ ਬੇਚੈਨ ਹੋ ਜਾਣਾ। ਦਇਆ ਨੂੰ ਧਰਮ ਦਾ ਮੂਲ ਕਿਹਾ ਗਿਆ। ਗੁਰੂ ਨਾਨਕ ਅਨੁਸਾਰ ਦਇਆ ਨੂੰ ਧਰਮ ਦੀ ਜਣਨੀ ਕਹਿੰਦੇ ਹਨ:-

ਧੌਲੁ ਧਰਮੁ ਦਇਆ ਕਾ ਪੂਤੁ ॥[3]

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 261
2. Dr. Surinder Singh Kohli, <u>Sikh Ethics</u>, page 27
3. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 3

ਗਿਆਨ ਰੂਪੀ ਭੋਜਨ ਦੀ ਭੰਡਾਰਣ ਵੀ ਦਇਆ ਹੀ ਹੈ:-

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ [1]

ਦਇਆ ਬੜੀ ਉੱਤਮ ਸ਼ਕਤੀ ਹੈ। ਦਇਆਲੂ ਪੁਰਸ਼ ਹੀ ਧਰਮੀ ਹੋ ਸਕਦਾ ਹੈ। ਜਿਸ ਮਨੁੱਖ ਵਿੱਚ ਦਇਆ ਭਾਵਨਾ ਨਹੀਂ ਹੈ, ਉਸ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਡਾਕੂ ਆ ਨਿਵਾਸ ਕਰਦੇ ਹਨ। ਉਹ ਇਨ੍ਹਾਂ ਦੀ ਜਕੜੀ ਵਿੱਚ ਫਸਦਾ ਹੈ। ਉਸਦਾ ਹਿਰਦਾ ਕੰਡੀ ਦੇ ਝਾੜਿਆਂ ਵਾਂਗ ਉੱਜੜਿਆ ਰਹਿੰਦਾ ਹੈ। ਉਹ ਆਪ ਤਾਂ ਦੁਖੀ ਰਹਿੰਦਾ ਹੀ ਹੈ, ਆਪਣੇ ਨਜ਼ਦੀਕੀਆਂ ਨੂੰ ਵੀ ਕੌੜੇ ਬੋਲਾਂ ਤੇ ਕੰਮਾਂ ਦੀ ਚੋਟ ਨਾਲ ਦੁਖੀ ਰਖਦਾ ਹੈ। ਗੁਰਵਾਕ ਹੈ:-

ਦਇਆ ਜਾਪਣੀ ਨਾਇਆ ਨਾਲ ਪੁਣੀ ਗ੍ਰਿਸਤਿ ਕੇ ਅਗਨਿ ਜਲਾਵੈ ॥
ਤਿਸਕਾ ਕਾਪੁ ਲਏ ਤਿਹੁ ਕੀਰਤਿ ਕਰੈ ਜੁਗਿ ਜਾਗੀ ਨਾਵੈ ॥ [2]

ਦਇਆਲੂ ਪੁਰਸ਼ ਨਿਸ਼ਕਾਮ ਆਪ ਦੁਖ ਸਹਿਣਾ ਚਾਹੁੰਦਾ ਹੈ ਤੇ ਦੂਸਰਿਆਂ ਨੂੰ ਸੁਖ ਦੇਣਾ ਲੋਚਦਾ ਹੈ, ਇਸ ਕਰਕੇ ਕਦੇ ਵੀ ਕਿਸੇ ਨੂੰ ਮਨ, ਬਾਣੀ, ਸਰੀਰ ਕਰਕੇ ਕਸ਼ਟ ਨਹੀਂ ਦਿੰਦਾ। ਐਸੇ ਪੁਰਸ਼ਾਂ ਬਾਰੇ ਗੁਰਦੇਵ ਲਿਖਦੇ ਹਨ:-

ਦਇਆ ਦਿਗੰਬਰਿ ਦੇਹ ਬੀਚਾਰੀ ॥
ਆਪਿ ਮਰੈ ਅਵਰਾ ਨਹ ਮਾਰੀ ॥ [3]

ਜਿਸ ਮਨੁੱਖ ਦੇ ਹਿਰਦੇ ਵਿੱਚ ਦਇਆ ਭਾਵਨਾ ਹੈ, ਉਸਨੇ ਸਮਝੋ ਅਠਾਹਟ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ:-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਣੁ ॥ [4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 2
2. ਉਹੀ, ਪੰਨਾ 477
3. ਉਹੀ, ਪੰਨਾ 356
4. ਉਹੀ, ਪੰਨਾ 136

ਦਇਆਲੂ ਪੁਰਖ ਆਪ ਇੱਜ਼ਤ ਨਾਲ ਜਿਉਂਦਾ ਹੈ ਅਤੇ ਦੂਸਰਿਆਂ ਨੂੰ ਇੱਜ਼ਤ ਨਾਲ ਜਿਉਣ ਦਾ ਹੱਕ ਦਿੰਦਾ ਹੈ। ਗੁਰਵਾਕ ਹੈ:-

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥[1]

ਕਰਮਕਾਂਡਾਂ ਨੂੰ ਛੱਡਕੇ ਜਿਸ ਪੁਰਖ ਨੇ ਸੱਚ ਰੂਪੀ ਵਰਤ ਰੱਖੇ ਹਨ, ਸੰਤੋਖ ਰੂਪੀ ਤੀਰਥ ਉਤੇ ਗਿਆਨ ਧਿਆਨ ਰੂਪੀ ਇਸ਼ਨਾਨ ਹੁੰਦਾ ਹੈ ਅਤੇ ਦਇਆ ਰੂਪੀ ਦੇਵਤੇ ਦੀ ਪੂਜਾ ਹੁੰਦੀ ਹੈ, ਉਹ ਪੁਰਖ ਮਹਾਨ ਹਨ। ਗੁਰਦੇਵ ਕਹਿੰਦੇ ਹਨ:-

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥[2]

ਵਿਆਖਿਆ:- ਉਹ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਕਰਤਾ ਤੇ ਪਾਲਣਹਾਰਾ ਹੈ। ਉਹ ਪੂਰਨ ਨਿਆਂਕਾਰ ਵੀ ਹੈ, ਸਭ ਨਾਲ ਸੱਚਾ ਨਿਆਂ ਕਰਦਾ ਹੈ।

ਸਰਦੂਲ ਸਿੰਘ ਕਵੀਸ਼ਰ ਨੇ ਕਿਹਾ ਹੈ:-

"ਅਕਾਲ ਪੁਰਖ ਨਿਆਂ ਕਰਦਾ ਹੈ, ਤੇ ਬਖਸ਼ਿੰਦ ਹੈ। ਇਸ ਕਰਕੇ ਕੁਦਰਤ ਨਿਆਂ ਨਾਲ ਨਿਯਤ ਰਹੀ ਹੈ। ਸਿੱਖ ਮੱਤ ਇਸ ਗੱਲ ਨੂੰ ਨਹੀਂ ਮੰਨਦਾ ਕਿ ਮਨੁੱਖ ਜਾਤੀ ਦੇ ਪਾਪ ਦੀ ਖਿਮਾ ਲਈ ਅਕਾਲਪੁਰਖ ਆਪਣੇ ਬਾਲ ਬੱਚਿਆਂ ਨੂੰ ਬੇਦਰਦੀ ਨਾਲ ਸੂਲੀ ਤੇ ਚੜ੍ਹਾਵੇ, ਜਦ ਉਹ ਪਰਮ ਪਿਤਾ ਤੇ ਕਿਰਪਾਲੂ ਸੁਆਮੀ ਹੈ। — ਉਹ ਸਾਡੇ ਕਸੂਰ ਬਖਸ਼ ਦਿੰਦਾ ਹੈ ਤੇ ਸਦਾ ਪਿਆਰ ਨਾਲ ਸਾਨੂੰ ਆਪਣੇ ਗਲ ਖਿੱਚਦਾ ਹੈ।"[3]

ਗੁਰਵਾਕ ਹੈ:-

ਵਡੀ ਵਡਿਆਈ ਜਾ ਸਚੁ ਨਿਆਉ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 322
2. ਉਹੀ, ਪੰਨਾ 1245
3. ਦਲੀਪ ਸਿੰਘ (ਡਾ.), ਸਿੱਖ ਧਰਮ ਦਰਸ਼ਨ, ਪੰਨਾ 78
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 463

ਉਸ ਵਾਹਿਗੁਰੂ ਨਾਲ ਅਭੇਦ ਹੋਣ ਲਈ ਸਾਧਕ ਦਾ ਇਨਸਾਫ਼ ਪਸੰਦ ਹੋਣਾ ਜ਼ਰੂਰੀ ਹੈ। ਜੇ ਉਹ ਇਨਸਾਫ਼ ਪਸੰਦ ਹੋਵੇਗਾ ਤਾਂ ਉਹ ਦੁਸ਼ਮਣਾਂ ਨਾਲ ਨਾਂ ਤਾਂ ਵੈਰ ਕਰੇਗਾ ਤੇ ਨਾ ਹੀ ਬੇਈਮਾਨੀ ਕਰੇਗਾ। ਅਜਿਹਾ ਕਰਨ ਨਾਲ ਉਸਦਾ ਆਪਣਾ ਮਨ ਸ਼ਾਂਤ ਤੇ ਖੇੜੇ ਵਿੱਚ ਰਹੇਗਾ।

ਉਸ ਸੱਚੇ ਨਿਰੰਕਾਰ ਦਾ ਧਰਮ ਹੀ ਨਿਆਂ ਕਰਨਾ ਹੈ। ਉਹ ਕਦੇ ਵੀ ਅਨਿਆਂ ਨਹੀਂ ਕਰਦਾ, ਇਹ ਇਸ ਆਮ ਪੁਰਸ਼ ਲਈ ਹੈਰਾਨ ਕਰਨ ਵਾਲੀ ਗੱਲ ਹੈ। ਫੁਰਮਾਨ ਹੈ:-

ਹਰਿ ਕਾ ਏਹੁ ਅਚੰਭਉ ਦੇਖਿਆ ਮੇਰੇ ਲਾਲ ਜੀਉ
ਜੋ ਕਰੇ ਸੁ ਧਰਮੁ ਨਿਆਇ ਰਾਮੁ ॥[1]

ਸਭੁ ਕਹੇ ਨਾਨਕੁ ਸੁਣਹੁ ਮੰਤ੍ਰੁ ਹਰਿ ਕਰਤੇ ਧਰਮੁ ਨਿਆਇ ॥[2]

ਨਿਆਂਕਾਰੀ ਬਣਨ ਲਈ ਵਾਹਿਗੁਰੂ ਜੀ ਵਾਂਗ ਸਾਰਿਆਂ ਨੂੰ ਇਕ ਨਜ਼ਰ ਨਾਲ ਪਰਖਣਾ ਜ਼ਰੂਰੀ ਹੈ। ਇਸ ਤਰ੍ਹਾਂ ਉਸ ਦੇ ਮਨ ਵਿੱਚੋਂ ਊਚ ਨੀਚ, ਜਾਤ ਪਾਤ, ਅਮੀਰ ਗਰੀਬ ਜਿਹੀਆਂ ਨੀਚ ਭਾਵਨਾਵਾਂ ਦਾ ਖ਼ਾਤਮਾ ਹੋ ਜਾਂਦਾ ਹੈ ਅਤੇ ਉਹ ਪਰਮ ਮਨੁੱਖ ਬਣ ਜਾਂਦਾ ਹੈ। ਅਜਿਹੇ ਵਿਅਕਤੀ ਸੰਸਾਰ ਅੰਦਰ ਵਿਰਲੇ ਹੀ ਹਨ। ਫੁਰਮਾਨ ਹੈ:-

ਐਸੇ ਜਨੁ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥[3]

<u>ਖਿਮਾ</u>:- ਖਿਮਾ ਨਿਮਰਤਾ ਦਾ ਪ੍ਰਕਟ ਰੂਪ ਹੈ। ਕਿਸੇ ਦੀਆਂ ਗੁਸਤਾਖੀਆਂ, ਕਮੀਆਂ ਅਤੇ ਅਪਰਾਧਾਂ ਨੂੰ ਬਰਦਾਸ਼ਤ ਕਰ ਦੇਣਾ ਜਾਂ ਮੁਆਫ਼ ਕਰ ਦੇਣਾ ਹੀ ਖਿਮਾ ਹੈ। ਜੋ ਨਿਮਰ ਹੈ, ਉਹ ਹੀ ਕਿਸੇ ਦੇ ਅਪਰਾਧ ਨੂੰ ਖਿਮਾ ਕਰ ਸਕਦਾ ਹੈ। ਅਹੰਕਾਰੀ ਮਨੁੱਖ ਕਦੇ ਵੀ ਖਿਮਾ ਦੇ ਗੁਣ ਦਾ ਧਾਰਨੀ ਨਹੀਂ ਹੋ ਸਕਦਾ। ਇਹ ਜੀਵ ਰੂਪੀ ਇਸਤਰੀ ਦਾ ਸ਼ਿੰਗਾਰ ਹੈ, ਜਿਸਨੂੰ ਪਹਿਨਕੇ ਉਹ

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 541
2. ਉਹੀ, ਪੰਨਾ 542
3. ਉਹੀ, ਪੰਨਾ 1345

ਆਪਣੇ ਮਹਿਬੂਬ ਨੂੰ ਰੀਝਾਉਂਦੀ ਹੈ। ਗੁਰਵਾਕ ਹੈ:-

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲੁ ਪਿਆਰੋ॥[1]

ਗੁਰਮੁਖ ਸਿੰਘ ਮੁਸਾਫਰ ਲਿਖਦੇ ਹਨ:

"ਦੂਜਿਆਂ ਵੱਲੋਂ ਪਹੁੰਚਾਏ ਗਏ ਦੁੱਖ ਨੂੰ ਮਾਫ ਕਰਨਾ ਆਤਮਿਕ ਉਚੇਰਾ ਹੈ ਅਤੇ ਬਦਲਾ ਲੈਣ ਦੇ ਮਨਸੂਬੇ ਬੰਨ੍ਹਦੇ ਬਹਿਣਾ ਆਤਮਘਾਤ ਹੈ। ਜਾਣ ਦੇਣਾ ਜਾਂ ਖਿਮਾ ਕਰਨ ਦਾ ਖਿਆਲ ਦਿਲ ਵਿੱਚ ਲਿਆਉਣਾ ਤੇ ਉਸਤੇ ਅਮਲ ਕਰਨਾ ਆਤਮਕ ਰੋਸ਼ਨੀ, ਸ਼ਾਂਤੀ ਅਤੇ ਸੁਖ ਦਾ ਕਰੀਬ ਹੈ। ਜਿਹੜਾ ਆਦਮੀ ਬਦਸਲੂਕੀਆਂ ਅਤੇ ਬੁਰਾਈਆਂ ਨੂੰ ਮਾਫ ਕਰਦਾ ਰਹਿੰਦਾ ਹੈ, ਉਸਦੇ ਦਿਲ ਵਿੱਚ ਸ਼ਾਂਤੀ ਟਿਕੇਗੀ।"[2]

ਖਿਮਾ ਵਿਹੂਣੇ ਆਦਮੀ ਨੂੰ ਜੇ ਕੋਈ ਗੁੱਸੇ ਜਾਂ ਜਾਣਕੇ ਕੋਈ ਦੁੱਖ ਕਸ਼ਟ ਦਿੰਦਾ ਹੈ ਤਾਂ ਉਹ ਬਦਲੇ ਵਿੱਚ ਉਸਨੂੰ ਦੰਡ ਦੇ ਕੇ ਖੁਸ਼ ਹੁੰਦਾ ਹੈ। ਇਸਦਾ ਨਤੀਜਾ ਹਮੇਸ਼ਾ ਭੈੜਾ ਹੀ ਨਿਕਲਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:-

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥[3]

ਦੁਨੀਆਂ ਵਿੱਚ ਉਹੀ ਪੁਰਸ਼ ਮਨੁੱਖ ਸ੍ਰੇਣੀ ਵਿਚ ਗਿਣਿਆ ਜਾਣ ਦੇ ਯੋਗ ਹੈ ਜਿਸ ਦੇ ਮਨ ਰੂਪੀ ਮੰਦਰ ਵਿੱਚ ਖਿਮਾ ਰੂਪੀ ਦੇਵੀ ਦਾ ਨਿਵਾਸ ਹੈ। ਅਜਿਹੇ ਮਨੁੱਖ ਦੇ ਮੱਥੇ ਦੀ ਜੋਤੀ ਕਦੇ ਨੀਵੀਂ ਨਹੀਂ ਹੁੰਦੀ। ਉਸਨੂੰ ਕੋਈ ਰੋਗ ਨਹੀਂ ਲੱਗਦਾ। ਗੁਰੂ ਸਾਹਿਬਾਂ ਨੇ ਖਿਮਾ ਦਾ ਗੁਣ ਧਾਰਨ ਕਰਨ ਲਈ ਸਾਧਕ ਨੂੰ ਪ੍ਰੇਰਣਾ ਦਿੱਤੀ ਹੈ:-

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥
ਰੋਗੁ ਨ ਬਿਆਪੈ ਨਾ ਜਮ ਦੋਖੰ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 359
2. ਗੁਰਮੁਖ ਸਿੰਘ ਮੁਸਾਫਿਰ, ਅਨੰਦ ਮਾਰਗ, ਪੰਨਾ 67
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 937
4. ਉਹੀ, ਪੰਨਾ 223

ਖਿਮਾ ਹਰ ਇਨਸਾਨ ਵਿੱਚ ਹੋਣੀ ਚਾਹੀਦੀ ਹੈ। ਮਨੁੱਖ ਅਪਰਾਧਾਂ ਅਤੇ ਭੁੱਲਾਂ ਦਾ ਭਰਿਆ ਹੋਇਆ ਹੈ। "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।" ਅਰਥਾਤ ਉਹ ਕਰਤਾ ਪੁਰਖ ਹੀ ਅਭੁੱਲ ਹੈ। ਮਨੁੱਖ ਤਾਂ ਕਦਮ ਕਦਮ ਤੇ ਗਲਤੀਆਂ ਕਰਦਾ ਹੈ। ਸੋ ਹਰ ਮਨੁੱਖ ਅਪਰਾਧੀ ਹੈ। ਜੇ ਅਪਰਾਧਾਂ ਦੇ ਬਦਲੇ ਵਿਚ ਸਦਾ ਦੰਡ ਹੀ ਦਿੱਤੇ ਜਾਣ ਤਾਂ ਸੰਸਾਰ ਵਿਚ ਕੋਈ ਵੀ ਦੰਡ ਤੋਂ ਖਾਲੀ ਨਹੀਂ ਰਹਿ ਸਕਦਾ। ਭੁੱਲ ਨਾਲ ਭੁੱਲ ਨੂੰ ਜੋੜਨਾ ਨਾਜਾਇਜ਼ ਹੈ। ਗਰਮ ਲੋਹੇ ਨੂੰ ਹਮੇਸ਼ਾ ਠੰਡਾ ਲੋਹਾ ਹੀ ਕੱਟਦਾ ਹੈ। ਕਬੀਰ ਜੀ ਨੇ ਖਿਮਾ ਨੂੰ ਸਭ ਵਡਿਆਈਆਂ ਤੋਂ ਉਪਰ ਮੰਨਿਆ ਹੈ। ਉਥੇ ਉਸ ਅਲਖ ਵਾਹਿਗੁਰੂ ਦਾ ਵਾਸਾ ਹੈ, ਜਿੱਥੇ ਖਿਮਾ ਦਾ ਗੁਣ ਹੈ:-

ਕਬੀਰ ਜਹਾਂ ਗਿਆਨੁ ਤਹ ਧਰਮੁ ਹੈ, ਜਹਾਂ ਝੂਠੁ ਤਹ ਪਾਪੁ॥
ਜਹਾਂ ਲੋਭੁ ਤਹ ਕਾਲੁ ਹੈ, ਜਹਾਂ ਖਿਮਾ ਤਹ ਆਪਿ॥[1]

ਖਿਮਾ ਨੂੰ ਗੁਣੀਆਂ ਦੇ ਸਭ ਮਹਾਂਪੁਰਸ਼ਾਂ ਨੇ ਵਡਿਆਇਆ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਖਿਮਾ ਨਿਵਾਸ ਕਰਦੀ ਹੈ, ਉਸਦੇ ਹਿਰਦੇ ਵਿੱਚ ਹੰਕਾਰ ਤੇ ਕ੍ਰੋਧ ਕਦੇ ਨਹੀਂ ਆ ਸਕਦੇ। ਕਿਉਂਕਿ ਕ੍ਰੋਧੀ, ਧੀਰਜ ਅਤੇ ਖਿਮਾ ਯੁਕਤ ਪੁਰਸ਼ ਦਾ ਗੁਲਾਮ ਜਿਹਾ ਹੋ ਜਾਂਦਾ ਹੈ। ਉਸਦੇ ਬੋਲ ਕਿਸੇ ਨੂੰ ਨਹੀਂ ਚੁਭਦੇ। "ਰੂਹਾਨੀ ਹਿਲੋਰੇ" ਵਿੱਚ ਇਸ ਵਿਚਾਰ ਦਾ ਕਥਨ ਹੈ:-

"ਨਾਰਾਂ ਜਿਆਂ ਵਿਚੁ ਲੋਭ ਹੈ ਕੋਇਲ ਜਿਆਂ ਵਿਚੁ ਰੋਹਿ॥
ਜਿਨ੍ਹਾਂ ਗਰੀਬੀ ਆਪਣੀ ਵੈਰੀ ਮਿਤੁ ਕਰੇਹਿ॥"[2]

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

ਨਾਨਕੁ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1372
2. ਸੰਤ ਇੰਦਰ ਸਿੰਘ ਜੀ, ਰੂਹਾਨੀ ਹਿਲੋਰੇ, ਪੰਨਾ 114
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473

ਇਹੋ ਜਿਹਾ ਮਨੁੱਖ ਕਦੇ ਸੁਖੀ ਹੋ ਸਕਦਾ ਹੈ? ਨਹੀਂ! ਕਦਾਚਿਤ ਨਹੀਂ। ਉਹ ਤਾਂ ਹਮੇਸ਼ਾਂ ਘਟਣੇ ਦੀ ਭਾਵਨਾ ਵਿੱਚ ਸੜਦਾ ਰਹਿੰਦਾ ਹੈ ਤੇ ਦੁਖੀ ਹੀ ਰਹਿੰਦਾ ਹੈ। ਉਹ ਦਿਲ ਨੂੰ ਦੂਸਰਿਆਂ ਪ੍ਰਤੀ ਕਠੋਰ ਕਰ ਲੈਂਦਾ ਹੈ। ਅਨੰਦ ਮਾਰਗ ਵਿੱਚ ਲਿਖਿਆ ਹੈ:-

"ਜਦ ਕੋਈ ਮਨੁੱਖ ਆਪਣੇ ਦਿਲ ਨੂੰ ਦੂਸਰਿਆਂ ਸੰਬੰਧੀ ਕਠੋਰ ਕਰ ਲੈਂਦਾ ਹੈ ਤਾਂ ਉਹ ਪੰਜ ਕਿਸਮ ਦੇ ਦੁੱਖ ਸਹਿੰਦਾ ਹੈ:-

1. ਦੂਜਿਆਂ ਨਾਲ ਪ੍ਰੇਮ ਤੋਂ ਖ਼ਾਲੀ ਰਹਿਣ ਦਾ ਦੁੱਖ।
2. ਦੂਜਿਆਂ ਨਾਲ ਮੇਲ ਜੋਲ ਨਾ ਰਖਣ ਦਾ ਦੁੱਖ।
3. ਦਿਲ ਨੂੰ ਚੈਨ ਤੇ ਅਰਾਮ ਨਾ ਮਿਲਣ ਦਾ ਦੁੱਖ।
4. ਇੱਜ਼ਤ ਵਡਿਆਈ ਨਾ ਹੋਣ ਦਾ ਦੁੱਖ।
5. ਦੂਜਿਆਂ ਵੱਲੋਂ ਪਹੁੰਚਾਏ ਗਏ ਦੁੱਖ ਦਾ ਦੁੱਖ।"[1]

ਪਰ ਜਦੋਂ ਕ੍ਰੋਧ ਦਾ ਸਾਰਾ ਖ਼ਿਆਲ ਮਨ ਵਿਚੋਂ ਹਟ ਜਾਂਦਾ ਹੈ ਤਾਂ ਖਿਮਾ ਦੀ ਨਰਮੀ ਦਿਲ ਵਿੱਚ ਆਣ ਵੱਸਦੀ ਹੈ। ਫੁਰਮਾਨ ਹੈ:-

ਗੁਰਿ ਮਿਲਿਐ ਧਰਮੁ ਕਰੁ ਸੰਤੋਖੁ ਸੁਖਿ ਪਾਈ ॥
ਹਉਮੈ ਤ੍ਰਿਸਨਾ ਸਭਿ ਅਗਨਿ ਬੁਝਾਈ ॥
ਨਿਰਭਉ ਹੋਇ ਖਿਮਾ ਗਹਿ ਲਈ ॥[2]

ਜੋ ਖਿਮਾ ਧਾਰਣ ਕਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਪ੍ਰੇਮ ਦੇ ਰੰਗ ਵਿੱਚ ਰੰਗਕੇ ਦੂਜਿਆਂ ਦੀ ਭਲਾਈ ਦਾ ਖ਼ਿਆਲ ਦਿਲ ਵਿੱਚ ਰੱਖਦਾ ਹੈ ਤੇ ਸੁਖੀ ਰਹਿੰਦਾ ਹੈ।

ਨਿਰਮਲਤਾ:- ਉਹ ਮਹਾਨ ਪੁਰਖ ਨਿਰਮਲ ਹੈ ਤੇ ਉਸ ਤੱਕ ਪਹੁੰਚਣ ਲਈ ਮਨ ਨੂੰ ਨਿਰਮਲ ਬਣਾਉਣਾ ਪੈਂਦਾ ਹੈ। ਨਿਰਮਲ ਮਨ ਵਿੱਚ ਹੀ ਪਵਿੱਤਰ ਖ਼ਿਆਲ ਟਿਕ ਸਕਦੇ ਹਨ। ਇਹ ਨਿਰਮਲਤਾ ਦੋ ਤਰ੍ਹਾਂ ਦੀ ਹੈ: 1. ਸਰੀਰਕ (ਬਾਹਰੀ) ਤੇ 2 ਮਾਨਸਿਕ (ਅੰਦਰੂਨੀ)।

---

1. ਗੁਰਮੁਖ ਸਿੰਘ ਮੁਸਾਫ਼ਿਰ, ਅਨੰਦ ਮਾਰਗ, ਪੰਨਾ ੮੮-੮੯.
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੩੩.

ਸਰੀਰ ਦੀ ਸਫ਼ਾਈ ਕਰਨ ਨਾਲ ਮਨ ਦੀ ਸਫ਼ਾਈ ਨਹੀਂ ਹੋ ਸਕਦੀ। ਅਰਥਾਤ ਜਿਹੜੇ ਲੋਕ ਨ੍ਹਾ ਧੋ ਕੇ ਇਸ਼ਨਾਨ ਸਮਝਦੇ ਹਨ, ਉਹ ਭੁਲੇਖੇ ਵਿੱਚ ਹਨ। ਇਨ੍ਹਾਂ ਕਰਮਕਾਂਡਾਂ ਨਾਲ ਇਸ਼ਨਾਨ ਨਹੀਂ, ਉਹ ਤਾਂ ਸੱਚੇ ਪ੍ਰਮਾਤਮਾ ਨੂੰ ਮਨ ਵਿੱਚ ਵਸਾਉਣ ਨਾਲ ਹੀ ਹੋ ਸਕਦਾ ਹੈ। ਗੁਰਵਾਕ ਹੈ:-

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥[1]

ਤਨਿ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥
ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥[2]

ਮਨ ਤੇ ਸਰੀਰ ਦਾ ਪਰਸਪਰ ਅਸਰ ਪੈਂਦਾ ਹੈ। ਇਸ ਕਰਕੇ ਸਰੀਰ ਦੇ ਸਾਫ਼ ਰਹਿਣ ਨਾਲ ਹੀ ਮਨ ਚੰਗਾ ਤੇ ਸਾਵਧਾਨ ਰਹਿੰਦਾ ਹੈ। ਪਾਪ ਕਰਮ ਮਨ ਵਿੱਚ ਹੀ ਉਪਜਦੇ ਹਨ। ਇਹ ਮਨ ਜਦ ਤੱਕ ਵਿਸ਼ਿਆਂ ਵਿਕਾਰਾਂ ਵਿੱਚ ਫਸਿਆ ਹੋਇਆ ਹੈ, ਤਦ ਤੱਕ ਇਹ ਦੁਖੀ ਹੀ ਰਹੇਗਾ। ਪਾਪ ਕਰਮ ਜੋ ਮਨ ਵਿੱਚ ਉਪਜਦੇ ਹਨ, ਉਨ੍ਹਾਂ ਨੂੰ ਸਰੀਰ ਰਾਹੀਂ ਹੀ ਕੀਤਾ ਜਾਂਦਾ ਹੈ, ਇਸ ਕਰਕੇ ਸਰੀਰ ਦੀ ਸਫ਼ਾਈ ਵੀ ਜ਼ਰੂਰੀ ਹੈ। ਗੁਰਵਾਕ ਹੈ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ॥[3]

ਸਰੀਰਕ ਸਫ਼ਾਈ ਤਾਂ ਸਾਬਣ ਨਾਲ ਕੀਤੀ ਜਾਂਦੀ ਹੈ। ਪਰ ਮਾਨਸਿਕ ਸਫ਼ਾਈ ਪਰਮੇਸ਼ਰ ਭਗਤੀ ਨਾਲ ਹੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 472
2. ਉਹੀ, ਪੰਨਾ 19
3. ਉਹੀ, ਪੰਨਾ 305
4. ਉਹੀ, ਪੰਨਾ 4

ਸਰੀਰਕ ਸਫ਼ਾਈ ਦਾ ਵੀ ਤਾਂ ਫਾਇਦਾ ਹੈ ਜੇ ਮਨ ਨੂੰ ਵੀ ਸ਼ੁੱਧ ਕੀਤਾ ਜਾਵੇ। ਮਨ ਨੂੰ ਨਿਰਮਲ ਨਾਮ ਜਪਣ ਨਾਲ ਹੀ ਕੀਤਾ ਜਾ ਸਕਦਾ ਹੈ। ਗੁਰਦੇਵ ਦਾ ਫੁਰਮਾਣ ਹੈ:-

ਅੰਤਰੁ ਮੈਲੁ ਲੋਭੁ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਓ ॥
ਨਿਰਮਲੁ ਨਾਮੁ ਜਪਹੁ ਸਦ ਗੁਰਮੁਖਿ ਅੰਤਰੁ ਕੀ ਗਤਿ ਤਾਹੀ ਜੀਓ ॥[1]

ਜੇਸੀਆਂ ਕੋਈ ਮਨੁੱਖ ਸੋਚਾਂ ਸੋਚਦਾ ਹੈ ਉਹ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਟਾਰਡ ਅਤੇ ਜੇਮਸ ਦੇ ਸਿਧਾਂਤ ਅਨੁਸਾਰ ਜੋ ਵੀ ਕਲਪਨਾ ਮਨੁੱਖੀ ਮਨ ਵਿੱਚ ਉਠਦਾ ਹੈ, ਉਹ ਉਸਦਾ ਇਕ ਹਿੱਸਾ ਬਣ ਜਾਂਦਾ ਹੈ। ਜੇ ਖ਼ਿਆਲ ਸ਼ੁੱਧ ਨਾ ਹੋਣ ਤਾਂ ਇਨ੍ਹਾਂ ਦਾ ਮਨ ਤੇ ਬੜਾ ਬੁਰਾ ਅਸਰ ਪੈਂਦਾ ਹੈ ਤੇ ਮਨ ਦੁਖੀ ਹੀ ਰਹਿੰਦਾ ਹੈ। ਜੇ ਆਪਣੇ ਮਨ ਦੇ ਖ਼ਿਆਲਾਂ ਨੂੰ ਸਿਧੇ ਪਾਸੇ ਲਾ ਦਿੱਤਾ ਜਾਵੇ ਤਾਂ ਮਨੁੱਖ ਪਰਮ ਸੁਖੀ ਜੀਵਨ ਬਤੀਤ ਕਰ ਸਕਦਾ ਹੈ। ਕਿਉਂਕਿ ਜਿੰਨਾ ਚਿਰ ਮਨ ਨਿਰਮਲ ਨਹੀਂ ਹੁੰਦਾ, ਉਤਨਾ ਚਿਰ ਵਿਸ਼ ਵਿਚੋਂ ਕ੍ਰੋਧ, ਵੈਰ, ਕਪਟ ਆਦਿ ਵਿਕਾਰ ਨਹੀਂ ਜਾਂਦੇ। ਇਨ੍ਹਾਂ ਭਾਵਨਾਵਾਂ ਦੀ ਜਗ੍ਹਾਂ ਜੇ ਮਨ ਵਿਚ ਨਿਮਰਤਾ, ਸ਼ਾਂਤ ਸੰਤੋਖ, ਖ਼ਿਮਾ, ਪ੍ਰੇਮ, ਸੇਵਾ ਤੇ ਦਲੇਰੀ ਦੇ ਭਾਵ ਮਨ ਵਿਚ ਘਰ ਕਰ ਜਾਣ ਤਾਂ ਦੁੱਖ-ਸੁੱਖ ਇਕੋ ਜਿਹੇ ਜਾਪਦੇ ਹਨ। ਜੇਕਰ ਮਨ ਪਵਿੱਤਰ ਹੈ ਤਾਂ ਹੀ ਪ੍ਰਭ ਵਾਹਿਗੁਰੂ ਨਾਲ ਅਭੇਦ ਹੋਇਆ ਜਾ ਸਕਦਾ ਹੈ। ਸੋਚ ਅਤੇ ਸੁੱਚ ਦਾ ਬੜਾ ਡੂੰਘਾ ਦਾ ਸੰਬੰਧ ਹੈ। ਗੁਰਵਾਕ ਹੈ:-

ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚਿ ਪਾਈਐ ॥[2]

ਮਨਿ ਮੈਲੇ ਸੂਚਾ ਕਿਉ ਹੋਇ ॥
ਸਾਚਿ ਮਿਲੈ ਪਾਵੈ ਪਤਿ ਸੋਇ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 598
2. ਉਹੀ, ਪੰਨਾ 472
3. ਉਹੀ, ਪੰਨਾ 686

ਮਨ ਸ਼ੁਧੀ ਦੀ ਨਿਸ਼ਾਨੀ ਹੈ। ਨਿਰਮਲ ਪਰਮਾਤਮਾ ਦਾ ਅਕਸ ਤਾਂ ਹੀ ਇਸ ਉਤੇ ਪੈਂਦਾ ਹੈ ਜੇ ਇਹ ਨਿਰਮਲ ਹੋਵੇਗਾ। ਇਸ ਲਈ ਮਨੁੱਖ ਸਾਰੇ ਵਿਕਾਰਾਂ ਨੂੰ ਦੂਰ ਕਰਕੇ ਸ਼ੁੱਧ ਪਵਿੱਤਰ ਵਿਚਾਰਾਂ ਨੂੰ ਅਪਣਾਉਣ ਨਾਲ ਅਤੇ ਉਸ ਅਕਾਲ ਪੁਰਖ ਦੀ ਯਾਦ ਵਿੱਚ ਜੁੜਕੇ ਸੁਖੀ ਰਹਿ ਸਕਦਾ ਹੈ।

<u>ਸਮਦ੍ਰਿਸ਼ਟੀ:-</u> ਸਭ ਤੋਂ ਵਿਸ਼ੇਸ਼ ਤੇ ਵੱਡਾ ਗੁਣ ਸਮਦ੍ਰਿਸ਼ਟੀ ਦਾ ਅਪਣਾਉਣਾ ਹੈ। ਉਹ ਵਾਹਿਗੁਰੂ ਦੁੱਖ-ਸੁੱਖ, ਹਰਖ-ਸੋਗ, ਪਾਪ-ਪੁੰਨ ਤੋਂ ਨਿਰਲੇਪ ਰਹਿੰਦਾ ਹੈ। ਜੇ ਮਨੁੱਖ ਇਸ ਗੁਣ ਨੂੰ ਧਾਰਨ ਕਰੇ ਤਾਂ ਉਹ ਦੁਨੀਆਂ ਦੇ ਛਿਨ ਭੰਗਰ ਦੁੱਖਾਂ ਸੁੱਖਾਂ ਵੱਲੋਂ ਆਪਣੇ ਮਨ ਨੂੰ ਅਵੇਸਲਾ ਰੱਖਕੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:-

ਹਰਖੁ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥[1]

ਉਹ ਹਰ ਖ਼ੁਸ਼ੀ ਗ਼ਮੀ ਭਾਵਨਾ ਨੂੰ ਤਿਆਗਕੇ ਹਰ ਜੀਵ ਵਿੱਚ ਉਸ ਪਰਮਾਤਮਾ ਨੂੰ ਰਮਿਆ ਵੇਖਦਾ ਹੈ। ਕਿਸੇ ਨੂੰ ਵੀ ਮੰਦਾ ਨਹੀਂ ਬੋਲਦਾ। ਫੁਰਮਾਨ ਹੈ:-

ਬੁਰਾ ਭਲਾ ਕਹੁ ਕਿਸਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥[2]

ਸਮਦ੍ਰਿਸ਼ਟੀ ਦੀ ਭਾਵਨਾ ਨੂੰ ਅਪਣਾਉਣ ਵਾਲਾ ਮਹਾਂਪੁਰਖ ਨਾ ਕਿਸੇ ਦੇ ਉਸਤਤ ਕਰਨ ਤੇ ਖ਼ੁਸ਼ ਹੁੰਦਾ ਹੈ ਅਤੇ ਨਾ ਹੀ ਨਿੰਦਾ ਕਰਨ ਤੇ ਦੁਖੀ ਹੁੰਦਾ ਹੈ। ਉਸ ਲਈ ਲੋਹਾ ਅਤੇ ਸੋਨਾ ਇਕ ਸਮਾਨ ਹਨ। ਅਜਿਹੇ ਵਿਅਕਤੀ ਬਾਰੇ ਗੁਰਦੇਵ ਲਿਖਦੇ ਹਨ:

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥[3]

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1249
2. ਉਹੀ, ਪੰਨਾ 353
3. ਉਹੀ, ਪੰਨਾ 1123

ਅਜਿਹੇ ਪੁਰਸ਼ ਨੂੰ ਹੀ ਗੁਰਬਾਣੀ ਵਿਚ ਬ੍ਰਹਮ ਗਿਆਨੀ ਦੀ ਪਦਵੀ ਦਿਤੀ ਹੈ। ਗੁਰਮਤਿ ਦੀ ਦ੍ਰਿਸ਼ਟੀ ਵਿਚ ਗਿਆਨ ਅਤੇ ਨਿਮਰਤਾ ਸਹ ਸਮਾਨ ਹਨ। ਜਿਸ ਤਰ੍ਹਾਂ ਫਲਾਂ ਲਦਾ ਬ੍ਰਿਛ ਨੂੰ ਝੁਕਣੀ ਹੈ ਚਾਹੇ ਪੂਰ ਗਿਆਨ ਹੈ ਜਾਂ ਵਿਦਵਾਨ, ਇਸੇ ਤਰ੍ਹਾਂ ਸਦਾਚਾਰਾਂ ਵਾਲਾ ਮਨੁੱਖ ਅਮਲ ਵਿਚ ਕੋਈ ਕਸਰ ਨਹੀਂ ਹੁੰਦਾ। ਗੁਰਵਾਕ ਹੈ:-

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥[1]

ਅਜਿਹੀ ਸਿਖਿਆ ਰਾਹੀਂ ਜਿਗਿਆਸੂ ਦੁੱਖ ਸੁੱਖ ਨੂੰ ਸਮਾਨ ਸਮਝਦੇ ਹਨ। ਦੁੱਖ ਦੇਣ ਵਾਲਾ ਦੁਸ਼ਮਣ ਹੁੰਦਾ ਹੈ ਅਤੇ ਨਾ ਹੀ ਸੁੱਖ ਦੇਣ ਵਾਲਾ ਪ੍ਰਸ਼ੰਸਾਯੋਗ ਜਿਹੇ ਜਿਹੀ ਅਵਸਥਾ ਵਿਚ ਰਹਿੰਦਾ ਹੈ।

ਮਿੱਠਾ ਬੋਲਣਾ:- ਇਕ ਹੋਰ ਗੁਣ ਗੁਰਮੁਖ ਦਾ ਮਿੱਠਾ ਬੋਲਣਾ ਹੈ। ਗੁਰ ਵਾਹਿਗੁਰੂ ਹਮੇਸ਼ਾ ਮਿੱਠੇ ਬਚਨ ਬੋਲਦਾ ਹੈ, ਕਦੇ ਵੀ ਫਿੱਕੇ ਬਚਨ ਨਹੀਂ ਉਚਾਰਦਾ। ਗੁਰਵਾਕ ਹੈ:-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥[2]

ਡਾ. ਕੋਹਲੀ ਲਿਖਦੇ ਹਨ:-

"ਸਾਡਾ ਵਾਹਿਗੁਰੂ ਸਦਾ ਮਿੱਠਾ ਬੋਲਦਾ ਹੈ, ਉਹ ਕਦੇ ਕੌੜਾ ਨਹੀਂ ਬੋਲਦਾ। ਵਾਹਿਗੁਰੂ ਦੀ ਬੋਲੀ ਅਧਾਰ ਤੇ ਅੰਮ੍ਰਿਤਮਈ ਅਤੇ ਪਿਆਰ ਵਿਚ ਗੁੰਨ੍ਹੇ ਸ਼ਬਦ ਸੰਗੀਤ ਹਨ। ਮਿੱਠਾ ਬੋਲਣਾ ਮਾਨਵਤਾ ਅਤੇ ਸੁਸ਼ੀਲਤਾ ਸਾਨੂੰ ਵਾਹਿਗੁਰੂ ਨੂੰ ਮਿਲਣ ਦੇ ਕਾਬਲ ਬਣਾਉਂਦੇ ਹਨ।"[3]

ਪ੍ਰੇਮ ਦੀ ਰੀਤ ਮਿੱਠੇ ਬੋਲਣ ਨਾਲ ਹੀ ਹੁੰਦੀ ਹੈ। ਕੋਮਲ ਬਾਣੀ ਤੇ ਮਿੱਠਾ ਬੋਲਣਾ ਸਾਥੀਆਂ ਨੂੰ ਸੰਤੁਸ਼ਟ ਕਰਦਾ ਹੈ ਤੇ ਮਾਣ ਵਿਸ਼ਵਾਸ ਪ੍ਰਾਪਤ ਹੁੰਦਾ ਹੈ। ਕੌੜਾ ਬੋਲਣ ਵਾਲਾ ਨ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 272
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 784
3. Dr. Surinder Singh Kohli, Sikh Ethics, Page 28.

ਆਪਣਾ ਮਨ ਵੀ ਕਾਬੂ ਰਹਿੰਦਾ ਹੈ ਤੇ ਅਸੀਂ ਦੂਸਰਿਆਂ ਨੂੰ ਵੀ ਦੁਖੀ ਨਹੀਂ ਕਰਦੇ ਹਾਂ। ਇਸਦੇ ਉਲਟ ਦੂਸਰਿਆਂ ਨਾਲ ਮਿੱਠਾ ਬੋਲਣ ਵਾਲੇ ਦੇ ਸਾਰੇ ਮਿੱਤਰ ਬਣ ਜਾਂਦੇ ਹਨ। ਵਾਹਿਗੁਰੂ ਵੀ ਸਾਰਿਆਂ ਨਾਲ ਮਿੱਤਰਤਾ ਨਾਲ ਪੇਸ਼ ਆਉਂਦਾ ਹੈ:-

ਸੋਸਾ ਧਮਰਾ ਸਖਾ ਸਹਾਈ ॥[1]

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥[2]

ਮਿੱਠੇ ਬੋਲ ਮਨੁੱਖੀ ਗੁਣ ਅੰਦਰ ਆਪਣਾ ਐਸਾ ਅਸਰ ਪਾਉਂਦੇ ਹਨ ਕਿ ਉਸਕੇ ਮਨ ਸੀਤਲ ਸ਼ਾਂਤ ਤੇ ਸ਼ੁਧ ਹੋ ਜਾਂਦਾ ਹੈ ਤੇ ਮਨ ਦੀ ਕੁੜੱਤਣ ਅਤੇ ਵਿਕਾਰਗ੍ਰਸਤਾ ਬਾਹਰ ਨਿਕਲ ਜਾਂਦਾ ਹੈ। ਜਿਹੜਾ ਮਿੱਠ-ਬੋਲਾ ਮਨੁੱਖ ਜਿੱਥੇ ਦੂਸਰਿਆਂ ਨੂੰ ਆਪਣੇ ਪ੍ਰੇਮ ਭਿੰਨੇ ਬੋਲਾਂ ਨਾਲ ਖੁਸ਼ ਕਰਦਾ ਹੈ, ਉਥੇ ਆਪ ਵੀ ਹਰ ਵੇਲੇ ਖੁਸ਼ ਰੰਗ ਖਿੜਿਆ ਰਹਿੰਦਾ ਹੈ।

<u>ਪ੍ਰੇਮ:-</u> ਗੁਰ ਅਕਾਲ ਪੁਰਖ ਪ੍ਰੇਮ ਸਰੂਪ ਹੈ। ਸਾਰੀ ਸ੍ਰਿਸ਼ਟੀ ਉਸੇ ਦਾ ਰੂਪ ਹੈ। ਉਸਦੀ ਕਿਸੇ ਨਾਲ ਦੁਸ਼ਮਣੀ ਨਹੀਂ, ਕਿਸੇ ਪ੍ਰਤੀ ਮਾੜੀ ਭਾਵਨਾ ਨਹੀਂ ਹੈ। ਜਿਸਦੇ ਪਿਆਰ-ਸਰੂਪ ਵਾਹਿਗੁਰੂ ਨੂੰ ਗੁਰ ਹੀ ਸਾਧਕ ਸਮਝ ਸਕਦਾ ਹੈ ਜਿਹੜਾ ਆਪਣੇ ਸੁਭਾਅ ਵਿਚ ਪਿਆਰ ਦੀ ਖਿੱਚ ਨੂੰ ਸਮਾ ਲੈਂਦਾ ਹੈ। ਅਕਾਲ ਪੁਰਖ ਦੀ ਸਿਰਜਣਾ ਨੂੰ ਪਿਆਰ ਕਰਦਾ ਹੈ। ਜਿਹੜਾ ਜਿਗਿਆਸੂ ਪ੍ਰੇਮ-ਸਰੂਪ ਵਾਹਿਗੁਰੂ ਨੂੰ ਪਿਆਰ ਕਰਦਾ ਹੈ, ਉਸਦੀ ਸਾਜੀ ਹੋਈ ਸ੍ਰਿਸ਼ਟੀ ਨੂੰ ਪਿਆਰ ਕਰਦਾ ਹੈ, ਉਸਦੇ ਦੁੱਖ ਦਰਦ, ਭਰਮ ਕੱਟੇ ਜਾਂਦੇ ਹਨ। ਗੁਰਵਾਕ ਹੈ:-

ਜਾਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥
ਦੁਖੁ ਦਰਦੁ ਭਰਮੁ ਤਾ ਕਾ ਭਾਗੀ ॥[3]

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 356
2. ਉਹੀ, ਪੰਨਾ 671
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 186
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 391

ਪ੍ਰੇਮ ਇਕ ਦੈਵੀ ਗੁਣ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਇਹ ਗੁਣ ਨਾ ਹੋਵੇ, ਉਸਦਾ ਜੀਵਨ ਰਸ ਪ੍ਰਕਾਸ਼ ਦੇ ਸੁੱਖ ਤੋਂ ਸੱਖਣਾ ਹੁੰਦਾ ਹੈ। ਅਜਿਹਾ ਵਿਅਕਤੀ ਤਾਂ ਮੋਇਆਂ ਸਮਾਨ ਹੈ। ਗੁਰਦੇਵ ਫੁਰਮਾਉਂਦੇ ਹਨ:-

ਧ੍ਰਿਗੁ ਜਿਸਹਿ ਅਨੁਰਾਗ ਘਟੇ ਸੇਜੁ ਗੁਆਇ ॥
ਕਰਿ ਸਤੁ ਮੁਸਲੋ ਕੁਸਲਿਆਂ ਕੂਲੇ ਹੋਇ ਵਿਸਾਰਿ ॥
ਸੰਗਤਿ ਸਾਚੀ ਪ੍ਰੇਮ ਬਿਨੁ ਕਰਿ ਕੋਈ ਤਨੁ ਜਾਇ ॥[1]

ਇਹ ਪ੍ਰੇਮ ਭਾਵੇਂ ਪ੍ਰਭੂ ਵਾਹਿਗੁਰੂ ਨਾਲ ਹੋਵੇ ਜਾਂ ਉਸਦੀ ਕਾਇਨਾਤ ਨਾਲ ਹੋਵੇ, ਇਸ ਵਿਚ ਲਾਲਚ ਦੀ ਕੋਈ ਗੁੰਜਾਇਸ਼ ਨਹੀਂ। ਜੇ ਪਿਆਰ ਵਿਚ ਲਾਲਚ ਹੈ ਤਾਂ ਇਸਨੂੰ ਪਿਆਰ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਅਜਿਹਾ ਪ੍ਰੇਮ ਜ਼ਿਆਦਾ ਦੇਰ ਚਲ ਸਕਦਾ ਹੈ। ਫ਼ਰੀਦ ਜੀ ਨੇ ਲਿਖਿਆ ਹੈ:-

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥[2]

ਜਿਨ੍ਹਾਂ ਦਾ ਪਿਆਰ ਸੁੱਚਾ ਤੇ ਸੱਚਾ ਹੈ, ਗੁਰ ਸੁਮਤਿਆਂ ਦੇ ਪ੍ਰੇਮ ਦੇ ਰੱਤੇ, ਉਨ੍ਹਾਂ ਦੀ ਜ਼ਬਾਨੀ ਸੁਣਕੇ ਆਪਾਂ ਤੌਲ ਵਾਲਾ ਨਹੀਂ ਦਿਖਾਵਾ ਕਰੀਦੇ ਹਨ। ਉਨ੍ਹਾਂ ਦੇ ਮਨ ਵਿਚ ਕੋਈ ਖੋਟ ਨਹੀਂ ਹੁੰਦਾ ਤੇ ਉਨ੍ਹਾਂ ਨੂੰ ਤਸੱਲੀ ਹੁੰਦੀ ਹੈ, ਖੁਸ਼ੀ ਹੁੰਦੀ ਹੈ ਕਿ ਅਸੀਂ ਕਿਸੇ ਨਾਲ ਧੋਖਾ ਨਹੀਂ ਕਰਦੇ ਹਾਂ। ਇਸ ਮਾਰਗ ਤੇ ਚੱਲਣ ਲਈ ਸਿਰ ਨੂੰ ਤਲੀ ਤੇ ਰੱਖਣਾ ਪੈਂਦਾ ਹੈ ਅਚਾਨਕ ਮੌਤ ਲਈ ਹਰ ਸਮੇਂ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਹੈ। ਫ਼ੁਰਮਾਨ ਹੈ:-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 62
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1412

ਗੁਰਦੇਵ ਅਜਿਹੀਆਂ ਰੀਤਾਂ, ਰਸਮਾਂ ਨੂੰ ਛੱਡਣ ਦੀ ਪ੍ਰੇਰਣਾ ਕਰਦੇ ਹਨ, ਜਿਨ੍ਹਾਂ ਵਿਚ ਖਚਿਤ ਹੋਇਆਂ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਵਿਸਰ ਜਾਂਦੀ ਹੈ। ਗੁਰਾਂ ਨੇ ਕਿਹਾ ਹੈ:-

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥[1]

ਮਨੁੱਖਤਾ ਦੇ ਦੁਖ ਰੋਗਾਂ, ਬੁਰਿਆਈਆਂ, ਚਿੰਤਾਵਾਂ, ਸੋਗਾਂ ਤੇ ਅਪਦਾਵਾਂ ਦਾ ਦਾਰੂ ਕੇਵਲ ਇੱਕ ਹੈ ਅਤੇ ਉਹ ਹੈ ਵਾਹਿਗੁਰੂ ਨਾਲ ਪ੍ਰੇਮ। ਇਸ ਤੋਂ ਬਿਨਾਂ ਇਹ ਸਭ ਵਿਕਾਰ ਮਨੁੱਖ ਨੂੰ ਘੇਰ ਲੈਂਦੇ ਹਨ ਤੇ ਮਨੁੱਖ ਦੁਖੀ ਹੁੰਦਾ ਹੈ। ਫੁਰਮਾਨ ਹੈ:-

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥[2]

ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥
ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥
ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥[3]

ਸੱਚਾ ਪ੍ਰੇਮ ਹੀ ਜ਼ਿੰਦਗੀ ਦੀਆਂ ਕੁੜੱਤਣਾਂ ਨੂੰ ਪਿਆਰ ਵਿਚ ਬਦਲਦਾ ਹੈ। ਈਸ਼ਵਰ ਨੂੰ ਸੱਚੇ ਪ੍ਰੇਮ ਨਾਲ ਹੀ ਪਾਇਆ ਜਾ ਸਕਦਾ ਹੈ। ਅਰਥਾਤ ਵਾਹਿਗੁਰੂ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਭਗਤੀ ਕੀਤੀ ਜਾਵੇ ਤੇ ਭਗਤੀ ਪ੍ਰੇਮ ਨਾਲ ਹੀ ਸੰਭਵ ਹੈ। ਫੁਰਮਾਨ ਹੈ:-

ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥
ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 590
2. ਉਹੀ, ਪੰਨਾ 253
3. ਉਹੀ, ਪੰਨਾ 83
4. ਉਹੀ, ਪੰਨਾ 429

ਰਖਵਾਲਾ :- ਪ੍ਰਭੂ ਵਾਹਿਗੁਰੂ 'ਆਦਿ ਰਖਵਾਲਾ' ਹੈ। ਉਹ ਆਪਣੇ ਜੀਵਾਂ ਨੂੰ ਹਰ ਤਰ੍ਹਾਂ ਰੱਖ ਰਿਹਾ ਹੈ।

ਜਗਜੀਤ ਸਿੰਘ [illegible] ਨੇ ਲਿਖਿਆ ਹੈ:-

> "ਗੁਰਮਤਿ ਦਰ ਪਰਮਾਤਮਾ ਸਾਡਾ ਰਖਵਾਲਾ ਹੈ, [illegible] ਅਸੀਂ ਬੇਰਹਿਮੀਆਂ ਹੁੰਦੇ ਹਾਂ। ਉਸ ਸਮੇਂ ਸਾਨੂੰ ਕੋਈ [illegible] ਹੈ ਜੋ ਸਾਨੂੰ ਸਹਾਰਾ ਦੇਵੇ। ਜਿਸ ਦੇ ਬੇੜੇ ਵਿਚ ਬੈਠੇ। ਉਸ ਵੇਲੇ ਸਾਨੂੰ ਰੱਬ ਹੀ ਆਸਰਾ ਹੈ। ਉਹ ਸਾਡਾ ਸਦਾ ਸੁੱਖਾ ਹੈ, ਉਹ ਸਾਡੇ ਜੀਵਨ ਦੀਆਂ ਲੋੜਾਂ ਵਿਚ ਤੇ ਜੀਵਨ ਦੀ [illegible] ਵਿਚ ਸਹਾਰਾ ਬਣਦਾ ਹੈ।"[1]

ਗੁਰਦੇਵ ਫ਼ੁਰਮਾਉਂਦੇ ਹਨ:-

> ਜੇਤੇ [illegible] ਹੈ ਰਖਵਾਰਾ ॥
> ਸਾਧ [illegible] ਸੰਗ ਕੁਲ ਕੀ ਪਾਲਾ ॥[2]

ਦੁੱਖਾਂ ਨੂੰ ਮਨੁੱਖ ਕਦੀ ਕਿਸਮਤ ਨੂੰ ਕੋਸ ਕੇ ਅਪਣਾਉਂਦੇ ਜ਼ਰੂਰੀ ਹਨ। ਉਹ ਆਪਣੇ [illegible] ਰਾਹੀਂ ਗੁਰੀਆਂ ਦੀ ਚੋਣਾਂ ਕਰੋ। ਜਿਸ ਤਰ੍ਹਾਂ ਵਾਹਿਗੁਰੂ ਜੀਵ ਦੇ ਰਖਿਆ ਕਰਦੇ ਹਨ, ਉਹ ਦੀਆਂ ਹੋਰੇ ਜਾਂ ਸਾਰਾ ਦੁਨੀ ਦਰ ਗੁਜ਼ਰ ਪੂਰੀ ਕਰਦੇ ਹਨ। ਜਿਸ ਤਰ੍ਹਾਂ ਜੀਵ ਸਦਾ ਅਨੰਦ ਪ੍ਰਸੰਨ ਰਹਿੰਦਾ ਹੈ:-

> ਪਰਮੇਸਰੁ ਆਪਿ ਹੋਆ ਰਖਵਾਲਾ ॥
> ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥[3]

ਇਸੇ ਤਰ੍ਹਾਂ ਮਨੁੱਖ ਰੋਗ [illegible] ਤੋਂ [illegible] ਆਪਣੇ ਸਿੰਘਾਂ ਸਾਥੀਆਂ ਦੀ ਹਰ [illegible] ਹੋਏ ਜੀਵਾਂ ਤੇ ਸਹਾਇਤਾ ਕਰੇ ਤਾਂ ਜਿਸ ਤਰ੍ਹਾਂ ਇਹ ਤਾਂ ਉਹਦੇ ਸਾਰੀ ਉਮਰ

---

1. [illegible] ਸਿੰਘ (ਸੰਪਾ.), ਸਿੱਖ [illegible] [illegible], ਪੰਨਾ 69
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 132
3. ਉਹੀ, ਪੰਨਾ 622

ਕੁਝ ਪਲ, ਜੋ ਕੋਈ ਦੇਖ ਕਾਮਨਾ ਮਨ ਵਿਚ ਨਹੀਂ ਰੱਖਦੇ, ਉਨ੍ਹਾਂ ਮਹਾਂਨ ਵਿਚੋਂ ਹਨ। ਉਨ੍ਹਾਂ ਉਸਦੇ ਆਪਣੇ ਮਨ ਨੂੰ ਸ਼ਾਂਤੀ ਮਿਲਦੀ ਹੈ। ਮਨ ਨਾਮ ਸਿਮਰਣ ਵਿਚ ਜੁੜ ਜਾਂਦਾ ਹੈ ਅਤੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ:-

ਜਿਨਾ ਮਮਤਾ ਜੋਗੁ ਕੁਮਾਵੈ ॥ [1]

<u>ਵਿਰੋਧ ਅਲੰਕਾਰ</u>:- ਜਿਸ ਕਵਿਤਾ ਵਿਚ ਵਿਰੋਧੀਆਂ, ਉਲਟੀਆਂ ਤੇ ਭੇਦੀਆਂ, ਬਾਣੀਆਂ ਪਰਿਵਰਤਿਆਂ ਪਰਸਪਰ ਉਲਟ ਦੀ ਪ੍ਰਤੀਤੀ ਹੋਵੇ ਹੈ। ਪਰ ਜੇਕਰ ਵਿਚਾਰ ਕਰੀਏ ਤਾਂ ਵਿਰੋਧ ਮਿਟ ਜਾਵੇ। ਜੇ ਸਹੂਲ ਕਰੀਆਂ ਦੇ ਜੋੜ ਸਾਹਿਤ ਵਿਚ ਕ੍ਰਮ ਘਟੇ ਤਾਂ ਅਲੰਕਾਰ ਦੇ ਖੇਤਰ ਵਿਚ ਨਹੀਂ ਆਉਂਦਾ ਹੈ। ਗੁਰਬਾਣੀ ਗੁਰਮਤਿ ਸੱਚ ਦੇ ਸੁੱਖ-ਦੁੱਖਾਂ ਵਿੱਚ ਪ੍ਰਤੀਤ ਹੋਣ ਵਿਰੁੱਧ ਤਾਰਨਾ ਕਰਦੀ ਹੈ। ਗੁਰ ਸਾਹਿਬ ਦੇ ਬੁਲੀਆਂ ਜਾਂਦੀ ਹੈ ਪਰ ਕੁਝ ਵਿਸ਼ ਤੇ ਵਿਰੋਧ ਹੈ। ਜਿਸ ਤਰ੍ਹਾਂ ਮਨੁੱਖ ਦਾ ਜੀ ਗੁਰ ਨਾਲ ਅਤੇ ਹੋਰ ਸਭੀ ਕੁਰੀਆਂ ਦੇ ਪਰਚਿਆਂ ਵਿੱਚ ਨਾ ਕਰਦੇ ਵਿਰੋਧ ਅਲੰਕਾਰ [ਨਹੀਂ] ਹੈ। ਉਦਾਹਰਣ ਹੈ:-

ਜਾਪੁ ਸਤਿ ਅਕਾਲੁ ਜੀਵ ਸਾਹਿਬਾ ਵਿਖਯੁ ਨ ਹੋਇ ॥
ਨਾਨਕੁ ਪਿਖਣੈ ਪਾਤਸਾਹਿ ਜੋ ਨ ਕਰਹਿ ਪਰਚਿ ॥[2]

ਗੁਰਬਾਣੀ ਸੰਸਾਰਕ ਜੀਵਨ ਤੋਂ ਤਿਆਗ ਜਾਂ ਵੈਰਾਗਤਾ ਦੀ ਸਿਖਿਆ ਨਹੀਂ ਦਿੰਦੀ ਸਗੋਂ ਮਨੁੱਖ ਨੂੰ ਜੋ ਜੀਵਨ ਵਿੱਚ ਗਾਉਂਦਿਆਂ ਹੋਇਆਂ ਵਿਸ਼ ਨਾਲ ਜੋੜ ਦਾ ਪ੍ਰਭੂ ਨਾਲ ਜੋੜਦੀ ਹੈ। ਮਨੁੱਖ ਮੁੰਹੋਂ ਜਾਂ ਮਨ ਨਾਲ ਬੋਲੇ, ਕੀ ਕਰੇ। ਜੋ ਕੰਮ ਕਰੇ ਤੇ ਦਿਨ ਰਾਤ ਕਰੇ ਦੀ ਰਚਨਾ ਅਨੁਸਾਰ ਜਿਵੇਂ ਗੁਰ ਸਾਹਿਬ ਦੇ ਨਾਮ ਨਾਲ ਜੁੜਿਆ ਰਹੇ। ਉਦਾਹਰਣ ਹੈ:-

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨੁ ਸਿਉ ਮੇਰਾ ਠਾਠਾ ਬਾਗਾ ॥
ਬਾਹਰਿ ਸੂਤੁ ਸਗਲ ਸਿਉ ਮਉਲਾ ॥

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 840
2. ਉਹੀ, ਪੰਨਾ 297

ਅਹਿਨਿਸਿ ਰਵਹੁ ਇਸੈ ਸਚੁ ਮਾਹਿ ਰਹੁਣਾ ॥ ਰਹਾਉ ॥
ਸੁਖ ਕੀ ਸਾਰੁ ਸਬਦੁ ਜਿਨ੍ਹ ਪਛਾਤਾ ॥
ਜੋਗ ਜੁਗਤਿ ਪ੍ਰਭੁ ਅਪੁਣਾ ਜਾਤਾ ॥ [1]

ਜਦੋਂ ਗੁਰ ਸ਼ਬਦ ਰਾਹੀਂ ਪਰਮਾਤਮਾ ਦਾ ਗਿਆਨ ਹੋ ਜਾਂਦਾ ਤਾਂ ਮਨ ਸੁਖੀ ਹੋ ਜਾਂਦਾ। ਸੁਖ ਬਾਰੇ ਸਾਹਿਬ ਜੀ ਦੇ ਵਿਚਾਰ ਵਿਸ਼ਾਲ ਦੇਖੋ:-

ਅੰਤਰਿ ਸਾਚਿ ਸਹਜੇ ਸੁਖ ਸਾਰਾ ॥
ਨਾਨਕ ਰਤੇ ਸਾਚੈ ਪਿਆਰਾ ॥ [2]

ਗੁਰੂ ਸਾਹਿਬ ਜੀ ਜਿਗਿਆਸੂਆਂ ਨੂੰ ਆਪਣੇ ਸ਼ਬਦ ਰਾਹੀਂ ਦੁੱਖਾਂ ਤੋਂ ਦੁੱਖਾਂ ਦੀ ਚੀਜ਼ਾਂ ਦੱਸਦੇ ਹਨ। ਜਿਸ ਤਰ੍ਹਾਂ ਦੀ ਸਚੁੱਚ ਜਿਸਮਾਨੀਆਂ, ਜਿਸਮਾਨੀਆਂ ਦੀ ਸੇਵਾ ਕਰੇ, ਚੀਜ਼ਾਂ ਖਰੀ ਤੇ ਦੁੱਖਾਂ ਨੂੰ ਜਿਤਣ ਲਈ ਹੋਵੇ। ਜਦ ਜੋ ਆਪ ਜਿਸ ਨੂੰ ਮੋਹ ਕਰੇ ਤੇ ਜਾ ਜੋਗੀ ਪ੍ਰਭੂ ਮੋਹ ਕਰੇ ਤਾਂ ਜੋ ਸੁਖ ਪਾਇ ਸਕਦਾ ਹੈ:-

ਜਾਚਾ ਸਾਹਿਬੁ ਦੇਖਾ ਪਰਤਾਪਾ ਕਾਮ ਕ੍ਰੋਧ ਲੋਭ ਜਾਇ ॥
ਜਿਸਨੂੰ ਸੂਝੈ ਸਦਾ ਸੁਖ ਸਾਗਰਿ ਨਾਨਕੁ ਦਾਸ ਮੁਹਿ ਚਾਹਿ ॥ [3]

ਕਿਰਪਾਲੀ ਜਿਸੁ ਸਾਚੈ ਪਰਤਾਪਾ ॥
ਸਾਚ ਦਿਤਾ ਦਇਆ ਜਿਸੁ ਦਾਤਾ ॥
ਪ੍ਰਭੁ ਦੇਵ ਪ੍ਰੀਤਮੁ ਮਿਲਿ ਜਾਣ ॥
ਜਿਸੁ ਗਰਿਬਾਨੁ ਲਾਗੈ ਲੀਨ ਜਾਇ ॥ [4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 364
2. ਉਹੀ, ਪੰਨਾ 412
3. ਉਹੀ, ਪੰਨਾ 675
4. ਉਹੀ, ਪੰਨਾ 914

ਹੋਰ ਗੁਣ:- ਉਪਰ ਅਸੀਂ ਚੰਗੇ ਗੁਣਾਂ ਦੀ ਚਰਚਾ ਕੀਤੀ ਹੈ ਜਿਨ੍ਹਾਂ ਨੂੰ ਅਪਣਾਏ ਬਗੈਰ ਮਨੁੱਖ ਮਨੁੱਖ ਨਹੀਂ ਬਣਦਿਆਂ ਤੇ ਉਸਨੂੰ ਕਦਮ ਕਦਮ ਤੇ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਕੁਝ ਕੁ ਹੋਰ ਗੁਣ ਵੀ ਹਨ ਜੋ ਕਿ ਮਨੁੱਖ ਨੂੰ ਆਪਣੇ ਸੁਖੀ ਰਹਿਣ ਲਈ ਅਪਨਾਉਣੇ ਜ਼ਰੂਰੀ ਹਨ:-

ਨਿਮਰਤਾ:- ਨਿਮਰਤਾ ਗੁਣਾਂ ਦੀ ਨਿਸ਼ਾਨੀ ਹੈ। ਜਦ ਕੋਈ ਮਨੁੱਖ ਨਿਵਾਂ ਹੋਵੇ ਤਾਂ ਸਮਝੋ ਉਚਾ ਹੈ, ਉਹਨਾਂ ਦੀ ਰੂਹ ਆਤਮਿਕ ਤੌਰ ਤੇ ਉਚੇਰਾ ਉਠਣਾ ਹੈ।

ਪ੍ਰੋ. ਸਰਬਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਦਾਚਾਰਕ ਪੱਖ ਵਿਚ ਲਿਖਿਆ ਹੈ:-

> "ਨਿਮਰਤਾ ਸਭ ਤੋਂ ਵੱਡਾ ਮਨੁੱਖ ਦੇ ਆਤਮਿਕ ਖੇਤਰ ਵਿੱਚ ਗੁਣ ਹੁੰਦਾ ਹੈ। ਕਿਉਂਕਿ ਇਸ ਅਭਿਮਾਨ ਉਸਨੂੰ ਕੋਈ ਚੰਗਾ ਹੀ ਨਹੀਂ ਜਾਣਦਾ ਹੈ। ਕਿਉਂਕਿ ਆਪਣੇ ਆਪ ਨੂੰ ਉੱਚਾ ਸਮਝਣ ਲਗਦਾ ਹੈ, ਜਿਸਦਾ ਸਦਕਾ ਉਹ ਅਧਿਆਤਮਕ ਮਾਰਗ ਤੇ ਅੱਗੇ ਨਹੀਂ ਵਧ ਸਕਦਾ।"[1]

ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਨੂੰ ਸਾਰੀਆਂ ਚੰਗਿਆਈਆਂ ਦਾ ਤੱਤ ਕਿਹਾ ਹੈ:-

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥[2]

ਗੁਰ ਵਾਕਾਂ ਅਨੁਸਾਰ ਨਿਮਰਤਾ ਨਾਲ ਹੀ ਪ੍ਰਾਪਤ ਹੈ। ਇਸੇ ਹੀ ਪ੍ਰੇਮੀ ਭਗਤ ਪ੍ਰਭ ਨਾਲ ਮਿਲਾਪ ਹੋ ਸਕਦਾ ਹੈ ਜਿਹੜਾ ਆਪਣੇ ਜੀਵਨ ਨੂੰ ਨਿਮਰਤਾ ਨਾਲ ਭਰ ਲੈਂਦਾ ਅਤੇ ਪ੍ਰੀਤੀ ਨਾਲ ਭਰਪੂਰ ਕਰਦਾ ਹੈ। ਤਾਂ ਹੀ ਉਸਦੀਆਂ ਨਿਮਰਤਾ ਭਰੀਆਂ ਗੱਲਾਂ ਦਾ ਅਸਰ ਹੈ। ਗੁਰਵਾਕ ਹੈ:-

ਨੀਚੁ ਨ ਕੋਈ ਜੀਅ ਕਰਹੁ ਆਪਣਾ ਆਪੁ ਗਵਾਇ ॥
ਛੋਡਿ ਸਿਆਣਪ ਸਭੁ ਕਰਹੁ ਨਾਨਕੁ ਕੁਰਬਾਨ ਜਾਇ ॥[3]

---

1. ਗਿਆਨੀ ਗੁਰਦਿੱਤ ਸਿੰਘ (ਸੰਪਾ:) ਸਿੰਘ ਸਭਾ ਪੱਤ੍ਰਿਕਾ, ਪੰਨਾ 141
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 470
3. ਉਹੀ, ਪੰਨਾ 259

ਇਸਦੇ ਉਲਟ ਜਿਹੜਾ ਮਨੁੱਖ ਨਿਮਰਤਾ ਧਾਰਨ ਨਹੀਂ ਕਰਦਾ, ਉਹ ਹਮੇਸ਼ਾ ਅਹੰਕਾਰ ਦੀ ਅੱਗ ਵਿੱਚ ਸੜਿਆ ਕਰਦਾ ਹੈ। ਕਿਸੇ ਨੇ ਕੋਈ ਗਲਤੀ ਕੀਤੀ ਨਹੀਂ ਤੇ ਉਹ ਗੁੱਸੇ ਨਾਲ ਲਾਲ ਲਾਲ ਹੋਇਆ ਰਹੇ। ਉਹ ਹਮੇਸ਼ਾ ਦੁਖੀ ਰਹਿੰਦਾ ਹੈ। ਅਜਿਹਾ ਪੁਰਸ਼ ਕਦੇ ਵੀ ਖੁਸ਼ ਨਹੀਂ ਰਹਿ ਸਕਦਾ। ਉਹ ਵਾਹਿਗੁਰੂ ਦੀ ਦਰਗਾਹ ਵਿੱਚ ਵੀ ਖੁਆਰ ਹੀ ਹੁੰਦਾ ਹੈ। ਗੁਰਦੇਵ ਕਹਿੰਦੇ ਹਨ:-

ਕਿਸੈ ਨ ਬਦੈ ਆਪਿ ਅਹੰਕਾਰੀ ॥
ਧਰਮਰਾਇ ਤਿਸੁ ਕਰੇ ਖੁਆਰੀ ॥[1]

ਨਿਮਰਤਾ ਗ੍ਰਹਿਣ ਕਰਨ ਵਾਲਾ ਪੁਰਸ਼ ਘਟਿ ਘਟਿ ਵਿੱਚ ਵਾਹਿਗੁਰੂ ਦੀ ਜੋਤ ਜਗੀ ਹੋਈ ਵੇਖਦਾ ਹੈ। ਕਿਸੇ ਨਾਲ ਵੀ ਮਾੜੀ ਤਰ੍ਹਾਂ ਪੇਸ਼ ਨਹੀਂ ਆਉਂਦਾ। ਗੁਰੂ ਸਾਹਿਬ ਕਹਿੰਦੇ ਹਨ:-

ਵੈਰੁ ਕਰੋਧ ਸਗਲੁ ਨੋ ਮੀਤਾ ॥
ਘਟਿ ਘਟਿ ਰਮਈਆ ਸਭ ਮਹਿ ਮੀਤਾ ॥[2]

ਪਰਦੇਸ ਵਿੱਚ ਵੀ ਤੇ ਦੇਸ ਵਿੱਚ ਵੀ ਜਿਹੜਾ ਮਨੁੱਖ ਆਦਰ ਮਾਣ ਪ੍ਰਾਪਤ ਕਰਦਾ ਹੈ। ਉਹ ਸਭ ਨੂੰ ਆਪਣੇ ਤੋਂ ਉੱਪਰ ਸਮਝਦਾ ਹੈ:-

ਪਰਹਰੁ ਲੋਭ ਤਜਿ ਦੁਬਿਧਾ ਆਪਹੁ ਐਸੀ ਸੇਵ ਕਮਾਵਹੁ ॥
ਆਪਸਿ ਤੇ ਦੁਬਿਧਾ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥[3]

ਗੁਰਬਾਣੀ ਵਿੱਚ ਨਿਮਰਤਾ ਨੂੰ ਰੱਬ ਪ੍ਰਾਪਤੀ ਦਾ ਬਹੁਤ ਵੱਡਾ ਗੁਣ ਮੰਨਿਆ ਹੈ:-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 278
2. ਉਹੀ, ਪੰਨਾ 866
3. ਉਹੀ, ਪੰਨਾ 883
4. ਉਹੀ, ਪੰਨਾ 1102

ਨਿਮਰਤਾ ਦਾ ਗੁਣ ਧਾਰਨ ਕਰਨ ਵਾਲਾ ਸਦਾ ਸੁਖੀ ਰਹਿੰਦਾ ਹੈ। ਉਹ ਸਭਨਾਂ ਨਾਲ ਪ੍ਰੇਮ ਕਰਦਾ ਹੈ ਤੇ ਕਿਸੇ ਪ੍ਰਤੀ ਵੀ ਬੁਰਾ ਖਿਆਲ ਨਹੀਂ ਰੱਖਦਾ। ਅਜਿਹਾ ਸਾਧਕ ਪ੍ਰਮਾਤਮਾ ਦੇ ਨੇੜੇ ਨੇੜੇ ਹੁੰਦਾ ਹੈ ਤੇ ਉਹ ਉਸ ਤੋਂ ਰੂਹਾਨੀਅਤ ਪਹੁੰਚਦਾ ਹੈ:-

<u>ਸਹਿਣਸ਼ੀਲਤਾ</u>:- ਸਹਿਣਸ਼ੀਲਤਾ ਮਹੱਤਵਪੂਰਨ ਗੁਣ ਹੈ। ਇਸ ਦੀ ਅਣਹੋਂਦ ਕਾਰਣ ਸੰਸਾਰ ਵਿਚ ਦੁੱਖਾਂ ਦਾ ਕਾਰਣ ਬਣਿਆ ਹੋਇਆ ਹੈ। ਵਾਹਿਗੁਰੂ ਸਹਿਣਸ਼ੀਲਤਾ ਦਾ ਭੰਡਾਰ ਹੈ। ਉਹ ਮਨੁੱਖ ਦੇ ਮਾੜੇ ਕੰਮਾਂ ਵੱਲ ਧਿਆਨ ਨਹੀਂ ਦਿੰਦਾ। ਇਸੇ ਤਰ੍ਹਾਂ ਮਨੁੱਖ ਨੂੰ ਦੂਸਰਿਆਂ ਦੀਆਂ ਗਲਤੀਆਂ ਵਧੀਕੀਆਂ ਨੂੰ ਸਹਿਣ ਦੀ ਹਿੰਮਤ ਹੋਣੀ ਚਾਹੀਦੀ ਹੈ। ਬਾਬਾ ਫਰੀਦ ਨੇ ਲਿਖਿਆ ਹੈ:-

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥[1]

ਸਹਿਣਸ਼ੀਲਤਾ ਦਾ ਗੁਣ ਅਤੇ ਦੂਜੇ ਗੁਣਾਂ ਦੀ ਵਿਸ਼ੇਸ਼ਤਾ ਹੈ। ਸਹਿਣਸ਼ੀਲਤਾ ਨੂੰ ਖਿਮਾ ਦੀ ਸਹੇਲੀ ਕਿਹਾ ਹੈ। ਆਪਸ ਵਿਚ ਮਿਲਵਰਤਣ ਅਤੇ ਪ੍ਰੇਮ ਨਾਲ ਦੂਸਰਿਆਂ ਦੀ ਗੱਲਾਂ ਨੂੰ ਸਮਝਣਾ ਚਾਹੀਦਾ ਹੈ। ਜਿਸ ਤਰ੍ਹਾਂ ਸਰੀਰਕ ਬਣਤਰ ਤੋਂ ਸਾਰੇ ਇਨਸਾਨ ਇਕ ਦੂਸਰੇ ਨਾਲ ਨਹੀਂ ਰਲਦੇ, ਕਿਸੇ ਦਾ ਕੋਈ ਰੂਪ ਹੈ ਕਿਸੇ ਦਾ ਕੋਈ। ਠੀਕ ਇਸੇ ਤਰ੍ਹਾਂ ਵਿਚਾਰ ਵੀ ਸਭ ਦੇ ਭਿੰਨ ਭਿੰਨ ਹਨ। ਹਰ ਗੱਲ ਨੂੰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਵੇਖਣਾ ਅਤੇ ਦੂਸਰੇ ਦੇ ਵਿਚਾਰਾਂ ਨੂੰ ਨਾ ਸਮਝਣਾ ਹੀ ਦੁੱਖ ਦਾ ਕਾਰਣ ਹੈ। ਵੱਖਰੇ ਵੱਖਰੇ ਖਿਆਲਾਂ ਨੂੰ ਸਹਿਣ ਤੇ ਸੋਚਣ ਨਾਲ ਮਨੁੱਖ ਨਾਲ ਮਨੁੱਖ ਵਿਚ ਦੂਸਰੇ ਦੇ ਨੇੜੇ ਨੇੜੇ ਹੁੰਦਾ ਹੈ।

ਖਿਮਾ ਗੁਣ ਸਹਿਣਸ਼ੀਲਤਾ ਨਾਲ ਸਬੰਧਤ ਹੈ। ਇਕੱਲੇ ਇਕ ਵਿਚ ਇਹ ਗੁਣ ਨਹੀਂ ਹੁੰਦਾ। ਛੋਟੀ ਜਿਹੀ ਗੱਲ ਪਿੱਛੇ ਆਪਣੇ ਝਗੜੇ ਵਿੱਚ ਕੋਈ ਕਤਲ ਹੋ ਜਾਂਦਾ ਅਜਿਹੀਆਂ ਮਿਸਾਲਾਂ ਵੀ ਮਿਲਦੀਆਂ ਹਨ। ਸੰਸਾਰ ਵਿੱਚ ਅਜਿਹਾ ਤਾਂ ਕੋਈ ਮਨੁੱਖ ਹੈ ਨਹੀਂ ਜੋ ਗਲਤੀ ਨਾ ਕਰੇ। ਜੇਕਰ ਦੂਸਰਿਆਂ ਦੀਆਂ ਗਲਤੀਆਂ ਅਤੇ ਕਸੂਰਾਂ ਨੂੰ ਮੁਆਫ ਨਾ ਕਰ ਦੇਵੇ ਤਾਂ ਇਹ ਸੰਸਾਰ ਨਰਕ ਬਣ ਜਾਵੇ। ਜੇ ਮਨੁੱਖ ਇਹ ਚਾਹੁੰਦਾ ਹੈ ਕਿ ਪ੍ਰਮਾਤਮਾ ਉਸਦੀਆਂ ਗਲਤੀਆਂ ਮੁਆਫ ਕਰੇ ਤਾਂ ਉਸਨੂੰ ਵੀ ਦੂਸਰਿਆਂ ਦੇ ਕਸੂਰਾਂ ਨੂੰ ਦਿਲ ਵਿੱਚ ਨਾ ਰੱਖਦੇ ਆਪਣਾ ਵਰਗਾ ਦੂਸਰਿਆਂ ਪ੍ਰਤੀ

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1378

ਦੀਆਂ ਰੋਕਣਾ ਚਾਹੀਦਾ ਹੈ। ਭਗਤ ਕਬੀਰ ਜੀ ਲਿਖਦੇ ਹਨ:-

ਕਿਚਰੁ ਮੁ ਅਧਮੁ ਘਟਹੁ ਕ੍ਰੋਧੁ ਜਿਸ ਕਾ ਸਹੋਆ ਸੈਨੁ ॥
ਦੇ ਕੈ ਮੈਦੇ ਦੇਹੁ ਕਰਿ ਤਾ ਚਲਿ ਆਵਹੀ ਰੈਨੁ ॥[1]

ਨਿਰਮਲ ਪੁਰਸ਼ ਕਦੇ ਈਰਖਾ ਨਹੀਂ ਕਰ ਸਕਦਾ। ਇਹ ਅਸਭਿਅਤਾ ਦਾ ਚਿੰਨ੍ਹ ਹੈ। ਪ੍ਰਮਾਤਮਾ ਨੂੰ ਪਾਉਣ ਲਈ, ਪ੍ਰੇਮ ਨਾਲ ਅਤੇ ਵੈਰ ਰਹਿਤ ਸਹਿਣਸ਼ੀਲਤਾ ਦਾ ਗੁਣ ਅਤਿ ਜ਼ਰੂਰੀ ਹੈ। ਫ਼ਰੀਦ ਜੀ ਨੇ ਦੱਭ ਦੀ ਦ੍ਰਿਸ਼ਟਾਂਤ ਦੇ ਕੇ ਮਨੁੱਖ ਨੂੰ ਪ੍ਰੇਰਨਾ ਦਿੱਤੀ ਹੈ ਕਿ ਜਿਸ ਤਰ੍ਹਾਂ ਦੱਭ ਲਿਤਾੜਨ ਦੇ ਬਾਵਜੂਦ ਵੀ ਪ੍ਰਮਾਤਮਾ ਦੇ ਦਰ ਤੇ ਲਿਜਾਈ ਜਾਂਦੀ ਹੈ, ਇਸੇ ਤਰ੍ਹਾਂ ਮਨੁੱਖ ਵਿੱਚ ਵੀ ਦੱਭ ਦੀ ਤਰ੍ਹਾਂ ਸਹਿਣਸ਼ੀਲਤਾ ਹੋਣੀ ਜ਼ਰੂਰੀ ਹੈ:

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥[2]

ਸਿੱਖ ਗੁਰੂ ਸਾਹਿਬਾਨ ਨੇ ਆਮ ਲੋਕਾਂ ਦੇ ਨਾਲ ਨਾਲ ਆਪਣੇ ਵੈਰੀਆਂ ਨਾਲ ਵੀ ਸਹਿਣਸ਼ੀਲਤਾ ਦਾ ਵਤੀਰਾ ਅਪਣਾਉਣ ਦੀ ਸਿੱਖਿਆ ਦਿੱਤੀ ਹੈ। ਸਿੱਖ ਇਤਿਹਾਸ ਵਿੱਚ ਭਾਈ ਘਨ੍ਹਈਆ ਜੀ ਦੀ ਸਾਖੀ ਪ੍ਰਸਿੱਧ ਹੈ ਜਿਨ੍ਹਾਂ ਨੇ ਵੈਰੀਆਂ ਦੀ ਵੀ ਮਲ੍ਹਮ ਪੱਟੀ ਕੀਤੀ ਸੀ। ਗੁਰਦੇਵ ਨੇ ਪ੍ਰੇਰਨਾ ਦਿੱਤੀ ਹੈ:-

ਨਾ ਕੋ ਬੈਰੀ ਨਾਹਿ ਬਿਗਾਨਾ ॥
ਸਗਲ ਸੰਗਿ ਹਮ ਕਉ ਬਨਿ ਆਈ ॥[3]

ਮਨ ਵਿਚੋਂ ਵਿਰੋਧਤਾ ਦਾ ਖ਼ਿਆਲ ਕੱਢ ਦੇਣ ਨਾਲ ਸਭ ਆਪਣੇ ਸੱਜਣ ਹੀ ਦਿੱਸਦੇ ਹਨ। ਗੁਰਦੇਵ ਕਹਿੰਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1364
2. ਉਹੀ, ਪੰਨਾ 1378
3. ਉਹੀ, ਪੰਨਾ 1299

ਮਨਿ ਅਪੁਨੈ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥[1]

ਸੋ ਬ੍ਰਹਮਗਿਆਨੀਆਂ ਵਿਚ ਵੇਖਿਆ ਗੁਣ ਹੈ। ਇਸ ਦੀ ਘਾਟ ਸਾਡੀ ਕਮੀਆਂ ਦਾ ਕਾਰਣ ਹੈ। ਪਰ ਬ੍ਰਹਮਗਿਆਨੀਆਂ ਦਾ ਗੁਣ ਅਪਣਾਉਣ ਨਾਲ, ਉਸ ਵਾਹਿਗੁਰੂ ਦੀ ਸ੍ਰਿਸ਼ਟੀ ਨਾਲ ਪਿਆਰ ਕਰਕੇ, ਉਸ ਵਾਹਿਗੁਰੂ ਨਾਲ ਅਭੇਦ ਹੋ ਕੇ ਦੁੱਖਾਂ ਤੋਂ ਛੁਟਕਾਰਾ ਕਰ ਸਕੀਦਾ ਹੈ।

<u>ਸਬਰ-ਸੰਤੋਖ</u>:- ਸਬਰ-ਸੰਤੋਖ ਦੇ ਗੁਣ ਨੂੰ ਧਾਰਣ ਕਰਨਾ ਵੀ ਸਾਧਨ ਨਹੀਂ ਜੁਗਤੀ ਹੈ। ਜੇ ਮਨੁੱਖ ਉਹ ਚਾਹੁੰਦਾ ਹੈ, ਲੋੜਾਂ ਕਰਨ ਦੇ ਅਨੁਸਾਰ ਵੀ ਜੇ ਉਸਨੂੰ ਉਹ ਪ੍ਰਾਪਤੀ ਨਹੀਂ ਹੁੰਦੀ ਤਾਂ ਉਹ ਦੁਖੀ ਹੁੰਦਾ ਹੈ। ਪਰ ਸੰਤੋਖੀ ਮਨੁੱਖ ਲੋੜਾਂ ਕਰਨ ਉਪਰੰਤ ਫਲ ਦੀ ਪ੍ਰਾਪਤੀ ਨਾ ਹੋਣ ਤੇ ਦੁਖੀ ਨਹੀਂ ਹੁੰਦਾ।

ਡਾ. ਜਗਜੀਤ ਸਿੰਘ ਨੇ 'ਗੁਰਬਾਣੀ ਵਿੱਚ ਸਦਾਚਾਰਕ ਤੱਤ' ਲੇਖ ਵਿੱਚ ਲਿਖਿਆ ਹੈ:-

> "ਅਧਿਆਤਮਿਕ ਜੀਵਨ ਦੀ ਪ੍ਰਾਪਤੀ ਲਈ ਸੰਤੋਖ ਦਾ ਗੁਣ ਅਤਿਅੰਤ ਜ਼ਰੂਰੀ ਹੈ ਅਤੇ ਇਸਦਾ ਅਭਿਆਸ ਮਾਨਵ-ਹਿਤੈਸ਼ੀ ਬਿਰਤੀ ਦਾ ਵਿਕਾਸ ਕਰਦਾ ਹੈ। 'ਲੋਭ' ਸਮਾਜਿਕ ਰੋਗ ਹੈ ਜੋ ਗੁਰਬਾਣੀ ਅਨੁਸਾਰ 'ਸੰਤੋਖੀ' ਜਿਉਂਦੇ ਹੀ ਰਹ ਸਕਦੇ ਹਨ। ਉਹ ਕਿਸੇ ਪਾਸੇ ਨਹੀਂ ਡੁਲਦੇ, ਏਨ੍ਹਾਂ ਅੰਦਰ ਪਾਣੀ ਆ ਕੇ ਵੀ ਸੰਤੁਸ਼ਟ ਹੋ ਜਾਂਦੇ ਹਨ।"[2]

ਸੰਤੋਖ ਮਨੁੱਖ ਦੀ ਬਹੁਤ ਵੱਡੀ ਤਾਕਤ, ਦੌਲਤ ਅਤੇ ਵਿਸ਼ਵਾਸ ਹੈ। ਇਸਦਾ ਵੱਡਾ ਗੁਣ ਇਹ ਹੈ ਕਿ ਇਹ ਮਨੁੱਖ ਨੂੰ ਪ੍ਰਲੋਭਨਾਂ ਵੱਲ ਜਾਣ ਤੋਂ ਰੋਕਦਾ ਹੈ।

ਡਾ. ਸਰਦਾਰ ਨੇ ਪ੍ਰਸਿੱਧ ਇਤਿਹਾਸਕਾਰ ਸਾਮਵਾਦ ਦੇ ਵਿਚਾਰ ਇਉਂ ਪ੍ਰਗਟ ਕੀਤੇ ਹਨ:

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 266
2. ਗਿਆਨੀ ਗੁਰਦਿੱਤ ਸਿੰਘ (ਸੰਪਾ.), ਸਿੰਘ ਸਭਾ ਪਤ੍ਰਿਕਾ ਦਾ ਗੁਰੂ ਗ੍ਰੰਥ ਵਿਚਾਰ ਵਿਸ਼ੇਸ਼ਾਂਕ, ਅੰਕ, ਜਨ ਜੂਨ, ਪੰਨਾ 108

"ਜੇ ਦੁਖ ਸਾਡੇ ਰੋਗ ਹੁੰਦਾ ਹੈ, ਦੁਖ ਰੋਗ ਅਸੀਂ ਇਲਾਜ ਨਹੀਂ ਕਿਦੇ ਅਤੇ ਜੇ ਦੁਖ ਸਾਡੇ ਪਾਸ ਨਹੀਂ ਹੁੰਦਾ, ਦੁਖ ਬਾਰੇ ਅਸੀਂ ਕਰ ਦੇਦੇ ਜੇਕਰੇ ਚਹਿੰਦੇ ਹਾਂ। ਇਹ ਰੋਗ ਹੀ ਸਾਡੇ ਸਾਰੇ ਦੁੱਖਾਂ ਦਾ ਕਾਰਣ ਹੈ।"[1]

ਜਦੋਂ ਰੋਗ ਸੰਤੋਖ ਦੇ ਅਭਾਵ ਦਾ ਸਮਾਜ ਦੇ ਰੋਗੀ ਇਸਨੂੰ ਆਤਮ ਸਮਝ ਦੇਦੇ ਹਨ। ਪਰ ਸਹੀ ਅਰਥਾਂ ਵਿੱਚ ਸੰਤੋਖ ਤੋਂ ਭਾਵ ਇੱਛਾ ਰਹਿਤ ਹਾਲਤ ਅਤੇ ਜਿਸਦਾ ਰੁਖ ਵੀ ਰੂਪ ਦਾ ਸਿਮਰਣ ਤੇ ਪ੍ਰਭੂ ਚਰਨਾਂ ਹੈ। ਇਸ ਤੋਂ ਬਿਨ੍ਹਾਂ ਸਾਰੇ ਇੱਛਾਂ ਦੀ ਧੂੜ ਸਾਰ ਇਕੱਠਾ ਕੀਤਾ ਜਾਵੇ ਪਰ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਇਹ ਦੁੱਖਾਂ ਦੀ ਜੜ ਹੈ। ਇਸ ਤੋਂ ਬਿਨ੍ਹਾਂ ਮਨੁੱਖ ਰਚੀ ਇਹਨੇ ਇਲਾਜੁ ਨਹੀਂ ਹੈ। ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ:-

ਸਹਜਿ ਘਟੈ ਦਖ ਰੋਗੁ ਭੁਗਤਿ ਪਾਵੈ॥
ਤ੍ਰਿਪਤਿ ਨ ਆਵੈ ਮਾਇਆ ਪਛੈ ਧਾਵੈ॥
ਅਨਿਕ ਰੋਗੁ ਬਿਖਿਆ ਕੇ ਰਸੈ॥
ਨਾਮ ਵਿਸਾਰੇ ਖਪਿ ਖਪਿ ਮਰੈ॥
ਜਿਨਾ ਸੰਤੋਖ ਨਹੀਂ ਰੋਗੁ ਜਾਸੈ॥
ਦੁਖ ਸੰਤੋਖ ਵਿਹਣੈ ਸਹਿ ਜਾਸੈ॥[2]

ਦੁਸ ਆਧੁਨਿਕ ਦੀ ਸਿਸ੍ਰਟੀ ਵਿੱਚ ਪੰਜ ਰੋਗ ਹੋਣਾ ਨਵੀਂ ਗੱਲ ਨਹੀਂ ਹੈ। ਪਰ ਮਨੋਵਿਗਿਆਨਕ ਰੋਗ ਮਨੁੱਖ ਦੇ ਦੁਖੀ ਹੋਣ ਦਾ ਸਭ ਤੋਂ ਵੱਡਾ ਕਾਰਣ ਹੈ। ਪੰਜ-ਰੋਗ ਧਾਰਨ ਜੇ ਸੰਤੋਖ ਦਾ ਰੂਪ ਹੈ ਤਾਂ ਰੂਪ ਦੁਖੀ ਹੈ ਅਤੇ ਦੁੱਖਾਂ ਦੀ ਕੌਮਿਆਂ ਕਰਾਂਬਰ ਹੈ। ਆਜਿਹੇ ਰੂਪਾਂ ਬਾਰੇ ਗੁਰਦੇਵ ਦਾ ਕਥਨ ਹੈ:-

ਸੋਚਾ ਰੋਗਿ ਤੇਰਾ ਰਹੁ ਜਾਹੁ॥
ਖਿਆ ਰੋਗਿ ਨਾਹੀ ਹੈ ਰੋਗ ਜਾਹੁ॥[3]

---

1. ਡਾ. ਸਰੂਪ ਸਿੰਘ ਅਲਬੇਲਾ, ਇੱਛਾਂ ਰੋਗ ਕਾਰਣ ਤੇ ਉਪਾਅ, ਪੰਨਾ 277
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 279
3. ਉਹੀ, ਪੰਨਾ 25

ਨਾਮਹੀਣ ਹੋਣ ਨਾਮਹੀਣ ਰੱਬ ਨਾਲ ਪ੍ਰੇਮ ਨਹੀਂ ਕਰਦਾ ਵਿਅਕਤੀ ਸਮਾਜ ਵਿੱਚ ਆਪਣਾ ਸਨਮਾਨ ਖੋਹ ਬੈਠਦਾ ਹੈ, ਦੁਰਲੱਭ ਹੋਕੇ ਰਹਿ ਜਾਂਦਾ ਹੈ। ਅਜਿਹੇ ਪੁਰਸ਼ ਨੂੰ ਗੁਰਦੇਵ ਨੇ ਚਮਾਰੋਂ ਛੁੱਟੇ ਨਾਲ ਤੁਲਨਾਇਆ ਹੈ:-

ਹੋਰੀ ਨਾ ਵੇਸਾਹੁ ਨ ਹੋਸਿ ਮੇਰਾ ਪਾਇ ਵਸਾਇ ॥
ਅੰਤਿ ਕਾਲੁ ਤਿਨੈ ਪੂਰੈ ਜਿਸੈ ਪਛੁ ਨ ਪਾਇ ॥
... ...
ਮੁਹਿ ਕਾਲੇ ਤਿਨਾ ਨਿੰਦਕਾ ਜਾਸਨਿ ਜਨਮੁ ਗਵਾਏ ॥[1]

ਮਨੁੱਖ ਪ੍ਰਮਾਤਮਾ ਨਾਲ ਅਭੇਦ ਹੋਣ ਲਈ ਸਤਸੰਗਤਿ ਨਾਲ ਜੁੜੇ ਰਹਿਣਾ ਚਾਹੇ ਅਤੇ ਹਰੇਕ ਵਿੱਚ ਆਤਮ ਵਾਲੀਆਂ ਗੁਣਾਂ ਦਾ ਸਤ-ਸੰਗਤਿ ਨਾਲ ਮੁਕਾਬਲਾ ਕਰਦਾ ਰਹੇ ਤਾਂ ਉਹ ਪ੍ਰਮਾਤਮਾ ਦੇ ਨਜ਼ਦੀਕ ਪਹੁੰਚ ਜਾਂਦਾ ਹੈ। ਪਰ ਸਬਰ ਸੰਤੋਖ ਰਹਿਤਿਆਂ ਨੂੰ ਇਸ ਰੱਬ ਦਾ ਭੇਤ ਕਿਸੇ ਨੂੰ ਨਹੀਂ ਮਿਲਦਾ। ਗੁਰਵਾਕ ਹੈ:-

ਸਬਰੁ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥[2]

ਇਸ ਗੁਣ ਦਾ ਧਾਰਨੀ ਹੋਣਾ ਹੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਹੈ। ਸਬਰ ਵਾਲਾ ਜੀਵਨ ਬਣਦਾ ਹੈ, ਅਰਥਾਤ ਪੁਰਖ ਨਾਲ ਅਭੇਦ ਹੋ ਕੇ ਉਸਦੀ ਵਿਸ਼ਾਲਤਾ ਰੂਪੀ ਦਰਿਆ ਵਾਂਗ ਵਿਸ਼ਾਲ ਬਣ ਜਾਂਦਾ ਹੈ ਉਹ ਤੰਗਦਿਲ ਨਹੀਂ ਰਹਿੰਦਾ। ਫ਼ਰੀਦ ਜੀ ਨੇ ਇਸ ਬਾਰੇ ਇਉਂ ਕਿਹਾ ਹੈ:-

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥
ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1417
2. ਉਹੀ, ਪੰਨਾ 1384
3. ਉਹੀ।

ਭਰਮ ਤੇ ਪਾਖੰਡ ਦਾ ਤਿਆਗ:- ਪਰਮ ਸੁੱਖ ਪ੍ਰਾਪਤ ਕਰਨ ਅਤੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਜੀਵ ਨੂੰ ਭਰਮ ਦਾ ਤਿਆਗ ਅਤੇ ਪਖੰਡਾਂ ਦਾ ਤਿਆਗ ਜ਼ਰੂਰੀ ਹੈ। ਗੁਰ ਪੂਰਨ ਆਨੰਦਿਤ ਹੈ। ਹਰ ਬਨਾਵਟ ਤੋਂ ਉੱਪਰ ਹੈ। ਉਸ ਨਾਲ ਇਕ ਮਿਕ ਹੋਣ ਲਈ ਪਖੰਡ ਅਧੀਨ ਕੀਤੇ ਕਰਮ ਕੇਵਲ ਮਿੱਟੀ ਹੁੰਦੇ ਹਨ, ਇਹ ਉਸਨੂੰ ਪਰਮ ਆਨੰਦਿਤ ਨਾਲ ਅਭੇਦ ਕਰਨ ਦੀ ਬਜਾਏ ਉਸ ਦਾਤਾਰ ਪ੍ਰਭੂ ਤੋਂ ਵਿਛੋੜਦੇ ਹਨ। ਉਸਨੂੰ ਮੌਤ ਵਿਸਰੀ ਰਹਿੰਦੀ ਹੈ। ਪਖੰਡੀ ਮਨੁੱਖ ਪਿੱਛੋਂ ਦੁੱਖ ਭੋਗਦਾ ਹੈ, ਅਕਾਲਪੁਰਖ ਦੇ ਹੁਕਮ ਨੂੰ ਨਹੀਂ ਪਛਾਣਦਾ ਅਤੇ ਦੁਖੀ ਹੁੰਦਾ ਹੈ। ਗੁਰਦੇਵ ਫ਼ੁਰਮਾਉਂਦੇ ਹਨ:-

ਫੋਕਿ ਜਾਗ ਜਿ ਕਰਹਿ ਪਚਾਰ॥ ਕਾਮਿ ਨ ਆਵਹਿ ਜਿਨ ਸੰਸਾਰੁ॥
ਸੀਖ ਨ ਮਾਨਹਿ ਜਿਨਿ ਜਿਸੁ ਕੀਤ॥ ਜੋ ਦੇਖਹੀ ਜੈਸੀ ਮਨੁ॥
ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ਰਹਾਉ॥
ਸਾਚੁ ਧਰਮੁ ਨਹੀ ਭਾਵੈ ਡੀਠਾ॥ ਕੂੜੁ ਧੋਹੁ ਜਿਸੁ ਚਲਿਤੁ ਮੀਠਾ॥
ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥
ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥
ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥[1]

ਜਿਸਦਾ ਭਰਮ ਪ੍ਰਭੂ ਦੀ ਮਿਹਰ ਸਦਕਾ ਨਾਸ਼ ਹੋ ਜਾਂਦਾ ਹੈ, ਉਸਨੂੰ ਮੌਤ ਦਾ ਡਰ ਨਹੀਂ ਰਹਿੰਦਾ ਤੇ ਉਹ ਖੁਸ਼ ਰਹਿੰਦਾ ਹੈ। ਗੁਰਵਾਕ ਹੈ:-

ਜਾਕੈ ਬਿਨਸਿਓ ਮਨ ਤੇ ਭਰਮਾ॥
ਤਾਕੈ ਕਛੁ ਨਾਹੀ ਡਰੁ ਜਮਾ॥[2]

ਭਰਮੁ ਚੁਕਾਇਆ ਸਦਾ ਸੁਖੁ ਪਾਇਆ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 676
2. ਉਹੀ, ਪੰਨਾ 186
3. ਉਹੀ, ਪੰਨਾ 114

ਭਰਮੀ ਜੀਵ ਹੀ ਪਾਖੰਡਾਂ ਵਿੱਚ ਪੈਂਦਾ ਹੈ। ਕੇਵਲ ਪਾਖੰਡ ਨਾਲ ਨਰਕਾਂ ਪ੍ਰਾਪਤ ਕੀਤਾ ਗਿਆ ਹੈ। ਇਸ ਤਰ੍ਹਾਂ ਪ੍ਰਭ ਵਾਹਿਗੁਰੂ ਨੂੰ ਨਹੀਂ ਪਾ ਸਕਦਾ ਤੇ ਖੁਸ਼ੀ ਵੀ ਪ੍ਰਸੰਨਤਾ ਦੂਰ ਭੱਜਦੀ ਹੈ:-

ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥[1]

ਗੁਰਦੇਵ ਨੇ ਅਜਿਹੇ ਮਨੁੱਖਾਂ ਨੂੰ ਸਭ ਤਰ੍ਹਾਂ ਪਾਖੰਡ ਤਜਣੇ ਨਾਮ ਜਪਣ ਦੀ ਪ੍ਰੇਰਣਾ ਕੀਤੀ ਹੈ ਤਾਂ ਕਿ ਇਸ ਸੰਸਾਰ ਰੂਪੀ ਭਵਸਾਗਰ ਨੂੰ ਤਰਿਆ ਜਾ ਸਕੇ:-

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥[2]

ਜੀਵ ਜਿਨ੍ਹਾਂ ਪਾਖੰਡਾਂ ਵਿੱਚ ਫਸਿਆ ਹੋਏ ਨਜ਼ਾਰੇ ਕੇਵਲ ਭਾਵਨਾ ਤੇ ਖਿਨ ਪਲ ਦੀ ਖੁਸ਼ੀ ਤਾਂ ਭਾਵੇਂ ਹਾਸਿਲ ਕਰ ਲਵੇ ਪਰ ਸਦੀਵੀ ਅਨੰਦ ਦੀ ਪ੍ਰਾਪਤੀ ਤੇ ਦੁੱਖਾਂ ਤੋਂ ਛੁਟਕਾਰਾ ਇਨ੍ਹਾਂ ਨੂੰ ਮਿਲਣੇ ਹੀ ਹੋ ਸਕਦਾ ਹੈ।

ਸਹਿਣਤਾ:- ਦੂਜੀ ਚੀਜ਼ ਲਈ ਮਨੁੱਖ ਨੂੰ ਆਪਣੇ ਮਨ ਨੂੰ ਸਥਿਰ ਰੱਖਣਾ ਜ਼ਰੂਰੀ ਹੈ। ਆਪਣੇ ਮਨ ਦੀਆਂ ਸਾਰੀਆਂ ਭਟਕਣਾਂ ਖਾਹਸ਼ਾਂ ਨੂੰ ਰੋਕਣੇ ਬਿਨਾਂ ਪ੍ਰਭ ਵਾਹਿਗੁਰੂ ਨਾਲ ਅਭੇਦ ਹੋਇਆ ਜਾ ਸਕਦਾ ਹੈ। ਜਿਹੜਾ ਸਾਧਕ ਆਪਣੇ ਮਨ ਪਿਛੇ ਲੱਗਾ ਫਿਰਦਾ ਹੈ ਪ੍ਰਭ ਕਦੇ ਪ੍ਰਸੰਨ ਨਹੀਂ ਹੋ ਸਕਦਾ। ਗੁਰਵਾਕ ਹੈ:-

ਭ੍ਰਮਤ ਫਿਰੇ ਤਿਨਿ ਕਿਛੂ ਨ ਪਾਇਆ ॥
ਸੇ ਅਸਥਿਰੁ ਜਿਨਿ ਗੁਰਸਬਦੁ ਕਮਾਇਆ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 849
2. ਉਹੀ, ਪੰਨਾ 471
3. ਉਹੀ, ਪੰਨਾ 374

ਜਦ ਤੱਕ ਮਨੁੱਖੀ ਮਨ ਸਥਿਰ ਨਹੀਂ ਹੁੰਦਾ, ਉਸਦਾ ਸਥਿਰ ਪਰਮਾਤਮਾ ਤੇ ਭਰੋਸਾ ਨਹੀਂ ਬੱਝਦਾ, ਉਹ ਆਵਾਗਵਣ ਦੇ ਚੱਕਰ ਵਿੱਚ ਫਸਿਆ ਹੀ ਹੁੰਦਾ ਰਹੇਗਾ। ਗੁਰਦੇਵ ਸਮਝਾਉਂਦੇ ਹਨ:-

> ਜਨਮੁ ਜਨਮੁ ਭਰਮਤ ਤੈ ਹਾਰਿਓ ਅਸਥਿਰੁ ਮਤਿ ਨਹੀ ਪਾਈ ॥
> ਮਾਨਸ ਦੇਹ ਪਾਇ ਪਦੁ ਹਰਿ ਭਜੁ ਨਾਨਕ ਬਾਤ ਬਤਾਈ ॥[1]

ਇਸ ਵਾਹਿਗੁਰੂ ਜੀ ਦੇ ਗੁਣ ਗਾਉਣ ਨਾਲ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਆਦਿ ਦੂਰ ਜਾਂਦੇ ਹਨ। ਮਨ ਬੁਰੀ ਸੋਚੀ ਵਿਚਾਰਾਂ ਬੁਰੀ ਸੋਚਾਂ ਤੋਂ ਰਹਿਤ ਸਥਿਰ ਹੋ ਭਵ ਸਾਗਰ ਪਾਰ ਕਰ ਜਾਂਦੀ ਹੈ।

ਜੋ ਜਿਗਿਆਸੂ ਗੁਰੂ ਦੇ ਬਚਨਾਂ ਉਪਰ ਆਤਮਿਕ ਚਲਦਿਆਂ ਹੈ ਉਹ ਇਕੋ ਹੀ ਨਾਮ ਧਿਆਉਂਦਾ ਹੈ ਤੇ ਪ੍ਰੇਮ ਵਿਚ ਹੀ ਉਸਦਾ ਸੁੱਖ ਲੁਕਿਆ ਹੁੰਦਾ ਹੈ ਅਨੁਸਾਰ ਉਹ ਹਮੇਸ਼ਾਂ ਹੀ ਸੁਖ ਰਹਿੰਦਾ ਹੈ:-

> ਅਸਥਿਰੁ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
> ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥[2]

ਸੇਵਾ:- ਮਨੁੱਖ ਨੂੰ ਆਤਮਿਕ ਮੰਜ਼ਲਾਂ ਵਿੱਚ ਪਹੁੰਚਣ ਲਈ ਪਰਮ ਉੱਚ ਪ੍ਰਾਪਤ ਕਰਨ ਲਈ ਸੇਵਾ ਦੇ ਗੁਣ ਨੂੰ ਅਪਣਾਉਣਾ ਜ਼ਰੂਰੀ ਹੈ। ਸਗੋਂ ਅਸਲ ਵਿੱਚ ਉਸੇ ਦੀ ਆਤਮਾ ਪ੍ਰਫੁੱਲਤ ਹੁੰਦੀ ਹੈ ਜੋ ਸੇਵਾ ਦੇ ਖੇਤਰ ਵਿੱਚ ਆਉਂਦਾ ਹੈ। ਉਹ ਆਪਣੇ ਵਾਹਿਗੁਰੂ ਜੀ ਨੂੰ ਸਭ ਥਾਂਵਾਂ ਰਮਿਆ ਵੇਖਦਾ ਹੈ ਤੇ ਮਨੁੱਖ ਮਾਤਰ ਦੀ ਸੇਵਾ ਵਾਹਿਗੁਰੂ ਦੀ ਸੇਵਾ ਸਮਝਦਾ ਹੈ। ਸੇਵਾ ਕੀ ਹੈ? ਕਿਸੇ ਜਿਗਿਆਸੂ ਦੇ ਉਸ ਕੰਮ ਨੂੰ ਸੇਵਾ ਕਹਿੰਦੇ ਹਨ ਜੋ ਹੋਰਨਾਂ ਦੇ ਹਿੱਤਾਂ ਲਈ ਕੀਤਾ ਜਾਵੇ। ਇਹ ਸਮਾਜ ਲਈ ਅਤਿ ਲੋੜੀਂਦੀ ਹੈ। ਕਿਉਂਕਿ ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ ਤੇ ਉਸਨੂੰ ਦੂਸਰਿਆਂ ਦੀ ਮਦਦ ਦੀ ਜ਼ਰੂਰਤ ਹੈ। ਜੋ ਦੂਸਰਿਆਂ ਦੀ ਸੇਵਾ ਕਰਦਾ ਹੈ ਉਸ ਦੀ ਸਤਿਕਾਰ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 632
2. ਉਹੀ, ਪੰਨਾ 678

ਵਿੱਚ ਹੀ ਵਿਚਰ ਰਹੀ ਹੈ। ਗੁਰਵਾਕ ਹੈ:-

> ਵਿਚਿ ਦੁਨੀਆ ਸੇਵ ਕਮਾਈਐ ॥
> ਤਾ ਦਰਗਹ ਬੈਸਣੁ ਪਾਈਐ ॥
> ਕਹੁ ਨਾਨਕ ਬਾਹ ਲੁਡਾਈਐ ॥[1]

ਸਿੱਖ ਧਰਮ ਦੀਆਂ ਬੁਨਿਆਦਾਂ ਦੇ ਲੇਖਕ ਲਿਖਦੇ ਹਨ:-

> "ਸੇਵਾ ਜ਼ਿੰਮੇਵਾਰੀ ਹੈ ਤੇ ਫ਼ਰਜ਼ ਹੁੰਦਾ ਹੈ, ਇਹ ਸੌਦਾ ਬਾਜ਼ੀ ਨਹੀਂ। ਜਿਵੇਂ ਤਰਨਾ ਬੱਤਖਾਂ ਦੀ ਜ਼ਿੰਦਗੀ ਜਾਣਿਆ ਜਾਂਦਾ ਹੈ ਤਿਵੇਂ ਗੁਰਮੁਖ ਮੁਕਤੀ ਚਾਹੁੰਦੇ ਹੀ ਸੇਵਾ ਦਾ ਆਦਰਸ਼ ਮਨੋਰਥ ਪੂਰਾ ਕਰਦੇ ਹਨ।"[2]

ਗੁਰਮਤਿ ਅਨੁਸਾਰ ਹਉਮੈ ਇਕ ਵੱਡਾ ਰੋਗ ਹੈ। ਇਸਨੂੰ ਕਾਬੂ ਕਰਨ ਲਈ ਸੇਵਾ ਇਕ ਪ੍ਰਭਾਵਸ਼ਾਲੀ ਸਾਧਨ ਹੈ। ਪਰ ਜੇ ਸੇਵਾ ਵੀ ਕਿਸੇ ਜਜ਼ਬੇ ਦੇ ਅਧੀਨ ਕੀਤੀ ਜਾਵੇ ਤਾਂ ਉਹ ਸੇਵਾ ਨਿਸਫਲ ਹੋ ਕੇ ਰਹਿ ਜਾਂਦੀ ਹੈ। ਗੁਰਦੇਵ ਕਹਿੰਦੇ ਹਨ:-

> ਵਿਚਿ ਹਉਮੈ ਸੇਵਾ ਥਾਇ ਨ ਪਾਇ ॥
> ਜਨਮਿ ਮਰੈ ਫਿਰਿ ਆਵੈ ਜਾਇ ॥
> ਸੋ ਤਪੁ ਪੂਰਾ ਸਾਈ ਸੇਵਾ
> ਜੋ ਹਰਿ ਮੇਰੇ ਮਨਿ ਭਾਣੀ ਹੇ ॥[3]

ਹਉਮੈ ਨੂੰ ਮਾਰਕੇ ਮਨੁੱਖ ਪਰਮਾਤਮਾ ਨੂੰ ਮਿਲ ਸਕਦਾ ਹੈ। ਇਹ ਹਉਮੈ ਦੀ ਦੀਵਾਰ ਸੇਵਾ ਕਰਨ ਨਾਲ, ਨਾਮ ਜਪਣ ਨਾਲ ਤੇ ਪਰਮਾਤਮਾ ਦੇ ਭਾਣੇ ਅੰਦਰ ਰਹਿਣ ਨਾਲ ਹੀ ਟੁੱਟ ਸਕਦੀ ਹੈ। ਸੇਵਾ ਤਾਂ ਨਿਸ਼ਕਾਮ ਭਾਵਨਾ ਨਾਲ ਕਰਨੀ ਹੈ। ਇਹ ਕਿਸੇ ਇਨਾਮ ਦੇ ਲਾਲਚ ਲਈ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 26
2. ਨਰੈਣ ਸਿੰਘ, ਸਿੱਖ ਧਰਮ ਦੀਆਂ ਬੁਨਿਆਦਾਂ, ਪੰਨਾ 262
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1070

ਨਹੀਂ ਰਹਿੰਦੀ। ਗੁਰਦੇਵ ਫੁਰਮਾਉਂਦੇ ਹਨ:-

> ਸੇਵਾ ਕਰਤ ਹੋਇ ਨਿਹਕਾਮੀ ॥
> ਤਿਸ ਕਉ ਹੋਤ ਪਰਾਪਤਿ ਸੁਆਮੀ ॥[1]

> ਨਿਹਕਪਟੁ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਾਈਐ ॥[2]

ਨਰੈਣ ਸਿੰਘ ਲਿਖਦੇ ਹਨ:-

> "ਸੇਵਕ ਆਪਣੀ ਸੇਵਾ ਨੂੰ ਨਿਸ਼ਕਾਮ ਬਣਾਈ ਰੱਖਦਾ ਹੈ ਤੇ ਸਭੀ ਵਾਸ਼ਨਾਂ ਤੇ ਬਚਦਾ ਹੈ। ਮਾਣ, ਲੋਭ, ਫੋਕ ਅਹੰਕਾਰ ਵਿਕਾਰ ਉਸਦੇ ਹਿਰਦੇ ਵਿਚ ਘਰ ਹੀ ਨਹੀਂ ਕਰਦੇ।"[3]

ਸੇਵਾ ਕਰਨ ਦੇ ਕਈ ਢੰਗ ਹਨ, ਜਿਸ ਤਰ੍ਹਾਂ ਕਿ ਗੁਰੂ ਦੇ ਲੰਗਰ ਲਈ ਰਸਦ ਜਾਂ ਮਾਲੀ ਸਹਾਇਤਾ ਦੇਣੀ, ਲੰਗਰ ਪਕਾਉਣਾ ਤੇ ਵਰਤਾਉਣਾ, ਸੰਗਤਾਂ ਦੇ ਜੋੜਿਆਂ ਦੀ ਰਾਖੀ, ਜੂਠੇ ਭਾਂਡੇ ਸਾਫ਼ ਕਰਨੇ, ਝਾੜੂ ਬੁਹਾਰੀ ਕਰਨਾ, ਗਰਮੀਆਂ ਵਿੱਚ ਸੰਗਤਾਂ ਨੂੰ ਪੱਖਾ ਕਰਨਾ, ਰੋਗੀਆਂ ਤੇ ਬਜ਼ੁਰਗਾਂ ਦੀ ਸਹਾਇਤਾ ਕਰਨੀ ਆਦਿ। ਗੁਰਦੇਵ ਫੁਰਮਾਉਂਦੇ ਹਨ:-

> ਅਨਿਕ ਭਾਂਤਿ ਕਰਿ ਸੇਵਾ ਕਰੀਐ ॥
> ਜੀਉ ਪ੍ਰਾਨ ਧਨੁ ਆਗੈ ਧਰੀਐ ॥
> ਪਾਨੀ ਪਖਾ ਕਰਉ ਤਜਿ ਅਭਿਮਾਨੁ ॥
> ਅਨਿਕ ਬਾਰ ਜਾਈਐ ਕੁਰਬਾਨੁ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 286
2. ਉਹੀ, ਪੰਨਾ 861
3. ਨਰੈਣ ਸਿੰਘ, ਸਿੱਖ ਧਰਮ ਦੀਆਂ ਬੁਨਿਆਦਾਂ, ਪੰਨਾ 274
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 391

ਪ੍ਰੋ. ਪ੍ਰੀਤਮ ਸਿੰਘ ਲਿਖਦੇ ਹਨ:-

> "ਸੇਵਾ ਦੀਆਂ ਕਈ ਸੂਰਤਾਂ ਹੋ ਸਕਦੀਆਂ ਹਨ। ਜਿਸ ਤਰ੍ਹਾਂ ਕਿ ਵਿਚਾਰ, ਦਾਨ, ਪਰਉਪਕਾਰ ਅਤੇ ਸਹਾਇਤਾ। ਸੇਵਾ ਪੂਰੀ ਹੀ ਹੋ ਸਕਦੀ ਹੈ, ਜਿਸਦੇ ਸਮਾਜਿਕ ਸਮਾਨਤਾ ਹੋਵੇ ਤੇ ਵਿਚਾਰ ਦਾ ਅਭਿਆਸ ਨਾਲ ਕੀਤਾ ਹੋਵੇ। ਦਾਨ ਵੀ ਸੇਵਾ ਭਾਵਨਾ ਦਾ ਹੀ ਹਿੱਸਾ ਹੈ।"[1]

ਸੇਵਾ ਤੇ ਖ਼ਾਸ ਜ਼ੋਰ ਦੇਣ ਕਰਕੇ ਹੀ ਸੇਵਾ ਮਨੁੱਖ ਨੂੰ ਉਚਿਆਂ ਚੁੱਕਦੀ ਹੈ। ਇਸ ਦਾ ਕਾਰਨ ਮਨ ਨੂੰ ਕੁਰਬਾਨੀ ਭਾਵ ਵਿੱਚ ਲਿਆਉਣਾ ਹੈ। ਇਹ ਤਾਂ ਹੀ ਸੰਭਵ ਹੈ ਜੇ ਸੇਵਕ ਦਾ ਆਪਣਾ ਜੀਵਨ ਪਵਿੱਤਰ ਹੋਵੇ। ਜੇਕਰ ਪਵਿੱਤਰ ਜੀਵਨ ਵਿਚੋਂ ਸੁਗੰਧੀ ਨਿਕਲਦੀ ਹੈ ਅਤੇ ਸੇਵਾ ਉਪਜਦੀ ਹੈ। ਹਉਮੈ ਜਾਂ ਕਿਸੇ ਲਾਲਚ ਵਸ ਕੀਤੀ ਸੇਵਾ ਦਾ ਕੋਈ ਮੁੱਲ ਨਹੀਂ। ਭਗਤ ਪੂਰਨ ਸਿੰਘ ਜੀ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਰੋਗੀਆਂ ਤੇ ਅਪਾਹਜਾਂ ਦੀ ਸੇਵਾ ਵਿੱਚ ਲਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਪੰਗਤੀਆਂ ਤੇ ਚੱਲ ਰਹੇ ਹਨ:-

> ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥
> ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥[2]

ਅਤੇ

> ਅਹਿਨਿਸਿ ਅੰਤਰਿ ਰਹਿ ਸੇਵਾ ਕਰੀਐ ॥[3]

ਜੋ ਸਾਧਕ ਨਾਮ ਸੁਖੀ ਜੀਵਨ ਨਾਲ ਇਸ ਰਸ ਦਾ ਅਨੁਭਵ ਕਰਦਾ ਹੈ। ਇਸ ਦੇ ਨਾਲ ਸੇਵਾ ਕਰਨਾ ਨਿਮਰਤਾ ਕੁਰਬਾਨੀ ਅਤੇ ਪ੍ਰੇਮ ਪਿਆਰ ਦੀ ਪੂਰਨ ਭਾਵਨਾ ਮਨੁੱਖ ਵਿੱਚ ਆ ਜਾਂਦੀ ਹੈ। ਜਿਸਦੇ ਨਿਸ਼ਕਾਮ ਸੇਵਾ ਹੋਂਦੀ ਹੈ, ਉਹ ਇਕ ਦਿਨ ਪਰਮ ਪਦਵੀ ਨੂੰ ਪ੍ਰਾਪਤ ਹੋ ਜਾਵੇਗਾ।

---

1. ਪ੍ਰੋ. ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਪੰਨਾ 135
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 354
3. ਉਹੀ, ਪੰਨਾ 391

ਜਤ:- ਮਨੁੱਖ ਦਾ ਜਤੀ ਹੋਵਣਾ ਵੀ ਜ਼ਰੂਰੀ ਹੈ। ਇਸ ਗੁਣ ਦੇ ਧਾਰਨ ਕਰਨ ਨਾਲ ਹੀ ਆਪਣੇ ਮਨ ਨੂੰ ਕਾਬੂ ਵਿੱਚ ਰੱਖ ਸਕੇਗਾ। ਕਾਮ-ਵਾਸ਼ਨਾਵਾਂ ਵੱਲ ਉਸਦਾ ਮਨ ਨਹੀਂ ਡੋਲੇਗਾ। ਗੁਰਬਾਣੀ ਵਿੱਚ ਜਤ ਨੂੰ ਭੱਠੀ ਨਾਲ ਸੁਨਿਆਰਿਆਂ ਦੀ ਜਿਸ ਵਿਚ ਸ਼ਬਦ ਰੂਪੀ ਸੋਨਾ ਘੜ ਕੇ ਤਿਆਰ ਕਰ ਲੈਂਦਾ ਹੈ:-

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥[1]

ਜੇ ਮਨੁੱਖ ਜਤੀ ਨਹੀਂ ਹੈ ਤਾਂ ਉਸਦੇ ਸਰੀਰਕ ਆਦਿ ਪਰਿਵਾਰਕ, ਸਮਾਜਿਕ ਪੱਧਰ ਤੇ ਕਿਸੇ ਆਦਿ ਦਿਖਾਵੇ ਸਭ ਕਰਮ ਵਿਅਰਥ ਹਨ। ਕਿਉਂਕਿ ਜੇਕਰ ਮਨੁੱਖ ਦਾ ਮਨ ਸੁੱਚਾ ਹੀ ਨਹੀਂ ਹੈ ਤਾਂ ਉਸਦੇ ਜੀਵਨ ਦੀ ਨੀਂਹ ਨਹੀਂ ਹੋ ਸਕਦੀ। ਗੁਰਵਾਕ ਹੈ:-

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ
ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ
ਸੁਚ ਵਿਣੁ ਸੋਚ ਨ ਹੋਈ ॥[2]

ਸੰਜਮ:- ਦੁਨਿਆਵੀ ਜੀਵਨ ਦੀ ਤ੍ਰਿਸ਼ਨਾ, ਮੋਹ, ਲਾਲਚ ਰੂਪੀ ਬੁਰਾਈ ਜੀਵਨ ਜਾਚ ਦਾ ਰੋਕਣਾ 'ਸੰਜਮ' ਹੈ। ਇਸ ਤੋਂ ਭਾਵ ਸਵੈ-ਕਾਬੂ ਜਾਂ ਸੰਤੁਲਨ ਹੈ। ਜਾਂ ਇਉਂ ਕਹਿ ਸਕੀਏ ਕਿ ਮਨੁੱਖੀ ਮਨ ਦੀ ਪ੍ਰਵਿਰਤੀ ਨੂੰ ਵਿਕਾਰਾਂ ਵੱਲ ਜਾਣ ਤੋਂ ਰੋਕਣਾ ਸੰਜਮ ਹੈ। ਗੁਰੂ ਅਮਰਦਾਸ ਜੀ ਸਾਰੰਗ ਰਾਗ ਵਿਚ ਕਹਿੰਦੇ ਹਨ ਕਿ ਸਭ ਤੋਂ ਸੰਜਮ ਹੈ ਜਿਸ ਦੀ ਸਤਿਗੁਰੂ ਦੀ ਕਿਰਪਾ ਦੁਆਰਾ ਸੋਝੀ ਹੁੰਦੀ ਹੈ:-

ਸਭੁ ਸੰਜਮੁ ਰਹਣੀ ਕਿਰਤਿ ਕਮਾਵਹਿ ਅੰਤਰਿ ਨਾਮੁ ਪਛਾਣੀ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 8
2. ਉਹੀ, ਪੰਨਾ 903
3. ਉਹੀ, ਪੰਨਾ 1234

ਸੰਜਮ ਦਾ ਸੰਬੰਧ ਮਨੁੱਖ ਦੇ ਖਾਣ, ਪੀਣ, ਸੌਣ ਤੇ ਬੋਲਣ ਨਾਲ ਵੀ ਹੈ। ਸੰਜਮਹੀਣ ਜੀਵਨ ਦੀ ਨਿੰਦਾ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਹੈ:-

ਜਿਤੁ ਖਿਧੈ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥[1]

ਸੋ ਮਨੁੱਖ ਦੇ ਸੁਖੀ ਰਹਿਣ ਲਈ ਪੂਰਨ ਸੰਜਮੀ ਹੋਣਾ ਜ਼ਰੂਰੀ ਹੈ।

ਸਮੁੱਚੇ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿੱਚ ਗੁਣਾਂ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਭੂ ਦੇ ਦੈਵੀ ਗੁਣ ਵਿਚਾਰਨਯੋਗ ਹੋਣ ਤੇ ਮਨੁੱਖੀ ਸਦਾਚਾਰਕ ਗੁਣ ਬਣ ਜਾਂਦੇ ਹਨ, ਜਿਨ੍ਹਾਂ ਨੂੰ ਅਪਣਾਕੇ ਜਿਨ੍ਹਾਂ ਦੁਆਰਾ ਪ੍ਰਭੂ ਨਾਲ ਆਤਮਿਕ ਮੇਲ ਤੇ ਇਕਮਿਕ ਹੋਣ ਦੇ ਸਫਲਾ ਦੇ ਪਰਮ ਸੁੱਖ ਤੋਂ ਜਾਣੂ ਕਰਾ ਜਾਂਦਾ ਹੈ। ਸਦਾਚਾਰ ਪ੍ਰਭੂ ਪ੍ਰਾਪਤੀ ਲਈ ਮੁੱਢਲੀ ਸ਼ਰਤ ਹੈ।

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 790.

## ਅਠਵਾਂ ਅਧਿਆਇ

## ਦੁੱਧ ਦਾਰੂ ਦੁਧ ਚੋਰ ਕਹਿਆ

ਇਸ ਸੰਸਾਰ ਵਿੱਚ ਹਰ ਇਨਸਾਨ ਦੁੱਖ ਭੋਗਦਾ ਹੈ। ਦੁੱਖ ਆਉਣ ਤੇ ਮਾਯੂਸ ਹੁੰਦਾ ਹੈ, ਨਿਰਾਸਤਾ ਵਿੱਚ ਡੁੱਬ ਜਾਂਦਾ ਹੈ। ਦੁੱਖਾਂ ਦੀ ਨਿਵਿਰਤੀ ਲਈ ਪੀਰਾਂ ਫਕੀਰਾਂ ਦੀਆਂ ਮੰਨਤਾਂ ਮੰਨਦਾ ਹੈ, ਟੂਣੇ ਤਵੀਤ ਕਰਾਉਂਦਾ ਹੈ, ਗੁਰਦੁਆਰੇ ਪਾਠ ਰਖਵਾਉਂਦਾ ਹੈ। ਦੁੱਖਾਂ ਤੋਂ ਛੁਟਕਾਰਾ ਪਾਉਣ ਵਾਸਤੇ ਅਗਰ ਸਿਰ ਦੇ ਭਾਰ ਵੀ ਖੜੇ ਹੋਣਾ ਪਵੇ ਤਾਂ ਗੁਰੇਜ਼ ਨਹੀਂ ਕਰਦਾ। ਗੁਰਬਾਣੀ ਵਿੱਚ ਮਨੁੱਖ ਦੀ ਇਸ ਅਵਸਥਾ ਦਾ ਚਿਤਰਣ ਇਉਂ ਕੀਤਾ ਹੈ:-

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥
ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥[1]

ਅਤੇ

ਨਾਨਕੁ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥[2]

ਇਸ ਖੋਜ ਨਿਬੰਧ ਵਿੱਚ ਵੀ ਦੁੱਖ ਦੇ ਪ੍ਰਕਾਰ, ਕਾਰਣ ਅਤੇ ਦੁੱਖਾਂ ਦੀ ਨਿਵਿਰਤੀ ਲਈ ਸਾਧਨ ਦੱਸੇ ਗਏ ਹਨ। ਅਰਥਾਤ ਦੁੱਖਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ? ਇਸ ਲਈ ਗੁਰ ਗੁਣ ਅਪਣਾਉਣੇ, ਪ੍ਰਭੂ ਦੀ ਰਜ਼ਾ ਵਿੱਚ ਰਹਿਣਾ ਤੇ ਦਮ-ਬ-ਦਮ ਉਸਦਾ ਸਿਮਰਣ ਕਰਨਾ ਜ਼ਰੂਰੀ ਹੈ। ਇਸ ਨਾਲ ਸਾਧਕ ਦੀ ਬਿਰਤੀ ਇਹੋ ਜਿਹੀ ਹੋ ਜਾਂਦੀ ਹੈ ਕਿ ਉਹ ਦੁੱਖ-ਸੁੱਖ ਇਕੋ ਜਿਹੇ ਸਮਝਦਾ ਹੈ। ਦੁੱਖਾਂ ਨੂੰ ਵੀ ਅੰਮ੍ਰਿਤ ਨਿਆਈਂ ਸਮਝਦਾ ਹੈ। ਗੁਰਵਾਕ ਹੈ:-

ਸਬਦੇ ਦੂਖਿ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 57
2. ਉਹੀ, ਪੰਨਾ 149
3. ਉਹੀ, ਪੰਨਾ 1034

ਪਹਿਲੇ ਅਧਿਆਇ ਵਿੱਚ ਵੀ ਗੁਰਬਾਣੀ ਅਨੁਸਾਰ ਇਨ੍ਹਾਂ ਸੰਸਾਰਕ ਸੁੱਖਾਂ ਨੂੰ ਰੋਗ ਅਤੇ ਦੁੱਖ ਨੂੰ ਦਾਰੂ ਦੇ ਰੂਪ ਵਿੱਚ ਸਿੱਧ ਕਰਨਾ ਹੈ।

ਦਰਅਸਲ ਦੁੱਖ ਇੱਛਾਵਾਂ ਦਾ ਕਾਰਨ ਪਿਆ ਹਨ। ਇਹ ਆਤਮਿਕ ਉੱਨਤੀ ਲਈ ਜ਼ਰੂਰੀ ਹਨ। ਡਾ. ਰਾਧਾਕ੍ਰਿਸ਼ਨਨ ਲਿਖਦੇ ਹਨ:-

> "ਜੇ ਅਸੀਂ ਇੱਛਾਵਾਂ ਦੇ ਹਨੇਰੇ ਅਤੇ ਥੋੜੇ ਸਮੇਂ ਵਿੱਚੋਂ ਨਾ ਨਿਕਲੀਏ ਤਾਂ ਸੰਭਵ ਹੈ ਅਸੀਂ ਰੋਗ ਰਹਿਤ ਬਣ ਜਾਈਏ ਅਤੇ ਹੰਕਾਰ ਤੇ ਜਿੱਤਾਂ ਪਾਕੇ ਮਨ ਦਾ ਨਿਰੰਕਾਰ ਹੋ ਜਾਈਏ — ਜਿਵੇਂ ਵੀ ਪਰਮ ਅੰਤ ਵਿੱਚ ਹੁੰਦੀ ਹੈ ਅਤੇ ਵੱਡੇ ਆਦਮੀਆਂ ਦੀ ਪਰਮ ਖੁਸ਼ੀਆਂ ਦੀ ਭੇਟੀ ਵਿੱਚ ਹੁੰਦੀ ਹੈ।"[1]

ਸੁੱਖ ਦੀ ਹੋਂਦ ਨੂੰ ਵੀ ਦੁੱਖ ਦੇ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਮੱਸਿਆ ਦੀ ਕਾਲੀ ਬੋਲੀ ਰਾਤ ਆਕਾਸ਼ ਗੰਗਾ (Milky Way) ਨੂੰ ਵਧੇਰੇ ਚਮਕਾਉਂਦੀ ਹੈ, ਇਸ ਤਰ੍ਹਾਂ ਦੁੱਖਾਂ ਨੂੰ ਸਹਿਣ ਤੋਂ ਬਾਅਦ ਸੁੱਖ ਵਧੇਰੇ ਚੰਗੇ ਲੱਗਦੇ ਹਨ। ਜੇ ਪੀੜ ਦਾ ਅਹਿਸਾਸ ਨਾ ਹੁੰਦਾ ਤਾਂ ਮਨੁੱਖ ਨੂੰ ਆਪਣੀ ਸੌਖਿਆਂ ਦਾ ਅਹਿਸਾਸ ਵੀ ਨਹੀਂ ਹੋਣਾ ਸੀ। ਜੋ ਦੁੱਖ ਇੱਛਾਵਾਂ ਵਿੱਚ ਦਾਰੂ ਹੋ ਨਿਬੜਦੇ ਹਨ। ਸਪਾਸ਼ਟ ਹੈ:-

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥[2]

ਇਸ ਤੁਕ ਦਾ ਭਾਵ ਇਹ ਹੈ ਕਿ ਦੁੱਖ ਜੀਵਾਂ ਲਈ ਦਾਰੂ ਹੈ ਅਤੇ ਸੁੱਖ ਰੋਗ ਹੈ ਕਿਉਂਕਿ ਜਿੱਥੇ ਦੁੱਖ ਹੈ ਉਥੇ ਵਾਹਿਗੁਰੂ ਦਾ ਨਾਮ ਯਾਦ ਹੁੰਦਾ ਹੈ ਤੇ ਜਦੋਂ ਸੁੱਖ ਪ੍ਰਾਪਤ ਹੋ ਜਾਂਦੇ ਹਨ ਤਾਂ ਜੀਵ ਵਾਹਿਗੁਰੂ ਜੀ ਨੂੰ ਭੁੱਲ ਜਾਂਦਾ ਹੈ। ਕਬੀਰ ਸਾਹਿਬ ਲਿਖਦੇ ਹਨ:

ਕਬੀਰ ਨਾਮ ਪਰੇ ਘਰਿ ਸਿਮਰੀਐ ਐਸਾ ਸਿਮਰਹੁ ਨਿਤੁ ॥[3]

---

1. ਡਾ. ਰਾਧਾ ਕ੍ਰਿਸ਼ਨਨ, ਧਰਮ ਵਿੱਚ ਤੁਲਨਾਤਮਿਕ ਅਧਿਐਨ (ਅਨੁਵਾਦ), ਪੰਨਾ 149
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 469
3. ਉਹੀ, ਪੰਨਾ 1373

ਡਾ. ਤਾਰਨ ਸਿੰਘ ਲਿਖਦੇ ਹਨ:-

> "ਦੁਖੁ ਦਾਰੂ ਸੁਖੁ ਰੋਗੁ ਭਇਆ ਦਾ ਭਾਵ ਇਹ ਹੈ ਕਿ ਜੇ ਬਹੁਤੀ ਅਮੀਰੀ ਦੀ ਐਸ਼ ਇਸ਼ਰਤ ਪ੍ਰਾਪਤ ਹੋ ਜਾਵੇ ਤਾਂ ਆਮ ਕਰਕੇ ਪਰਮਾਤਮਾ ਭੁੱਲ ਜਾਂਦਾ ਹੈ ਤੇ ਮਨੁੱਖ ਵਿੱਚ ਆਚਰਣਹੀਣਤਾ ਦਾ ਰੋਗ ਆ ਜਾਂਦਾ ਹੈ — ਦੁੱਖ, ਰੋਗ, ਮੁਸੀਬਤ ਵਿੱਚ ਪਰਮਾਤਮਾ ਯਾਦ ਰਹਿੰਦਾ ਹੈ ਤੇ ਮਨੁੱਖ ਵਿੱਚ ਆਚਰਣ ਦੀ ਦ੍ਰਿੜਤਾ ਉਪਜਦੀ ਹੈ। ਉਹ ਹਰ ਇਕ ਭਾਵ ਇਸ ਨਜ਼ਰ ਨਾਲ ਵੇਖਦਾ ਹੈ ਕਿ ਆਪੇ ਦਾਸ ਤੇ ਆਪੇ ਨਦਰ।"[1]

ਅਰਥਾਤ ਮਨੁੱਖ ਨੂੰ ਤਪ ਸਾਧਨਾ ਕਰਨ ਨਾਲ ਤਾਂ ਜਸ ਕਰਦਾ ਸੁੱਖ ਮਿਲਦਾ ਹੈ ਪਰ ਜਸ ਮਿਲਣ ਉਪਰੰਤ ਉਹ ਅਕਾਲਪੁਰਖ ਨੂੰ ਭੁੱਲ ਜਾਂਦਾ ਹੈ ਤੇ ਫਿਰ ਨਰਕ ਵਿੱਚ ਜਾ ਡਿੱਗਦਾ ਹੈ। ਨਰਕ ਵਿੱਚ ਡਿੱਗਣ ਉਪਰੰਤ ਫਿਰ ਵਾਹਿਗੁਰੂ ਯਾਦ ਆਉਂਦਾ ਹੈ। ਇਸ ਕਰਕੇ ਦੁੱਖ ਦਾਰੂ ਹੋ ਨਿਬੜਦਾ ਹੈ।

ਦੁੱਖ ਕਿਸੇ ਸਰੀਰਕ ਬਿਮਾਰੀ ਕਰਕੇ, ਕਿਸੇ ਪਿਆਰੇ ਸਾਕ ਸੰਬੰਧੀ ਦੇ ਵਿਛੋੜੇ ਕਰਕੇ, ਆਰਥਿਕ ਸੰਕਟ ਕਰਕੇ, ਘੋਰ ਗਰੀਬੀ ਹੋਣ ਕਰਕੇ ਜਾਂ ਕਿਸੇ ਇੱਛਾ ਤੋਂ ਉਪਜੀ ਮਨ ਦੀ ਅਵਸਥਾ ਹੈ। ਇਸੇ ਤਰ੍ਹਾਂ ਸੁੱਖ ਦਾ ਭਾਵ ਮਾਨਸਿਕ ਤੇ ਸਰੀਰਕ ਸੁੱਖ ਹੈ ਜਿਹੜਾ ਕਿ ਦੁਨਿਆਵੀ ਧਨ ਦੌਲਤ ਮਿਲਣ ਤੇ, ਸਰੀਰ ਅਰੋਗ ਰਹਿਣ ਕਰਕੇ, ਕਿਸੇ ਪਿਆਰੇ ਸਾਕ ਦਾ ਮੇਲ ਹੋਣ ਕਰਕੇ ਮਿਲਦਾ ਹੈ।

ਡਾ. ਤਾਰਨ ਸਿੰਘ ਨੇ ਇਸ ਤੁਕ ਨਾਲ ਸੰਬੰਧਤ 'ਦੁੱਖ-ਸੁੱਖ' ਦੇ ਭਾਵ ਪ੍ਰਗਟਾਉਂਦੇ ਹੋਏ ਲਿਖਿਆ ਹੈ:-

> "ਦੁਖ ਤੇ ਸੁਖ ਦੇ ਅਰਥ ਸਧਾਰਣ ਤੇ ਸੰਸਾਰੀ ਲੈਂਦੇ ਹਨ।
> ਪਰਮਾਰਥਕ ਆਤਮਕ ਜਾਂ ਹੋਰ ਕਿਸੇ ਉਚੇਰੇ ਪੱਧਰ ਦੇ ਨਹੀਂ ਲੈਂਦੇ।"[2]

---

1. ਡਾ. ਤਾਰਨ ਸਿੰਘ, <u>ਸਿੱਖ ਧਰਮ ਦੇ ਦਰਸ਼ਨ ਤੇ ਸਾਰ</u>, ਪੰਨਾ 21-22
2. ਉਹੀ, ਪੰਨਾ 17

ਅੱਗੇ ਜਾ ਕੇ ਆਪ ਲਿਖਦੇ ਹਨ:

> "'ਦਾਰੂ' ਤੇ 'ਰੋਗ' ਸਧਾਰਨ 'ਦਵਾਈ' ਤੇ 'ਬੀਮਾਰੀ' ਦੇ ਅਰਥਾਂ ਵਿੱਚ ਨਹੀਂ ਵਰਤੇ ਗਏ। 'ਰੋਗ' ਦਾ ਭਾਵ ਆਮ ਸਧਾਰਨ ਸਰੀਰਕ ਬੀਮਾਰੀ ਨਹੀਂ ਹੈ ਤੇ 'ਦਾਰੂ' ਦਾ ਭਾਵ ਆਮ ਪੀਣ ਵਾਲੀ ਦਵਾਈ ਨਹੀਂ ਹੈ। ਇਹ ਸ਼ਬਦ ਕਿਸੇ ਮਾਨਸਿਕ ਆਤਮਿਕ ਬੀਮਾਰੀ ਬਾਰੇ ਤੇ ਉਸਦੇ ਇਲਾਜ ਬਾਰੇ ਵਰਤੇ ਹਨ।"[1]

ਉਹ ਪਹਿਲਾਂ ਸੁੱਖ ਨੂੰ ਰੋਗ ਦੇ ਰੂਪ ਵਿੱਚ ਸਿੱਧ ਕਰਦਾ ਹੈ।

ਆਮ ਵੇਖਣ ਵਿੱਚ ਆਉਂਦਾ ਹੈ ਕਿ ਜਿਸ ਮਨੁੱਖ ਨੂੰ ਸੁੱਖਾਂ ਦੀ ਪ੍ਰਾਪਤੀ ਹੋ ਜਾਵੇ, ਉਹ ਸੁੱਖਾਂ ਦੇ ਲੋਭ ਕਾਰਨ ਵਾਹਿਗੁਰੂ ਨੂੰ ਭੁੱਲ ਜਾਂਦਾ ਹੈ। ਉਹ ਦੁਨੀਆਂ ਦੇ ਭੋਗਾਂ ਵਿੱਚ ਗ੍ਰਸਤ ਹੋ ਜਾਂਦਾ ਹੈ। ਗੁਰਦੇਵ ਨੇ ਅਜਿਹੇ ਵਿਅਕਤੀ ਨੂੰ ਮੂਰਖ ਕਹਿਕੇ ਸੰਬੋਧਨ ਕੀਤਾ ਹੈ ਕਿਉਂਕਿ ਉਸਦੇ ਚਿੱਤ ਚੇਤੇ ਵੀ ਨਹੀਂ ਹੁੰਦਾ ਕਿ ਇਹੀ ਸੁੱਖ ਰੋਗ ਹੋ ਨਿਬੜਦੇ ਹਨ। ਆਪ ਫੁਰਮਾਉਂਦੇ ਹਨ:-

> ਮੂਰਖੁ ਭੋਗੇ ਭੋਗ ਦੁਖ ਸਬਾਇਆ ॥
> ਸੁਖਹੁ ਉਠੇ ਰੋਗੁ ਪਾਪੁ ਕਮਾਇਆ ॥
> ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥
> ਮੂਰਖੁ ਗਣਤ ਗਣਾਇ ਝਗੜਾ ਪਾਇਆ ॥[2]

ਉਹ ਦੁਨਿਆਵੀ ਝਗੜਿਆਂ ਵਿੱਚ ਪੈ ਜਾਂਦਾ ਹੈ। ਹਉਮੈ ਵਿੱਚ ਫਸ ਜਾਂਦਾ ਹੈ ਅਤੇ ਹਉਮੈ ਆਤਮਾ ਪ੍ਰਮਾਤਮਾ ਵਿਚਕਾਰ ਕੰਧ ਹੈ। ਜਿਸ ਦੇ ਕਾਰਣ ਉਹ ਸਭ ਕੁਝ ਆਪਣੇ ਆਪ ਨੂੰ ਹੀ ਸਮਝਦਾ ਹੈ। ਉਸਨੂੰ ਇਹ ਸੋਝੀ ਹੀ ਨਹੀਂ ਰਹਿੰਦੀ ਕਿ ਆਪਣੇ ਆਪ ਨੂੰ ਸਭ ਕਾਸੇ ਦਾ ਕਰਤਾ ਧਰਤਾ ਮੰਨਣ ਉਪਰੰਤ ਗਰਭ ਜੋਨ ਦੇ ਚੱਕਰ ਤੋਂ ਛੁੱਟ ਹੋਰ ਕੁਝ ਵੀ ਪ੍ਰਾਪਤ

---

1. ਡਾ. ਤਾਰਨ ਸਿੰਘ, ਸਿੱਖ ਧਰਮ ਦੇ ਰਹਿਸ ਤੇ ਰਮਜ਼, ਪੰਨਾ 18
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 139

ਨਹੀਂ ਹੁੰਦਾ। ਅਜਿਹੇ ਮਨੁੱਖ ਦਾ ਚਿੱਤਰ ਗੁਰਦੇਵ ਇਨ੍ਹਾਂ ਸ਼ਬਦਾਂ ਰਾਹੀਂ ਖਿੱਚਦੇ ਹਨ:-

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥[1]

ਜਿਸ ਹਿਰਦੇ ਵਿੱਚ ਹਉਮੈ ਦਾ ਨਿਵਾਸ ਹੈ, ਉਥੇ ਵਾਹਿਗੁਰੂ ਦੀ ਯਾਦ ਨਹੀਂ ਹੈ ਕਿਉਂਕਿ ਨਾਮ ਤੇ ਹਉਮੈ ਦੋਵੇਂ ਇਕ ਜਗ੍ਹਾ ਨਹੀਂ ਰਹਿ ਸਕਦੇ। ਇਸਦੀ ਹੋਂਦ ਸਮੇਂ ਪਰਮਾਤਮਾ ਨੂੰ ਲੱਭਿਆ ਨਹੀਂ ਜਾ ਸਕਦਾ। ਗੁਰਵਾਕ ਹੈ:-

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥[2]

ਅਜਿਹਾ ਪੁਰਸ਼ ਆਪਣੇ ਮੂਲ ਨਾਲੋਂ ਟੁੱਟ ਜਾਂਦਾ ਹੈ ਤੇ "ਮੈਂ" ਵਿੱਚ ਫਸ ਜਾਂਦਾ ਹੈ। ਸਿੱਖੀ ਸਾਗਰ ਵਿੱਚ ਲਿਖਿਆ ਹੈ:-

"ਅਸੀਂ ਆਪਣੇ ਪ੍ਰੀਤਮ ਜੀ ਨੂੰ ਕਿਸ ਤਰੀਕੇ ਜੁਦਾਈ ਰੱਖਦੇ ਹਾਂ। ਇਸ ਜੁਦਾਈ ਰੱਖਣ ਦੇ ਅਰਸੇ ਸਾਡੇ ਅੰਦਰੋਂ ਉਸਦੀ ਖਿੱਚ ਤੇ ਪਿਆਰ ਟੁੱਟ ਜਾਂਦਾ ਹੈ। ਪਿਆਰ ਤੇ ਖਿੱਚਰੱਖਣ ਦੇ ਅਰਸੇ ਸਾਡੇ ਵਿੱਚ ਉਸਦਾ ਬਲ, ਉਸਦੀ ਤਾਕਤ, ਉਸਦਾ ਰਸ, ਉਸਦਾ ਸੁਖ, ਉਸਦੀ ਰੌਣਕ, ਉਸਦੀ ਖਿੱਚ ਨਹੀਂ ਰਹਿੰਦੀ। ਸਾਡਾ ਪਿਆਰ ਕੂੜੀ ਪੈਦਾ ਹੋਈ 'ਮੈਂ' ਨਾਲ ਪੈ ਜਾਂਦਾ ਹੈ। ਆਪਣਾ ਸੁੱਖ ਲੋੜਦੇ ਹਾਂ ਤੇ ਕੂੜਿਆਂ ਨਾਲ ਪਿਆਰ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 278
2. ਉਹੀ, ਪੰਨਾ 560

ਨਹੀਂ ਕਰਦੇ, ਸਗੋਂ ਦੂਸਰੇ ਦੇ ਦੁੱਖ ਤੋਂ ਬੇਪਰਵਾਹ ਹੋ ਜਾਂਦੇ ਹਾਂ।"[1]

ਅਗਿਆਨੀ ਮਨੁੱਖ ਭਟਕਦਾ ਹੀ ਚਲਾ ਜਾਂਦਾ ਹੈ। ਪਾਪ ਕਰਮਾਂ ਵਿੱਚ ਗ੍ਰਸਿਆ ਜਾਂਦਾ ਹੈ। ਉਹ ਅਗਿਆਨਤਾ ਵੱਸ ਆਪਣੇ ਆਪ ਨੂੰ ਪਰਮਸੁਖੀ ਸਮਝਦਾ ਹੈ। ਉਸਨੂੰ ਇਹ ਸੋਝੀ ਹੀ ਨਹੀਂ ਹੁੰਦੀ ਕਿ ਸੁੱਖ ਬਹੁਤਾ ਧਨ ਕਮਾਉਣ, ਨਾਚ ਤਮਾਸ਼ੇ ਦੇਖਣ, ਦੇਸ਼ ਪ੍ਰਦੇਸ਼ ਘੁੰਮਣ ਵਿੱਚ ਨਹੀਂ ਹੈ, ਸਗੋਂ ਇਹ ਸਭ ਤਾਂ ਦੁੱਖ ਦੇ ਕਾਰਣ ਹਨ। ਅਸਲ ਸੁੱਖ ਤਾਂ ਹਰੀ ਜੱਸ ਗਾਉਣ ਵਿੱਚ ਹੈ। ਫੁਰਮਾਨ ਹੈ:-

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸੁ ਕਮਾਇ ॥
ਸਰਬ ਸੁਖਾ ਹਰਿ ਹਰਿ ਗੁਣ ਗਾਇ ॥[2]

ਪਰ ਉਹ ਅਗਿਆਨੀ ਇਸ ਹਕੀਕਤ "ਸਰਬ ਸੁਖਾ ਹਰਿ ਹਰਿ ਗੁਣ ਗਾਇ।" ਨੂੰ ਨਹੀਂ ਸਮਝਦਾ, ਸਗੋਂ ਉਹ ਇਸ ਸੰਸਾਰ ਨੂੰ, ਇਸ ਦੇ ਛਿਨ ਭੰਗਰੇ ਸੁੱਖਾਂ ਨੂੰ ਹੀ ਸਦੀਵ ਸਮਝ ਬੈਠਦਾ ਹੈ। ਉਸਦਾ ਇਹ ਵਿਸ਼ਵਾਸ਼ ਹੁੰਦਾ ਹੈ: "ਇਹ ਜਗੁ ਮਿਠਾ ਅਗਲਾ ਕਿਨਿ ਡਿਠਾ।" ਆਪਣੇ ਸੁੱਖ ਨੂੰ ਕਾਇਮ ਰੱਖਣ ਲਈ ਉਹ ਇਕ ਵਸਤੂ ਨੂੰ ਪ੍ਰਾਪਤ ਕਰਦਾ ਹੈ, ਫਿਰ ਦੂਸਰੀ ਪਿੱਛੇ ਦੌੜਦਾ ਹੈ, ਦੂਸਰੀ ਮਗਰੋਂ ਤੀਸਰੀ। ਉਸਦੀ ਇਹ ਤੀਬਰ ਇੱਛਾ ਹੁੰਦੀ ਹੈ ਕਿ ਸਭ ਕੁਝ ਮੈਨੂੰ ਮਿਲ ਜਾਵੇ, ਉਸਦੀ ਤ੍ਰਿਸ਼ਨਾ ਅਗਨੀ ਭੜਕਦੀ ਹੀ ਜਾਂਦੀ ਹੈ। ਇਸ ਬਾਰੇ ਗੁਰਦੇਵ ਦਾ ਫੁਰਮਾਨ ਹੈ:-

ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥[3]

---

1. ਵਲੋਂ ਚੀਫ਼ ਖਾਲਸਾ ਦੀਵਾਨ, ਸਿੱਖੀ ਮਾਰਗ, ਪੰਨਾ 8
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1147
3. ਉਹੀ, ਪੰਨਾ 649

ਜਿਨ੍ਹਾਂ ਵਿਚ ਤਾਂ ਅਜਿਹੇ ਪੁਰਸ਼ ਦੀਆਂ ਖ਼ਾਹਸ਼ਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ, ਉਸਨੂੰ ਕੁਝ ਨਾ ਕੁਝ ਸੰਤੁਸ਼ਟੀ ਹੁੰਦੀ ਹੈ। ਪਰ ਜਦੋਂ ਹੀ ਕੋਈ ਇੱਛਾ ਅਪੂਰਨ ਰਹੀ, ਤਾਂ ਇਹ ਕ੍ਰੋਧ ਰੂਪੀ ਚੰਡਾਲ ਉਸਤੇ ਆ ਸਵਾਰ ਹੁੰਦਾ ਹੈ। ਉਸਨੂੰ ਗੁੱਸਾ ਆਉਂਦਾ ਹੈ ਉਹ ਦੂਸਰਿਆਂ ਤੋਂ ਵੈਰ ਵਿਰੋਧ ਕਰਦਾ ਹੈ, ਦੂਸਰਿਆਂ ਦੇ ਹੱਕ ਮਾਰਦਾ ਹੈ। ਇਹ ਮਾਇਆ ਇਨ੍ਹਾਂ ਪਾਪਾਂ ਤੋਂ ਇਕੱਠੀ ਨਹੀਂ ਹੁੰਦੀ ਅਤੇ ਮਰਨ ਉਪਰੰਤ ਸਾਥ ਨਹੀਂ ਜਾਂਦੀ। ਫੁਰਮਾਨ ਹੈ:-

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥[1]

ਡਾ. ਤਾਰਨ ਸਿੰਘ ਲਿਖਦੇ ਹਨ:-

"ਧਨ ਪਾਪਾਂ ਬਿਨਾਂ ਇਕੱਠਾ ਨਹੀਂ ਹੁੰਦਾ ਤੇ ਮਨੁੱਖ ਨੂੰ ਐਬਾਂ ਵਿਚ ਆਮ ਕਰਕੇ ਧੱਕ ਦਿੰਦਾ ਹੈ। ਕਈ ਧਨਾਢ ਐਬ ਕੀਤੇ ਬਿਨਾਂ ਵੀ ਹੋ ਸਕਦੇ ਹਨ ਤੇ ਹੁੰਦੇ ਹਨ ਪਰ ਆਮ ਨਹੀਂ। ਇਸ ਕਰਕੇ ਗਰੀਬ ਹੋਣਾ ਅੱਜ ਕੱਲ੍ਹ ਸ਼ਰਮ ਦੀ ਗੱਲ ਬਣਦੀ ਜਾਂਦੀ ਹੈ।"[2]

ਇਸੇ ਮਾਇਆ ਦੀ ਪ੍ਰਾਪਤੀ ਤੇ ਉਹ ਖੁਸ਼ ਹੁੰਦਾ ਹੈ। ਪਰ ਇਹ ਖੁਸ਼ੀ ਵੀ ਛਿਣ ਭੰਗਰੀ ਹੈ, ਕਿਉਂਕਿ ਸੰਸਾਰ ਵਿੱਚ ਰਹਿੰਦਿਆਂ ਸਾਰੇ ਪ੍ਰਾਪਤ ਸੁੱਖ ਸਥਿਰ ਨਹੀਂ ਹਨ। ਗੁਰਬਾਣੀ ਵਿੱਚ ਇਨ੍ਹਾਂ ਸੁੱਖਾਂ ਨੂੰ ਸੁਪਨੇ ਵਿੱਚ ਪ੍ਰਾਪਤ ਹੋਣ ਵਾਲੇ ਪਦਾਰਥਾਂ ਨਾਲ ਤੁਲਨਾ ਦਿੱਤੀ ਹੈ ਕਿ ਜਿਸ ਤਰ੍ਹਾਂ ਨੀਂਦਰ ਦੇ ਘੁੱਟ੍ਰਿਆਂ ਦੀ ਸੁਪਨੇ ਵਿੱਚ ਪ੍ਰਾਪਤ ਹੋਏ ਪਦਾਰਥ ਛਾਈਂ ਮਾਈਂ ਹੋ ਜਾਂਦੇ ਹਨ, ਇਸੇ ਤਰ੍ਹਾਂ ਇਸ ਸੰਸਾਰ ਤੋਂ ਪ੍ਰਾਪਤ ਹੋਏ ਧਨ ਪਦਾਰਥ ਆਦਿ ਤੋਂ ਉਪਜਿਆ ਸੁਖ ਵੀ ਥੋੜ੍ਹੇ ਚਿਰ ਤੇ ਜਲਦੀ ਹੀ ਖ਼ਤਮ ਹੋ ਜਾਣ ਵਾਲਾ ਹੈ। ਫੁਰਮਾਨ ਹੈ:-

ਸਗਲੁ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥ਰਹਾਉ॥
ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹੁ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 417
2. ਡਾ. ਤਾਰਨ ਸਿੰਘ, ਸਿਖ ਧਰਮ ਦੇ ਰਹਿਸ ਤੇ ਸਾਰ, ਪੰਨਾ 19
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 633

ਇਸ ਕੂੜੇ ਸੰਸਾਰ ਨਾਲ ਮੋਹ ਪ੍ਰੀਤ ਕਿਵੇਂ ਸੱਚਾ ਹੋ ਸਕਦੀ ਹੈ? ਪਰ ਅਹੰਕਾਰ ਮੁਖੀ ਮਨੁੱਖ ਇਸ ਵਾਸਤਵਿਕਤਾ ਤੋਂ ਤਾਂ ਅੱਖਾਂ ਮੀਟੀ ਰੱਖਦਾ ਹੈ। ਉਹ ਤਾਂ ਧਨ, ਜੋਬਨ ਤੇ ਮਾਇਆ ਦੀ ਪ੍ਰਾਪਤੀ ਲਈ ਦੀਵਾਨਾ ਹੋਇਆ, ਮਾਇਆ ਦੇ ਚੱਕਰ ਵਿੱਚ ਫਸਿਆ ਭਟਕਦਾ ਫਿਰਦਾ ਹੈ। ਗੁਰਦੇਵ ਅਜਿਹੇ ਪੁਰਸ਼ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਰਾਹੀਂ ਕਰਦੇ ਹਨ:-

ਸਾਧੋ ਇਹੁ ਜਗੁ ਭਰਮਿ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮਹਿ ਅਹਿਨਿਸਿ ਰਹੈ ਦਿਵਾਨਾ ॥
ਦੀਨੁ ਦਇਆਲੁ ਸਦਾ ਦੁਖ ਭੰਜਨੁ ਤਾ ਸਿਉ ਮਨੁ ਨ ਲਗਾਨਾ ॥[1]

ਅਜਿਹਾ ਪੁਰਸ਼ ਜੋ ਵਾਹਿਗੁਰੂ ਦੀ ਯਾਦ ਨੂੰ ਭੁੱਲ ਚੁੱਕਿਆ ਹੈ, ਇਹ ਵੀ ਭੁੱਲ ਜਾਂਦਾ ਹੈ ਕਿ ਇਹ ਸਾਰੀ ਸ੍ਰਿਸ਼ਟੀ ਉਸੇ ਦੀ ਰਚਨਾ ਹੈ। ਉਹ ਉਸਦੇ ਪੈਦਾ ਕੀਤੇ ਇਨਸਾਨਾਂ ਵਿੱਚ ਵੀ, ਉਸਦੀ ਜੋਤ ਨੂੰ ਕਮੀ ਹੋਛੀ ਨਜ਼ਰੀਂ ਦੇਖਦਾ ਅਤੇ ਉਸਨੂੰ ਉਨ੍ਹਾਂ ਵਿਚੋਂ ਚੰਗਿਆਈ ਦੀ ਥਾਂ ਬੁਰਿਆਈ ਹੀ ਦਿਸਦੀ ਹੈ। ਉਹ -

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕੁ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕਉਨ ਮੰਦੇ ॥[2]

ਅਤੇ

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥[3]

ਆਪ ਵਰਗੇ ਮਨੁੱਖਾਂ ਦੀਆਂ ਸਮਾਨ ਸਚਾਈਆਂ ਨੂੰ ਨਾ ਸਮਝਦਾ ਹੋਇਆ ਆਪਣੇ ਆਪ ਨੂੰ ਸ੍ਰੇਸ਼ਟ ਸਮਝਦਾ ਹੈ। ਮਨੁੱਖ ਦੀ ਆਪਣੀ ਸਿਰਜੀ ਜਾਤ ਪਾਤ ਵਿੱਚ ਉਸਦਾ ਵਿਸ਼ਵਾਸ਼ ਹੁੰਦਾ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 684-85
2. ਉਹੀ, ਪੰਨਾ 1349
3. ਉਹੀ, ਪੰਨਾ 611

ਹੈ। ਡਾ. ਤਾਰਨ ਸਿੰਘ ਲਿਖਦੇ ਹਨ:-

> "ਰੋਗੀ ਮਨ ਮਨੁੱਖਤਾ ਦੀਆਂ ਵੰਡੀਆਂ ਵਿੱਚ ਵਿਸ਼ਵਾਸ਼ ਰੱਖਦਾ ਹੈ; ਜਾਤ ਪਾਤ ਤੇ (ਵਰਨ) ਵਿੱਚ ਵਿਸ਼ਵਾਸ਼ ਰੱਖਦਾ ਹੈ। ਹਉਮੈ ਰੋਗ ਦਾ ਇਹ ਸਭ ਤੋਂ ਵੱਡਾ ਚਿੰਨ੍ਹ ਹੈ ਜੋ ਮਨੁੱਖੀ ਆਚਰਣ ਵਿੱਚ ਖੁਦਗਰਜ਼ੀ, ਸੁਆਰਥ ਪੈਦਾ ਕਰਦਾ ਹੈ; ਵਿਤਕਰੇ ਤੇ ਹੰਕਾਰ ਪੈਦਾ ਕਰਦਾ ਹੈ। ਇਹ ਆਚਰਣਹੀਣਤਾ ਹੈ।"[1]

ਉਸਨੂੰ ਇਸ ਸਚਾਈ ਦੀ ਸੋਝੀ ਨਹੀਂ ਹੁੰਦੀ ਕਿ ਜਾਤ ਪਾਤ ਵਿੱਚ ਪੈਣ ਕਰਕੇ ਉਹ ਆਪਣਾ ਹੀਰੇ ਵਰਗਾ ਜਨਮ ਵਿਅਰਥ ਗੁਆ ਰਿਹਾ ਹੈ। ਇਸ ਜਾਤ ਦੇ ਅਭਿਮਾਨ ਵਾਲੀ ਭਾਵਨਾ ਤੋਂ ਜਿਹੜੇ ਵਿਕਾਰ ਪੈਦਾ ਹੁੰਦੇ ਹਨ, ਉਹ ਇਨ੍ਹਾਂ ਤੋਂ ਅਣਜਾਣ ਰਹਿੰਦਾ ਹੈ। ਗੁਰਦੇਵ ਸਮਝਾਉਂਦੇ ਹਨ:-

> ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
> ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥
> ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
> ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ ॥[2]

ਅਜਿਹੇ ਮਨੁੱਖ ਵਿੱਚ ਕੌੜਤਾ ਦੀ ਭਾਵਨਾ ਵੱਧਦੀ ਜਾਂਦੀ ਹੈ। ਉਹ ਭੁੱਲ ਜਾਂਦੇ ਕਿ ਅਸਲ ਵਿੱਚ ਸੁਖੀ ਰਹਿਣ ਲਈ ਅਤਿ ਜ਼ਰੂਰੀ ਹਨ, ਜੈਸੇ ਜੈਸੇ ਅਣਦੇਖ ਹੁੰਦੇ ਜਾਂਦੇ ਹਨ। ਉਹ ਵਿਕਾਰਾਂ ਵਿੱਚ ਫਸਿਆ ਜਾਂਦਾ ਹੈ। ਅਗਿਆਨਤਾ ਵੱਸ ਉਹ ਆਪਣੇ ਆਪ ਨੂੰ ਵਿਦਵਾਨ ਸਮਝਦਾ ਹੈ। ਉਹ ਅਨੰਤ ਪੁਰਖ ਜਿਸਦਾ ਅੰਤ ਨਹੀਂ ਲੱਭਿਆ ਜਾ ਸਕਦਾ, ਇਹ ਆਪਣੀ ਤੁੱਛ ਬੁੱਧੀ ਨਾਲ ਨਾਪਣ ਦੀ ਕੋਸ਼ਿਸ਼ ਕਰਦਾ ਹੈ। ਉਸਨੂੰ ਇਹ ਸੋਝੀ ਨਹੀਂ ਕਿ ਇਕ ਰੇਤ ਦਾ ਕਿਣਕਾ ਰੇਗਿਸਤਾਨ ਦਾ ਭੇਦ ਨਹੀਂ ਪਾ ਸਕਦਾ। ਇਸ ਬਾਰੇ ਤਾਂ ਵੇਦ ਪੁਰਾਣ ਵੀ ਚੁੱਪ ਹਨ। ਇਸ ਬਾਰੇ ਤਾਂ ਵੇਦ ਪੁਰਾਣ ਵੀ ਚੁੱਪ ਹਨ। ਫੁਰਮਾਨ ਹੈ:-

---

1. ਡਾ. ਤਾਰਨ ਸਿੰਘ, ਸਿੱਖ ਧਰਮ ਦੇ ਵਿਰਸ ਤੇ ਸਮਝ, ਪੰਨਾ 20
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1128

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮੁ ਬੇਅੰਤੁ ॥[1]

ਡਾ. ਤਾਰਨ ਸਿੰਘ ਨੇ ਲਿਖਿਆ ਹੈ:-

"ਇਹ ਲੇਖਕ ਇਲਾਹੀ ਗਿਆਨ ਨੂੰ ਹੀ ਮਨੁੱਖ ਦੀ ਮਹਾਨਤਾ ਸਮਝਦਾ ਹੈ। ਪਰ 'ਗਿਆਨ' ਜਾਂ ਵਿਦਵਤਾ ਮਨੁੱਖ ਦੀ ਮਹਾਨਤਾ ਦਾ ਠੋਸ ਸਬੂਤ ਨਹੀਂ। -- ਕਿਤਾਬੀ ਨਹੀਂ ਪ੍ਰੇਮ ਮਹਾਨਤਾ ਦਾ ਪ੍ਰਮਾਣ ਹੈ। 'ਆਤਮ ਦੀ ਆਸਨਾ' ਮਹਾਨ ਚੀਜ਼ ਹੈ। ਸੰਸਾਰ ਤੇ ਪ੍ਰਮਾਤਮਾ ਦਾ ਵਿਦਵਤਾ ਨਾਲ ਅੰਤ ਨਹੀਂ ਪ੍ਰਾਪਤ ਹੁੰਦਾ।"[2]

ਵਿਦਵਾਨ ਬਣਿਆ ਮਨੁੱਖ ਆਪਾ ਜ਼ਾਹਿਰ ਕਰਦਾ ਹੈ, ਪਰ ਉਸ ਵਾਹਿਗੁਰੂ ਦੀ ਸਾਰ ਨੂੰ ਸਮਝ ਨਹੀਂ ਸਕਦਾ। ਸਾਹਿਬ ਅਜਿਹੇ ਮੂਰਖ ਦੀ ਦਸ਼ਾ ਇਉਂ ਬਿਆਨ ਕਰਦੇ ਹਨ:-

ਮੂਰਖੁ ਆਪੁ ਗਣਾਇਦਾ ਬੁਝਿ ਨ ਸਕੈ ਕਾਰ ॥[3]

ਇਹ ਮਨੁੱਖ ਜਿਤਨਾ ਸਰਬ ਸਮਰੱਥ ਵਾਹਿਗੁਰੂ ਦੀ ਕਿਰਪਾ ਸਦਕਾ ਸੁਖੀ ਹੋਇਆ, ਸਭੇ ਵਸਤੂਆਂ ਉਸ ਦਾਤਾਰ ਨੇ ਇਸਨੂੰ ਬਖਸ਼ੀਆਂ। ਜਦੋਂ ਹੀ ਇਹ ਸੁੱਖਾਂ ਵਿਚ ਗ੍ਰਸਿਤ ਹੋਇਆ, ਉਸ ਦੇਣਹਾਰ ਦਾਤਾਰ ਨੂੰ ਭੁੱਲ ਗਿਆ ਅਤੇ ਰਸਾਤਲਤਾ ਦੇ ਖੂਹ ਵਿਚ ਜਾ ਡਿੱਗਿਆ। ਸਭੇ ਵਿਕਾਰ ਇਸਨੂੰ ਆ ਚਿੰਬੜੇ। ਸੁੱਖ ਹੀ ਰੋਗ ਦਾ ਕਾਰਣ ਬਣ ਗਿਆ ਪਰ ਰੋਗ ਗ੍ਰਸਿਆ ਹੋਇਆ ਇਸ ਗੱਲ ਨੂੰ ਸਮਝਦਾ ਨਹੀਂ ਹੈ।

ਗੁਰੂ "ਦੁਖੁ ਦਾਰੂ" ਵਾਲੇ ਪੱਖ ਨੂੰ ਵੇਖਦਾ ਹੈ ਕਿ ਦੁੱਖ ਜਿਸਤੋਂ ਛੁਟਕਾਰਾ ਪਾਉਣ ਲਈ ਹਰ ਪ੍ਰਾਣੀ ਮਾਤਰ ਤੜਪ ਰਿਹਾ ਹੈ, ਦਾਰੂ ਕਿਵੇਂ ਹੋ ਨਿਬੜਦਾ ਹੈ? ਕਾਮ ਕ੍ਰੋਧ ਤੇ ਸੰਘੋਣੇ ਨੂੰ ਇਹ ਜ਼ਾਹਿਰ ਸੌਂਪਿਆ ਜਾਂਦਾ ਹੈ ਅਤੇ ਇਸਨੂੰ ਆ ਰੋਗ ਨਾਲ ਮੇਲ ਹੋ ਜਾਂਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 894
2. ਡਾ. ਤਾਰਨ ਸਿੰਘ, ਸਿੱਖ ਧਰਮ ਦੇ ਰਹੱਸ ਤੇ ਰਮਜ਼, ਪੰਨਾ 20
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1343.

ਪਰ ਜੇਕਰ ਕਿਸੇ ਜੀਵਾਤਮੇ ਨੂੰ ਵਾਹਿਗੁਰੂ ਦੇ ਹੁਕਮ ਵਿੱਚ ਰਿਹਾ ਜਾਵੇ ਤਾਂ ਅਤੇ ਮਿਥਿਆ ਵਿਸ਼ਿਆਂ ਨੂੰ ਪਰ੍ਹੇ ਕਰ ਦੇਵੇ, ਉਸਦਾ ਸਰੀਰ ਵੈਰਾਗ ਵਾਲਾ ਹੋ ਜਾਂਦਾ ਹੈ। ਵਿਸ਼ਿਆਂ ਵਿਚ ਸਾਰਾ ਦੁੱਖਾਂ ਦਾ ਹੈ। ਆਮ ਵਿਸ਼ਿਆਂ ਸੁੱਖਾਂ ਵਿੱਚ ਫਸਦਾ ਜਾਂਦਾ ਹੈ। ਪਰ ਮਿਥਿਆ ਵਿਸ਼ਿਆਂ ਸੁੱਖਾਂ ਨੂੰ ਤਿਆਗ ਕਰ ਦੇਵੇ ਉਸਦਾ ਮਨ ਵੈਰਾਗ ਨਾਲ ਮਜ਼ਬੂਤ ਹੋ ਜਾਂਦਾ ਹੈ ਅਤੇ ਉਹ ਘਰ ਸੰਸਾਰ ਵਿੱਚ ਅਡੋਲ ਰਹਿੰਦਾ ਹੈ। ਪ੍ਰਿੰਸੀਪਲ ਨਿਰੰਜਨ ਸਿੰਘ ਲਿਖਦੇ ਹਨ:-

> "ਮਿਥਿਆ ਵਿਸ਼ਿਆਂ ਸੁੱਖ ਨੂੰ ਪਰੇ ਕੀਤਾ ਹੈ, ਉਹਦਾ ਮਨ ਵੈਰਾਗ ਨਾਲ ਮਜ਼ਬੂਤ ਹੋ ਜਾਂਦਾ ਹੈ ਅਤੇ ਉਹਦੀ ਜੀਵਨ ਜਾਚ ਸਹਿਜ ਹੋ ਜਾਂਦੀ ਹੈ। ਘਰ ਸੰਸਾਰ ਵਿੱਚ ਅਡੋਲ ਰਹਿੰਦਾ ਹੋਇਆ ਐਸੀ ਜਿਹੀ ਰਹਿਣੀ ਅਤੇ ਮਨ ਦੀ ਇਹ ਅਵਸਥਾ ਦੁੱਖਾਂ ਦੀ ਦਾਤਿ ਨੂੰ ਪਰਮ ਦਾਰੂ ਜਾਣ ਕੇ ਕਬੂਲ ਹੁੰਦਾ ਹੈ।"[1]

ਜਦੋਂ ਮਨੁੱਖ ਤੇ ਦੁੱਖ ਆਉਂਦੇ ਹਨ, ਜਿਹੜੀ ਮੁਸ਼ਕਿਲ ਆ ਬਣਦੀ ਹੈ, ਕਠਨਾਈ ਵਿੱਚ ਫਸ ਜਾਂਦਾ ਹੈ ਤਾਂ ਉਸਨੂੰ ਵਾਹਿਗੁਰੂ ਦੀ ਯਾਦ ਆਉਂਦੀ ਹੈ, ਉਹ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਦਾ ਹੈ ਤਾਂ ਉਸਦਾ ਮਨ ਤਨ ਸ਼ੁੱਧ ਹੁੰਦਾ ਹੈ। ਇਸ ਤਰ੍ਹਾਂ ਦੁੱਖ ਦਾਰੂ ਬਣ ਨਿਬੜਦਾ ਹੈ। ਗੁਰਬਾਣੀ ਵਿੱਚ ਲਿਖਿਆ ਹੈ:-

ਦੁਖੁ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥[2]

---

1. ਪ੍ਰਿੰ. ਨਿਰੰਜਨ ਸਿੰਘ, ਸਾਖੀ ਨਿਬੰਧ, ਪੰਨਾ 96-97
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1240

ਇਹ ਦੁੱਖ ਜਿਹੜੇ ਇਨਸਾਨ ਨੂੰ ਸੰਸਾਰ ਵਿੱਚ ਸਹਿਣੀਆਂ ਹੋਇਆਂ ਪੈਂਦੇ ਹਨ, ਇਹ ਹੀ ਦਾਰੂ ਹੋ ਨਿਬੜਦੇ ਹਨ। ਹਰੇਕ ਦੁੱਖ ਜਿਹੜਾ ਇਨਸਾਨ ਤੇ ਆਪੜਦਾ ਹੈ, ਉਸਨੂੰ ਮਜ਼ਬੂਤ ਬਣਾਉਂਦਾ ਹੈ, ਔਕੜਾਂ ਵਿੱਚ ਜੂਝਣਾ ਨੂੰ ਸਿਖਾਉਂਦਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ:-

> "ਸੰਸਾਰ ਵਿੱਚ ਜੋ ਖੇਦ ਸਾਨੂੰ ਪੈਂਦੇ ਹਨ, ਇਹ ਸਾਡੇ ਰੋਗ ਕਿਉਂ ਨਹੀਂ ਪੈਂਦੇ ਅਤੇ ਇਨ੍ਹਾਂ ਦਾ ਆਉਣਾ ਸਾਡੇ ਲਈ ਚੰਗਾ ਨਹੀਂ ਹੋਇਆ ਕਰਦਾ, ਕੀਤੇ ਕਰਮਾਂ ਦਾ ਫਲ ਇਹ ਭੋਗਦੇ ਹਨ ਅਰ ਜੋ ਦੁੱਖ ਅਸੀਂ ਪਾਉਂਦੇ ਹਾਂ, ਉਹ ਇਹ ਪ੍ਰਯੋਜਨ ਰੱਖਦਾ ਹੈ ਕਿ ਸਾਡੀ ਜਾਗ ਖੁੱਲ੍ਹੇ ਅਰ ਸਾਨੂੰ ਹੋਸ਼ ਆਵੇ। ਪਰ ਅਸੀਂ ਹਾਂ ਕਿ ਸਾਡੀ ਜਾਗ ਨਹੀਂ ਖੁੱਲ੍ਹਦੀ। ਦੁੱਖ ਆ ਕੇ ਚੁਣਾ ਕੇ ਚਿਤਾ ਦਿੰਦੇ ਹਨ, ਛੋਟੇ ਸਾਰਥੇ ਔਖਾ ਖੇਦ ਦਿੰਦੇ ਹਨ। ਇਸ ਵਾਂਙ ਹੋਸ਼ ਕਰਨੀ ਚਾਹੀਦਾ ਹੈ ਕਿ ਫੇਰ ਅਸੀਂ ਗ਼ਾਫ਼ਲ ਨਹੀਂ ਹੋਵਾਂਗੇ। ਪਰ ਦੁੱਖ ਗਏ ਅਸੀਂ ਫੇਰ ਵਿੱਸਰ ਗੇ ਗਏ।
>
> ਜੇ ਕਦੀ ਹਰ ਦੁੱਖ ਤੋਂ ਬਾਅਦ ਅਸੀਂ ਸਿੱਖਿਆ ਲਈਏ ਤਦ ਦੁੱਖ ਦੁੱਖ ਨਹੀਂ, ਸਗੋਂ ਆਤਮ ਤਰੱਕੀ ਦੀ ਪੌੜੀ ਦੇ ਡੰਡੇ ਹਨ। ਹਰ ਦੁੱਖ ਸਾਡੀ ਆਤਮਾ ਨੂੰ ਪਹਿਲੇ ਤੋਂ ਉਚੇਰੇ ਥਾਂ ਲੈ ਜਾਂਦਾ ਹੈ। ਅਰ ਇਉਂ ਦੁੱਖ ਦਾਰੂ ਹੋ ਢੁੱਕਦਾ ਹੈ।"[1]

ਦੁੱਖ ਦਾ ਰੋਗ ਮਨੁੱਖੀ ਕ੍ਰੋਧ ਨੂੰ ਠੀਕ ਕਰਦੀ ਹੈ ਤੇ ਉਸ ਵਿੱਚ ਸਹਿਣਸ਼ੀਲਤਾ ਤੇ ਹਿੰਮਤ ਪੈਦਾ ਕਰਦੀ ਹੈ। ਦੁੱਖਾਂ ਵਿਚ ਘਿਰਿਆਂ ਹੀ ਇਨਸਾਨ ਦੁੱਖਾਂ ਨਾਲ ਜੂਝਣ ਦਾ ਹੌਸਲਾ ਕਰਦਾ ਹੈ। ਭਾਈ ਵੀਰ ਸਿੰਘ ਇਕ ਹੋਰ ਗੁਰਮੁਖ ਪਿਆਰੇ ਨੂੰ ਚਿੱਠੀ ਲਿਖਦੇ ਹੋਏ ਕਹਿੰਦੇ ਹਨ:-

> "ਜੋ ਦੁਖਾਂਦਾ ਕਰਦਾ ਹੈ, ਉਹੀ ਬਖਸ਼ਣਹਾਰ ਹੁੰਦਾ ਹੈ ਤੇ ਅੰਤ ਕਰਕੇ ਪਾਉਂਦਾ ਹੈ। ਦੁੱਖ ਮੁਕਤ ਨੂੰ ਪਰਤਾਉਂਦੇ ਤੇ ਮਜ਼ਬੂਤ ਕਰਦੇ ਹਨ। ਵਾਹਿਗੁਰੂ ਜਿਵੇਂ ਆਪਣੇ ਪਿਆਰਿਆਂ ਨੂੰ ਰੱਖਦਾ ਹੈ, ਉਵੇਂ ਹੁਣ ਨਾਲ ਕਈ ਰੱਖਦਾ ਹੈ। ਜੋ ਦੁਖਦਾਈ ਸਮਾਨ ਜਾਪਦੇ ਕਰਦਾ ਹੈ ਤਾਂ ਰੱਖਿਆ

---

1. ਵਿਸ਼ਵਾਨਾਥ ਤਿਵਾੜੀ (ਸੰਪਾ.) ਪਿਆਰੇ ਜੀਓ, ਸਫ਼ਾ 19

ਵੀ ਆਪ ਰਚਦਾ ਹੈ।"[1]

ਜਿਸ ਇਨਸਾਨ ਤੇ ਦੁੱਖ ਵਾਪਰਨਗੇ, ਉਸਨੂੰ ਪ੍ਰਮਾਤਮਾ ਯਾਦ ਆਵੇਗਾ। ਕਾਮ ਕ੍ਰੋਧ ਤੇ ਦੁੱਖ ਵੇਲੇ ਹੀ ਅਸੀਂ ਏਕ ਵਾਹਿਗੁਰੂ ਨੂੰ ਯਾਦ ਕਰਦੇ ਹਾਂ। ਵਾਹਿਗੁਰੂ ਯਾਦ ਆਉਣ ਨਾਲ ਉਸਦੀ ਹੋਂਦ ਵਿੱਚ ਦ੍ਰਿੜ ਵਿਸ਼ਵਾਸ ਹੁੰਦਾ ਹੈ। ਜਦੋਂ ਵਾਹਿਗੁਰੂ ਦੀ ਹੋਂਦ ਨੂੰ ਮੰਨ ਲਿਆ ਤਾਂ ਫਿਰ ਹਉਮੈ ਦਾ ਨਾਸ਼ ਹੁੰਦਾ ਹੈ ਜੋ ਕਿ ਪ੍ਰਭੂ-ਵਿਛੋੜੇ ਦਾ ਕਾਰਣ ਬਣੀ ਹੋਈ ਸੀ। ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਇਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ। ਜਿੱਥੇ ਪ੍ਰਮਾਤਮਾ ਹੈ, ਉਥੇ ਹਉਮੈ ਨਹੀਂ ਤੇ ਜਿੱਥੇ ਹਉਮੈ ਹੈ, ਉਥੇ ਪ੍ਰਮਾਤਮਾ ਦਾ ਵਾਸਾ ਨਹੀਂ ਹੋ ਸਕਦਾ। ਸਪੱਸ਼ਟ ਹੈ:-

ਹਉਮੈ ਵਿਚਿ ਪ੍ਰਭੁ ਕੋਇ ਨ ਪਾਇ॥
ਮੂਰਖੁ ਭੁਲਾ ਜਨਮੁ ਗਵਾਇ॥ [2]

ਅਤੇ

ਜੋ ਜੋ ਕਰਮੁ ਕੀਏ ਹਉ ਹਉਮੈ ਤੇ ਤੇ ਭਏ ਅਜਾਏ॥[3]

ਅਤੇ

ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ॥
ਬੂਝਹੁ ਗਿਆਨੀ ਬੂਝਣਾ ਇਹੁ ਅਕਥੁ ਕਥਾ ਮਨਿ ਮਾਹਿ॥[4]

ਹਉਮੈ ਖ਼ਤਮ ਹੋਣ ਉਪਰੰਤ ਉਹ ਅਕਾਲਪੁਰਖ ਨਾਲ ਅਭੇਦ ਹੋ ਜਾਂਦਾ ਹੈ। ਉਸਨੂੰ ਸਭ ਸੁੱਖ ਪ੍ਰਾਪਤ ਹੁੰਦੇ ਹਨ, ਮਨ ਤਨ ਅਡੋਲ ਹੋ ਜਾਂਦੇ ਹਨ। ਫੁਰਮਾਨ ਹੈ:-

---

1. ਡਾ. ਵਿਸ਼ਵਨਾਥ ਤਿਵਾੜੀ (ਸੰਪਾ.) ਪਿਆਰੇ ਜੋਗ, ਪੰਨਾ 32
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 664
3. ਉਹੀ, ਪੰਨਾ 999
4. ਉਹੀ, ਪੰਨਾ 1092-93

ਖੁਦੀ ਮਿਟੀ ਤਉ ਸੁਖ ਭਏ ਮਨੁ ਤਨੁ ਭਏ ਅਰੋਗੁ ॥
ਨਾਨਕ ਦ੍ਰਿਸਟੀ ਆਇਆ ਉਸਤਤ ਕਰਨੈ ਜੋਗੁ ॥[1]

ਦੁਖੀ ਮਨੁੱਖ ਨਿਸ਼ਚਿਤ ਪਰਮਾਤਮਾ ਦੀ ਹੋਂਦ ਵਿੱਚ ਦ੍ਰਿੜ ਵਿਸ਼ਵਾਸ਼ ਰਖਦਾ ਹੈ, ਇਸੇ ਕਰਕੇ ਉਹ ਦੁੱਖ ਸੁੱਖ ਨੂੰ ਉਸੇ ਦਾ ਹੁਕਮ ਸਮਝਦਾ ਹੈ। ਉਸਦਾ ਰੱਬੀ ਹੁਕਮ ਅਤੇ ਰਜ਼ਾ ਵਿੱਚ ਅਟੱਲ ਵਿਸ਼ਵਾਸ਼ ਬਣ ਜਾਂਦਾ ਹੈ। ਸੰਸਾਰ ਵਿੱਚ ਜੋ ਭੀ ਕਾਰ ਵਿਹਾਰ ਹੋ ਰਿਹਾ ਹੈ, ਉਸਨੂੰ ਰੱਬੀ ਹੁਕਮ ਸਮਝਦਾ ਹੈ ਤੇ ਉਸਦੀ ਰਜ਼ਾ ਵਿਚ ਚੱਲਣਾ ਹੀ ਆਪਣੀ ਭਲਾਈ ਸਮਝਦਾ ਹੈ। ਗੁਰਦੇਵ ਦਾ ਫੁਰਮਾਨ ਹੈ:-

ਚਹੁਕੁੰਡਹੁ ਹੁਕਮੁ ਵਰਤੈ ਪ੍ਰਭ ਤੇਰਾ ਚਹੁਦਿਸਿ ਨਾਮੁ ਪਤਾਲੀ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੀ ॥[2]

ਅਤੇ

ਹੁਕਮੇ ਮੁਕਤੀ ਹੁਕਮੇ ਨਰਕਾ ॥
ਹੁਕਮਿ ਸੰਸਾਰੀ ਹੁਕਮੇ ਭਰਮਾ ॥
ਹੁਕਮੇ ਹੋਛਾ ਹੁਕਮੇ ਦਾਨਾ
ਦੂਜਾ ਨਾਹੀ ਅਵਰੁ ਧਰਾ ॥[3]

ਉਸਦਾ ਇਹ ਅਟੱਲ ਵਿਸ਼ਵਾਸ਼ ਬਣ ਜਾਂਦਾ ਹੈ ਕਿ ਇਹ ਦੁੱਖ-ਸੁੱਖ ਵਾਹਿਗੁਰੂ ਦੀ ਆਗਿਆ ਅਨੁਸਾਰ ਹੀ ਮਨੁੱਖ ਨੂੰ ਮਿਲਦੇ ਹਨ। ਉਹ ਜੋ ਕੁਝ ਚਾਹੁੰਦਾ ਹੈ, ਉਹੀ ਜੀਵਾਂ ਪਾਸੋਂ ਕਰਵਾਉਂਦਾ ਹੈ, ਜੀਵ ਆਪਣੇ ਆਪ ਕੁਝ ਨਹੀਂ ਕਰ ਸਕਦਾ। ਮਹਾਂਵਾਕ ਹੈ:-

ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥
ਜੋ ਤੂ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਈ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 260
2. ਉਹੀ, ਪੰਨਾ 1275
3. ਉਹੀ, ਪੰਨਾ 1081
4. ਉਹੀ, ਪੰਨਾ 432

ਉਥੇ ਮਨੁੱਖ ਗੁਰਸਿਖਾਂ ਨੂੰ ਵਾਹਿਗੁਰੂ ਦੀ ਸੋਝੀ ਮਿਲਦਾ ਹੈ। ਉਸਦੀ ਨਜ਼ਰ ਵਿੱਚ ਸਾਰੇ ਮਨੁੱਖ ਇਕੋ ਜਿਹੇ ਹੁੰਦੇ ਹਨ। ਮਨੁੱਖ ਦੀ ਬਣਾਈ ਹੋਈ ਜਾਤ ਪਾਤ ਵਿਚੋਂ ਉਸਦਾ ਵਿਸ਼ਵਾਸ ਉਠ ਜਾਂਦਾ ਹੈ। ਉਹ ਇਸ ਵਿਚਾਰ ਦਾ ਧਾਰਨੀ ਬਣ ਜਾਂਦਾ ਹੈ:-

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥[1]

ਅਤੇ

ਕਿਆ ਹਉ ਆਖਾ ਜਾਂ ਕਿਛੂ ਨਾਹਿ ॥
ਜਾਤਿ ਪਤਿ ਸਭ ਤੇਰੈ ਨਾਇ ॥[2]

ਉਸਦਾ ਇਹ ਵਿਸ਼ਵਾਸ ਗੁਰਬਾਣੀ ਅਨੁਸਾਰ ਪੱਕ ਚੁੱਕਿਆ ਹੁੰਦਾ ਹੈ ਕਿ ਉਸ ਸਰਬ ਸਮਰੱਥ ਵਾਹਿਗੁਰੂ ਦਾ ਸਭ ਜੀਵਾਂ ਨੂੰ ਪੈਦਾ ਕਰਨ ਦਾ ਤਰੀਕਾ ਇਕੋ ਹੀ ਹੈ, ਫਿਰ ਕਿਉਂ ਜਾਤ-ਪਾਤ ਦੇ ਭਰਮਾਂ ਵਿੱਚ ਪੈਕੇ ਅਣਮੋਲ ਜਨਮ ਬਰਬਾਦ ਕੀਤਾ ਜਾਵੇ। ਗੁਰੂ ਸਾਹਿਬਾਂ ਨੇ ਮਨੁੱਖ ਨੂੰ ਸਮਝਾਇਆ ਹੈ:-

ਗਰਭਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮੁ ਬਿੰਦੁ ਤੇ ਸਭ ਉਤਪਾਤੀ ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨੁ ਕਹਿ ਕਹਿ ਜਨਮੁ ਮਤ ਖੋਏ ॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀਂ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 83
2. ਉਹੀ, ਪੰਨਾ 1189
3. ਉਹੀ, ਪੰਨਾ 324

ਇਹ ਜਾਤ ਪਾਤ ਦਾ ਅਭਿਮਾਨ ਅਨੇਕ ਸਾਰੇ ਵਿਕਾਰ ਪੈਦਾ ਕਰਦਾ ਹੈ। ਉਸਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਜਾਤ ਪਾਤ ਦੀ ਵਾਹਿਗੁਰੂ ਦੇ ਦਰਬਾਰ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ ਹੈ, ਸਗੋਂ ਕਰਮਾਂ ਤੇ ਨਿਬੇੜੇ ਹੋਣੇ ਹਨ। ਗੁਰਵਾਕ ਹੈ:-

ਜਾਤਿ ਜਨਮੁ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥[1]

ਇਹ ਆਮ ਕਹਾਵਤ ਹੈ ਕਿ 'ਦੁਖੀ ਦੀ ਸਾਰ ਦੁਖੀ ਹੀ ਜਾਣਦਾ ਹੈ।' ਬਿਲਕੁਲ ਠੀਕ ਹੈ। ਕਿਉਂਕਿ ਦੁਖੀ ਮਨੁੱਖ ਵਿੱਚ ਆਮ ਲੋਕਾਂ ਨਾਲੋਂ ਹਮਦਰਦੀ ਦਾ ਜਜ਼ਬਾ ਬਹੁਤੇ ਹੁੰਦਾ ਹੈ। ਉਹ ਆਪ ਦੁੱਖਾਂ ਦੀ ਚੱਕੀ ਵਿਚ ਪਿਸ ਚੁੱਕਾ ਹੁੰਦਾ ਹੈ, ਇਸ ਕਰਕੇ ਉਹ ਜਲਦੀ ਹੀ ਦੂਸਰਿਆਂ ਦੀ ਹਾਲਤ ਸਮਝ ਜਾਂਦਾ ਹੈ। ਉਸ ਵਿੱਚ ਦੂਸਰੇ ਦੁਖੀਆਂ ਵਾਸਤੇ ਪ੍ਰੇਮ ਭਾਵਨਾ ਉਤਪੰਨ ਹੋ ਜਾਂਦੀ ਹੈ। ਉਹ ਆਮ ਲੋਕਾਂ ਵਾਂਗ ਦੂਜਿਆਂ ਨੂੰ ਵੱਡੇ ਦੁਖੀ ਨਹੀਂ ਕਰਦਾ ਸਗੋਂ ਦੂਜਿਆਂ ਦੀ ਜਿੰਨੀ ਵੀ ਸਕੇ, ਮਦਦ ਹੀ ਕਰਦਾ ਹੈ ਅਤੇ ਸਾਂਝ ਵਿਸ਼ੇਸ਼ ਪਾਉਂਦਾ ਹੈ। ਗੁਰਵਾਕ ਹੈ:-

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥[2]

ਉਹ ਮਨੁੱਖਤਾ ਨੂੰ ਪਿਆਰ ਕਰਦਾ ਹੈ। ਮਾਲਕ ਦੀ ਕੁਦਰਤ ਨੂੰ ਪਿਆਰ ਕਰਦਾ ਹੈ। ਪਰ ਉਹ ਇਸ ਵਿੱਚ ਖਚਿਤ ਨਹੀਂ ਹੁੰਦਾ। ਸਗੋਂ ਇਸ ਵਿੱਚ ਵਿਚਰਦਿਆਂ ਹੋਇਆਂ ਵੀ ਯਾਦ ਰੱਖਦਾ ਹੈ ਕਿ ਇਹ ਧਨ ਤੋਂ ਪ੍ਰਾਪਤ ਸੁੱਖ ਚਾਰ ਦਿਹਾੜੇ ਹੈ। ਗੁਰਬਾਣੀ ਅਨੁਸਾਰ ਅਜਿਹੇ ਵਿਅਕਤੀ ਦਾ ਵਿਸ਼ਵਾਸ਼ ਹੁੰਦਾ ਹੈ:-

ਜਿਨਾ ਸਚੁ ਸੰਸਾਰਿ ਸੁਖੁ ਨ ਨਾਮੁ ਕਿਛੁ ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1330
2. ਉਹੀ, ਪੰਨਾ 322
3. ਉਹੀ

ਉਹ ਸੰਸਾਰ ਵਿੱਚ ਰਹਿੰਦਿਆਂ ਆਪਣੇ ਫਰਜ਼ ਪੂਰੇ ਕਰਦਾ ਹੈ, ਪਰ ਦੁੱਖਾਂ ਵਿੱਚ ਗ੍ਰਸਤ ਹੋਣ ਕਰਕੇ ਉਸਨੂੰ ਇਹ ਅਹਿਸਾਸ ਹੁੰਦਾ ਹੈ ਕਿ ਸੰਸਾਰ ਦੀਆਂ ਵਸਤੂਆਂ, ਇਹ ਪੁੱਤਰ ਧੀਆਂ ਉਸਦੇ ਮੀਤ ਨਹੀਂ ਹਨ। ਸਭ ਆਪਣੇ ਸੁੱਖ ਕਰਕੇ ਹੀ ਉਸਨੂੰ ਲਿਪਟੇ ਹੋਏ ਹਨ। ਮੌਤ ਆਉਣ ਤੋਂ ਬਾਅਦ ਇਹ ਸਾਰੇ ਪ੍ਰੇਤ ਪ੍ਰੇਤ ਕਰਕੇ ਉਸ ਤੋਂ ਦੂਰ ਦੌੜਦੇ ਹਨ। ਜਿਵੇਂ ਪਾਤਸ਼ਾਹ ਇਸ ਬਾਰੇ ਫੁਰਮਾਉਂਦੇ ਹਨ:-

ਸਭੁ ਕਿਛੁ ਜੀਵਤ ਕੋ ਬਿਵਹਾਰ ॥
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ॥[1]

ਉਹ ਇਸ ਸਚਾਈ ਨੂੰ ਸਮਝਦਾ ਹੈ ਕਿ ਜਦੋਂ ਮਨੁੱਖ ਸੁਖੀ ਹੁੰਦਾ ਹੈ ਤੇ ਉਹ ਇਸ ਸੰਸਾਰ ਦੇ ਝਮੇਲਿਆਂ ਵਿੱਚ ਪੈ ਜਾਂਦਾ ਹੈ। ਉਹ ਰੱਬ ਨੂੰ ਭੁੱਲ ਜਾਂਦਾ ਹੈ। ਜੇ ਦੁੱਖ ਨਾ ਹੋਵੇ ਤਾਂ ਰੱਬ ਨੂੰ ਕੋਈ ਵੀ ਯਾਦ ਨਹੀਂ ਕਰਦਾ, ਵਾਹਿਗੁਰੂ ਦੀ ਕਦਰ ਕੋਈ ਨਹੀਂ ਪਾਉਂਦਾ। ਉਸਨੂੰ ਭੁੱਲਣੇ ਜ਼ਿੰਦਗੀ ਬੇਕਾਰ ਹੋ ਜਾਂਦੀ ਹੈ। ਦੁਖੀ ਹੋ ਕੇ ਉਹ ਰੱਬ ਦੀ ਕਦਰ ਪਾਉਂਦਾ ਹੈ। ਉਹ ਆਪਣੀ ਗਲਤੀ ਨੂੰ ਠੀਕ ਕਰਦਾ ਹੈ। ਫਿਰ ਉਸਨੂੰ ਸੁੱਖ ਦੀ ਪ੍ਰਾਪਤੀ ਅਰਥਾਤ ਦੂਜੀਆਂ ਵਸਤੂਆਂ ਦੀ ਪ੍ਰਾਪਤੀ ਹੁੰਦੀ ਹੈ। ਪਰ ਇਹ ਸਭ ਕੁਝ ਉਸਨੂੰ ਦੁੱਖ ਮਿਟਣ ਉਪਰੰਤ ਹੀ ਪ੍ਰਾਪਤ ਹੁੰਦਾ ਹੈ। ਫੁਰਮਾਨ ਹੈ:-

ਦੁਖਾ ਤੇ ਸੁਖ ਊਪਜਹਿ ਸੁਖੀ ਹੋਵਹਿ ਦੂਖ ॥[2]

ਦੁੱਖਾਂ ਵਿੱਚ ਘਿਰਿਆ ਮਨੁੱਖ ਆਪਣੇ ਮਨ ਨੂੰ ਸ਼ਾਂਤ ਕਰਨ ਲਈ ਸਤਿਸੰਗ ਵਿਚ ਜਾਂਦਾ ਹੈ, ਨਾਮ ਸਿਮਰਨ ਕਰਦਾ ਹੈ। ਸਤਿਸੰਗ ਵਿੱਚ ਜਾਣੇ ਉਸਦੇ ਮਨ ਨੂੰ ਸ਼ਾਂਤੀ ਹੁੰਦੀ ਹੈ। ਸਾਧਸੰਗਤ ਵਿੱਚ ਜਾਣ ਕਰਕੇ ਉਸਦਾ ਡੁੱਬਦਾ ਬੇੜਾ ਪਾਰ ਹੋ ਜਾਂਦਾ ਹੈ। ਗੁਰਦੇਵ ਕਹਿੰਦੇ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 536
2. ਉਹੀ, ਪੰਨਾ 1328

ਪਦ :-

ਜਿਉ ਮਾਇਆ ਮੋਹਿ ਮਨੁ ਲਿਵੈ ਲਿਪਤਾਨੁ
ਸੁਖੁ ਪਾਵਹਿ ਰਾਮ ਜਨੁ ਸਿਉ ਸਰਿ ਸੰਗਤੀ ਮਿਲਿ ਸਤਿਗੁਰੂ ਗੁਰ ਸਾਥੇ ॥
ਜਿਉ ਛੁਹਿ ਪਾਰਸਿ ਮਨੂਰ ਭਏ ਕੰਚਨੁ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਥੇ ॥
ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ
ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰੁ ਸਾਥੇ ॥ [1]

ਭਾਈ ਜੋਧ ਸਿੰਘ ਜੀ ਕਹਿੰਦੇ ਹਨ :-

"ਸਤਿਸੰਗ ਕਹਿੰਦਾ ਹੈ; ਅਕਲਾਂ ਨਹੀਂ ਬੁੱਧ ਨੂੰ ਸੁਰਤ ਨਾਲ ਜੋੜਨ। ਸੁਰਤ ਸੰਗ, ਸਦਾ ਇਕੱਠਾ ਰਹ। ਇਸ ਬੁੱਧ ਦੇ ਸਹਾਰੇ ਤੇਰੀ ਤਰੱਕੀ ਹੋਵੇਗੀ। ਆਤੁਰਤਾ ਸਾਹਮਣੇ ਪ੍ਰਕਾਸ਼ ਹਨ, ਪਰ ਸਤਿਸੰਗ ਦਾ ਅਰਥ ਸੁਰਤ ਦੀ ਸਾਂਝ ਮਿਲਾਉਂਦਾ ਹੈ। ਬੁੱਧ ਪਵੇ ਤੇ ਸੁਰਤ ਕਮੀਏ, ਜੇ ਮਨ ਸੁਰਤ ਵਿੱਚ ਨਾ ਆਵੇ ਤਾਂ ਬੇਤਰੀ ਕਰੀਏ ਅਤੇ ਅਸਲੀ ਨੂੰ ਵਧੀਕ ਪਿਆਰ ਨਾਲ ਪਕੜੀਏ ਤਾਂ ਆਤੁਰਤਾ ਦਾ ਭੇਦ ਨਹੀਂ ਪਾਸੇ ਹੋ ਗਿਆ। ਕੇਵਲ ਸਤਿਸੰਗ ਦੇ ਪ੍ਰਤਾਪ ਆਤਮੀ ਸਿੰਘ ਦਾ ਪਾਸਾ ਬੁੱਧ-ਸੁੱਧ ਹੋਣਾ ਕੇਵਲ ਆਪਣਾ ਆਪਣਾ ਇਨ੍ਹਾਂ ਤੇ ਪ੍ਰਬੰਧ ਹੋ ਜਾਂਦਾ ਹੈ।"[2]

ਉਪਰੋਕਤ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਬੁੱਧ ਜ਼ਿੰਦਗੀ ਦਾ ਰਹੁਰੀ ਪਿੱਛਾ ਹਨ। ਇਨ੍ਹਾਂ ਦੇ ਆਧੁਨ ਤੇ ਅਨੁਕੂਲਤਾ ਨਹੀਂ ਆਵੇਗਾ। ਇਹ ਤਦ ਹੀ ਸਾਰੀ ਜ਼ਿੰਦਗੀ ਵਿੱਚ ਆਉਂਦੇ ਹਨ ਜਦ ਹਰ ਇਨ੍ਹਾਂ ਤੋਂ ਸਬਕ ਨਹੀਂ ਸਿੱਖ ਲਿਆ ਜਾਂਦਾ। ਆਮੀਰੀ ਜਾਂ ਗਰੀਬੀ ਬੁੱਧਾਂ ਦਾ ਸੰਕਟ ਤਾਂ ਇਕ ਹੋਣਾ ਹੈ। ਜ਼ਿੰਦਗੀ ਤਾਂ ਲੇਖੇ ਵਿੱਚ ਕੁਝ ਹੈ ਜੋ ਸੁਭਾਵਾਂ, ਸੋਚਾਂ ਨਾਲ ਮੇਲ ਕਰਦ ਵਿਚ ਕੁਝ ਹੈ। ਵਿਸ਼ਵਾਸ ਤਾਂ ਬੁੱਧ ਵਿਚ ਹੀ ਰਹਿੰਦਾ ਹੈ। ਜਿਸ ਤਰ੍ਹਾਂ ਇਕ ਸ੍ਰੀ-ਤਰਾਸ਼ ਪੱਥਰ ਨੂੰ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੯੭.
2. ਡਾ. ਵਿਸ਼ਵਾਨਾਥ ਤਿਵਾੜੀ (ਸੰਪਾ.), ਪਿਆਰੇ ਜੀਓ, ਪੰਨਾ ੨੦.

ਤਰਾਸ਼ ਤਰਾਸ਼ ਕੇ ਇੱਕ ਸੁੰਦਰ ਦੀ ਸੂਰਤ ਦੇ ਦਿੰਦਾ ਹੈ ਅਤੇ ਉਹ ਸੁੰਦਰ ਮਾਰੇ, ਲੋਭ, ਹਰੋਗੀ, ਮੂੰਧ ਧਰ ਅਵਸਥਾ ਵਿੱਚ ਵਿਚੋ ਜਿਹਾ ਕਹਿੰਦਾ ਹੈ, ਜਿਸੇ ਤਪ੍ਹੰ ਰੂੰਬ ਸਾਂਝੀ ਸੂਰਤ ਨੂੰ ਤਰਾਸ਼ ਤਰਾਸ਼ ਕੇ ਅਜਿਹਾ ਬਣਾ ਦਿੰਦੇ ਹਨ ਕਿ ਵਿਚ ਵਿਚ ਹਰ ਅਵਸਥਾ ਵਿੱਚ ਸ੍ਰਾਂਤ ਅਤੇ ਅਡੋਲ ਰਹਿੰਦੀ ਹੈ। ਏ ਹਰ ਰੂਪ ਸਾਨੂੰ (ਸੁਰਤ ਨੂੰ) ਪਰਮਾਣ ਨਹੀਂ ਆਉਂਦਾ ਹੈ।

****

## ਨੌਵਾਂ ਅਧਿਆਇ

••
••
••
••

**ਬਕਰੀ ਅਤੇ ਨਾਮ - ਸੰਤੀ ਸਿੰਘ**

ਵਾਹਿਗੁਰੂ ਜੀ ਦਾ ਹੁਕਮ ਮੰਨਣਾ ਤੇ ਰਜ਼ਾ ਵਿੱਚ ਰਹਿਣ ਦੇ ਨਾਲ ਨਾਲ ਵਿਸ਼ੇਸ਼ ਤੌਰ 'ਤੇ ਰੱਬੀ ਗੁਣਾਂ ਦੇ ਅਧਾਰਭੂਤ ਨੂੰ ਅਸੀਂ ਪਿਛਲੇ ਅਧਿਆਵਾਂ ਵਿੱਚ ਰੂਪ ਵਿਵਿਧਤਾ ਦਾ ਸਾਧਨ ਕਿਹਾ ਹੈ। ਇਹ ਤਸਵੀਰ ਦਾ ਇੱਕ ਪਾਸਾ ਹੀ ਹੈ। ਇਸਦੇ ਨਾਲ ਹੀ ਆਤਮਿਕ ਉੱਨਤੀ ਲਈ ਭਗਤੀ ਕਰਨੀ ਅਤਿਅੰਤ ਆਵੱਸ਼ਕ ਹੈ। ਇੰਜ ਸੱਚਾ ਭਗਤ ਹੀ ਵਾਹਿਗੁਰੂ ਜੀ ਦੇ ਹੁਕਮ ਨੂੰ ਖਿੜੇ ਮੱਥੇ ਮੰਨਦੇ ਹੋਇਆਂ ਰਜ਼ਾ ਵਿੱਚ ਰਹਿ ਸਕਦਾ ਹੈ। ਭਗਤੀ ਪ੍ਰਭੂ ਪ੍ਰਾਪਤੀ ਦਾ ਸਰਬ-ਸ੍ਰੇਸ਼ਟ ਸਾਧਨ ਹੈ ਜਿਸ ਰਾਹੀਂ ਆਤਮਾ ਇਸ ਸੰਸਾਰ ਵਿੱਚੋਂ ਕੁਰਾਹੀਆਂ ਛਾਪਦੀ ਹੋਈ ਵਾਹਿਗੁਰੂ ਦੇ ਦੇਸ਼ ਪਹੁੰਚ, ਉਸ ਵਿੱਚ ਲੀਨ ਹੋ ਪਰਮ ਅਨੰਦਿਤ ਹੁੰਦੀ ਹੈ।

ਭਗਤੀ ਦੀ ਸਾਧਨਾ ਇੱਕ ਅਟੁੱਟ ਦ੍ਰਿੜ੍ਹ ਵਿਸ਼ਵਾਸ ਤੋਂ ਪੈਦਾ ਹੁੰਦੀ ਹੈ। ਜੇਕਰ ਵਿਸ਼ਵਾਸ ਹੀ ਨਾ ਹੋਵੇ ਤਾਂ ਭਗਤੀ ਨਿਰਾ ਪਾਖੰਡ ਬਣਕੇ ਰਹਿ ਜਾਂਦੀ ਹੈ। ਇਹ ਕਠਨ ਅਤੇ ਦੁਰਲੱਭ ਹੈ। ਪਾਖੰਡ ਆਸਾਨ ਤੇ ਆਮ ਹੈ। ਇਹ ਪਾਖੰਡ ਤੋਂ ਨਿਆਰੀ ਹੈ, ਜਦ ਇਸ ਦੀ ਦੌਲਤ ਮਿਲ ਜਾਵੇ ਤਾਂ ਗੁਰੂ ਹਰ ਜਗ੍ਹਾਂ ਸਹਾਇਤਾ ਕਰਦਾ ਹੈ।

ਡਾ. ਤਾਰਾ ਸਿੰਘ ਬੇਦੀ ਲਿਖਦੇ ਹਨ:-

> " ਧਾਰਮਿਕ ਕੁਰਬਾਨੀ ਤੇ ਖ਼ੁਸ਼ੀ ਦੇ ਨਾਲ ਨਾਲ ਪ੍ਰਮਾਤਮਾ
> ਵਿੱਚ ਪਿਆਰ ਸਹਿਤ ਲਗਨ ਦਾ ਨਾਂ ਭਗਤੀ ਹੈ —
> ਭਗਤੀ ਉਹ ਹੈ ਜਿਸ ਵਿੱਚ ਕੇਵਲ ਇੱਕ ਹੀ ਪ੍ਰਮਾਤਮਾ
> ਦੀ ਲਗਨ ਤੇ ਉਸੇ ਪ੍ਰਭੂ ਦਾ ਸਹਾਰਾ ਹੋਵੇ।"[1]

ਭਗਤੀ ਸਾਧਨਾ ਪੈਦਾ ਕਰਨ ਲਈ ਮਨੁੱਖ ਨੂੰ ਆਪਣੇ ਮਨ ਨੂੰ ਪਦਾਰਥਕ ਪਿਆਰ ਤੋਂ ਮੋੜਕੇ ਪ੍ਰਭੂ-ਪਿਆਰ ਵਿੱਚ ਜੋੜਨਾ ਜ਼ਰੂਰੀ ਹੈ। ਜਦੋਂ ਭਗਤੀ ਦਾ ਅਨੋਖਾ ਰਸ ਪ੍ਰਾਪਤ ਹੋ ਜਾਵੇ ਤਾਂ ਇਹ ਸੰਸਾਰਿਕ ਰਸ ਫਿਰ ਚੰਗੇ ਨਹੀਂ ਲੱਗਦੇ। ਸਾਧਕ ਇਨ੍ਹਾਂ ਰਸਾਂ ਤੋਂ ਉੱਚਾ ਉੱਠ ਜਾਂਦਾ ਹੈ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ:-

> ਜਾ ਕਉ ਰਸੁ ਹਰਿ ਰਸੁ ਹੈ ਆਇਓ ॥
> ਸੋ ਅਨਰਸ ਨਾਹੀ ਲਪਟਾਇਓ ॥[2]

---

1. ਡਾ. ਤਾਰਾ ਸਿੰਘ ਬੇਦੀ, ਵਾਰਤਕਾਰ ਗੁਰੂ ਨਾਨਕ, ਪੰਨਾ 317-22
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 186

ਇਹੁ ਤਨੁ ਜਾਰੈ ਹੁਇ ਮਸੁ ਆਵਾ ॥
ਹੁਇ ਮਸੁ ਪੀਆ ਇਹੁ ਮਨੁ ਨਹੀਂ ਜਾਵਾ ॥[1]

ਉਸ ਅਕਾਲ ਪੁਰਖ ਵਿੱਚ ਅਭੇਦ ਹੋਣ ਲਈ ਉਸ ਨਾਲ ਪ੍ਰੇਮ ਕਰਨਾ ਬਹੁਤ ਜ਼ਰੂਰੀ ਹੈ। ਅਰਥਾਤ ਬਿਰਤੀ ਨੂੰ ਨਿਸ਼ਕਾਮ ਪ੍ਰੇਮ ਦੁਆਰਾ ਉਸ ਵਾਹਿਗੁਰੂ ਵਿੱਚ ਵਿਲੀਨ ਕਰ ਦੇਣ ਦਾ ਨਾਂ ਭਗਤੀ ਹੈ। ਡਾ. ਮਨਮੋਹਨ ਸਿੰਘ ਲਿਖਦੇ ਹਨ:-

> " ਪ੍ਰੇਮ ਅਤੇ ਪ੍ਰੀਤ ਦੀ ~~ਨੀਂਹ~~ ਉਪਰ ਹੀ ਭਗਤੀ ਦਾ ਮਹੱਲ ਖੜਾ ਹੈ। ਪ੍ਰੀਤ ਅਤੇ ਪ੍ਰੇਮ ਦੀ ਦ੍ਰਿੜਤਾ ਤੋਂ ਬਿਨਾਂ ਭਗਤੀ ਭਾਵਨਾ ਦ੍ਰਿੜ ਨਹੀਂ ਹੁੰਦੀ। ਇਸ ਲਈ ਪ੍ਰੇਮ ਸਹਿਤ ਪ੍ਰਭੂ ਨੂੰ ਸਦਾ ਧਿਆਉਣ ਆਖਿਆ ਹੈ। ਭਗਤੀ ਤਾਂ ਮਨ ਦੇ ਅੰਦਰ ਪ੍ਰਭੂ ਲਈ ਪ੍ਰੀਤ ਨੂੰ ਜਗਾਉਣ ਦਾ ਨਾਮ ਹੈ।"[2]

ਪ੍ਰੇਮਾ ਭਗਤੀ ਦੁਆਰਾ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਭਗਤੀ ਤੋਂ ਬਗੈਰ ਮਨੁੱਖਾ ਜਨਮ ਵਿਅਰਥ ਅਤੇ ਨਿਸਫਲ ਹੈ। ਇਸ ਤੋਂ ਬਗੈਰ ਆਵਾਗਵਨ ਵਿਚ ਪਿਆ ਰਹਿੰਦਾ ਹੈ। ਸੁੱਖਾਂ ਦੀ ਪ੍ਰਾਪਤੀ ਹੋਣ ਦੀ ਬਜਾਏ ਅਨੇਕਾਂ ਦੁੱਖਾਂ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ। ਫੁਰਮਾਨ ਹੈ:-

ਮਨੁਮੁਖ ਅੰਤਿ ਪਾਹੀ ਬਹੁਤੇਰੇ ॥
ਨਿਤੁ ਦੁਖੁ ਭੂਖੈ ਨਿਤੁ ਭੂਰ ਮੋਰੇ ॥
ਬਿਨੁ ਹਰਿ ਭਗਤੀ ਦੂਖ ਘਣੇਰੇ ॥[3]

ਪਰ ਇਹ ਭਗਤੀ ਮਾਰਗ ਔਖਾ ਪੈਂਡਾ ਹੈ ਜਿਸਦੇ ਰੋੜਿਆਂ ਵਿਚਦੇ ਪਾਂਧੀ ਨੂੰ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਉਪਰ ਅਕਾਲ ਪੁਰਖ ਦੀ ਰਹਿਮਤ ਹੁੰਦੀ ਹੈ, ਉਹੀ ਸਾਧਕ ਭਗਤੀ ਵਿੱਚ ਲੀਨ ਹੁੰਦਾ ਹੈ। ਇਹ ਭਗਤੀ ਤਾਂ ਹੀ ਪ੍ਰਾਪਤ ਹੁੰਦੀ ਹੈ ਜੇ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਵੇ। ਲੋਕ ਦਿਖਾਵੇ ਜਾਂ ਲਾਲਚ ਵੱਸ ਕੀਤੀ ਭਗਤੀ, ਭਗਤੀ ਨਹੀਂ ਹੋ ਸਕਦੀ। ਕਬੀਰ ਜੀ ਮਨੁੱਖ ਨੂੰ ਸਮਝਾਉਂਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 342
2. ਡਾ. ਮਨਮੋਹਨ ਸਿੰਘ, ਪੰਜਾਬੀ ਸਾਹਿਤ ਵਿੱਚ ਭਗਤੀ ਅੰਦੋਲਨ, ਪੰਨਾ 165
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 11 89

ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥[1]

ਗੁਰਮਤ ਅਨੁਸਾਰ ਭਗਤੀ ਸਾਧਨ ਅਤੇ ਭਗਤ ਹੀ ਪਰਮਾਤਮ ਦੀ ਪ੍ਰਾਪਤੀ ਦਾ ਸਾਧਨ ਹੈ। ਭਗਤੀ ਦੇ ਪ੍ਰਕਾਰ ਦੀ ਹੈ - ਅਨੁਰਾਗ ਅਤੇ ਨੌਧਾ। ਨੌਧਾ ਭਗਤੀ ਭਗਤੀ ਦਾ ਬਾਹਰੀ ਰੂਪ ਹੈ। ਇਹੀ ਸਗੁਣ ਭਗਤੀ ਅਖਵਾਉਂਦੀ ਹੈ। ਜਿਸ ਵਿੱਚ ਵਿਖਾਵਾ ਜ਼ਿਆਦਾ ਹੁੰਦਾ ਹੈ, ਜਿਸ ਦਾ ਗੁਰਬਾਣੀ ਵਿੱਚ [illegible] ਖੰਡਨ ਕੀਤਾ ਗਿਆ ਹੈ। ਗੁਰਵਾਕ ਹੈ:-

ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥[2]

ਦੂਸਰੀ ਤਿੰਨਾਂ ਗੁਣਾਂ ( ਰਜੋ ਤਮੋ ਸਤੋ) ਤੋਂ ਪਰੇ ਨਿਸ਼ਕਾਮ ਅਤੇ ਨਿਰੰਕਾਰ ਕੇਂਦ੍ਰੀ ਭਗਤੀ ਅਨੁਰਾਗ ਭਗਤੀ ਹੈ। ਇਸੇ ਨੂੰ ਨਿਰਗੁਣ ਭਗਤੀ ਕਿਹਾ ਹੈ। ਇਹ ਅੰਤਰਮੁਖ ਹੈ। ਇਸ ਉਪਰ ਗੁਰੂ ਸਾਹਿਬਾਂ ਨੇ ਜ਼ੋਰ ਦਿੱਤਾ ਹੈ। ਸਾਧਕ ਆਪਣ ਮਨ ਦੀਆਂ ਸਾਰੀਆਂ ਬਿਰਤੀਆਂ, ਇੱਛਾਵਾਂ ਅਤੇ ਭਾਵਨਾਵਾਂ ਨੂੰ ਅਕਾਲਪੁਰਖ ਵੱਲ ਰੁਖ ਕਰਕੇ ਅਨੁਭਵ ਨਾਲ ਜੋੜ ਦੇ, ਪ੍ਰੇਮ ਕਰਦੇ ਹੀ [illegible] ਸਕਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:-

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥[3]

ਭਾਰਤੀ ਪਰੰਪਰਾ ਅਨੁਸਾਰ ਭਗਤੀ ਨੌਂ ਪ੍ਰਕਾਰ ਦੀ ਮੰਨੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਨੌ ਪ੍ਰਕਾਰ ਦੀ ਭਗਤੀ ਦੇ ਸੰਕੇਤ ਮਿਲਦੇ ਹਨ।[4] ਪਰ ਨਿਰਗੁਣ ਇਸ ਪਵਿੱਤਰ ਗ੍ਰੰਥ ਵਿੱਚ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378
2. ਉਹੀ, ਪੰਨਾ 159
3. ਉਹੀ, ਪੰਨਾ 67
4. ਭਗਤਿ ਨਵੈ ਪਰਕਾਰਾ॥ ਉਹੀ, ਪੰਨਾ 71

ਨਿਰਗੁਣ ਭਗਤੀ ਪ੍ਰਧਾਨ ਮੰਨ ਲਿਤਾ ਗਿਆ ਹੈ, ਜਿਸ ਕਰਕੇ ਇਹ ਸੰਕੇਤ ਵੀ ਨਿਰਗੁਣ ਪਾਰਬ੍ਰਹਮ ਵੱਲ ਹੀ ਹਨ। ਇਸ ਦੀਆਂ ਉਦਾਹਰਣਾਂ ਗੁਰਬਾਣੀ ਵਿਚੋਂ ਮਿਲਦੀਆਂ ਹਨ:-

ਸੂਰਜ:- ਕਿਤਿ ਪਾਈ ਸੂਰੈ ਸੂਮ ਕਰਣ ॥
ਸੁਣਿ ਨਾਨਕ ਹਰਿ ਹਰਿ ਜਸੁ ਸੁਖਣ ॥[1]

ਜਿਹਵਾ:- ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥[2]
ਸੋਭਤਿ ਪ੍ਰਭ ਕੇ ਗੁਣੁ ਮੇਰੀ ਰਸਨਾ ॥[3]

ਸਿਮਰਨ:- ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥[4]

ਤੇਰੇ ਸਿਮਰਣਿ ਹਰਿ ਕਿਛੁ ਨਸਹੁ ਜਿਸਹੁ ਨ ਬਿਗਸੁ ਹੋਈ ॥
ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥[5]

ਚਰਣ ਸੇਵਾ:- ਕਰਹਿ ਪ੍ਰਭਾਤ ਸਾਤ ਸ ਕੋ ਬਿਸਾਰਉ ॥
ਚਰਣ ਕਮਲ ਰਿਦ ਮਹਿ ਉਰਿਧਾਰਉ ॥[6]
ਗੁਰ ਕੇ ਚਰਣ ਕਮਲ ਮਨ ਧਿਆਇ ॥
ਦੂਖੁ ਦਰਦੁ ਇਸੁ ਤਨ ਤੇ ਜਾਇ ॥[7]

ਅਰਪਣ ਜਾਂ ਸੇਵਾ ਭਾਵਨਾ:-

ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ ॥[8]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 287
2. ਉਹੀ, ਪੰਨਾ 780
3. ਉਹੀ, ਪੰਨਾ 1298
4. ਉਹੀ, ਪੰਨਾ 262
5. ਉਹੀ, ਪੰਨਾ 520
6. ਉਹੀ, ਪੰਨਾ ~~340~~ 288
7. ਉਹੀ, ਪੰਨਾ 741
8. ਉਹੀ, ਪੰਨਾ ੬੧੨.

ਬੰਦਨਾ:- ਅੰਮ੍ਰਿਤੁ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ ॥[1]

ਤੂਟਨੋ ਕਿਵਨੁ ਸੰਮਨੁ ਤੇਰਾ ਨਾਉ ॥[2]

ਮਿਤਰ ਭਾਵ: ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥[3]

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥
ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥[4]

ਦਾਸ ਭਾਵ: ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥[5]

ਆਪਾ ਸਮਰਪਣ ਭਾਵਨਾ:

ਸਰਨੀ ਆਇਓ ਨਾਥ ਨਿਧਾਨ ॥
ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥[6]

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ
ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ ਧਾਰੇ ॥[7]

ਗੁਰਬਾਣੀ ਵਿਚ ਸਭ ਥਾਈਂ ਵਧੇਰੇ ਜ਼ੋਰ ਪ੍ਰੇਮਾ ਭਗਤੀ ਤੇ ਦਿੱਤਾ ਗਿਆ ਹੈ ਕਿਉਂਕਿ ਸੱਚੇ ਪ੍ਰੇਮ ਨਾਲ ਹੀ ਮਨੁੱਖ ਉਪਰੋਕਤ ਸਾਰੇ ਗੁਣਾਂ ਦਾ ਧਾਰਨੀ ਬਣ ਸਕਦਾ ਹੈ। ਭਗਤੀ, ਕਿਉਂਕਿ ਇੱਕ ਵਿਖੜਾ ਪੈਂਡਾ ਹੈ, ਜਿਸ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਇਹ ਸਾਧਨ ਦਰਸਾਏ ਹਨ।

<u>ਗੁਰੂ ਦੀ ਲੋੜ:-</u> ਜ਼ਿੰਦਗੀ ਵਿਚ ਵਿਚਰਦਿਆਂ ਹੋਇਆਂ ਹਰ ਕਿਸਮ ਦੀ ਵਿਦਿਆ ਮਨੁੱਖ ਕਿਸੇ ਮਾਹਰ ਨਿਗਰਾਨ ਦੀ ਨਿਗਰਾਨੀ ਹੇਠ ਲੈਂਦਾ ਹੈ। ਇਹ ਇੱਕ ਮੰਨੀ ਪਰਮੰਨੀ ਸਚਾਈ ਹੈ ਕਿ ਹੁਨਰ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਹੈ। ਫਿਰ ਆਤਮਕ ਪੰਧ ਤੇ ਚਲਦਿਆਂ ਤਾਂ

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 745
2. ਉਹੀ, ਪੰਨਾ 678
3. ਉਹੀ, ਪੰਨਾ 989
4. ਉਹੀ, ਪੰਨਾ 181
5. ਉਹੀ, ਪੰਨਾ 811
6. ਉਹੀ, ਪੰਨਾ 1119
7. ਉਹੀ, ਪੰਨਾ 1268

ਗੁਰੂ ਦੀ ਜ਼ਰੂਰਤ ਹੋਣ ਦੀ ਮਹੱਤਵਪੂਰਣ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

> " ਜ਼ਿੰਦਗੀ ਦੇ ਹਰ ਕਦਮ ਤੇ ਸਾਨੂੰ ਸਿੱਖਿਅਕ ਦੀ ਲੋੜ ਹੁੰਦੀ ਹੈ। ਕਿਸੇ ਵੀ ਖੇਤਰ ਵਿੱਚ ਨਿਪੁੰਨ ਬਣਨ ਲਈ ਸਾਨੂੰ ਚੰਗੀਆਂ ਸਿੱਖਿਆ ਦੀ ਲੋੜ ਹੈ। ਰੂਹਾਨੀ ਖੇਤਰ ਵਿੱਚ ਵੀ ਇਸ ਤਰ੍ਹਾਂ ਹੀ ਹੁੰਦਾ ਹੈ। ਸਾਨੂੰ ਰੂਹਾਨੀ ਤਰੱਕੀ ਲਈ ਗੁਰੂ ਦੀ ਲੋੜ ਹੈ ਜਾਂ ਧਾਰਮਿਕ ਸਿਖਾਂਦੀ ਦੀ ਲੋੜ ਹੁੰਦੀ ਹੈ ਜੋ ਸਾਨੂੰ ਖ਼ਿਆਲਾਂ ਵਿੱਚ, ਲੋਭ ਅਤੇ ਵਿਸ਼ਿਆਂ ਵਿੱਚ ਡਿੱਗਣ ਤੋਂ ਰੋਕਦਾ ਹੈ ਤਾਂ ਕਿ ਅਸੀਂ ਪ੍ਰਮਾਤਮਾ ਦੇ ਪਿਆਰੇ ਬਣਾਨੂ ਬਣ ਸਕੀਏ।"[1]

ਸਿੱਖ ਧਰਮ ਵਿੱਚ ਗੁਰੂ ਦਾ ਦਰਜਾ ਬੜਾ ਉੱਚਾ ਤੇ ਆਦਰ ਯੋਗ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਪੁਰ ਥਾਂ ਗੁਰੂ ਦੀ ਲੋੜ ਉਪਰ ਜ਼ੋਰ ਦਿੱਤਾ ਗਿਆ ਹੈ। ਗੁਰੂ ਇਤਨੀ ਮਹਾਨ ਤੇ ਪਵਿੱਤਰ ਸ਼ਖ਼ਸੀਅਤ ਹੈ ਕਿ ਉਸਦੇ ਗੁਣਾਂ ਨੂੰ ਜਾਣਨਾ ਕਠਿਨ ਹੈ। ਫੁਰਮਾਨ ਹੈ:-

> ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥
> ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥[2]

ਡਾ. ਮੋਹਨ ਸਿੰਘ ਰਤਨ ਅਨੁਸਾਰ ਕਹਿੰਦੇ ਹਨ:-

> " ਗੁਰੂ ਪਰਮੇਸ਼ਰ ਹੀ ਆਪਣੇ ਸਿੱਖ ਪ੍ਰਤੀ ਕਿਰਪਾਲੂ ਹੁੰਦਾ ਹੈ। ਉਹ ਚੇਲੇ ਦੇ ਮਨ ਦੀ ਮੈਲ ਨੂੰ ਦੂਰ ਕਰਦਾ ਹੈ ਤੇ ਉਸਨੂੰ ਪ੍ਰਮਾਤਮਾ ਦਾ ਨਾਮ ਦਿੰਦਾ ਹੈ। ਉਹ ਸਿੱਖ ਨੂੰ ਸਭ ਪਾਪਾਂ ਤੋਂ ਮੁਕਤ ਕਰਦਾ ਹੈ ਅਤੇ ਮਾੜੇ ਲੋਭ ਤੋਂ ਦੂਰ ਰੱਖਦਾ ਹੈ। ਉਹ ਉਸਨੂੰ ਨਾਮ ਦੀ ਦਾਤ ਦਿੰਦਾ ਹੈ ਜਿਸ ਨਾਲ ਉਹ ਕਿਸਮਤ ਵਾਲਾ ਬਣ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖ ਦੀ ਹਰ ਸਮਾਂ ਵਿੱਚ ਰੱਖਿਆ ਕਰਦਾ ਹੈ ਅਤੇ ਇਸ ਦੀਆਂ ਕਮਜ਼ੋਰੀਆਂ ਤੋਂ ਬਚਾਉਂਦਾ ਹੈ।"[3]

---

1. Dr. Surinder Singh Kohli, Outlines of Sikh Thought P.89
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 397
3. Dr. Mohan Singh Rattan, Concept of Anand in Adi Granth P:84

ਗੁਰੂ ਦੀ ਕਿਰਪਾ ਹੋਣ ਤੇ ਹੀ ਗਿਆਨ ਉਪਜਦਾ ਹੈ ਤੇ ਅੰਦਰ ਦੀਆਂ ਸਾਰੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ। ਉਸਨੂੰ ਸਤਿਗੁਰੂ ਜੀ ਦੇ ਸਾਚ ਸ਼ਬਦ ਦੀ ਸੋਝੀ ਆਉਂਦੀ ਹੈ। ਉਸਦਾ ਜਨਮ ਮਰਨ ਛੁੱਟ ਜਾਂਦਾ ਹੈ। ਗੁਰਦੇਵ ਫਰਮਾਉਂਦੇ ਹਨ:-

ਸਤਿਗੁਰ ਤੇ ਗਿਆਨ ਉਪਜੈ ਤਾਂ ਇਹੁ ਸੰਸਾ ਜਾਇ ॥
ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥[1]

ਸੱਚੇ ਗੁਰੂ ਨਾਲ ਮਿਲਾਪ ਹੋਣ ਤੇ ਹੀ ਜਿਗਿਆਸੂ ਆਪਣੇ ਮਨ ਤੇ ਕਾਬੂ ਪਾਉਣ ਦੇ ਕਾਬਿਲ ਹੁੰਦਾ ਹੈ। ਉਹ ਆਪਣੇ ਅਮੋੜ ਮਨ ਨੂੰ ਹਮੇਸ਼ਾਂ ਗੁਰੂ ਦਾ ਆਸਰਾ ਲੈਣ ਲਈ ਸਮਝਾਉਂਦਾ ਹੈ ਕਿਉਂਕਿ ਗੁਰੂ ਦੀ ਸ਼ਰਨੀਂ ਪਿਆਂ ਕਿਸੇ ਵੀ ਕਿਸਮ ਦਾ ਦੁੱਖ ਸੰਤਾਪ ਨਹੀਂ ਰਹਿ ਜਾਂਦਾ। ਉਹ ਤਾਂ ਪਰਮੇਸ਼ਰ ਦਾ ਹੀ ਰੂਪ ਹੈ ਕਿਉਂਕਿ ਉਹ ਆਪ ਪ੍ਰਮਾਤਮਾ ਨਾਲ ਅਭੇਦ ਹੋ ਚੁੱਕਿਆ ਹੁੰਦਾ ਹੈ। ਗੁਰੂ ਦੀ ਸੇਵਾ ਕਰਨ ਨਾਲ ਉਹ ਹਰ ਥਾਂ ਇੱਜ਼ਤ ਪਾਉਂਦਾ ਹੈ। ਉਸਦਾ ਦਰਸ਼ਨ ਕਰਕੇ ਅਨੰਦਿਤ ਹੁੰਦਾ ਹੈ। ਗੁਰਵਾਕ ਹੈ:-

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ਰਹਾਉ ॥
ਗੁਰਚਰਣੀ ਜਾਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾਕਾ ਭਾਗੈ ॥
ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥
ਗੁਰਕਾ ਦਰਸਨੁ ਦੇਖਿ ਨਿਹਾਲੁ ॥ ਗੁਰਕੇ ਸੇਵਕ ਕੀ ਪੂਰਨ ਘਾਲ ॥
ਗੁਰਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰਕਾ ਸੇਵਕੁ ਦਹਦਿਸਿ ਜਾਪੈ ॥[2]

ਗੁਰੂ ਦੀ ਕਿਰਪਾ ਦੁਆਰਾ ਹੀ ਹਉਮੈ ਦਾ ਨਾਸ਼ ਹੁੰਦਾ ਹੈ। ਉਹ ਸਾਧਕ ਦੇ ਔਗੁਣਾਂ ਨੂੰ ਸਾਧਕ ਪਾਸੋਂ ਸ਼ਕਤੀ ਨਾਲ ਖੋਹਦਾ ਹੈ। ਗੁਰੂ ਦੀ ਸ਼ਰਨ ਗਏ ਬਿਨ੍ਹਾਂ ਜਨਮ ਨਿਸਫਲ ਜਾਂਦਾ ਹੈ। ਨਾ ਤਾਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਮੁਕਤੀ ਦੀ। ਗੁਰੂ ਦੀ ਕਿਰਪਾ ਸਦਕਾ ਪ੍ਰਭੂ ਮਿਲਾਪ ਹੁੰਦਾ ਹੈ ਅਤੇ ਸਾਧਕ ਪਰਮ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਗੁਰਵਾਕ ਹੈ:-

ਗੁਰੂ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪਰਸਾਦਿ ਪ੍ਰਭੁ ਪਾਈਐ ਗੁਰੂ ਬਿਨੁ ਮੁਕਤਿ ਨ ਹੋਇ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1276
2. ਉਹੀ, ਪੰਨਾ 864
3. ਉਹੀ, ਪੰਨਾ 1401

ਸਤਿਸੰਗਤ : ਸਤਿਸੰਗਤ ਦਾ ਭਗਤੀ ਮਾਰਗ ਵਿੱਚ ਬੜਾ ਮਹੱਤਵਪੂਰਣ ਸਥਾਨ ਹੈ। ਸਤਿਸੰਗਤ ਤੋਂ ਭਾਵ ਗੁਰੂਆਂ ਮਹਾਂਪੁਰਖਾਂ ਦੀ ਸੰਗਤ ਹੈ, ਜਿਨ੍ਹਾਂ ਨਾਲ ਰਲ ਬੈਠ ਕੇ ਪਰਮਾਤਮਾ ਦੇ ਨਾਮ ਦਾ ਗੁਣਗਾਣ ਹੋਇਆ ਜਾਵੇ। ਗੁਰੂ ਅਰਜਨ ਦੇਵ ਜੀ ਇਸ ਬਾਰੇ ਫੁਰਮਾਉਂਦੇ ਹਨ:-

ਸਤਿਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥[1]

ਸਤਿਸੰਗਤ ਗੁਣੀਆਂ ਦਾ ਘਰ ਹੈ ਜਿਸ ਤੋਂ ਨਾਮ ਅਤੇ ਹਰੀ ਦੀ ਪ੍ਰਾਪਤੀ ਹੁੰਦੀ ਹੈ। ਫੁਰਮਾਨ ਹੈ:-

ਮਹਾ ਪਵਿਤ੍ਰੁ ਸਾਧ ਕਾ ਸੰਗਿ ॥
ਜਿਸੁ ਭੇਟਤੁ ਲਾਗੈ ਪ੍ਰਭ ਰੰਗਿ ॥[2]

ਡਾ. ਸੁਰਿੰਦਰ ਸਿੰਘ ਕੋਹਲੀ ਸਿੱਖ ਧਰਮ ਵਿੱਚ ਸਾਧਸੰਗਤ ਦਾ ਮਹੱਤਵ ਪ੍ਰਗਟਾਉਂਦੇ ਹੋਏ ਲਿਖਦੇ ਹਨ:-

" ਜਿਥੇ ਇਕ ਸੱਚਾ ਸਿੱਖ ਇਕ ਆਦਰਯੋਗ ਸੰਤ ਦਾ ਸੇਵਕ ਹੈ, ਉਥੇ ਉਹ ਆਦਰਯੋਗ ਸੰਗਤ ਦਾ ਵੀ ਸੇਵਕ ਹੈ। ਇਸ ਆਦਰਯੋਗ ਸੰਗਤ ਨੂੰ ਸਾਧਸੰਗਤ ਕਿਹਾ ਜਾਂਦਾ ਹੈ - ਸੰਤ ਅਤੇ ਨੇਕ ਪੁਰਖਾਂ ਦੀ ਸੰਗਤ।"[3]

ਸਤਿਸੰਗ ਰਾਹੀਂ ਮਨ ਦੀ ਹਉਮੈ ਦੂਰ ਹੋ ਜਾਂਦੀ ਹੈ ਅਤੇ ਗਿਆਨ ਦਾ ਪ੍ਰਗਟਾ ਹੁੰਦਾ ਹੈ। ਮਨੁੱਖ ਬੁਰੇ ਵਿਕਾਰਾਂ ਤੇ ਕਾਬੂ ਪਾਉਣ ਦੇ ਸਮਰੱਥ ਹੁੰਦਾ ਹੈ ਅਤੇ ਪ੍ਰਭੂ ਭਗਤੀ ਰੂਪੀ ਅੰਮ੍ਰਿਤਰਸ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-

ਸਾਧ ਕੈ ਸੰਗਿ ਮਿਟੈ ਅਭਿਮਾਨੁ ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥
— — —
ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥
ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 72
2. ਉਹੀ, ਪੰਨਾ 392-93
3. Dr. Surinder Singh Kohli, Outlines of Sikh Thought, P.99
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 271

ਸਤਿਸੰਗ ਵਿੱਚ ਜਾਣ ਨਾਲ ਵਾਹਿਗੁਰੂ ਨਾਮ ਚਿੱਤ ਆਉਂਦਾ ਹੈ। ਮਨ ਦੁੱਖ ਦੂਰ ਹੁੰਦੇ ਹਨ। ਜਨਮਾਂ ਜਨਮਾਂਤਰਾਂ ਦੀ ਮੈਲ ਧੁੱਲ ਜਾਂਦੀ ਹੈ। ਮਨ ਨੂੰ ਫਿਰ ਵਾਹਿਗੁਰੂ ਜੀ ਦਾ ਨਾਮ ਮਿੱਠਾ ਲੱਗਦਾ ਹੈ। ਜੋ ਸਦਾ ਦਾ ਸੁੱਖ ਚਾਹੁਣ ਵਾਲੇ ਨੂੰ ਸਾਧਸੰਗਤ ਵਿੱਚ ਜਾ ਕੇ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਗੁਰੂ ਜੀ ਨੇ ਸਮਝਾਇਆ ਹੈ:-

> ਜੇ ਲੋੜਹਿ ਸਦਾ ਸੁਖੁ ਭਾਈ ॥
> ਸਾਧੂ ਸੰਗਤਿ ਗੁਰਹਿ ਬਤਾਈ ॥
> ਊਹਾ ਜਪੀਐ ਕੇਵਲ ਨਾਮ ॥
> ਸਾਧੂ ਸੰਗਤਿ ਪਾਰਗਰਾਮ ॥[1]

<u>ਕੀਰਤਨ</u>:- ਭਗਤੀ ਦੀ ਪ੍ਰਾਪਤੀ ਲਈ ਕੀਰਤਨ ਇੱਕ ਪ੍ਰਮੁੱਖ ਸਾਧਨ ਹੈ। ਗੁਰਬਾਣੀ ਨੂੰ ਰਾਗ ਵਿੱਚ ਗਾਉਣ ਦਾ ਨਾਮ ਕੀਰਤਨ ਹੈ। ਇਹ ਸਾਧਸੰਗਤ ਵਿੱਚ ਹੋਂਦਾ ਜਾਂਦਾ ਹੈ। ਇਹ ਮਨੁੱਖੀ ਮਨ ਨੂੰ ਥੋੜੇ ਚਿਰ ਵਿੱਚ ਪ੍ਰਭੂ ਦੀ ਭਗਤੀ ਵੱਲ ਖਿੱਚਦਾ ਹੈ। ਇਸ ਕਰਕੇ ਪ੍ਰਭੂ ਦੀ ਭਗਤੀ ਕਰਨ ਲਈ ਕੀਰਤਨ ਦਾ ਕਰਨਾ ਤੇ ਸੁਣਨਾ ਜ਼ਰੂਰੀ ਸਮਝਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

> " ਸਾਧਸੰਗਤ ਦਾ ਮੁੱਖ ਕੰਮ ਪ੍ਰਮਾਤਮਾ ਦੇ ਨਾਮ ਨੂੰ ਯਾਦ ਕਰਨਾ ਹੈ। ਇਸ ਉਦੇਸ਼ ਲਈ ਹਰ ਚੇਲਾ ਆਪਣੇ ਆਪ ਨੂੰ ਪ੍ਰਭ ਅਤੇ ਗੁਰੂ ਦੇ ਮਿੱਠੇ ਸ਼ਬਦਾਂ ਦੇ ਸੰਗੀਤ ਵਿੱਚ ਵਿਲੀਨ ਕਰ ਦੇਂਦਾ ਹੈ, ਜੋ ਕਿ ਸੁਰਮਈ ਬਾਣੀ ਦਾ ਰਸ ਮਾਣਦੇ ਵਿੱਚ ਗਾਇਆਂ ਹੀ ਜਾਂਦੇ ਹਨ, ਜਦੋਂ ਹੋਰ ਕਿਰਿਆਵਾਂ ਗੁਰਬਾਣੀ ਤਾਨਤ ਕਥਨ ਵਿੱਚ ਗਾਇਆਂ ਕਰਦਾ ਹੈ।"[2]

> " ਕੀਰਤਨ ਭਗਤੀ ਦਾ ਸਰਵੋਤਮ ਤਰੀਕਾ ਹੈ। ਇਹ ਭਗਤ ਨੂੰ ਖੁਸ਼ੀ ਅਤੇ ਅਸ਼ੀਰਵਾਦ ਬਖਸ਼ਦਾ ਹੈ।"[3]

---

1. <u>ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਪੰਨਾ 1182
2. Dr. Surinder Singh Kohli, <u>Outlines of Sikh Thought</u>, P. 102
3. Ibid .... Page 102

ਕੀਰਤਨ ਨੂੰ ਗੁਰੂ ਅਰਜਨ ਦੇਵ ਜੀ ਨੇ ਭਗਤੀ ਦੇ ਸਭ ਸਾਧਨਾਂ ਨਾਲੋਂ ਸ੍ਰੇਸ਼ਟ ਦੱਸਿਆ ਹੈ। ਉਨ੍ਹਾਂ ਨੇ ਕੀਰਤਨ ਨੂੰ ਇੰਨਾ ਉੱਚਾ ਦਰਜਾ ਦਿੱਤਾ ਹੈ ਜਿਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਆਪ ਆਪਣੇ ਪ੍ਰੀਤਮ ਦੀ ਸਿਫਤ ਲਈ ਇਉਂ ਅਰਦਾਸ ਕਰਦੇ ਹੋਏ ਕੀਰਤਨ ਦਾ ਦਾਨ ਹੀ ਮੰਗਦੇ ਹਨ:-

ਦਇਆ ਕਰਹੁ ਦਇਆਲ ਆਪਣੀ ਸਿਫਤਿ ਦੇਹੁ ॥
ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹੁ ॥[1]

ਇਹ ਕੀਰਤਨ ਕਰਨ ਸੁਣਨ ਦੀ ਦਾਤ ਉਸੇ ਨੂੰ ਪ੍ਰਾਪਤ ਹੁੰਦੀ ਹੈ, ਜਿਸ ਉੱਤੇ ਗੁਰੂ ਆਪਣੀ ਕਿਰਪਾ ਕਰੇ। ਗੁਰੂ ਦੀ ਸਿਖਿਆ ਤੋਂ ਬਿਨ੍ਹਾਂ ਇਸਦੀ ਪ੍ਰਾਪਤੀ ਅਸੰਭਵ ਹੈ ਭਾਵੇਂ ਕਿੰਨੇ ਵੀ ਕਰਮਕਾਂਡ ਕੀਤੇ ਜਾਣ। ਗੁਰਦੇਵ ਨੇ ਫੁਰਮਾਇਆ ਹੈ:-

ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥[2]

ਕੀਰਤਨ ਕਰਨ ਸੁਣਨ ਵਾਲਿਆਂ ਨੂੰ ਦਰਗਾਹ ਵਿੱਚ ਥਾਂ ਮਿਲਦਾ ਹੈ। ਗੁਰਦੇਵ ਅਜਿਹਾ ਕੀਰਤਨ ਕਰਨ ਤੇ ਸੁਣਨ ਦਾ ਉਪਦੇਸ਼ ਕਰਦੇ ਹਨ ਜੋ ਸਭਨਾਂ ਦਾ ਉਧਾਰ ਕਰੇ। ਪ੍ਰਭੂ ਦੀ ਸਿਫ਼ਤ ਸਲਾਹ ਕਰਨ ਨਾਲ, ਕੀਰਤਨ ਕਰਨ ਨਾਲ ਆਵਾਗਵਣ ਦਾ ਗੇੜ ਮੁੱਕਿਆ ਜਾਂਦਾ ਹੈ। ਗੁਰਵਾਕ ਹੈ:-

ਰਵਿ ਦਿਨੁ ਰੈਣਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥[3]

ਇਹ ਕੀਰਤਨ ਨਿਰਮੋਲਕ ਹੀਰਾ ਹੈ ਜਿਸਨੂੰ ਵਿਚਾਰਨ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ:-

ਕੀਰਤਨੁ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਹੀਰਾ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 961
2. ਉਹੀ, ਪੰਨਾ 548
3. ਉਹੀ, ਪੰਨਾ 624
4. ਉਹੀ, ਪੰਨਾ 893

<u>ਨਾਮ ਸਿਮਰਨ:-</u> ਨਾਮ ਸਿਮਰਨ ਗੁਰੂ ਗ੍ਰੰਥ ਸਾਹਿਬ ਅਨੁਸਾਰ ਭਗਤੀ ਦੀ ਪ੍ਰਾਪਤੀ ਦਾ ਮੁੱਖ ਸਾਧਨ ਹੈ। ਨਾਮ ਸਿਮਰਨ ਨੂੰ ਭਗਤੀ ਦਾ ਆਧਾਰ ਮੰਨਿਆ ਹੈ। ਸਿੱਖ ਧਰਮ ਵਿੱਚ ਨਾਮ ਜਪਣਾ ਇੱਕ ਮੁੱਖ ਨਿਯਮ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ॥
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥[1]

ਨਾਮ ਜਪਣ ਦਾ ਸਿਧਾਂਤ ਆਪਣਾ ਆਪ ਗੁਰ ਅਕਾਲਪੁਰਖ ਦੇ ਅਰਪਣ ਕਰ ਦੇਣਾ ਹੈ। ਪ੍ਰਤਾਪ ਸਿੰਘ ਨਾਮ ਸਿਮਰਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:-

"ਸਿਮਰਨ ਵਿੱਚ ਅਦਭੁਤ ਸੂਖਮ ਸ਼ਕਤੀ ਹੈ। ਸਵੈ-ਸਰੂਪ ਨਾਮ ਨਾਲ ਮਿਲਣ ਦਾ ਇੱਕ ਸਾਧਨ ਹੈ। ਸਵੈ-ਸਰੂਪ ਵਿੱਚ ਅਦਭੁਤ ਸੂਖਮ ਪ੍ਰਕਾਸ਼ ਹੈ ਜਿਸਦੇ ਚਮਕਾਰੇ ਕਦੀ ਪੈਂਦੇ ਹਨ। ਜਿਤਨਾ ਅਸੀਂ ਖਿਆਲਾਂ ਰੂਪਾਂ ਮੂਲ ਤੋਂ ਦੂਰ ਹੁੰਦੇ ਜਾਂਦੇ ਹਾਂ, ਉਤਨਾ ਹੀ ਸਰੂਪ ਰੂਪ ਹੁੰਦੇ ਜਾਂਦੇ ਹਾਂ, ਜਿਤਨਾ ਸਿਮਰਨ ਅੰਦਰ ਲਿਵ ਦੀ ਅਵਸਥਾ ਵਿੱਚ ਟਿਕਦੇ ਹਾਂ, ਉਤਨਾ ਹੀ ਆਤਮੇ ਦੇ ਨੇੜੇ ਹੁੰਦੇ ਹਾਂ।"[2]

ਨਾਮ ਸਿਮਰਨ ਵਿੱਚ ਪ੍ਰਕਾਰ ਦੀ ਪ੍ਰੇਮ ਸਾਧਨਾ ਹੈ ਜੋ ਪ੍ਰੇਮੀ ਕਿਸੇ ਲਾਲਚ ਵੱਸ ਨਾ ਕਰਦੇ ਆਪਣੇ ਪ੍ਰੀਤਮ ਦੇ ਪਿਆਰ ਦੀ ਖ਼ਾਤਰ ਹੀ ਕਰਦਾ ਹੈ। ਗੁਰੂ ਜੀ ਐਸ ਵਿਧੀ ਦੱਸੀ ਹੈ:-

ਸਾਚਾ ਦਾਨੁ ਨਾਨਕੁ ਨਾਮ ॥
ਅਵਰੁ ਕਛੂ ਮੇਰੈ ਚੀਤਿ ਨ ਆਵੈ ਜਿਸੁ ਬਿਨੁ ਕੂਰ ਕਾਮ ॥[3]

ਭਾਈ ਵੀਰ ਸਿੰਘ ਲਿਖਦੇ ਹਨ:-

"ਅਕਾਲਪੁਰਖ ਮਨ ਤੋਂ ਅਗਿਆਤ ਹੈ। ਪਰ ਇਹ ਚੇਤਾ ਰਖਣੇ ਲਈ ਕਿ ਮਨ ਬਾਣੀ ਤੋਂ ਅਗਿਆਤ ਹੈ, ਗੁਰ ਦੇਵ ਤੋਂ ਗਿਆਨ ਜੋ ਸਰਬਵਿਆਪਕ ਨਿਰੰਕਾਰ ਹੈ, ਉਸਦਾ ਚੇਤਾ ਰਖਣਾ ਹੈ, ਤੇ

---

1. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ</u> ਜੀ, ਪੰਨਾ 305
2. ਗਿਆਨੀ ਪ੍ਰਤਾਪ ਸਿੰਘ, <u>ਗੁਰਮਤਿ ਫ਼ਿਲਾਸਫ਼ੀ</u>, ਪੰਨਾ 206
3. <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ</u> ਜੀ, ਪੰਨਾ 713

ਉਸਦਾ ਚੇਤਾ ਕਰਨ ਲਈ ਉਸ ਅਸੀਮ ਤੇ ਅਗੋਚਰ ਨੂੰ ਸਿਮਰਤੀ
ਵਿੱਚ ਲਿਆਉਣ ਲਈ ਹੀ ਉਸਦਾ ਨਾਮ ਰੱਖਣਾ ਪਿਆ ਹੈ।
ਪਰਮੇਸ਼ਰ ਤਾਂ ਨਾਮ ਰਹਿਤ ਅਨਾਮੀ ਹੈ। ਪਰੰਤੂ ਮਨੁੱਖ ਦਾ
ਬੋਧ ਨਾਮ ਵਿੱਚ ਹੈ ਤੇ ਉਸਦਾ ਵਿਚਾਰ ਤੇ ਵਿਚਾਰ ਦਾ ਪਰਸਪਰ
ਅਟੁੱਟ ਸਬੰਧ ਨਾਮ ਬਿਨ੍ਹਾਂ ਨਹੀਂ ਹੋ ਸਕਦਾ। ਇਸ ਕਰਕੇ ਮਨੁੱਖ
ਨੇ ਆਪਣੇ ਵਿਚਾਰ ਲਈ ਉਸਦੇ ਨਾਮ ਦੀ ਸਿਰਜਣਾ ਕੀਤੀ ਹਨ।"[1]

ਗੁਰੂ ਗ੍ਰੰਥ ਸਾਹਿਬ ਵਿੱਚ ਨਾਮ ਦੀ ਮਹਿਮਾ ਦਾ ਗੁਣ ਗਾ ਗਾਇਣੀ ਕੀਤੀ ਹੈ। ਭਾਵੇਂ ਉਸ ਅਸੀਮ ਵਾਹਿਗੁਰੂ ਜੀ ਨੂੰ ਨਾਵਾਂ ਦੀ ਕੈਦ ਵਿੱਚ ਨਹੀਂ ਰੱਖਿਆ ਜਾ ਸਕਦਾ, ਫਿਰ ਵੀ ਭਗਤਾਂ ਨੇ ਉਸਦੀ ਮਹਿਮਾ ਗਾਉਣ ਲਈ ਉਸਦੇ ਅਨੇਕਾਂ ਨਾਮ ਰੱਖੇ ਹਨ। ਪਰ ਇਹ ਸਾਰੇ ਨਾਮ ਉਸਦੇ ਗੁਣਾਂ ਤੇ ਆਧਾਰਤ ਹਨ। ਉਸਦੀ ਹੋਂਦ ਨੂੰ ਸਾਬਤ ਕਰਦਾ ਨਾਮ 'ਸਤਿਨਾਮ' ਹੈ। ਗੁਰਦੇਵ ਫੁਰਮਾਉਂਦੇ ਹਨ:-

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥[2]

ਡਾ. ਕੋਹਲੀ ਸਾਹਿਬ ਇਸ ਸੰਬੰਧ ਵਿੱਚ ਲਿਖਦੇ ਹਨ:-

"ਪ੍ਰਭੂ ਦਾ ਨਾਮ 'ਸਤਿ' ਹੈ। ਉਸਨੂੰ 'ਸਤਿ'
ਜਾਂ 'ਸੱਚ' ਹੀ ਕਹਿਣਾ ਚਾਹੀਦਾ ਹੈ ਕਿਉਂਕਿ
ਉਹ ਸਦਾ ਸੱਚ ਹੈ। 'ਸਤਿਨਾਮ' ਦੇ ਬਿਨਾਂ ਬਾਕੀ
ਸਾਰੇ ਨਾਮ ਕਿਰਤਮ ਹਨ।"[3]

ਸੋ ਗੁਰਮਤ ਅਨੁਸਾਰ ਨਾਮ ਵਾਹਿਗੁਰੂ ਜੀ ਦੇ ਨਾਮ ਦਾ ਵਾਚਕ ਹੈ। ਇਹ ਨਾਮ ਬੋਲੀ ਦਾ ਵਿਸ਼ਾ ਨਹੀਂ, ਸਗੋਂ ਵਾਹਿਗੁਰੂ ਜੀ ਵਾਂਗ ਅਨੰਤ ਤੇ ਸਰਬ-ਵਿਆਪੀ ਹੈ ਤੇ ਉਸੇ (ਵਾਹਿਗੁਰੂ) ਦਾ ਹੀ ਅਹਿਸਾਸ ਕਰਾਉਂਦਾ ਹੈ, ਉਸ ਨਾਲ ਜੋੜਦਾ ਹੈ, ਉਸ ਵਿੱਚ ਲੀਨ ਕਰ ਦਿੰਦਾ ਹੈ।

---

1. ਡਾ. ਜੋਧ ਸਿੰਘ, ਗੁਰਮਤਿ ਨਾਮ, ਪੰਨਾ 32
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1083

~~3. ਉਹੀ, ਪੰਨਾ 818~~

3. Dr. Surinder Singh Kohli, Outlines of Sikh Thought, P. 23

ਵਿਸਮਾਦ ਦੀ ਪ੍ਰਾਪਤੀ ਸਤਿਗੁਰ ਦੀ ਕਿਰਪਾ ਨਾਲ ਹੁੰਦੀ ਹੈ। ਗੁਰਦੇਵ ਫਰਮਾਉਂਦੇ ਹਨ:-

ਬਿਨੁ ਸਤਿਗੁਰ ਭੇਟੇ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥ [1]

ਨਾਮ ਸਿਮਰਨ ਸਭ ਤੋਂ ਉੱਤਮ ਕਰਮ ਹੈ। ਇਸ ਦੇ ਸਿਮਰਨ ਨਾਲ ਦੁੱਖਾਂ ਦਾ ਵਿਨਾਸ਼ ਹੁੰਦਾ ਹੈ ਅਤੇ ਸਹਜ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰਵਾਕ ਹੈ:-

ਦੁਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮ ਚਿਤਾਰੇ ॥
ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥ [2]

ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥
ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥ [3]

ਨਾਮ ਸਿਮਰਨ ਦੁਆਰਾ ਹੀ ਜਿਗਿਆਸੂ ਆਪਣਾ ਧਿਆਨ ਸੰਸਾਰਕ ਪਦਾਰਥਾਂ ਵੱਲੋਂ ਹਟਾਕੇ ਵਾਹਿਗੁਰੂ ਵੱਲ ਲਗਾ ਸਕਦਾ ਹੈ। ਇਹ ਮਨੁੱਖ ਦੇ ਮਨ ਨੂੰ ਨਿਰਮਲ ਕਰਦਾ ਹੈ। ਚਿੰਤਾਵਾਂ ਅਤੇ ਅਸ਼ਾਂਤ ਵਿਚਾਰਾਂ ਨੂੰ ਨਿਵਾਰਨ ਕਰਕੇ ਅਨੰਦ ਅਤੇ ਖੁਸ਼ੀਆਂ ਦਿੰਦਾ ਦੇ ਮੌਕੇ ਬਣਾਉਂਦਾ ਹੈ। ਉਸਦੇ ਪੰਜੇ ਵਿਕਾਰ ( ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ) ਉਸਦੇ ਵੱਸ ਵਿੱਚ ਆ ਜਾਂਦੇ ਹਨ। ਮਨ ਦੇ [illegible] ਵਿਕਾਰ ਅਤੇ ਬੁਰੀ ਆਦਤਾਂ ਜਾਂਦੀਆਂ ਹਨ। ਸਿਮਰਨ ਤੋਂ ਬਿਨਾਂ ਜੀਵਨ-ਬੋਝਾ ਹੈ, ਦੁੱਖ ਰੂਪ ਹੈ, ਅਤੇ ਮੌਤਾਂ ਦਾ ਕਾਰਣ ਹੈ। ਆਵਾ ਗਉਣ ਚੱਕਰ ਇਸੇ ਦੀ [illegible] ਹੈ। ਗੁਰਦੇਵ ਫੁਰਮਾਉਂਦੇ ਹਨ:-

ਆਵਾ ਗਉਣਾ [illegible] ਜਾਇ ॥
ਜਨ ਨਾਨਕੁ ਫਿਰੈ ਨ ਆਵੈ ਜਾਇ ॥ [4]
ਸੋਵਤ ਸੋਵਤ ਸੋਇ [illegible]ਆਰਾ ॥
ਬਿਨੁ ਹਰਿ [illegible] ਨਹੀਂ ਛੁਟਕਾਰਾ । [5]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1417
2. ਉਹੀ, ਪੰਨਾ 616
3. ਉਹੀ, ਪੰਨਾ 398
4. ਉਹੀ, ਪੰਨਾ 351
5. ਉਹੀ, ਪੰਨਾ 891

ਇਹ ਮਨੁੱਖਾ ਸਰੀਰ ਵੱਡੇ ਭਾਗਾਂ ਕਰਕੇ ਪ੍ਰਾਪਤ ਹੁੰਦਾ ਹੈ। ਇਸ ਜਨਮ ਵਿੱਚ ਹੀ ਪਰਮਾਤਮਾ ਨਾਲ ਅਭੇਦ ਹੋਇਆ ਜਾ ਸਕਦਾ ਹੈ ਤੇ ਜਿਹੜੇ ਮਨੁੱਖ ਇਸ ਦਾ ਲਾਭ ਨਹੀਂ ਉਠਾਉਂਦੇ, ਪ੍ਰਭੂ ਨਾਮ ਨਾਲ ਨਹੀਂ ਜੁੜਦੇ, ਉਨ੍ਹਾਂ ਨੂੰ ਸੁਪਨੇ ਵਿੱਚ ਵੀ ਸੁੱਖ ਨਹੀਂ ਮਿਲਦਾ। ਉਹ ਨਰਕਾਂ ਨੂੰ ਜਾਂਦਾ ਹੈ। ਨਾਮ ਤੋਂ ਬਿਨਾਂ ਸਭ ਅਡੰਬਰ ਕੂੜ ਹੈ। ਗੁਰਵਾਕ ਹੈ:-

ਨਾਮੁ ਬਿਸਾਰਿ ਕਰੇ ਰਸ ਭੋਗ ॥
ਸੁਖੁ ਸੁਪਨੈ ਨਹੀਂ ਤਨ ਮਹਿ ਰੋਗ ॥
-- — —
ਨਾਮ ਅਡੰਬਰ ਬਹੁਤੁ ਬਿਸਥਾਰਾ ॥
ਨਾਮੁ ਬਿਨਾ ਝੂਠੇ ਪਾਸਾਰਾ ॥[1]

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਨਾਮ ਸਿਮਰਿਆ ਕਿਵੇਂ ਜਾਵੇ? ਗੁਰੂ ਸਾਹਿਬ ਨੇ ਨਾਮ ਨੂੰ ਮਨ ਰਾਹੀਂ, ਬਚਨਾਂ ਰਾਹੀਂ ਅਤੇ ਕਰਮਾਂ ਰਾਹੀਂ ਸਿਮਰਨ ਦਾ ਉਪਦੇਸ਼ ਦਿੱਤਾ ਹੈ। ਆਪਦਾ ਫੁਰਮਾਨ ਹੈ:-

ਮਨਿ ਬਚਿ ਕਰਮਿ ਪ੍ਰਭੁ ਅਪਨਾ ਧਿਆਈ ॥
ਨਾਨਕ ਦਾਸ ਤੇਰੀ ਸਰਣਾਈ ॥[2]

ਗੁਰਮਤ ਫਿਲਾਸਫੀ ਦੇ ਕਰਤਾ ਲਿਖਦੇ ਹਨ:-

"ਨਾਮ ਜਪਣ ਤੋਂ ਭਾਵ ਜਿਹਵਾ ਦੇ ਕਿਨ ਅੱਖਰਾਂ ਤੋਂ ਜਾਣਿਆ ਹੋਇਆ ਨਾਮ ਜਪਣਾ ਹੀ ਨਹੀਂ, ਬਲਕਿ ਵਾਹਿਗੁਰੂ ਦੀ ਹੋਂਦ ਨੂੰ ਪ੍ਰਤੱਖ ਮਹਿਸੂਸ ਕਰਕੇ ਉਸ ਵਿੱਚ ਜੁੜਨਾ, ਇਹ ਜੀਭ ਅਤੇ ਮਨ ਦੁਆਰਾ ਉਸਦਾ ਸਿਮਰਨ ਕਰਨਾ, ਅੰਤ੍ਰੀਵ ਆਤਮੇ ਵਾਹਿਗੁਰੂ ਨਾਲ ਜੁੜਕੇ ਸਦਾ ਸੁਖ ਪ੍ਰਾਪਤ ਕਰਨਾ ਹੈ।"[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 240
2. ਉਹੀ, ਪੰਨਾ 200
3. ਪ੍ਰਤਾਪ ਸਿੰਘ ਗਿਆਨੀ, ਗੁਰਮਤਿ ਫਿਲਾਸਫੀ, ਪੰਨਾ 251

ਨਾਮ ਸਿਮਰਨ ਵੇਲੇ ਤਿੰਨਾਂ ਗੱਲਾਂ ਤੇ ਪਹਿਰਾ ਦੇਣਾ ਸਾਵਧਾਨਤਾ ਪੂਰਵਕ ਕਰਨ ਦੀ ਲੋੜ ਹੁੰਦੀ ਹੈ। ਪਹਿਲਾ ਢੰਗ ਜੀਭ ਨਾਲ ਸਿਮਰਨ ਕਰਨਾ। ਦੂਜਾ ਢੰਗ ਜੀਭ ਦੇ ਨਾਲ ਨਾਲ ਮਨ ਨੂੰ ਕੇਂਦਰਤ ਕਰ ਕੇ ਸੁਰਤ ਨਾਲ ਸਿਮਰਨ ਵਿਚ ਜੋੜਨਾ ਅਤੇ ਤੀਜਾ ਢੰਗ ਰਸਨਾ ਨਾਲ ਸਿਮਰਨ ਕਰਨਾ। ਅਰਥਾਤ ਜਿਸ ਤੋਂ ਕਰਮ ਕੁਕਰਮ ਕਰਨ ਨੂੰ ਰੋਕੀਦਾ ਹੈ, ਉਨ੍ਹਾਂ ਨੂੰ ਜੀਵਨ ਵਿਚ ਵਿਚਾਰਨਾ ਅਤੇ ਜੋ ਕਰਮ ਚੰਗੇ ਨੂੰ ਕਰੀਦਾ ਹੈ, ਉਨ੍ਹਾਂ ਨੂੰ ਵਿਚਾਰਨਾ।

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਨਾਮ ਸਿਮਰਨ ਦੀਆਂ ਤਿੰਨ ਵੱਖ ਵੱਖ ਅਵਸਥਾਵਾਂ ਹਨ, ਜਿਨ੍ਹਾਂ ਵਿਚੋਂ ਹਰ ਜਿਗਿਆਸੂ ਨੂੰ ਲੰਘਣਾ ਪੈਂਦਾ ਹੈ:-

ਸਾਧਾਰਣ ਜਪ:- ਇਹ ਜਪ ਜੀਭ ਨਾਲ ਕੀਤਾ ਜਾਂਦਾ ਹੈ। ਪਹਿਲੇ ਪਹਿਲ ਨਾਮ ਸਿਮਰਨ ਦੀ ਜਿਸ ਜੀਭ ਜਪ ਦਾ ਅਭਿਆਸ ਕੀਤਾ ਜਾਂਦਾ ਹੈ। ਇਹ ਜਪ ਹੀ ਅਜਪਾ ਜਪ ਤੇ ਲਿਵ ਜਪ ਦਾ ਅਧਾਰ ਹੈ। ਸ਼ੁਰੂ ਸ਼ੁਰੂ ਵਿੱਚ ਇਹ ਜਪ ਇਕ ਨਿਯਮ ਦਾ ਤੌਰ ਤਰੀਕਾ ਹੀ ਹੁੰਦਾ ਹੈ। ਪਰ ਹੌਲੀ ਹੌਲੀ ਇਹ ਹਿਰਦੇ ਵਿੱਚ ਟਿਕ ਜਾਂਦਾ ਹੈ। ਨਾਮ ਦਾ ਸੁਆਦ ਹੀ ਕੇਵਲ ਉਸੇ ਨੂੰ ਆ ਸਕਦਾ ਹੈ ਜੋ ਕੇਵਲ ਰਸਨਾ ਨਾਲ ਹੀ ਨਾਮ ਨਾ ਜਪਦੇ, ਸਗੋਂ ਹਿਰਦੇ ਅੰਦਰੋਂ ਜਪੇ। ਗੁਰੂ ਸਾਹਿਬ ਫੁਰਮਾਉਂਦੇ ਹਨ:-

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥[1]

ਰਸਨਾ ਨਾਲ ਨਾਮ ਸਿਮਰਨ ਕਰਦੇ ਮਨ ਸ਼ੁੱਧ ਹੁੰਦਾ ਹੈ, ਖ਼ਿਆਲ ਪਵਿੱਤਰ ਹੁੰਦੇ ਹਨ।

ਅਜਪਾ ਜਪ:- ਜਦੋਂ ਜੀਭ ਨਾਲ ਜਪ ਕਰਦਿਆਂ ਹਿਰਦੇ ਵਿੱਚ ਨਾਮ ਵਸ ਜਾਂਦਾ ਹੈ ਤਾਂ ਸੁਆਸ ਸੁਆਸ ਨਾਲ ਵਾਹਿਗੁਰੂ ਦਾ ਨਾਮ ਜਪ ਹੁੰਦਾ ਹੈ। ਇਹੀ ਅਜਪਾ ਜਪ ਹੈ। ਗੁਰੂ ਸਾਹਿਬਾਂ ਨੇ ਇਸ ਜਪ ਪ੍ਰਗਟ ਕਰ ਦਿੱਤਾ ਹੈ:-

ਆਠ ਪਹਰ ਪ੍ਰਭ ਕਾ ਜਪੁ ਜਾਪਿ ॥
ਨਾਨਕ ਜਾਪਾ ਹੋਆ ਆਪਿ ॥[2]

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 491
2. ਉਹੀ, ਪੰਨਾ 901
3. ਉਹੀ, ਪੰਨਾ 941

ਜਿਹੜਾ ਸਾਧਕ ਰਸਨਾ ਨਾਲ ਹੀ ਵਾਹਿਗੁਰੂ ਦਾ ਸਿਮਰਨ ਕਰਦਾ ਹੈ ਤੇ ਮਨ ਦੇ ਵਿਚ ਵੀ ਹਰ ਵੇਲੇ ਯਾਦ ਰੱਖਦਾ ਹੈ, ਉਹ ਚੰਗਿਆਂ ਤੋਂ ਚੰਗਿਆਂ ਕੰਮਾਂ ਦਾ ਵੀ ਕਿਤੇ ਵਧ ਮੁਕਾਬਲਾ ਕਰਦਾ ਹੈ, ਕੋਈ ਵੀ ਫੈਸਲਾ ਨਹੀਂ ਹੈ। ਗੁਰਦੇਵ ਆਪਣੇ ਸਾਧਕ ਬਾਰੇ ਲਿਖਦੇ ਹਨ:-

ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥[1]

ਸ਼ਬਦ ਸੁਰ-ਸੰਜੋਗ ਵਿਚ: ਇਸ ਸਮੇਂ ਵਿਚ ਮਨੁੱਖੀ ਮਨ ਦੀ ਬਿਰਤੀ ਬਾਣੀ ਸ਼ਬਦ ਨਾਲ ਜੁੜ ਜਾਂਦੀ ਹੈ। ਇਸਦਾ ਮਤਲਬ ਹੈ ਲਗਾਤਾਰ ਅਟੁੱਟ ਸਿਮਰਨ। ਸਿਮਰਨ ਪਰਪੱਕ ਹੋਣ ਤੇ ਹੀ ਸ਼ਬਦ ਅਭਿਆਸੂਆਂ ਹੈ। ਸ਼ਬਦ ਲਗਾਤਾਰ, ਨਿਰੰਤਰ ਤੇ ਸੁਤੇ ਸਿੱਧ ਸਿਮਰਨ ਦੀ ਅਵਸਥਾ ਹੈ। ਨਿਰੰਤਰਤਾ ਦੀ ਅਵਸਥਾ ਵਿਚ ਮਨੁੱਖੀ ਰੂਹ ਨਿਰੰਕਾਰ ਵਿਚ ਲੀਨ ਹੋ ਜਾਂਦੀ ਹੈ। ਆਪਾ ਸਰਬਵਿਆਪੀ ਆਪੇ ਵਿੱਚ ਲੀਨ ਹੋ ਜਾਂਦਾ ਹੈ। ਫਰਮਾਨ ਹੈ:-

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥[2]

ਇਸ ਸਮੇਂ ਮਨ ਸੰਤੋਖ, ਸੀਤ ਅਤੇ ਮਨ ਇਕਾਗਰ ਹੋ ਜਾਂਦੇ ਹਨ। ਇਹ ਸਮਾਂ ਬਹੁਤ ਉੱਤਮ ਹੈ ਅਤੇ ਇਸੇ ਭਾਂਤ ਆਏ ਸੰਤ ਨੂੰ, ਜਿਸ ਉਪਰ ਸਤਿਗੁਰੂ ਦਇਆਵਾਨ ਹੋਵੇ, ਨੂੰ ਹੀ ਮਿਲਦਾ ਹੈ। ਆਪਣੇ ਗੁਰਮੁਖ ਨੂੰ ਇਸੇ ਸਿਮਰਨ ਦਾ ਦੁੱਖ ਕਲੇਸ਼ ਨਹੀਂ ਆ ਸਕਦੇ। ਫੁਰਮਾਨ ਹੈ:-

ਦੁਖ ਤੈ ਫਿਰੁ ਪੋਹਿ ਨ ਸਕੈ ਜਿਸੁ ਗੁਰੂ ਅਪਣੀ ਕਿਰਪਾ ਧਾਰੇ ॥[3]

ਡਾ. ਸੁਰਿੰਦਰ ਸਿੰਘ ਕੋਹਲੀ ਇਸ ਪ੍ਰਸੰਗ ਵਿਚ ਲਿਖਦੇ ਹਨ:-

"ਇਸ ਅਵਸਥਾ ਵਿੱਚ ਜਗਿਆਸੂ ਕੋਸ਼ਿਸ਼ ਨਹੀਂ ਕਰਦੀ ਸਗੋਂ ਸੁਰਤ ਕੋਸ਼ਿਸ਼ ਕਰਦੀ ਹੈ। ਪਰ ਇਸ ਪੱਧਰ ਨੂੰ ਜੋਗੀਆਂ ਦਾ ਪ੍ਰਾਣਾਯਾਮ ਸਮਝਣ ਦਾ ਭੁਲੇਖਾ ਨਹੀਂ ਪੈਣਾ ਚਾਹੀਦਾ। ਕਿਉਂਕਿ ਪ੍ਰਾਣਾਯਾਮ ਵਿੱਚ ਸੁਆਸ ਨੂੰ ਰੋਕਣਾ ਪੈਂਦਾ ਅਤੇ ਲਗਾਤਾਰ ਅਭਿਆਸ ਦੀ ਲੋੜ ਹੈ ਜਦਕਿ ਗੁਰੂਆਂ ਦਾ ਢੰਗ ਬੜਾ ਸਰਲ ਹੈ।"[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 189
2. ਉਹੀ, ਪੰਨਾ 1427
3. ਉਹੀ, ਪੰਨਾ 920
4. Dr. Surindar Singh Kohli, Outlines of Sikh Thought, P.98

ਡਾ. ਭਾਈ ਸ਼ੇਰ ਸਿੰਘ ਲਿਖਦੇ ਹਨ:-

> "ਗੁਰਮਤ ਦੀ ਸੱਚੀ ਸੁਤੰਤਰਤਾ ਪਰਾਧੀਨਤਾ ਨਾਸ ਹੈ ਜੋ ਪਵਿੱਤਰਤਾ ਅਤੇ ਪ੍ਰੀਤੀ ਦਾ ਸਿੱਟਾ ਹੈ ਤੇ ਜਿਸਦਾ ਚਿੰਨ੍ਹ ਵਿਚ ਨਿਮਰਤਾ ਦਾ ਦਿਖ ਹੈ। ਇਸ ਪ੍ਰੀਤੀ ਰਾਹੀਂ ਮਨੁੱਖ ਧੁਰੋਂ ਅੰਤਰ ਟੋਹਦਾ ਹੈ ਅਤੇ ਐਸੀ ਹੋਂਦ ਨੂੰ ਪਰਖ ਜਾ ਅਪਣਾਂਦਾ ਹੈ, ਜਿਸ ਨਾਲ ਉਹ ਆਪਣੀ ਹਉਂ ਦੇ ਕੂਪ ਤੋਂ ਜਾਂਦਾ ਹੈ।"[1]

ਸਿੱਖ ਦੀ ਹਾਲਤ ਵਿੱਚ ਸੁਰਤ ਵਾਹਿਗੁਰੂ ਨਾਲ ਜੁੜੀ ਹੋਣ ਕਰਕੇ ਸਾਰੇ ਭਰਮ ਹੋਈ ਜਾਂਦੇ ਹਨ। ਹਉਮੈ ਮਿਟ ਜਾਂਦੀ ਹੈ, ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਸਭ ਪ੍ਰਕਾਰ ਦੇ ਦੁੱਖ ਖ਼ਤਮ ਹੋ ਜਾਂਦੇ ਹਨ ਤੇ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਉਸੇ ਮਨੁੱਖ ਦਾ ਇਸ ਸੰਸਾਰ ਵਿੱਚ ਆਉਣਾ ਸਫਲ ਹੁੰਦਾ ਹੈ ਜਿਸ ਦੀ ਲਿਵ ਵਾਹਿਗੁਰੂ ਨਾਲ ਜੁੜ ਜਾਂਦੀ ਹੈ। ਉਸਨੂੰ ਦਰਗਾਹ ਵਿੱਚ ਵੀ ਮਾਣ ਮਿਲਦਾ ਹੈ। ਗੁਰਵਾਕ ਹੈ:-

ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਇ ॥[2]

ਤਿਨ ਦਰੁ ਤਖਤਿ ਮਿਲੀ ਵਡਿਆਈ ॥
ਨਿਰਭਉ ਮਨਿ ਵਸਿਆ ਲਿਵ ਲਾਈ ॥[3]

ਸੱਚੀ ਲਿਵ ਤੋਂ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ ਤੇ ਨਾ ਹੀ ਲਿਵ ਦੇਹ ਵਿਸੇ ਅਸਰ ਹੈ। ਲਿਵ ਬਿਨ੍ਹਾਂ ਦੇਹ ਨਿਮਾਣੀ ਹੈ। ਵਾਹਿਗੁਰੂ ਜੀ ਦੀ ਕਿਰਪਾ ਹੋਣ ਤੇ ਹੀ ਇਹ ਦੇਹ (ਜਨਮ ਮਨੁੱਖਾ ਜਨਮ) ਸਫਲ ਹੁੰਦਾ ਹੈ। ਗੁਰੂ ਅਮਰਦਾਸ ਪਾਤਸ਼ਾਹ ਫੁਰਮਾਉਂਦੇ ਹਨ:-

ਸਾਚੇ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥[4]

---

1. ਡਾ. ਭਾਈ ਸ਼ੇਰ ਸਿੰਘ, ਆਤਮ ਦਰਸ਼ਨ, ਪੰਨਾ 164
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 421
3. ਉਹੀ, ਪੰਨਾ 1023
4. ਉਹੀ, ਪੰਨਾ 917

ਇਸ ਦੀ ਵਿਆਖਿਆ ਵਿੱਚ ... ਮਹਾਤਮਾ ਜਿਹਾ ਹੋਇਆ ਜਾਪਦਾ ਹੈ। ਕੁਮਾਰੀ ਕੋਮਲ ਸਰੂਪ ਆਖਦੇ ਹਨ ਕਿ ਨਿਸ਼ਚਿਤ ਰੂਪ ਪ੍ਰਾਪਤ ਹੋਣ ਤੇ ਵ੍ਰਿਤੀਆਂ ਰੂਪ ਵਿਚ ... ਪੈਦੇ ਹਨ। ਇਸ ਦ੍ਰਿਸ਼ਟਤਾ ਸੰਕੇਤ ਹੈ ਜਿੱਥੇ ਆਤਮਾ ਤੇ ਪ੍ਰਮਾਤਮਾ ਇਕਰੂਪ ਤੇ ਸਰੂਪ, ਨਿਰਾਕਾਰ ਤੇ ਸਾਕਾਰ ਆਦਿ ਦੇ ਵਿਤਕਰੇ ਮਿਟ ਜਾਂਦੇ ਹਨ। ਇਹ ਪੂਰਨ ਅਦ੍ਵੈਤ ਦੀ ਅਵਸਥਾ ਹੈ। ਜਿੱਥੇ ਸਮੁੰਦਰੀ ਲਹਿਰ ਦਰਿਆਵਾਂ ਹੋਰ ਵਿੱਚ ਲੀਨ ਹੋ ਜਾਂਦੀ ਹੈ। ਬ੍ਰਹਮ ਸਰੂਪ ਹੋਈ ਆਤਮਾ ਬ੍ਰਹਮ ਵਿੱਚ ਇਉਂ ਲੀਨ ਹੋ ਜਾਂਦੀ ਹੈ ਜਿਵੇਂ ਸਾਗਰ ਵਿੱਚ ਬੂੰਦ ਸਮਾ ਕੇ ਬੂੰਦਰੂਪਤਾ ਗੁਆ ਹੀ ਲੈਂਦੀ ਹੈ। ਗੁਰਵਾਕ ਹੈ:-

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥[1]

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਜਾਪਜੀ ਰੂਪ ਵਿੱਚ ਦੁੱਖਾਂ ਤੋਂ ਛੁਟਕਾਰਾ ਪਾਉਣ ਤੇ ਪ੍ਰਭੂ ਨਾਲ ਅਭੇਦ ਹੋਣ ਦਾ ... ਪ੍ਰਾਪਤੀ ਭਗਤੀ ਹੀ ਜਿਸਦੀ ਹੈ। ਭਗਤੀ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦਾ। ਇਸ ਪਵਿੱਤਰ ਰੂਪ ਵਿੱਚ ਭਗਤੀ ਦਾ ਸਰਬ-ਸ੍ਰੇਸ਼ਟ ਸਾਧਨ ਨਾਮ ਸਿਮਰਨ ਮੰਨਿਆ ਹੈ। ਸਿਮਰਨ ਹੀ ਜੀਵਨ ਦਾ ਆਧਾਰ ਹੈ, ਇਹ ਸਰਬ ਸਾਧਨ ਤੋਂ ਉੱਤਮ ਕਰ ਦਿੱਤਾ ਹੈ। ਜਦ ਸਭੇ ਜਗਿਆਸੂ ਜੀ ਦਾ ਸਿਮਰਨ ਕਰਨ ਵਾਲਾ ਸਾਧਕ ਦੁਨਿਆਵੀ ਪੱਧਰ ਤੋਂ ਉੱਚਾ ਉੱਠ ਜਾਂਦਾ ਹੈ ਤੇ ਆਧਿਆਤਮਕ ਪੱਧਰ ਤੇ ਪਹੁੰਚ ਜਾਂਦਾ ਹੈ, ਹਉਮੈ ਦਾ ਨਾਸ਼ ਹੋ ਜਾਂਦਾ ਹੈ, ਉਹ ਇਸ ਤਰ੍ਹਾਂ ਪ੍ਰਭੂ ਅਕਾਲਪੁਰਖ ਵਿੱਚ ਲੀਨ ਹੋ ਜਾਂਦਾ ਹੈ।

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 278

## ਦਸਵਾਂ ਅਧਿਆਇ

* *
* *
* *
* *

## ਪਰਮ ਆਨੰਦ ਦੀ ਪ੍ਰਾਪਤੀ ਅਤੇ ਰਸਤੇ ਦੀਆਂ ਰੁਕਾਵਟਾਂ

ਹਰ ਜੀਵ ਵੱਖਰੀ ਵੱਖਰੀ ਹੁੰਦਾ ਹੈ ਅਤੇ ਹਰ ਜੀਵ ਦਾ ਟੀਚਾ ਨਾ ਵੱਖਰੀ ਸਿਖਿਆ ਜੋਇਆਂ ਨਾਲ ਹੁੰਦਾ ਹੈ। ਕਿਸੇ ਵੀ ਮੰਜ਼ਿਲ ਤੇ ਪਹੁੰਚਣ ਲਈ ਜਿਗਿਆਸੂ ਨੂੰ ਕਈ ਪੜਾਵਾਂ ਵਿਚੋਂ ਦੀ ਗੁਜ਼ਰਨਾ ਪੈਂਦਾ ਹੈ ਤਾਂ ਹੀ ਉਹ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਅਧਿਆਤਮਕ ਮੰਜ਼ਿਲ ਵਿਚ ਆਤਮਾ ਨੂੰ ਪ੍ਰਮਾਤਮਾ ਦੀ ਅੰਸ਼ ਮੰਨਿਆ ਗਿਆ ਹੈ ਤੇ ਇਸਦੀ ਮੰਜ਼ਿਲ ਵੀ ਇਹੀ ਦੱਸੀ ਹੈ ਕਿ ਪ੍ਰਮਾਤਮਾ ਵਿੱਚ ਅਭੇਦ ਹੋ ਜਾਵੇ। ਸੰਸਾਰ ਦੇ ਸਾਰੇ ਧਰਮਾਂ ਦਾ ਮੰਤਵ ਅਖੀਰ ਇਸੇ ਮੰਜ਼ਿਲ ਤੇ ਪਹੁੰਚਣ ਦਾ ਹੈ। ਭਾਵੇਂ ਹਰ ਧਰਮ ਇਸਨੂੰ ਵੱਖਰਾ ਨਾਂ ਦਿੰਦਾ ਹੈ ਤੇ ਆਪਣੇ ਹੀ ਤਰੀਕੇ ਨਾਲ ਇਸ ਮੰਜ਼ਿਲ ਤੇ ਪਹੁੰਚਣ ਦਾ ਰਸਤਾ ਦੱਸਦਾ ਹੈ। ਇਸ ਤੇ ਪਹੁੰਚਣਾ ਮੰਨੋ ਜਾਣੂ ਦਾ ਬੂੰਦ ਨਦੀਂ ਹੈ ਜੋ ਸਮੁੰਦਰ ਹੋ ਜਾਵੇ। ਇਸ ਤਰ੍ਹਾਂ ਵਿੱਚ ਸਿੱਖ ਧਰਮ ਅਨੁਸਾਰ ਸਿੱਧੀ ਮੰਜ਼ਿਲ ਤੇ ਪਹੁੰਚਣ ਲਈ, ਧਰਮ ਗ੍ਰੰਥ ਦੀ ਪ੍ਰਾਪਤੀ ਲਈ ਗੁਰਬਾਣੀ ਸਾਧਨ ਦੱਸੀ ਹੁਕਮ ਤੇ ਰਜ਼ਾ, ਗੁਰ ਗੁਣਾਂ ਦਾ ਅਧਿਆਪਨ, ਗ੍ਰੰਥ ਨੂੰ ਦਾਰੂ ਦੇ ਰੂਪ ਵਿੱਚ ਸਮਝਣਾ, ਭਗਤੀ- ਨਾਮ ਸਿਮਰਨ ਅਤੇ ਸੇਵਾ ਇਸ ਦੱਸੇ ਹਨ। ਇਸ ਅਧਿਆਇ ਵਿੱਚ ਧਰਮਗ੍ਰੰਥ ਦੇ ਵਿਚਾਰਿਆਂ ਰਸਤੇ ਦੀਆਂ ਰੁਕਾਵਟਾਂ ਤੇ ਧਰਮ ਅਨੁਸਾਰੀ ਅਵਸਥਾਵਾਂ ਨੂੰ ਪਹੁੰਚ ਚੁੱਕੇ ਮਨੁੱਖ ਦੀ ਰਹਿਣੀ ਬਾਰੇ ਵਿਚਾਰ ਕਰਦੀ ਹੈ।

ਸਾਧਾਰਨ ਵਿਚਾਰਧਾਰਾ ਦਾ ਵਿਚਾਰ ਹੈ ਕਿ ਕਾਮ ਕ੍ਰੋਧ ਤੇ ਮਨੁੱਖੀ ਚੇਤਨਤਾ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕ੍ਰਮਵਾਰ ਨੇ ਜਾਗ੍ਰਿਤ, ਸੁਪਨ, ਸੁਖੋਪਤ ਅਵਸਥਾਵਾਂ ਦਾ ਨਾਮ ਦਿੱਤਾ ਹੈ। ਇਹ ਤਿੰਨੇ ਅਵਸਥਾਵਾਂ ਮਾਇਆ ਦੀਆਂ ਹਨ। ਚੌਥੀ ਅਵਸਥਾ ਜਿਸਨੂੰ ਤੁਰੀਆ ਅਵਸਥਾ ਕਿਹਾ ਹੈ, ਆਤਮਾ ਦੀ ਆਪਣੀ ਸਤ-ਚਿਤ-ਅਨੰਦ ਦੀ ਅਵਸਥਾ ਹੈ। ਸਰਦਾਰ ਸਿੰਘ ਵਜ਼ੀਰ ਨੇ ਸਿੱਖ ਧਰਮ ਦਰਸ਼ਨ ਵਿੱਚ ਲਿਖਿਆ ਹੈ:-

> "ਮਨੁੱਖ ਚੇਤਨਤਾ ਦੀਆਂ ਤਿੰਨ ਦਸ਼ਾਂ ਵਿੱਚ ਹੁੰਦਾ ਹੈ। ਜਾਂ ਉਹ ਜਾਗਦਾ ਹੈ ਜਾਂ ਨੀਂਦ ਦੀ ਦਸ਼ਾ ਵਿੱਚ ਹੁੰਦਾ ਹੈ ਜਾਂ ਸੁਪਨਾ ਦੇਖਦਾ ਹੁੰਦਾ ਹੈ। ਜਦ ਉਹ ਪੂਰੀ ਤਰ੍ਹਾਂ ਨਾ ਜਾਗਦਾ ਹੁੰਦਾ ਹੈ, ਨ ਸੁੱਤਾ ਹੋਇਆ ਹੁੰਦਾ ਹੈ। ਪਰ ਜਦ ਮਨੁੱਖ ਅਨਾਦਿ ਪੁਰਖ ਨਾਲ ਅਭੇਦ ਹੁੰਦਾ ਹੈ, ਉਹ ਚੇਤਨਤਾ ਦੀਆਂ ਇਨ੍ਹਾਂ ਹਾਲਤਾਂ ਵਿੱਚ ਨਹੀਂ ਹੁੰਦਾ। ਉਸ ਸਮੇਂ ਉਹ ਚੇਤਨਤਾ ਦੀ ਉਸ ਦਸ਼ਾ ਵਿੱਚ ਹੁੰਦਾ ਹੈ, ਜਿਸਨੂੰ ਤੁਰੀਆ ਪਦ ਕਿਹਾ ਗਿਆ ਹੈ।"[1]

1. ਵਜ਼ੀਰ ਸਿੰਘ (ਸੰਪਾ.) ਸਿੱਖ ਧਰਮ ਦਰਸ਼ਨ, ਪੰਨਾ 311

ਪਰਮ ਅਨੰਦ ਦੀ ਪ੍ਰਾਪਤੀ ਸਮੇਂ ਸਾਧਕ ਜਿਸ ਅਵਸਥਾ ਵਿੱਚ ਹੁੰਦਾ ਹੈ, ਗੁਰਮਤਿ ਗ੍ਰੰਥਾਂ ਵਿੱਚ ਇਸ ਪਦ ਨਾਮ ਦੀ ਅਵਸਥਾ[1], ਅਮਰਾਪਦ[2], ਪਰਮਪਦ[3], ਸਹਜ ਘਰ[4], ਚੌਥਾ ਪਦ[5], ਨਿਰਬਾਣਪਦ[6], ਨਿਰਭਉਪਦ[7], ਮੋਖਦੁਆਰ[8] ਕਿਹਾ ਹੈ। ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿੱਚ ਭਾਵੇਂ ਅੰਤਰ ਹੈ, ਪਰ ਗੁਰਮਤਿ ਸੰਦਰਭ ਵਿੱਚ ਇਨ੍ਹਾਂ ਦੀ ਅਧਿਆਤਮਕ ਦਿਸ਼ਾ ਇਕੋ ਹੀ ਹੈ। ਜਿਸ ਨੂੰ ਵੱਖਰੇ ਵੱਖਰੇ ਸ਼ਬਦਾਂ ਜਾਂ ਪ੍ਰਤੀਕਾਂ ਰਾਹੀਂ ਪ੍ਰਗਟਾਇਆ ਹੈ।

ਆਮ ਤੌਰ ਤੇ ਸਧਾਰਨ ਜ਼ਿੰਦਗੀ ਵਿੱਚ ਵਿਸ਼ਵਾਸੀਆਂ ਸੁੱਖ ਤੇ ਅਨੰਦ ਵਿੱਚ ਬਹੁਤਾ ਫ਼ਰਕ ਨਹੀਂ ਸਮਝਿਆ ਜਾਂਦਾ। ਇਨ੍ਹਾਂ ਨੂੰ ਅਕਸਰ ਇਕੋ ਅਰਥਾਂ ਵਿੱਚ ਲਿਆ ਜਾਂਦਾ ਹੈ। ਪਰ ਅਧਿਆਤਮਕ ਦ੍ਰਿਸ਼ਟੀ ਤੋਂ ਫ਼ਰਕ ਹੈ। ਸੁੱਖ ਪਰਿਵਰਤਨਸ਼ੀਲ, ਅਸਥਿਰ ਅਤੇ ਥੋੜ ਚਿਰ ਰਹਿਣ ਵਾਲਾ ਹੈ। ਇਹ ਇੰਦਰਿਆਵੀ, ਅਗਿਆਨੀ ਮਨ ਨੂੰ ਸੰਸਾਰਕ ਵਿਸ਼ਿਆਂ ਦੀ ਪੂਰਤੀ ਰਾਹੀਂ ਪ੍ਰਾਪਤ ਹੁੰਦਾ ਹੈ ਪਰ ਇਸ ਵਿੱਚ ਕਈ ਵਾਰੀ ਥੋੜ੍ਹੇ ਸੁੱਖ ਬਦਲੇ ਬਹੁਤਾ ਦੁੱਖ ਸਹਿਣਾ ਪੈਂਦਾ ਹੈ। ਇਸ ਦੇ ਉਲਟ ਅਨੰਦ ਸਥਾਈ ਹੈ, ਜੋ ਆਤਮਕ ਪੱਧਰ ਰਾਹੀਂ ਅੰਦਰ ਦੇ ਖੇੜੇ ਜਿਗਿਆਸੂ ਨੂੰ ਪ੍ਰਾਪਤ ਹੁੰਦਾ ਹੈ।

ਇਸ ਦੇ ਸੰਬੰਧ ਵਿੱਚ ਬਲਦੇਵਰਾਜ ਨੇ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ:-

> "ਸੁੱਖ ਦੇ ਪ੍ਰਕਰ ਰੂਪ ਵਿੱਚ ਜਾਂ ਸੁੱਖ ਦਾ ਅਨੁਭਵ ਤਰਾਂਗਤ ਨਹੀਂ ਦੁੱਖ ਦਾ ਜੋੜ ਜਾਪਦਾ ਹੈ। ਇਨ੍ਹਾਂ ਦਾ ਪਰਸਪਰ ਸੁਮੇਲ ਦੱਸਦਾ ਹੈ। ਅਨੰਦ ਸੁਮੇਲ ਦੀ ਅਨੁਭੂਤੀ ਤੋਂ ਸੁਤੰਤਰ ਹੈ ਤੇ ਅਦ੍ਵੈਤ ਅਨੁਭੂਤੀ ਦਾ ਵਾਚਕ ਹੈ।

---

1. ਇਸ ਮਨ ਰਮਿਆ ਜਿਨੈ ਸੇਤੁ ਨ ਸਾਜਿਆ॥ ਆਦਿ ਗ੍ਰੰਥ, ਪੰਨਾ 1050
2. ਅਮਰਾਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ॥ ਪੰਨਾ 689
3. ਗੁਰਪਰਸਾਦਿ ਪਰਮਪਦੁ ਪਾਇਆ॥ ਪੰਨਾ 1150
4. ਚੰਦੂ ਆਵੈ ਤਾ ਸਹਜ ਘਰੁ ਪਾਇਆ॥ ਪੰਨਾ 1141
5. ਚਉਥੇ ਪਦ ਮਹਿ ਸਹਜੁ ਗੁਰਮੁਖਿ ਪਲੈ ਪਾਇ॥ ਪੰਨਾ 68
6. ਜੋ ਜਿਸੈ ਨਿਰਬਾਣਪਦੁ ਪਾਇਆ॥ ਪੰਨਾ 1164
7. ਦ..ਰਾਜੀ ਗੁਰਕੇ ਜਿਸ ਜਿਆਦੇ ਪਰਿ ਨਿਰਭਉ ਨਿਰਭਉ ਪਦੁ ਪਾਇਆ ਪੰਨਾ 494
8. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥ ਪੰਨਾ 941-42

> ਪਰ ਸੁੱਖ ਹੈ ਅਨੰਦ ਦਾ ਹੀ ਅਸ਼ੁੱਧ ਰੂਪ ਜਾਂ ਇਸ ਵਿਚ ਅਨੰਦ ਦੀ ਅਲਪ ਮਾਤਰਾ ਰਹਿੰਦੀ ਹੈ ਜਾਂ ਇੰਞ ਕਹੋ ਕਿ ਅਨੰਦ ਵਿੱਚ ਅਨੰਦ ਦਾ ਸਰੂਪ ਵਧੇਰਾ ਅਤੇ ਸੁੱਖ ਵਿੱਚ ਘੱਟ ਮਾਤਰਾ ਵਾਲਾ।"[1]

ਅਨੰਦਪਾਲ ਜੀ ਨੇ ਗੁਰਬਾਣੀ ਦੋਹੇ ਵਿੱਚ ਸ੍ਰੀ ਸੰਗਮ ਲਾਲ ਪਾਂਡੇ ਦੇ ਵਿਚਾਰ ਇਉਂ ਪ੍ਰਗਟ ਕੀਤੇ ਹਨ:-

> "ਸੁੱਖ ਦਾ ਸੰਬੰਧ ਸਰੀਰ ਅਤੇ ਇੰਦ੍ਰੀਆਂ ਨਾਲ ਹੈ ਅਤੇ ਅਨੰਦ ਦਾ ਆਤਮਾ ਨਾਲ। ਸੁੱਖ ਲੌਕਿਕ ਹੈ ਅਤੇ ਅਨੰਦ ਅਲੌਕਿਕ। --- ਸੁੱਖ objective ਹੈ ਅਤੇ ਅਨੰਦ Subjective । ਸੁੱਖ ਅਨੰਦ ਤੇ ਨਿਰਭਰ ਹੈ। ਅਨੰਦ ਆਤਮ ਨਿਰਭਰ ਹੈ। ਸੁੱਖ ਸੀਮਿਤ ਹੈ ਅਤੇ ਅਨੰਦ ਅਪਰਿਮਿਤ। ਸੁੱਖ ਦਾ ਸ਼ਤ੍ਰੂ-ਰੂਪ ਤੋਂ ਵਿਰੋਧ ਹੋ ਸਕਦਾ ਹੈ ਪਰ ਅਨੰਦ ਦਾ ਕੋਈ ਨਹੀਂ। ਜਿਸਨੂੰ ਅਨੰਦ ਦਾ ਪ੍ਰਕਾਸ਼ ਮਿਲਦਾ ਹੈ, ਉਸਨੂੰ ਹੋਰ ਸਭ ਤੁਛ ਦਿੱਸਦਾ ਹੈ।"[2]

ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ:-

> "ਪਰਮ ਅਨੰਦ ਤੋਂ ਭਾਵ ਮਹਾਨ ਅਨੰਦ, ਪੂਰਨ ਅਨੰਦ, ਆਤਮਾ ਦਾ ਅਨੰਦ, ਕਰਤਾਰ ਦੇ ਅਨੁਭਵ ਦਾ ਮਹਾਨ ਸੁੱਖ ਹੈ।"[3]

ਡਾ. ਪ੍ਰੀਤਮ ਸਿੰਘ ਲਿਖਦੇ ਹਨ:-

> "ਅਨੰਦ ਦੋ ਕਿਸਮਾਂ ਦਾ ਹੈ। ਇਕ ਸਮਾਨ ਅਨੰਦ ਜੋ ਕੀੜੀ ਤੋਂ ਬ੍ਰਹਮਾ ਪ੍ਰਯੰਤ ਗਿਆਨੀ ਤੇ ਅਗਿਆਨੀ ਸਭ ਨੂੰ ਕਿਸੇ ਰੂਪ ਤੋਂ ਪ੍ਰਾਪਤ ਹੁੰਦਾ ਹੈ। --- ਇਕ ਅਨੰਦ ਜੋ ਮਨ ਤੇ ਇੰਦ੍ਰੀਆਂ ਦੇ ਮਿਲਣ ਤੋਂ ਉਪਜਦਾ ਹੈ, ਜਿਸ ਦੀ ਹਾਲਤ ਮਨ ਜਾਂ ਇੰਦ੍ਰੀਆਂ ਦੇ ਸਿਥਲ ਹੋ ਜਾਣ ਪਿੱਛੋਂ ਨਹੀਂ

---

੧. ਅਨੰਦਪਾਲ, ਗੁਰਬਾਣੀ ਦੋਹੇ, ਪੰਨਾ ੮੨

੨. ਉਹੀ, ਪੰਨਾ ੮੨

੩. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ ੭੬੦

> ਮਿਲਦਾ। ਪਰਮ ਅਨੰਦ ਸਰੀਰ ਇੰਦ੍ਰੀਆਂ ਜਾਂ ਮਨ ਦਾ ਅਨੰਦ ਨਹੀਂ, ਸਗੋਂ ਆਤਮਾ ਦਾ ਅਨੰਦ ਹੋਣ ਕਰਕੇ ਸਦਾ ਦਾ ਅਨੰਦ ਹੈ, ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।"[1]

ਪਰਮ ਅਨੰਦ ਦੀ ਅਵਸਥਾ ਆਤਮਾ ਦੀ ਆਪਣੀ ਅਵਸਥਾ ਹੈ ਜੋ ਕਿਤੇ ਬਾਹਰੋਂ ਨਹੀਂ ਅੰਦਰ ਵਸਦੇ ਨੂੰ ਮਿਲਦੀ ਹੈ, ਜਿਸਨੂੰ ਗੁਰੂ ਆਪ ਕਿਰਪਾ ਕਰਕੇ ਜੋਤੀ ਬਖਸ਼ਦਾ ਹੈ। ਗੁਰਵਾਕ ਹੈ:-

> ਠਾਕੁਰੁ ਹੋਇ ਆਪਿ ਦਇਆਲੁ ॥
> ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ ॥[2]

ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

> ਆਤਮ ਅਨੰਦ ਵਾਹਿਗੁਰੂ ਦੇ ਮੇਲ ਦਾ ਅਨੰਦ ਹੈ ਜੋ ਮਿਲਦਾ ਹੈ ਤਾਂ ਸਦਾ ਲਈ ਹੈ ਪਰ ਮਿਲ ਜਾਵੇ ਤਾਂ ਮੁੜ ਨਾਸ਼ ਨਹੀਂ ਹੁੰਦਾ। ਇਹ ਪਰਮ ਅਨੰਦ ਦੀ ਅਵਸਥਾ ਗੁਰੂ ਦੀ ਸੱਚੀ ਸੇਵਾ ਦਾ ਨਤੀਜਾ ਹੈ, ਜਿਸ ਵਿਚ ਅਸੀਂ ਸੁਨਣੇ ਪਰਮ ਤਤਵ ਈਸ਼੍ਵਰ ਆਪਣੇ ਵਿਚਲੇ ਵਿੱਚ ਅਨੁਭਵ ਕਰਦੇ ਹਾਂ।"[3]

ਗੁਰੂ ਸਾਹਿਬ ਕਹਿੰਦੇ ਹਨ:-

> ਅਨਦੁ ਕਰਹੁ ਮਿਟੁ ਅੰਦੇਸ ਪਾਏ ॥
> ਅਕਲਿ ਸਾਹਿਬੁ ਗੁਰਿ ਪਾਰ ਉਤਾਰੇ ॥[4]

---

1. ਡਾ. ਪ੍ਰੀਤਮ ਸਿੰਘ 'ਪ੍ਰੀਤਮ', ਗੁਰਮਤ ਦਰਸ਼ਨ, ਪੰਨਾ 156-57
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 499
3. Dr. Surinder Singh Kohli, Out Lines of Sikh Thought, Page 120.
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 191

ਅ. ਸ਼ੇਰ ਸਿੰਘ ਅਨੁਸਾਰ:-

> "ਆਤਮ ਸਰਬੰਗੀ ਪ੍ਰਾਪਤੀ, ਪੂਰਨ ਨਿੱਜ ਅਨੰਦਤਾ, ਤੁਰੀਆ ਅਵਸਥਾ ਵਾਲੀ ਅਨੁਭਵ ਅਵਸਥਾ ਹੈ। ਇਸ ਅਵਸਥਾ ਵਿੱਚ ਸਾਧਕ ਵਿਚਾਰ ਵਾਦੇ ਕੁਵਾਦੇ ਨਹੀਂ ਕੁਰਦੇ, ਏਥੇ ਧਰਮ ਭੇਦ ਨਹੀਂ, ਦੁੱਖ-ਸੁੱਖ ਨਹੀਂ, ਆਸ਼ਾ ਤ੍ਰਿਸ਼ਨਾ ਨਹੀਂ, ਆਪਾ ਭਾਵਨਾ, ਆਪਣਾ ਬੇਗਾਨਾ ਨਹੀਂ, ਕੁਝ ਪ੍ਰਾਪਤੀ ਕਰਨੀ ਨਹੀਂ, ਏਥੇ ਦੇਸ਼ ਨਹੀਂ, ਕਾਲ ਨਹੀਂ, ਜਨਮ ਨਹੀਂ ਨਾਸ਼ ਨਹੀਂ। ਇਹ ਪਰਮ ਨਿਰਾਲੀ ਅਵਸਥਾ ਹੈ। ਇਹ ਕਾਰਜ ਜੀਵਨ ਤੋਂ ਪ੍ਰਾਪਤ ਹੁੰਦੀ ਹੈ।"[1]

ਪਰਮ ਪਦਵੀ ਪ੍ਰਾਪਤ ਹੋਣ ਤੇ ਸਾਧਕ ਅੰਦਰ ਕੁਝ ਨਵੇਂ ਗੁਣ ਪੈਦਾ ਹੋ ਜਾਂਦੇ ਹਨ। ਦੁਨਿਆਵੀ ਲਾਲਸਾਵਾਂ ਤ੍ਰਿਸ਼ਨਾਵਾਂ (ਮਾਨਸਿਕ ਤੇ ਸਰੀਰਕ) ਜਿਨ ਸਾਰੀਆਂ ਪਰ ਤੇ ਸਹਜ ਨਾਲ ਕਾਬੂ ਪਾ ਲਿਆ ਜਾਂਦਾ ਹੈ। ਮਹਾਵਾਕ ਹੈ:-

> ਜਾ ਕਿ ਸਤਗੁਰ ਮਿਹਰ ਕਰਿਦੇ ਤਿਸ ਦੀ ਪ੍ਰਭ ਨਾਲੀ ॥
> ਨਾਨਕ ਗੁਰ ਕਰਿ ਦੁਖਾਂ ਦੇ ਅਨਹਦ ਸਿਊ ਪੰਚਕਾਵਲੀ ਲਾਗ ॥[2]

ਇਸ ਅਵਸਥਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਕੋਈ ਕੋਈ ਵਿਦਵਾਨਾਂ ਨੇ ਸ਼ਬਦਾਂ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਸਾਰੇ ਸ਼ਬਦਾਂ ਵਿੱਚ ਪੂਰੀ ਇਸ ਅਵਸਥਾ ਬਾਰੇ ਨਹੀਂ ਸਮਝਾ ਸਕੇ, ਜਿਵੇਂ ਇਸ ਦਾ ਅਸਲ ਸਰੂਪ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:-

> ਕਬੀਰ ਪਰਤੂ ਕਹਣੂ ਕੀ ਸਕੁਨ ਕਹੂ ਕਹਿ ਨੇ ਸੁਣਾਇ ॥
> ਕਹਿਣੇ ਕਤੂ ਸੋਭਾ ਨਹੀ ਦੇਖਿਆ ਹੀ ਪਰਵਾਣੁ ॥[3]

---

1. ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 286
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 784
3. ਉਹੀ, ਪੰਨਾ 1370

ਪਰ ਇਸ ਹੁਕਮ ਅਵਸਥਾ ਨੂੰ ਪ੍ਰਾਪਤ ਕਰਨਾ ਸੌਖਾ ਜਿਹਾ ਕੰਮ ਨਹੀਂ ਹੈ। ਕਿਉਂਕਿ ਮਾਨਵ ਨੂੰ ਇਸ ਪਹੁੰਚਣ ਤੋਂ ਪਹਿਲਾਂ ਮਨ ਦੀ ਅਵਸਥਾ ਵਿਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਵਿਕਾਰਾਂ ਰੂਪੀ ਕਿਲ੍ਹੇ ਦਾ ਰਸਤਾ ਰੋਕਦੀਆਂ ਹਨ। ਜਿਉਂ ਜਿਉਂ ਮਨ ਅਭਿਆਸ ਕਰਦਾ ਹੈ, ਉਸਨੂੰ ਵਿਕਾਰ ਘੇਰਦੇ ਜਾਂਦੇ ਹਨ, ਮਨ ਹੋਰ ਚੰਚਲ ਹੁੰਦਾ ਹੈ। ਪਰ ਜਿਉਂ ਜਿਉਂ ਚਾਨਣ ਆਉਂਦਾ ਜਾਂਦਾ ਹੈ, ਮਨ ਦੀਆਂ ਸੁੱਤੀਆਂ ਸ਼ਕਤੀਆਂ ਆਪਣਾ ਕੰਮ ਕਰਦੀਆਂ ਹਨ। ਵਾਸ਼ਨਾਵਾਂ ਮਾਨਵ ਦੇ ਮਨ ਵਿਚ ਵਿਸ਼ੇ ਵਿਕਾਰ ਰੂਪ ਦੀ ਲਹਿਰ ਪੈਦਾ ਕਰਦੀਆਂ ਹਨ। ਉਹ ਇਹ ਵਾਸ਼ਨਾਵਾਂ ਹਨ, ਜੋ ਮਨੁੱਖੀ ਮਾਰਗ ਅਤੇ ਹੁਕਮ ਅਵਸਥਾ ਦੀ ਪ੍ਰਾਪਤੀ ਸਮੇਂ ਰੁਕਾਵਟ ਬਣਦੀਆਂ ਹਨ, ਦਾ ਵਿਵਰਨ ਕਰਦਾ ਹਾਂ:-

ਕਾਮ:- ਕਾਮ ਸਾਰੇ ਵਿਕਾਰਾਂ ਵਿਚੋਂ ਇਕ ਹੈ। ਮਨੁੱਖ ਦੇ ਸਦਾਚਾਰਕ ਜੀਵਨ ਦੀ ਤਬਾਹੀ ਇਸੇ ਰਾਹ ਹੁੰਦੀ ਹੈ। ਕਾਮ ਮਾਨਵ ਨੂੰ ਅੰਨ੍ਹਾ ਕਰਦਾ ਹੈ ਅਤੇ ਉਸਦੇ ਸਭ ਤਪ ਅਤੇ ਸ਼ੁਭ ਆਚਰਣ ਨੂੰ ਨਾਸ਼ ਕਰ ਦਿੰਦਾ ਹੈ। ਕਾਮ ਤੋਂ ਕਰੋਧ ਪੈਦਾ ਹੁੰਦਾ ਹੈ ਪਰ ਇਹ ਉਸਨੂੰ ਸ਼ੁਭ ਆਚਰਣ ਰੂਪੀ ਧਨ ਤੋਂ ਵਾਂਝਾ ਕਰ ਦਿੰਦਾ ਹੈ। ਗੁਰਬਾਣੀ ਵਿਚ ਮਾਨਵ ਨੂੰ ਕਾਮ, ਕਰੋਧ ਤੇ ਹੰਕਾਰ ਰੂਪਾਂ ਦੀ ਸੰਗਤ ਨਾ ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰਵਾਕ ਹੈ:-

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ॥[1]

ਇਸ ਵਿਕਾਰ ਨੇ ਮਨੁੱਖ ਨੂੰ ਸਦਾ ਪਰੇਸ਼ਾਨ ਕੀਤਾ ਹੈ। ਜਦੋਂ ਇੰਦਰੀਆਂ ਵਿਸ਼ਿਆਂ ਦੇ ਅਧੀਨ ਹੁੰਦੀਆਂ ਹਨ ਤਾਂ ਉਹ ਆਪਣੀ ਬੁੱਧ ਨੂੰ ਟਿਕਾ ਨਹੀਂ ਸਕਦਾ। ਗੁਰਦੇਵ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਅਤੇ ਨਾਮ ਦੇ ਆਸਰੇ ਵਿਚ ਰਹਿ ਤਾਂ ਜੋ ਤਾਂ ਹੀ ਪਰਮ ਅਵਸਥਾ ਪ੍ਰਾਪਤ ਕਰ ਸਕੇਂਗਾ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219

ਕ੍ਰੋਧ:- ਕ੍ਰੋਧ ਮਨੁੱਖ ਦੀ ਬੁੱਧੀ ਨਸ਼ਟ ਕਰ ਦਿੰਦਾ ਹੈ। ਜਿਸਨੂੰ ਚੰਡਾਲ ਨਾਲ ਤੁਲਨਾ ਦਿੱਤੀ ਹੈ। ਜਿਵੇਂ ਚੰਡਾਲ ਨੂੰ ਕਿਸੇ [illegible] ਚੌਕਿਆਂ [illegible], [illegible] ਕ੍ਰੋਧ [illegible] ਹੋਣ ਕਿਸੇ ਦੇ ਚੌਕਿਆਂ ਨਹੀਂ [illegible] ਹੈ। [illegible] ਨਹੀਂ ਹੋ ਸਕਦਾ। [illegible] ਕ੍ਰੋਧੀ ਨੂੰ ਤਾਂ ਕੋਈ [illegible] ਹੈ, [illegible] ਮਨ ਦੀ ਸ਼ੁੱਧੀ ਦੀ [illegible] ਹੈ। ਫੁਰਮਾਨ ਹੈ:-

[illegible] ॥[1]

[illegible] ਕ੍ਰੋਧ [illegible] ਨਾਲ [illegible] ਨੂੰ [illegible] ਨੂੰ [illegible] ਦੀ [illegible] ਹੈ। ਫੁਰਮਾਨ ਹੈ:-

[illegible] ॥
[illegible] ॥
[illegible] ॥[2]

[illegible] ਤਾਂ ਕੋਈ [illegible], [illegible] ਦੀ [illegible], [illegible], ਤਾਂ [illegible] ਹੈ। ਫੁਰਮਾਨ ਹੈ:-

[illegible] ॥
[illegible] ॥
[illegible] ॥
[illegible] ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ [illegible]
2. ਉਹੀ, ਪੰਨਾ 566
3. ਉਹੀ, ਪੰਨਾ 1344

ਨੈਣ:- ਜਿਨ੍ਹਾਂ ਰਸਤੇ ਦੂਜੇ ਨਾਲ ਸੁਰਤਾ ਟਿਕੀ ਰਹੀ ਹੈ। ਇਕੋ ਪ੍ਰਭੂ ਆਪ ਤਾਂ ਸਦਾ ਅਦ੍ਰਿਸ਼ਟ ਰਹਿੰਦਾ ਹੀ ਹੈ, ਪਰ ਦਸਾਂਗਾਂ ਦੇ ਰੂਪ ਦੇ ਆਪਣੇ ਸਾਹਮਣੇ ਦੂਜਾਂ ਵਸਤੀ ਦਾ ਰੂਪ ਦਾ ਦਰਸ਼ਨ ਕਰਦਾ ਹੈ। ਨੈਣ ਕੇਵਲ ਤੇਰੇ ਹੀ ਰੂਪ ਨੂੰ ਵਾਹਿਗੁਰੂ ਦੀ ਜੋਤ ਵੇਖੀ ਚਾਹੀਦੀ ਹੈ। ਆਪਣੇ ਪ੍ਰਭੂ ਦੀ ਜਿਸਮਤ ਦੀ ਆਸਾ ਨਹੀਂ ਜਾ ਸਕਦੀ ਹੈ ਜੋ ਦਾਤਾਰ ਨੂੰ ਜਿਸਨ ਦੇ ਰਾਹੀਂ ਦਿਸੇ ਨੈਣ-ਨੈਣੀ ਕਿਰਤੇ ਹਨ:-

ਨੈਣ ਵਿਡਾਰ ਮਿਟਾ ਸਹੁ ਰਾਵਣਾ ਰਹਿ ਵਿਸਰਿਆ ਮੂਰਖੁ ਦੇਖਣਾ॥
ਰਹਿ ਸਮਝਾਇ ਮਨ ਅਕਿਰਤਘਣੀ ਜਿਸ ਸਮਝਾਇ ਆਖੁ ਦੇਖਣਾ॥[1]

ਗੁਰਬਾਣੀ ਸਾਹਿਬ ਤੇ ਬੈਠਿਆਂ ਤਾਂ ਦਾਤਾਰ ਜਿਸ ਦਾ ਜਿਸਮ ਦਾ ਰੋਵੇ, ਅਜਿਹੇ ਸੀਤਲ ਕਿਆ ਹੈ। ਜਿਸ ਨੂੰ ਦੇਖਣੇ ਨਾਲ ਆਤਮ ਪ੍ਰਭੂ ਦੀ ਅਵਸਥਾ ਦੀ ਪ੍ਰੇਰਨਾ ਹੁੰਦੀ ਹੈ। ਗੁਰਵਾਕ ਹੈ:-

ਵਾਹੁ ਅਖੀਆਂ ਜਣੀ ਪਹੁ ਜੋ ਜਿਨੈ ਤ ਸਮਝਿ ਵਾਰੀਐ॥
ਜੁਗ ਵਾਸਤੁ ਜੀਵੈ ਰਹਿ ਜਿਸ ਮਹਿ ਅਸਖੁ ਜਿਨ੍ਹਾਂ ਜੀਵੈ॥[2]

ਸਾਧਨ ਦੇ ਜ਼ਰੀਏ ਸਾਹਿਬ ਤੇ ਚੱਲਣਾ ਹੈ। ਪ੍ਰਭੂ ਜਿਸ ਸਾਹਿਬ ਤੇ ਚੱਲਣ ਵਾਲੀ ਦਾਤਾਰ ਅਕਾਲਪੁਰਖ ਆਪਿ ਨੂੰ ਮਿਲਾਉਂਦਾ ਪਵੇਗਾ। ਰੂਪ-ਸਰੂਪ ਕੀਤਾ ਜਾਂਦੇ ਰਹਿ ਪਰਤੀ ਜਿਸ ਦਾਤੇ ਦੀ ਪਰਮ ਜੋਤ ਪ੍ਰਾਪਤ ਹੋ ਸਕੇਗਾ। ਗੁਰੂ ਅਮਰਦਾਸ ਪਾਤਸ਼ਾਹ ਕਹਿੰਦੇ ਹਨ:-

ਆਣਾ ਸਿਰਜਣੀ ਸਰਵਾਣ ਦੇਖੀ ਜਿਸਨੁ ਸਾਹਿਬੁ ਪਰਣਾ॥
ਸਭੁ ਦੇਖੁ ਅਚਿੰਤੁ ਤਾਜਿ ਜਿਸਣਾ ਸਚੁ ਦਾਤਾ ਦੇਖਣਾ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 711
2. ਉਹੀ, ਪੰਨਾ 468
3. ਉਹੀ, ਪੰਨਾ 918

ਮੋਹ:- ਮੋਹ ਰੂਪੀ ਸੰਗਲੀ ਆਪਣੇ ਮੋਹ ਵਿੱਚ ਜਿਗਿਆਸੂ ਨੂੰ ਐਸਾ ਜਕੜਦੀ ਹੈ ਕਿ ਉਹ ਇਸ ਵਿੱਚੋਂ ਹੀ ਖੁਸ਼ ਹੋ ਕੇ ਰਹਿ ਜਾਂਦਾ ਹੈ। ਇਹ ਐਸੀ ਪਕੜਦੀ ਜਾਪਦੀ ਹੈ ਕਿ ਜੀਵ ਵੇਖੋ ਰੱਬ ਦੀ ਯਾਦ ਵਲੋਂ ਖਿਸਕਦਾ। ਜਿਗਿਆਸੂ ਕੂੜੇ ਮੋਹ ਜਾਲਿਆਂ ਵਿੱਚ ਫਸਿਆ ਹੋਇਆ ਹੈ। ਗੁਰਦੇਵ ਕਹਿੰਦੇ ਹਨ:-

ਓਹੁ ਲਾਗੋ ਮਨ ਮੋਹੁ ਕੁਟੰਬੁ ਹੈ ਸਭੁ ਜੀਆ ਜਗਾਇਆ॥ [1]

ਜੀਵ ਦੀ ਜਾਪਣ ਕਦੋਂ ਤੱਕ ਕਹਾਣ ਪ੍ਰਭੂ ਯਾਦ ਅਰਦਾਸ ਵਲੋਂ ਹੈ ਸਹਜਾ ਜਦੋਂ ਤੱਕ ਉਹ ਮੋਹ ਮਾਇਆ ਵਿੱਚ ਫਸਿਆ ਹੋਇਆ ਹੈ। ਪਰ ਜਦੋਂ ਜਿਗਿਆਸੂ ਜੀ ਦੀ ਮਿਹਰ ਹੋ ਜਾਵੇ ਤਾਂ ਇਹ ਮੋਹ ਰੂਪੀ ਜਾਲ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਉਹ ਮਿਲਾਪ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੁਰਦੇਵ ਕਹਿੰਦੇ ਹਨ:-

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥
ਨਾ ਮੋਹੁ ਤੂਟੈ ਨਾ ਥਾਇ ਪਾਹਿ॥
ਨਦਰਿ ਕਰੇ ਤਾ ਏਹੁ ਮੋਹੁ ਜਾਇ
ਨਾਨਕੁ ਹਰਿ ਸਿਉ ਰਹੈ ਸਮਾਇ॥ [2]

ਅਹੰਕਾਰ:- ਅਹੰਕਾਰ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਸਭ ਵਿਕਾਰਾਂ ਦੀ ਜੜ੍ਹ ਹੈ। ਹੰਕਾਰ ਕਿਸੇ ਵੀ ਕਿਸਮ ਦਾ ਹੋਵੇ (ਸਮਾਜਿਕ ਜਾਂ ਧਾਰਮਿਕ), ਇਹ ਪਰਮ ਸ਼ਕਤੀ ਦੀ ਪ੍ਰਾਪਤੀ ਦੇ ਰਸਤੇ ਵਿੱਚ ਰੁਕਾਵਟ ਹੈ। ਅਹੰਕਾਰ ਸੱਤਾ ਅਧੀਨ ਉਹ ਇਸ ਤਰ੍ਹਾਂ ਮਹਾਨ ਪ੍ਰਭੂ ਨੂੰ ਭੁੱਲ ਕੇ, ਉਸ ਦਾਤ ਕਰਤੇ ਦੀ ਅਰਦਾਸ ਵਲੋਂ ਹੈ ਸਹਜਾ। ਜੋ ਦੁਸ਼ਮਣਾਂ ਨੂੰ ਨਾਸ਼ ਕਰਨਾ ਚਾਹੁੰਦਾ ਹੈ ਅਤੇ ਆਪਣੇ ਆਪ ਨੂੰ ਵੱਡਾ ਸਮਝਦਾ ਹੈ, ਉਸ ਵਿੱਚ ਪ੍ਰਭੂ ਕ੍ਰਿਪਾ ਕਰਨੇ ਦੀ ਪ੍ਰਵੇਸ਼ ਨਹੀਂ ਹੋ ਸਕਦੇ। ਉਹ ਨਰਕਾਂ ਦੀ ਅਗਨੀ ਵਿੱਚ ਸੜਦਾ ਹੈ। ਗੁਰਵਾਕ ਹੈ:-

ਆਪਹੁ ਰਹੁ ਚੀਤਸ ਰੰਗ ਜਾਰੈ ਅਹੰਕਾਰ ਰਹੁ ਰਗਸਾਰ॥
ਸਰਬ ਅਧਾ ਰਹਮਤਾ ਸੋ ਕੇਤੇ ਰੋਸਨ ਜਾਣ॥ [3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 107
2. ਉਹੀ, ਪੰਨਾ 356
3. ਉਹੀ, ਪੰਨਾ 1105

ਕਬੀਰ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਕਿਸੇ ਵੀ ਵਸਤੂ ਦਾ ਹੰਕਾਰ ਨ ਕਰ, ਗਰੀਬ ਦੀ ਗਰੀਬੀ ਦਾ ਮਜ਼ਾਕ ਨ ਉਡਾ, ਤੇਰੇ ਨਾਲ ਪਤਾ ਨਹੀਂ ਆਉਣ ਵਾਲੇ ਸਮੇਂ ਵਿੱਚ ਕੀ ਵਾਪਰਨਾ ਹੈ:-

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥[1]

ਡਾ. ਤਾਰਨ ਸਿੰਘ ਬੇਦੀ ਲਿਖਦੇ ਹਨ :-

"ਅਹੰਮ ਜਦ ਵੱਡੇ ਰੂਪ ਧਾਰਦਾ ਹੈ, ਤਦ ਬੋਲਦਾ ਹੈ ਮੈਂ ਗਿਆਨੀ ਹਾਂ, ਮੈਂ ਜੋਗੀ ਹਾਂ, ਮੈਂ ਸ਼੍ਰੇਣੀ ਦਾ ਸਤਿਸੰਗੀ ਹਾਂ, ਮੈਂ ਕੁਰਬਾਨੀ ਹਾਂ, ਮੈਂ ਪੁੰਨਦਾਨੀ ਹਾਂ, ਮੈਂ ਤੀਰਥ ਯਾਤਰੀ ਹਾਂ। ਅੰਤ ਇਹ ਹੈ ਅਭਿਆਸਮਕ ਅਹੰਕਾਰ। ਇਹ ਜਿਗਿਆਸੂ ਨੂੰ ਰਾਹੋਂ ਖੁੰਝਾ ਦਿੰਦਾ ਹੈ। ਇਸਨੂੰ ਗੁਰ ਨਾਨਕ ਦੇਵ ਜੀ ਵੀ ਕਠਿਨ ਰੋਗ ਹੀ ਮੰਨਦੇ ਹਨ।"[2]

ਇਹ ਗੱਲ ਤਾਂ ਪੱਕੀ ਹੈ ਕਿ ਇਸ ਅਵਸਥਾ ਵਿੱਚ ਗਿਆਨ ਨਹੀਂ ਹੈ। ਜਦੋਂ ਤੱਕ ਜੀਵ ਇਸ ਮੈਂ ਮੇਰੀ ਦੇ ਚੱਕਰ ਵਿਚ ਫਸਿਆ ਹੈ, ਕੁਝ ਪ੍ਰਾਪਤੀਆਂ ਨਾਲ ਚਿਪਕਿਆ ਹੈ, ਉਸਦਾ ਕੋਈ ਵੀ ਰੂਪ ਪ੍ਰਾਪਤ ਨਹੀਂ ਹੋ ਸਕਦਾ ਅਰਥਾਤ ਵਾਹਿਗੁਰੂ ਜੀ ਦਾ ਤੇ ਉਸੇ ਵਿੱਚ ਲੀਨ ਹੋ ਸਕੇਗਾ। ਜਦੋਂ ਇਹ ਇਸ ਅਵਸਥਾ ਨੂੰ ਖ਼ਤਮ ਕਰਕੇ ਮਾਲਿਕਾਂ ਨੂੰ ਇਕੋ ਜਿਹਾ ਸਮਝੇਗਾ ਤਾਂ ਪਰਮਸੁੱਖ ਪ੍ਰਾਪਤ ਕਰ ਸਕੇਗਾ। ਗੁਰਦੇਵ ਕਹਿੰਦੇ ਹਨ:-

ਜਬ ਇਹੁ ਮਨ ਮਹਿ ਕਰਤ ਗੁਮਾਨਾ ॥
ਤਬ ਇਹੁ ਬਾਵਰੁ ਫਿਰਤ ਬਿਗਾਨਾ ॥
ਜਬ ਇਹੁ ਹੂਆ ਸਗਲ ਕੀ ਰੀਨਾ ॥
ਤਾ ਤੇ ਰਮਈਆ ਘਟਿ ਘਟਿ ਚੀਨਾ ॥ [3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1366
2. ਡਾ. ਤਾਰਨ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰਨਾ 140
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 235

ਤ੍ਰਿਸ਼ਨਾ:- ਤ੍ਰਿਸ਼ਨਾ ਕਾਰਨ ਮਨੁੱਖ ਦੀ ਪਰਮ ਅਨੰਦ ਤੋਂ ਵਾਂਝਾ ਰਹਿ ਜਾਂਦਾ ਹੈ। ਦੋ ਜਹਾਨਾਂ ਦੀ ਮਾਇਆ ਨਾਲ ਵੀ ਨਹੀਂ ਬੁਝਾਈ ਜਾ ਸਕਦੀ। ਮਨੁੱਖ ਨੂੰ ਹੋਰ ਹੋਰ ਦੀ ਲਾਲਸਾ ਲੱਗੀ ਰਹਿੰਦੀ ਹੈ। ਸਾਰੀ ਉਮਰ ਏਸੇ ਤਰ੍ਹਾਂ ਰਹੇ ਤੇ ਮਰੇ ਹੋਇਆ। ਪਰ ਤ੍ਰਿਸ਼ਨਾ ਗ੍ਰਸਤ ਮਨ ਹੋਰ ਹੋਰ ਦੀ ਲੋਚਦਾ ਹੈ। ਮਨੁੱਖਾ ਜੀਵਨ ਖ਼ਤਮ ਹੋ ਜਾਂਦਾ ਹੈ ਪਰ ਤ੍ਰਿਸ਼ਨਾ ਖ਼ਤਮ ਨਹੀਂ ਹੁੰਦੀ ਹੈ। ਗੁਰਵਾਕ ਹੈ:-

ਭੂਖਿਆ ਭੂਖਿ ਭੁਖਿਓ ਕਿਤ ਬੂਝੈ॥
ਹੋਰ ਚਹੈ ਤ੍ਰਿਸਨਾ ਨਹੀ ਬੁਝੈ॥[1]

ਇਹ ਤ੍ਰਿਸ਼ਨਾ ਗੁਰਬਾਣੀ ਅਨੁਸਾਰ ਹਰੀ ਨਾਮ ਦਾ ਸਿਮਰਨ ਕਰਨ ਨਾਲ ਹੀ ਮਿਟ ਸਕਦੀ ਹੈ ਅਤੇ ਪਰਮਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਵਾਕ ਹੈ:-

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥[2]

ਨਿੰਦਾ:- ਪਰਾਈ ਨਿੰਦਾ ਕਰਨ ਵਿਚ ਮਨੁੱਖ ਖੁਸ਼ੀ ਜਿਹੀ ਮਹਿਸੂਸ ਕਰਦਾ ਹੈ। ਪਰ ਇਹ ਨਿੰਦਾ ਉਸਦੇ ਆਤਮ ਪ੍ਰਗਤੀ ਦੇ ਰਸਤੇ ਵਿਚ ਰੁਕਾਵਟ ਬਣਦੀ ਹੈ। ਉਹ ਭਾਵੇਂ ਜਿੰਨਾ ਸਿਮਰਨ ਕਰੇ, ਪੂਜਾ ਪਾਠ ਕਰੇ, ਪ੍ਰਸਾਦ ਕਰਾਵੇ, ਗਊ ਆਦਿ ਦਾਨ ਕਰੇ, ਆਪਣਾ ਗੁਜ਼ਾਰਾ ਕਰਕੇ ਦੁਖੀਆਂ ਦੀ ਸਹਾਇਤਾ ਕਰੇ, ਪਰ ਜੇ ਉਸ ਵਿਚ ਪਰਾਈ ਨਿੰਦਾ ਕਰਨ ਦੀ ਆਦਤ ਹੈ ਤਾਂ ਇਹ ਸਭ ਕੁਝ ਬੇਅਰਥ ਹੈ। ਉਸਨੂੰ ਕੋਈ ਪ੍ਰਾਪਤੀ ਤਾਂ ਕੀ ਹੋਣੀ ਹੈ ਸਗੋਂ ਆਤਮਕਤਾ ਦਾ ਘਾਟਾ ਪਿਆ ਰਹਿੰਦਾ ਹੈ। ਸਤਿਗੁਰ ਫ਼ੁਰਮਾਉਂਦੇ ਹਨ:-

ਜੇ ਓਹੁ ਅਨਿਕ ਪ੍ਰਸਾਦ ਕਰਾਵੈ॥
ਭੂਮਿ ਦਾਨੁ ਸੋਭਾ ਮੰਡਪਿ ਪਾਵੈ॥
ਅਪੁਨਾ ਬਿਗਾਰਿ ਬਿਰਾਂਨਾ ਸਾਂਢੈ॥
ਕਰੈ ਨਿੰਦ ਬਹੁ ਜੋਨੀ ਹਾਂਢੈ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 188
2. ਉਹੀ, ਪੰਨਾ 682-83
3. ਉਹੀ, ਪੰਨਾ 875

ਗੁਰਦੇਵ ਮਨੁੱਖ ਨੂੰ ਪਰਾਈ ਨਿੰਦਾ ਕਰਨ ਤੋਂ ਰੋਕਦੇ ਹਨ ਤਾਂ ਕਿ ਉਹ ਮਨ ਦੀਆਂ ਸਾਰੀਆਂ ਚਿੰਤਾਵਾਂ ਦੂਰ ਕਰਕੇ, ਹਰੀ ਨਾਲ ਅਭੇਦ ਹੋ ਕੇ ਪਰਮ ਅਨੰਦੀ ਅਵਸਥਾ ਪ੍ਰਾਪਤ ਕਰ ਸਕੇ। ਮਹਾਂਵਾਕ ਹੈ:-

ਪ੍ਰਥਮੇ ਛੋਡੀ ਪਰਾਈ ਨਿੰਦਾ ॥
ਉਤਰਿ ਗਈ ਸਭ ਮਨ ਕੀ ਚਿੰਦਾ ॥[1]

ਝੂਠ:- ਇਹ ਪ੍ਰਭੂ ਦੇ ਪ੍ਰੇਮ ਰੂਪ ਸਤਿ ਦਾ ਵਿਰੋਧੀ ਹੈ। ਪ੍ਰਭੂ ਅਤੇ ਜੀਵ ਵਿਚਕਾਰ ਪਈ ਵਿੱਥ ਝੂਠ ਕਰਕੇ ਹੀ ਹੈ। ਜਿਸ ਨਾਲ ਵਿਛੁੜਿਆ ਜੀਵ ਲਾਲਚ ਝੂਠ ਆਦਿ ਵਿਕਾਰਾਂ ਵਿੱਚ ਫਸਿਆ ਮੰਦੇ ਕੰਮਾਂ ਵਿੱਚ ਲੱਗਾ ਰਹਿੰਦਾ ਹੈ। ਗੁਰਵਾਕ ਹੈ:-

ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥
ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥[2]

ਝੂਠੇ ਮਨੁੱਖ ਦੀ ਦੋਸਤੀ ਥੋੜਾਂ ਦਿਨਾਂ ਤਕ ਹੁੰਦੀ ਹੈ। ਪਰ ਜੇ ਉਹ ਵਾਹਿਗੁਰੂ ਦੀ ਕਿਰਪਾ ਸਦਕਾ ਬਖਸ਼ਿਆ ਜਾਵੇ ਅਤੇ ਉਸਨੂੰ ਨਾਮ ਰੂਪੀ ਅੰਮ੍ਰਿਤ ਦਾਤ ਮਿਲ ਜਾਵੇ ਤਾਂ ਵਿਕਾਰਾਂ ਨਾਲ ਪੱਥਰ ਦਿਲ ਹੋ ਚੁੱਕਿਆ ਵੀ ਉਹ ਤਰ ਜਾਵੇਗਾ ਅਤੇ ਪਰਮ ਅਨੰਦ ਪ੍ਰਾਪਤ ਕਰੇਗਾ। ਗੁਰਦੇਵ ਕਹਿੰਦੇ ਹਨ:-

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1147
2. ਉਹੀ, ਪੰਨਾ 252
3. ਉਹੀ, ਪੰਨਾ 261

**ਕਰਮਕਾਂਡ:-** ਕਰਮਕਾਂਡਾਂ ਵਿੱਚ ਫਸਕੇ ਮਨੁੱਖ ਪਰਮ ਅਨੰਦ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਹ ਭਾਵੇਂ ਅਠਾਹਟ ਤੀਰਥਾਂ ਦਾ ਇਸ਼ਨਾਨ ਕਰੇ, ਪੂਜਾ ਕਰੇ, ਜੇ ਸੱਚੇ ਦਿਲੋਂ ਅਕਾਲ ਪੁਰਖ ਨੂੰ ਯਾਦ ਨਹੀਂ ਕਰਦਾ ਤਾਂ ਉੱਤਮ ਅਵਸਥਾ ਦੀ ਪ੍ਰਾਪਤੀ ਅਸੰਭਵ ਹੈ। ਇਵੇਂ ਭੇਖ ਕਰਨ ਨਾਲ ਤਾਂ ਕੁਝ ਨਹੀਂ ਬਣਦਾ। ਆਤਮਕਤਾ ਵਿੱਚ ਤਬਦੀਲੀ ਸੰਭਵ ਨਹੀਂ ਹੁੰਦੀ। ਜਪ ਤਪ ਆਦਿ ਕਰਮ ਹਉਮੈ ਦੀ ਮੈਲ ਨਹੀਂ ਧੋਸਕਦੇ। ਸਗੋਂ ਇਨ੍ਹਾਂ ਕਰਮਾਂ ਦੁਆਰਾ ਮਨੁੱਖ ਆਪਣੀ ਇੱਜ਼ਤ ਆਪੇ ਹੀ ਗੁਆ ਬੈਠਾ ਹੈ। ਕਿਉਂਕਿ ਅਸਲੀ ਅਨੰਦ ਤਾਂ ਸਤਿਗੁਰ ਦੀ ਸੇਵਾ ਕਰਨ ਨਾਲ ਹੀ ਨਾਮ ਮਨ ਵਿੱਚ ਵਸਾਉਣ ਨਾਲ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਇਨ੍ਹਾਂ ਕਰਮਕਾਂਡਾਂ ਦਾ ਖੰਡਨ ਕਰਦੇ ਹੋਏ ਲਿਖਦੇ ਹਨ:-

ਲਿਖਿ ਲਿਖਿ ਪੜਿਆ ਤੇਤਾ ਕੜਿਆ ॥ ਬਹੁ ਤੀਰਥ ਭਵਿਆ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕੁ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥[1]

**ਦੁਬਿਧਾ, ਆਲਸ, ਦ੍ਵੈਤ ਭਾਵ:-** ਪਰਮ ਅਨੰਦ ਦੀ ਪ੍ਰਾਪਤੀ ਦੇ ਰਸਤੇ ਵਿੱਚ ਦੁਬਿਧਾ, ਆਲਸ, ਦ੍ਵੈਤ ਭਾਵ ਆਦਿ ਵੀ ਰੁਕਾਵਟਾਂ ਬਣ ਜਾਂਦੀਆਂ ਹਨ। ਦੁਬਿਧਾ ਐਸੀ ਅਵਸਥਾ ਹੈ ਜਿਹੜੀ ਪਰਮਾਤਮਾ ਪ੍ਰਾਪਤੀ ਦੇ ਰਾਹ ਤੇ ਚੱਲ ਰਹੇ ਜੀਵ ਨੂੰ ਭਟਕਾ ਦਿੰਦੀ ਹੈ। ਇਸ ਨਾਲ ਵੱਡੇ ਵੱਡੇ ਕੰਮ ਵੀ ਵਿਚੇ ਵਿਚ ਰੁਕ ਜਾਂਦੇ ਹਨ। ਗੁਰਬਾਣੀ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 467-68

ਏਹਾ ਮਤਿ ਸਬਦਿ ਹੈ ਸਾਰੁ ॥
ਵਿਣੁ ਬੁਝਿਆ ਸਾਰੇ ਪਵੈ ਛਾਰੁ ॥[1]

ਸਤਿਗੁਰ ਦਾ ਮਿਲਾਪ ਹੋਣ ਤੇ, ਕ੍ਰਿਪਾ ਦ੍ਰਿਸ਼ਟੀ ਹੋਣ ਤੇ ਦੁਬਿਧਾ ਦੂਰ ਹੁੰਦੀ ਹੈ। ਮਨ ਹਰਿ ਰੰਗ ਵਿਚ ਪਰੋਇਆ ਜਾਂਦਾ ਹੈ ਤੇ ਮਹਾਂਰਸ ਪ੍ਰਾਪਤ ਹੁੰਦਾ ਹੈ। ਗੁਰਦੇਵ ਕਹਿੰਦੇ ਹਨ:-

ਸਤਿਗੁਰ ਮਿਲੈ ਤਾਂ ਦੁਬਿਧਾ ਭਾਗੈ ॥
ਕਮਲੁ ਬਿਗਾਸਿ ਮਨਿ ਹਰਿ ਪ੍ਰਭ ਲਾਗੈ ॥
ਜੀਵਤੁ ਮਰੈ ਮਹਾ ਰਸੁ ਆਗੈ ॥[2]

ਇਸੇ ਤਰ੍ਹਾਂ ਆਲਸ ਵੀ ਹਰੀ ਸਿਮਰਣ ਨਾਲ ਦੂਰ ਹੋ ਜਾਂਦਾ ਹੈ। ਫੁਰਮਾਨ ਹੈ:-

ਸੰਤ ਸੰਗਿ ਮਨਿ ਹਰਿ ਹਰਿ ਜਪਿਆ
ਬਿਨਸੇ ਆਲਸੁ ਰੋਗਾ ਜੀਉ ॥[3]

ਦ੍ਵੈਤ ਭਾਵ ਵਿਚ ਫਸਿਆ ਜਿਗਿਆਸੂ ਮਾਇਆ ਦੇ ਤਿੰਨਾਂ ਗੁਣਾਂ ਵਿਚ ਉਲਝੇ ਰਹਿ ਜਾਂਦਾ ਹੈ ਤੇ ਦੁਖੀ ਹੁੰਦਾ ਹੈ। ਗੁਰੂ ਅਮਰਦਾਸ ਜੀ ਦੁਬਿਧਾ ਵਿਚ ਫਸੇ ਮਨੁੱਖ ਦੀ ਦਸ਼ਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ:-

ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈਗੁਣ ਭਰਮਿ ਭੁਲਾਇਦਾ ॥[4]

ਦ੍ਵੈਤ ਭਾਵਨਾ ਇਕ ਨੂੰ ਟਿਕਣ ਨਹੀਂ ਦਿੰਦੀ। ਇਕ ਨਾ ਟਿਕੇ ਤਾਂ ਹਰੀ ਨਾਮ ਵਿਸਰ ਗਿਆ। ਪਰ ਜੋ ਵਾਹਿਗੁਰੂ ਨਾਲ ਇਕ ਜੁੜਦੇ ਹਨ, ਉਸਨੂੰ ਹਿਰਦੇ ਵਿਚ ਵਸਾਉਂਦੇ ਹਨ ਉਨ੍ਹਾਂ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ ਅਤੇ ਉਹ ਪਰਮਆਨੰਦ ਨੂੰ ਪ੍ਰਾਪਤ ਕਰਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1343
2. ਉਹੀ, ਪੰਨਾ 153
3. ਉਹੀ, ਪੰਨਾ 108
4. ਉਹੀ, ਪੰਨਾ 1066

ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਸਾਏ ॥
ਜਗ ਜੀਵਨ ਦਾਤਾ ਜਨ ਸੇਵਕ ਤੇਰੇ ਤਿਨਕੇ ਤੈ ਦੂਖ ਮਿਟਾਏ ॥[1]

ਇਹ ਉਪਰੋਕਤ ਰੁਕਾਵਟਾਂ ਜੋ ਸਾਧਕ ਨੂੰ ਰੂਹਾਨੀ ਅਵਸਥਾ ਨੂੰ ਪਹੁੰਚਣ ਸਮੇਂ ਤੱਕ ਆਉਂਦੀਆਂ ਹਨ, ਉਪਰ ਜਦੋਂ ਉਹ ਜਿੱਤ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ। ਮਾਨਸਿਕ ਨਿਰਮਲਤਾ ਹੀ ਮਨ ਦੇ ਸਾਰੇ ਬੁਰੇ ਗੁਣਾਂ ਨੂੰ ਦੂਰ ਕਰਨਾ ਬੇਹੱਦ ਜ਼ਰੂਰੀ ਹੈ। ਮਨ ਨੂੰ ਜਿੱਤਣ ਨਾਲ ਹੀ ਪਰਮ ਅਨੰਦ ਨੂੰ ਪ੍ਰਾਪਤ ਕਰ ਸਕੀਦਾ ਹੈ। ਇਸ ਪੜਾਅ ਤੇ ਪੁੱਜਣ ਤੋਂ ਪਹਿਲਾਂ ਸਾਧਕ ਕਾਮ-ਵਾਸ਼ਨਾਵਾਂ ਤੇ ਕਾਬੂ ਅਤੇ ਮਾਇਆ ਜਾਲ ਨੂੰ ਕੱਟਣ ਵਿੱਚ ਸਫਲ ਹੋ ਜਾਂਦਾ ਹੈ।

ਹੁਣ ਇਹ ਵੇਖਣਾ ਹੈ ਕਿ ਇਸ ਅਵਸਥਾ ਨੂੰ ਪਹੁੰਚ ਚੁੱਕੇ ਮਨੁੱਖ ਦੀ ਕਰਣੀ ਕੀ ਹੈ?

ਜਿਹੜਾ ਗੁਰਸਿੱਖ ਸਾਧਕ ਪ੍ਰਭੂ ਦੇ ਹੁਕਮ ਦੀ ਪਛਾਣ ਕਰਕੇ, ਰਜ਼ਾ ਵਿਚ ਰਹਿੰਦਿਆਂ, ਸੁਖ ਦੁਖ ਪਾਰ ਕਰਕੇ, ਰੁਕਾਵਟਾਂ ਦਾ ਡਟ ਕੇ ਸਾਹਮਣਾ ਕਰਦਾ ਹੋਇਆ ਅਕਾਲ ਪੁਰਖ ਦਾ ਸਾਖਿਆਤ ਦਰਸ਼ਨ ਕਰਦਾ ਹੈ, ਸਦਾ ਅਨੰਦ ਅਤੇ ਖੇੜੇ ਦੀ ਅਵਸਥਾ ਵਿਚ ਰਹਿੰਦਾ ਹੈ ਅਤੇ ਸੰਸਾਰਕ ਤੇ ਸਰੀਰਕ ਦੁੱਖਾਂ ਸੁੱਖਾਂ ਤੋਂ ਉਤਾਂਹ ਉਠ ਜਾਂਦਾ ਹੈ, ਉਸਨੂੰ ਗੁਰਬਾਣੀ ਵਿਚ ਮੁਕਤ,[2] ਜੀਵਨ ਮੁਕਤ,[3] ਜੋਗੀ,[4] ਗਿਆਨੀ,[5] ਬ੍ਰਹਮ ਗਿਆਨੀ,[6] ਸਚਿਆਰ,[7] ਸੰਤ,[8] ਗੁਰਮੁਖ[9] ਅਤੇ ਪੰਚ[10] ਕਿਹਾ ਹੈ। ਇਹ ਕੋਈ ਵੱਖਰੇ ਵਿਅਕਤੀ ਨਹੀਂ ਸਗੋਂ ਪਰਮ ਅਨੰਦ ਦੀ ਪ੍ਰਾਪਤੀ ਕਰ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 796
2. ਹਰਿ ਰਸੁ ਚਾਖਹਿ ਮੁਕਤਿ ਭਏ ਜਿਨਾ ਸਾਚੋ ਭਾਣੀ ॥ ਆਦਿ ਗ੍ਰੰਥ, ਪੰਨਾ 426
3. ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਉਹੀ, ਪੰਨਾ 275
4. ਸਤਿਗੁਰ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਉਹੀ, ਪੰਨਾ 223
5. ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਉਹੀ, ਪੰਨਾ 831
6. ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
   ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਉਹੀ, ਪੰਨਾ 272
7. ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਉਹੀ, ਪੰਨਾ 305
8. ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਉਹੀ, ਪੰਨਾ 319
9. ਗੁਰਮੁਖਿ ਵਿਚਹੁ ਆਪੁ ਗਵਾਏ ॥ ਹਰਿ ਰੰਗਿ ਰਾਤੇ ਮੋਹੁ ਚੁਕਾਏ ॥ ਪੰਨਾ 362
10. ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥
    ਪੰਚਾ [illegible] ਧਿਆਨੁ ॥ [illegible]ਹੀ ਪੰਨਾ 3

ਕੁੱਠੇ, ਪ੍ਰਮਾਤਮਾ ਸਰੂਪ ਹੋਏ ਵਿਅਕਤੀ ਦੇ ਵੱਖ ਵੱਖ ਪ੍ਰਤੀਕ ਹਨ।

ਡਾ. ਸੁਰਿੰਦਰ ਸਿੰਘ ਕੋਹਲੀ ਪਰਮ ਮਨੋਰਥ ਪ੍ਰਾਪਤ ਕਰ ਚੁੱਕੇ ਸਾਧਕ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਇਵੇਂ ਲਿਖਦੇ ਹਨ:-

> "ਉਹ ਵਿਅਕਤੀ ਜੋ ਇਸ ਸੰਸਾਰ ਵਿੱਚ ਬ੍ਰਹਮ ਨੂੰ ਪਾ ਲੈਂਦਾ ਹੈ, ਜੀਵਨ ਮੁਕਤ ਅਖਵਾਉਂਦਾ ਹੈ। ਉਹ ਬ੍ਰਹਮ ਗਿਆਨੀ ਹੈ। ਜਦੋਂ ਉਹ ਜਗਤ ਨੂੰ ਛੱਡਦਾ ਹੈ, ਉਸਦੀ ਆਤਮਾ ਪ੍ਰਭੂ ਵਿੱਚ ਇਵੇਂ ਲੀਨ ਹੋ ਜਾਂਦੀ ਹੈ ਜਿਸ ਤਰ੍ਹਾਂ ਸੂਰਜ ਵਿੱਚ ਕਿਰਨ ਜਾਂ ਪਾਣੀ ਵਿਚ ਬੁਲਬੁਲਾ। ਬ੍ਰਹਮ ਪ੍ਰਾਪਤੀ ਦੀ ਅਵਸਥਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਜਿਸ ਤਰ੍ਹਾਂ ਗੂੰਗਾ ਗੁੜ ਦਾ ਸੁਆਦ ਨਹੀਂ ਦੱਸ ਸਕਦਾ।"[1]

"ਗੁਰੂ ਨਾਨਕ ਬਾਣੀ ਵਿਚ ਯੋਗ ਦਾ ਸੰਕਲਪ" ਵਿਚ ਲਿਖਿਆ ਹੈ:-

> "ਇਸ ਅਵਸਥਾ ਵਿਚ ਪਹੁੰਚ ਕੇ ਸਿੱਧ ਜੋਗੀ ਸਦਾ ਖੇੜੇ ਦੀ ਅਵਸਥਾ, ਵਿਸਮਾਦ ਦੀ ਹਾਲਤ ਵਿਚ ਰਹਿੰਦਾ ਹੈ। ਉਹ ਸੰਸਾਰ ਨੂੰ ਵੇਖਕੇ ਇਸ ਤੋਂ ਦੂਰ ਨਹੀਂ ਭੱਜਦਾ, ਸਗੋਂ ਇਸਨੂੰ ਵੇਖਕੇ ਵਿਸਮਾਦ ਵਿੱਚ ਆਉਂਦਾ ਹੈ, ਵਿਗਸਦਾ ਹੈ, ਖੇੜਾ ਹਾਸਿਲ ਕਰਦਾ ਹੈ।"[2]

ਜੀਵਨ ਮੁਕਤ ਹਰ ਵਕਤ ਪ੍ਰਮਾਤਮਾ ਦੇ ਹੁਕਮ ਤੇ ਭਾਣੇ ਵਿੱਚ ਨਾਮ ਸਿਮਰਣ ਕਰਦਿਆਂ ਜੀਵਨ ਬਤੀਤ ਕਰਦਾ ਹੈ। ਗੁਰੂ ਦੀ ਸਿਖਿਆ ਸਦਕਾ ਗੁਰਸ਼ਬਦ ਦੀ ਕਮਾਈ ਕਰਕੇ ਉਸ ਵਿਚੋਂ ਹਉਮੈ ਰੋਗ ਜਾਂਦਾ ਰਹਿੰਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:-

ਜੀਵਨੁ ਮੁਕਤਿ ਗੁਰਸਬਦਿ ਕਮਾਇ ॥
ਹਰਿ ਸਿਉ ਸਦਹੀ ਰਹੈ ਸਮਾਇ ॥
ਗੁਰ ਕਿਰਪਾ ਤੇ ਮਿਲੈ ਵਡਿਆਈ ॥
ਹਉਮੈ ਰੋਗੁ ਨ ਤਾਪਾ ਹੈ ॥[3]

1. Dr Surinder Singh Kohli, Out Lines of Sikh Thought, Page 121-
2. ਜਸਬੀਰ ਕੌਰ, ਗੁਰੂ ਨਾਨਕ ਬਾਣੀ ਵਿਚ ਯੋਗ ਦਾ ਸੰਕਲਪ, ਪੰਨਾ 78
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1058

ਉਹ ਅਕਾਲਪੁਰਖ ਦੇ ਭੈਅ ਵਿਚ ਰਹਿੰਦਿਆਂ ਆਪਣੀਆਂ ਇੱਛਾਵਾਂ ਤੇ ਕਾਬੂ ਪਾ ਕੇ ਰੱਖਦਾ ਹੈ, ਸੰਜਮ ਦਾ ਜੀਵਨ ਜਿਉਂਦਾ ਹੈ। ਨਾਮ ਰੂਪੀ ਪ੍ਰੇਮ ਦੇ ਦਾਰੂ ਰਾਹੀਂ ਆਪਣੇ ਹਉਮੈ ਰੂਪੀ ਰੋਗ ਨੂੰ ਦੂਰ ਕਰਦਾ ਹੈ। ਅਰਥਾਤ ਦਿਨ ਰਾਤ ਹਰੀ ਜੱਸ ਗਾਉਂਦਾ ਹੈ ਤੇ ਇਸ ਸੰਸਾਰ ਰੂਪੀ ਭਵਜਲ ਨੂੰ ਪਾਰ ਕਰ ਜਾਂਦਾ ਹੈ। ਇਹ ਅਵਸਥਾ ਤਾਂ ਹੀ ਆਉਂਦੀ ਹੈ ਜੇ ਪ੍ਰਭੂ ਕਿਰਪਾ ਕਰੇ। ਗੁਰਵਾਕ ਹੈ:-

ਜੀਵਨੁ ਮਰਣਾ ਸਭਿ ਕੋ ਕਹੈ, ਜੀਵਨ ਮੁਕਤਿ ਕਿਉ ਹੋਇ ॥
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥
ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥[1]

ਪਰਮ ਅਤੀਤੀ ਅਵਸਥਾ ਨੂੰ ਪਹੁੰਚਣ ਵਾਲਾ ਸਾਧਕ ਮਾਣ ਮੋਹ ਨੂੰ ਤਜ ਕੇ ਅਕਾਲ ਪੁਰਖ ਦਾ ਜੱਸ ਦਿਨ ਰਾਤ ਗਾਉਂਦਾ ਹੈ। ਉਹ ਹੀ ਧਨ ਵਾਲਾ, ਕੁਲ ਵਾਲਾ ਤੇ ਇੱਜ਼ਤ ਵਾਲਾ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ:-

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥[2]

ਇਹੋ ਜਿਹੇ ਸਾਧਕ ਦੀ ਉਸਤਤ ਕੀਤੀ ਜਾਵੇ ਤਾਂ ਉਹ ਖੁਸ਼ ਨਹੀਂ ਹੁੰਦਾ ਤੇ ਜੇਕਰ ਉਸਦੀ ਨਿੰਦਾ ਕੀਤੀ ਜਾਵੇ ਤਾਂ ਉਹ ਉਦਾਸ ਨਹੀਂ ਹੁੰਦਾ। ਉਸ ਲਈ ਸੋਨਾ ਤੇ ਲੋਹਾ ਇਕ ਸਮਾਨ ਹਨ। ਹਰਖ ਸੋਗ ਦੇ ਸਮੇਂ ਉਹ ਇਕੋ ਜਿਹੀ ਅਵਸਥਾ ਵਿੱਚ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਆ ਹੈ:-

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 948
2. ਉਹੀ, ਪੰਨਾ 294
3. ਉਹੀ, ਪੰਨਾ 1427

ਗੁਰਮੁਖ ਵਿਅਕਤੀ ਜੋ ਗੁਰ ਸਿਧਾਂਤ ਮੁਤਾਬਕ ਅਕਾਲ ਪੁਰਖ ਨਾਲ ਅਭੇਦ ਹੋ ਕੇ ਉੱਤਮ ਅਵਸਥਾ ਨੂੰ ਪ੍ਰਾਪਤ ਕਰਦੇ ਹਨ, ਉਹ ਅਕਾਲ ਪੁਰਖ ਦੇ ਦਰਬਾਰ ਵਿੱਚ ਸੋਭਾ ਪਾਉਂਦੇ ਹਨ। ਉਨ੍ਹਾਂ ਨੂੰ ਕਦੇ ਕੋਈ ਦੁੱਖ ਨਹੀਂ ਵਿਆਪਦਾ। ਉਨ੍ਹਾਂ ਦਾ ਮਨ ਨਿਰਮਲ ਹੋਣ ਕਰਕੇ ਉਨ੍ਹਾਂ ਦੇ ਆਪ ਤਾਂ ਕਲਿਆਣ ਹੋਇਆ ਹੀ ਹੁੰਦਾ ਹੈ, ਸਗੋਂ ਉਨ੍ਹਾਂ ਦੀਆਂ ਤਾਂ ਕੁਲਾਂ ਦਾ ਵੀ ਉਧਾਰ ਹੋ ਜਾਂਦਾ ਹੈ। ਇਹ ਵਡਿਆਈ ਉਨ੍ਹਾਂ ਨੂੰ ਨਾਮ ਸਿਮਰਨ ਕਰਕੇ ਹੀ ਪ੍ਰਾਪਤ ਹੁੰਦੀ ਹੈ। ਫੁਰਮਾਨ ਹੈ:-

ਗੁਰਮੁਖਿ ਹਰਿ ਦਰਿ ਸੋਭਾ ਪਾਏ ॥
ਗੁਰਮੁਖਿ ਵਿਚਹੁ ਆਪਿ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮਿ ਸਵਾਰਣਿਆ।
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥
ਗੁਰਮੁਖਿ ਹਉਮੈ ਚੂਕੈ ਪੀੜ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥
ਗੁਰਮੁਖਿ ਨਾਮੁ ਮਿਲੈ ਵਡਿਆਈ ॥
ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦਿ ਕਮਾਵਣਿਆ ॥1

ਗੁਰਮੁਖ ਅੰਦਰ ਗੁਰੂ ਸ਼ਬਦਾਂ ਦੀ ਧਾਰਨਾ ਜਿਹੀ ਚਾਹੀਦੀ ਹੈ। ਆਤਮਕ ਜੀਵਨ ਦੀ ਸੋਝੀ ਪ੍ਰਾਪਤ ਕਰਕੇ ਉਹ ਕਦੇ ਡਾਵਾਂਡੋਲ (ਆਤਮਕ ਜੀਵਨ ਵਿੱਚ) ਨਹੀਂ ਹੁੰਦੇ। ਸਦਾ ਖੇੜੇ ਦੀ ਅਵਸਥਾ ਵਿੱਚ ਰਹਿੰਦੇ ਹਨ। ਹਰ ਪਾਸੇ ਵਾਹਿਗੁਰੂ ਜੀ ਨੂੰ ਰਮਿਆ ਹੋਇਆ ਵੇਖਦੇ ਹਨ। ਫੁਰਮਾਨ ਹੈ:-

ਗੁਰਮੁਖਿ ਡੁਲੇ ਕਦੇ ਨਾਹੀ ਜਿਨ੍ਹਾਂ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕੁ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥2

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 125
2. ਉਹੀ, ਪੰਨਾ 1418

ਉਤਮ ਪੁਰਸ਼ੀ ਨੂੰ ਪਰੀਖਿਆ ਸਮਾਨ ਕਿਸੇ ਦੇ ਵੀ ਮਾਇਕ ਤੋਂ ਭਟਕਾਉਣ ਤੇ ਭਟਕਣਾ ਨਹੀਂ ਹੈ। ਉਸਨੂੰ ਸਭ ਪਾਸੇ ਸੱਚ ਦਾ ਪਸਾਰਾ ਦਿੱਸਦਾ ਹੈ ਕਿਉਂਕਿ ਉਸਨੂੰ ਸੱਚ ਦੀ ਸੋਝੀ ਹੋ ਗਈ ਹੁੰਦੀ ਹੈ। ਮਹਾਂਵਾਕ ਹੈ:-

ਗਿਆਨੀਆਂ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ॥
ਓਇ ਭੁਲਾਇ ਕਿਸੈ ਦੇ ਨ ਭੁਲਨੀ ਸਚੁ ਜਾਣਨਿ ਸੋਈ॥[1]

ਅਜਿਹਾ ਵਿਅਕਤੀ ਆਪ ਤਾਂ ਆਧਿਆਤਮਕ ਮਾਰਗ ਤੇ ਚੱਲ ਹੀ ਰਿਹਾ ਹੁੰਦਾ ਹੈ, ਜਿਸਦੇ ਨਾਲ ਹੀ ਉਹ ਹੋਰਨਾਂ ਮਾਰਗ ਤੋਂ ਭਟਕਿਆਂ ਨੂੰ ਸੁਮਾਰਗ ਤੋਰਦਾ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਹੈ:-

ਓਹਿ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗੁ ਪਾਇ॥[2]

ਉਸਨੂੰ ਵੈਰੀ ਮਿੱਤਰ ਸਭ ਇਕੋ ਜਿਹੇ ਦਿਸਦੇ ਹਨ, ਕਿਉਂਕਿ ਉਹ ਹਰੇਕ ਵਿੱਚ ਅਕਾਲ ਪੁਰਖ ਦੀ ਜੋਤ ਜਗਦੀ ਹੋਈ ਵੇਖਦਾ ਹੈ। ਉਸ ਵਿੱਚ ਅਹੰਕਾਰ ਦੀ ਅੰਸ਼ ਨ ਹੋਣ ਕਰਕੇ ਉਹ ਸਭ ਤੋਂ ਮਹਾਨ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਸਭ ਤੋਂ ਨੀਚ ਸਮਝਦਾ ਹੈ। ਗੁਰੂ ਅਰਜਨ ਪਾਤਸ਼ਾਹ ਅਜਿਹੇ ਵਿਅਕਤੀ ਦਾ ਚਿੱਤਰ ਇਉਂ ਚਿਤਰਦੇ ਹਨ:-

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨੁ॥
ਬ੍ਰਹਮ ਗਿਆਨੀ ਊਚ ਤੇ ਊਚਾ॥
ਮਨਿ ਅਪਨਾ ਹੈ ਸਭ ਤੇ ਨੀਚਾ॥
ਬ੍ਰਹਮ ਗਿਆਨੀ ਸਿ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 425
2. ਉਹੀ, ਪੰਨਾ 140
3. ਉਹੀ, ਪੰਨਾ 272

ਸਪਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਉੱਤਮ ਅਵਸਥਾ ਜੋ ਕਿ ਨਾਮ ਸਿਮਰਣ ਤੇ ਸੇਵਾ ਵਿਚ ਟਿਕਣ ਉਪਰੰਤ ਆਉਂਦੀ ਹੈ, ਨੂੰ ਪ੍ਰਾਪਤ ਕਰਕੇ ਸਾਰੀ ਜਿਗਿਆਸੂ (ਉਪਦੇਸ਼ਕ ਵਰਣਿਤ) ਅਨੁਸਾਰ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਦਾ ਹੈ। ਉਹ ਆਪਣੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ । ਫਿਰ ਉਹ ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ ਮੁਕਤ ਹੁੰਦਾ ਹੈ। ਉਹ ਪਰਵਿਰਤੀ ਵਿੱਚ ਨਿਵਿਰਤੀ ਦੀ ਖੁਸ਼ੀ ਰਖਕੇ ਪਰਮ ਅਨੰਦ ਨੂੰ ਪ੍ਰਾਪਤ ਕਰਦਾ ਹੈ।

*****

# – ਭਾਗ ਤੀਜਾ –

## ਦੁੱਖ ਦੇ ਸੰਦਰਭ ਵਿੱਚ ਵਿਸ਼ੇਸ਼ ਨਾਟਕਾਂ ਦਾ ਅਧਿਐਨ

## ਅਠਵਾਂ ਅਧਿਆਇ

* *
* *
* *
* *

## ਨਮੂਨੇ ਵਿਚ ਦੁਧ ਦੀ ਰਕਿਣਤੀ ਦਾ ਨਿਰਣਯ

ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਸਰਵੋਤਮ ਕ੍ਰਿਤ ਹੈ। ਇਹ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚੋਂ ਸਭ ਤੋਂ ਵਧੇਰੇ ਦਾਰਸ਼ਨਿਕ, ਧਰਮਸ਼ਾਸਤ੍ਰੀ ਸਿਧਾਂਤ, ਰਹੱਸਮਈ ਅਨੁਭਵ, ਤੇ ਅਧਿਆਤਮਕ ਅਨੁਭਵ ਵਿਚ ਮਿਲੀ ਹੋਈ ਹੈ। ਗੁਰਦੇਵ ਦੀ ਸਮੂਹ ਬਚਨਾ ਵਿਚੋਂ ਸਭ ਤੋਂ ਵੱਧ ਨੈਤਿਕ-ਸਦਾਚਾਰਕ ਤੇ ਪ੍ਰਗਟਾਵਾ ਕਰਦੀ ਹੈ। ਪਰ ਦਾਰਸ਼ਨਿਕ ਤੱਤ-ਸਾਰ ਤਕ ਪਹੁੰਚੀ ਹੋਰ ਬਾਣੀ ਵਿਚ ਲੱਭਣੀ ਕਾਫੀ ਮੁਸ਼ਕਿਲ ਹੈ। ਜੇ ਇਸ ਬਾਣੀ ਵਿਚਲੇ ਧਰਮ ਤੇ ਦਰਸ਼ਨ ਨੂੰ ਸਮਝਕੇ ਇਸ ਬਾਣੀ ਦਾ ਪਾਠ ਹੋਣਾ ਲੱਗੇ, ਅਮਲ ਹੋਣਾ ਲੱਗੇ ਤਾਂ ਜੀਵਨ ਦੀਆਂ ਗੁੰਝਲਾਂ, ਜਿਨ੍ਹਾਂ ਵਿਚ ਫਸ ਕੇ ਮਨੁੱਖ ਦੁਖੀ ਹੋਇਆ ਫਿਰਦਾ ਹੈ, ਨੂੰ ਸਹਿਜੇ ਹੀ ਖੋਲ੍ਹ ਸਕਦਾ ਹੈ। ਮਨੁੱਖੀ ਆਤਮਾ ਪਰਮਾਤਮਾ ਦੀ ਅੰਸ਼ ਹੈ। ਜਿਵੇਂ ਪਹਿਲੇ ਵਰਣਨ ਹੋ ਚੁੱਕਿਆ ਹੈ, ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋਣਾ ਹੀ ਮਨੁੱਖੀ ਜੀਵਨ ਦਾ ਮੁੱਖ ਨਿਸ਼ਾਨਾ ਹੈ। ਆਤਮਾ ਨਿਰਮਲ, ਪਵਿੱਤਰ ਹੈ। ਪਰ ਮਾਇਆ ਦੇ ਚੱਕਰ ਵਿੱਚ ਫਸਕੇ ਮਲੀਨ ਹੋ ਜਾਂਦੀ ਹੈ, ਆਵਾਗਵਣ ਦੇ ਚੱਕਰ ਵਿਚ ਭਟਕਦੀ ਹੈ, ਪਾਪਾਂ ਨਾਲ ਲੱਥ ਪੱਥ ਹੋ ਜਾਂਦੀ ਹੈ। ਇਸੇ ਕਰਕੇ ਹੀ ਫਿਰ ਇਸ ਨੂੰ ਦੁੱਖ ਸਹਾਰਨੇ ਪੈਂਦੇ ਹਨ। ਗੁਰੂ ਸਾਹਿਬ ਦਾ ਆਸ਼ਾ ਇਸ ਦੁੱਖ ਗ੍ਰਸਤ ਆਤਮਾ ਨੂੰ ਦੁੱਖਾਂ ਦੀ ਘੇਰੀ ਵਿਚੋਂ ਕੱਢਕੇ ਸੁਖੀ ਕਰਨ ਦਾ ਹੈ। ਫੁਰਮਾਨ ਹੈ:-

ਦੁਖ ਪਰਹਰਿ ਸੁਖ ਘਰਿ ਲੈ ਜਾਇ ॥[1]

ਡਾ. ਦਰਸ਼ਨ ਸਿੰਘ 'ਸੂਦ' ਲਿਖਦੇ ਹਨ:-

"ਸੁਖਮਨੀ ਵਿਚ ਜੀਵਨ ਦੀਆਂ ਸਮੱਸਿਆਵਾਂ ਨੂੰ ਸੁਲਝਾਇਆ ਗਿਆ ਹੈ। ਮਨੁੱਖ ਦੇ ਸ਼ੰਕਿਆਂ ਤੇ ਭਰਮਾਂ ਨੂੰ ਸਮਾਧਾਨਿਆ ਗਿਆ ਹੈ, ਲੋਭਾਂ, ਮੋਹਾਂ, ਕਾਮਨਾਵਾਂ ਤੇ ਸਾਰੇ ਵਿਕਾਰਾਂ ਨੂੰ ਜਿੱਤਿਆ ਗਿਆ ਹੈ ਤੇ ਮਨੁੱਖੀ ਆਤਮਾ ਦੇ ਰੋਗਾਂ ਤੇ ਦੁਰਬਲਤਾ ਦਾ ਇਲਾਜ ਦੱਸਿਆ, ਮਨੁੱਖ ਨੂੰ ਰੱਬ ਦੀ ਪਛਾਣ ਤੇ ਪ੍ਰਾਪਤੀ ਦਾ ਮਾਰਗ ਦੱਸਿਆ ਹੈ।"[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸੁਖਮਨੀ, ਪੰਨਾ 2
2. ਡਾ. ਦਰਸ਼ਨ ਸਿੰਘ ਸੂਦ, ਗੁਰੂ ਅਰਜਨ ਦਾ ਸ਼ਾਹਕਾਰ ਸੁਖਮਨੀ, ਪੰਨਾ 297

ਡਾ. ਦਲੀਪ ਸਿੰਘ ਦੀਪ ਨੇ ਆਪਣੇ ਵਿਚਾਰ ਇਉਂ ਪ੍ਰਗਟ ਕੀਤੇ ਹਨ:-

> "ਜਪੁਜੀ ਦਾ ਪਾਠ ਸਿੱਖ ਨੂੰ ਅਡੋਲ ਅਤੇ ਚੜ੍ਹਦੀ ਕਲਾ ਵਿਚ ਰੱਖਦਾ ਹੈ। ਜਪੁਜੀ ਦਾ ਪਾਠ ਸਿੱਖ ਦੇ ਕੋਮਲ ਜਜ਼ਬਾਤਾਂ ਨਾਲ ਨਿਭਦਾ ਹੈ। ਸਿੱਖ ਇਤਿਹਾਸ ਵਿੱਚ ਅਨੇਕਾਂ ਹੀ ਉਦਾਹਰਣਾਂ ਮਿਲਦੀਆਂ ਹਨ ਕਿ ਗੁਰਸਿਖ ਕਰੜੇ ਸਮੇਂ, ਕੋਹੇ ਤੋਂ ਕੋਹੇ ਸਰੀਰਕ ਕਸ਼ਟ ਸਮੇਂ ਜਪੁਜੀ ਦਾ ਪਾਠ ਕਰਦਿਆਂ ਹੱਸਦਿਆਂ ਹੱਸਦਿਆਂ ਸਭ ਕੁਝ ਸਹਿੰਦੇ ਰਹੇ।"[1]

ਇਸੇ ਜਿਹੀ ਕਰਣੀ ਦਾ ਸਾਧਕ, ਦੁੱਖਾਂ, ਸੁੱਖਾਂ ਤੋਂ ਉਪਰ ਉਠ ਜਾਣ ਵਾਲਾ ਮਨੁੱਖ ਤਾਂ ਹੀ ਬਣ ਸਕਦਾ ਹੈ, ਜੇ ਉਸ ਨੂੰ ਅਕਾਲ ਪੁਰਖ ਨਾਲ ਅਭੇਦਤਾ ਦੀ ਅਵਸਥਾ ਪ੍ਰਾਪਤ ਹੋ ਚੁੱਕੀ ਹੋਵੇ। ਅਕਾਲ ਪੁਰਖ ਨਾਲ ਅਭੇਦ ਹੋਣ ਲਈ ਸੁੱਖਾਂ ਦੀ ਪ੍ਰਾਪਤੀ ਤੇ ਦੁੱਖਾਂ ਤੋਂ ਛੁਟਕਾਰੇ ਲਈ ਏਥੋਂ ਤੋਂ ਹੀ ਉਪਰਾਲੇ ਕੀਤੇ ਜਾਂਦੇ ਹਨ। ਵੇਦਾਂ ਵਿਚ ਕਰਮਕਾਂਡ ਨੂੰ ਸੁੱਖ ਪ੍ਰਾਪਤੀ ਦਾ ਸਾਧਨ ਦੱਸਿਆ ਹੈ। ਉਪਨਿਸ਼ਦਾਂ ਵਿਚ ਗਿਆਨ ਕਾਂਡ ਨੂੰ। ਪਰ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਾਰੇ ਪ੍ਰਚੱਲਤ ਸਾਧਨਾਂ ਦਾ (ਜਿਨ੍ਹਾਂ ਦੁਆਰਾ ਮਨੁੱਖ ਕਲਿਆਣ ਸਮਝਦਾ ਸੀ) ਖੰਡਨ ਕੀਤਾ ਹੈ। ਗੁਰਾਂ ਨੇ ਸਚਿਆਰ ਪਦਵੀ ਦੇ ਚਾਹਵਾਨਾਂ ਨੂੰ ਅਜਿਹਾ ਕਰਨੀ ਤੇ ਸੱਚ ਦਾ ਮਾਰਗ ਦੱਸਿਆ ਹੈ, ਜਿਸ ਤੇ ਚਲ ਕੋਈ ਸਹਿਜੇ ਹੀ, ਇਨ੍ਹਾਂ ਵਿਸ਼ਿਆਂ ਦੇ ਘੇਰੇ ਆਪਣੇ ਨਿਸ਼ਾਨੇ ਤੇ ਪਹੁੰਚ ਸਕਦਾ ਹੈ। ਹੁਣ ਅਸੀਂ ਉਹ ਪ੍ਰਚੱਲਤ ਸਾਧਨ, ਜਿਨ੍ਹਾਂ ਦਾ ਗੁਰੂ ਸਾਹਿਬ ਨੇ ਖੰਡਨ ਕੀਤਾ ਹੈ, ਦਾ ਵਿਵਰਣ ਕਰਾਂਗੇ।

ਗੁਰਦੇਵ ਦਾ ਵਿਚਾਰ ਹੈ ਕਿ ਇਕਾਂ ਸੋਚਣ ਨਾਲ, ਚੁੱਪ ਕਰਨ ਨਾਲ, ਸੰਸਾਰ ਦੀਆਂ ਸਾਰੀਆਂ ਵਸਤੂਆਂ ਪ੍ਰਾਪਤ ਕਰਨ ਨਾਲ, ਆਪਣੇ ਆਪ ਨੂੰ ਸਿਆਣਾ ਸਮਝਣ ਨਾਲ, ਤੀਰਥ ਨਹਾਉਣ ਨਾਲ, ਇਸ ਸੰਸਾਰ ਵਿੱਚ ਜੰਮ ਕੱਟਣ ਤੇ ਮੁਕਤੀ ਹਾਸਿਲ ਕਰਨ ਨਾਲ ਮਨੁੱਖ ਕਦਾਚਿਤ ਵੀ ਅਕਾਲ ਪੁਰਖ ਨਾਲ ਅਭੇਦ ਨਹੀਂ ਹੋ ਸਕਦਾ। ਆਪ ਨੇ ਲਿਖਿਆ ਹੈ:-

> ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥
> ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ ॥

---

1. ਡਾ. ਦਲੀਪ ਸਿੰਘ ਦੀਪ, <u>ਜਪੁਜੀ ਇਕ ਤੁਲਨਾਤਮਿਕ ਅਧਿਐਨ</u>, ਪੰਨਾ ੩੦

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤਾ ਇਕ ਨ ਚਲੈ ਨਾਲਿ॥[1]

ਡਾ. ਸ਼ੇਰ ਸਿੰਘ ਲਿਖਦੇ ਹਨ:-

"ਕਈ ਲੋਕ ਧਰਮਧਰ ਦੀ ਪ੍ਰਾਪਤੀ ਲਈ ਤੀਰਥਾਂ ਦੇ ਇਸ਼ਨਾਨ ਕਰਦੇ ਹਨ। ਪਰ ਜਿਤਨਾ ਚਿਰ ਆਦਮੀ ਰੱਬ ਦੇ ਹੁਕਮ ਵਿੱਚ ਚਲਣੇ ਨੇਮ ਨਾ ਕਰੇ, ਉਤਨਾ ਚਿਰ ਇਹ ਕਿਰਿਆਵਾਂ ਦੇ ਯਤਨ ਬੇਅਰਥ ਹਨ। ਪ੍ਰਾਪਤੀ ਔਖੇਰੀ ਹੋਣੀ ਹੈ।"[2]

ਪ੍ਰੋ. ਰਣਜੀਤ ਸਿੰਘ ਦਾ ਕਹਿਣਾ ਹੈ:-

"ਪ੍ਰਚਲਿਤ ਧਰਮ ਸਾਧਨਾਂ ਦੇ ਵਿਭਿੰਨ ਮਾਰਗਾਂ ਨੂੰ ਤਾਰਕਿਕ ਦ੍ਰਿਸ਼ਟੀਕੋਣ ਨਾਲ ਪਰਖਦਿਆਂ ਜਿਵੇਂ ਚੁੱਪ ਧਿਆਨ, ਨਿਰੰਤਰ ਮੋਨ, ਸਮਾਧੀਆਂ ਤੇ ਨਿਰਾਹਾਰ ਰਹਿਣ ਨਾਲ ਹੀ ਪ੍ਰਭੂ ਪ੍ਰਾਪਤੀ ਦੇ ਵਿਸ਼ਵਾਸ਼ ਦਾ ਖੰਡਨ ਕਰਦਿਆਂ ਦੱਸਿਆ ਹੈ ਕਿ ਉਹ ਲੋਕ ਅਗਿਆਨ ਵੱਸ ਆਪਣੇ ਜੀਵਨ ਦਾ ਵਿਨਾਸ਼ ਕਰ ਰਹੇ ਹਨ।"[3]

ਡਾ. ਦਲੀਪ ਸਿੰਘ 'ਦੀਪ' ਦਾ ਵਿਚਾਰ ਹੈ:-

"ਧਰਮ ਜੋ ਮਨੁੱਖੀ ਕਦਰਾਂ ਨਾਲ ਜੀਵਨ ਜਾਚ ਹੁੰਦਾ ਹੈ, ਦੀ ਆਸਤਿਕਤਾ ਨੂੰ ਮੁੱਢਲੇ ਚਿੰਨ੍ਹਾਂ ਵਿਚ, ਭੇਖ ਵਿਚ, ਕਰਮੀ ਕ੍ਰਿਆ ਜਾਂ ਕਰਮਕਾਂਡ ਵਿਚ ਹੀ ਸਮਝ ਲਿਆ ਜਾਂਦਾ ਹੈ। --- ਗੁਰੂ ਨਾਨਕ ਨੇ ਇਸ ਦ੍ਰਿਸ਼ਟੀ ਦੀ ਤੀਬਰ ਦੀਆਂ ਰਸਮਾਂ ਨੂੰ ਵਿਸ਼ਾ ਬਣਾਇਆ। ਸੰਪ੍ਰਦਾਇਕ ਭੇਖ ਤੇ ਚਿੰਨ੍ਹਾਂ ਨੂੰ ਅਰਥ ਵਿਗੂਤੇ ਦੱਸਿਆ ਅਤੇ ਉਨ੍ਹਾਂ ਦੀ ਥਾਂ ਅਜਿਹੇ ਗੁਣਾਂ ਦਾ ਅਸਲੀ ਆਦਰਸ਼ ਦੱਸਿਆ

---

1. ਆਦਿਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 1
2. ਡਾ. ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 300
3. ਰਣਜੀਤ ਸਿੰਘ (ਸੰਪਾ.) ਗੁਰੂ ਨਾਨਕ ਜੋਤ ਤੇ ਸਰੂਪ, ਪੰਨਾ 203

ਜੋ ਸਰਬ ਸਾਂਝਾ ਅਟੁੱਟ ਪੰਥ ਬਣ ਸਕਦਾ ਸੀ।"[1]

ਹੁਣ ਅਸੀਂ ਇਹ ਵੇਖਣਾ ਹੈ ਕਿ ਗੁਰਦੇਵ ਨੇ ਦੁੱਖਾਂ ਦੀ ਨਵਿਰਤੀ ਲਈ ਕਿਹੜੇ ਕਿਹੜੇ ਸਾਧਨ ਪੇਸ਼ ਕੀਤੇ ਹਨ:-

ਜਪੁਜੀ ਵਿੱਚ ਗੁਰਦੇਵ ਨੇ ਸਾਧਕ ਨੂੰ ਸਚਿਆਰ ਪਦ ਦੀ ਪ੍ਰਾਪਤੀ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਪਹਿਲਾ ਤੇ ਜ਼ਰੂਰੀ ਸਾਧਨ ਪ੍ਰਭੂ ਦੇ ਹੁਕਮ ਤੇ ਰਜ਼ਾ ਵਿਚ ਚਲਣ ਦਾ ਦੱਸਿਆ ਹੈ। ਉਹ ਆਪ ਹੀ ਸੁਆਲ ਕਰਦੇ ਹਨ ਕਿ ਕੂੜ ਦੀ ਪਾਲ ਨੂੰ ਤੋੜਕੇ ਸਚਿਆਰ ਕਿਵੇਂ ਬਣਿਆ ਜਾ ਸਕਦਾ ਹੈ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥[2]

ਫਿਰ ਆਪ ਹੀ ਕੂੜ ਦੀ ਪਾਲ ਨੂੰ ਤੋੜਨ ਦਾ ਉਪਾਅ ਦੱਸਦੇ ਹਨ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[3]

ਇਸ ਅਕਾਲਪੁਰਖ ਦੇ ਹੁਕਮ ਨਾਲ ਹੀ ਸਾਰੀ ਰਚਨਾ ਹੋਈ ਹੈ। ਉਸਦੇ ਹੁਕਮ ਨੂੰ ਦੱਸਿਆ ਨਹੀਂ ਜਾ ਸਕਦਾ। ਹੁਕਮ ਅੰਦਰ ਹੀ ਵਡਿਆਈ ਤੇ ਨੀਵਤਾ ਮਿਲਦੀ ਹੈ। ਹੁਕਮ ਅਨੁਸਾਰ ਹੀ ਜੀਵ ਨੂੰ ਦੁੱਖ ਤੇ ਸੁੱਖ ਮਿਲਦੇ ਹਨ। ਪਰ ਜੇ ਜਿਗਿਆਸੂ ਹੁਕਮ ਦੀ ਪਛਾਣ ਕਰ ਲਵੇ ਤਾਂ ਆਤਮਾ ਪ੍ਰਮਾਤਮਾ ਵਿਚਕਾਰ ਹਉਮੈ ਦਾ ਪਰਦਾ ਟੁੱਟ ਜਾਂਦਾ ਹੈ ਤੇ ਜੀਵ ਸੁਖੀ ਹੋ ਜਾਂਦਾ ਹੈ। ਗੁਰਦੇਵ ਫੁਰਮਾਉਂਦੇ ਹਨ:-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

---

1. ਡਾ. ਦਲੀਪ ਸਿੰਘ 'ਦੀਪ', ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਨਾ 39
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 1
3. ਉਹੀ

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥[1]

ਡਾ. ਸ਼ੇਰ ਸਿੰਘ ਦਾ ਕਹਿਣਾ ਹੈ:-

"ਮਨੁੱਖ ਦੀ ਬਣਾਈ ਹੋਈ ਮਸ਼ੀਨ ਜਾਂ ਇੰਜਣ ਹੁਕਮਦੇ ਸਿੱਧੇ ਨਿਯਮ ਅਨੁਸਾਰ ਚੱਲਦਾ ਹੈ ਤਾਂ ਫੇਰ ਇਹ ਸਰਬੱਗ ਵਾਹਿਗੁਰੂ ਦੀ ਰਚੀ ਸ੍ਰਿਸ਼ਟੀ ਕਿਵੇਂ ਨਿਯਮਹੀਣ ਹੋ ਸਕਦੀ ਹੈ।"[2]

ਜੇ ਇਹ ਅਟੱਲ ਸਚਾਈ ਹੈ ਕਿ ਹੁਕਮ ਅਤੇ ਰਜ਼ਾ ਦੀ ਇੱਛਾ ਹੀ ਮਨੁੱਖ ਨੂੰ ਸਚਿਆਰਪਦ ਤੱਕ ਪਹੁੰਚਣ ਦੇ ਕਾਬਿਲ ਬਣਾ ਸਕਦੀ ਹੈ। ਮਨੁੱਖ ਨੂੰ ਸਾਰੀਆਂ ਪ੍ਰਾਪਤੀਆਂ ਹੀ ਪ੍ਰਭੂ-ਇੱਛਾ ਅਨੁਕੂਲ ਹੁੰਦੀਆਂ ਹਨ:-

ਜਿਵ ਫੁਰਮਾਏ ਤਿਵ ਤਿਵ ਪਾਹਿ ॥[3]

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥[4]

ਇਸ ਨਵੀਂ ਸੋਚ ਦਾ ਇਹ ਬੁਨਿਆਦੀ ਮਕਸਦ ਬਣਦਾ ਹੈ ਕਿ ਜੇ ਕੋਈ ਸੁਖੀ ਰਹਿਣਾ ਲੋੜਦਾ ਹੈ ਤਾਂ ਉਹ ਉਸ ਅਸੀਮ ਵਾਹਿਗੁਰੂ ਜੀ ਦੇ ਹੁਕਮ ਵਿਚ ਰਹੇ। ਜਦ ਤੱਕ ਹੁਕਮ ਅੰਦਰ ਨਹੀਂ ਰਹੇਗਾ, ਤਦ ਤੱਕ ਅਗਿਆਨਤਾ ਦੂਰ ਨਹੀਂ ਹੋਵੇਗੀ, ਉਹ ਦੁੱਖਾਂ ਵਿਚ ਉਲਝਿਆ ਰਹੇਗਾ।
ਗੁਰਦੇਵ ਨੇ ਅਕਾਲ ਪੁਰਖ ਦੇ ਭਾਣੇ ਨੂੰ ਕਾਇਮ ਮੰਨਣ ਦਾ ਉਪਦੇਸ਼ ਦਿੱਤਾ ਹੈ।
ਡਾ. ਸ਼ੇਰ ਸਿੰਘ ਦਾ ਵਿਚਾਰ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 1
2. ਡਾ. ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 281
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 4
4. ਉਹੀ, ਪੰਨਾ 8

> "ਗਾਉਣ ਦੇ ਮਾਧਿਅਮ ਨੂੰ ਮਨੁੱਖ ਸਾਰ ਅਵਸਥਾ ਵਿਚ ਵਰਤਦਾ ਹੈ। ਜਾਂ ਤਾਂ ਪ੍ਰਾਪਤੀ ਤੇ ਸਫਲਤਾ ਦੀ ਖੁਸ਼ੀ ਕਰਕੇ ਜਾਂ ਪ੍ਰਾਪਤੀ ਤੇ ਸਫਲਤਾ ਦਾ ਵਿਯੋਗ ਕਰਕੇ ਪ੍ਰੇਸ਼ਾਨੀਆਂ ਤੇ ਅਰਦਾਸ ਕਰਨ ਲਈ। ਦੋਵੇਂ ਹਾਲਤਾਂ ਰਸਦਾਇਕ ਹਨ ਤੇ ਇਸ ਤਰ੍ਹਾਂ ਕਰਨ ਨਾਲ ਮਨ ਹੋਰ ਸੌਖਾ ਤੇ ਹੌਲਾ ਹੁੰਦਾ ਹੈ, ਕੀਤੇ ਗਾਏ ਜਾਂਦੇ ਹਨ। ਜਿਹੜਾ ਆਦਮੀ ਕਦੇ ਗਾਉਂਦਾ ਨਹੀਂ ਉਹ ਜ਼ਰੂਰ ਸੀਮਤ ਦੁਨੀਆਂ ਵਧੇਗਾ ਤੇ ਘੇਰੇ ਵਿਚ ਨਹੀਂ ਆ ਸਕੇਗਾ।"[1]

ਗੁਰਦੇਵ ਇਸ ਸਚਾਈ ਤੋਂ ਭਲੀ ਭਾਂਤ ਜਾਣੂ ਸਨ। ਇਸੇ ਲਈ ਉਨ੍ਹਾਂ ਨੇ ਪ੍ਰਭੂ ਦੀ ਸਿਫ਼ਤ ਸਲਾਹ ਗਾਉਣ ਦਾ ਉਪਦੇਸ਼ ਦਿੱਤਾ ਹੈ। ਇਸ ਨਾਲ ਮਨ ਅੰਦਰੋਂ ਦੁਖੀ ਭਾਵਾਂ ਦਾ ਖ਼ਾਤਮਾ ਹੁੰਦਾ ਹੈ। ਮਨੁੱਖ ਸ਼ਾਂਤੀ ਦੇ ਮਾਹੌਲ ਵਿਚ ਦਾਖ਼ਲ ਹੁੰਦਾ ਹੈ। ਪ੍ਰੋ. ਜੋਗਿੰਦਰ ਸਿੰਘ ਨੇ ਲਿਖਿਆ ਹੈ:-

> "ਅਜਿਹੀ ਅਵਸਥਾ ਵਿਚ ਮਨੁੱਖ ਆਤਮਾ ਅੰਦਰ ਨਾਮ ਸਿਮਰਣ ਦੀ ਭਾਵਨਾ ਸਿਖਰ ਤੇ ਹੁੰਦੀ ਹੈ। ਨਾਮ ਸਿਮਰਣ ਵਿਚ ਹੀ ਉਹ ਇਸ ਧਰਤੀ ਤੇ ਪ੍ਰਭੂ ਉਚਤਮ ਦੀ ਪ੍ਰਾਪਤੀ ਦਾ ਵਿਸ਼ਵਾਸ਼ ਬਣਾ ਲੈਂਦਾ ਹੈ।"[2]

ਦੁੱਖਾਂ ਦੀ ਨਵਿਰਤੀ ਲਈ ਭਗਤੀ ਤੇ ਨਾਮ ਸਿਮਰਣ ਦਾ ਜਿਵੇਂ ਗੁਰਮਤ ਰਾਗ ਵਿਚ ਵਰਣਨ ਹੋਇਆ ਹੈ, ਉਤਨਾ ਹੀ ਮਹੱਤਵ ਹੈ ਜਿਤਨਾ ਸਰੀਰ ਵਿਚ ਲਹੂ ਦੀ ਹੋਂਦ ਦਾ। ਨਾਮ ਸਿਮਰਣ ਪ੍ਰਭੂ ਦੀ ਸਿਫ਼ਤ ਸਲਾਹ ਹੀ ਤਾਂ ਹੈ। ਉਸ ਸੱਚੇ ਪਾਤਸ਼ਾਹ ਦੇ ਸੱਚੇ ਨਾਮ ਨੂੰ ਯਾਦ ਕਰਨ ਦੀ ਬੋਲੀ ਅਪਾਰ ਪ੍ਰੇਮ ਹੈ:-

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥[3]

ਉਸ ਅਕਾਲਪੁਰਖ ਨੂੰ ਯਾਦ ਕਰਨ ਦਾ ਕੋਈ ਸਮਾਂ ਨਹੀਂ ਹੈ। ਅਰਥਾਤ ਉਸਨੂੰ ਹਰ ਵੇਲੇ ਯਾਦ ਕੀਤਾ ਜਾ ਸਕਦਾ ਹੈ ਪਰ ਗੁਰਦੇਵ ਨੇ ਅੰਮ੍ਰਿਤ ਵੇਲੇ ਨੂੰ ਪ੍ਰਮੁੱਖਤਾ ਦਿੱਤੀ ਹੈ। ਉਸ ਵੇਲੇ ਵਾਤਾਵਰਣ ਸ਼ਾਂਤ ਤੇ ਦਿਮਾਗ਼ ਤਰੋਤਾਜ਼ਾ ਹੋਣ ਕਰਕੇ, ਮਨ ਨੂੰ ਅਸਾਨੀ ਨਾਲ ਇਕਾਗਰ ਕਰਕੇ, ਉਸਦੇ

---

1. ਡਾ. ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 292
2. ਪ੍ਰੋ. ਜੋਗਿੰਦਰ ਸਿੰਘ, ਜਪੁ ਸੱਚੀ ਦਰਸ਼ਨ, ਪੰਨਾ 63
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 2

ਨਾਮ ਵਿਚ ਲੀਨ ਹੋਇਆ ਜਾ ਸਕਦਾ ਹੈ:-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥[1]

ਨਾਮ ਸਿਮਰਣ ਦੀ ਮਹੱਤਤਾ ਦੱਸਦਿਆਂ ਆਪ ਨੇ ਲਿਖਿਆ ਹੈ ਕਿ ਜਿਸ ਤਰ੍ਹਾਂ ਹੱਥ, ਪੈਰ, ਸਰੀਰ ਮਿੱਟੀ ਘੱਟੇ ਨਾਲ ਭਰ ਜਾਵੇ ਤਾਂ ਉਸਨੂੰ ਪਾਣੀ ਨਾਲ ਧੋਣ ਸਾਫ ਕੀਤਾ ਜਾ ਸਕਦਾ ਹੈ। ਜੇਕਰ ਕੱਪੜੇ ਮੂਤਰ ਕੀਟ ਆਦਿ ਨਾਲ ਭਰ ਜਾਣ ਤਾਂ ਸਾਬਣ ਨਾਲ ਧੋਤੇ ਜਾ ਸਕਦੇ ਹਨ। ਪਰ ਜੇ ਇਸ ਮਨ ਵਿਚ ਪਾਪਾਂ ਰੂਪੀ ਮੈਲ ਭਰ ਜਾਵੇ, ਜਿਹੜਾ ਕਿ ਬਹੁਤਾ ਰੋਗ ਹੈ ਤੇ ਜਿਸ ਨਾਲ ਮਨੁੱਖ ਦੁਖੀ ਹੋ ਰਿਹਾ ਹੈ, ਤਾਂ ਗੁਰੂ ਦੀ ਨਾਮ ਰੂਪੀ ਦਵਾਈ ਨਾਲ ਧੋਤਾ ਜਾ ਸਕਦਾ ਹੈ:-

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥[2]

ਪ੍ਰੋ. ਪ੍ਰਕਾਸ਼ ਸਿੰਘ ਲਿਖਦੇ ਹਨ:-

"ਜੇ ਸਾਧਕ ਸਿਦਕ ਨਾਲ ਸਿਮਰਣ ਕਰਦਾ ਜਾਏਗਾ ਤਾਂ ਉਸਨੂੰ ਸਾਰੇ ਭੇਤਾਂ ਛੁਪਿਆਂ ਦੀ ਅਤੇ ਹਰ ਦਿਲ ਰੂਹ ਦੀ ਸੋਝੀ ਹੋ ਜਾਏਗੀ। ਜੇ ਉਹ ਨਾਮ ਵਿਚ ਜੁੜਿਆ ਰਹੇਗਾ ਤੇ ਉਸਦੇ ਪ੍ਰੇਮ ਵਿਚ ਖੇੜਾ ਰਹੇਗਾ ਤਾਂ ਉਹ ਸਾਰੇ ਪਾਪਾਂ ਤੋਂ ਤੇ ਦੁੱਖਾਂ ਦਰਦਾਂ ਤੋਂ ਨਿਵਿਰਤੀ ਪ੍ਰਾਪਤ ਕਰ ਸਕੇਗਾ।"[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 2
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 4
3. ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 179

ਨਾਮ ਸਿਮਰਣ ਸੰਬੰਧੀ ਸਿਖ ਲਈ! ਸ੍ਰਵਣ ਮੰਨਣ ਅਤੇ ਨਿਦਿਧਿਆਸਣ ਪੜਾਅ ਹਨ। ਡਾ. ਦਲੀਪ ਸਿੰਘ 'ਦੀਪ' ਲਿਖਦੇ ਹਨ:-

> "ਸ੍ਰਵਣ ਪ੍ਰਵਚਨ ਸਦੀਕ ਦੀਆਂ ਗੱਲਾਂ ਹਨ। ਮੰਨਣ ਧਿਆਨ ਅਤੇ ਨਿਦਿਧਿਆਸਣ ਅੰਤ। ਸ੍ਰਵਣ ਦੀ ਸੈਂਕੀ ਨਹੀਂ ਪਹਿਲੀ ਆਵੱਸ਼ਕਤਾ ਹੈ ਵਿਚਾਰ ਸਹਿਤ ਨਾਮ ਦਾ ਸੁਣਨਾ।"[1]

ਪ੍ਰਭੂ ਨਾਮ ਦੀ ਸੁਣਨ ਨਾਲ ਅਨੇਕ ਪ੍ਰਾਪਤੀਆਂ ਹੁੰਦੀਆਂ ਹਨ। ਨਾਮ ਨੂੰ ਸੁਣਨ ਨਾਲ ਸਿਧਾਂ ਪੀਰਾਂ ਤੇ ਦੇਵਾਂ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ, ਸ੍ਰਿਸ਼ਟੀ ਦੇ ਵਿਧਾਨ ਤੱਤਾਂ ਅਤੇ ਵਿਸ਼ਾਲਤਾ ਦਾ ਗਿਆਨ ਹੋ ਜਾਂਦਾ ਹੈ, ਮੌਤ ਦਾ ਡਰ ਨਹੀਂ ਰਹਿੰਦਾ। ਦੁੱਖਾਂ, ਪਾਪਾਂ ਤੇ ਕਲੇਸ਼ਾਂ ਦਾ ਖ਼ਾਤਮਾ ਹੋ ਜਾਂਦਾ ਹੈ। ਸ਼ਾਸਤਰਾਂ ਸਿਮਰਤੀਆਂ ਅਤੇ ਵੇਦਾਂ ਦਾ ਗਿਆਨ ਹੋ ਜਾਂਦਾ ਹੈ। ਤੀਰਥ ਇਸ਼ਨਾਨ ਆਦਿ ਦੇ ਕਰਮਕਾਂਡ ਕੀਤੇ ਬਿਨਾ ਨਾਮ ਸੁਣਨ ਨਾਲ ਹੀ ਪ੍ਰਾਪਤ ਹੋ ਜਾਂਦੇ ਹਨ। ਸਤਿ, ਸੰਤੋਖ, ਗਿਆਨ (ਸਦਾਚਾਰਕ ਗੁਣਾਂ) ਦੀ ਪ੍ਰਾਪਤੀ ਹੁੰਦੀ ਹੈ। ਨਾਮ ਸੁਣਨ ਵਾਲਾ ਜਿਗਿਆਸੂ ਸਦਾ ਖੇੜੇ ਵਿਚ ਰਹਿੰਦਾ ਹੈ। ਉਸਦੇ ਸਾਰੇ ਦੁੱਖ ਕਲੇਸ਼ ਦੂਰ ਹੋ ਜਾਂਦੇ ਹਨ:-

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥

... ... ...

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥

... ... ...

ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥

... ... ...

ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥

---

1. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਪੰਨਾ 173

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥[1]

ਸੁਣਨ ਤੋਂ ਅਗਲਾ ਕਦਮ ਮੰਨਣ ਦਾ ਹੈ। ਨਾਮ ਸੁਣਨ ਤੋਂ ਬਾਅਦ ਅਗਲਾ ਆਤਮੀ ਕ੍ਰਮ ਉਸ ਨੂੰ ਮੰਨਣ ਦਾ ਹੈ। ਜਪੁਜੀ ਵਿਚ 'ਸੁਣਿਐ' ਤੋਂ ਬਾਅਦ 'ਮੰਨੈ' ਦੀ ਮਹੱਤਤਾ ਦੱਸੀ ਹੈ। ਗੁਰਦੇਵ ਦੱਸਦੇ ਹਨ ਕਿ ਮੰਨਣ ਵਾਲੇ ਦੀ ਆਤਮਕ ਅਵਸਥਾ ਕਥਨ ਤੋਂ ਬਾਹਰ ਹੁੰਦੀ ਹੈ। ਜਿਹੜਾ ਮਨੁੱਖ ਇਹੋ ਜਿਹੀ ਅਵਸਥਾ ਤੇ ਪਹੁੰਚੇ ਜਿਗਿਆਸੂ ਬਾਰੇ ਕੁਝ ਕਹਿਣ ਦਾ ਹੌਸਲਾ ਕਰਦਾ ਹੈ, ਉਸਨੂੰ ਬਾਅਦ ਵਿਚ ਪਛਤਾਉਣਾ ਪੈਂਦਾ ਹੈ। ਪ੍ਰਭੂ ਦੇ ਨਾਮ ਨੂੰ ਸੁਣਕੇ ਮੰਨਣ ਵਾਲਾ ਉਚੇਰੀ ਉੱਚ ਦਾ ਮਾਲਕ ਬਣ ਜਾਂਦਾ ਹੈ ਅਰਥਾਤ ਉਸਨੂੰ ਸਭ ਸੋਝੀ ਹੋ ਜਾਂਦੀ ਹੈ। ਉਹ ਲੋਕ ਪਰਲੋਕ ਵਿਚ ਇੱਜ਼ਤ ਪਾਉਂਦਾ ਹੈ। ਉਸਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਉਸਨੂੰ ਨਾਮ ਨਾਲ ਵਿਸ਼ੇਸ਼ ਪ੍ਰੇਮ ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਉਹ ਹੋਰ ਗੁਰਸਿੱਖਾਂ ਨੂੰ ਵੀ ਤਾਰਨ ਦੇ ਸਮਰੱਥ ਹੋ ਜਾਂਦਾ ਹੈ। ਗੁਰੂ ਜੀ ਨੇ ਉਪਦੇਸ਼ ਕੀਤਾ ਹੈ ਕਿ ਮਨੁੱਖ ਕਥਨੀ ਨਾਲੋਂ ਕਰਨੀ ਨੂੰ ਅਮਲ ਵਿਚ ਲਿਆਵੇ ਤਾਂ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ:-

ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥

... ... ...

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥

... ... ...

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥[2]

ਵਿਦਿਆਸਾਗਰ ਬਾਰੇ ਜਪੁਜੀ ਵਿੱਚ ਕੋਈ ਵੱਖਰਾ ਵਿਚਾਰ ਨਹੀਂ। ਸੁਣਿਐ ਅਤੇ ਮੰਨੈ ਵਾਲੀਆਂ ਪਉੜੀਆਂ ਵਿਚ ਇਸੇ ਦਾ ਜ਼ਿਕਰ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਦਾ ਵਿਚਾਰ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 2-3
2. ਉਹੀ, ਪੰਨਾ 3

"ਮਨੁੱਖ ਸਾਨੂੰ ਵਿਸ਼ਵਾਸ਼ ਅਤੇ ਆਤਮਾ ਦੀ ਵਿਲੱਖਣਤਾ ਦੇ ਧਿਆਨ ਤੋਂ ਬਗੈਰ ਵੇਖਣ ਦਿੰਦਾ ਹੈ। ਇਹ ਮਨ ਨੂੰ ਨਿਰੰਤਰ ਰਚਨ ਦੀ ਸਮਰਥਾ ਅਤੇ ਸ਼ਕਤੀ ਦਿੰਦਾ ਹੈ ਜੋ ਕਿ ਨਾਮ ਨਿਦਿਧਿਆਸਣ ਦੀ ਸੁਭਾਵਿਕ ਹੈ। - - - ਮਨੁੱਖ ਦੀ ਅਵਸਥਾ ਅਜਿਹੀ ਹੈ। ਇਸ ਅਵਸਥਾ ਵਿਚ ਮਨ ਤੇ ਬੁੱਧੀ ਇਕਮਿਕ ਹੋ ਜਾਂਦੀ ਹੈ। ਜਿਗਿਆਸੂ ਇਸ ਪਵਿੱਤਰਤਾ ਭਰੇ ਸੋਚਣਾ ਪ੍ਰਮਾਤਮਾ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ। ਉਸਨੂੰ ਕੁਮਾਰਗ ਵਲੋਂ ਮੋੜਾ ਜਾ ਸਕਦਾ ਅਤੇ ਉਹ ਨਾਮ ਮਾਰਗ ਤੇ ਚਲਦਾ ਰਹਿੰਦਾ ਹੈ।"[1]

ਗੁਰਦੇਵ ਲਿਖਦੇ ਹਨ:-

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥[2]

ਮਨੁੱਖੀ ਸਖਸ਼ੀਅਤ ਉਦੋਂ ਤਾਂ ਹੀ ਉੱਚੀ ਹੋ ਜੇ ਉਸਦੀ ਉਸਾਰੀ ਸਾਰੇ ਪੱਖਾਂ ਤੋਂ ਹੋਵੇ। ਅਧਿਆਤਮਕ ਜੀਵਨ ਵਿਚ ਇਹ ਉਸਾਰੀ ਆਤਮਾ, ਮਨ ਤੇ ਬੁੱਧੀ ਦੇ ਉੱਚੇ ਹੋਣ ਨਾਲ ਹੈ। ਅਰਥਾਤ ਮਨ ਦੇ ਸੁਧਾਰ, ਬੁੱਧੀ ਦੇ ਵਿਕਾਸ ਤੇ ਆਤਮਾ ਦੇ ਉਸ ਵਾਹਿਗੁਰੂ ਨਾਲ ਇਕਸੁਰਤਾ ਪ੍ਰਾਪਤ ਕਰਨੀ ਹੈ, ਜੋ ਨਿਦਿਧਿਆਸਣ ਦੀ ਅਵਸਥਾ ਹੈ। ਇਨ੍ਹਾਂ ਦਾ ਆਪਸ ਵਿਚ ਪਰਸਪਰ ਅਨਿੱਖੜਵਾਂ ਸੰਬੰਧ ਹੈ।

ਉਹ ਮਨੁੱਖ ਜਿਨ੍ਹਾਂ ਨੇ ਨਾਮ ਸੁਣਕੇ, ਮੰਨਕੇ ਸੁਰਤ ਨੂੰ ਨਾਮ ਵਿਚ ਜੋੜਿਆ ਹੈ, ਵਾਹਿਗੁਰੂ ਨਾਲ ਅਭੇਦ ਹੋਏ ਹਨ, ਨੂੰ ਗੁਰਦੇਵ ਨੇ 'ਪੰਚ' ਦੀ ਪਦਵੀ ਦਿੱਤੀ ਹੈ। ਗੁਰਮੁਖ ਸਾਰ ਸਭੇ ਕਾਰਜਾਂ ਦੀ ਇਨ੍ਹਾਂ ਦਾ ਨਿਸ਼ਾਨਾ ਹੈ:-

ਪੰਚਾ ਕਾ ਗੁਰੁ ਏਕੁ ਧਿਆਨੁ ॥[3]

1. Dr. Surinder Singh, Philosophy of Guru Nanak, page 174-75
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 4
3. ਉਹੀ, ਪੰਨਾ 3

ਨਾਮ ਦੀ ਪ੍ਰਾਪਤੀ ਗੁਰੂ ਤੋਂ ਹੀ ਹੁੰਦੀ ਹੈ। ਗੁਰਦੇਵ ਅਧਿਆਤਮਕ ਮੰਡਲ ਵਿੱਚ ਗੁਰੂ ਦੀ ਮਹੱਤਤਾ ਦੱਸਦੇ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ ਸੁਣਨ ਨਾਲ, ਮੰਨਣ ਨਾਲ ਮਤ ਰਤਨ ਜਵਾਹਰਾਂ ਅਰਥਾਤ ਸੂਝ ਬੂਝਾਂ ਨਾਲ ਭਰ ਜਾਂਦੀ ਹੈ:-

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥[1]

ਗੁਰੂ ਸਿਖਿਆ ਪਾਪਾਂ ਦਾ ਹੀ ਨਾਸ਼ ਨਹੀਂ ਕਰਦਾ ਸਗੋਂ ਦੁਰਮਤ ਨੂੰ ਦੂਰ ਕਰਕੇ ਸੁਮਤ ਬਖਸ਼ਦਾ ਹੈ। ਜਿਸ ਕਰਕੇ ਆਤਮਿਕ ਸੁੱਖ ਪ੍ਰਾਪਤ ਹੁੰਦਾ ਹੈ। ਸਾਰੇ ਜੀਵਾਂ ਦੀ ਰੱਖਿਆ, ਪਾਲਣਾ ਕਰਨ ਵਾਲਾ ਵਾਹਿਗੁਰੂ ਸਿਰਫ ਗੁਰੂ ਦੀ ਸਿਖਿਆ ਤੇ ਅਮਲ ਕਰਨ ਨਾਲ ਚੇਤੇ ਰਹਿੰਦਾ ਹੈ:-

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥[2]

ਸਚਿਆਰ ਪਦ ਪ੍ਰਾਪਤ ਕਰਨ ਲਈ ਸ਼ੁਭ ਗੁਣਾਂ ਦਾ ਅਪਣਾਉਣਾ ਬੇਹੱਦ ਜ਼ਰੂਰੀ ਹੈ। ਗੁਰਦੇਵ ਨੇ ਸਦਾਚਾਰਕ ਗੁਣਾਂ ਨੂੰ ਆਤਮਿਕ ਮੰਡਲ ਵਿਚ ਵਿਸ਼ੇਸ਼ ਥਾਂ ਦਿੱਤੀ ਹੈ। ਗੁਰ ਅਨੁਸਾਰ ਪ੍ਰਭੂ ਸੱਚ ਸਰੂਪ ਹੈ। ਸੁਚ ਆਤਮਾ ਹੀ ਪ੍ਰਮਾਤਮਾ ਨਾਲ ਅਭੇਦ ਹੋ ਸਕਦੀ ਹੈ। ਆਸਾ ਦੀ ਵਾਰ ਵਿੱਚ ਆਪ ਨੇ ਲਿਖਿਆ ਹੈ:-

ਸੁਚਿ ਹੋਵੈ ਤੇ ਸਚੁ ਪਾਈਐ ॥[3]

ਪ੍ਰੋ. ਜੋਗਿੰਦਰ ਸਿੰਘ ਲਿਖਦੇ ਹਨ:-

> "ਸਦਾਚਾਰਕ ਆਚਰਣ ਜੇ ਮਾਰਗ ਹੈ ਤਾਂ ਅਧਿਆਤਮਕ ਆਚਰਣ ਮੰਜ਼ਲ ਹੈ। ਚੰਗਾ ਆਚਰਣ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਾਂ ਦੇਣ ਦੇ ਸਮਰੱਥ ਹੁੰਦਾ ਹੈ। ਸਦਾਚਾਰਕ ਗੁਣ ਕੀਮਤਾਂ ਹੀ ਮਨੁੱਖ ਨੂੰ ਜਿੰਦਗੀ ਘੜਨ ਵਿਚ ਮੁੱਖ ਆਧਾਰ ਬਣਦੀਆਂ ਹਨ।"[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 2
2. ਉਹੀ, ਪੰਨਾ 2
3. ਉਹੀ, ਪੰਨਾ 472
4. ਪ੍ਰੋ. ਜੋਗਿੰਦਰ ਸਿੰਘ, ਜਪੁ ਜੀ ਦਰਸ਼ਨ, ਪੰਨਾ 70

ਡਾ. ਦਲੀਪ ਸਿੰਘ 'ਦੀਪ' ਦਾ ਵਿਚਾਰ ਹੈ:-

> "ਆਤਮਾ ਦੀ ਸ਼ੁੱਧੀ ਲਈ ਸਦਾਚਾਰਕ ਜੀਵਨ ਸਹਾਈ ਹੋ ਸਕਦਾ ਹੈ। ਸਦਾਚਾਰਕ ਜੀਵਨ ਤੋਂ ਭਾਵ ਹੈ ਨਿਰਵਿਕਾਰ ਹੋਣਾ ਅਤੇ ਚੰਗੇਰੇ ਅਮਲਾਂ ਦੀ ਪ੍ਰਵਿਰਤੀ ਅੰਦਰ ਭਰਨਾ।"[1]

ਗੁਰੂ ਸਾਹਿਬ ਨੇ ਚੰਗੇ ਗੁਣ ਗ੍ਰਹਿਣ ਕਰਕੇ, ਪੂਰਨ ਪਵਿੱਤਰ ਹੋ ਕੇ ਅਕਾਲਪੁਰਖ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ:-

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥[2]

ਇਨ੍ਹਾਂ ਗੁਣਾਂ ਨੂੰ ਹੀ ਅਸਲੀ ਜੀਵਨ ਦੀ ਕੁੰਜੀ ਵਿਚੋਂ ਲੈ ਕੇ ਮਨੁੱਖ ਸੁਖੀ ਬਣ ਸਕਦਾ ਹੈ। ਗੁਰਦੇਵ ਸੁਨਿਆਰੇ ਦੀ ਦੁਕਾਨ ਦੇ ਰੂਪਕ ਰਾਹੀਂ ਸਦਾਚਾਰਕ ਗੁਣ ਗ੍ਰਹਿਣ ਕਰਨ ਲਈ ਪ੍ਰੇਰਦੇ ਹਨ। ਗੁਰਦੇਵ ਕਹਿੰਦੇ ਹਨ ਕਿ ਇੰਦ੍ਰੀਆਂ ਨੂੰ ਕਾਬੂ ਰੱਖਣੇ ਰੂਪ ਆਚਰਣ ਦੀ ਭੱਠੀ ਬਣਾਉਣੀ ਹੈ ਜਿਸ ਵਿੱਚ ਸਬਰ ਰੂਪੀ ਸੁਨਿਆਰੇ ਨੇ ਕੰਮ ਕਰਨਾ ਹੈ। ਅਹਿਰਣ ਵਾਂਗ ਮਤ ਨੂੰ ਅਡੋਲ ਬਣਾ ਕੇ ਗਿਆਨ ਰੂਪੀ ਹਥੌੜੇ ਦੀ ਵਰਤੋਂ ਕਰਨੀ ਹੈ। ਅਕਾਲਪੁਰਖ ਦੇ ਡਰ ਨੂੰ ਧੌਂਕਣੀ ਦਾ ਰੂਪ ਦੇਣਾ ਹੈ। ਤਪ ਦੀ ਅਗਨੀ ਰੂਪੀ ਅੱਗ ਬਾਲ ਕੇ ਪ੍ਰੇਮ ਰੂਪੀ ਭਾਂਡੇ ਵਿੱਚ ਅੰਮ੍ਰਿਤ ਨਾਮ ਰੂਪੀ ਸੋਨੇ ਨੂੰ ਢਾਲਣਾ ਹੈ। ਇਸ ਤਰ੍ਹਾਂ ਸੱਚੀ ਟਕਸਾਲ ਵਿਚ ਸੱਚਾ ਸ਼ਬਦ ਘੜਿਆ ਜਾਂਦਾ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥[3]

---

1. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.) ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰਨਾ 174
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 4
3. ਉਹੀ, ਪੰਨਾ 8

ਇਨ੍ਹਾਂ ਗੁਣਾਂ ਨੂੰ ਅਮਲ ਵਿਚ ਲਿਆਉਣ ਨਾਲ ਹੀ ਦੁੱਖਾਂ ਤੋਂ ਨਵਿਰਤੀ ਹੋ ਸਕਦੀ ਹੈ। ਗੁਰਦੇਵ ਨੇ ਜੋਗੀਆਂ ਦਾ, ਦਿਖਾਵੇ ਦੇ ਚਿੰਨ੍ਹਾਂ ਦਾ ਖੰਡਨ ਕਰਦਿਆਂ ਉਪਦੇਸ਼ ਕੀਤਾ ਹੈ ਕਿ ਅਸਲੀ ਜੋਗੀ ਬਣਨ ਲਈ ਕੰਨਾਂ ਵਿਚ ਸੰਤੋਖ ਰੂਪੀ ਮੁੰਦਰਾਂ, ਮਿਹਨਤ ਰੂਪੀ ਝੋਲੀ ਅਰਥਾਤ ਪਾਤ੍ਰਾ, ਸਰੀਰ ਉਤੇ ਸੁਆਹ ਮਲਣ ਦੀ ਥਾਂ ਪਰਮਾਤਮਾ ਵਿਚ ਧਿਆਨ ਲਾਉਣ, ਮੌਤ ਦੇ ਡਰ ਨੂੰ ਗੋਦੜੀ ਬਣਾਉਣ, ਕਾਇਆ ਨੂੰ ਵਿਕਾਰਾਂ ਤੋਂ ਕੁਆਰਾ (ਪਵਿਤ੍ਰ) ਰੱਖਣਾ, ਅਤੇ ਸ਼ਰਧਾ ਰੂਪੀ ਡੰਡੇ ਨਾਲ ਮਨ ਨੂੰ ਕਾਬੂ ਵਿਚ ਰੱਖਣਾ ਜ਼ਰੂਰੀ ਹੈ:-

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥[1]

ਗੁਰਦੇਵ ਸੁਖੀ ਜੀਵਨ ਦੀ ਜਾਚ ਦੱਸਣ ਲਈ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਕਰਦੇ ਹਨ। ਇਹ ਸਚਾਈ ਹੈ ਕਿ ਮਨੁੱਖ ਜੋ ਕੁਝ ਕਰਦਾ ਹੈ ਉਸਦਾ ਫਲ ਉਹ ਅਵੱਸ਼ ਪਾਉਂਦਾ ਹੈ। ਜੇ ਚੰਗੇ ਕਰਮ ਕਰੇਗਾ ਤਾਂ ਹੀ ਸੁਖੀ ਰਹਿ ਸਕੇਗਾ:-

ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥[2]

ਕਰਮੀ ਕਰਮੀ ਹੋਇ ਵੀਚਾਰੁ ॥[3]

ਚੰਗੇ ਕਰਮ ਕਰਨ ਨਾਲ ਇਨਸਾਨ ਵਾਹਿਗੁਰੂ ਦੇ ਨੇੜੇ ਹੋ ਜਾਂਦਾ ਹੈ ਅਤੇ ਜੇ ਅਗਿਆਨ ਵੱਸ ਉਹ ਮਾੜੇ ਕਰਮ ਕਰਦਾ ਚਲਾ ਜਾਏ ਤਾਂ ਆਤਮਾ ਤੇ ਪਰਮਾਤਮਾ ਵਿਚਕਾਰ ਪਿਆ ਕੂੜ ਦਾ ਪੜਦਾ ਮਜ਼ਬੂਤ ਹੁੰਦਾ ਜਾਂਦਾ ਹੈ ਤੇ ਉਹ ਅਕਾਲਪੁਰਖ ਤੋਂ ਦੂਰ ਹਟਦਾ ਹੈ:-

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 6
2. ਉਹੀ, ਪੰਨਾ 4
3. ਉਹੀ, ਪੰਨਾ 7
4. ਉਹੀ, ਪੰਨਾ 8

ਡਾ. ਦਲੀਪ ਸਿੰਘ ਦੀਪ ਲਿਖਦੇ ਹਨ:-

> "ਮਨੁੱਖ ਜਦੋਂ ਦੁੱਖ ਭੋਗਦਾ ਹੈ ਤਾਂ ਉਸਦਾ ਜ਼ਿੰਮੇਵਾਰ ਹੋਰਨਾਂ ਨੂੰ ਠਹਿਰਾਉਂਦਾ ਹੈ, ਕਈ ਵਾਰੀ ਰੱਬ ਨੂੰ ਵੀ ਦੋਸ਼ ਦੇਣ ਲੱਗ ਪੈਂਦਾ ਹੈ ਕਿ ਉਸੇ ਨੇ ਹੀ ਦੁੱਖ ਨਾਲ ਭਰਿਆ ਹੋਇਆ ਹੈ, ਪਰ ਅਸਲ ਵਿਚ ਉਹ ਆਪਣੇ ਮੰਦੇ ਕਰਮਾਂ ਦਾ ਫਲ ਭੋਗ ਰਿਹਾ ਹੁੰਦਾ ਹੈ। ਕਿਸੇ ਨੂੰ ਦੋਸ਼ ਦੇਣਾ ਫਜ਼ੂਲ ਹੈ।"[1]

ਗੁਰਦੇਵ ਦਾ ਆਸ਼ਾ ਕਿਉਂਕਿ ਮਨੁੱਖ ਨੂੰ ਦੁੱਖਾਂ ਦੀ ਕੈਦ ਵਿਚੋਂ ਕੱਢਣਾ ਹੈ, ਉਸ ਨੂੰ ਨਿਰਾਸ਼ਾਵਾਦੀ ਬਣਾਉਣ ਦੀ ਥਾਂ ਆਸ਼ਾਵਾਦੀ ਬਣਾਉਂਦਾ ਹੈ। ਆਪ ਦੱਸਦੇ ਹਨ ਕਿ ਨਾਮ-ਅੰਮ੍ਰਿਤ (ਨਾਮ ਰੂਪੀ ਦਵਾਈ) ਅੰਦਰ ਜਾਣ ਨਾਲ ਤਾਂ ਸਾਰੇ ਰੋਗਾਂ ਤੋਂ ਮੁਕਤ ਹੋ ਜਾਂਦੇ ਹਨ ਤੇ ਹੋਰਨਾਂ ਨੂੰ ਵੀ ਇਨ੍ਹਾਂ ਰੋਗਾਂ ਤੋਂ ਛੁਡਾਉਂਦੇ ਹਨ:-

> ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
> ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥[2]

ਸੁੱਖ ਪ੍ਰਾਪਤੀ ਤੇ ਦੁੱਖ ਨਿਵਿਰਤੀ ਲਈ ਕੇਵਲ ਹੁਕਮ ਤੇ ਰਜ਼ਾ ਵਿਚ ਰਹਿਣਾ, ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਾ, ਨਾਮ ਜਪਣਾ, ਗੁਣਾਂ ਦਾ ਸਿਮਰਨ ਕਰਨਾ, ਸ਼ੁਭ ਗੁਣ ਅਪਣਾਉਣਾ ਤੇ ਨਿਸ਼ਕਾਮ ਤੌਰ ਤੇ ਭਲਿਆਂ ਸ਼ੁਭ ਕਰਮ ਕਰਨੇ ਹੀ ਕਾਫ਼ੀ ਨਹੀਂ ਹਨ। ਇਹ ਸਭ ਕੁਝ ਹੋਵੇ ਤਾਂ ਹੀ ਸਫਲ ਹੈ ਜੇ ਵਾਹਿਗੁਰੂ ਦੀ ਨਦਰ ਪ੍ਰਾਪਤ ਹੋਵੇ। ਗੁਰੂ ਸਾਹਿਬ ਨੇ ਜਪੁਜੀ ਦੀਆਂ ਮੁਢਲੀਆਂ ਸਤਰਾਂ ਵਿਚ ਹੀ 'ਨਦਰ ਪ੍ਰਾਪਤੀ' ਦੀ ਮਹੱਤਤਾ ਦੱਸ ਦਿੱਤੀ ਹੈ। ਗੁਰੂ ਨੇ ਮੂਲਮੰਤਰ ਦੀ ਸੰਪੂਰਨਤਾ ਹੀ 'ਗੁਰ ਪ੍ਰਸਾਦਿ' ਨਾਲ ਕੀਤੀ ਹੈ ਅਰਥਾਤ ਇਹ ਸਭ ਕੁਝ ਤਾਂ ਹੀ ਪ੍ਰਾਪਤ ਹੋ ਸਕਦਾ ਹੈ ਜੇ ਗੁਰੂ ਦੀ ਕ੍ਰਿਪਾ ਹੋਵੇ। ਡਾ. ਦਲੀਪ ਸਿੰਘ 'ਦੀਪ' ਲਿਖਦੇ ਹਨ:-

> "ਕਰਮ ਕਰਦਿਆਂ ਮਨੁੱਖ ਜੀਵਨ ਰੂਪੀ ਉੱਚੀ ਪਦਵੀ ਨੂੰ ਕ੍ਰਿਪਾ ਸਦਕਾ ਪਹੁੰਚਦਾ ਹੈ। ਅਜਿਹਾ ਜੋਗੀ ਹੋ ਜਾਂਦਾ ਹੈ ਕਿ "ਮੈਂ ਕਰਤਾ ਹਾਂ" ਨਹੀਂ "ਪ੍ਰਭੂ ਹੀ ਕਰਨ ਵਾਲਾ ਹੈ" ਜਿਗਿਆਸੂ ਕਹਿਣ ਲੱਗ ਪੈਂਦਾ ਹੈ। ਕਰਮ

---

1. ਡਾ. ਦਲੀਪ ਸਿੰਘ 'ਦੀਪ', ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਨਾ 184
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 8

> ਅਸਤੀ ਅਤੇ ਵਿਕਾਰ ਰੁਕਾਵਟਾਂ ਭਾਵੇਂ ਕਿਸੇ ਹੀ ਹੱਦ ਤਾਂ ਹੋ ਜਾਵੇ ਪਰ ਪਰਮਾਤਮੀ ਕਿਰਪਾ ਨਾਲ ਹੀ ਹੁੰਦੀ ਹੈ।"[1]

ਕੋਈ ਵੀ ਮਨੁੱਖ ਨਦਰ ਪ੍ਰਾਪਤੀ ਬਿਨ੍ਹਾਂ ਆਪਣੇ ਯਤਨਾਂ ਨਾਲ ਸਚਿਆਰ ਨਹੀਂ ਬਣ ਸਕਦਾ। ਜੇ ਕੋਈ ਅਜਿਹਾ ਸੋਚੇ ਤਾਂ ਉਹ ਮੂਰਖ ਹੈ ਜਿਵੇਂ ਕਿ ਕੀੜੀ ਵੀ ਆਕਾਸ਼ ਵਿਚ ਪਹੁੰਚਣ (ਉਡਣ ਦੀ) ਰੀਸ ਕਰੇ। ਗੁਰਦੇਵ ਫੁਰਮਾਉਂਦੇ ਹਨ ਕਿ ਅਕਾਲਪੁਰਖ ਨਾਲ ਏਕਤਾ ਦੀ ਅਵਸਥਾ ਤਾਂ ਉਸਦੀ ਮਿਹਰ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਬਾਕੀ ਤਾਂ ਸਭ ਝੂਠੇ ਮਨੁੱਖ ਦੀਆਂ ਕੂੜੀਆਂ ਗੱਪਾਂ ਹਨ:-

> ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
> ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥[2]

ਅਕਾਲਪੁਰਖ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਨਾਮ ਰੂਪੀ ਕਾਰ ਦੀ ਕਮਾਈ ਕੀਤੀ ਜਾ ਸਕਦੀ ਹੈ ਅਤੇ ਨਦਰ ਹੋਣ ਨਾਲ ਹੀ ਸਾਰੇ ਦੁੱਖਾਂ ਤੋਂ ਛੁਟਕਾਰਾ ਅਤੇ ਅਨੰਦ ਪ੍ਰਾਪਤੀ ਹੁੰਦੀ ਹੈ:-

> ਜਿਨ ਕਉ ਨਦਰਿ ਕਰਮੁ ਤਿਨ ਕਾਰ ॥
> ਨਾਨਕ ਨਦਰੀ ਨਦਰਿ ਨਿਹਾਲੁ ॥[3]

ਇਹ ਸਰੀਰ ਰੂਪੀ ਕਪੜਾ ਤਾਂ ਕਰਮਾਂ ਕਰਕੇ ਹੀ ਮਿਲਦਾ ਹੈ ਪਰ ਮੁਕਤੀ ਕਿਵੇਂ ਕਰਮਾਂ ਤੇ ਆਧਾਰਿਤ ਨਹੀਂ ਸਗੋਂ ਬਖਸ਼ਿਸ਼ ਇਸ ਦਾ ਮੂਲ ਆਧਾਰ ਹੈ:-

> ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥[4]

ਗੁਰਦੇਵ ਸਮਝਾਉਂਦੇ ਹਨ ਕਿ ਜੇ ਉਸ ਅਕਾਲਪੁਰਖ ਦੀ ਮਿਹਰ ਨਾ ਹੋਵੇ ਤਾਂ ਸਾਰੇ ਕੀਤੇ ਸਾਧਨ ਵਿਅਰਥ ਹਨ। ਫਿਰ ਤਾਂ ਉਸ ਦੀ ਇਸ ਦੁਨੀਆਂ ਵਿਚ ਵੀ ਕੋਈ ਸਾਰ ਨਹੀਂ ਪੁੱਛਦਾ:-

1. ਡਾ. ਦਲੀਪ ਸਿੰਘ ਦੀਪ, ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਨਾ 210
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 7
3. ਉਹੀ, ਪੰਨਾ 8
4. ਉਹੀ, ਪੰਨਾ 2

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥[1]

ਭਾਵੇਂ ਮਨੁੱਖੀ ਜਪੁਜੀ ਵਿਚ ਗੁਰਦੇਵ ਨੇ ਆਤਮਿਕ ਜੀਵਨ ਦੇ ਵਿਕਾਸ ਦੀਆਂ ਪੌੜੀਆਂ ਸਾਫ਼ ਕੀਤੇ ਹਨ, ਪਰ ਇਸ ਵਿਚ ਖੰਡਾਂ ਦੀ ਅਧਿਆਤਮਕ ਵਿਆਖਿਆਵਾਂ ਤੇ ਵਿਆਖਿਆਕਾਰਾਂ ਨੂੰ ਸਮਝੇ ਬਿਨਾਂ ਸਵਿਕਾਰ ਨਹੀਂ ਕੀਤਾ ਜਾ ਸਕਦਾ। ਅਨੰਦਪੂਰਵਕ ਦਾ ਰਸ ਬਹੁਤ ਉੱਚਾ ਹੈ। ਇਸ ਨਾਲ ਅਭੇਦ ਹੋਣ ਦੀ ਮਨ ਦੀ ਅਵਸਥਾ ਉੱਚੀ ਪਹੁੰਚਦੀ ਹੁੰਦੀ ਹੈ। ਗੁਰੂ ਜੀ ਨੇ ਮਨੁੱਖ ਦੀ ਆਤਮਿਕ ਉੱਨਤੀ ਦੀ ਵਿਕਾਸਮਈ ਕ੍ਰਮ ਅਨੁਸਾਰ ਪੰਜ ਖੰਡ ਦੱਸੇ ਹਨ। ਇਹ ਖੰਡ ਵੱਖ ਵੱਖ ਅਵਸਥਾਵਾਂ ਦਾ ਸੂਚਕ ਹੁੰਦੇ ਹੋਏ ਵੀ ਅੰਤਰ ਸੰਬੰਧਤ ਹਨ। ਸਭ ਤੋਂ ਪਹਿਲਾ ਧਰਮਖੰਡ ਦਾ ਵਰਣਨ ਹੈ। ਇਹ ਕਰਮ ਜਾਂ ਕੰਮ ਦੀ ਮੰਜ਼ਿਲ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ:-

> "ਧਰਮਖੰਡ ਕਰਤਾਰ ਦਾ ਰਚਿਆ ਹੈ ਜਿਸ ਵਿਚ ਧਰਮਜੀਵਨ ਪ੍ਰਧਾਨ ਹੁੰਦਾ ਹੈ ਅਤੇ ਕਰਮਾਂ ਦੇ ਅਭਿਆਸ ਦੁਆਰਾ ਕਰਮਾਂ ਦਾ ਫਲ ਵਿਚਾਰ ਕੀਤਾ ਜਾਂਦਾ ਹੈ।"[2]

ਮਨੁੱਖ ਕੁਦਰਤ ਵਿਚ ਕਿਉਂ ਦਾ ਸਾਧਨ ਹੋਣ ਕਰਕੇ ਉਹ ਆਪਣੇ ਕੀਤੇ ਕਰਮਾਂ ਦਾ ਜ਼ਿੰਮੇਵਾਰ ਹੈ। ਪ੍ਰਭੂ ਇਸ ਨਾਲ ਜਗਤ ਉਤਪੰਨ ਹੋਣ ਤੇ ਆਪਣੀ ਪ੍ਰਕਿਰਤੀ ਦਾ ਪਰਨ ਕਰਦਾ ਹੈ। ਇਹ ਪ੍ਰਕਿਰਤੀ ਕਰਮ ਪ੍ਰਤੀ ਕਰਨ ਨਾਲ ਹੀ ਆਉਂਦੀ ਹੈ। ਗੁਰੂ ਸਾਹਿਬ ਦੇ ਕਥਨ ਅਨੁਸਾਰ ਇਹ ਧਰਤੀ ਸਾਰੇ ਪ੍ਰਾਕ੍ਰਿਤਕ ਉਪਕਰਣਾਂ ਵਿਚ ਧਰਮ ਕਮਾਉਣ ਦੀ ਜਗ੍ਹਾ ਹੈ:-

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥[3]

ਮਨੁੱਖ ਸੁਖੀ ਤਾਂ ਹੀ ਹੋ ਸਕੇਗਾ ਜੇ ਉਹ ਆਪਣੇ ਕਰਤਾ ਦੀ ਪਛਾਣ ਕਰੇਗਾ। ਪਰ ਇਹ ਕੋਈ ਸੌਖਾ ਕੰਮ ਨਹੀਂ ਹੈ। ਕਰਤਾ ਨਿਰੰਕਾਰ ਦੀ ਜਾਣਨਾ ਵਾਸਤੇ ਇਨਸਾਨ ਵਿਸਮਾਦ ਹੁੰਦੇ ਹਨ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 2
2. ਭਾਈ ਕਾਨ੍ਹ ਸਿੰਘ 'ਨਾਭਾ', ਮਹਾਨ ਕੋਸ਼, ਪੰਨਾ 496
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 7

ਉਹ ਸੰਤ ਜਨ ਹਨ ਜਿਹੜੇ ਨੇਕ ਨੀਤੀ ਤੇ ਨੇਕ ਚਲਣੀ ਰਾਹੀਂ ਉਚ ਦਰਜਾਏਂ ਤਾਈਂ ਕਰਮ ਨਿਭਾਉਂਦੇ ਹਨ।

ਇਸ ਤੋਂ ਅਗਲਾ ਖੰਡ ਗੁਰਦੇਵ ਨੇ ਗਿਆਨਖੰਡ ਕਿਹਾ ਹੈ। ਮਨੁੱਖੀ ਮਨ ਅੰਦਰ ਵੀ ਟਿਕਣਾ ਲਾਜ਼ਮੀ ਹੈ। ਇਹ ਅੰਦਰ ਕਿਸੇ ਚੀਜ਼ ਦੀ ਤ੍ਰਿਸ਼ਨਾ ਵਾਸਤੇ ਦੌੜਦਾ ਹੈ ਅਤੇ ਅੰਦਰ ਕਿਸੇ ਦੀ ਪ੍ਰਕਤੀ ਵਾਸਤੇ ਜਿਸ ਅੰਦਰ ਇਹ ਦੁਖੀ ਰਹਿੰਦਾ ਹੈ। ਗਿਆਨ ਹੋਣ ਨਾਲ ਮਨ ਟਿਕ ਜਾਂਦਾ ਹੈ। ਜਿਵੇਂ ਗੁਰਦੇਵ ਨੇ ਆਸਾ ਦੀ ਵਾਰ ਵਿਚ ਕਿਹਾ ਹੈ:-

ਗਿਆਨ ਨਾ ਕਥਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥[1]

ਪ੍ਰੋ. ਦੀਵਾਨ ਸਿੰਘ ਲਿਖਦੇ ਹਨ:-

"ਜਦੋਂ ਸਦਾਚਾਰਕ ਜੀਵਨੀ ਪ੍ਰਾਪਤ ਕਰਕੇ ਮਨੁੱਖ ਗਿਆਨੀ ਹੋ ਜਾਂਦਾ ਹੈ। ਉਸਦੇ ਗਿਆਨ ਦੀ ਵਿਸ਼ਾਲਤਾ ਵਿਕਾਸ ਕਰਕੇ ਕੁਲ ਕੁਝ ਜਾ ਪੁੱਜਦੀ ਹੈ। ਨਿਜਤਵ ਦੀ ਵਲਗਣ ਵਿਚੋਂ ਨਿਕਲਕੇ ਉਹ ਪਰਮਾਤਮਾ ਦੀ ਅਨੰਤਤਾ ਗ੍ਰਹਿਣ ਕਰਨ ਲੱਗ ਪਿਆ ਹੈ ਤੇ ਇਸ ਤਰ੍ਹਾਂ ਨਵੀਂ ਪ੍ਰਕਾਰ ਦਾ ਅਨੰਦ ਉਸਨੂੰ ਮਿਲਦਾ ਹੈ। ਇਹੋ ਗਿਆਨਖੰਡ ਦੀ ਸਥਿਤੀ ਹੈ।"[2]

ਇਸ ਖੰਡ ਵਿਚ ਵਿਚਰਦਿਆਂ ਮਨੁੱਖੀ ਦ੍ਰਿਸ਼ਟੀ ਵਿਸ਼ਾਲ ਹੁੰਦੀ ਹੈ। ਉਸਨੂੰ ਖੂਬ ਦੀਆਂ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ। ਇਸ ਖੰਡ ਵਿਚ ਗਿਆਨ ਪ੍ਰਚੰਡ ਹੁੰਦਾ ਹੈ। ਇਸ ਹਾਲਤ ਵਿਚ ਮਾਨੋ ਸਭ ਖੁਸ਼ੀ ਵਾਲੇ ਸ਼ਬਦ ਤੇ ਕੌਤਕਾਂ ਦਾ ਅਨੰਦ ਆ ਜਾਂਦਾ ਹੈ:-

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥[3]

ਸਰਮਖੰਡ ਅਗਲੀ ਮੰਜ਼ਲ ਹੈ ਜੋ ਮਿਹਨਤ ਦੀ ਮੰਜ਼ਲ ਹੈ। ਹਰ ਕੰਮ ਵਿਚ ਸਫਲਤਾ ਪ੍ਰਾਪਤ ਕਰਨ ਲਈ ਮਿਹਨਤ ਦੀ ਬੜੀ ਜ਼ਰੂਰਤ ਹੈ। ਆਤਮਿਕ ਮੰਡਲਾਂ ਵਿਚ ਵਿਚਰਨ ਲਈ ਵੀ ਆਤਮਿਕ ਮਿਹਨਤ ਦੀ ਲੋੜ ਹੈ। ਇਹ ਅਵਸਥਾ ਸੁੰਦਰਤਾ ਦੀ ਹੈ। ਨਵੀਂ ਘਾੜਤ ਘੜਦੇ ਮਨ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 469
2. ਗੁਰੂ ਨਾਨਕ ਅੰਕ, ਭਾਗ ਪਹਿਲਾ, ਪੰਜਾਬੀ ਦੁਨੀਆਂ, ਪੰਨਾ 199, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 7-8

ਸੋਹਣਾ ਘੜਿਆ ਜਾਂਦਾ ਹੈ, ਪਰ ਇਸਦਾ ਵਰਣਨ ਕਰਨਾ ਬਹੁਤ ਔਖਾ ਹੈ:-

ਸਰਮਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥[1]

ਇਸ ਅਵਸਥਾ ਵਿਚ ਵਿਚਰਦਿਆਂ ਸੁਰਤ ਤੇ ਮੱਤ ਉੱਚੀ ਹੋ ਜਾਂਦੀ ਹੈ ਅਤੇ ਮਨ ਅੰਦਰ ਜਾਗਰਤ ਆਉਂਦੀ ਹੈ। ਮਨੁੱਖੀ ਅਕਲ ਦੇਵਤਿਆਂ ਤੇ ਸਿੱਧਾਂ ਵਰਗੀ ਘੜ ਜਾਂਦੀ ਹੈ:-

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥[2]

ਅਗਲਾ ਖੰਡ ਕਰਮਖੰਡ ਹੈ ਅਰਥਾਤ ਪ੍ਰਭੂ ਦੀ ਕ੍ਰਿਪਾ ਜਾਂ ਬਖ਼ਸ਼ਸ਼ ਦਾ ਖੰਡ। ਇਸ ਬਖ਼ਸ਼ਸ਼ ਵਾਲੇ ਖੰਡ ਵਿਚ ਜੀਵ ਤੇ ਅਕਾਲਪੁਰਖ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਤਾਂ ਉਸ ਅੰਦਰ ਅਜਿਹਾ ਬਲ ਪੈਦਾ ਹੁੰਦਾ ਹੈ ਕਿ ਕਿਸੇ ਵਿਕਾਰਾਂ ਦਾ ਉਸ ਤੇ ਕੋਈ ਅਸਰ ਨਹੀਂ ਹੁੰਦਾ। ਇਸ ਅਵਸਥਾ ਵਿਚ ਵਿਚਰਣ ਵਾਲੇ ਮਨੁੱਖ ਜੋਧੇ ਮਹਾਂਬਲੀ ਤੇ ਸੂਰਮੇ ਹਨ, ਜਿਨ੍ਹਾਂ ਦੇ ਰੋਮ ਰੋਮ ਵਿਚ ਅਕਾਲਪੁਰਖ ਵੱਸ ਰਿਹਾ ਹੈ ਤੇ ਉਹ ਸਦਾ ਅਨੰਦ ਵਿਚ ਰਹਿੰਦੇ ਹਨ:-

ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥[3]

ਡਾ. ਹਰਨਾਮ ਸਿੰਘ ਸ਼ਾਨ ਲਿਖਦੇ ਹਨ:-

"ਕਰਮਖੰਡ ਅਮਲ ਦੀ ਪਉੜੀ ਹੈ। ਧਰਮ, ਗਿਆਨ ਤੇ ਸਰਮ ਦੀਆਂ ਪਉੜੀਆਂ ਇਸੇ ਤੱਕ ਪਹੁੰਚਣ ਦੇ ਵਸੀਲੇ ਹਨ ਅਤੇ ਉਨ੍ਹਾਂ ਦੀ ਸਹਾਇਤਾ ਅਤੇ ਪ੍ਰਭੂ ਦੀ ਬਖ਼ਸ਼ਸ਼ ਨਾਲ ਮਨੁੱਖ ਇਥੇ ਪਹੁੰਚਕੇ ਅਸਲੀ ਘਾਲ ਘਾਲਕੇ ਇਕ ਅਤਿ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 8
2. ਉਹੀ
3. ਉਹੀ, ਪੰਨਾ 7

ਸੁੰਦਰ, ਨਿਰਭੈ, ਪਰਉਪਕਾਰ ਤੇ ਸਾਰੀ ਰੱਬ ਰੰਗਾ ਜੇਹਾ ਬਣ ਜਾਂਦਾ ਹੈ।"[1]

ਡਾ. ਸੁਰਿੰਦਰ ਸਿੰਘ ਕੋਹਲੀ ਦਾ ਵਿਚਾਰ ਹੈ:-

> "ਪ੍ਰਭੂ ਸਰਬ ਸ਼ਕਤੀਮਾਨ ਹੈ। ਉਸਦੀਆਂ ਸ਼ਕਤੀਆਂ ਉਸਦੀ ਕਿਰਪਾ ਰਾਹੀਂ ਜਿਗਿਆਸੂ ਅੰਦਰ ਪ੍ਰਗਟ ਹੁੰਦੀਆਂ ਹਨ। ਇਸ ਅਵਸਥਾ ਵਿਚ ਪ੍ਰਭੂ ਮੇਲ ਪ੍ਰਾਪਤ ਹੁੰਦਾ ਹੈ।"[2]

ਸਚਖੰਡ ਆਖਰੀ ਖੰਡ ਹੈ, ਜਿਸਦੀ ਪ੍ਰਾਪਤੀ ਵਾਸਤੇ ਚਹੁੰ ਖੰਡਾਂ ਦੀ ਦੇਹੀ ਜ਼ਿੰਦਗੀ ਵਿਚ ਵਿਚਰਨਾ ਜ਼ਰੂਰੀ ਹੈ ਤਾਂ ਹੀ ਨਿਰੰਕਾਰ ਨਾਲ ਇਕਮੁਕਤਾ ਪ੍ਰਾਪਤ ਹੋ ਸਕਦੀ ਹੈ। ਇਸ ਅਵਸਥਾ ਵਿਚ ਵਿਚਰ ਰਹੇ ਮਨੁੱਖ ਨੂੰ ਬੇਅੰਤ ਖੰਡ, ਮੰਡਲ ਤੇ ਬ੍ਰਹਿਮੰਡ ਦਿਸਦੇ ਹਨ, ਜਿਨ੍ਹਾਂ ਦਾ ਵਰਣਨ ਕਰਨਾ ਅਤਿਅੰਤ ਕਠਿਨ ਹੈ:-

> ਤਿਥੈ ਖੰਡ ਮੰਡਲ ਵਰਭੰਡ॥
> ਜੇ ਕੋ ਕਥੈ ਤਾ ਅੰਤ ਨ ਅੰਤ॥[3]

ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਨੂੰ ਹਰ ਪਾਸੇ ਅਕਾਲ ਪੁਰਖ ਆਪ ਨਜ਼ਰ ਆਉਂਦਾ ਹੈ। ਉਹ ਦੁੱਖ-ਸੁੱਖ ਦੀ ਅਵਸਥਾ ਤੋਂ ਉੱਚਾ ਉਠ ਜਾਂਦਾ ਹੈ ਅਰਥਾਤ ਦੁੱਖ-ਸੁੱਖ ਉਸਨੂੰ ਇਕੋ ਜਿਹੇ ਲੱਗਦੇ ਹਨ। ਅਜਿਹਾ ਜਿਗਿਆਸੂ ਆਪ ਪਰਮ ਅਨੰਦ ਪ੍ਰਾਪਤ ਕਰਦਾ ਹੈ ਅਤੇ ਹੋਰਨਾਂ ਨੂੰ ਵੀ ਤਾਰਦਾ ਹੈ।

---

1. ਡਾ. ਧਰਮਾਨੰਤ ਸਿੰਘ ਸੂਨ, ਗੁਰੂ ਨਾਨਕ ਦਾ ਸਦਾਚਾਰ ਸਿਧਾਂਤ, ਪੰਨਾ 231
2. Dr. Surinder Singh Kohli, Philosophy of Guru Nanak, p. 178
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁਜੀ, ਪੰਨਾ 8

## ਬਾਰ੍ਹਵਾਂ ਅਧਿਆਇ

**
**
**
**

## ਆਦਿ ਸਾਹਿਬ ਵਿਚ ਦੁਖ ਸੁਖ ਰਚਨਾ ਦੇ ਚਰਿਤ੍ਰ ਪ੍ਰਸੰਗ

ਅਨੰਦ ਸਾਹਿਬ ਗੁਰੂ ਅਮਰਦਾਸ ਜੀ ਦੀ ਸ਼੍ਰੋਮਣੀ ਬਾਣੀ ਹੈ। ਸਿੱਖ ਜਗਤ ਵਿੱਚ ਇਸ ਬਾਣੀ ਨੂੰ ਇਕ ਵਿਸ਼ੇਸ਼ ਸਨਮਾਨ ਪ੍ਰਾਪਤ ਹੈ। ਇਹ ਬਾਣੀ ਅਨੰਦ ਪ੍ਰਾਪਤੀ ਦੇ ਸਾਧਨਾਂ ਦਾ ਸ੍ਰੋਤ ਹੈ। ਹਰ ਮਨੁੱਖ ਦੁੱਖਾਂ ਤੋਂ ਛੁਟਕਾਰਾ ਚਾਹੁੰਦਾ ਹੈ। ਗੁਰਦੇਵ ਨੇ ਇਸ ਬਾਣੀ ਵਿੱਚ ਜੀਵਨ ਦਾ ਉਦੇਸ਼ ਨਿਰਧਾਰਕੇ, ਅਨੰਦ ਪ੍ਰਾਪਤੀ ਦਾ ਵਸੀਲਾ ਦੱਸਦਿਆਂ ਸਮੇਂ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ ਜਾਣੂੰ ਕਰਾਇਆ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ:-

> "ਅਨੰਦ ਦੀ ਕੁੰਜੀ ਹੈ ਜੋ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਹਰ ਬਾਣੀ ਦੇ ਜੰਦਰੇ ਨੂੰ ਖੋਲ੍ਹ ਸਕਦੇ ਹੋ, ਇਹ ਮਾਸਟਰ ਚਾਬੀ ਹੈ। ਸਗੋਂ ਇਸ ਚਾਬੀ ਨਾਲ ਤੁਸੀਂ ਹਰ ਜੀਵਨ ਮੁਸ਼ਕਲ ਤੇ ਗੁੰਝਲ ਦੇ ਤਾਲੇ ਨੂੰ ਵੀ ਖੋਲ੍ਹ ਸਕਦੇ ਹੋ; ਨਹੀਂ, ਨਹੀਂ ਇਹ ਉਹ ਕੁੰਜੀ ਹੈ, ਜਿਸ ਨਾਲ ਤੁਸੀਂ ਹਰ ਮਨ ਦੇ ਜੰਦਾਰੇ ਜੰਦਰੇ ਨੂੰ ਖੋਲ੍ਹ ਸਕਦੇ ਹੋ। — ਅਨੰਦ ਦਾ ਪਾਠ ਕਰਕੇ ਕੋਈ ਮਨੁੱਖ ਨਿਮਾਣਾ ਨਹੀਂ ਰਹਿ ਸਕਦਾ, ਕੋਈ ਨਿਧਿਰਾ ਨਹੀਂ ਰਹਿ ਸਕਦਾ, ਕੋਈ ਨਿਤਾਣਾ ਨਹੀਂ ਰਹਿ ਸਕਦਾ, ਕੋਈ ਨਿਪੁੱਤਾ ਨਹੀਂ ਰਹਿ ਸਕਦਾ, ਕੋਈ ਨਿਓਟਾ ਨਹੀਂ ਰਹਿ ਸਕਦਾ, ਕੋਈ ਨਿਗਤਾ ਨਹੀਂ ਰਹਿ ਸਕਦਾ - ਹਰ ਮਨੁੱਖ ਨੂੰ ਆਪਣੇ ਅੰਦਰ ਉਹ ਖਜ਼ਾਨਾ ਅਤੇ ਸ਼ਕਤੀ ਦਿੱਸ ਪੈਂਦੇ ਜੋ ਉਸਦਾ ਮਾਣ, ਤਾਣ, ਆਸਰਾ, ਧਨ, ਪਿਰ, ਪੁੱਤ ਤੇ ਓਟ ਬਣ ਸਕਦੇ ਹਨ। ਅਨੰਦ ਮਨੁੱਖ ਨੂੰ ਮਨੁੱਖੀ ਸ਼ਕਤੀ ਤੇ ਹੋਂਦ ਦੀ ਸੂਝ ਕਰਾ ਦਿੰਦਾ ਹੈ, ਪਰਤਾਪ ਦੀ ਸੋਝੀ ਕਰਾ ਦਿੰਦਾ ਹੈ ਤੇ ਜਿਸਨੂੰ ਪਰਤਾਪ ਦੀ ਸੋਝੀ ਹੋ ਜਾਏ ਉਹ ਪਰਤਾਪੀ ਹੋ ਜਾਂਦਾ ਹੈ।"[1]

ਡਾ. ਰਣਧੀਰ ਸਿੰਘ 'ਦਿਲ' ਦਾ ਕਹਿਣਾ ਹੈ:-

> "ਰਾਮਕਲੀ ਅਨੰਦ ਬਾਣੀ ਦਾ ਸੰਬੰਧ ਸਹਜ ਅਨੰਦ ਜਾਂ ਪਰਮ ਅਨੰਦ ਰੂਪੀ ਬ੍ਰਹਮ ਮਿਲਣਾ ਰੂਪਾ, ਰੂਪ ਅਤੇ ਵਿਸ਼ਾਲ ਹੈ। ਇਹ ਗੁਰਮਤ ਸਹਜ ਸਾਧਨਾ ਦਾ ਮਿੱਠਾ ਫਲ ਹੈ, ਜਿਸਦੀ ਮਹਿਮਾ ਸਹਜ ਵਾਂਗ ਹੀ ਅਪਰ-ਅਪਾਰ ਹੈ। — ਅਨੰਦ ਦਾ ਵਿਸ਼ਾ ਬਹੁਤ ਮਹਾਨ ਹੈ ਅਤੇ ਇਸ ਦਾ ਪ੍ਰਗਟਾਉ ਅਨੰਦ ਦੀ ਅਨੁਪਮ

---

1. ਡਾ. ਤਾਰਨ ਸਿੰਘ, <u>ਨੇਮ ਤੇ ਪ੍ਰੇਮ</u>, ਪੰਨਾ 185

ਨਵਾਂ ਦੁਆਰਾ ਖੋਲ੍ਹਿਆ ਗਿਆ ਹੈ। ਅਨੰਤ ਤੋਂ ਅਥਾਹ ਤੱਕ ਇਹਨੇ ਮਹਿਸੂਸ ਹੈ। ਅਨੰਦ ਜੋ ਸਹਜ ਸੁੱਖ ਦੀ ਪ੍ਰਾਪਤੀ ਅਤੇ ਸਭ ਪਹੁੰਚੀਆਂ ਕਿਸੇ ਨਾ ਕਿਸੇ ਰੂਪ ਵਿਚ ਸਹਜ ਸਾਧਨਾਂ ਲਈ ਸੇਧ ਵਿਖਾਉਂਦੀਆਂ ਹਨ।"[1]

ਮਨ ਦਾ ਸੁਭਾਉ ਚੰਚਲ ਹੈ। ਚੰਚਲਤਾ ਚਪਲਤਾ ਕਰਕੇ ਇਹ ਸੰਕਲਪਾਂ ਵਿਕਲਪਾਂ ਵਿੱਚ ਉਲਝਕੇ ਦੁਖੀ ਹੁੰਦਾ ਹੈ। ਗੁਰੂ ਸਾਹਿਬ ਨੇ ਮਨ ਨੂੰ ਕਾਬੂ ਕਰਨ ਲਈ ਨਿਸ਼ਚਿਤ ਸੇਧਾਂ ਪਹੁੰਚੀਆਂ ਦਿੱਤੀਆਂ ਹਨ। ਸੰਕਲਪਾਂ - ਵਿਕਲਪਾਂ ਤੋਂ ਬਚਣ ਲਈ, ਮਨ ਨੂੰ ਹਰੀ ਨਾਮ ਨਾਲ ਜੋੜਨ ਲਈ ਗੁਰੂ ਦੀ ਟੇਕ ਤੇ ਜ਼ੋਰ ਦਿੱਤਾ ਹੈ। ਸਤਿਗੁਰੂ ਦੇ ਮਿਲਾਪ ਸਮੇਂ ਮਨ ਸਹਜ-ਅਨੰਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਪਾਪ, ਕਲੇਸ਼ ਅਤੇ ਸੋਗ ਦਾ ਨਾਸ਼ ਹੋ ਜਾਂਦਾ ਹੈ। ਇਸ ਅਵਸਥਾ ਦਾ ਜ਼ਿਕਰ ਕਰਦੇ ਗੁਰਦੇਵ ਪਹਿਲੀ ਪਉੜੀ ਵਿੱਚ ਲਿਖਦੇ ਹਨ:-

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ [2]

ਮਨ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰਦੇਵ ਉਪਦੇਸ਼ ਦਿੰਦੇ ਹਨ ਕਿ ਹਰੀ ਨਾਮ ਨਾਲ ਜੁੜਿਆ ਰਹਿ, ਜਿਸ ਨਾਲ ਸਭ ਪ੍ਰਕਾਰ ਦੇ ਦੁੱਖਾਂ ਦਾ ਨਾਸ਼ ਹੋ ਜਾਵੇਗਾ। ਆਪ ਨੇ ਫੁਰਮਾਇਆ ਹੈ:-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ [3]

ਦੁੱਖ ਨੂੰ ਹੀ ਦੁੱਖ ਦਾ ਮੂਲ ਕਾਰਣ ਮੰਨਿਆ ਗਿਆ ਹੈ। ਜਦੋਂ ਪ੍ਰਭੂ ਦੀ ਕਿਰਪਾ ਸਦਕਾ ਹਰੀ ਨਾਮ ਦੀ ਪ੍ਰਾਪਤੀ ਹੋ ਜਾਵੇ ਤਾਂ ਸਭ ਪ੍ਰਕਾਰ ਦੀਆਂ ਦੁੱਖਾਂ ਮਿਟ ਜਾਂਦੀਆਂ ਹਨ। ਡਾ. ਤਾਰਨ ਸਿੰਘ ਨੇ ਮਨੁੱਖ ਅੰਦਰ ਚਾਰ ਪ੍ਰਕਾਰ ਦੇ ਦੁੱਖ ਦੱਸੇ ਹੈ - ਸਰੀਰਕ, ਬੌਧਿਕ, ਮਾਨਸਿਕ ਤੇ ਆਤਮਿਕ।

---

1. ਡਾ. ਬਲਬੀਰ ਸਿੰਘ 'ਦਿਲ', ਅਮਰਰਸੀ ਗੁਰੂ ਅਮਰਦਾਸ, ਪੰਨਾ 332-33
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 917
3. ਉਹੀ

ਉਨ੍ਹਾਂ ਨੇ ਕਿਹਾ ਹੈ:-

"ਪਰ ਸਭ ਤੋਂ ਵੱਡੀ ਆਤਮਕ ਭੁੱਖ ਹੈ। ਆਤਮਾ ਵਿੱਚ ਸਦਾ ਆਪਣੇ ਅਸਲੇ ਨਾਲ ਮਿਲਣ ਦੀ ਇੱਛਾ ਰਹਿੰਦੀ ਹੈ। ਇਹ ਜੋ ਜਾਪਦਾ ਹੈ ਕਿ ਕੋਈ ਚੀਜ਼ ਇਕ ਮਨੁੱਖ ਪਾਸ ਹੋਣੀ ਜ਼ਰੂਰੀ ਹੁੰਦੀ ਹੈ, ਪਦਾਰਥਾਂ ਇੱਛਿਆ ਦੀ ਹੁੰਦਾ ਹੈ ਤੇ ਪਿਆਰ ਦੇਣ ਵਾਲੀ ਪਤਨੀ ਤੇ ਸਾਥੀ ਦੀ ਹੁੰਦੇ ਹਨ ਪਰ ਕੋਈ ਕੋਈ ਉਹ ਆਪਣੇ ਅੰਦਰ ਖਲਾਅ (Vacuum) ਮਹਿਸੂਸ ਕਰਦਾ ਹੈ। ਜਾਣੋ ਆਤਮਾ ਦੀ ਭੁੱਖ ਹੁੰਦਾ ਹੈ। ਇਹ ਆਤਮਾ ਦੀ ਭੁੱਖ ਸਾਰੇ ਸੰਸਾਰ ਤੇ ਬ੍ਰਹਿਮੰਡ ਨਾਲ ਆਤਮਿਕ ਸਾਂਝ ਪਾਇਆਂ ਮਿਟਦੀ ਹੈ, ਜਿਸਦਾ ਸਬੂਤ ਇਹ ਹੈ - ਏਹੁ ਪਿਰਾ ਵੈਰਾਗੁ ਕੇ ਪਹੁ ਆਂਦਗੁ॥"[1]

ਹਰ ਭੁੱਖ ਦੀ ਤ੍ਰਿਪਤੀ ਉਸਦਾ ਆਧਾਰ ਪ੍ਰਾਪਤ ਹੋਣ ਤੇ ਹੀ ਹੁੰਦੀ ਹੈ। ਸਾਰੇ ਸੁੱਖਾਂ ਦਾ ਮੂਲ ਪਰਮਾਤਮਾ ਦਾ ਨਾਮ ਹੈ। ਜਿਸ ਦੇ ਮਿਲਣੇ ਦਾ ਆਧਾਰ ਇਹ ਸੱਚਾ ਨਾਮ ਹੁੰਦਾ ਹੈ, ਉਸਦੇ ਅੰਦਰੋਂ ਮਾਇਆ ਦੇ ਸਾਰੇ ਵਲਵਲੇ ਦੂਰ ਹੋ ਜਾਂਦੇ ਹਨ ਅਤੇ ਆਤਮਕ ਖੁਸ਼ੀ/ਅਨੰਦਤਾ ਪ੍ਰਾਪਤ ਹੁੰਦੀ ਹੈ। ਇਸ ਬਾਰੇ ਗੁਰਦੇਵ ਇਉਂ ਫੁਰਮਾਉਂਦੇ ਹਨ:-

ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥[2]

ਨਾਮ ਪ੍ਰਾਪਤੀ ਦਾ ਸਭ ਤੋਂ ਪਹਿਲਾ ਲੱਛਣ 'ਸੰਤੋਖੀ ਹੋਣਾ' ਹੀ ਹੈ। ਸੰਤੋਖੀ ਵਿਅਕਤੀ ਤੋਂ ਇਨ੍ਹਾਂ ਕੋਈ ਵਡਭਾਗੀ ਪੈਮਾਨਾ ਹੈ ਕੇ ਰਹਿ ਜਾਂਦੀ ਹੈ। ਇਸ ਤੋਂ ਇਨ੍ਹਾਂ ਮਨੁੱਖੀ ਜੀਵਨ ਵਿਚਾਰਾਂ ਦੇ ਵਿਗਾੜਾਂ ਹੈ। ਇਸ ਤੋਂ ਟੁੱਟਾ ਮਨੁੱਖ ਸਵੈ-ਵਿਸ਼ਵਾਸਹੀਣ ਹੋ ਜਾਂਦਾ ਹੈ। ਉਹ ਚਿੰਤਤ ਹਾਰ ਬਹਿੰਦਾ ਹੈ। ਪਰਿਵਾਰ ਤੇ ਸਮਾਜ ਵਿਚਾਰ ਉਸ ਤੋਂ ਦੂਰ ਹੋ ਜਾਂਦੇ ਹਨ। ਉਹ ਇਉਂ ਜਾਪਦਾ ਹੈ ਕਿ ਦੁਸ਼ਮਣਾਂ ਦਾ ਸਾਹਮਣਾ ਕਰਦਾ ਹੈ ਅਤੇ ਪਰ-ਅਧੀਨ ਹੋਣ ਲੱਗ ਪੈਂਦਾ ਹੈ। ਇਉਂ ਅਸਲੇ ਨਾਲੋਂ ਟੁੱਟਾ ਮਨੁੱਖ,

---

1. ਡਾ. ਤਾਰਨ ਸਿੰਘ, ਨੇਮ ਤੇ ਪ੍ਰੇਮ, ਸਫਾ 195
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 917

ਦੂਜੇ ਪਾਸੇ ਸੁੱਖ ਦੀ ਆਸ ਰੱਖਦਾ ਹੈ, ਜਿਹੜੇ ਹਰ ਸਮੇਂ ਵਿੱਚ ਆਪਣੇ ਸੁਆਰਥ ਨੂੰ ਮੁੱਖ ਰੱਖੀ ਬੈਠੇ ਹਨ। ਮਨੁੱਖਾ ਜਨਮ ਜੋ ਅਕਾਲਪੁਰਖ ਨਾਲ ਅਭੇਦ ਹੋਣ ਲਈ ਸਭ ਤੋਂ ਵਧੀਆ ਮੌਕਾ ਹੈ, ਵਿਅਰਥ ਚਲਾ ਜਾਂਦਾ ਹੈ। ਮਾਇਆ ਦੇ ਪ੍ਰਭਾਵ ਸਦਕਾ ਮਨੁੱਖ ਦੁਖੀ ਰਹਿੰਦਾ ਹੈ। ਗਿਆਨ ਵਿਹੂਣੇ ਮਾਇਆ ਦੀ ਮੈਲ ਰੋਗ ਵਿੱਚ ਲੱਗੇ ਰਹਿੰਦੇ ਹਨ। ਜੇ ਜੀਵ ਉਪਰ ਵਾਹਿਗੁਰੂ ਜੀ ਦੀ ਕਿਰਪਾ ਹੋ ਜਾਵੇ ਤਾਂ ਪ੍ਰਭੂ ਪ੍ਰੇਮ ਨਾਲ ਲਿਵ ਜੋੜੀ ਰੱਖੇ ਤਾਂ ਉਸਦੇ ਸਾਰੇ ਕਸ਼ਟ ਨਿਵਿਰਤ ਹੋ ਜਾਂਦੇ ਹਨ। ਇਹ ਲਿਵ ਮਨ ਵਿਚੋਂ ਮਾਇਆ ਦੀ ਮੈਲ ਨੂੰ ਖ਼ਤਮ ਕਰਕੇ ਸਹਜ ਗਿਆਨ ਅਤੇ ਅਨੰਦ ਦੀ ਪ੍ਰਾਪਤੀ ਕਰਾਉਂਦੀ ਹੈ। ਗੁਰਦੇਵ ਕਹਿੰਦੇ ਹਨ:-

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥[1]

ਹਰ ਪ੍ਰਕਾਰ ਦੇ ਦੁੱਖ ਤੋਂ ਛੁਟਕਾਰਾ ਲਈ ਅਤੇ ਸਹਜ ਅਨੰਦ ਦੀ ਪ੍ਰਾਪਤੀ ਲਈ ਮਨ ਦਾ ਹਰ ਪ੍ਰਕਾਰ ਦੇ ਸੰਸਿਆਂ ਤੋਂ ਪਵਿੱਤਰ ਹੋਣਾ ਅਨਿਵਾਰੀ ਹੈ। ਜਿਉਂ ਹੀ ਮਨ ਵਿੱਚ ਆਪਣੇ ਗੁਰੂ ਦਾ, ਅਕਾਲਪੁਰਖ ਦਾ ਹੁਕਮ ਮੰਨਣ ਦੀ ਸਮਰੱਥਾ ਪੈਦਾ ਹੋ ਜਾਂਦੀ ਹੈ ਅਤੇ ਜਦੋਂ ਹੁਕਮ ਮੰਨਣ, ਰਜ਼ਾ ਅੰਦਰ ਰਹਿਣ ਦੀ ਜਾਚ ਆ ਜਾਂਦੀ ਤਾਂ ਸਭ ਦੁੱਖ ਦੂਰ ਹੋ ਜਾਂਦੇ ਹਨ। ਪਰ ਜਿਹੜੀ ਰਜ਼ਾ ਵੀ ਗੁਰੂ ਦੀ ਕ੍ਰਿਪਾ ਹੋਣ ਅਤੇ ਗੁਰਮੁਖਾਂ ਦੀ ਸੰਗਤੀ ਕਰਨ ਦੁਆਰਾ ਹੀ ਪ੍ਰਾਪਤ ਹੁੰਦੀ ਹੈ, ਮਨ ਨਿਰਮਲ ਹੋ ਜਾਂਦਾ ਹੈ। ਗੁਰਵਾਕ ਹੈ:-

ਜਿਨਿ ਕਰਮਿ ਹੋਵੈ ਲਿਖਿਆ ਵਰਜਿਸਿ ਜਿਨਿ ਨਾਮਿ ਲਾਗਿ ਸਵਾਰਿਆ ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥[2]

ਡਾ. ਤਾਰਨ ਸਿੰਘ ਲਿਖਦੇ ਹਨ:-

"ਆਪਣੀ ਸੁਰਤ ਵਿਰਤੀ ਜਾਂ ਚੇਤਨਾ ਨੂੰ ਕੇਂਦਰਿਤ ਕਰਨ ਲਈ ਸਾਰਾ ਧਿਆਨ ਇਕ ਪਾਸੇ ਲਗਾਣਾ ਪੈਂਦਾ ਹੈ। ਮਨ ਦੇ ਸੁਭਾਵ ਬਦਲਣੇ ਪੈਂਦੇ ਹਨ। ਚੰਗੇ ਆਦਰਸ਼

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 917
2. ਉਹੀ, ਪੰਨਾ 918

ਵਿਚੋਂ ਧਨ ਦੀ ਪ੍ਰਾਪਤੀ ਨਹੀਂ ਹੁੰਦੀ। — ਇਸ ਪਾਸੇ ਨੌਕਰੀਆਂ ਆਪਣੀ ਬੇਸ਼-ਕੀਮਤ ਗੁਆਣੀ ਪੈਂਦੀ ਹੈ ਤੇ ਅਣਖੀ ਜਿਹੀ ਵੰਡਣੀ ਪੈਂਦੀ ਹੈ। ਇਹ ਮਨ ਦੀ ਗੁਲਾਮੀ ਹੈ ਤੇ ਧਨ ਦੀ ਲਾਲਸਾ ਪੈਦਾ ਹੈ। ਆਪਣਾ ਸਮਾਂ ਲਗਾਕੇ ਆਪਣਾ ਵਕਤ ਦੇਕੇ ਵੀ ਕਿਸੇ ਦਾ ਗੁਲਾਮ ਜਿਹਾ ਹੁੰਦਾ ਹੈ।"[1]

ਜਿਥੇ ਡਾ. ਸਾਹਿਬ ਦਾ ਦਾਵੇ ਦਾ ਭਾਵ ਹੈ ਮਨੁੱਖ ਗੁਰੂ ਨੂੰ ਆਪਾ ਸਮਰਪਣ ਕਰਕੇ ਉਸਦੀ ਸਿੱਖਿਆ ਤੇ ਅਮਲ ਕਰਦੀ ਹਨ, ਮਨ ਤੇ ਧਨ ਦੀ ਗੁਲਾਮੀ ਕਰਕੇ, ਉਸ ਦਾ ਹੁਕਮ ਮਿਠੇ ਮੰਨੇ ਮੰਨੇ। ਇਸ ਤਰ੍ਹਾਂ ਕਰਨ ਨਾਲ ਅਧਿਆਤਮੀ ਆਨੰਦ ਪ੍ਰਾਪਤ ਹੋਵੇਗੀ ਤੇ ਇਸ ਅਧੀਨ ਪ੍ਰਾਪਤ ਹੋਣ ਵਾਲੇ ਸੁੱਖਾਂ ਤੋਂ ਦੁਨਿਆਵੀ ਮਿਲਣ ਉਪਰੰਤ ਅਨੰਦ ਦੀ ਪ੍ਰਾਪਤੀ ਹੋਵੇਗੀ। ਗੁਰਦੇਵ ਆਖਦੇ ਹਨ:-

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥[2]

ਜਦੋਂ ਮਨੁੱਖ ਆਪਣੀ ਚਤੁਰਾਈ ਦੇ ਆਧਾਰ ਤੇ ਉਸ ਅਕਾਲ ਪਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦਾ ਕੋਈ ਨਾ ਪਾ ਸਕਣ ਕਰਕੇ ਪਛਤਾਉਂਦਾ ਹੈ, ਦੁਖੀ ਹੁੰਦਾ ਹੈ। ਅਜਿਹੀ ਚਤੁਰਾਈਆਂ ਵਿੱਚ ਉਲਝਿਆ ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਹੁੰਦਾ ਹੈ। ਮਾਇਆ ਕਦੀ ਪ੍ਰਭੂ ਦੇ ਰੂਪ ਧਾਰਕੇ ਸਾਧਕ ਤੋਂ ਭਟਕਾਉਂਦੀ ਹੈ, ਆਪਣੇ ਭਰਮ ਜਾਲ ਵਿੱਚ ਫਸਾ ਲੈਂਦੀ ਹੈ। ਕੁਟੰਬ ਦਾ ਮੋਹ ਤੇ ਪਿਆਰ, ਜੀਵ ਨੂੰ ਆਪਣੇ ਜਾਲ ਵਿੱਚ ਫਸਾ ਲੈਂਦਾ ਹੈ। ਇਸ ਅਧੀਨ ਮਨੁੱਖ ਕਈ ਪਾਪ ਕਰਦਾ ਹੈ ਜੋ ਉਸਨੂੰ ਆਪਣੇ ਕਰਤਾ ਪਾਸੋਂ ਦੂਰ ਲੈ ਜਾਂਦੇ ਹਨ। ਗੁਰਦੇਵ ਉਪਦੇਸ਼ ਦਿੰਦੇ ਹਨ:-

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥

---

੧. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ ੯੫

੨. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੧੮

ਮਾਇਆ ਤਾ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥[1]

ਇਸ ਕੁਟੰਬ, ਪਰਵਾਰ, ਸਕੇ ਸੰਬੰਧੀ, ਜਿਨ੍ਹਾਂ ਖ਼ਾਤਰ ਮਨੁੱਖ ਅਣਉਚਿਤ ਕਰਮ ਕਰਕੇ ਮਾਇਆ ਇਕੱਠੀ ਕਰ ਰਿਹਾ ਹੈ, ਅੰਤ ਸਮੇਂ ਕੋਈ ਵੀ ਸਾਥ ਨਹੀਂ ਦਿੰਦਾ। ਗੁਰਦੇਵ ਮਨੁੱਖ ਨੂੰ ਉਪਦੇਸ਼ ਕਰਦੇ ਹਨ ਕਿ ਜਿਨ੍ਹਾਂ ਸਾਕਾਂ ਸੰਬੰਧੀਆਂ ਨੇ ਨਾਲ ਨਹੀਂ ਨਿਭਣਾ, ਉਨ੍ਹਾਂ ਵਿਚ ਖਚਿਤ ਨਾ ਹੋ ਕੇ ਬਲਕਿ ਉਨ੍ਹਾਂ ਦੇ ਵਿਚ ਵਿਚਰਦਿਆਂ ਹੋਇਆਂ ਸਦੀਵ ਰਹਿਣ ਵਾਲੇ ਵਾਹਿਗੁਰੂ ਦੀ ਯਾਦ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ। ਅਜਿਹੇ ਕਰਮਾਂ ਤੋਂ ਸੰਕੋਚ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਕਰਕੇ ਉਪਰੰਤ ਪਛਤਾਉਣਾ ਪਵੇ। ਆਪ ਨੇ ਲਿਖਿਆ ਹੈ:-

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥[2]

ਇਸੇ ਗੁਰਦੇਵ ਨੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸਦਾਚਾਰਕ ਗੁਣਾਂ ਦੀ ਪ੍ਰੇਰਨਾ ਕੀਤੀ ਹੈ। ਇਨ੍ਹਾਂ ਨੂੰ ਅਪਣਾਉਣ ਦਾ ਮਤਲਬ ਹੈ ਕਿ ਦੁੱਖ, ਰੋਗ, ਬਦੀਆਂ ਦਾ ਤਿਆਗ ਕਰਕੇ, ਸ਼ੁਭ ਸੀਤਲਤਾ ਤੇ ਸ਼ਰੀਰ ਦੀ ਪ੍ਰਾਪਤੀ ਹੁੰਦੀ ਹੈ। ਇਹ ਕੰਮ ਕਹਿਣਾ ਬਹੁਤ ਸੌਖਾ ਹੈ ਪਰ ਇਸਨੂੰ ਅਮਲ ਵਿਚ ਲਿਆਉਣਾ ਤੇਗ ਤਲਵਾਰ ਦੀ ਧਾਰ ਤੇ ਤੁਰਨਾ ਹੈ। ਫੁਰਮਾਨ ਹੈ:-

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 918
2. ਉਹੀ
3. ਉਹੀ

ਅਨੰਦ ਸਾਹਿਬ ਵਿੱਚ ਅਨੰਦ ਪ੍ਰਾਪਤੀ ਪ੍ਰਤੇ ਤੇ ਦੁੱਖ ਦੀ ਨਿਵਿਰਤੀ ਲਈ ਕਰਮਕਾਂਡ ਤੋਂ ਬਚਣ ਲਈ ਉਪਦੇਸ਼ ਦਿੱਤਾ ਹੈ। ਗੁਰਬਾਣੀ ਅਨੁਸਾਰ ਕਰਮ ਕਰਨ ਅਰਦਾਸ ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਸਹਜ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਮਨ ਪਵਿੱਤਰ ਹੋ ਜਾਂਦਾ ਹੈ। ਜੇਕਰ ਸੰਸਾ ਮਨ ਵਿੱਚ ਰਹੇ ਤਾਂ ਅਨੰਦ ਦਾ ਪ੍ਰਕਾਸ਼ ਨਹੀਂ ਹੋ ਸਕਦਾ ਤੇ ਇਹ ਸੰਸਾ ਗੁਰੂ ਦੀ ਕਿਰਪਾ ਦੁਆਰਾ ਨਾਮ ਸਿਮਰਣ ਨਾਲ ਹੀ ਮਿਟਦਾ ਹੈ:-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥[1]

ਕਰਮਕਾਂਡ ਕਰਨ ਨਾਲ, ਤੀਰਥਾਂ ਇਸ਼ਨਾਨ ਕਰਨ ਨਾਲ ਹੈਂਕੜ ਪਾਖੰਡੀ ਪੈਦਾ ਹੀ ਹੁੰਦੀ ਹੈ। ਵੇਦਾਂ ਵਿੱਚ ਵੀ ਨਾਮ ਦੀ ਮਹੱਤਤਾ ਦਰਸਾਈ ਹੈ। ਪੂਰੇ ਦੀ ਕਰਮਕਾਂਡ ਨਾਮ ਦੀ ਪ੍ਰਾਪਤੀ ਲਈ ਹੀ ਕਰਨ ਦੀ ਪ੍ਰੇਰਨਾ ਹੈ। ਪਰ ਕਰਮਕਾਂਡੀ ਲੋਕ ਦੂਜਾ ਨਾਮ ਨੂੰ ਵਿਸਾਰਕੇ ਕਰਮਕਾਂਡਾਂ ਤੱਕ ਹੀ ਸੀਮਿਤ ਰਹਿ ਜਾਂਦਾ ਹੈ ਤੇ ਇਵੇਂ ਆਪਣਾ ਅਸਲ ਮਕਸਦ ਵਿਸ਼ਵਾਸ ਗੁਆ ਬੈਠਾ ਹੈ। ਅਜਿਹੇ ਮਨੁੱਖ ਦਾ ਗੁਰਦੇਵ ਇਉਂ ਚਿੱਤਰ ਖਿੱਚਦੇ ਹਨ:-

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥[2]

ਦੁੱਖਾਂ ਤੋਂ ਪੱਕਾ ਛੁਟਕਾਰਾ ਲਈ ਮਨ ਦੀ ਨਿਰਮਲਤਾ ਤੇ ਜ਼ੋਰ ਦਿੱਤਾ ਹੈ। ਤਨ ਦੀ ਪਵਿੱਤਰਤਾ ਦੇ ਨਾਲ ਨਾਲ ਮਨ ਦੀ ਪਵਿੱਤਰਤਾ ਦੀ ਲੋੜ ਦਰਸਾਈ ਹੈ। ਡਾ. ਤਾਰਨ ਸਿੰਘ ਲਿਖਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 919
2. ਉਹੀ, ਪੰਨਾ 919

"ਨਿਰਮਲ ਮਨ ਹੀ ਮਨੁੱਖ ਨੂੰ ਖੁਸ਼ੀ ਦੇ ਸਕਦਾ ਹੈ। ਨਿਰਮਲ ਮਨ ਵਿਚੋਂ ਹੀ ਨਿਰਮਲ ਕਰਮ ਨਿਕਲਦੇ ਹਨ।"[1]

ਪਰ ਮਨ ਨਿਰਮਲ ਤਦੇ ਹੀ ਹੁੰਦਾ ਹੈ ਜੇ ਦੂਜ ਨੂੰ ਖਤਮ ਕੀਤਾ ਜਾਵੇ। ਅਰਥਾਤ ਤ੍ਰਿਸ਼ਨਾ ਨੂੰ ਮਾਰਿਆ ਜਾਵੇ। ਤ੍ਰਿਸ਼ਨਾ ਦੇ ਮਰਨ ਨਾਲ ਮਾਇਆ ਦਾ ਲਾਲਚ ਵੀ ਮੁਕ ਜਾਂਦਾ ਹੈ। ਪਰ ਇਸ ਗਲੀ ਵੀ ਅਨੰਦ ਸਾਹਿਬ ਦੇ ਕਰਤਾ ਨੇ ਗੁਰੂ ਦੀ ਟੇਕ ਤੇ ਜ਼ੋਰ ਦਿੱਤਾ ਹੈ। ਆਪ ਫੁਰਮਾਉਂਦੇ ਹਨ:-

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
. . ... ...
ਕਹੈ ਨਾਨਕੁ ਜਿਨ ਮਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥[2]

ਗੁਰਦੇਵ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਅਨੰਦ ਪ੍ਰਾਪਤੀ ਲਈ ਸੱਚੇ ਦਿਲੋਂ ਗੁਰੂ ਦੀ ਸ਼ਰਣ ਜਾਣਾ ਅਨਿਵਾਰੀ ਹੈ। ਗੁਰੂ ਨੂੰ ਆਪਣੇ ਹਿਰਦੇ ਵਿੱਚ ਥਾਂ ਦੇਣੀ ਹੈ। ਆਪਣੀਆਂ ਸਿਆਣਪਾਂ ਨੂੰ ਛੱਡਕੇ ਗੁਰੂ ਦੀ ਆਗਿਆ ਨੂੰ ਮੰਨਣਾ ਹੈ:-

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰੂ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੈ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਈ ॥[3]

---

1. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ 132
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 919
3. ਉਹੀ

ਜਿਸ ਤੋਂ ਮਨੁੱਖ ਜੇ ਗੁਰੂ ਤੋਂ ਬੇਮੁੱਖ ਹੋ ਜਾਂਦਾ ਹੈ, ਉਹ ਸਦਾ ਆਵਾਗਵਣ ਦੇ ਚੱਕਰ ਵਿੱਚ ਭਟਕਿਆ ਦੁਖੀ ਹੁੰਦਾ ਰਹਿੰਦਾ ਹੈ। ਗੁਰੂ ਦੀ ਅਗਵਾਈ ਤੋਂ ਬਿਨ੍ਹਾਂ ਮਾਇਆ ਦੇ ਚੱਕਰ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਸ ਪ੍ਰਕਾਰ ਤਾਂ ਗੁਰੂ ਬਹੁਤੀ ਲੋੜ ਹੀ ਹੁੰਦੀ ਹੈ ਤੇ ਇਸ ਦੀ ਉੱਤਮ ਅਵਸਥਾ ਪ੍ਰਾਪਤ ਹੋ ਸਕੇਗੀ:-

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥

... ... ...

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥ [1]

ਗੁਰਦੇਵ ਸਦਾ ਦੇ ਅਨੰਦ ਦੇ ਚਾਹਵਾਨਾਂ ਨੂੰ ਸੱਚੀ ਬਾਣੀ ਪੜ੍ਹਨ ਤੇ ਸੁਣਨ ਦੀ ਪ੍ਰੇਰਨਾ ਕਰਦੇ ਹਨ ਅਤੇ ਕੱਚੀ ਬਾਣੀ ਪੜ੍ਹਨ ਤੋਂ ਰੋਕਦੇ ਹਨ। ਡਾ. ਤਾਰਨ ਸਿੰਘ ਕੱਚੀ ਬਾਣੀ ਬਾਰੇ ਆਪਣੇ ਵਿਚਾਰ ਇਉਂ ਪੇਸ਼ ਕਰਦੇ ਹਨ:-

"ਕੱਚੀ ਬਾਣੀ ਵਿੱਚ ਭਾਵੇਂ ਪ੍ਰਭ ਨਾਮ ਦੀ ਹੋਵੇ ਪਰ ਉਸ ਦੀ ਮੂਲ ਪ੍ਰੇਰਨਾ ਆਤਮਕ ਨਹੀਂ ਪਾਰਲੌਕਿਕ ਹੁੰਦੀ ਹੈ। ਕੱਚੀ ਬਾਣੀ ਦੀ ਮੂਲ ਪ੍ਰੇਰਨਾ ਮਾਇਆ ਲਈ ਅਤ੍ਰਿਪਤ ਭੋਗ ਦੀ ਹੁੰਦੀ ਹੈ। — ਇਹ ਬਾਣੀ ਮਨੁੱਖ ਵਿੱਚ ਕਾਮ ਦੀ ਬਿਰਤੀ ਜਗਾਉਂਦੀ ਹੈ, ਲੋਭ ਤੇ ਹੰਕਾਰ ਉਤਪੰਨ ਕਰਦੀ ਹੈ ਤੇ ਮਨੁੱਖ ਵਿਚ ਕਮਿਆਈ ਜਗਾਉਂਦੀ ਹੈ।"[2]

ਕੱਚੀ ਬਾਣੀ ਦੇ ਉਪਾਸ਼ਕ ਮਾਇਆ ਦੇ ਪ੍ਰਭਾਵ ਹੇਠ ਰਹਿੰਦੇ ਹਨ। ਉਪਰੋਂ ਉਪਰੋਂ ਤਾਂ ਹਰੀ ਦਾ ਨਾਂ ਲੈਂਦੇ ਹਨ, ਪਰ ਹਿਰਦਾ ਸ਼ੁੱਧ ਨਹੀਂ ਹੁੰਦਾ। ਗੁਰੂ ਸਾਹਿਬ ਫੁਰਮਾਉਂਦੇ ਹਨ:-

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 920
2. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ 145
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 920

ਅਨੰਦ ਦੀ ਅਵਸਥਾ ਕੇਵਲ ਸੱਚੀ ਬਾਣੀ ਗਾਉਣ ਨਾਲ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ ਇਹ ਬਾਣੀ ਅਕਾਲਪੁਰਖ ਨਾਲ ਅਭੇਦ ਹੋਏ ਹਿਰਦੇ ਵਿਚੋਂ ਨਿਕਲੀ ਅਨੁਭਵੀ ਬਾਣੀ ਹੈ। ਇਸ ਲਈ ਗੁਰਦੇਵ ਗੁਰੂ ਪਿਆਰੇ ਸਿੱਖਾਂ ਨੂੰ ਸੱਚੀ ਬਾਣੀ ਗਾਉਣ ਦਾ ਉਪਦੇਸ਼ ਦਿੰਦੇ ਹਨ। ਇਹ ਬਾਣੀ ਮਨੁੱਖ ਵਿਚ ਅੰਮ੍ਰਿਤ ਜੀਵਨ ਪੈਦਾ ਕਰਦੀ ਹੈ। ਇਸ ਦੇ ਪੜ੍ਹਨ ਨਾਲ ਜੀਵ ਰੱਬੀ ਰੰਗ ਵਿਚ ਰੰਗਿਆ ਅਨੰਦ ਪ੍ਰਾਪਤ ਕਰਦਾ ਹੈ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥

... ... ...

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥[1]

ਜਦੋਂ ਜੀਵ ਗਰਭ ਅੰਦਰ ਵਿਚ ਹੁੰਦਾ ਹੈ ਤਾਂ ਗਰਭ ਅਗਨ ਤੋਂ ਬਚਣ ਲਈ ਪ੍ਰਭੂ ਦੇ ਦਰ ਤੇ ਅਰਜ਼ੋਈਆਂ ਕਰਦਾ ਹੈ। ਪਰ ਜਦੋਂ ਗਰਭ ਅਗਨ ਤੋਂ ਛੁਟਕਾਰਾ ਪਾ ਕੇ ਮਾਇਆ ਦੀ ਖੇਡ ਵਿਚ ਆ ਜਾਂਦਾ ਹੈ ਤਾਂ ਆਪਣੇ ਰੱਖਿਅਕ ਪ੍ਰਭੂ ਨੂੰ ਭੁੱਲ ਜਾਂਦਾ ਹੈ। ਅਕ੍ਰਿਤਘਣਤਾ ਮਨੁੱਖੀ ਖੁਸ਼ੀ ਦੀ ਘਾਤਕ ਹੈ। ਇਸ ਦੇ ਉਲਟ ਕਿਸੇ ਦੇ ਕੀਤੇ ਕੰਮ ਦਾ, ਭਲਾਈ ਦਾ ਅਹਿਸਾਸ ਕਰਿਆ ਕਰੇ ਤਾਂ ਖੁਸ਼ੀ ਪ੍ਰਾਪਤ ਹੁੰਦੀ ਹੈ। ਜਿਸ ਵਾਹਿਗੁਰੂ ਨੇ ਮਾਤਾ ਦੇ ਗਰਭ ਵਿਚ ਰੱਖਿਆ ਕੀਤੀ ਹੈ, ਉਸ ਨੂੰ ਕਦੇ ਵੀ ਨਾ ਭੁੱਲਣ ਦਾ ਉਪਦੇਸ਼ ਕੀਤਾ ਹੈ। ਜਿਸ ਨੂੰ ਵਾਹਿਗੁਰੂ ਆਪਣੇ ਨਾਮ ਵਿੱਚ ਜੋੜ ਕਰ ਲੈਂਦਾ ਹੈ, ਉਸਨੂੰ ਕਦੇ ਕੋਈ ਦੁੱਖ ਪੋਹ ਨਹੀਂ ਸਕਦਾ। ਜਿਸ ਸਾਧਕ ਨੂੰ ਉਸ ਪਾਲਕ ਪਿਤਾ ਦੇ ਕੀਤੇ ਉਪਕਾਰਾਂ ਦਾ ਅਹਿਸਾਸ ਰਹਿੰਦਾ ਹੈ ਉਸਨੂੰ ਅਸਲੀ ਖੁਸ਼ੀ ਪ੍ਰਾਪਤ ਹੁੰਦੀ ਹੈ। ਮਹਾਂਵਾਕ ਹੈ:-

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
ਉਸਨੋ ਕਿਹੁ ਪੋਹਿ ਨ ਸਕੀ ਜਿਸਨੋ ਆਪਣੀ ਲਿਵ ਲਾਵਏ ॥[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੦
2. ਉਹੀ

ਸੰਸਾਰ ਵਿੱਚ ਮਾਇਆ ਤੇ ਪਰਮਾਤਮਾ ਦੀ ਇੱਕ ਜੋਤ ਨੂੰ ਆਪਣੇ ਅਸਲੇ ਦੀ ਸੋਝੀ ਨਹੀਂ ਹੋਣ ਦਿੰਦੀ। ਮਾਇਆ ਦਾ ਨਾਸ਼ ਕਰਨ ਵਾਲਾ ਮਨੁੱਖ ਨਿਰਵਾਣ ਵਿਚ ਜਾਂਦਾ ਹੈ। ਇਹ ਮਨੁੱਖ ਨੂੰ ਮਾਰਗ ਤੋਂ ਭਟਕਾ ਦੇਂਦੀ ਹੈ। ਡਾ. ਤਾਰਨ ਸਿੰਘ ਲਿਖਦੇ ਹਨ:-

> "ਮਾਇਆ ਉਹ ਸ਼ਕਤੀ ਹੈ ਜੋ ਮਨੁੱਖ ਨੂੰ ਆਪਣੇ ਉਦੇਸ਼ ਤੋਂ ਅਵੇਸਲਾ ਕਰਦੀ ਹੈ ਅਤੇ ਮਨੁੱਖ ਵਿਚ ਨਾਸ਼ ਉਤਪੰਨ ਕਰਦੀ ਹੈ ਤੇ ਉਸਨੂੰ ਉਜਾੜੇ ਪਹੁੰਚਦੀ ਹੈ।"[1]

ਕਰਮ ਖੰਡ ਤੋਂ ਅਗਲਾ ਨਵੀਂ ਸੋਚ ਅਰਦਾਸਾਂ ਕਰਦਾ ਹੈ, ਪਰ ਮਾਇਆ ਉਸੇ ਖੰਡ ਤੋਂ ਅਗਲਾ ਨਵੀਂ ਹੋਣੀ ਉਪਜਾਉਣਾ ਨਹੀਂ ਕਰਦਾ ਸਗੋਂ ਉਸ ਵਿਚ ਉਲਝ ਕੇ ਰਹਿ ਜਾਂਦਾ ਹੈ, ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ। ਉਸਨੂੰ ਸੰਬੰਧੀਆਂ ਦਾ ਮੋਹ ਹੋ ਜਾਂਦਾ ਹੈ। ਪਰ ਗੁਰਦੇਵ ਫੁਰਮਾਉਂਦੇ ਹਨ ਕਿ ਜਿਹੜੇ ਗੁਰੂ ਦੀ ਸਿਖਿਆ ਸਦਕਾ ਮਾਇਆ ਦਾ ਤਿਆਗ ਕਰ ਦਿੰਦੇ ਹਨ, ਮਾਇਆ ਵਿਚ ਉਦਾਸ ਰਹਿੰਦੇ ਹਨ ਤੇ ਇਸ ਦੀ ਪ੍ਰਾਪਤੀ ਲਈ ਕੋਈ ਯਤਨ ਨਹੀਂ ਕਰਦੇ, ਇਕਾਂਤਵਾਸੀ ਤੇ ਸਚਾਈ ਦਾ ਲੜ ਨਹੀਂ ਛੱਡਦੇ, ਮਾਇਆ ਉਹਨਾਂ ਦੀ ਦਾਸੀ ਬਣ ਜਾਂਦੀ ਹੈ। ਅਜਿਹੇ ਸਾਧਕ ਹੀ ਅਕਾਲ ਪੁਰਖ ਨਾਲ ਅਭੇਦ ਹੁੰਦੇ ਹਨ ਤੇ ਅਨੰਦ ਪ੍ਰਾਪਤ ਕਰਦੇ ਹਨ:-

> ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
> ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
> ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
> ਏਹੁ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
> ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥[2]

ਉਹ ਮਹਾਂਪੁਰਖ ਅਮੋਲਕ ਹੀਰਾ ਹੈ। ਦੁਨੀਆਂ ਦੀ ਕਿਸੇ ਵੀ ਵਸਤੂ ਦੇ ਵਟਾਂਦਰੇ ਵਿਚ ਉਸਨੂੰ ਵਿਹਾਜਿਆ ਨਹੀਂ ਜਾ ਸਕਦਾ। ਜਿਸ ਹਿਰਦੇ ਵਿਚ ਉਸ ਦਾਤਾਰ ਨਾਲ ਪਿਆਰ ਨਹੀਂ, ਸਗੋਂ ਸੰਸਾਰਕ ਵਸਤੂਆਂ ਨਾਲ ਮੋਹ ਹੈ, ਉਹ ਕਦੇ ਵੀ ਉਚ ਅਵਸਥਾ ਨੂੰ ਨਹੀਂ ਪਹੁੰਚ ਸਕਦਾ। ਪਰ ਜੇ ਪੱਕਾ ਵਿਸ਼ਵਾਸ ਕਰਕੇ ਗੁਰੂ ਨਾਲ ਮਿਲਾਪ ਹੋ ਜਾਵੇ ਤਾਂ ਉਸ ਤੋਂ ਵੀ ਆਪਾ ਨਿਛਾਵਰ ਕਰ ਦੇਣ ਦੀ

---

1. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ 160
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 921

ਸਾਧਨਾਂ ਦਾ ਹੋਣਾ ਜ਼ਰੂਰੀ ਹੈ ਤਾਂ ਹੀ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ:-

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥
ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥[1]

ਸਤਿਗੁਰੂ ਨਾਲ ਮਿਲਾਪ ਹੋਣ ਉਪਰੰਤ ਹੀ ਇਹ ਸੋਝੀ ਹੁੰਦੀ ਹੈ ਕਿ ਪਰਮ ਅਨੰਦ ਦੀ ਪ੍ਰਾਪਤੀ ਨਹੀਂ ਹਰੀ ਨਾਮ ਹੀ ਅਸਲ ਖੁਸ਼ੀ ਹੈ ਤੇ ਇਸ ਨੂੰ ਵਿਚਾਰਨ ਨਾਲ ਮਨ ਨੂੰ ਟਿਕਾਣਾ ਪਹੁੰਚਦਾ ਹੈ। ਪਰ ਇਹ ਨਿਰੋਲ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਤੇ ਹਰੀ ਆਪ ਕਿਰਪਾ ਕਰਦਾ ਹੈ। ਗੁਰਦੇਵ ਆਖਦੇ ਹਨ:-

ਧੁਰਿ ਭਾਗਿ ਸੋਈ ਮਨੁ ਵੈਰਾਗਾ ਸਤਿਗੁਰ ਤੇ ਭਾਗਿ ਜਾਗੀ ॥
ਘਰ ਘਰ ਇਤੁ ਸਹਿਜੁ ਸੰਤੋਖੁ ਸਦਾ ਖੰਟਹੁ ਵਿਰਾਗੀ ॥
ਏਹੁ ਮਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥[2]

ਮਨੁੱਖੀ ਜੀਵ ਹੋਰ ਹੀ ਕੰਮਾਂ ਵਿਚ ਰੁਝਿਆ ਰਹਿੰਦਾ ਹੈ। ਇਸਨੂੰ ਖਾਣ ਪੀਣ ਦਾ ਸੁਆਦ ਹੈ, ਇੰਦ੍ਰੀਆਂ ਰੁਚੀਆਂ, ਝੂਠ ਆਦਿ ਸ਼ੋਸ਼ਣ ਦੇ ਕੰਮਾਂ ਵਿੱਚ ਰੁਚੀ ਹੋਈ ਹੈ ਪਰ ਇਸ ਦੀ ਤ੍ਰਿਪਤੀ ਨਹੀਂ ਹੁੰਦੀ। ਡਾ. ਤਾਰਨ ਸਿੰਘ ਜੀਵ ਦੇ ਰਸਾਂ ਦੇ ਰਸਾਂ ਦਾ ਵਰਣਨ ਕਰਦੇ ਹੋਏ ਲਿਖਦੇ ਹਨ:-

"ਜੀਵ ਨੂੰ ਖਾਣ ਪੀਣ ਦੇ ਸੁਆਦ ਹਨ, ਇੰਦ੍ਰੀਆਂ ਰੁਚੀਆਂ ਦਾ ਰਸ ਹੈ, ਝੂਠ ਤੇ ਮਿਥਿਆ ਬੋਲ ਦਾ ਰਸ ਹੈ, ਹਰਾਮ ਖਾਣ ਦਾ ਬੜਾ ਖ਼ਤਰਨਾਕ ਰਸ ਹੈ, ਖੱਟ ਖੱਟ ਜੋੜਾਂ ਖਾਣ ਦਾ ਰਸ ਹੈ, ਰਤ ਮਾਣਸਾਂ ਪੀਣ ਦਾ ਰਸ ਹੈ, ਨੇਤਰ ਨਜ਼ਰੀ ਕੌਤਕਾਂ ਨਾਲ ਦ੍ਰਿਸ਼ਾਂ ਤੇ ਪ੍ਰਕਾਸ਼ ਪਾਉਣ ਦਾ ਰਸ ਹੈ;

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 921

2. ਉਹੀ

ਖਾਣ ਤਾਂ ਪੀਣਾ ਰੱਜਣ ਦੀ ਇੱਛਾ ਨਾਲ ਪੇਟ ਭਰਨ ਦਾ ਕੰਮ ਹੈ, ਲੋਭਣ ਚਖਾਣੀ ਚੁਣੇ ਚੁਣੇ ਸੁਆਦਲੇ ਭੋਜਨ ਦਾ ਕੰਮ ਹੈ, ਸ੍ਰੀ-ਪੂਰਤੀਆਂ ਭੋਜਨ ਦਾ ਕੰਮ ਹੈ - ਇਤਿਆਦਿ ਅਨੇਕ ਰੂਪ ਲੋਭ ਦੇ ਹਨ।"[1]

ਲੋਭ ਦੇ ਵਸ ਵਿਚ ਉਲਝਿਆ ਮਨੁੱਖ ਦੁਖੀ ਹੋ ਜਾਂਦਾ ਹੈ, ਕਿਉਂਕਿ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਲਈ ਮਾਇਆ ਦੀ ਲੋੜ ਹੈ ਤੇ ਮਾਇਆ ਧੋਖੇ ਫਰੇਬ ਬਿਨਾਂ ਇਕੱਠੀ ਨਹੀਂ ਹੋ ਸਕਦੀ। ਸੋ ਅਨੰਦ ਦੇ ਚਾਹਵਾਨਾਂ ਨੂੰ ਆਪਣੀ ਲੋੜ ਤੇ ਕਾਬੂ ਰੱਖਣਾ ਚਾਹੀਦਾ ਹੈ। ਆਪਣੀ ਲੋੜ ਤੇ ਕੁਝ ਰੋਕ ਲੈਣਾ ਹੀ ਆਪਣੇ ਮਨ ਨੂੰ ਕਾਬੂ ਕਰ ਲੈਣਾ ਹੈ। ਪਰ ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਲੋੜ ਨਾਮ ਸਿਮਰਣ ਵਿਚ ਲੱਗ ਜਾਵੇ। ਫਿਰ ਲੋਭ ਆਦਿਕ ਨਾਲ ਮਨ ਦੀਆਂ ਕਮਜ਼ੋਰੀਆਂ ਦੂਰ ਹੋ ਜਾਂਦੀਆਂ ਹਨ। ਮਨ ਦੀ ਉਸਾਰੂ ਸ਼ਕਤੀ ਵਧਦੀ ਹੈ ਤੇ ਉਸਨੂੰ ਸਹਜ ਦਾ ਅਨੰਦ ਪ੍ਰਾਪਤ ਹੁੰਦਾ ਹੈ। ਗੁਰਦੇਵ ਉਪਦੇਸ਼ ਦਿੰਦੇ ਹਨ:-

ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥[2]

ਗੁਰਦੇਵ ਨੇ ਅੱਗੇ ਦੱਸਕੇ ਸਾਧਕ ਨੂੰ ਆਪਣੇ ਅੰਗ ਪ੍ਰਤੀ ਅੰਗ ਨੂੰ ਭਗਤੀ ਵਿਚ ਲੀਨ ਕਰਨ ਲਈ ਕਿਹਾ ਹੈ। ਸਰੀਰ ਨੂੰ ਸੰਬੋਧਨ ਕਰਦੇ ਹੋਏ ਫਰਮਾਉਂਦੇ ਹਨ ਕਿ ਜੇ ਸਰੀਰ ਸੰਸਾਰ ਵਿਚ ਆ ਕੇ ਤੂੰ ਹੋਰ ਹੀ ਹੋਰ ਕੰਮਾਂ ਵਿਚ ਰੁਝ ਗਿਆ ਹੈਂ, ਪਰ ਜਿਸ ਮਕਸਦ ਲਈ ਤੈਨੂੰ ਸੰਸਾਰ ਵਿਚ ਭੇਜਿਆ ਹੈ, ਉਸਨੂੰ ਵਿਸਾਰ ਦਿੱਤਾ ਹੈ। ਅਕਾਲਪੁਰਖ ਹਰੀ ਨਾਲ ਸੰਜੋਗ ਹੋਣ ਲਈ ਇਹ ਮਨੁੱਖਾ ਜਨਮ ਮਿਲਿਆ ਹੈ, ਇਸ ਨੂੰ ਸਫਲਾ ਕਰ। ਪੂਰਬਲੇ ਕਰਮਾਂ ਸਦਕਾ ਜਿਹੜਾ ਆਪਣਾ ਮਨ ਸਤਿਗੁਰ ਦੇ ਚਰਨਾਂ ਵਿਚ ਜੋੜ ਲੈਂਦਾ ਹੈ, ਉਸਨੂੰ ਅਨੰਦ ਪ੍ਰਾਪਤ ਹੋ ਜਾਂਦਾ ਹੈ। ਗੁਰਦੇਵ ਫੁਰਮਾਉਂਦੇ ਹਨ:-

---

1. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ 168

2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 921

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥[1]

ਉੱਪਰ ਕੁਝ ਕਹੇ ਤੋਂ ਪਤਾ ਹੈ ਕਿ ਅਸਲੀਅਤ ਨੂੰ ਸਮਝ ਲੈਣ ਦੀ ਸਮਰੱਥਾ ਹੋਵੇ। ਸਮਰੱਥਾ ਤਦ ਹੀ ਪ੍ਰਾਪਤ ਹੁੰਦੀ ਹੈ ਜੇ ਦਿੱਬ-ਦ੍ਰਿਸ਼ਟੀ ਹੋਵੇ ਅਤੇ ਦਿੱਬ ਦ੍ਰਿਸ਼ਟੀ ਦੀ ਮੁਢਲੀ ਸ਼ਰਤ ਸਮ-ਦ੍ਰਿਸ਼ਟੀ ਹੈ। ਅਗਿਆਨ ਵਸ ਹੋਕੇ ਮਨੁੱਖ ਸੰਸਾਰ ਵਿੱਚ ਕਿਸੇ ਨੂੰ ਵੈਰ ਭਾਵ ਨਾਲ ਵੇਖਦਾ ਹੈ ਤੇ ਕਿਸੇ ਨੂੰ ਮਿੱਤਰਤਾ ਨਾਲ, ਦੁਬਿਧਾ ਵਿਚ ਫਸ ਕੇ ਉਹ ਆਤਮਿਕ ਅਨੰਦ ਪ੍ਰਾਪਤ ਨਹੀਂ ਕਰ ਸਕਦਾ। ਜਦੋਂ ਉਹ ਸਾਰਿਆਂ ਨੂੰ ਇਕੋ ਦ੍ਰਿਸ਼ਟੀ ਨਾਲ ਤੱਕੇਗਾ, ਸਭ ਦਾ ਸਤਿਕਾਰ ਕਰੇਗਾ, ਕਿਸੇ ਨਾਲ ਦੁਸ਼ਮਣੀ ਨਹੀਂ ਕਰੇਗਾ, ਪਰ ਇਹ ਐਸੀ ਦ੍ਰਿਸ਼ਟੀ ਨਹੀਂ ਬਣੇਗੀ ਤਾਂ ਉਹ ਪਰਮ ਸੁੱਖ ਪ੍ਰਾਪਤ ਕਰ ਸਕੇਗਾ। ਪਰ ਇਸ ਵਾਸਤੇ ਗੁਰੂ ਕਿਰਪਾ ਦੀ ਲੋੜ ਹੈ ਤਾਂ ਹੀ ਮਨੁੱਖੀ ਅੱਖ ਅਸਲੀਅਤ ਨੂੰ ਵੇਖਣ ਦੇ ਕਾਬਲ ਹੋਵੇਗੀ। ਗੁਰੂ ਦੀ ਕਿਰਪਾ ਦੁਆਰਾ ਦਿੱਬ ਦ੍ਰਿਸ਼ਟੀ ਨਸੀਬ ਹੁੰਦੀ ਹੈ ਤੇ ਸਭ ਪਾਸੇ ਅਕਾਲ ਪੁਰਖ ਦੀ ਜੋਤ ਦਾ ਪਸਾਰਾ ਵੇਖਦੇ ਮਨ ਅਨੰਦਿਤ ਹੋ ਜਾਂਦਾ ਹੈ। ਪ੍ਰੋ. ਸਾਹਿਬ ਸਿੰਘ ਲਿਖਦੇ ਹਨ:-

"ਜਿਤਨਾ ਚਿਰ ਮਨੁੱਖ ਜਗਤ ਵਿੱਚ ਕਿਸੇ ਨੂੰ ਵੈਰ ਭਾਵ ਨਾਲ ਵੇਖਦਾ ਹੈ, ਕਿਸੇ ਨੂੰ ਮਿੱਤਰਤਾ ਦੇ ਭਾਵ ਨਾਲ, ਉਤਨਾ ਚਿਰ ਇਸਦੇ ਅੰਦਰ ਮੇਰ ਤੇਰ ਹੈ। ਜਿਥੇ ਮੇਰ ਤੇਰ ਹੈ ਉਥੇ ਆਤਮਿਕ ਅਨੰਦ ਨਹੀਂ ਹੋ ਸਕਦਾ। ਗੁਰੂ ਦੇ ਮਿਲਿਆਂ ਮਨੁੱਖ ਦੀਆਂ ਅੱਖਾਂ ਖੁੱਲ੍ਹਦੀਆਂ ਹਨ। ਫਿਰ ਇਸ ਨੂੰ ਹਰ ਥਾਂ ਪਰਮਾਤਮਾ ਹੀ ਪਰਮਾਤਮਾ ਦਿੱਸਦਾ ਹੈ। ਇਹੀ ਦੀਦਾਰ ਹੈ, ਅਨੰਦ ਦਾ ਮੂਲ ਹੈ।"[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 921-22
2. ਡਾ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਸੈਂਚੀ ਛੇਵੀਂ, ਪੰਨਾ 702

ਗੁਰੂ ਸਾਹਿਬ ਦੇ ਬਚਨ ਹਨ:-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ
ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ
ਰੂਪੁ ਨਦਰੀ ਆਇਆ ॥
ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥[1]

ਮਨੁੱਖ ਨੂੰ ਆਤਮਿਕ ਅਨੰਦ ਉਸ ਵੇਲੇ ਹੀ ਪ੍ਰਾਪਤ ਹੁੰਦਾ ਹੈ ਜਦੋਂ ਉਸਦੇ ਹਿਰਦੇ ਰੂਪੀ ਮੰਦਰ ਵਿੱਚ ਅਕਾਲਪੁਰਖ ਦੀ ਜੋਤ ਦਾ ਪ੍ਰਕਾਸ਼ ਹੁੰਦਾ ਹੈ। ਉਸ ਵੇਲੇ ਮਨ ਵਿਕਾਰਾਂ ਤੋਂ ਪਵਿੱਤਰ ਹੋ ਜਾਂਦਾ ਹੈ, ਉਸ ਨੂੰ ਕੋਈ ਦੁੱਖ, ਰੋਗ ਚਿੰਤਾ ਪੋਹ ਨਹੀਂ ਸਕਦੀ। ਵਾਹਿਗੁਰੂ ਦਾ ਨਾਮ ਜਾਪਣ ਨਾਲ ਉਸਦੇ ਕਰਮ ਜਾਗ ਪੈਂਦੇ ਹਨ। ਜਦ ਅਕਾਲਪੁਰਖ ਆਪਣੇ ਅੰਦਰ ਭਾਸਦਾ ਹੈ, ਪ੍ਰਭੂ-ਮਿਲਾਪ ਹੋ ਜਾਂਦਾ ਹੈ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਡਾ. ਤਾਰਨ ਸਿੰਘ ਲਿਖਦੇ ਹਨ:-

"ਹਿਰਦਾ ਪਵਿੱਤਰ ਹੋ ਜਾਵੇ, ਸਰੀਰ ਰੋਗ ਰਹਿਤ ਹੋ ਜਾਵੇ, ਪ੍ਰਭੂ-ਨਿਵਾਸ ਆਤਮਾ ਵਿੱਚ ਹੋ ਜਾਏ ਤੇ ਹਿਰਦੇ ਵਿਚੋਂ ਦੀ ਅਕਾਲੀ ਜੋਤ ਨਜ਼ਰ ਆਉਣ ਲੱਗ ਪਏ ਤਾਂ ਅਨੰਦ ਪ੍ਰਾਪਤੀ ਸੁਤੇ-ਸਿਧ ਹੋ ਜਾਂਦੀ ਹੈ। ਅਨੰਦ ਦਾ ਅਧਾਰ ਨਿਰਮਲ ਹਿਰਦਾ ਹੈ।"[2]

ਪਰ ਇਸ ਲਈ ਗੁਰੂ ਦੀ ਲੋੜ ਤੇ ਜ਼ੋਰ ਦਿੱਤਾ ਹੈ। ਗੁਰਦੇਵ ਇਸ ਅਵਸਥਾ ਦਾ ਜ਼ਿਕਰ ਇਉਂ ਕਰਦੇ ਹਨ:-

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 922
2. ਡਾ. ਤਾਰਨ ਸਿੰਘ, ਸਹਜ ਤੇ ਅਨੰਦ, ਪੰਨਾ 175

ਕੁਰ ਬਚਨ ਨਾਲੇ ਵਿਚਹੁ ਖੁਆਏ ਆਪਣਾ ਪਿਰੁ ਜਾਪਏ ॥[1]

ਆਤਮਕ ਸਰੀਰ ਦੇ ਚਿੰਨ੍ਹ ਨੂੰ ਸਾਧਣਾ ਹੈ ਕਿ ਉਹ ਕਿਸੇ ਦੀ ਇੱਛਾ ਪੂਰਤੀ ਨਾ ਕਰੇ, ਭੁੱਖ ਨਾ ਕਰੇ। ਜਿਸਨੂੰ ਇਹ ਚਾਹਤਾ ਹੈ, ਉਹ ਆਤਮਕ ਸਰੀਰ ਦਾ ਭਾਗੀ ਨਹੀਂ ਬਣ ਸਕਦਾ। ਡਾ. ਤਾਰਨ ਸਿੰਘ ਨੇ ਲਿਖਿਆ ਹੈ:-

> "ਇੱਕ ਦੂਜੇ ਦਾ ਸਾਧਨ ਹਨ। ਜਿਵੇਂ ਜਿਵੇਂ ਅਸੀਂ ਵਿਚਾਰ ਕਰਦੇ ਹਾਂ, ਉਵੇਂ ਜਿਹਾ ਹੀ ਸਾਡਾ ਮਨ ਬਣਦਾ ਹੈ ਤੇ ਜਿਵੇਂ ਜਿਹਾ ਸਾਡਾ ਮਨ ਹੁੰਦਾ ਹੈ, ਉਵੇਂ ਜਿਵੇਂ ਹੀ ਸਾਡੇ ਕਰਮ ਹੁੰਦੇ ਹਨ। ਦਾਰਸ਼ਨਿਕਾਂ ਦੀ ਤੇ ਨਾਮਣਾ ਪ੍ਰਮਾਣੂ ਵਿਚਾਰ ਕਰਨ ਨਾਲ ਇਹੋ ਦ੍ਰਿੜਤਾ ਹੀ ਸੰਚਰ ਪੈਦਾ ਹੁੰਦੀ ਹੈ।"[2]

ਇਸਦੇ ਉਲਟ ਸਚਾਈ ਕਰਨ ਨਾਲ ਮਨ ਪਵਿੱਤਰ ਹੋ ਜਾਂਦੇ ਹਨ। ਸਚਾਈ ਤੋਂ ਭਾਵ ਹੈ ਪ੍ਰਮਾਤਮਾ ਦੇ ਨਾਮ ਦਾ ਜਾਪ ਕਰਨਾ, ਕਿਉਂਕਿ ਇਨ੍ਹਾਂ ਲੋਕਾਂ ਦੀ ਜਿਹਨਾਂ ਹਰੀ ਜਾਪ ਕਰਨ ਲਈ ਹੀ ਹੋਈ ਹੈ। ਹਰੀ-ਜਾਪ ਕਰਨ ਨਾਲ ਮਨ ਤਨ ਖਿੜ ਜਾਂਦਾ ਹੈ ਅਤੇ ਉਸਦੀ ਜੀਭ ਵਿਚ ਵੀ ਰਸ ਪੈਦਾ ਹੁੰਦਾ ਹੈ। ਅਰਥਾਤ ਪਵਿੱਤਰ ਹੋ ਜਾਂਦੀ ਹੈ। ਸਾਹਿਬ ਦਾ ਫੁਰਮਾਨ ਹੈ:-

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥[3]

ਮਨੁੱਖੀ ਸਰੀਰ ਵਿਚ ਨੌਂ ਇੰਦਰੇ ਜ਼ਾਹਿਰਾ ਤੌਰ ਤੇ ਆਪਣੀ ਆਪਣੀ ਡਿਊਟੀ ਦੀ ਵਰਤੋਂ ਕਰ ਰਹੇ ਹਨ। ਇਹ ਮਾਇਕ ਪਦਾਰਥਾਂ ਵੱਲ ਹੀ ਰੁਚਿਤ ਰਹਿੰਦੇ ਹਨ। ਇਨ੍ਹਾਂ ਵਿਚ (ਇੰਦਰਿਆਂ) ਦਸਵੇਂ ਮਾਰਗ ਦੀ ਪਛਾਣ ਕਰਨ ਦੀ ਹਿੰਮਤ ਨਹੀਂ ਹੁੰਦੀ। ਦਸਵਾਂ ਦੁਆਰ ਗੁਪਤ ਹੈ ਤੇ ਇਸ ਦੀ ਸੋਝੀ ਉਸੇ ਨੂੰ ਹੀ ਹੁੰਦੀ ਹੈ, ਜੋ ਗੁਰੂ ਦੇ ਲੜ ਲੱਗ ਜਾਂਦਾ ਹੈ। ਜਦੋਂ ਦੁਆਰ ਖੁੱਲ੍ਹਦਾ ਹੈ ਅਰਥਾਤ ਉਹ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 921
2. डा. तारन सिंघ, ज्ञान ते आर्ट, पंना 184.
3. ਉਹੀ, ਪੰਨਾ 922

ਪ੍ਰਭੂ ਨਾਮ ਵਿਚ ਜੁੜਦਾ ਹੈ ਤਾਂ ਮਨੁੱਖ ਨੂੰ ਖੇੜਾ ਤੇ ਖੁਸ਼ੀ ਪ੍ਰਾਪਤ ਹੁੰਦਾ ਹੈ।-

> ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
> ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
> ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥[1]

ਡਾ. ਜਸਬੀਰ ਸਿੰਘ ਲਿਖਦੇ ਹਨ:-

> "ਸਹਜ ਅਵਸਥਾ ਵਿਚ ਪਹੁੰਚੇ ਮਹਾਂਪੁਰਖ ਦਾ ਮਨ ਅਤੇ ਹੋਰ ਗਿਆਨ ਇੰਦਰੀਆਂ ਉਸ ਦੇ ਵਸ ਵਿਚ ਹੁੰਦਾ ਹੈ। – ਗੁਰਮੁਖ ਦਾ ਮਨ ਅਤੇ ਗਿਆਨ ਇੰਦਰੇ ਮਿੱਤਰਾਂ ਵਾਂਗ ਸਾਥ ਨਿਭਾਉਂਦੇ, ਰਸਤੇ ਪਾਉਂਦੇ ਅਤੇ ਜੀਵਨ ਸੰਵਾਰਦੇ ਹਨ। ਇਸ ਭੇਤ ਦਾ ਭੇਤ ਇਹ ਹੈ ਕਿ ਮਨ ਜਦੋਂ ਆਪਣੇ ਜੋਤ ਸਰੂਪੀ ਆਤਮੇ ਨੂੰ ਪਛਾਣ ਲੈਂਦਾ ਹੈ ਤਾਂ ਇੰਦਰੀਆਂ ਪ੍ਰਵਿਰਤੀਆਂ ਬਦਲ ਜਾਂਦੀਆਂ ਹਨ। -- ਫਿਰ ਉਹ ਹਰ ਪਾਸੇ ਸੱਚ ਨੂੰ ਵੇਖਦਾ ਅਤੇ ਸੱਚ ਨੂੰ ਹੀ ਸੁਣਦਾ ਹੈ।"[2]

ਅੱਗੇ ਜਾ ਕੇ ਆਪਣੇ ਲਿਖਿਆ ਹੈ:-

> "ਗੁਰਦੇਵ ਨੇ ਸਹਜ ਅਤੇ ਅਨੰਦ ਦੀ ਪ੍ਰਾਪਤੀ ਲਈ ਘਰ ਬਾਰ ਛੱਡਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਦੱਸੀ, ਸਗੋਂ ਗੁਰਸ਼ਬਦ ਦੀ ਕਮਾਈ ਨਾਲ ਮਨ ਅਤੇ ਦੇਖਣ, ਸੁਣਨ, ਬੋਲਣ, ਸੁੰਘਣ ਅਤੇ ਛੂਹਣ ਦੀਆਂ ਗਿਆਨ ਇੰਦ੍ਰੀਆਂ ਉਤੇ ਕਾਬੂ ਪਾ ਕੇ ਜੀਵਨ ਵਿਚ ਸੰਤੁਲਨ ਕਾਇਮ ਕਰਨ ਦੀ ਪ੍ਰੇਰਣਾ ਕੀਤੀ ਹੈ।"[3]

ਨਾਮ ਵਿਚ ਲੀਨਤਾ ਜੇਹੀ ਸੌਖ ਕੋਈ ਨਹੀਂ ਹੈ। ਗੁਰਦੇਵ ਨੇ ਸਾਰੇ ਸਾਧਨਾਂ ਦੇ ਨਾਲ ਨਾਲ ਸਭ ਤੋਂ ਉੱਤਮ ਪ੍ਰਭੂ ਦੀ ਕ੍ਰਿਪਾ ਨੂੰ ਮੰਨਿਆ ਹੈ। ਜਦ ਵਾਹਿਗੁਰੂ ਦੀ ਮਿਹਰ ਸਦਕਾ ਜਿਸਦੇ ਕਰਮਾਂ ਵਿਚ ਧੁਰ ਦਰਗਾਹੋਂ ਉਸ ਨਾਲ ਅਭੇਦ ਹੋਣ ਦੀ ਦਾਤ ਲਿਖੀ ਹੋਵੇ ਉਹੀ ਅਨੰਦ ਨੂੰ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 922
2. ਡਾ. ਜਸਬੀਰ ਸਿੰਘ, ਅਮਰਨਾਮੀ ਗੁਰੂ ਅਮਰਦਾਸ, ਪੰਨਾ 342
3. ਉਹੀ, ਪੰਨਾ 343

ਪ੍ਰਾਪਤ ਕਰ ਸਕਦੇ ਹਨ। ਆਪ ਫੁਰਮਾਉਂਦੇ ਹਨ:-

ਪੂਰਬਿ ਕਰਮਿ ਪਾਇਆ ਗੁਰੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥[1]

ਇਹੁ ਤਿਨਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥[2]

ਉਹੀ ਮਨੁੱਖ ਦੁੱਖਾਂ ਤੋਂ ਛੁਟਕਾਰਾ ਪਾ ਸਕਦਾ ਹੈ ਜੋ ਸਚ ਪ੍ਰਾਪਤ ਹੋ ਕੇ ਸਾਧ ਸੰਗਤ ਵਿੱਚ ਬੈਠਕੇ ਅਕਾਲ ਪੁਰਖ ਦਾ ਜੱਸ ਗਾਉਂਦਾ ਹੈ। ਇਸ ਨਾਲ ਹੀ ਦਾਤਾਰ ਪ੍ਰਭੂ ਦੀ ਕਾਰਜ ਨਦਰਿ ਵੀ ਹੋ ਜਾਂਦੀ ਹੈ। ਗੁਰਦੇਵ ਨੇ ਲਿਖਿਆ ਹੈ:-

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥

... ... ...

ਸਚੇ ਪਿਆਰਿਹੋ ਜਾ ਗੁਰੁ ਬਾਣੀ ਗੁਰਮੁਖਿ ਜਿਨਾ ਕਮਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥[3]

ਅਰਥਾਤ ਇਸ ਗੁਰਦੇਵ ਨੇ ਉਪਦੇਸ਼ ਕੀਤਾ ਹੈ ਕਿ ਜਿਨ੍ਹਾਂ ਪੁਰਸ਼ਾਂ ਨੇ ਇਸ ਬਾਣੀ ਨੂੰ ਸੁਣਿਆ ਹੈ, ਉਨ੍ਹਾਂ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ। ਸਾਰੀਆਂ ਚਿੰਤਾਵਾਂ, ਦੁੱਖ, ਰੋਗ ਖਤਮ ਹੋ ਜਾਂਦੇ ਹਨ ਅਤੇ ਉਹ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਉਸਦਾ ਮਨ ਰੂਪੀ ਹਿਰਦਾ ਖਿੜ ਜਾਂਦਾ ਹੈ ਅਤੇ ਬਾਣੀ ਵਿਚੋਂ ਸਤਿਗੁਰੂ ਦੇ ਦੀਦਾਰ ਹੁੰਦੇ ਹਨ। ਸੁਣਨ ਵਾਲੇ ਵੀ ਤੇ ਗਾਉਣ ਵਾਲੇ ਵੀ ਪਵਿੱਤਰ ਹੋ ਜਾਂਦੇ ਹਨ। ਅਨੰਦ ਨੂੰ ਪ੍ਰਾਪਤ ਕਰਦੇ ਹਨ:-

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 917
2. ਉਹੀ, ਪੰਨਾ 919
3. ਉਹੀ, ਪੰਨਾ 922

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ ॥[1]

ਅਖੀਰ ਵਿਚ ਕਹਿ ਸਕਦੇ ਹਾਂ ਕਿ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿੱਚ ਅਨੰਦ ਦੀ ਪ੍ਰਾਪਤੀ ਲਈ ਸਾਧਕ ਨੂੰ ਪ੍ਰਭ ਦੀ ਸਨਮੁੱਖੀ ਭਗਤੀ ਤੇ ਜੋਰ ਦੀ ਸੂਝ ਦਸਾ ਹੈ, ਭਗਤੀ ਵਿੱਚ ਜੁੜਨ ਲਈ ਪ੍ਰੇਰਿਤ ਕੀਤਾ ਹੈ। ਇਸ ਦੇ ਨਾਲ ਹੀ ਭਗਤੀ ਮਾਰਗ ਤੇ ਚੱਲਣ ਲਈ ਆਪਣੇ ਸਿਦਕੀਆਂ ਨੂੰ ਬੁਰੇ ਕੰਮਾਂ ਤੋਂ ਰੋਕਣ ਅਤੇ ਧਰਮ ਅਨੁਸਾਰ ਦੀ ਪ੍ਰੇਰਣਾ ਕੀਤੀ ਹੈ ਅਤੇ ਮੋਹ ਅਤੇ ਭਰਮ ਨੂੰ ਨਾਸ਼ ਕਰਨ ਲਈ ਕਿਹਾ ਹੈ। ਇਹ ਸਭ ਗੁਰ ਦੀ ਪ੍ਰਾਪਤੀ ਲਈ ਸਤਿਗੁਰੁ ਦੀ ਸ਼ਰਣ ਜਾਣਾ ਜ਼ਰੂਰੀ ਹੈ। ਜੀਵਨ ਦਾ ਮਨੋਰਥ ਪਰਮਾਤਮ ਦੀ ਪ੍ਰਾਪਤੀ ਹੈ। ਇਸ ਅਵਸਥਾ ਵਿੱਚ ਪਹੁੰਚਕੇ ਗੁਰਭਗਤ ਸਾਧਕ ਨੂੰ ਕੋਈ ਦੁੱਖ ਕਲੇਸ਼ ਨਹੀਂ ਰਹਿੰਦਾ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੨

## ਤੇਹਰਵਾਂ ਅਧਿਆਇ

**
**
**
**

## ਸੁਖਮਨੀ ਸਾਹਿਬ ਵਿਚ ਗੁਰੂ ਗੁਰ ਦੇ ਸੰਕਲਪ

ਸੁਖਮਨੀ ਸਾਹਿਬ ਪੰਜਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਾਹਕਾਰ ਹੈ। ਇਸ ਬਾਣੀ ਵਿੱਚ ਜਪੁਜੀ ਸਾਹਿਬ ਦੇ ਸਿਧਾਂਤਾਂ ਦੀ ਵਿਆਖਿਆ ਹੀ ਹੈ। ਜਿੱਥੇ ਜਪੁਜੀ ਸਾਹਿਬ ਸੂਤਰਿਕ ਬਾਣੀ ਹੈ, ਦੂਜੇ ਇਹ ਵਿਆਖਿਆਤਮਕ ਬਾਣੀ ਹੈ। ਸੋ ਇਸ ਨੂੰ ਜਪੁਜੀ ਸਾਹਿਬ ਦਾ ਸਟੀਕ ਕਿਹਾ ਜਾ ਸਕਦਾ ਹੈ। ਇਹ ਬਾਣੀ ਮਾਨਸਿਕ ਖੁਸ਼ਹਾਲੀ ਦਾ ਸੁਚੱਜਾ ਮਾਰਗ ਦਿਖਾਉਂਦੀ ਹੈ। ਗੁਰਬਾਣੀ ਦਾ ਮੰਤਵ ਹੀ ਮਨੁੱਖ ਨੂੰ ਚੰਗੇਰੇ ਬਲਵਾਨ, ਸਾਰਥਕ ਤੇ ਹੌਸਲੇ ਵਾਲਾ ਬਣਾਉਣਾ ਹੈ ਤਾਂ ਕਿ ਉਹ ਦੁੱਖਾਂ ਦਾ ਸਾਹਮਣਾ ਕਰ ਸਕੇ। ਭਾਵੇਂ ਸੁਖਮਨੀ ਸਾਹਿਬ ਵਿਚ ਦੁੱਖ ਦੀ ਗੱਲ ਘੱਟ ਕੀਤੀ ਹੈ, ਕਿਉਂਕਿ ਇਸ ਦਾ ਆਸ਼ਾ ਤਾਂ ਮਨੁੱਖ ਨੂੰ ਸੁੱਖਾਂ ਦੀ ਮਣੀ ਪ੍ਰਦਾਨ ਕਰਨਾ ਹੈ। ਪਰ ਦੁੱਖ ਨੂੰ ਸਮਝੇ ਬਿਨ੍ਹਾਂ ਸੁੱਖ ਦੀ ਮਹੱਤਤਾ ਨੂੰ ਪਹਿਚਾਣਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਛਾਂ ਦੀ ਹੋਂਦ ਧੁੱਪ ਕਰਕੇ ਹੀ ਹੈ, ਸੁੱਖ ਦਾ ਅਨੁਭਵ ਵੀ ਦੁੱਖਾਂ ਦੀ ਹੋਂਦ ਨਾਲ ਹੀ ਹੈ। ਮਨੁੱਖ ਦੁੱਖ ਸਹਿੰਦਾ ਹੈ ਤਾਂ ਸੁਖੀ ਹੋਣ ਦੀ ਆਸ ਨਾਲ ਹੀ ਸਹਿੰਦਾ ਹੈ। ਉਹ ਦੁੱਖ ਤੋਂ ਹੀ ਸੁੱਖ ਵੱਲ ਵੇਖਦਾ ਹੈ। ਸੁਖਮਨੀ ਸਾਹਿਬ ਵਿੱਚ ਵੀ ਵਿਭਿੰਨ ਪ੍ਰਕਾਰ ਦੇ ਦੁੱਖਾਂ ਨਾਲ ਜਾਣਕਾਰੀ ਕਰਾ ਕੇ ਸੁੱਖ ਪ੍ਰਾਪਤੀ ਦਾ ਮਾਰਗ ਦੱਸਿਆ ਹੈ। ਪਹਿਲੀ ਅਸ਼ਟਪਦੀ ਦਾ ਆਰੰਭ ਹੀ ਇਸ ਤਰ੍ਹਾਂ ਕੀਤਾ ਹੈ:-

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥[1]

ਅਨੇਕਾਂ ਕਿਸਮ ਦੇ ਕਲੇਸ਼ਾਂ ਕਰਕੇ ਹੀ ਮਨੁੱਖ ਦੁਖੀ ਹੈ ਅਤੇ ਇਸਦਾ ਇਲਾਜ ਸਿਮਰਣ ਦੱਸਿਆ ਹੈ। ਇਹਨਾਂ ਕਲੇਸ਼ਾਂ ਤਕਲੀਫ਼ਾਂ ਦਾ ਕਾਰਣ ਵਾਹਿਗੁਰੂ ਜੀ ਨੂੰ ਭੁੱਲਣ ਵਿਚੋਂ ਵਿਕਾਰਾਂ ਵਿਚ ਗਲਤਾਨ ਹੋਣਾ ਹੈ। ਪੰਜਮ ਪਾਤਸ਼ਾਹ ਨੇ ਬਾਰਾਮਾਹ ਵਿੱਚ ਫੁਰਮਾਇਆ ਹੈ:-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਇ ਰਾਮ ਤੇ ਲਗਨਿ ਜਨਮ ਵਿਜੋਗ ॥[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 262
2. ਉਹੀ, ਪੰਨਾ 135

ਪਰਮਾਤਮਾ ਦੀ ਯਾਦ ਨੂੰ ਭੁਲਾ ਕੇ ਅਗਿਆਨ ਦੇ ਹਨੇਰੇ ਵਿੱਚ ਫਸਿਆ ਮਨੁੱਖ ਦੁਖੀ ਹੈ। ਉਹ ਅਸੱਤ ਨੂੰ ਸੱਤ ਮੰਨਦਾ ਹੈ। ਪੰਜ ਇੰਦਰੀਆਂ ਦੇ ਆਖੇ ਲੱਗਕੇ ਸੁੱਖ ਲੋੜਦਾ ਹੈ। ਇਹ ਸੁੱਖ ਪ੍ਰਾਪਤ ਹੁੰਦਾ ਹੈ, ਪਰ ਨਾਲ ਹੀ ਰੋਗ ਸੋਗ, ਸੋਕ, ਦੁੱਖ ਸਹਿਣੇ ਪੈਂਦੇ ਹਨ। ਰਵਿੰਦਰ ਸਿੰਘ ਨੇ ਲਿਖਿਆ ਹੈ:-

> "ਜੀਵਨ ਵਿੱਚ ਦੁੱਖ ਜ਼ਿਆਦਾ ਤੇ ਸੁੱਖ ਘੱਟ ਹੈ। ਸਾਰੇ ਸੁੱਖ ਹੋਏ ਵੀ ਸੰਪੂਰਨ ਨਹੀਂ ਹੁੰਦੇ, ਹੁੰਦੇ ਵੀ ਕੋਈ ਨਾ ਕੋਈ ਅਤ੍ਰਿਪਤ ਇੱਛਾ ਦੁੱਖ ਦੇ ਰਹੀ ਹੁੰਦੀ ਹੈ, ਹੁੰਦੇ ਵੀ ਕੋਈ ਚਿੰਤਾ ਹੁੰਦੀ ਹੈ, ਕਿਸੇ ਬੀਤੇ ਦੁੱਖ ਦੀ ਯਾਦ ਦੁੱਖ ਦੇ ਰਹੀ ਹੁੰਦੀ ਹੈ। ਇਸ ਦੇ ਉਲਟ ਦੁੱਖ ਵਿੱਚ ਸਾਨੂੰ ਕੋਈ ਵੀ ਸੋਚ ਸੁੱਖ ਨਹੀਂ ਦਿੰਦੀ। ਸੁੱਖ ਵਿੱਚ ਬੀਤੇ ਦੁੱਖ ਦੀ ਯਾਦ ਦੁੱਖ ਦਿੰਦੀ ਹੈ ਪਰ ਦੁੱਖ ਵਿਚ ਬੀਤੇ ਸੁੱਖ ਦੀ ਯਾਦ ਸੁੱਖ ਨਹੀਂ ਦਿੰਦੀ। ਸੁੱਖ ਵਿੱਚ ਕੋਈ ਅਤ੍ਰਿਪਤ ਇੱਛਾ ਵੀ ਦੁੱਖ ਦੇ ਸਕਦੀ ਹੈ ਪਰ ਦੁੱਖ ਵਿੱਚ ਕੋਈ ਤ੍ਰਿਪਤ ਇੱਛਾ ਸੁੱਖ ਨਹੀਂ ਦੇ ਸਕਦੀ, ਸਗੋਂ ਉਸਨੂੰ ਯਾਦ ਕਰਨ ਤੋਂ ਜ਼ਿਆਦਾ ਰਹਿਣ ਕਾਰਨ ਦੁੱਖ ਹੁੰਦਾ ਹੈ। ਸੁੱਖ ਵਿੱਚ ਅਸੀਂ ਕਿਸੇ ਦਾ ਦੁੱਖ ਵੇਖਕੇ ਦੁਖੀ ਹੋ ਜਾਂਦੇ ਹਾਂ, ਪਰ ਦੁੱਖ ਵਿੱਚ ਕਿਸੇ ਦਾ ਸੁੱਖ ਵੇਖਕੇ ਸੁਖੀ ਨਹੀਂ ਹੁੰਦੇ।"[1]

ਗੁਰਬਾਣੀ ਅਨੁਸਾਰ ਸੁੱਖ ਦੇ ਪ੍ਰਕਾਰ ਦੋ ਆਤਮਿਕ ਅਤੇ ਸੰਸਾਰਕ ਹਨ ਜਿਨ੍ਹਾਂ ਨੂੰ ਕ੍ਰਮਵਾਰ ਸ਼ਾਂਤ ਵਿਚ ਅਡੋਲ ਅਤੇ ਸੁੱਖ ਦੇ ਅਨੰਦ ਵਰਣਨ ਕੀਤਾ ਹੈ। ਮਨਮੁਖ ਵਿਅਕਤੀ ਪਦਾਰਥਕ ਸੁੱਖਾਂ ਵਿੱਚ ਹੀ ਖੁਸ਼ ਹੋ ਕੇ ਰਹਿ ਜਾਂਦਾ ਹੈ। ਇਹ ਸੁੱਖ ਮਾਇਆ ਦੀ ਉਪਜ ਹਨ। ਸਚਾਈ ਇਹ ਹੈ ਕਿ ਬਹੁਤਾ ਪੈਸਾ ਕਮਾਉਣ ਨਾਲ, ਨਾਚ ਤਮਾਸ਼ੇ ਵੇਖਣ ਨਾਲ, ਦੇਸ਼ ਪ੍ਰਦੇਸ਼ ਘੁੰਮਣ ਨਾਲ ਅਸਲ ਸੁੱਖ ਨਹੀਂ ਮਿਲਦਾ, ਸਗੋਂ ਤ੍ਰਿਸ਼ਨਾ ਵਧਦੀ ਹੈ। ਇਹ ਸੁੱਖ ਤਾਂ ਛਿਨ ਭੰਗਰੇ ਹਨ, ਜੋ ਖਤਮ ਹੋਣ ਤੇ ਦੁੱਖ ਦਾ ਕਾਰਨ ਬਣਦੇ ਹਨ। ਅਸਲ ਸੁੱਖ ਤਾਂ ਹਰੀ ਜੱਸ ਗਾਉਣ ਵਿੱਚ ਹੀ ਹੈ। ਗੁਰਵਾਕ ਹੈ:-

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥

---

1. ਰਵਿੰਦਰ ਸਿੰਘ, ਸੁਖਮਨੀ ਵਿੱਚ ਸੁਖ ਦਾ ਸੰਕਲਪ ਤੇ ਪ੍ਰਾਪਤੀ, ਪੰਨਾ 16-17

ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥[1]

ਮਨਮੁਖ ਅਤੇ ਸੁਆਰਥੀ ਮਨੁੱਖ ਲਈ ਪਰਨਿੰਦਾ, ਪਰਾਈ ਇਸਤ੍ਰੀ ਵੱਲ ਭੈੜੀ ਨਿਗਾਹ ਨਾਲ ਵੇਖਣਾ, ਜੀਭ ਦੇ ਸੁਆਦਾਂ ਵਿੱਚ ਰੁਝੇ ਰਹਿਣਾ, ਲੋਭ ਅਤੇ ਵਿਸ਼ੇ ਵਾਸ਼ਨਾ ਵਿੱਚ ਖਚਿਤ ਹੋਏ ਰਹਿਣਾ ਸੁਖਦਾਈ ਹਨ। ਜਦ ਕਿ ਅਸਲੀਅਤ ਇਹ ਹੈ ਕਿ ਇਹ ਸਭ ਹੀ ਦੁੱਖ ਦਾ ਕਾਰਣ ਹਨ। ਸੁਖਮਨੀ ਸਾਹਿਬ ਵਿੱਚ ਇਨ੍ਹਾਂ ਸਭ ਨੂੰ ਮਿਥਿਆ ਦੱਸਕੇ ਸਾਧਕ ਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਕੀਤੀ ਹੈ। ਗੁਰਦੇਵ ਕਹਿੰਦੇ ਹਨ:-

ਮਿਥਿਆ ਸ੍ਰਵਨ ਪਰਨਿੰਦਾ ਸੁਨਹਿ ॥
ਮਿਥਿਆ ਹਸਤ ਪਰਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨਸ੍ਵਾਦ ॥
ਮਿਥਿਆ ਚਰਨ ਪਰਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰਉਪਕਾਰਾ ॥
ਮਿਥਿਆ ਬਾਸੁ ਲੇਤ ਬਿਕਾਰਾ ॥[2]

ਗ੍ਰਹਿਸਥ ਵਿਚ ਰਹਿੰਦਿਆਂ ਅਨੇਕ ਪਦਾਰਥਾਂ ਦੀ ਲੋੜ ਹੈ। ਸਿੱਖ ਧਰਮ ਕਿਉਂਕਿ ਗ੍ਰਹਿਸਥ ਨੂੰ ਪ੍ਰਵਾਨ ਕਰਦਾ ਹੈ। ਇਸ ਕਰਕੇ ਸੁਖਮਨੀ ਸਾਹਿਬ ਵਿੱਚ ਵੀ ਇਨ੍ਹਾਂ ਪਦਾਰਥਾਂ ਨੂੰ ਸੰਜਮ ਵਿੱਚ ਰਹਿਕੇ ਵਰਤਣ ਦੀ ਸਿੱਖਿਆ ਦਿੱਤੀ ਹੈ। ਛੇਵੀਂ ਅਸ਼ਟਪਦੀ ਵਿੱਚ ਕਈ ਪ੍ਰਕਾਰ ਦੇ ਭੋਜਨ, ਘਰ ਦਾ ਸੁੱਖ, ਸੇਜ ਸੁੱਖ, ਪਟ ਪਟੰਬਰ, ਗਹਿਣੇ, ਬਾਗ, ਸੁਗੰਧ ਧੰਨ ਆਦਿ ਸਭ ਪਦਾਰਥਕ ਸੁੱਖ ਭੋਗਣ ਦੀ ਇਜਾਜ਼ਤ ਦਿੱਤੀ ਹੈ। ਪਰ ਇਨ੍ਹਾਂ ਵਿਚ ਖਚਿਤ ਹੋਣ ਲਈ ਨਹੀਂ ਕਿਹਾ। ਇਹ ਸੁੱਖ ਅਸਥਾਈ ਹਨ, ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਡਾ. ਪਿਆਰ ਸਿੰਘ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1147
2. ਉਹੀ, ਪੰਨਾ 268-69

ਲਿਖਦੇ ਹਨ:-

> "ਕਈ ਭਾਰੀ ਧਨੀ ਜਿਨ੍ਹਾਂ ਸੁੰਦਰ ਫੁੱਲਾਂ ਦੀਆਂ ਸੇਜਾਂ ਬਣਦੀ ਇਥ ਘਟ ਜਾਂਦੀਆਂ ਹਨ, ਸ਼ਾਨਦਾਰ ਮਹੱਲਾਂ ਵਿਚ ਬੈਠੇ ਹੋਣ ਭੁੱਖੀ ਕਾਇਆਂ ਨਾਲੋਂ ਵਧੀ ਅੰਦਰ ਤੇ ਤੰਗੀਆਂ ਦਾ ਸ਼ਿਕਾਰ ਹੁੰਦੇ ਵੇਖੀਦੇ ਹਨ। ਦਰਅਸਲ ਪਦਾਰਥਵਾਦ ਸੰਸਾਰ ਨੂੰ ਕਦੀ ਵੀ ਸੁਖ ਨਹੀਂ ਦੇ ਸਕਦਾ।"[1]

ਡਾ. ਸੁਰਜੀਤ ਸਿੰਘ ਦਾ ਵਿਚਾਰ ਹੈ:-

> "ਤ੍ਰਿਸ਼ਨਾਮਈ ਰੁਚੀਆਂ ਮਨੁੱਖ ਅਨੰਦ ਸੁਖ ਤੋਂ ਨਿਤਾਰਾ ਨਹੀਂ ਕਰ ਸਕਦਾ। ਜੇ ਉਹ ਕਰੇਗਾ ਤਾਂ ਰੁਚਿਸ਼ਨੀ ਨਾ ਰਹਿਣੇ ਸੰਨਿਆਸੀ, ਜੋਗੀ ਜਾਂ ਬੋਧ ਭਿਕਸ਼ੂ ਬਣੇਗਾ। ਪਰ ਇਹ ਵਿਚਾਰ ਮਾਰਗ 'ਸੁਖਮਨੀ' ਵਿਚ ਪ੍ਰਵਾਨਤ ਨਹੀਂ ਹੈ। ਰੁਚਿਸ਼ਨੀ ਜੀਵ ਨੂੰ ਪੰਜ ਪਦਾਰਥ ਦੀ ਲੋੜ ਪੈਂਦੀ ਹੈ। ਉਸਨੂੰ ਆਪਣੇ ਪ੍ਰਕਾਰ ਤੇ ਸਭ ਚੀਜ਼ਾਂ ਵਸਤਾਂ ਨਾਲ ਲਗਾਉ ਹੋ ਜਾਂਦਾ ਹੈ। ਇਹ ਵਸਤਾਂ ਉਸ ਲਈ ਸੁਖਦਾਈ ਹੁੰਦੀਆਂ ਹਨ। ਪਰ ਦੁੱਖ ਉਸ ਸਮੇਂ ਨਿਕਲਦਾ ਹੈ, ਜਦ ਉਹ ਇਨ੍ਹਾਂ ਨੂੰ ਨਿੱਜੀ ਤੇ ਸਦਾਈ ਸਮਝ ਲੈਂਦਾ ਹੈ।"[2]

ਗੁਰਦੇਵ ਨੇ ਮਨੁੱਖ ਨੂੰ ਇਕ ਸ਼ਾਹੂਕਾਰ ਦੇ ਰੂਪਕ ਰਾਹੀਂ ਸਮਝਾਇਆ ਹੈ ਕਿ ਸ਼ਾਹ (ਵਾਹਿਗੁਰੂ) ਬੇਅੰਤ ਦਾਤਾਂ ਦੀ ਪੂੰਜੀ ਦਿੰਦਾ ਹੈ, ਜਿਨ੍ਹਾਂ ਨੂੰ ਵਰਤ ਕੇ ਜੀਵ ਅਨੰਦ ਅਤੇ ਖੁਸ਼ੀਆਂ ਪ੍ਰਾਪਤ ਕਰਦਾ ਹੈ। ਜੇ ਸ਼ਾਹ ਆਪਣੀ ਅਮਾਨਤ ਵਿਚੋਂ ਕੁਝ ਵਾਪਸ ਲੈ ਲਵੇ ਤਾਂ ਮਨੁੱਖ ਰੋਸ ਕਰਦਾ ਹੈ। ਗੁਰਵਾਕ ਹੈ:-

> ਅਗਨਤ ਸਾਹੁ ਅਪਨੀ ਦੇ ਰਾਸਿ ॥
> ਖਾਤ ਪੀਤ ਬਰਤੈ ਅਨਦ ਉਲਾਸਿ ॥
> ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥
> ਅਗਿਆਨੀ ਮਨਿ ਰੋਸੁ ਕਰੇਇ ॥[3]

---

1. ਡਾ. ਪਿਆਰਾ ਸਿੰਘ 'ਪਦਮ', ਸੋਟਾ ਨਦਾ, ਪੰਨਾ 151
2. ਡਾ. ਰਤਨ ਸਿੰਘ 'ਜੱਗੀ' (ਸੰਪਾ.), ਖੋਜ ਪਤ੍ਰਿਕਾ, ਪੰਨਾ 42
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 268

ਇਹ ਰੋਗ ਅਗਿਆਨਤਾ ਕਰਕੇ ਹੀ ਪੈਦਾ ਹੁੰਦਾ ਹੈ। ਅਗਿਆਨੀ ਮਨੁੱਖ ਵਿੱਚ ਹੰਕਾਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਕਿ ਸਭ ਕੁਝ ਮੇਰਾ ਹੈ ਅਤੇ ਮੈਂ ਹੀ ਸਭ ਕੁਝ ਕਰ ਰਿਹਾ ਹਾਂ। ਉਹ ਕਰਤੇ ਦੀ ਹੋਂਦ ਨੂੰ ਭੁੱਲ ਜਾਂਦਾ ਹੈ। ਇਸ ਨੂੰ ਫਿਰ ਆਵਾਗਵਣ ਦੇ ਚੱਕਰ ਵਿਚ ਭਟਕਣਾ ਪੈਂਦਾ ਹੈ। ਜਿਸ ਕਾਰਣ ਉਹ ਸਾਰੇ ਸੁੱਖਾਂ ਤੋਂ ਵੰਚਿਤ ਹੋ ਜਾਂਦਾ ਹੈ। ਗੁਰਦੇਵ ਫੁਰਮਾਉਂਦੇ ਹਨ:-

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥[1]

ਅਹੰਕਾਰ ਵੱਸ ਕੀਤੀ ਤਪੱਸਿਆ ਨਾਲ ਵੀ ਮਨੁੱਖ ਮੁਕਤੀ ਹਾਸਿਲ ਨਹੀਂ ਕਰ ਸਕਦਾ। ਸਗੋਂ ਜਨਮ ਮਰਨ ਦੇ ਚੱਕਰ ਵਿਚ ਫਸਦਾ ਜਾਂਦਾ ਹੈ। ਤਿੰਨਾਂ ਗੁਣਾਂ ਵਿੱਚ ਭਰਮਿਆ ਮਨੁੱਖ ਅਤੇ ਆਪਣੇ ਆਪ ਨੂੰ ਕਰਮਵੰਤ ਕਹਾਉਣ ਵਾਲਾ ਇਸ ਚੌਰਾਸੀ ਦੇ ਚੱਕਰ ਤੋਂ ਨਹੀਂ ਬਚ ਸਕਦਾ। ਫੁਰਮਾਨ ਹੈ:-

ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥[2]

ਤਿਹੁ ਗੁਣ ਮਹਿ ਜਾਨਹੁ ਭਰਮਾਏ ॥
ਜਨਮਿ ਮਰੈ ਫਿਰਿ ਆਵੈ ਜਾਇ ॥[3]

ਆਪਸ ਕਉ ਕਰਮਵੰਤੁ ਕਹਾਵੈ ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 278
2. ਉਹੀ
3. ਉਹੀ, ਪੰਨਾ 284
4. ਉਹੀ, ਪੰਨਾ 278

ਮਨੁੱਖ ਤ੍ਰਿਸ਼ਨਾ ਦੀ ਅਗਨੀ ਵਿੱਚ ਸੜ ਰਿਹਾ ਹੈ ਜੋ ਕਿ ਮਾਇਆ ਅਤੇ ਅਗਿਆਨ ਦੀ ਹੀ ਉਪਜ ਹੈ। ਸ. ਰਵਿੰਦਰ ਸਿੰਘ ਲਿਖਦੇ ਹਨ:-

> "ਆਪਣੀ ਸੰਤੁਸ਼ਟੀ ਲਈ ਮਾਇਆ ਵਿੱਚ ਫਸਿਆ ਵਿਅਕਤੀ ਬਹੁਤ ਜ਼ਿਆਦਾ ਧਨ ਇਕੱਠਾ ਕਰਦਾ ਹੈ। ਮਾਇਆ ਆਪਣੀ ਪੈਦਾ ਕੀਤੀ ਤ੍ਰੇਹ ਨੂੰ ਬੁਝਾ ਨਹੀਂ ਸਕਦੀ। ਜ਼ਿਆਦਾ ਧਨ ਇਕੱਠਾ ਕਰਨ ਨਾਲ ਤ੍ਰਿਸ਼ਨਾ ਹੋਰ ਵੱਧਦੀ ਹੈ। ਵਧੀ ਤ੍ਰਿਸ਼ਨਾ ਨੂੰ ਬੁਝਾਉਣ ਲਈ ਮਨੁੱਖ ਹੋਰ ਦੁਖਾਂਤੀ ਹੋ ਜਾਂਦਾ ਹੈ ਤੇ ਲੋਭ ਦੀ ਪਕੜ ਵਿਚ ਆ ਜਾਂਦਾ ਹੈ। ਲੋਭੀ ਵਿਅਕਤੀ ਕਈ ਪ੍ਰਕਾਰ ਦੇ ਅਨੁਚਿਤ ਕਰਮ ਕਰਦਾ ਹੈ, ਜਿਨ੍ਹਾਂ ਨੂੰ ਧਾਰਮਿਕ ਸ਼ਬਦਾਵਲੀ ਵਿਚ ਪਾਪ ਕਿਹਾ ਜਾਂਦਾ ਹੈ।"[1]

ਲੋਭੀ ਵਿਅਕਤੀ ਪ੍ਰਾਪਤ ਹੋਈਆਂ ਵਸਤੂਆਂ ਨਾਲ ਸੰਤੁਸ਼ਟ ਨਹੀਂ ਹੁੰਦਾ, ਸਗੋਂ ਜੇ ਕਿਧਰੇ ਲੋੜੀ ਇੱਛਾ ਪੂਰੀ ਨਾ ਹੋਵੇ ਤਾਂ ਲੋਭ ਦੀ ਹੋਂਦ ਤੋਂ ਵੀ ਮੁਨਕਰ ਹੋ ਜਾਂਦਾ ਹੈ। ਮਨੁੱਖ ਨੂੰ ਇਹ ਸੋਝੀ ਨਹੀਂ ਹੁੰਦੀ ਕਿ ਜੇ ਉਹ ਅਣਮੁੱਲੀਆਂ ਦਿੱਤੀਆਂ ਵਸਤੂਆਂ ਦੀ ਭੋਗ ਲਵੇ ਤਾਂ ਇਹ ਵੀ ਕਰ ਸਕੇਗਾ ਸ਼ੁਕਰਾਨਾ ਵਾਹਿਗੁਰੂ ਜੀ ਦਾ ਤਾਂ ਉਹ ਨਹੀਂ ਵਿਗਾੜ ਸਕਦਾ ਬਲਕਿ ਆਪਣੇ ਆਪੇ ਨੂੰ ਹੀ ਨੁਕਸਾਨ ਪਹੁੰਚਾਏਗਾ। ਗੁਰਵਾਕ ਹੈ:-

> ਦਸ ਬਸਤੂ ਲੇ ਪਾਛੈ ਪਾਵੈ ॥
> ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥
> ਏਕੁ ਭੀ ਨ ਦੇਇ ਦਸ ਭੀ ਹਿਰਿ ਲੇਇ ॥
> ਤਉ ਮੂੜਾ ਕਹੁ ਕਹਾ ਕਰੇਇ ॥[2]

ਜਦ ਤੱਕ ਮਨੁੱਖ ਦੇ ਮਨ ਵਿਚ ਲੋਭ, ਲਾਲਚ, ਤ੍ਰਿਸ਼ਨਾ ਆਦਿ ਵਿਕਾਰਾਂ ਰੂਪੀ ਪੱਥਰ ਪਏ ਹੋਏ ਹਨ, ਉਤਨੀ ਦੇਰ ਇਹ ਭੇਖਨ ਕਰਮਕਾਂਡ ਕਰੀ ਜਾਵੇ, ਤੀਰਥ ਇਸ਼ਨਾਨ ਕਰੇ, ਇਹ ਭਵਸਾਗਰ ਨੂੰ ਨਹੀਂ ਤਰ ਸਕਦਾ ਅਰਥਾਤ ਪਰਮਸੁੱਖ ਪ੍ਰਾਪਤ ਨਹੀਂ ਕਰ ਸਕਦਾ ਹੈ। ਗੁਰਦੇਵ ਕਹਿੰਦੇ ਹਨ:-

---

1. ਰਵਿੰਦਰ ਸਿੰਘ, ਸੁਖਮਨੀ ਵਿਚ ਦੁਖ ਦਾ ਸੰਕਲਪ ਤੇ ਪ੍ਰਾਪਤੀ, ਪੰਨਾ 29
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 268

ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥[1]

ਮਨੁੱਖ ਮੋਹ ਦੇ ਧੰਧੇ ਵਿੱਚ ਫਸਿਆ ਸਭ ਕੁਝ ਇਕੱਠਾ ਕਰ ਲਿਆ ਹੈ। ਪਰ ਅੰਤ ਵੇਲੇ ਇਨ੍ਹਾਂ ਵਿਚੋਂ ਕਿਸੇ ਨੇ ਵੀ ਨਾਲ ਨਹੀਂ ਜਾਣਾ। ਇਹ ਜਿੰਨੀ ਦੇਰ ਮਾਇਆ ਦੇ ਜਾਲ ਵਿੱਚ ਫਸਿਆ ਰਹੇਗਾ, ਇਸਨੂੰ ਜਮਾਂ ਦੇ ਡੰਡੇ ਸਹਿਣੇ ਪੈਣਗੇ। ਫੁਰਮਾਨ ਹੈ:-

ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮਰਾਇ ਦੇਇ ਸਜਾਇ ॥[2]

ਮਨੁੱਖ ਨੇ ਵਿਕਾਰਾਂ ਵਿੱਚ ਫਸੇ ਨੇ ਕਈ ਜਨਮ ਇਸੇ ਤਰ੍ਹਾਂ ਬਰਬਾਦ ਕਰ ਲਏ ਹਨ। ਪਰ ਹਾਲੇ ਤੱਕ ਵੀ ਇਸਨੂੰ ਸੋਝੀ ਨਹੀਂ ਆਈ ਕਿ ਛੁਟਕਾਰਾ ਤਾਂ ਪ੍ਰਭੂ ਦਾ ਨਾਮ ਸਿਮਰਣ ਉਪਰੰਤ ਹੀ ਹੋਣਾ ਹੈ। ਇਸ ਲਈ ਪ੍ਰਭ ਵਾਹਿਗੁਰੂ ਜੀ ਦੀ ਮਿਹਰ ਹੋਣੀ ਜ਼ਰੂਰੀ ਹੈ। ਗੁਰਦੇਵ ਕਹਿੰਦੇ ਹਨ:-

ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥[3]

ਮਨੁੱਖ ਭੇਖਾਂ ਵਿਚ ਪਿਆ ਹੋਇਆ ਹੈ। ਜਪ, ਤਪ ਕਰਦਾ ਹੈ, ਤੀਰਥ ਇਸ਼ਨਾਨ ਕਰਦਾ ਹੈ, ਕਰਮਕਾਂਡ ਕਰਦਾ ਹੈ ਕਿ ਸ਼ਾਇਦ ਮੁਕਤੀ ਇਵੇਂ ਹੀ ਮਿਲੇਗੀ। ਪਰ ਇਸ ਤਰ੍ਹਾਂ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 267
2. ਉਹੀ, ਪੰਨਾ 278
3. ਉਹੀ, ਪੰਨਾ 267-68

ਮੁਕਤੀ ਦੀ ਖਜਾਨੇ, ਸੁਖਾਂ ਦਾ ਸਰੂਪ ਗ੍ਰੰਥ ਹੀ ਪੱਕੇ ਧੱਕੇ ਹਨ। ਗੁਰਦੇਵ ਤੀਸਰੀ ਅਸ਼ਟਪਦੀ ਵਿੱਚ ਅਜਿਹੇ ਮਨੁੱਖ ਦਾ ਵਰਣਨ ਕਰਕੇ, ਉਸਨੂੰ ਪ੍ਰਾਪਤ ਹੋਏ ਸੁੱਖਾਂ ਦਾ ਜ਼ਿਕਰ ਕਰਕੇ ਨਾਮ ਦੀ ਮਹਿਮਾ ਗਾਈ ਹੈ ਕਿ ਵਾਹਿਗੁਰੂ ਦੇ ਨਾਮ ਤੋਂ ਉਪਰ ਹੋਰ ਕੁਝ ਨਹੀਂ ਹੈ। ਆਪ ਨੇ ਫੁਰਮਾਇਆ ਹੈ:-

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥[1]

ਸੁਖਮਨੀ ਸਾਹਿਬ ਵਿਚ ਜੋ ਇਕ ਗੁਰਮੁਖ ਮਨੁੱਖ ਦੇ ਲੱਛਣ ਦੱਸੇ ਹੋਏ ਹਨ ਤਾਂ ਤੇਰ੍ਹਵੀਂ ਅਸ਼ਟਪਦੀ ਵਿਚੋਂ ਲੱਭੇ ਜਾ ਸਕਦੇ ਹਨ। ਇਸ ਵਿੱਚ ਸਪਸ਼ਟ ਕੀਤਾ ਹੈ ਕਿ ਸੰਤਾਂ ਦਾ ਨਿੰਦਕ ਸਰੀਰਕ ਰੋਗ ਤੇ ਮਾਨਸਿਕ ਰੋਗ ਦੇ ਆਸ਼ਰਮ ਦੀ ਉਪਜਾਇਆ ਹੈ। ਭਾਵਟ ਇਹ ਹੈ ਕਿ ਸੰਤਾਂ ਦੀ ਨਿੰਦਿਆ ਦਾ ਭਾਵ ਇਹ ਹੈ ਕਿ ਗੁਰੂਆਂ ਦਾ ਵਿਰੋਧੀ ਹੋਣਾ, ਗੁਰੂਆਂ ਦੇ ਗੁਣ ਧਾਰਨ ਨਾ ਕਰਨੇ, ਗੁਰੂਆਂ ਦੇ ਦੱਸੇ ਰਾਹ ਤੇ ਨਾ ਚੱਲਣਾ। ਇਸ ਰਾਹ ਤੇ ਨਾ ਚੱਲਣ ਵਾਲਾ ਦੁਖੀ ਹੁੰਦਾ ਹੈ ਕਿਉਂਕਿ ਉਹ ਮਹਾਂ-ਅਸੰਤ, ਪਾਪ ਭ੍ਰਸ਼ਟ, ਨਰਕ-ਗਾਮੀ, ਕਲੇਸ਼ਾਂ, ਅਤਿ ਨੀਚ, ਬੇਈਮਾਨ, ਪਾਪੀ, ਸਾਰੇ ਰੋਗਾਂ ਦਾ ਭਾਗੀ, ਹਤਿਆਰਾ, ਵਿਕਾਰੀ, ਕੁਰਹਿਤ, ਅਪ੍ਰਿਯ ਹੁੰਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 265

ਦੁੱਖ ਸੰਬੰਧੀ ਚਿੰਤਨ ਕਰ ਲੈਣ ਤੋਂ ਬਾਅਦ ਹੁਣ ਸੁੱਖ ਦੇ ਸੰਕਲਪ ਦਾ ਚਿੰਤਨ ਕਰਨਾ ਹੈ। ਸੁਖਮਨੀ ਸਾਹਿਬ ਦਾ ਸੁੱਖ ਦੁੱਖਾਂ ਤੋਂ ਭਾਜ ਨਹੀਂ ਹੈ। ਨਾ ਹੀ ਇਹ ਪਲਾਇਨਕ ਸੁੱਖ ਹੈ। ਸ. ਦਲਵਿੰਦਰ ਸਿੰਘ ਨੇ ਲਿਖਿਆ ਹੈ:-

> "ਸੁਖਮਨੀ ਸਾਹਿਬ ਦਾ ਸੁਖ ਕਿਸੇ ਮੂਰਖ ਦਾ ਸੁਖ ਨਹੀਂ ਹੈ। ਜੋ ਕਿਸੇ ਕਰਕੇ ਸੁਖੀ ਹੈ ਕਿ ਉਹ ਪਸ਼ੂਆਂ ਵਾਂਗੀ ਪੇਟ ਭਰ ਤੇ ਨਿਚੁੱਲਾ ਹੈ ਤੇ ਜਿਸਦਾ ਪਸ਼ੂ ਬੁੱਧ ਮਿਟਾ ਕੇ ਹੀ ਖੁਸ਼ ਰਹਿੰਦਾ ਹੈ, ਜਿਸਨੂੰ ਗਿਆਨ ਨਹੀਂ ਕਿ ਜੀਵਨ ਭੁਲੇਖੇ ਦੇ ਕੂੜ ਜਾਲ ਵਿਚ ਹੈ, ਜਿਸਨੂੰ ਮੌਤ ਦੀ ਆਵਾਜ਼ ਤਾਂ ਮਹਿਸੂਸ ਨਹੀਂ ਹੁੰਦੀ। ਇਹ ਤਾਂ ਗਿਆਨ ਦੀ ਪੂਰਨਤਾ ਤੋਂ ਉਪਜਿਆ ਸੁੱਖ ਹੈ। ਇਸ ਲਈ ਅਜਿਹੇ ਸੁੱਖ ਦੇ ਮਾਣਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਬ੍ਰਹਮ ਗਿਆਨੀ ਕਿਹਾ ਹੈ। ਬ੍ਰਹਮ ਗਿਆਨੀ ਪੁਰਖ ਆਮ ਪਦਾਰਥਕ ਸੁੱਖਾਂ ਤੋਂ ਸੰਤੁਸ਼ਟ ਨਹੀਂ ਹੋ ਜਾਂਦਾ, ਉਸਦੀਆਂ ਸੂਖਮ ਲੋੜਾਂ ਹੁੰਦੀਆਂ ਹਨ। ਇਸ ਲਈ ਉਸਨੂੰ ਸੂਖਮ ਪ੍ਰਾਣ ਦੀ ਵੀ ਲੋੜ ਰਹਿੰਦੀ ਹੈ।"[1]

ਸੁਖਮਨੀ ਸਾਹਿਬ ਵਿੱਚ ਚਿਤਰਿਆ ਸੁੱਖ ਆਤਮਿਕ ਸੁੱਖ ਹੈ। ਦੁਨਿਆਵੀ ਦੁੱਖਾਂ-ਸੁੱਖਾਂ ਦਾ ਇਸ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸੇ ਕਰਕੇ ਹੀ ਗੁਰ-ਸਿੱਖਾਂ ਤੇ ਭਗਤ-ਜਨ ਲੋਕਾਂ ਤਸੀਹੇ ਸਹਿੰਦੇ ਵੀ ਦੁੱਖ ਵਿੱਚ ਸੁੱਖ ਮਨਾਉਂਦੇ ਰਹੇ। ਪੰਚਮ ਪਾਤਸ਼ਾਹ ਦੀ ਇਹ ਪਵਿੱਤਰ ਬਾਣੀ ਮਨੁੱਖ ਨੂੰ ਹਰ ਪ੍ਰਕਾਰ ਦੇ ਸੁੱਖ ਦੀ ਆਸ਼ਾ ਦਿਵਾਉਂਦੀ ਹੈ। ਸਾਰੀ ਬਾਣੀ ਵਿੱਚ ਇਕ 'ਰਹਾਉ' ਦੀ ਪੰਕਤੀ ਹੈ ਜੋ ਕਿ ਸਾਰੀ ਸੁਖਮਨੀ ਸਾਹਿਬ ਦਾ ਧੁਰਾ ਹੈ:-

> ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
> ਭਗਤ ਜਨਾ ਕੈ ਮਨਿ ਬਿਸ੍ਰਾਮ ॥[2]

[redacted] ਇਸ ਬਾਣੀ ਦਾ ਉਦੇਸ਼ ਪ੍ਰਭੂ ਨਾਮ ਦੇ ਸਿਮਰਨ ਦੁਆਰਾ ਮਨੁੱਖ ਨੂੰ ਆਤਮਿਕ ਸੁੱਖ ਦੀ ਪ੍ਰਾਪਤੀ ਕਰਾਉਣਾ ਹੈ। ਮਨੁੱਖ ਜਦੋਂ ਗਿਰਾਵਟ ਵੱਲ ਜਾ ਰਿਹਾ ਹੁੰਦਾ ਹੈ ਤਾਂ ਉਸ ਸਮੇਂ

---

1. ਦਲਵਿੰਦਰ ਸਿੰਘ, ਸੁਖਮਨੀ ਵਿਚ ਸੁਖ ਦਾ ਸੰਕਲਪ ਤੇ ਪ੍ਰਾਪਤੀ, ਪੰਨਾ 55
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 262

ਉਸਦੇ ਹਿਰਦੇ ਵਿੱਚ ਕਿਸੇ ਲੋਟੇ ਸਮਾਚਿਆਂ ਖਾਣਾ ਦਾ ਸੁਖਰ ਉਸਨੂੰ ਇਸ ਪਾਸਿਉਂ ਰੋਕਦਾ ਹੈ। ਭਾਵੇਂ ਕਿੰਨੀ ਵੀ ਔਕੜ ਆ ਪਏ, ਹਰੀ ਦਾ ਨਾਮ ਲਿਆਂ ਉਧਾਰ ਹੋ ਜਾਂਦਾ ਹੈ। ਗੁਰਦੇਵ ਦਾ ਕਹਿਣਾ ਹੈ:-

ਜਬ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥[1]

ਪਦਾਰਥਕ ਸੁੱਖਾਂ ਦੇ ਭੰਡਾਰ ਵਿੱਚ ਪਿਆ ਹਰੇਕ ਮਨੁੱਖ ਦੁਖੀ ਹੈ। ਕੋਈ ਸਰੀਰਕ ਤੌਰ ਤੇ ਦੁਖੀ ਹੈ ਅਤੇ ਕੋਈ ਮਾਨਸਿਕ ਤੌਰ ਤੇ ਦੁਖੀ ਹੈ। ਕੋਈ ਧੰਨਵਾਨ ਹੋਣ ਕਰਕੇ ਦੁਖੀ ਹੈ ਅਤੇ ਕੋਈ ਧੰਨਹੀਣ ਹੋਣ ਕਰਕੇ ਦੁਖੀ ਹੈ। ਇਸ ਦਿਸਦੇ ਜਗਤ ਵਿੱਚ ਤਾਂ ਰਾਜਾ ਵੀ ਇਨ੍ਹਾਂ ਦੁੱਖਾਂ ਵਿੱਚ ਗ੍ਰਸਤ ਹੈ। ਇਹੋ ਜਿਹੀ ਸਥਿਤੀ ਵਿੱਚ ਵੀ ਗੁਰਦੇਵ ਮਨੁੱਖ ਨੂੰ ਸਮਝਾਉਂਦੇ ਹਨ ਕਿ ਹਰੀ ਨਾਮ ਜਪੋ, ਸੁੱਖ ਸ਼ਾਂਤੀ ਪ੍ਰਾਪਤ ਹੋਵੇਗੀ:-

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧਨ ਪਰੈ॥
ਹਰਿ ਕਾ ਨਾਮੁ ਜਪਤ ਨਿਸਤਰੈ॥
.... ...
ਜਿਹ ਮਾਰਗਿ ਇਹੁ ਜਾਤ ਇਕੇਲਾ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥[2]

ਨਾਮ ਸਿਮਰਣ ਦੀ ਮਹਿਮਾ ਵਰਣਨ ਕਰਦਿਆਂ ਹੋਇਆਂ ਬਾਰ ਬਾਰ ਨਾਮ ਜਪਣ ਦੀ ਪ੍ਰੇਰਣਾ ਕੀਤੀ ਹੈ। ਕਿਉਂਕਿ ਇਹ ਨਾਮ ਹੀ ਸਾਰੇ ਰੋਗਾਂ ਦਾ, ਦੁੱਖਾਂ ਦਾ ਦਾਰੂ ਹੈ ਅਤੇ ਇਸ ਦੁਆਰਾ ਹੀ ਕਲਿਆਣ ਹੁੰਦਾ ਹੈ। ਗੁਰਵਾਕ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 264
2. ਉਹੀ

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥[1]

ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਕਸ਼ਟ ਕਲੇਸ਼ ਤੇ ਦੁੱਖਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਨ੍ਹਾਂ ਦਾ ਅੰਤ ਨਹੀਂ ਹੈ। ਇਕ ਦੁੱਖ ਤੋਂ ਛੁਟਕਾਰਾ ਮਿਲਦਾ ਹੈ, ਦੂਸਰਾ ਆ ਘੇਰਦਾ ਹੈ। ਪਰ ਸੁਖਮਨੀ ਸਾਹਿਬ ਵਿੱਚ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਹਰੀ ਨਾਮ ਰੂਪੀ ਦਵਾਈ ਲੈਣ ਦੀ ਪ੍ਰੇਰਨਾ ਕੀਤੀ ਹੈ। ਇਸ ਸੰਬੰਧੀ ਅਨੇਕਾਂ ਹੀ ਟੂਕਾਂ ਹਨ:-

ਅਨਿਕ ਉਪਾਵੀ ਰੋਗੁ ਨ ਜਾਇ ॥
ਰੋਗੁ ਮਿਟੈ ਹਰਿ ਅਵਖਧੁ ਲਾਇ ॥[2]

ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਜਿ ਸੁਭਾਇ ॥[3]

ਜੇ ਕੋ ਅਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥[4]

ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥
ਨਾਨਕ ਬਿਘਨੁ ਨ ਲਾਗੈ ਕੋਇ ॥[5]

ਨਾਮ ਜਪਣ ਨਾਲ ਜਨਮਾਂ ਜਨਮਾਂਤਰਾਂ ਦੀ ਮੈਲ ਨਾਲ ਕਾਲਾ ਸਿਆਹ ਹੋਇਆ ਮਨ ਪਵਿੱਤਰ ਹੋ ਜਾਂਦਾ ਹੈ। ਹਉਮੈ ਖ਼ਤਮ ਜਾਂਦੀ ਹੈ, ਚਿੰਤਾ ਖ਼ਤਮ ਹੋ ਜਾਂਦੀ ਹੈ ਤੇ ਸੁੱਖ ਪ੍ਰਾਪਤ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 274
2. ਉਹੀ, ਪੰਨਾ 288
3. ਉਹੀ, ਪੰਨਾ 266
4. ਉਹੀ, ਪੰਨਾ 266
5. ਉਹੀ, ਪੰਨਾ 281

ਹੁੰਦਾ ਹੈ। ਪਰ ਸਿਰਫ਼ ਮੂੰਹ ਤੋਂ ਬੋਲਣ ਨਾਲ ਹੀ ਹਰੀ ਸਿਮਰਣ ਨਹੀਂ ਹੁੰਦਾ, ਸਗੋਂ ਮਨ ਦਾ ਜੋੜਨਾ ਵੀ ਜ਼ਰੂਰੀ ਕਿਹਾ ਹੈ। ਮਹਾਂਵਾਕ ਹੈ:-

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥
ਸਦਾ ਸਦਾ ਜਾਨਹੁ ਤੇ ਸੁਖੀ॥[1]

ਜਦੋਂ ਜੀਵ ਨਾਮ ਸਿਮਰਣ ਕਰਦਾ ਹੈ ਤਾਂ ਬ੍ਰਹਮ ਸਰੂਪ ਪ੍ਰਕਾਰ ਦੇ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਗੁਰਬਾਣੀ ਵਿੱਚ ਸਿਮਰਣ ਤੇ ਜ਼ੋਰ ਦਿੱਤਾ ਹੈ। ਜਿਹੜੇ ਨਾਮ ਨਹੀਂ ਜਪਦੇ ਉਹ ਆਤਮਘਾਤੀ ਹਨ ਅਤੇ ਜਿਹੜੇ ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਨੂੰ ਸੁੱਖ ਮਿਲਦਾ ਹੈ, ਕਲ-ਕਲੇਸ਼ ਮਿਟਦੇ ਹਨ। ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿੱਚ ਨਾਮ ਸਿਮਰਣ ਨਾਲ ਪ੍ਰਾਪਤ ਹੋਏ ਸੁੱਖਾਂ ਦਾ ਵਰਣਨ ਕੀਤਾ ਹੈ। ਸਿਮਰਣ ਕਰਨ ਨਾਲ ਜਨਮ-ਮਰਣ ਤੋਂ ਖ਼ਲਾਸੀ ਮਿਲ ਜਾਂਦੀ ਹੈ, ਕਾਲ ਟਲ ਜਾਂਦਾ ਹੈ, ਦੁਸ਼ਮਣ ਟਲ ਜਾਂਦਾ ਹੈ, ਕੋਈ ਵਿਘਨ ਨਹੀਂ ਲਗਦਾ। ਰਿਧੀਆਂ ਸਿਧੀਆਂ, ਗਿਆਨ, ਧਿਆਨ, ਤੱਤ ਬੁੱਧੀ, ਜਪ, ਤਪ, ਪੂਜਾ ਤੀਰਥਾਂ ਦੇ ਫਲ ਮਿਲਦੇ ਹਨ, ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ, ਆਸਾਂ ਸੰਪੂਰਣ ਹੁੰਦੀਆਂ ਹਨ। ਉਹ ਜਨ ਜਿਹੜੇ ਨਾਮ ਸਿਮਰਦੇ ਹਨ ਧਨਵੰਤੇ, ਪਤਵੰਤੇ, ਪ੍ਰਭੂ ਨੂੰ ਪ੍ਰਵਾਨ ਹੋਏ, ਪ੍ਰਧਾਨ, ਬੇਮੁਹਤਾਜੇ, ਰਾਜੇ, ਸੁਖਵਾਸੀ ਤੇ ਸੁਹਣੇ ਮੁੱਖ ਵਾਲੇ ਹੁੰਦੇ ਹਨ। ਪਰ ਨਾਲ ਹੀ ਇਹ ਵੀ ਫੁਰਮਾਇਆ ਹੈ ਕਿ ਸਿਮਰਣ ਵਿੱਚ ਮਨ ਨੂੰ ਉਹੀ ਜੋੜ ਸਕਦੇ ਹਨ ਜਿਨ੍ਹਾਂ ਤੇ ਪ੍ਰਭ ਦਾਤਾਰ ਦੀ ਮਿਹਰ ਹੁੰਦੀ ਹੈ:-

ਸੇ ਸਿਮਰਹਿ ਜਿਨ ਆਪਿ ਸਿਮਰਾਏ॥
ਨਾਨਕ ਤਾ ਕੈ ਲਾਗਉ ਪਾਏ॥[2]

ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥
ਨਾਨਕ ਜਨ ਕੀ ਮੰਗੈ ਰਵਾਲਾ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 281
2. ਉਹੀ, ਪੰਨਾ 263
3. ਉਹੀ

ਸਫਲੀ ਸੇਵਾ ਸੇਈ ਲਾਗੇ॥
ਜਿਸਨੋ ਕ੍ਰਿਪਾ ਕਰਹਿ ਬਡਭਾਗੇ॥[1]

ਨਾਮ ਸਿਮਰਣ ਵਾਲਾ ਜਿਗਿਆਸੂ ਅਕਾਲਪੁਰਖ ਦੀ ਰਜ਼ਾ ਵਿਚ ਜਿਊਣਾ ਸਿੱਖ ਲੈਂਦਾ ਹੈ। ਜਿਸਨੂੰ ਭਾਣਾ ਮੰਨਣ ਦੀ ਸ਼ਕਤੀ ਪ੍ਰਾਪਤ ਹੋ ਗਈ, ਉਹ ਮਾਨੋਂ ਹਰ ਪ੍ਰਕਾਰ ਨਾਲ ਸੁਖੀ ਹੈ। ਉਹ ਦੁੱਖ ਨੂੰ ਵੀ ਅਕਾਲਪੁਰਖ ਦੇ ਭਾਣੇ ਅੰਦਰ ਸੁੱਖ ਹੀ ਸਮਝਦਾ ਹੈ। ਭਾਣਾ ਮੰਨਣਾ ਸੁੱਖ ਦੀ ਕੁੰਜੀ ਹੈ। ਗੁਰਦੇਵ ਫੁਰਮਾਉਂਦੇ ਹਨ:-

ਜਹ ਜਹ ਭਾਣਾ ਤਹ ਤਹ ਰਾਖੈ॥
ਨਾਨਕ ਸਭੁ ਕਿਛੁ ਪ੍ਰਭ ਕੈ ਹਾਥਿ॥[2]

ਤਿਸਕਾ ਹੁਕਮੁ ਬੂਝਿ ਸੁਖੁ ਹੋਇ॥
ਤਿਸਕਾ ਨਾਮੁ ਰਖੁ ਕੰਠਿ ਪਰੋਇ॥[3]

ਜੋ ਕਿਛੁ ਕਰੈ ਸੋਈ ਸੁਖੁ ਮਾਨੁ॥
ਭੂਲਾ ਕਾਹੇ ਫਿਰਹਿ ਅਜਾਨ॥[4]

ਨਾਮ ਰੰਗ ਵਿਚ ਰੱਤਾ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲਾ ਜਿਗਿਆਸੂ ਸਦਾ ਅਡੋਲ, ਪ੍ਰਭੂ ਪ੍ਰੇਮ ਵਿੱਚ ਪਰੁੱਚਿਆ ਹੁੰਦਾ ਹੈ। ਉਹ ਸੰਤਾਂ ਦੀ ਸੰਗਤ ਮਿਲਣ ਤੇ ਅਨੰਦਿਤ ਹੁੰਦਾ ਹੈ, ਉਸਦਾ ਮਨ ਖੇੜੇ ਵਿੱਚ ਆ ਜਾਂਦਾ ਹੈ। ਉਹ ਸਭ ਕੁਝ (ਦੁਨਿਆਵੀ ਵਸਤਾਂ) ਦਾ ਮੋਹ ਤਿਆਗ ਕੇ ਸੰਤਾਂ ਦੀ ਸ਼ਰਣੀਂ ਆਉਂਦਾ ਹੈ ਜਿਸ ਸਦਕਾ ਉਸਦੀ ਬਿਰਤੀ ਪ੍ਰਭੂ ਨਾਲ ਜੁੜਦੀ ਹੈ ਅਤੇ ਅੰਦਰ ਆਤਮੇ ਪ੍ਰਕਾਸ਼ ਹੁੰਦਾ ਹੈ। ਮਹਾਂਵਾਕ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 282
2. ਉਹੀ, ਪੰਨਾ 276
3. ਉਹੀ, ਪੰਨਾ 281
4. ਉਹੀ, ਪੰਨਾ 283

ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥
ਪਰੈ ਸਰਨਿ ਆਨ ਸਭ ਤਿਆਗਿ ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥[1]

ਸ. ਗੁਰਮੁਖ ਸਿੰਘ ਨੇ ਲਿਖਿਆ ਹੈ:-

"ਵਾਹਿਗੁਰੂ ਮਿਹਰਵਾਨ ਹੈ। ਉਹ ਆਪਣੀ ਮਿਹਰ ਦੇ ਦਰ ਸਾਰਿਆਂ ਜੀਵਾਂ ਲਈ ਹਮੇਸ਼ਾ ਖੁੱਲ੍ਹੇ ਰੱਖਦਾ ਹੈ। ਜਦੋਂ ਪ੍ਰਾਣੀ ਉਹਦੀ ਸ਼ਰਣ ਜਾਂਦੇ ਹਨ ਤਾਂ ਉਹ ਗਲ ਲਾ ਲੈਂਦਾ ਹੈ। ਨਾਮ ਦੀ ਦਾਤ ਬਖਸ਼ਦਾ ਹੈ। ਨਾਮ ਜਪਣ ਵਾਲਿਆਂ ਨੂੰ ਸਾਧ, ਸੰਤ, ਬ੍ਰਹਮ ਗਿਆਨੀ, ਜੀਵਨ ਮੁਕਤ, ਗੁਰਮੁਖ, ਭਗਤ - ਕੋਲ ਹੀ ਆਪਣਾ ਰੂਪ ਹੀ ਬਣਾ ਲੈਂਦਾ ਹੈ। ਨਾਮ ਅਤੇ ਨਾਮੀ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ।"[2]

ਸੁਖਮਨੀ ਸਾਹਿਬ ਅਨੁਸਾਰ ਪਰਮਆਨੰਦ ਨੂੰ ਪ੍ਰਾਪਤ ਹੋਇਆ ਗਿਆਨੀ, ਜੀਵਨ ਮੁਕਤ ਹੈ। ਉਹ ਸਭ ਦੁੱਖਾਂ ਸੁੱਖਾਂ ਤੋਂ ਉਪਰ ਉਠ ਜਾਂਦਾ ਹੈ। ਮਾਣ-ਅਪਮਾਣ, ਅਮੀਰੀ-ਗਰੀਬੀ, ਰਾਜ-ਰੰਕ, ਕੰਚਨ-ਮਾਟੀ ਨੂੰ ਸਮਾਨ ਸਮਝਦਾ ਹੈ। ਜੋ ਕੁਝ ਉਹ ਅਕਾਲਪੁਰਖ ਕਰ ਰਿਹਾ ਹੈ, ਉਸੇ ਨੂੰ ਸਭ ਕੁਝ ਸਮਝਦਾ ਹੈ। ਗੁਰਵਾਕ ਹੈ:-

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 289
2. ਅਜੀਤ ਸਿੰਘ 'ਬੰਬਾਣਵੀ' (ਸੰਪਾ.) ਗੁਰਮਤਿ ਪ੍ਰਕਾਸ਼, ਪੰਨਾ 76-77

ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥[1]

ਪਰ ਇਸ ਅਵਸਥਾ ਨੂੰ ਉਹੀ ਜਨ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਨੇ ਗੁਰੂ ਦੀ ਆਗਿਆ ਨੂੰ ਸਿਰ ਮੱਥੇ ਮੰਨਿਆ ਹੈ, ਆਪਣਾ ਮਨ ਗੁਰੂ ਨੂੰ ਸੌਂਪ ਦਿੱਤਾ ਹੈ, ਸੇਵਾ ਕਰਦਿਆਂ ਕੋਈ ਮਾਣ-ਹੰਕਾਰ ਨਹੀਂ ਕੀਤਾ। ਅਜਿਹੇ ਪੁਰਸ਼ਾਂ ਦੇ ਸਾਰੇ ਕਾਰਜ ਰਾਸ ਹੁੰਦੇ ਹਨ। ਇਵੇਂ ਵੀ ਵਾਹਿਗੁਰੂ ਜੀ ਦੀ ਕ੍ਰਿਪਾ ਹੋਵੰਦੀ ਹੈ ਤਾਂ ਹੀ ਗੁਰੂ ਦੀ ਮੱਤ ਵੀ ਧਾਰਣ ਕੀਤੀ ਜਾ ਸਕਦੀ ਹੈ। ਗੁਰਦੇਵ ਨੇ ਫੁਰਮਾਇਆ ਹੈ:-

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥[2]

ਸੁਖਮਨੀ ਸਾਹਿਬ ਵਿੱਚ ਮਨੁੱਖ ਨੂੰ ਇਹ ਵੀ ਸੰਦੇਸ਼ ਦਿੱਤਾ ਹੈ ਕਿ ਨਾਮ ਜਪਕੇ ਸਿਰਫ਼ ਆਪ ਹੀ ਸੁਖੀ ਨਹੀਂ ਹੋਣਾ ਹੈ, ਬਲਕਿ ਦੂਸਰਿਆਂ ਨੂੰ ਵੀ ਸੁਖੀ ਕਰਨਾ ਹੈ। ਗੁਰਦੇਵ ਨੇ ਆਪ ਨਾਮ ਜਪਣ ਤੇ ਦੂਜਿਆਂ ਨੂੰ ਜਪਾਉਣ, ਆਪ ਤਰਨ ਤੇ ਹੋਰਨਾਂ ਨੂੰ ਤਰਾਉਣ, ਆਪ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 275
2. ਉਹੀ, ਪੰਨਾ 286-87

ਪਰਮਅਨੰਦ ਪ੍ਰਾਪਤ ਕਰਨ ਤੇ ਹੋਰਨਾਂ ਨੂੰ ਕਰਾਉਣ ਦੀ ਪ੍ਰੇਰਣਾ ਕੀਤੀ ਹੈ। ਅਜਿਹੇ ਪੁਰਸ਼ ਦੀ ਕਥਨੀ ਤੇ ਕਰਣੀ ਵਿੱਚ ਫਰਕ ਨਹੀਂ ਹੋਣਾ ਚਾਹੀਦਾ ਕਿਉਂਕਿ ਅਕਾਲਪੁਰਖ ਘਟ ਘਟ ਦੀਆਂ ਜਾਣਦਾ ਹੈ। ਉਸਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ ਤੇ ਜੇ ਕੋਈ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜਮਕਾਲ ਦੀਆਂ ਚੋਟਾਂ ਸਹਿੰਦਾ ਹੈ। ਗੁਰਵਾਕ ਹੈ:-

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥
ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥[1]

ਡਾ. ਸੁਰਜੀਤ ਸਿੰਘ ਨੇ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ:-

"ਸੁਖਮਨੀ ਵਿੱਚ ਕੇਵਲ ਆਪ ਹੀ ਮੁਕਤ ਹੋਣਾ ਜਾਂ ਸਦਾ ਸੁਖ ਪ੍ਰਾਪਤ ਕਰ ਲੈਣਾ ਕੋਈ ਉਚ ਆਦਰਸ਼ ਨਹੀਂ। ਆਪ ਮੁਕਤ ਹੋਣਾ ਵੀ ਹੈ ਤੇ ਦੂਜਿਆਂ ਨੂੰ ਕਰਨਾ ਵੀ ਹੈ। ਨਾਮ ਜਪਣਾ ਵੀ ਹੈ ਤੇ ਜਪਾਉਣਾ ਵੀ ਹੈ।"[2]

ਇਸ ਪ੍ਰਸੰਗ ਵਿੱਚ ਸੁਖਮਨੀ ਸਾਹਿਬ ਵਿਚੋਂ ਹੇਠ ਲਿਖੀਆਂ ਤੁਕਾਂ ਪ੍ਰਸਤੁਤ ਹਨ:-

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥[3]

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 269
2. ਡਾ. ਰਤਨ ਸਿੰਘ ਜੱਗੀ (ਸੰਪ.) ਖੋਜ ਪਤ੍ਰਿਕਾ, ਪੰਨਾ 48
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 273
4. ਉਹੀ, ਪੰਨਾ 289

ਸਿਮਰਿ ਸਿਮਰਿ ਸਿਮਰਿ ਸੁਖੁ ਪਾਵਹੁ ॥
ਆਪੁ ਜਪਹੁ ਅਵਰਹ ਨਾਮੁ ਜਪਾਵਹੁ ॥[1]

ਸੁਣਤ ਕਮਾਵਤ ਹੋਤ ਉਧਾਰ ॥
ਆਪਿ ਤਰੈ ਲੋਕਹ ਨਿਸਤਾਰ ॥[2]

ਅਖ਼ੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸ ਲਾਸਾਨੀ ਬਾਣੀ ਵਿੱਚ ਗੁਰਦੇਵ ਨੇ ਪਦਾਰਥਕ ਸੁੱਖਾਂ ਦੇ ਜਾਲ ਵਿਚ ਫਸਕੇ ਦੁਖੀ ਹੋਣ ਤੋਂ ਬਚਣ ਲਈ ਆਤਮਿਕ ਸੁੱਖ ਦਾ ਸੰਕਲਪ ਪੇਸ਼ ਕੀਤਾ ਹੈ ਤੇ ਉਸਨੂੰ ਪ੍ਰਾਪਤ ਕਰਨ ਲਈ ਨਾਮ ਸਿਮਰਣ ਦੀ ਪ੍ਰੇਰਣਾ ਕੀਤੀ ਹੈ। ਸੰਤਾਂ ਦੀ ਨਿੰਦਾ ਕਰਨ, ਲੋਭ, ਮੋਹ, ਹੰਕਾਰ ਕਰਨ ਤੋਂ ਰੋਕਿਆ ਹੈ। ਪਦਾਰਥਕ ਸੁੱਖਾਂ ਨੂੰ ਭਾਵੇਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਿਆ, ਪਰ ਇਨ੍ਹਾਂ ਦੀ ਤ੍ਰਿਸ਼ਨਾ ਤੇ ਕਾਬੂ ਪਾਉਣ ਲਈ ਪ੍ਰੇਰਣਾ ਕੀਤੀ ਹੈ। ਇਨ੍ਹਾਂ ਪਦਾਰਥਾਂ ਦੇ ਦਾਤੇ ਨੂੰ ਯਾਦ ਰੱਖਣ ਲਈ ਕਿਹਾ ਹੈ। ਆਤਮਿਕ ਸੁੱਖ ਪ੍ਰਾਪਤ ਹੋ ਜਾਵੇ ਤਾਂ ਸੰਸਾਰਕ ਸੁੱਖ ਇਸਨੂੰ ਮੈਲਾ ਨਹੀਂ ਕਰ ਸਕਦੇ, ਫਿੱਕਾ ਨਹੀਂ ਕਰ ਸਕਦੇ। ਬਲਕਿ ਸੰਸਾਰਕ ਸੁੱਖਾਂ ਦਾ ਲਾਲਚ ਖ਼ਤਮ ਹੋ ਜਾਂਦਾ ਹੈ। ਅਜਿਹੀ ਅਵਸਥਾ ਪ੍ਰਾਪਤ ਹੋ ਜਾਣ ਤੇ ਦੁੱਖ ਸੁੱਖ ਇਕ ਸਮਾਨ ਜਾਪਦੇ ਹਨ। ਸੋ ਇਹ ਨਾਮ ਸਿਮਰਣ ਦਾ ਮਾਰਗ ਸਾਰੇ ਮੱਤਾਂ, ਗਿਆਨ ਧਿਆਨ ਦਾ ਨਿਚੋੜ ਹੈ, ਜਿਸਨੂੰ ਜਪਕੇ ਤਮਾਮ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 290
2. ਉਹੀ, ਪੰਨਾ 295

## ਤੇਰਵਾਂ ਅਧਿਆਇ

**
**
**
**

## ਕਬੀਰ ਦੇ ਮੁਟੈਠਾਂ ਦਾ ਯੁਗ ਦੇ ਸੰਦਰਭ ਵਿਚ ਅਧਿਅਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਫ਼ਰੀਦ ਜੀ ਦੀ ਬਾਣੀ ਦੇ ਸਿਰਫ਼ 4 ਸ਼ਬਦ ਅਤੇ 112 ਸ਼ਲੋਕ ਹੀ ਹਨ। ਅਠਾਰਾਂ ਸ਼ਲੋਕ ਗੁਰੂ ਸਾਹਿਬਾਨ ਦੇ ਹਨ ਜੋ ਫ਼ਰੀਦ ਬਾਣੀ ਨੂੰ ਸਪਸ਼ਟ ਕਰਨ ਲਈ ਨਾਲ ਲਿਖੇ ਹਨ। ਇਹੀ ਆਪ ਦੀ ਪ੍ਰਮਾਣਿਕ ਰਚਨਾ ਹੈ। ਵੈਸੇ ਆਪ ਦੇ ਨਾਮ ਹੇਠ ਹੋਰ ਵੀ ਬਹੁਤ ਸਾਰੀ ਬਾਣੀ ਮਿਲਦੀ ਹੈ। ਪਰ ਇਸ ਹਥਲੇ ਅਧਿਆਇ ਦਾ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ ਹੀ ਬਣਾਇਆ ਹੈ। ਫ਼ਰੀਦ ਜੀ ਦੀ ਬਾਣੀ ਵਿਚ ਪ੍ਰਧਾਨ ਸੁਰ ਦੁੱਖ ਦੀ ਹੈ। 'ਦੁੱਖ' ਸ਼ਬਦ ਦੀ ਵਰਤੋਂ ਤਾਂ ਸਾਰੇ ਅੱਠ ਵਾਰ ਹੀ ਹੋਈ ਹੈ ਅਤੇ ਇਕ ਵਾਰ "ਦੁਖੀ" ਇਕ ਵਾਰ 'ਦੁਖਾ' ਅਤੇ ਇਕ ਵਾਰ ਹੀ 'ਦੁਖੀਏ' ਸ਼ਬਦ ਦਾ ਵਰਣਨ ਹੋਇਆ ਮਿਲਦਾ ਹੈ। ਪਰ ਦੁੱਖ ਦੇ ਭਾਵ ਨੂੰ ਪ੍ਰਗਟਾਉਣ ਵਾਲੇ ਸ਼ਬਦਾਂ ਦੀ ਫ਼ਰੀਦ ਬਾਣੀ ਵਿਚ ਭਰਮਾਰ ਹੈ। ਸਾਰੀ ਬਾਣੀ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ 'ਦੁੱਖ' ਦੇ ਅਹਿਸਾਸ ਨੇ ਫ਼ਰੀਦ ਜੀ ਦੀ ਚੇਤਨਾ ਨੂੰ ਧਰਮਤ ਵਿਚ ਲਿਆਂਦਾ ਹੈ। ਪਰ ਇਹ ਦੁੱਖ ਦੁਨੀਆਂ ਦਾ ਨਿੱਜੀ ਦੁੱਖ ਨਹੀਂ, ਸਗੋਂ ਵਿਰਹਾ ਵਿਆਪੇ ਦੁੱਖ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਦੇਵ ਨੇ ਪ੍ਰਿਥਮੀ ਨੂੰ ਜਲਦੀ (ਸੜਦੀ) ਹੋਈ ਵੇਖਿਆ ਸੀ:-

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਮੀ ਦਿਸਿ ਆਈ॥[1]

ਇਵੇਂ ਹੀ ਬਾਬਾ ਫ਼ਰੀਦ ਜੀ ਨੇ ਇਹ ਅਨੁਭਵ ਕੀਤਾ ਹੈ ਕਿ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥[2]

ਇਸ ਬਾਰੇ ਸੰਤ ਸਿੰਘ ਸੇਖੋਂ ਨੇ ਇਵੇਂ ਲਿਖਿਆ ਹੈ:-

"ਜੀਵਨ ਦੇ ਵਿਅਰਥ ਵਿਹਾਣ, ਦੇਹ ਨਾਲੋਂ ਵਿਛੋੜੇ ਤੇ ਮੌਤ ਤੇ ਦੋਜ਼ਖ਼ ਦੇ ਡਰ ਦੀ ਵੇਦਨਾ ਸ਼ੇਖ਼ ਫ਼ਰੀਦ ਦੀ ਵਿਅਕਤੀ ਨਿੱਜੀ ਵੇਦਨਾ ਨਹੀਂ। ਸ਼ੇਖ਼ ਫ਼ਰੀਦ ਨੂੰ ਆਪਣੀ ਦੁਨੀਆਂ, ਆਪਣੇ ਸਮਾਜ ਤੇ ਵਿਸ਼ੇਸ਼ ਕਰਕੇ ਇਸ ਸਮਾਜ

---

1. ਗਿਆਨੀ ਹਜ਼ਾਰਾ ਸਿੰਘ, ਵਾਰਾਂ ਭਾਈ ਗੁਰਦਾਸ ਜੀ ਸਟੀਕ, ਪਹਿਲੀ ਵਾਰ, ਪੰਨਾ 25
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382

> ਦੋਵਾਂ ਪ੍ਰਚਲਤ ਸ਼ਕਤੀਆਂ ਵਿਚ ਪਾਪ ਤੇ ਗੁਨਾਹ ਦੀ ਹੋਂਦ ਦਾ ਦੁਖਮਈ ਅਹਿਸਾਸ ਹੈ ਤੇ ਇਹ ਅਹਿਸਾਸ ਉਪਮਾਤਮਕ ਰੂਪ ਵਿਚ ਹੀ ਨਹੀਂ, ਸਿੱਧੀ ਤੇ ਅੰਤਰੀਵ ਰੂਪ ਵਿਚ ਸ਼ੇਖ਼ ਫ਼ਰੀਦ ਦੀ ਆਤਮਾ ਨੂੰ ਦੁਖ ਦੇਣ ਵਾਲਾ ਹੁੰਦਾ ਹੈ। ਇਹ ਸ਼ੇਖ਼ ਫ਼ਰੀਦ ਦੀ ਆਪਣੀ ਵੇਦਨਾ ਬਣ ਜਾਂਦਾ ਹੈ ਤੇ ਸ਼ੇਖ਼ ਫ਼ਰੀਦ ਆਪਣੇ ਉਸਦੇ ਸ਼ਿਅਰ, ਆਮ ਸਮਾਜ ਤੋਂ ਦੂਰ ਰਹੇ ਲੋਕਾਂ ਦੀ ਓਟ ਵਿਚ ਦੂਜਿਆਂ ਦੇ ਸ਼ਬਦਾਂ ਵਿਚ ਇਹ ਅਤਿ ਪ੍ਰਭਾਵਕ ਤੇ ਮਨ ਨੂੰ ਵਿੰਨ੍ਹਣ ਵਾਲੇ ਰੰਗ ਪ੍ਰਦਾਨ ਹੈ, ਜਿਵੇਂ ਕੋਈ ਤੀਖਣ ਚਿੱਤ ਮਨੁੱਖ ਆਪਣੇ ਗੁਆਂਢ ਵਿਚ ਤ੍ਰਾਸਦੀਜਨਕ ਮੌਤ ਨੂੰ ਵੇਖਦੇ ਵੇਖਦਾ ਹੋ ਕੇ ਆਪ ਵੀ ਦੂਜਿਆਂ ਦੇ ਦੁੱਖਾਂ ਤੇ ਦੁਰਦਨ ਵਿਚ ਭਾਗੀ ਬਣ ਜਾਂਦਾ ਹੈ।"[1]

ਬਾਬਾ ਫ਼ਰੀਦ ਕਿਉਂਕਿ ਸਾਰੇ ਜਗਤ ਵਿਚ ਦੁੱਖਾਂ ਤੇ ਪੀੜਾਂ ਦਾ ਅਹਿਸਾਸ ਕਰਦੇ ਹਨ, ਸਾਰੇ ਜਗਤ ਨੂੰ ਦੁਖਦਾਈ ਵੇਖਦੇ ਹਨ, ਇਸ ਲਈ ਆਪ ਦਾ ਇਹ ਅਨੁਭਵ ਗੁਰਮਤ ਨਾਲ ਮੇਲ ਖਾਂਦਾ ਹੈ। ਵਾਰ ਰਾਮਕਲੀ ਵਿਚ ਗੁਰੂ ਨਾਨਕ ਦੇਵ ਜੀ ਨੇ:

ਨਾਨਕ ਦੁਖੀਆ ਸਭੁ ਸੰਸਾਰੁ ॥[2]

ਜਿਸਨੇ ਬਾਬਾ ਫ਼ਰੀਦ ਜੀ ਦੇ ਉਪਰੋਕਤ ਸ਼ਲੋਕ ਦੀ ਪ੍ਰੋੜ੍ਹਤਾ ਕਰ ਦਿੱਤੀ ਹੈ।

ਇਹ ਦੁੱਖ ਜਾਂ ਤਾਂ ਮੌਤ ਦੀ ਹਕੀਕਤ ਕਾਰਣ ਉਪਜਿਆ ਦੁੱਖ ਹੈ ਅਤੇ ਜਾਂ ਫਿਰ ਇਹ ਦੁੱਖ ਨਿਰੋਲ ਸਰੀਰਕ ਪੀੜਾਂ ਜਾਂ ਅਧਿਆਤਮ ਪਦਾਰਥਕ ਇੱਛਾਂ ਵਿਚੋਂ ਪੈਦਾ ਹੁੰਦਾ ਹੈ। ਫ਼ਰੀਦ ਬਾਣੀ ਵਿਚ ਬਾਰ ਬਾਰ ਮੌਤ ਦੇ ਜ਼ਿਕਰ ਕਾਰਣ ਸੁਤੇ ਸਿੱਧ ਹੀ ਭਰਮ ਪੈਦਾ ਹੁੰਦਾ ਹੈ ਜਿਵੇਂ ਕਿ ਫ਼ਰੀਦ ਬਾਣੀ ਵਿਚ ਦੁੱਖ ਦਾ ਕੇਂਦਰੀ ਬਿੰਦੂ ਮੌਤ ਹੋਵੇ। ਪਰ ਜਦੋਂ ਅਸੀਂ ਫ਼ਰੀਦੀ ਕਲਾਮ ਅਨੁਸਾਰ ਮੌਤ ਦੇ ਸੰਕਲਪ ਨੂੰ ਧਿਆਨ ਪੂਰਵਕ ਵਿਚਾਰਦੇ ਹਾਂ ਤਾਂ ਸੁਤੇ ਸਿੱਧ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਮੌਤ ਦੁਨਿਆਵੀ ਅਰਥਾਂ ਦੇ ਰੂਪ ਵਿਚ ਜੀਵਨ ਦਾ ਅੰਤ ਨਹੀਂ ਬਲਕਿ ਜੀਵਨ ਮੌਤ ਤੋਂ ਅਗਾਂਹ ਵੀ ਜਾਰੀ ਰਹਿੰਦਾ ਹੈ। ਅਜਿਹੀ ਵਿਚਾਰਧਾਰਕ ਸਥਿਤੀ ਵਿਚ ਦੁੱਖ ਨੂੰ ਮੌਤ ਨਾਲ ਨਹੀਂ ਜੋੜਿਆ ਜਾ ਸਕਦਾ। ਡਾ. ਅਤਰ ਸਿੰਘ ਲਿਖਦੇ ਹਨ:-

---

1. Gurbachan Singh Talib (Ed.), Baba Seikh *Farid Life & Teachings*, p. 31
2. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 954

> "ਭਾਰਤੀ ਦਰਸ਼ਨ ਵਿਚ ਜੀਵਨ ਮੌਤ ਤੋਂ ਪਿੱਛੋਂ ਵੀ ਨਹੀਂ ਮੁੱਕਦਾ। ਅਮਰ ਆਤਮਾ ਚੋਲਾ ਵਟਾਂਦੀ ਹੈ ਤੇ ਮੌਤ ਇਕ ਜੀਵਨ ਚੱਕਰ ਤੋਂ ਦੂਜੇ ਵਿਚਕਾਰ ਦਾ ਇਕ ਵਿਸ਼ਰਾਮ ਘਟਨੇ ਬਣਿ ਜਾਂਦੀ ਹੈ। ਮਨੁੱਖ ਤੇ ਪ੍ਰਕ੍ਰਿਤੀ ਦਾ ਰਿਸ਼ਤਾ ਸਾਗਰ ਤੇ ਉਸ ਦੀਆਂ ਲਹਿਰਾਂ ਜਾਂ ਜਲ ਤੇ ਬੁਲਬੁਲੇ ਦਾ ਪ੍ਰਤੀਤ ਹੁੰਦਾ ਹੈ।"[1]

ਕਬੀਰ ਬਾਣੀ ਵਿਚ ਮੌਤ ਦਾ ਚਿਤਰ ਕਿਸੇ ਭਿਆਨਕ ਰੂਪ ਵਜੋਂ ਨਹੀਂ ਬਲਕਿ ਚੇਤਾਵਨੀ ਵਜੋਂ ਹੈ ਤਾਂ ਜੋ ਜੀਵ ਨੂੰ ਉਸਦੀਆਂ ਅਸਲ ਵਿਸ਼ਵਾਸਾਂ ਦੀ ਪ੍ਰੇਰਣਾ ਦਿੱਤੀ ਜਾ ਸਕੇ। ਮਨੁੱਖ ਆਪਣੇ ਲਕਸ਼ ਨੂੰ ਪਛਾਣ ਸਕੇ। ਡਾ. ਵਿਸ਼ਵਨਾਥ ਤਿਵਾੜੀ ਨੇ ਲਿਖਿਆ ਹੈ:-

> "ਕਬੀਰ ਦੀ ਕਵਿਤਾ ਵਿਚ ਮੌਤ ਦਾ ਜ਼ਿਕਰ ਮਨੁੱਖ ਨੂੰ ਸਿੱਧੇ ਰਾਹ ਤੇ ਰੱਖਣ ਲਈ ਹੈ ਤਾਂ ਜੋ ਉਹ ਆਪਣੀ ਅਸਲ ਮੰਜ਼ਿਲ ਤੋਂ ਖੁੰਝ ਨਾ ਜਾਵੇ।"[2]

ਅੱਗੇ ਜਾ ਕੇ ਆਪ ਲਿਖਦੇ ਹਨ:-

> "ਕਬੀਰ ਮੌਤ ਦਾ ਪਾਠ ਪੜ੍ਹਾ ਪੜ੍ਹਾ ਕੇ ਮਨੁੱਖ ਨੂੰ ਇਸ ਸੰਸਾਰ ਰੂਪੀ ਸੱਪ ਤੋਂ ਬਚਾਉਣਾ ਚਾਹੁੰਦਾ ਹੈ ਅਤੇ ਮਨੁੱਖ ਨੂੰ ਇਸ ਸੱਪ ਤੋਂ ਮੁਕੰਤ ਵਾਰ ਵਾਰ ਕਹਿਣੇ ਹੀ ਛੁਡਾਇਆ ਜਾ ਸਕਦਾ ਹੈ।"[3]

ਬਿਮਾਰ ਹੋਣ ਉਪਰੰਤ ਜਿਸ ਤਰ੍ਹਾਂ ਤੰਦਰੁਸਤੀ ਲਈ ਡਾਕਟਰ ਰੋਗੀ ਤੋਂ ਕੌੜੀ ਦਵਾਈ ਦੀ ਵਰਤੋਂ ਤੋਂ ਪ੍ਰਹੇਜ਼ ਨਹੀਂ ਕਰਦਾ ਇਸੇ ਤਰ੍ਹਾਂ ਕਬੀਰ ਦੀ ਕਵਿਤਾ ਵਿਚ ਮੌਤ ਦਾ ਕੌੜਾ ਜ਼ਿਕਰ ਵੀ ਮਨੁੱਖ ਦੀ ਸੁੱਖ ਪ੍ਰਾਪਤੀ ਲਈ ਜ਼ਰੂਰੀ ਹੈ। ਉਸਨੇ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨੂੰ ਨੇੜਿਉਂ ਹੋ ਕੇ ਘੋਖਿਆ ਵਾਚਿਆ ਹੈ ਅਤੇ ਇਨ੍ਹਾਂ ਤੋਂ ਛੁਟਕਾਰਾ ਦਿਵਾਉਣ ਲਈ ਮੌਤ ਦੇ ਭੈਅ ਨੂੰ, ਯਾਦ ਨੂੰ ਹਥਿਆਰ ਦੇ ਤੌਰ ਤੇ ਵਰਤਿਆ ਹੈ। ਮਨੁੱਖ ਦੀ ਆਯੂ ਨਿਸ਼ਚਤ ਹੁੰਦੀ ਹੈ। ਪਰ ਉਹ ਇਸ ਸੰਸਾਰ ਵਿਚ ਵਿਚਰਦਿਆਂ ਆਪਣੇ ਆਪ ਨੂੰ ਅਮਰ ਸਮਝਣ ਲੱਗ ਜਾਂਦਾ ਹੈ। ਕਬੀਰ ਜੀ ਉਸਨੂੰ ਮੌਤ ਦੀ ਯਾਦ ਦਿਲਾਉਂਦੇ ਹੋਏ ਅਸਲ ਰਸਤੇ ਦੀ ਪ੍ਰੇਰਣਾ ਦਿੰਦੇ ਹਨ:-

---

1. ਡਾ. ਅਤਰ ਸਿੰਘ, ਸਮਦਰਸ਼ਨ, ਪੰਨਾ 91
2. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਭਗਤ ਕਬੀਰ ਜੀਵਨ, ਸਮਾਂ ਅਤੇ ਰਚਨਾ, ਪੰਨਾ 239
3. ਉਹੀ, ਪੰਨਾ 240

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥[1]

ਅਤੇ

ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥[2]

ਕੋਠੇ ਮੰਡਪ, ਮਾੜੀਆਂ ਇਹ ਸਭ ਮਨੁੱਖੀ ਸ਼ੌਂਕਾਂ ਤੇ ਲਾਲਸਾਵਾਂ ਦਾ ਪ੍ਰਤੀਕ ਹਨ। ਅੰਤ ਸਮੇਂ ਸਹਾਇਕ ਨਹੀਂ ਹੁੰਦੀਆਂ, ਪਰ ਮਨੁੱਖ ਇਨ੍ਹਾਂ ਵਿੱਚ ਫਸਕੇ ਐਸ਼ ਤੇ ਅਭਿਮਾਨ ਦਾ ਸ਼ਿਕਾਰ ਹੋ ਜਾਂਦੇ ਹਨ। ਫਰੀਦ ਜੀ ਇਸ ਤਰ੍ਹਾਂ ਸਮਝਾਉਂਦੇ ਹਨ:-

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥[3]
ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥[4]

ਇਸ ਤਰ੍ਹਾਂ ਫਰੀਦ ਬਾਣੀ ਵਿੱਚ ਦੁੱਖ ਦਾ ਕਾਰਣ ਮੌਤ ਨਹੀਂ ਬਲਕਿ ਇਸ ਦੇ ਕਾਰਣ ਹੋਰ ਦੱਸੇ ਹਨ। ਡਾ. ਨਾਨਾ ਸਿੰਘ ਬੇਦੀ ਨੇ ਲਿਖਿਆ ਹੈ:-

"ਮੌਤ ਫਰੀਦ ਬਾਣੀ ਵਿੱਚ ਦੁਖ ਕੇਵਲ ਵਿਛੂ ਹੈ ਜਿਸ ਦੇ ਇਕ ਪਾਸੇ ਸਰੀਰ ਆਤਮਾ ਹੈ ਤੇ ਦੂਜੇ ਪਾਸੇ ਪਰਲੋਕ ਹੈ, ਜਿਸ ਵਿੱਚ ਰੂਹ ਨੇ ਇਲਾਹੀ ਦਰਬਾਰ ਵਿੱਚ ਜਾ ਪਹੁੰਚਣਾ ਹੈ।"[5]

ਫਰੀਦ ਬਾਣੀ ਵਿੱਚ ਦੁੱਖ ਦਾ ਅਸਲ ਕਾਰਣ ਮਾਨਸੀ ਹੋਂਦ ਦਾ ਟੁੱਟਿਆ ਸੰਤਾਪ ਹੈ ਭਾਵ ਹੋਂਦ ਦਾ ਸੰਤਾਪ ਆਪਣੇ ਆਪ ਵਿੱਚ ਮੂਲ ਕਾਰਣ ਹੈ ਜੋ ਕੇਵਲ ਹੋਰ ਪੂਰੀਆਂ ਨਾਲ ਜੁੜਦਾ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1381
2. ਉਹੀ, ਪੰਨਾ 1382
3. ਉਹੀ, ਪੰਨਾ 1380
4. ਉਹੀ, ਪੰਨਾ 1381
5. ਡਾ. ਨਾਨਾ ਸਿੰਘ ਬੇਦੀ, ਫਰੀਦ ਤੇ ਫਰੀਦ ਬਾਣੀ, ਪੰਨਾ 29

ਹੈ। ਜਿਵੇਂ ਬੁੱਧ ਧਰਮ ਮਾਨਵੀ ਹੋਂਦ ਨੂੰ ਦੁੱਖ ਦਾ ਕਾਰਨ ਮੰਨਦਾ ਹੈ ਇਵੇਂ ਹੀ ਦੂਜੀ ਵਿਚਾਰਧਾਰਾ ਅਨੁਸਾਰ ਮਨੁੱਖ ਦੀ ਹੋਂਦ ਖੁਦ ਹੀ ਦੁੱਖ ਦਾ ਕਾਰਨ ਹੈ ਜੋ ਪ੍ਰਭੂ ਦੇ ਵਿਛੋੜੇ ਵਿਚੋਂ ਪੈਦਾ ਹੁੰਦੀ ਹੈ। ਇਹ ਸਰਾਪ ਕਿਸੇ ਪ੍ਰਕਾਰ ਕਰਮਾਂ ਦੀ ਸਜ਼ਾ ਬਣੀ ਹੈ। ਜਿਸਦੀ ਦੇਰ ਤੱਕ ਦੂਰ ਹੋਂਦ ਦੀ ਸਥਿਤੀ ਵਿੱਚ ਹੀ ਦੁੱਖ ਦੁਖਾਂਤਕ ਹੋਣਾ ਬਣਦਾ ਹੈ। ਡਾ. ਅਤਰ ਸਿੰਘ ਲਿਖਦੇ ਹਨ:-

> "ਫਰੀਦ ਦੀ ਕਵਿਤਾ ਵਿੱਚ ਪੰਜਾਬੀ ਲੋਕ ਮਨ ਪਹਿਲੀ ਵਾਰ ਮਨੁੱਖੀ
> ਅਸਤਿਤਵ ਦੇ ਜਨਮ ਦੀ ਪੀੜ ਨਾਲ ਰੂਸ਼ਨਾਸ ਹੋਇਆ ਹੈ।"[1]

ਫਰੀਦ ਜੀ ਨੇ ਇਸ ਹੋਂਦ ਦੇ ਸੰਤਾਪ ਨੂੰ ਅਨੇਕਾਂ ਸ਼ਲੋਕਾਂ ਵਿੱਚ ਪ੍ਰਗਟਾਇਆ ਹੈ। ਆਪ ਜੀ ਨੇ ਲਿਖਿਆ ਹੈ:-

> ਫਰੀਦਾ ਜਿਤੁ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
> ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥[2]

ਉਕਤ ਸ਼ਲੋਕ ਵਿੱਚ ਸਮਾਜ ਦੀ ਹੋਂਦ ਨੂੰ ਮੂਲ ਦੁੱਖ ਵਜੋਂ ਸਵੀਕਾਰ ਕੀਤਾ ਹੈ। ਮਾਨਵੀ ਜੀਵਨ ਪ੍ਰਾਪਤ ਹੋ ਜਾਣ ਤੋਂ ਪਸ਼ਚਾਤ ਹੀ ਉਸ ਨੂੰ ਇਸ ਜਿਉਂਦੇ ਵਸਦੇ ਸੰਸਾਰ ਵਿਚ ਵਿਚਰਨਾ ਹੈ ਅਤੇ ਇਹ ਵਿਚਰਣ ਸਥਿਤੀ ਹੀ ਦੁਖਾਂਤਕਹੋਣੀਆਂ ਦਾ ਰੂਪ ਧਾਰਦੀ ਹੈ, ਜਦੋਂ ਮਨੁੱਖ ਸੰਸਾਰਕ ਵਸਤਾਂ ਵਿੱਚ ਹੀ ਗ੍ਰਸਿਤ ਹੋ ਕੇ ਰਹਿ ਜਾਂਦਾ ਹੈ। ਇਨ੍ਹਾਂ ਵਸਤੂਆਂ ਨਾਲ ਮੋਹ ਉਸਦੇ ਪਰਮਾਤਮਾ ਮਿਲਾਪ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਇਸ ਦੁਨੀਆਂ ਵਿੱਚ ਕੂੜੇ ਮਾਣ ਹੰਕਾਰ ਵਿੱਚ ਹੀ ਰੁਲਿਆ ਫਿਰਦਾ ਹੈ, ਅੰਤ ਸਮਾਂ ਯਾਦ ਨਹੀਂ ਕਰਦਾ ਕਿ ਆਖਰ ਤਾਂ ਸਰੀਰ ਨੇ ਮਿੱਟੀ ਹੀ ਹੋਣਾ ਹੈ। ਆਪ ਲਿਖਦੇ ਹਨ:-

> ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
> ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥[3]

---

1. ਡਾ. ਅਤਰ ਸਿੰਘ, ਸਮਦਰਸ਼ਨ, ਪੰਨਾ 93
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1381
3. ਉਹੀ, ਪੰਨਾ 1379

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥[1]

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥[2]

ਅਤੇ

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥[3]

ਇਸ ਤਰ੍ਹਾਂ ਪਹਿਲਾ ਦੁੱਖ 'ਮੋਹ' ਵਿੱਚ ਅਤੇ ਲਾਲਚ ਦੇ ਨਾਤੇ ਦੁੱਖ 'ਲੋਭ' ਵਿਚ ਹਨ। ਮਨੁੱਖ ਦਾ ਸੰਸਾਰ ਵਿਚ ਮੋਹ ਹੀ ਦੁੱਖਾਂ ਦਾ ਕਾਰਨ ਬਣਦਾ ਹੈ।

ਮਨੁੱਖ ਆਪਣੇ ਅਸਲੇ ਨਾਲੋਂ ਵਿਛੜਿਆ ਹੋਇਆ ਹੈ। ਹਰ ਵਿਯੋਗੀ ਰੂਹ ਆਪਣੇ ਅਸਲੇ ਲਈ ਤੜਪਦੀ ਹੈ। ਇਹ ਤੜਪਦੀ ਰੂਹ ਵਿਛੋੜੇ ਦੀ ਅਗਨੀ ਦੇ ਆਰਪਾਰ ਫੈਲੀ ਹੋਈ ਹੈ। ਦੁੱਖ ਦਾ ਇਹ ਰੂਪ ਵੈਰਾਗ ਅਤੇ ਬਿਰਹਾ ਦੀ ਅਗਨੀ ਦੇ ਰੂਪ ਵਿੱਚ ਪੇਸ਼ ਹੋਇਆ ਹੈ। ਹੇਠ ਲਿਖੇ ਸ਼ਲੋਕ ਵਿੱਚ ਵਿਯੋਗ ਅਤੇ ਪੀੜਾ ਦੋਵਾਂ ਦਾ ਸੰਕੇਤ ਮਿਲਦਾ ਹੈ:-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥[4]

ਅਧਿਆਤਮਕ ਖੇਤਰ ਵਿੱਚ ਵਿਯੋਗ ਮਨੁੱਖ ਲਈ ਅਸਹਿ ਦੁੱਖ ਦਾ ਕਾਰਣ ਮੰਨਿਆ ਹੈ। ਪੰਚਮ ਪਾਤਸ਼ਾਹ ਨੇ ਆਸਾ ਰਾਗ ਵਿਚ ਲਿਖਿਆ ਹੈ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1379
2. ਉਹੀ
3. ਉਹੀ, ਪੰਨਾ 1380
4. ਉਹੀ, ਪੰਨਾ 1379

ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥
ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ ॥[1]

ਆਪ ਨੇ ਰਾਗ ਮਾਝ ਵਿੱਚ ਵਿਛੋੜੇ ਦੀ ਹਾਲਤ ਨੂੰ ਇਵੇਂ ਵਰਣਨ ਕੀਤਾ ਹੈ:-

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥[2]

ਫ਼ਰੀਦ ਬਾਣੀ ਵਿੱਚ ਵਿਛੋੜਾ ਦੁੱਖ ਦਾ ਕਾਰਣ ਤਾਂ ਅਵੱਸ਼ ਮੰਨਿਆ ਗਿਆ ਹੈ ਪਰ ਨਾਲ ਹੀ ਇਸ ਵਿਛੋੜੇ ਨੂੰ ਪ੍ਰਭੂ ਮਿਲਾਪ ਦਾ ਆਧਾਰ ਵੀ ਮੰਨਿਆ ਹੈ। ਭਾਵ ਜਿਸ ਅੰਦਰ ਵਿਛੋੜੇ ਦਾ ਦੁੱਖ ਨਹੀਂ, ਉਹ ਮਨੁੱਖੀ ਸਰੀਰ ਮਸਾਣ ਦੇ ਸਮਾਨ ਹੈ। ਜੇ ਪ੍ਰਭੂ ਪ੍ਰੀਤ ਬਣੀ ਰਹੇ ਤਾਂ ਜੁਆਨੀ ਦੇ ਢਲ ਜਾਣ ਦਾ ਕੋਈ ਫ਼ਿਕਰ ਨਹੀਂ। ਬਾਬਾ ਫ਼ਰੀਦ ਆਪਣੇ ਇਸ ਕਥਨ ਦੀ ਪੁਸ਼ਟੀ ਇਸ ਸਲੋਕ ਰਾਹੀਂ ਕਰਦੇ ਹਨ:-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[3]

ਅਤੇ

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥[4]

ਬਿਰਹਾ ਨੂੰ ਅਸਲ ਵਿੱਚ ਫ਼ਰੀਦ ਜੀ ਨੇ ਸੁਲਤਾਨ ਤੱਕ ਮੰਨਿਆ ਹੈ। ਵਿਯੋਗ ਦੀ ਪੀੜਾ ਸਾਧਾਰਨ ਰੂਪ ਵਿਚ ਦੁੱਖ ਦਾ ਚਿੰਨ੍ਹ ਹੈ, ਪਰ ਇਸੇ ਪੀੜਾ ਦੇ ਅੰਤਮ ਰੂਪ ਵਿੱਚ ਮਨੁੱਖ ਨੂੰ ਪ੍ਰੀਤਮ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 375
2. ਉਹੀ, ਪੰਨਾ 96
3. ਉਹੀ, ਪੰਨਾ 1379
4. ਉਹੀ

ਦੇ ਵਿਛੜਨ ਨਾਲ ਜੋੜਦਾ ਹੈ। ਇਸ ਸਥਿਤੀ ਵਿਚ ਵਿਛੋੜਾ ਦੁੱਖ ਵੀ ਹੈ ਤੇ ਨਾਲ ਹੀ ਵਿਛੋੜਾ ਵਿਛੜਨ ਦਾ ਪ੍ਰਤੀਕ ਵੀ ਹੈ। ਫਰੀਦ ਜੀ ਦੇ ਬਹੁਤ ਸਾਰੇ ਸਲੋਕ ਵਿਛੋੜੇ ਦੇ ਪੈਦਾ ਹੋਏ ਵਾਲੇ ਦੁੱਖ ਨਾਲ ਸੰਬੰਧਤ ਹਨ। ਉਦਾਹਰਣ ਵਜੋਂ ਇਸ ਦੁਖਾਂਤਕ ਸਥਿਤੀ ਨੂੰ ਹੇਠ ਲਿਖੇ ਸਲੋਕਾਂ ਵਿੱਚ ਵੇਖ ਸਕਦੇ ਹਾਂ:-

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥
ਧਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ ॥[1]

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥[2]

ਫਰੀਦਾ ਦੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥[3]

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥[4]

ਫਰੀਦ ਜੀ ਨੇ ਮਨੁੱਖ ਦੀ ਇਕੱਲਤਾ ਵੀ ਦੂਸਰੇ ਦੁੱਖ ਦਾ ਕਾਰਣ ਕਹੀ ਹੈ। ਹਰ ਅਧਿਆਤਮਵਾਦੀ ਚਿੰਤਨ ਵਿੱਚ ਮਨੁੱਖ ਦੀ ਇਕੱਲਤਾ ਦੂਸਰੇ ਦੁੱਖ ਦਾ ਕਾਰਣ ਬਣੀ ਹੈ। ਦਰਅਸਲ ਇਹ ਇਕੱਲਤਾ ਵਿਛੋੜੇ ਦਾ ਹੀ ਪ੍ਰਤਿਬਿੰਬ ਹੈ। ਦੁੱਖ ਇਸ ਗੱਲ ਵਿੱਚ ਹੈ ਕਿ ਹਰੇਕ ਸਥਿਤੀ ਵਿੱਚ ਮਨੁੱਖ ਇਕੱਲਾ ਹੈ। ਇਹ ਇਕੱਲਤਾ ਇਕ ਤਰ੍ਹਾਂ ਦਾ ਡਰ ਵੀ ਪੈਦਾ ਕਰਦੀ ਹੈ ਤੇ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378-79
2. ਉਹੀ, ਪੰਨਾ 1379
3. ਉਹੀ, ਪੰਨਾ 1382
4. ਉਹੀ, ਪੰਨਾ 794

ਮਾਨਵੀ ਪ੍ਰਤਿਕ੍ਰਿਆਵਾਂ ਦੀ ਸੋਝੀ ਵੀ ਕਰਾਉਂਦੀ ਹੈ ਕਿ ਮਨੁੱਖ ਆਪਣਿਆਂ ਦਾ ਵਿਛੋੜਾ ਵੀ ਤੇ ਅੰਤ ਸਮੇਂ ਇਸਦੇ ਰੂਪ ਦੀ ਵਿਗੜਿਆਂ ਵੀ ਜਰਨਾ ਹੈ। ਇਨ੍ਹਾਂ ਰਿਸ਼ਤੇਦਾਰਾਂ ਸਾਕਾਂ ਸੰਬੰਧੀਆਂ ਵਿਚੋਂ ਕੋਈ ਵੀ ਅੰਤ ਸਮੇਂ ਸਾਥ ਨਿਭਣ ਦੇ ਸਮਰੱਥ ਨਹੀਂ ਹੁੰਦਾ। ਇਹ ਤਾਂ ਸਭ 'ਜਿਉਂਦੇ ਜੀਆਂ' ਕੰਦਲਾਂ ਖੇਡ ਲਿਖਾਰਿਆਂ ਸੰਗੀਆਂ ਹਨ। ਫਰੀਦ ਜੀ ਨੇ ਲਿਖਿਆ ਹੈ:-

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥[1]

ਇਕੱਲਤਾ ਨੂੰ ਵਿਸ਼ੇਸ਼ ਹੀ ਮਹੱਤਤਾ ਨਾਲ ਸ਼ੇਖ ਫਰੀਦ ਨੇ ਇਉਂ ਲਿਖਿਆ ਹੈ:-

ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥[2]

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥[3]

ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥[4]

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥[5]

ਮਨੁੱਖ ਇਸ ਸੰਸਾਰ ਵਿਚ ਸਾਰਤੱਤ ਰੂਪ ਤੋਂ ਇਕੱਲਾ ਹੈ। ਅਧਿਆਤਮਵਾਦੀ ਚਿੰਤਨ ਵਿਚ ਜਿੰਨੀ ਦੇਰ ਮਨੁੱਖ ਇਕੱਲਤਾ ਦੇ ਦੁੱਖ ਵਿਚੋਂ ਨਹੀਂ ਗੁਜ਼ਰਦਾ, ਉਨੀ ਦੇਰ ਤੱਕ ਰੱਬੀ ਪ੍ਰੀਤ ਦਾ ਦਰਵਾਜ਼ਾ ਪ੍ਰਾਪਤ ਨਹੀਂ ਹੋ ਸਕਦਾ। ਇਕੱਲਤਾ ਆਪਣੇ ਆਪ ਵਿਚ ਮਾਰਗੀ ਸੋਝੀ ਹੈ ਕਿ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378
2. ਉਹੀ, ਪੰਨਾ 1382
3. ਉਹੀ, ਪੰਨਾ 794
4. ਉਹੀ, ਪੰਨਾ 1381
5. ਉਹੀ, ਪੰਨਾ 1384

ਪ੍ਰਭੂ ਬਿਨ੍ਹਾਂ ਇਸ ਨਾਸ਼ਵਾਨ ਸੰਸਾਰ ਵਿੱਚ ਮਨੁੱਖ ਦਾ ਹੋਰ ਕੋਈ ਸੰਗੀ ਸਾਥੀ ਨਹੀਂ। ਗੁਰੂ ਸਾਹਿਬ ਜੀ ਮਨੁੱਖ ਦੀ ਇਕੱਲ ਸਥਿਤੀ ਨੂੰ ਇਨ੍ਹਾਂ ਸ਼ਬਦਾਂ ਵਿਚ ਚਿਤਰਦੇ ਹਨ:-

ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ॥
ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ॥[1]

ਨਾਠੀ ਮਾਈ ਨਾ ਕੋ ਬਾਪੁ॥
ਨਾਮ ਧਨੀਕ ਨੂੰ ਹੈ ਸਤਿ ਜਾਪੁ॥[2]

ਉਪਰੋਕਤ ਤੁਕਾਂ ਵਿੱਚ ਜੀ ਵਿਸ਼ੇਸ਼ਤਾਵਾਂ ਸੰਬੰਧਾਂ ਦੇ ਝੂਠੇ ਸੰਬੰਧ ਨੂੰ ਪ੍ਰਗਟਾ ਕੇ ਮਨੁੱਖ ਨੂੰ ਉਸਦੀ ਇਕੱਲਤਾ ਦਾ ਅਹਿਸਾਸ ਕਰਾਇਆ ਹੈ। ਇਸ ਇਕੱਲਤਾ ਦਾ ਸਮਾਧਾਨ ਪ੍ਰਭੂ ਸਿਮਰਨ ਤੋਂ ਬਾਅਦ ਹੀ ਨਾਮ ਦੇ ਸਰੂਪ ਵਿਚ ਮਿਲਦਾ ਹੈ।

ਕਬੀਰ ਜੀ ਨੇ ਨਾਮ ਦੀ ਨਿਰੰਤਰ ਕਰੀ ਵਿਚੋਂ ਪੈਦਾ ਹੋਣ ਵਾਲੀ ਨਿਰਧਨ ਤੇ ਨਿਆਸਰੀ ਸਰੀਰਕ ਅਵਸਥਾ ਅੰਦਰ ਉਪਜੇ ਦੁੱਖ ਦਾ ਵੀ ਜ਼ਿਕਰ ਕੀਤਾ ਹੈ। ਨਾਮ ਦਾ ਨਿਰੰਤਰ ਜਪਣ ਸਾਡਾ ਇਕ ਅਜਿਹੀ ਸ਼ਕਤੀ ਹੈ ਜੋ ਧਨ ਨੂੰ ਨਿਰਧਨ ਕਰਦੀ ਹੈ, ਸ਼ਕਤੀ ਨੂੰ ਸ਼ਕਤੀਹੀਣ ਕਰਦੀ ਹੈ। ਨਾਮ ਵਿੱਚ ਲਿਵ ਮਨੁੱਖ ਜਦੋਂ ਦੇਹ ਨੂੰ ਨਿਆਸਰੀ ਸਥਿਤੀ ਵਿਚ ਦੇਖਦਾ ਹੈ ਤਾਂ ਇਹ ਸਥਿਤੀ ਆਪਣੇ ਆਪ ਦੁੱਖ ਦਾ ਅਹਿਸਾਸ ਕਰਾਉਂਦੀ ਹੈ। ਕਬੀਰ ਨੇ ਲਿਖਿਆ ਹੈ:-

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥
ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥
ਸੋ ਦਿਨੁ ਆਵਨ ਲਾਗਾ॥
ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 609
2. ਉਹੀ, ਪੰਨਾ 188
3. ਉਹੀ, ਪੰਨਾ 691-92

ਡਾ. ਅਤਰ ਸਿੰਘ ਲਿਖਦੇ ਹਨ:-

> "ਮਨੁੱਖ ਦਾ ਇਹ ਘੋਰ ਦੁਖਾਂਤ ਰੂਪ ਭਾਵ ਹੈ, ਮੌਤ ਦੇ ਅਰਥਾਂ ਦੇ ਨੇੜੇ ਤੇੜੇ ਚਲਾ ਜਾਂਦਾ ਹੈ। ਮੌਤ ਕੇਵਲ ਵਿਅਕਤਿਤਵ ਦੇ ਖੁਰਣ ਦੀ ਸੂਰਤ ਵਿੱਚ ਨਹੀਂ, ਸਗੋਂ ਉਸ ਵਿਆਪਕ ਸੂਰਤ ਵਿੱਚ ਹੈ, ਜਿਵੇਂ ਰੂਪ ਹਰ ਜਿਊਂਦੀ ਵਸਤੂ ਵਿਚ ਵਿਦਮਾਨ ਹੈ, ਮਿਠਾਸ ਤੋਂ ਜ਼ਹਿਰ ਵਿਚ ਵਟਾਉਂਦੀ, ਸੁਹਜ ਤੋਂ ਕੁਹਜ ਵਿੱਚ, ਪਵਿੱਤਰਤਾ ਤੋਂ ਅਪਵਿੱਤਰਤਾ ਵਿੱਚ ਜੋਬਨ ਦੇ ਚਾਅ ਤੋਂ ਘਾਟੇ ਦੀ ਹਾਰ ਵਿੱਚ ਅਤੇ ਜਵਾਨੀ ਤੋਂ ਬੁਢੇਪੇ ਵਿਚ। ਜੋਬਨ ਦਾ ਤਾਂ ਕੇਵਲ ਭਰਮ ਕਲਪਨਾ ਜਿਹਾ ਹੀ ਫੈਲਦਾ ਹੈ, ਜੋ ਦਿੱਸਦੀ ਹੈ ਤਾਂ ਚਾਰੇ ਪਾਸੇ ਮੌਤ ਹੀ ਮੌਤ।"[1]

ਫਰੀਦ ਜੀ ਨੇ ਮਨੁੱਖ ਨੂੰ ਕਾਲ ਦੀ ਪ੍ਰਬਲਤਾ ਬਾਰੇ ਬਾਰ ਬਾਰ ਸੰਕੇਤ ਕੀਤੇ ਹਨ ਕਿ ਕਾਲ ਵਿੱਚ ਪਈ ਹਰ ਵਸਤੂ ਆਪਣੇ ਅੰਤ ਵੱਲ ਵੱਧਦੀ ਹੈ। ਕਾਲ ਵਿਚ ਗੁਜ਼ਰਨਾ ਨਿਰੰਤਰ ਮੌਤ ਦੇ ਨੇੜੇ ਆਉਣਾ ਹੈ। ਜਿਸ ਨੂੰ ਕਾਲ ਦੀ ਨਸ਼ਵਰਤਾ ਬਾਰੇ ਗਿਆਨ ਨਹੀਂ, ਉਹ ਹੀ ਭਰਮ ਵਿਚ ਅਗਿਆਨੀ ਹੈ। ਆਪਣੇ ਵਿਚਾਰਾਂ ਦੀ ਸਚਿੱਤਰੀ ਵਰਣਨ ਕਰਦੇ ਹੋਏ ਫਰੀਦ ਜੀ ਇਉਂ ਲਿਖਦੇ ਹਨ:-

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥[2]

ਅਤੇ

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥[3]

---

1. ਡਾ. ਅਤਰ ਸਿੰਘ, ਸਮਦਰਸ਼ਨ, ਪੰਨਾ 97
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1383
3. ਉਹੀ, ਪੰਨਾ 488

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥[1]

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ ॥[2]

ਨਾਸ਼ ਤਾਂ ਹਰ ਦਾ ਵਿਆਪਕ ਵੈਗਿਆ ਸਚ ਹੈ। ਜਿਸ ਨਾਲ ਹਰ ਪਾਸੇ ਪਰਿਵਰਤਨ ਆ ਰਿਹਾ ਹੈ। ਇਹ ਪਰਿਵਰਤਨ ਸਰੀਰਕ ਪੱਧਰ ਤੇ ਹੋ ਸਕਦਾ ਹੈ ਜਾਂ ਸਰੀਰਕ ਨਿਰਬਲਤਾ ਦੀ। ਹੇਠ ਲਿਖੇ ਸ਼ਲੋਕਾਂ ਵਿਚ ਫਰੀਦ ਨੇ ਨਾਸ਼ ਵਿੱਚ ਪੈਦਾ ਹੋਣ ਵਾਲੀ ਨਿਆਸਰੀ ਦੁਖਾਂਤਕ ਸਥਿਤੀ ਦੀ ਸੰਕੇਤ ਕੀਤਾ ਹੈ:-

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥[3]

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥[4]

ਦੇਖੁ ਫਰੀਦਾ ਜਿ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥[5]

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥[6]

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥[7]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 488
2. ਉਹੀ, ਪੰਨਾ 1382
3. ਉਹੀ, ਪੰਨਾ 1381
4. ਉਹੀ, ਪੰਨਾ 1378
5. ਉਹੀ, ਪੰਨਾ 1378
6. ਉਹੀ, ਪੰਨਾ 1380
7. ਉਹੀ, ਪੰਨਾ 1378

ਇਨ੍ਹਾਂ ਸਾਰੇ ਸਰੀਰਾਂ ਵਿੱਚ ਨਾਨਾ ਪਰਕਾਰ ਰੂਪ ਵਿਚ ਵਿਦਮਾਨ ਹੈ।

ਫ਼ਰੀਦ ਨੇ ਦੁੱਖ ਨੂੰ ਨੈਤਿਕਤਾ ਦੇ ਸੰਦਰਭ ਨਾਲ ਜੋੜਿਆ ਹੈ। ਉਸ ਨੇ ਦੁੱਖ ਦਾ ਸਮਾਧਾਨ ਮਾਨਵੀ ਮੁੱਲਾਂ ਨੂੰ ਅਪਣਾਉਣ ਵਿੱਚ ਦੱਸਿਆ ਹੈ। ਅਰਥਾਤ ਜਿੰਨੀ ਦੇਰ ਤੱਕ ਮਨੁੱਖ ਨੈਤਿਕ ਰੂਪ ਵਿਚ ਸ਼ੁੱਧ ਨਹੀਂ ਹੁੰਦਾ, ਉਨੀ ਦੇਰ ਤੱਕ ਮਨੁੱਖ ਦੇ ਦੁੱਖ ਦੇ ਪਸਾਰ ਪਸਰੇ ਰਹਿਣਗੇ। ਹੁਣ ਇਹ ਵਾਚਣਾ ਹੈ ਕਿ ਫ਼ਰੀਦ ਨੇ ਨੈਤਿਕ ਰੂਪ ਵਿੱਚ ਸ਼ੁੱਧ ਹੋਣ ਲਈ, ਪ੍ਰਭੂ ਮਿਲਨ ਲਈ ਮਨੁੱਖ ਨੂੰ ਕਿਹੜੇ ਕਿਹੜੇ ਸੁਝਾਉ ਦਿੱਤੇ ਹਨ:-

ਫ਼ਰੀਦ ਬਾਣੀ ਵਿੱਚ ਵਸਤੂ ਜਗਤ ਦਾ ਮੋਹ ਤਿਆਗਣ ਦਾ ਉਪਦੇਸ਼ ਹੈ। ਵਸਤੂ ਜਗਤ ਨੂੰ ਤਿਆਗਣਾ ਹੀ ਪ੍ਰਭੂ ਦੇ ਮੇਲ ਨਾਲ ਜੁੜਨਾ ਹੈ। ਫ਼ਰੀਦ ਜੀ ਮੋਹ ਮਾਇਆ ਵਿਚ ਗ੍ਰਸਤ ਮਨੁੱਖ ਨੂੰ ਮੁਕਤੀ ਦਾ ਅਧਿਕਾਰ ਨਹੀਂ ਸਮਝਦੇ ਕਿਉਂਕਿ ਵਿਕਾਰਾਂ, ਵਿਸ਼ਿਆਂ, ਭੋਗਾਂ ਦੀ ਪ੍ਰਵਿਰਤੀ ਲਈ ਮਨੁੱਖ ਅਨੇਕਾਂ ਅਪਰਾਧ, ਧੋਖੇ, ਭੈੜੇ ਤੇ ਕਲੇਸ਼ ਭਰਪੂਰ ਕੰਮ ਕਰਦਾ ਹੈ, ਜਿਨ੍ਹਾਂ ਕਾਰਣ ਇਹ ਸੰਸਾਰ ਦੁੱਖ ਦੀ ਖਾਣ ਬਣ ਗਿਆ ਹੈ। ਪਰ ਜਿਹੜੇ ਪ੍ਰਭੂ ਨਾਮ ਵਿੱਚ ਲੀਨ ਹਨ ਉਨ੍ਹਾਂ ਨੂੰ ਕੋਈ ਬਿਪਤ ਨਹੀਂ ਆਉਂਦੀ:-

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ॥
ਜੋ ਜਨ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ॥[1]

ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਮਾਨਵ ਨੂੰ ਲੋਭ ਨੂੰ ਤਿਆਗਣ ਦੀ ਪ੍ਰੇਰਣਾ ਦਿੱਤੀ ਹੈ। ਲੋਭ ਇਕ ਮਹਾਨ ਔਗੁਣ ਹੈ ਜਿਹੜਾ ਦੁਖ ਰੋਗ ਦੇ ਵਿਤਕਰੇ ਪੈਦਾ ਕਰਨ ਦਾ ਜ਼ਿੰਮੇਵਾਰ ਹੈ। ਫ਼ਰੀਦ ਜੀ ਇਸਦਾ ਤਿਆਗ ਅਨਿਵਾਰੀ ਦੱਸਦੇ ਹਨ। ਇਸ ਦੇ ਹੁੰਦਿਆਂ ਆਪਾ ਸ਼ੁੱਧ ਨਹੀਂ ਹੋ ਸਕਦਾ, ਅਰਥਾਤ ਪ੍ਰਭੂ ਨਾਲ ਇਕਮਿਕ ਨਹੀਂ ਹੋਇਆ ਜਾ ਸਕਦਾ। ਇਸ ਲਈ ਫ਼ਰੀਦ ਜੀ ਨੇ ਸਬਰ ਦਾ ਗੁਣ ਗ੍ਰਹਿਣ ਕਰਨ ਦੀ ਸਿਫਾਰਸ਼ ਕੀਤੀ ਹੈ। ਸਬਰ ਦਾ ਗੁਣ ਧਾਰਣ ਉਪਰੰਤ ਉਹ ਆਤਮਿਕ ਵਿਕਾਸ ਕਰਕੇ ਰੱਬੀ ਸੰਜੋਗ ਪ੍ਰਾਪਤ ਕਰਦਾ ਹੈ। ਉਨ੍ਹਾਂ ਨੇ ਕਿਹਾ ਹੈ:-

ਸਬਰ ਇਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥[2]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382
2. ਉਹੀ, ਪੰਨਾ 1384

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥[1]

ਸਬਰੁ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥[2]

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥[3]

"ਬਾਬਾ ਫਰੀਦ ਜੀਵਨ, ਸਮਾਂ ਤੇ ਰਚਨਾ" ਵਿਚ ਲਿਖਿਆ ਹੈ:-

"ਸਬਰ ਕੁਰਾਨ ਸ਼ਰੀਫ਼ ਜਾਂ ਸੂਫ਼ੀਵਾਦ ਦੀ ਅਮੋਲਕ ਵਸਤੀ। ਸਬਰ ਸ਼ਕਤੀਵਾਨ ਪੁਰਸ਼ ਦੀ ਜੀਵਨ ਸ਼ਕਤੀ ਹੈ। ਇਹ ਐਸਾ ਘਾਟ ਹੈ ਜਿਸਦੀ ਵਿਚੋਂ ਚਾਨਣ ਲਈ ਸਾਰੇ ਹੋਏ ਇਖ਼ਲਾਕੀ ਗੁਣਾਂ ਦੀ ਲੋੜ ਹੈ।"[4]

ਅੱਗੇ ਜਾ ਕੇ ਲਿਖਿਆ ਹੈ:-

"ਪ੍ਰਯੋਜਨ ਸਬਰ ਦਾ ਇਹ ਹੈ ਜੇਕਰ ਸਬਰ ਦੀ ਸਾਧਨਾ ਕਾਫ਼ੀ ਪ੍ਰਬਲ ਹੋ ਕੇ ਇਕ ਖ਼ੁਦ ਸਾਧਨਾ ਬਣ ਕੇ ਇਹ ਰਹਿਣਾ ਬਣ ਜਾਵੇ। ਹੰਕਾਰ ਦੀ ਥਾਂ ਇੱਛ ਰਹਿਤ ਇਕ ਟਿਕਾਅ ਜਿਹਾ ਸੁਖ ਜਾਂ ਟਾਲਾ ਨਾ ਬਣ ਕੇ ਰਹਿ ਜਾਵੇ।"[5]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1381
2. ਉਹੀ, ਪੰਨਾ 1384
3. ਉਹੀ, ਪੰਨਾ 1384
4. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਬਾਬਾ ਫਰੀਦ ਜੀਵਨ ਸਮਾਂ ਤੇ ਰਚਨਾ, ਪੰਨਾ 65
5. ਉਹੀ, ਪੰਨਾ 65

ਫਰੀਦ ਬਾਣੀ ਹਉਮੈ ਨੂੰ ਤਿਆਗਣ ਤੇ ਜ਼ੋਰ ਦਿੰਦੀ ਹੈ। ਹਉਮੈ ਜੋ ਕਿ ਸਭ ਅਵਗੁਣਾਂ ਦਾ ਮੂਲ ਹੈ ਅਤੇ ਗੁਰਬਾਣੀ ਅਨੁਸਾਰ ਦੀਰਘ ਰੋਗ ਵੀ ਹੈ। ਇਸਦਾ ਤਿਆਗ ਕਰਕੇ ਨਿਮਰਤਾ ਦਾ ਗੁਣ ਧਾਰਣ ਕਰਨ ਦੀ ਪ੍ਰੇਰਣਾ ਕਰਦੀ ਹੈ। ਇਹ ਗੁਣ ਆਪੇ ਦੀ ਪਛਾਣ ਕਰਾਉਂਦਾ ਹੈ, ਸਾਈਂ ਨਾਲ ਮੇਲ ਕਰਾਉਂਦਾ ਹੈ। ਫਰੀਦ ਜੀ ਨੇ ਸਮਝਾਇਆ ਹੈ:-

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥[1]

ਫਰੀਦ ਜੀ ਨੇ ਨਿਮਰਤਾ, ਮਿਠਾਸ ਤੇ ਸਹਿਣਸ਼ੀਲਤਾ ਨੂੰ ਪ੍ਰਭੂ ਮਿਲਾਪ ਦਾ ਸਾਧਨ ਦੱਸਿਆ ਹੈ। ਆਪ ਫੁਰਮਾਉਂਦੇ ਹਨ:-

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥[2]

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥[3]

ਫਰੀਦ ਜੀ ਨੇ ਆਪੇ ਦੀ ਪਛਾਣ ਨੂੰ, ਆਪਾ ਸੁਧ ਕਰਨ ਨੂੰ ਸੁੱਖਾਂ ਦਾ ਭੰਡਾਰ ਮੰਨਿਆ ਹੈ। ਆਪੇ ਦੀ ਪਛਾਣ ਉਦੋਂ ਹੀ ਹੋ ਜਾਂਦੀ ਹੈ ਜਦੋਂ ਮਾਨਵ ਔਗੁਣ ਛੱਡਕੇ ਗੁਣਾਂ ਨੂੰ ਧਾਰਣ ਕਰਦਾ ਹੈ ਤੇ ਜਿਸਨੇ ਆਪੇ ਨੂੰ ਪਛਾਣ ਲਿਆ ਉਸਨੂੰ ਸਭੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਆਪ ਲਿਖਦੇ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378
2. ਉਹੀ, ਪੰਨਾ 1384
3. ਉਹੀ

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥[1]

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥[2]

ਨੈਤਿਕ ਗੁਣ ਧਾਰਣ ਕਰਨ ਨਾਲ ਆਪੇ ਦੀ ਸੂਝ ਆਪੋਂ ਪ੍ਰਭੂ ਦਾ ਗਿਆਨ, ਰੱਬੀ ਜੋਤ ਦੇ ਮਨ ਵਿਚ ਪ੍ਰਕਾਸ਼ਮਾਨ ਹੋ ਜਾਣ ਨਾਲ ਪ੍ਰਤੱਖ ਹੋ ਜਾਂਦਾ ਹੈ। ਫਿਰ ਪ੍ਰਭੂ ਦੀ ਯਾਦ ਲਗਾਤਾਰ ਬਣਦੀ ਰਹਿਣ ਨਾਲ ਧਿਆਨ ਆਕਰਸ਼ਿਤ ਹੋ ਜਾਂਦਾ ਹੈ। ਫਰੀਦ ਸਾਂਈਂ ਜੀ ਨੇ ਲਿਖਿਆ ਹੈ ਕਿ ਉਹ ਮਾਨਵ "ਅਕਲਿ ਲਤੀਫੁ" ਹੋ ਸਕਦਾ ਹੈ ਜੋ ਆਪਣੇ ਗੁਨਾਹਾਂ ਨੂੰ ਆਪਣੇ ਅੰਦਰ ਝਾਤੀ ਮਾਰਕੇ ਵੇਖਦਾ ਹੈ:-

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥[3]

ਫਰੀਦ ਨੇ ਮਨ ਦੀ ਸੁੱਧੀ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਸਮਝਾਇਆ ਹੈ ਕਿ ਮਾੜੇ ਕੰਮਾਂ ਦਾ ਫਲ ਚੰਗਾ ਨਹੀਂ ਹੋ ਸਕਦਾ। ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਹੀ ਫਲ ਪ੍ਰਾਪਤ ਕਰਦਾ ਹੈ। ਮੰਦੇ ਕੰਮਾਂ ਕਾਰਨੇ ਹੀ ਦਰਗਾਹ ਵਿੱਚ ਸਜ਼ਾ ਮਿਲਦੀ ਹੈ। ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ:-

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382
2. ਉਹੀ, ਪੰਨਾ 441
3. ਉਹੀ, ਪੰਨਾ 1378
4. ਉਹੀ, ਪੰਨਾ 1380

ਇਸੇ ਲਈ ਫਰੀਦ ਬਾਣੀ ਵਿੱਚ ਈਰਖਾਵਾਦੀਆਂ ਖ਼ਿਮਾ ਕਰਨ ਤੇ ਜ਼ੋਰ ਦਿੱਤਾ ਹੈ। ਸਹਿਣਸ਼ੀਲਤਾ ਦਾ ਗੁਣ ਵਿਸ਼ੇਸ਼ ਤੌਰ ਤੇ ਪ੍ਰਗਟ ਹੋਇਆ ਹੈ। ਜਦ ਮਨੁੱਖ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਤਾਂ ਕੁਦਰਤੀ ਤੌਰ ਤੇ ਸਹਿਣਸ਼ੀਲਤਾ ਦਾ ਗੁਣ ਪੈਦਾ ਹੋ ਜਾਂਦਾ ਹੈ। ਡਾ. [illegible] ਸਿੰਘ ਬੇਦੀ ਲਿਖਦੇ ਹਨ:-

> "ਤਦ ਤੱਕ ਮਨੁੱਖ ਕਿਸੇ ਦੀ ਗੱਲ ਝੱਲਣ ਲਈ ਤਿਆਰ ਨਹੀਂ ਹੁੰਦਾ ਜਦ ਤੱਕ ਉਸ ਵਿੱਚ ਖ਼ੁਦੀ ਦਾ ਭਾਵ ਕਾਇਮ ਰਹਿੰਦਾ ਹੈ। ਜਿਸ ਵੇਲੇ ਉਸ ਦੇ ਮਨ ਵਿੱਚ ਇਹ ਭਾਵ ਦ੍ਰਿੜ੍ਹ ਹੋ ਜਾਂਦਾ ਹੈ ਕਿ ਪ੍ਰਮਾਤਮਾ ਸਭ ਦੇ ਵਿੱਚ ਵਸਿਆ ਹੋਇਆ ਹੈ, ਤਦ ਉਹ ਫੇਰ ਕਿਸੇ ਦੇ ਵਿਰੁੱਧ ਕੁਆਖਣ ਦੀ ਕੋਸ਼ਿਸ਼ ਨਹੀਂ ਕਰਦਾ।"[1]

ਫਰੀਦ ਜੀ ਇਹ ਸਿੱਖਿਆ ਦਿੰਦੇ ਹਨ ਕਿ ਜੇ ਸੁੱਖ ਪ੍ਰਾਪਤ ਕਰਨਾ ਹੈ ਤਾਂ ਮਨ ਵਿੱਚੋਂ ਦ੍ਵੈਤ ਭਾਵ, ਵੈਰ ਭਾਵ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਆਪ ਨੇ ਲਿਖਿਆ ਹੈ:-

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥[2]

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥[3]

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥[4]

ਫਰੀਦ ਜੀ ਨੇ ਗੁੱਸੇ ਦੀ ਭਾਵਨਾ ਨੂੰ ਵੀ ਤਿਆਗਣ ਤੇ ਜ਼ੋਰ ਦਿੱਤਾ ਹੈ। ਬੁਰੇ ਲੋਕਾਂ ਦੀ ਭਲਾਈ ਕਰਨ ਤੇ ਜ਼ੋਰ ਦਿੱਤੇ ਹਨ:-

---

1. ਡਾ. [illegible] ਸਿੰਘ ਬੇਦੀ, ਫਰੀਦ ਤੇ ਫਰੀਦ ਬਾਣੀ, ਪੰਨਾ 24
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1378
3. ਉਹੀ, ਪੰਨਾ 1384
4. ਉਹੀ, ਪੰਨਾ 1384

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥[1]

ਇਸ ਤਰ੍ਹਾਂ ਆਪਾ ਸ਼ੁੱਧ ਹੋਣ ਤੇ ਆਪੇ ਦੀ ਪਛਾਣ ਹੋਣ ਉਪਰੰਤ ਮਨੁੱਖ ਭਗਤੀ ਵਿੱਚ ਜੁੱਟ ਜਾਂਦਾ ਹੈ ਅਰਥਾਤ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਅਤਿ ਲੋੜੀਂਦੇ ਸਾਧਨ ਭਗਤੀ ਵਿੱਚ ਜੁੱਟ ਜਾਂਦਾ ਹੈ। ਭਗਤੀ ਕਰਨ ਨਾਲ ਪ੍ਰਭੂ ਮਿਲਾਪ ਹੁੰਦਾ ਹੈ ਤੇ ਸਾਰੇ ਦੁੱਖ ਦਰਦ ਦੂਰ ਹੋ ਜਾਂਦੇ ਹਨ:-

ਫਰੀਦਾ ਸਾਹਿਬੁ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥[2]

ਇਸੇ ਕਰਕੇ ਫਰੀਦ ਜੀ ਵਾਹਿਗੁਰੂ ਜੀ ਪਾਸੋਂ ਬੰਦਗੀ ਦੀ ਦਾਤ ਮੰਗਦੇ ਹਨ:-

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥[3]

ਬੰਦਗੀ ਕਰਨ ਵਾਲਾ ਇਕ ਨਾ ਇਕ ਦਿਨ ਅਕਾਲਪੁਰਖ ਨਾਲ ਅਭੇਦ ਹੋ ਜਾਂਦਾ ਹੈ। ਉਸਨੂੰ ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਪਰ ਭਗਤੀ ਮਾਰਗ ਤੇ ਕਦਮ ਕਦਮ ਤੇ ਸੰਭਲਣ ਦੀ ਜ਼ਰੂਰਤ ਹੈ। ਫਰੀਦ ਜੀ ਨੇ ਮਨੁੱਖ ਨੂੰ ਸਾਵਧਾਨ ਕੀਤਾ ਹੈ:-

ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹ੍ਹਾਰਿ ਸਵੇਰਾ ॥[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382
2. ਉਹੀ, ਪੰਨਾ 1381
3. ਉਹੀ, ਪੰਨਾ 488
4. ਉਹੀ, ਪੰਨਾ 794

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਮੁਰਸ਼ਦ ਦੀ ਟੇਕ ਲੈਣੀ ਜ਼ਰੂਰੀ ਹੈ। ਸਦਾਚਾਰਕ ਵਿਸ਼ੇਸ਼ਤਾਈ ਤਾਂ ਇਸ ਮਾਰਗ ਤੇ ਚੱਲਦਿਆਂ ਪੈਦਾ ਹੋ ਜਾਂਦਾ ਹੈ। ਡਾ. ਦੀਵਾਨ ਸਿੰਘ ਲਿਖਦੇ ਹਨ:-

> "ਮਨੁੱਖੀ ਆਪੂ ਦੀ ਭੁੱਖ - ਭੁੱਖੀਆਂ ਦੀ ਨਾਸ਼ਮਾਨਤਾ, ਸਰੀਰ ਦੀ ਹੀਣਤਾ ਤੇ ਸੀਮਤਤਾ ਵਿਕਾਰਾਂ ਦਾ ਜੀਵਨ ਉਤੇ ਹਾਨੀਕਾਰਕ ਪ੍ਰਭਾਵ ਅਤੇ ਸੰਸਾਰਕ ਕਾਰ ਵਿਹਾਰ ਅਤੇ ਰੁਚੀਆਂ ਦਾ ਆਤਮਿਕ ਸੂਝ ਉਤੇ ਜੰਜਾਲ ਆਦਿ ਨੂੰ ਵੇਖਦੇ ਮੁਤਾਬਕ ਹੀ ਇਕ ਉੱਚੀ ਸੂਝ ਵਾਲਾ ਮਨੁੱਖ ਬਣਦਾ ਜਾਂਦਾ ਹੈ।"[1]

ਅੱਗੇ ਚੱਲਕੇ ਆਪ ਲਿਖਦੇ ਹਨ:-

> "ਆਤਮਕ ਮਾਰਗ ਬੜਾ ਬਿਖੜਾ ਮਾਰਗ ਹੈ। ਖੰਡੇ ਨਾਲੋਂ ਵੀ ਤਿੱਖਾ ਅਤੇ ਤੇਜ਼ ਧਾਰ ਵਾਲਾ। ਇਸ ਮਾਰਗ ਤੇ ਚੱਲਣ ਲਈ ਕਿਸੇ ਗੁਰੂ ਦੇ ਆਸਰੇ ਦੀ ਲੋੜ ਹੈ। ਗੁਰੂ ਦੀ ਕ੍ਰਿਪਾ ਬਿਨਾਂ ਇਹ ਰਾਹ ਨਹੀਂ ਲੱਭਦਾ।"[2]

ਇਸ ਸੋਚ ਦਾ ਪ੍ਰਗਟਾਵਾ ਫਰੀਦ ਜੀ ਇਸ ਸ਼ਲੋਕ ਰਾਹੀਂ ਕਰਦੇ ਹਨ:-

> ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
> ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥[3]

ਮਨੁੱਖ ਨੂੰ ਭਟਕਦਿਆਂ ਵੇਖਕੇ ਕੋਈ ਗੁਰੂ ਪ੍ਰਕਾਰ ਪ੍ਰਕਾਰ ਦੇ ਸਾਧਨ ਨੂੰ ਸੁਚੇਤ ਕਰਦਾ ਹੈ। ਉਹ ਮਹਾਂ ਉਪਕਾਰੀ, ਪਰਮ ਦਿਆਲੂ ਹੋਣ ਕਰਕੇ ਆਪਣੇ ਸੇਵਕ ਨੂੰ ਦੁੱਖਾਂ ਦੀ ਭੱਠੀ ਵਿੱਚ ਸੜਦਿਆਂ ਵੇਖਕੇ ਜਰ ਨਹੀਂ ਸਕਦਾ। ਉਸਨੂੰ ਅਗਿਆਨਤਾ ਦੀ ਭੱਠੀ ਵਿਚੋਂ ਕੱਢਦਾ ਹੈ। ਉਸ ਤੇ ਭਰੋਸਾ ਰੱਖਿਆਂ ਮਨੁੱਖ ਸੰਸਾਰ ਰੂਪੀ ਸਾਗਰ ਨੂੰ ਤਰ ਜਾਂਦਾ ਹੈ। ਜਦ ਗੁਰੂ ਦੀ ਸਿਮਰਨ ਸਰਨਾ

---

1. ਡਾ. ਦੀਵਾਨ ਸਿੰਘ, ਕਬੀਰ ਦਰਸ਼ਨ, ਪੰਨਾ 56
2. ਉਹੀ, ਪੰਨਾ 60-61
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 488

ਸਭ ਦੁੱਖ, ਰੋਗ, ਕਸ਼ਟ ਨਸ਼ਟ ਹੋ ਜਾਂਦੇ ਹਨ। ਗੁਰਵਾਕ ਹੈ:-

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥[1]

ਆਪ ਸ਼ੇਖ ਫਰੀਦ ਪ੍ਰਭੂ ਭਗਤੀ ਦੇ ਨਾਲ ਨਾਲ ਫਕੀਰ ਜੀ ਸਾਧਨ ਨੂੰ ਰੱਬ ਦੀ ਰਜ਼ਾ ਵਿੱਚ ਰਹਿਣਾ ਅਤਿ ਜ਼ਰੂਰੀ ਸਮਝਦੇ ਹਨ। ਰਜ਼ਾ ਮੰਨਣ ਵਾਲੇ ਦੀ ਆਪਣੀ ਹਸਤੀ ਖ਼ਤਮ ਹੋ ਕੇ ਅਕਾਲ ਪੁਰਖ ਦੀ ਅਟੱਲ ਹਸਤੀ ਨਾਲ ਅਭੇਦ ਹੋ ਜਾਂਦੀ ਹੈ। ਇਸ ਤੋਂ ਇਹ ਭਗਤੀ ਨਿਰੰਤਰ ਹੋ ਕੇ ਚਲਿ ਜਾਂਦੀ ਹੈ। ਫਰੀਦ ਬਾਣੀ ਵਿੱਚ ਰਜ਼ਾ-ਸਬਰ-ਸੰਤੋਖ, ਸ਼ੁਕਰ, ਤੋਕਲ, ਫ਼ਕਰਪੰਥ, ਮੁਰਿਦਸ਼ੁਰਿਦਾਂ ਆਦਿ ਗੁਣਾਂ ਦੇ ਰੂਪ ਵਿੱਚ ਨਜ਼ਰ ਆਉਂਦੀ ਹੈ। ਅਰਥਾਤ ਆਪ ਸ਼ੇਖ ਫਰੀਦ ਇਨ੍ਹਾਂ ਨੈਤਿਕ ਗੁਣਾਂ ਨੂੰ ਅਪਣਾਉਣਾ ਹੀ ਅਤੇ ਇਹੀ ਰਜ਼ਾ ਮੰਨਣਾ ਹੈ। ਡਾ. ਰੋਸ਼ਨ ਸਿੰਘ ਲਿਖਦੇ ਹਨ:-

"ਸੂਫ਼ੀ ਜੀਵਨ ਦੇ ਅਸਲੀ ਨਸ਼ਾਨ-ਪੈੜਾਂ ਵੱਲ ਧਿਆਨ ਮਾਰੀਏ ਤਾਂ ਰਜ਼ਾ ਸਾਨੂੰ ਹੋਰ ਸਭੋਂ ਰੂਪਾਂ ਵਿੱਚ ਨਜ਼ਰ ਆਉਂਦੀ ਹੈ। ਸਬਰ ਸੰਤੋਖ, ਸ਼ੁਕਰ, ਤੋਕਲ, ਫ਼ਕਰਪੰਥ, ਮੁਰਿਦਸ਼ੁਰਿਦਾਂ (ਖਸਮੁ ਗੁਣ), 'ਮਿਠਤ ਨੀਵੀਂ' ਸਭ ਇਸੇ ਦੇ ਵੱਖ ਵੱਖ ਰੂਪ ਹਨ। ਰਜ਼ਾ ਮੰਨਣਾ ਜੀਵਨ ਸਚਾਈ ਹੈ। ਇਹ ਜੀਵਨ ਦੀ ਮੁਢਲੀ ਪਛਾਣ ਅਤੇ ਜੀਵਨ ਢੰਗ ਦੀ ਪ੍ਰਕਰਨ ਸੇਧ ਹੈ। ਅਸਲੀ ਨਿਊਣਾ ਏਸੇ ਦਾ ਹੈ, ਜਿਸਨੇ ਰੱਬ ਦੀ ਰਜ਼ਾ ਮੰਨਕੇ ਆਪਣੀ ਹਉਮੈ ਦਾ ਨਾਸ਼ ਕੀਤਾ ਹੈ।"[2]

ਫਰੀਦ ਬਾਣੀ ਵਿੱਚ ਵੀ ਰੱਬ ਦੀ ਰਜ਼ਾ ਪ੍ਰਤੀ ਤੁਰਨ ਤੇ ਜ਼ੋਰ ਦਿੱਤਾ ਗਿਆ ਹੈ। ਦੁੱਖ-ਸੁੱਖ ਨੂੰ ਇਕ ਸਮਾਨ ਸਮਝਣ ਦੀ ਪ੍ਰੇਰਣਾ ਕੀਤੀ ਹੈ:-

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥[3]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1401
2. ਡਾ. ਰੋਸ਼ਨ ਸਿੰਘ, ਫ਼ਰੀਦ ਦਰਸ਼ਨ, ਪੰਨਾ 98
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1383

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥[1]

ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਫਰੀਦ ਬਾਣੀ ਵਿੱਚ ਦੁੱਖ ਦੀ ਮੂਲ ਸਮੱਸਿਆ ਮਾਨਵੀ ਹੋਂਦ, ਪਸ਼ੂ-ਬਿਰਤੀਆਂ, ਮਨੁੱਖ ਦੀ ਇਕੱਲਤਾ ਅਤੇ ਕਾਲ ਦੀ ਨਸ਼ਵਰਤਾ ਵਿਚੋਂ ਪੈਦਾ ਹੋਈ ਹੈ। ਪਰ ਫਰੀਦ ਬਾਣੀ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਫਰੀਦ ਨੇ ਦੁੱਖ ਨੂੰ ਨੈਤਿਕਤਾ ਦੇ ਸੰਦਰਭ ਨਾਲ ਜੋੜਕੇ ਆਪਾ ਸ਼ੁੱਧ ਕਰਨ ਤੇ ਜੋਰ ਦਿੱਤਾ ਹੈ। ਉਹ 'ਨੈਮਤੇ' ਵਿਸਮਾਦ ਦੀ ਪ੍ਰੇਰਣਾ ਕਰਦਾ ਹੈ ਜਿਨ੍ਹਾਂ ਸਦਕਾ ਸਾਈਂ ਦਰ ਵਿੱਚ ਸ਼ਰਮਿੰਦੇ ਹੋਣਾ ਪਵੇ। ਸੋ ਜੇ ਫਰੀਦ ਬਾਣੀ ਵਿੱਚ ਦੁੱਖ ਦੀ ਸੁਰ ਪ੍ਰਧਾਨ ਹੈ ਤਾਂ ਇਸ ਵਿੱਚ ਸੁੱਖ ਦੇ ਸਾਧਨ ਵੀ ਜੁਟਾਏ ਹਨ।

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1382

## ਪੰਜਵਾਂ ਅਧਿਆਇ

### ਤੈਥੋਂ ਮਹਲੀ ਦੇ ਅਨਦ ਦੇ ਮਹੌਲ ਝੁੱਡ ਝੁੱਡ ਦੇ ਜੀਵਨ ਵਿੱਚ

ਦੁੱਖ ਸੁੱਖ ਮਨੁੱਖੀ ਜੀਵਨ ਦਾ ਜ਼ਰੂਰੀ ਹਿੱਸਾ ਹਨ। ਜ਼ਿੰਦਗੀ ਵਿਚ ਵਿਚਰਦਿਆਂ ਉਸਨੂੰ ਸੁੱਖਾਂ ਨਾਲੋਂ ਵਧੇਰੇ ਦੁੱਖਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਇਸ ਕਰਕੇ ਹਰ ਸਧਾਰਣ ਮਨੁੱਖ ਨੂੰ ਦੁੱਖ ਤੋਂ ਡਰ ਹੈ ਅਤੇ ਸੁੱਖ ਦਾ ਮੋਹ ਹੈ। ਜ਼ਿੰਦਗੀ ਦੇ ਇਸ ਮਹੱਤਵਪੂਰਣ ਹਿੱਸੇ ਦਾ ਵਰਣਨ ਸਾਰੇ ਹੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦਾ ਹੈ। ਪਰ ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਇਹ ਜ਼ਿਕਰ ਵਧੇਰੇ ਹੈ। ਮਨੁੱਖ ਕਿਸ ਤਰ੍ਹਾਂ ਦੁਨੀਆਂ ਦੇ ਝਮੇਲਿਆਂ ਵਿਚ ਗ੍ਰਸਿਤ ਹੋਇਆ ਦੁੱਖਾਂ ਦਾ ਸ਼ਿਕਾਰ ਹੁੰਦਾ ਹੈ, ਇਸਦਾ ਗੁਰਦੇਵ ਨੇ ਸੁਵਿਸਥਾਰ ਵਰਣਨ ਕੀਤਾ ਹੈ। ਤਿੰਨ ਪ੍ਰਕਾਰ ਦੇ ਦੁੱਖਾਂ ਵਿਚੋਂ ਗੁਰਦੇਵ ਨੇ ਮਾਨਸਿਕ ਦੁੱਖਾਂ ਦਾ ਵਧੇਰੇ ਜ਼ਿਕਰ ਕੀਤਾ ਹੈ। ਦਰਅਸਲ ਮਨ ਦੀ ਮੌਤ ਅਡੋਲ ਹੋਣੇ ਕਰਮ ਹੀ ਦੁੱਖ ਦਾ ਕਾਰਣ ਬਨ। ਮਨ ਚੰਚਲ ਹੈ। ਹਰ ਸਮੇਂ ਕਿਸੇ ਨ ਕਿਸੇ ਤ੍ਰਿਸ਼ਨਾ ਦੀ ਪੂਰਤੀ ਹਿੱਤ ਯਤਨ ਕਰਦਾ ਹੀ ਰਹਿੰਦਾ ਹੈ। ਪਰ ਇਹ ਪੂਰਤੀ ਉਸਦੀ ਤ੍ਰਿਸ਼ਨਾ ਨੂੰ ਹੋਰ ਭੜਕਾਉਂਦੀ ਹੈ। ਇਸੇ ਕਰਕੇ ਇਹ ਸਾਧਾਰਨ ਸੁੱਖ ਤੇ ਤ੍ਰਿਸ਼ਨਾ ਪੂਰਤੀ ਤੋਂ ਉਪਜੀ ਕਾਮਨਾਵਾਂ ਵਿੱਚ ਉਲਝਿਆ ਰਹਿੰਦਾ ਹੈ, ਵਿਸ਼ੇ ਵਿਕਾਰਾਂ ਵਿੱਚ ਫਸਿਆ ਰਹਿੰਦਾ ਹੈ। ਹੁਣ ਅਸੀਂ ਬਾਣੀ ਅਨੁਸਾਰ ਉਨ੍ਹਾਂ ਕਾਰਣਾਂ ਦਾ ਜ਼ਿਕਰ ਕਰਨਾ ਹੈ, ਜਿਨ੍ਹਾਂ ਸਦਕਾ ਮਨੁੱਖ ਭਗਤੀ ਮਾਰਗ ਵੱਲ ਨਾ ਜਾ ਕੇ ਸੰਸਾਰਕ ਝਮੇਲਿਆਂ ਵਿੱਚ ਗ੍ਰਸਿਤ ਹੋਇਆ ਦੁਖੀ ਹੁੰਦਾ ਰਹਿੰਦਾ ਹੈ।

ਮਨੁੱਖ ਦੇ ਦੁਖੀ ਹੋਣ ਦਾ ਸਭ ਤੋਂ ਪਹਿਲਾ ਕਾਰਣ ਗੁਰਦੇਵ ਉਸਦਾ ਅਗਿਆਨੀ ਹੋਣਾ ਦੱਸਦੇ ਹਨ। ਇਸ ਅਵਸਥਾ ਵਿੱਚ ਉਹ ਆਪਣੇ ਪਰਾਏ, ਭਲੇ ਬੁਰੇ, ਸੱਚ ਝੂਠ ਦੀ ਪਛਾਣ ਨਹੀਂ ਕਰ ਸਕਦਾ। ਉਹ ਪੁੱਤਰਾਂ ਮਿੱਤਰਾਂ ਤੇ ਮਾਇਆ ਦੇ ਬੰਧਨ ਵਿਚ ਜਕੜਿਆ ਰਹਿੰਦਾ ਹੈ ਜਿਸ ਤਰ੍ਹਾਂ ਮ੍ਰਿਗ ਰੇਗਿਸਤਾਨ ਦੀ ਚਮਕਦੀ ਰੇਤ ਨੂੰ ਪਾਣੀ ਸਮਝਕੇ ਉਸਦੀ ਪ੍ਰਾਪਤੀ ਲਈ ਭਟਕਦਾ ਹੈ, ਇਹੀ ਹਾਲ ਇਸ ਮਨੁੱਖ ਦਾ ਹੈ। ਫੁਰਮਾਣ ਹੈ:-

ਸੁਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥[1]

ਅਗਿਆਨ ਵੱਸ ਹੀ ਮਨੁੱਖ ਸੁਪਨੇ ਸਮਾਨ, ਧਨ ਤੇ ਇਸਤ੍ਰੀ ਨੂੰ ਆਪਣੇ ਸਦੀਵ ਸਾਥੀ ਸਮਝਦਾ ਹੈ। ਜਿਨ੍ਹਾਂ ਦੀ ਪ੍ਰਾਪਤੀ ਲਈ ਉਹ ਆਪਣਾ ਹੀਰੇ ਵਰਗਾ ਅਮੋਲਕ ਜਨਮ ਵਿਅਰਥ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219

ਦੁਖੀ ਕਿਹਾ ਹੈ। ਪਰੰਤੂ ਨਾਮ ਦੇਣ ਦੀ ਤਾਂ ਪ੍ਰਸਤੂ ਸੋਝੀ ਹੀ ਨਹੀਂ ਹੈ। ਗੁਰਦੇਵ ਕਹਿੰਦੇ ਹਨ:-

ਜੋ ਤਨੁ ਤੈ ਅਪਣੈ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥
ਇਨ ਮੈ ਕਛੁ ਤੇਰੋ ਰੇ ਨਾਹਨਿ ਦੇਖਹੁ ਸੋਚ ਬਿਚਾਰੀ॥
ਰਤਨੁ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥
ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥[1]

ਅਗਿਆਨ ਦੇ ਅੰਧਕਾਰ ਵਿਚ ਭਟਕਿਆ ਹੋਇਆ ਆਪਣਾ ਸਾਰਾ ਜੀਵਨ ਭਰਮਾਂ ਵਿਚ ਨਸ਼ਟ ਕਰਕੇ ਦੁਖੀ ਹੋਂਦਾ ਹੈ। ਪ੍ਰਭੂ ਨੂੰ ਯਾਦ ਨਾ ਕਰਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਤੇ ਵਿਸ਼ੇ ਵਿਕਾਰਾਂ ਵਿਚ ਖੁੱਭਿਆ ਦੁਖੀ ਹੁੰਦਾ ਹੈ। ਡਾ. ਤਾਰਨ ਸਿੰਘ 'ਵੇਦੀ' ਲਿਖਦੇ ਹਨ:-

"ਮਨੁੱਖ ਸਦਾ ਵਿਸ਼ੇ ਅਤੇ ਵਿਕਾਰਾਂ ਦੇ ਜੋਕਣ ਵਿੱਚ ਫਸਿਆ ਰਹਿੰਦਾ ਹੈ। ਮੋਹ ਮਾਇਆ ਵਿੱਚ ਫਸਿਆ ਜਾਗ੍ਰਿਤ ਅਵਸਥਾ ਵਿੱਚ ਭਰਮ ਰਹਿੰਦਾ ਹੈ। ਗੁਰੂ ਦੇਵ ਇਨ੍ਹਾਂ ਵਿਕਾਰਾਂ ਨੂੰ ਦੁੱਖ ਨਾਮ ਕਹਿੰਦੇ ਹਨ। ਵਿਕਾਰ ਮਨੁੱਖ ਨੂੰ ਸਰੀਰ ਤੋਂ ਉਚਾ ਨਹੀਂ ਉਠਣ ਦਿੰਦੇ ਅਤੇ ਅਧਿਆਤਮਕ ਮੰਜ਼ਲਾਂ ਤੱਕ ਪਹੁੰਚਣ ਨਹੀਂ ਦਿੰਦੇ। ਨਿਰਮਾਣ ਵਿਕਾਰਾਂ ਦੀ ਪ੍ਰਬਲਤਾ ਨਾਲ ਦਿਨ ਦਿਨ ਦਾ ਸੁਆਸ ਹੋ ਜਾਂਦਾ ਹੈ। - - - ਵਿਕਾਰੀ ਮਨੁੱਖ ਦੀ ਹਾਲਤ ਉਹੋ ਜਿਹੀ ਹੋ ਜਾਂਦੀ ਹੈ ਜੋ ਗੁੜ ਦੀ ਰੋੜੀ ਘਣ ਭਾਵੀਆਂ ਮੱਖੀਆਂ ਦੀ।"[2]

ਦੂਜ ਪਦਾਰਥਕ ਸੁੱਖਾਂ ਵਿਚ ਗਲਤਾਨ ਰਹਿੰਦਾ ਹੈ। ਪ੍ਰਾਣੀ, ਸੁਰੀਰ, ਧੰਨ ਤੇ ਪੁੱਤਰਾਂ ਦੇ ਮੋਹ ਵਿਚ ਦਿਨ ਰਾਤ ਖੁੱਭਿਆ ਹੋਇਆ ਵਿਚਰਦਾ ਹੈ। ਸਰਬ ਸੁੱਖਾਂ ਦੇ ਦਾਤਾ ਪਰਮੇਸ਼ਰ ਨਾਲ ਪਿਆਰ ਨ ਕਰਨ ਕਰਕੇ ਦੁਖੀ ਹੋ ਰਿਹਾ ਹੈ। ਫੁਰਮਾਨ ਹੈ:-

ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥ਰਹਾਉ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 220
2. ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ 91

ਜੋਬਨ ਧਨ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥
ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ ॥[1]

ਐਸ਼ਮਸਤੀ ਤੇ ਨਾਚਾਂ ਵਿੱਚ ਮਨੁੱਖ ਗਲਤਾਨ ਸੀ, ਸਦੀਵੀ ਸੱਚ ਨੂੰ ਪਛਾਨਣ ਦੇ ਸਮਰੱਥ ਨਹੀਂ ਸੀ। ਇਸਦੇ ਉਲਟ ਇਸ ਵਿਨਾਸ਼ਮਾਨ ਸੰਸਾਰ, ਜਿਸਨੇ ਵਿਨਾਸ਼ ਹੋ ਜਾਣਾ ਹੈ, ਨੂੰ ਸਦੀਵੀ ਸੱਚ ਸਮਝੀ ਬੈਠਾ ਹੈ। ਇਹ ਸੰਸਾਰ ਖੇਡ ਦੀ ਟੋਂਟ ਤੋਂ ਵੱਧ ਕੁਝ ਨਹੀਂ ਹੈ। ਇਸ ਵਿੱਚ ਪ੍ਰਵਿਰਤ ਹੋਇਆਂ ਉਹ ਬੁਢੇਪਾ ਆਉਣ ਤੇ ਵੀ ਹਰੀ ਨਾਮ ਨਹੀਂ ਲੈਂਦਾ, ਜਿਸਨੂੰ ਫਲ ਸਰੂਪ ਜਨਮ ਮਰਨ ਦੁੱਖਾਂ ਤੋਂ ਛੁਟਕਾਰਾ ਹੋ ਜਾਂਦਾ ਹੈ:-

ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ ॥
ਬਿਰਧਿ ਭਇਓ ਅਜਹੂ ਨਹ ਸਮਝੈ ਕਉਨ ਕੁਮਤਿ ਉਰਝਾਨਾ ॥
ਮਾਨਸ ਜਨਮੁ ਦੀਓ ਜਿਹ ਠਾਕੁਰ ਸੋ ਤੈ ਕਿਉ ਬਿਸਰਾਇਓ ॥
ਮੁਕਤਿ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕੋ ਗਾਇਓ ॥[2]

ਜਿਹੜੇ ਮਨੁੱਖ ਬਿਨਸਣਹਾਰ ਵਸਤੂਆਂ ਨਾਲ ਮੋਹ ਪਾ ਕੇ ਪ੍ਰਭੂ ਦੀ ਪ੍ਰਾਪਤੀ ਨਹੀਂ ਕਰਦੇ ਹਨ। ਪਰ ਝੂਠ ਦੇ ਸੁੱਖ ਲਭਦੇ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ, ਉਨ੍ਹਾਂ ਦੇ ਪੱਲੇ ਦੁੱਖਾਂ ਨਾਲੋਂ ਦੁੱਖ ਜ਼ਿਆਦਾ ਪੈਂਦੇ ਹਨ। ਪ੍ਰੋ. ਗੁਰਦੇਵ ਸਿੰਘ ਜੀ ਲਿਖਦੇ ਹਨ:-

"ਜਿਹੜੇ ਵਿਅਕਤੀ ਸੰਸਾਰ ਦੀਆਂ ਰੰਗੀਨੀਆਂ ਵਿੱਚ ਪ੍ਰਵਿਰਤ ਰਹਿੰਦੇ ਹਨ, ਨਾਨਾ ਪ੍ਰਕਾਰ ਦੇ ਵਿਸ਼ਿਆਂ ਵਿੱਚ ਆਸਕਤ ਰਹਿੰਦੇ ਇਨਸਾਨੀ ਜੂਨ ਦਾ ਵਡਮੁੱਲਾ ਸਮਾਂ ਅਜਾਈਂ ਬਰਬਾਦ ਕਰ ਦਿੰਦੇ ਹਨ, ਉਹ ਆਪਣਾ ਜੀਵਨ ਵਿਅਰਥ ਨਸ਼ਟ ਕਰ ਦਿੰਦੇ ਹਨ।"[3]

ਮਨੁੱਖ ਨੂੰ ਕੁਰਾਹੇ ਪਾਉਣ ਵਾਲੀ ਦੂਜੀ ਵਿਰਤੀ ਹਉਮੈ ਹੈ। ਹਉਮੈ ਨੂੰ ਗੁਰਬਾਣੀ ਵਿਚ ਦੀਰਘ ਰੋਗ ਕਿਹਾ ਹੈ। ਇਸ ਵਿੱਚ ਗ੍ਰਸਤ ਮਨੁੱਖ ਆਪ ਤਾਂ ਦੁਖੀ ਰਹਿੰਦਾ ਹੀ ਹੈ, ਪਰ ਦੂਸਰਿਆਂ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 684-685
2. ਉਹੀ, ਪੰਨਾ 902
3. ਡਾ. ਗੁਰਦੇਵ ਸਿੰਘ (ਸੰਪਾ.) ਸਿੱਖ ਸਭਾ ਪਤ੍ਰਿਕਾ, ਗੁਰੂ ਤੇਗ਼ ਬਹਾਦਰ ਅੰਕ (2), ਪੰਨਾ 31

ਨਵੀਂ ਹੀ ਦੁੱਖ ਦਾ ਕਾਰਣ ਬਣਦਾ ਹੈ। ਹਉਮੈ ਕਰਕੇ ਜੀਵ ਅਕਾਲਪੁਰਖ ਤੇ ਉਸ ਵਿਚ ਵਿੱਥ ਪਈ ਰਹਿੰਦੀ ਹੈ। ਗੁਰੂ ਸਾਹਿਬ ਅਜਿਹੇ ਵਿਅਕਤੀ ਨੂੰ ਅੰਨ੍ਹਾ ਕਹਿਕੇ ਸੰਬੋਧਨ ਕਰਦੇ ਹਨ:-

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧ ॥[1]

ਪ੍ਰਾਨੀ ਰਾਮ ਨ ਚੇਤਈ ਮਦਿ ਮਾਇਆ ਕੈ ਅੰਧ ॥[2]

ਅਜਿਹਾ ਵਿਅਕਤੀ ਕੂੜੇ ਮਾਣ ਨੂੰ ਨਹੀਂ ਤਿਆਗਦਾ। ਇਸ ਵਿੱਚ ਗ੍ਰਸਿਤ ਹੋਇਆ, ਉਹ ਸਿਆਣ ਤੋਂ ਵੰਚਿਤ ਪਤਨੀ, ਪੁੱਤ, ਪਦਾਰਥ ਨੂੰ ਆਦਿ ਨੂੰ ਜੀਵਨ ਦੀ ਸਾਰਥਕਤਾ ਦਾ ਠੋਸ ਆਧਾਰ ਮੰਨ ਲੈਂਦਾ ਹੈ। ਅਕਾਲਪੁਰਖ ਦੀ ਯਾਦ ਨੂੰ ਮਨ ਵਿਚ ਟਿਕਾਉਂਦਾ ਹੀ ਨਹੀਂ। ਫੁਰਮਾਨ ਹੈ:-

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨ ਨਹੀ ਲਾਗਿਓ ॥[3]

ਇਹ ਹਉਮੈ ਜਿਸ ਉੱਤੇ ਕਾਬੂ ਪਾ ਲੈਂਦੀ ਹੈ, ਫਿਰ ਉਸਦੇ ਜਤਨ ਕਰਨ ਤੇ ਵੀ ਉਸਦਾ ਪਿੱਛਾ ਨਹੀਂ ਛੱਡਦੀ। ਅਜਿਹੀ ਸਥਿਤੀ ਗੁਰੂ ਆਖੇ ਤੇ ਅਕਾਲਪੁਰਖ ਦੀ ਕਿਰਪਾ ਹੋਵੇ ਤਾਂ ਹੀ ਉਹ ਇਸ ਤੋਂ ਛੁਟਕਾਰਾ ਪਾ ਸਕਦਾ ਹੈ:-

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨਿ ॥[4]

ਇਸ ਵਿੱਚ ਗ੍ਰਸਤ ਹੋਇਆ ਮਨੁੱਖ ਮਨ ਦੇ ਪਿੱਛੇ ਲੱਗਾ ਹੁੰਦਾ ਹੈ। ਮਨ ਚੰਚਲ ਹੈ, ਜਿਸ ਸਦਕਾ ਅਜਿਹੇ ਵਿਅਕਤੀ ਦਾ ਸੁਭਾਅ ਵੀ ਅਸਥਿਰਤਾ ਅਤੇ ਅਨਿਸ਼ਚਤਤਾ ਵਾਲਾ ਬਣ ਜਾਂਦਾ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1427
2. ਉਹੀ
3. ਉਹੀ, ਪੰਨਾ 1008
4. ਉਹੀ, ਪੰਨਾ 1428

ਹੈ। ਸ. ਖਜ਼ਾਨ ਸਿੰਘ ਲਿਖਦੇ ਹਨ:-

> "ਇਹ ਸੰਸਾਰ ਹੀ ਅਸਲ ਦੁੱਖ ਹੈ। ਕਿਉਂਕਿ ਇਸ ਨਾਲ ਮੋਹ, ਵਿਸ਼ੇ ਵਿਕਾਰ, ਵਾਸਨਾ ਆਦਿ ਸਾਰੇ ਦੁੱਖ ਦੇ ਹੇਤੂ ਪੈਦਾ ਹੁੰਦੇ ਹਨ।"[1]

ਅਜਿਹੇ ਮਨੁੱਖ ਲਈ ਗੁਰਦੇਵ ਨੇ ਮਨਮੁੱਖ, ਮੂਰਖ, ਅਗਿਆਨੀ, ਪਾਗਲ ਆਦਿ ਸ਼ਬਦ ਵਰਤੇ ਹਨ। ਧਰਤੀ ਦੇ ਰੰਗ ਵਿੱਚ ਰੰਗਿਆ ਹੋਣ ਕਰਕੇ ਉਸਦੀ ਬਿਰਤੀ ਤ੍ਰਿਸ਼ਨਾਲੂ ਬਣ ਜਾਂਦੀ ਹੈ। ਤ੍ਰਿਸ਼ਨਾ ਅਜਿਹੀ ਨਾਮੁਰਾਦ ਬਿਮਾਰੀ ਹੈ ਕਿ ਮਨੁੱਖ ਨੂੰ ਦੁਆਰੇ ਦਰ ਤੇ ਭਟਕਾ ਦਿੰਦੀ ਹੈ। ਉਸਦਾ ਧਨ ਦੌਲਤ, ਧਨ ਪਦਾਰਥ ਸੰਸਾਰਕ ਵਸਤੂਆਂ ਦੀ ਪੂਰਤੀ ਨਹੀਂ ਹੁੰਦਾ ਹੈ। ਇਕ ਵਸਤੂ ਪ੍ਰਾਪਤ ਹੁੰਦੀ ਹੈ ਤਾਂ ਇਸ ਦੂਜੀ ਪ੍ਰਾਪਤ ਕਰਨ ਦੀ ਤ੍ਰਿਸ਼ਨਾ ਹੁੰਦੀ ਹੈ। ਅਰਥਾਤ ਖਿਆਲਾਂ ਅਤੇ ਖ਼ਾਹਸ਼ਾਂ ਕਰਕੇ ਮਨ ਭਟਕਣਾ ਰਹਿੰਦਾ ਹੈ:-

> ਸਾਧੋ ਇਹੁ ਮਨੁ ਗਹਿਓ ਨ ਜਾਈ॥
> ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥[2]

ਮਨੁੱਖ ਆਪਣੇ ਸੁੰਦਰ ਸਰੀਰ, ਉਸ ਦੀ ਪਤਨੀ, ਉਸਦੇ ਬਾਲ ਬੱਚੇ, ਉਸਦੀ ਧਨ ਦੌਲਤ, ਉਸ ਪਾਸ ਇਕੱਠੇ ਹੋਏ ਬਹੁਮੁੱਲੇ ਪਦਾਰਥ, ਸਭ ਤੇ ਮਾਣ ਕਰਦਾ ਹੈ। ਇਸਦੀ ਉਮਰ ਦਿਨ ਬ-ਦਿਨ ਘਟਦੀ ਜਾਂਦੀ ਹੈ। ਸਾਰੀਆਂ ਸੰਸਾਰਕ ਵਸਤੂਆਂ ਹੀ ਵਿਨਾਸ਼ਕਾਰੀ ਹਨ। ਮਨੁੱਖ ਦੇ ਪ੍ਰਾਣ ਛੁੱਟਣ ਦੀ ਦੇਰ ਹੁੰਦੀ ਹੈ ਕਿ ਸਭ ਕੁਝ ਜਿਸ ਦੇ ਮੋਹ ਵਿੱਚ ਗ੍ਰਸਤ ਹੋਇਆ ਹੁੰਦਾ ਸਰੀਰ ਸੰਗ ਨੂੰ ਛੁੱਟ ਜਾਂਦਾ ਹੈ, ਉਹ ਉਸ ਤੋਂ ਇਉਂ ਮੂੰਹ ਮੋੜ ਲੈਂਦੇ ਹਨ ਜਿਵੇਂ ਕਿ ਉਹ ਕੁਝ ਹੋਵੇ। ਡਾ. ਤਾਰਨ ਸਿੰਘ ਬੇਦੀ ਨੇ ਲਿਖਿਆ ਹੈ:-

> "ਇਨਸਾਨ ਸਦਾ ਆਪਣੀਆਂ ਰਿਸ਼ਤੇਦਾਰੀਆਂ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਇਸਤ੍ਰੀ, ਪੁੱਤਰ, ਧੀ, ਮਾਤ, ਪਿਤਾ, ਆਦਿ ਦੇ ਮੋਹ ਵਿੱਚ ਫਸਕੇ ਅਮੋਲਕ ਮਨੁੱਖਾ ਜਨਮ ਅਜਾਈਂ ਗੁਆ ਲੈਂਦਾ ਹੈ। ਰਿਸ਼ਤੇਦਾਰਾਂ ਨੂੰ ਉਸ ਚੱਕਰ

---

1. ਗਿ. ਗੁਰਦਿੱਤ ਸਿੰਘ (ਸੰਪਾ.), ਸਿੰਘ ਸਭਾ ਪਤ੍ਰਿਕਾ, ਗੁਰੂ ਤੇਗ ਬਹਾਦਰ ਅੰਕ (1), ਪੰਨਾ 41
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219

ਨਹੀ ਗਾਇਬ ਨਜ਼ਾਇਬ ਕੋਸ ਰਖਣਾ ਚਾਹਿਦਾ ਹੈ। ਜਦ ਸਮੇਂ ਇਸ ਦਾਨ ਦੇਣੀ ਨਹੀਂ ਜਾਂਦਾ। ਇਹ ਸਭ ਕੈਨ ਮੁਸ਼ਕਲਤ ਹਨ। ਪੁਤਰੀ ਦੇ ਸਰੀਰਆਂ ਜਾਨ ਉਸਨੂੰ ਇਕ ਘੜੀ ਵੀ ਨਹੀਂ ਰੋਕ ਸਕਦੇ। ਫੇਰ ਫੇਰ ਨਹਿਰੇ ਸੁਸਾਨ ਕੁਸੀ ਵਿੱਚ ਹੈ ਜਾਂਦੇ ਹਨ।"[1]

ਦੁੱਖ ਵਿੱਚ ਉਸਦੇ ਆਲੇਦੁਆਲੇ ਦੁੱਖ ਵਿੱਚ ਉਸਦੀ ਸੰਗਤ ਨਹੀਂ ਕਰਦੇ। ਇਉਂ ਅਸਲਿਅਤ ਬਾਰਤਾ ਨਾਲ ਮਨੁੱਖ ਦਾ ਪਿਆਰ, ਜੋ ਆਮਤੌਰ ਵਿੱਚ ਵਿਖ ਦਾ ਜੋਰ ਹੈ, ਉਸਨੂੰ ਅੰਤ ਵਿੱਚ ਦੁਖੀ ਕਰਦਾ ਹੈ। ਉਹ ਸਾਰਿਆਂ ਵਿੱਚ ਇੱਕਲਾ ਹੁੰਦਾ ਦੇਖਦਾ ਹੈ। ਗੁਰਦੇਵ ਕਹਿੰਦੇ ਹਨ:-

ਮਨ ਰੇ ਕਹਾ ਭਇਓ ਤੈ ਬਉਰਾ ॥
ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ ਰਹਾਉ ॥
ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥
ਇਨ ਮੈ ਕਛੁ ਤੇਰੋ ਰੇ ਨਾਹਨਿ ਦੇਖਉ ਸੋਚ ਬਿਚਾਰੀ ॥[2]

ਮਨ ਤ੍ਰਿਸ਼ਨਾ ਦੇ ਸ਼ਕੰਜੇ ਵਿੱਚ ਫਸਿਆ ਧਨ ਦੌਲਤ ਨੂੰ ਹਥਿਆਉਣ ਲਈ ਚਾਰੇ ਦਿਸ਼ਾਵਾਂ ਵੱਲ ਭਟਕਦਾ ਫਿਰਦਾ ਹੈ। ਜਿਸ ਕੀਮਤੀ ਜੀਵਨ ਦੀ ਪ੍ਰਾਪਤੀ ਬਹੁਤ ਦੁੱਖ ਪਾਉਂਦਾ ਹੈ। ਲੋਭ ਇਹਨੂੰ ਬਹੁਤ ਦੁੱਖਾਂ ਦੀ ਪ੍ਰਾਪਤੀ ਲਈ ਸੁਖਦਾਤੇ ਨੂੰ ਭੁਲਾਕੇ ਲੋਕਾਂ ਦੀ ਇਵੇਂ ਸੇਵਾ ਕਰਦਾ ਹੈ ਜਿਵੇਂ ਇੱਕ ਕੁੱਤਾ ਰੋਟੀ ਦੇ ਟੁਕੜੇ ਲਈ ਦਰ ਦਰ ਫਿਰਦਾ ਹੈ। ਸਾਹਿਬ ਨੇ ਲਾਲਚੀ ਮਨੁੱਖ ਦੀ ਦਸ਼ਾ ਇੰਨੇ ਸੁੰਦਰ ਸ਼ਬਦਾਂ ਵਿੱਚ ਲਿਖੀ ਹੈ:-

ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ਰਹਾਉ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧਿ ਰਾਮ ਭਜਨ ਕੀ ॥[3]

1. ਡਾ. ਤਾਰਨ ਸਿੰਘ (ਸੰਪਾ.) ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ 94
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 220
3. ਉਹੀ, ਪੰਨਾ 411

ਮਨ ਮਾਇਆ ਵਿੱਚ ਗੁਲਤਾਨ ਵਿਸ਼ਈ ਪ੍ਰਾਣੀ ਵਲੀ ਜੋ ਕਦਮ ਚੁਕ ਲਿਆ ਹੈ, ਇਸ ਨਾਲ ਇਹ ਹੋਰ ਵੀ ਨਵੇਂ ਬੰਧਨਾਂ ਵਿਚ ਜਕੜਿਆ ਜਾਂਦਾ ਹੈ। ਜੀਵਨ ਭਰ ਕਾਮ ਵਿੱਚ ਫਸਿਆ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਵਿਸ਼ਿਆਂ ਵਿਕਾਰਾਂ ਵਿੱਚ ਫਸਿਆ ਅਮੋਲਕ ਜਨਮ ਗੁਆ ਦੇਂਦਾ ਹੈ। ਅਗਿਆਨ ਸਰੀਰ ਜੋ ਸੁਪਨੇ ਜਿਹਾ ਹੈ, ਨੂੰ ਸੱਚਾ ਮੰਨਕੇ ਇਸ ਨਾਲ ਮੋਹ ਪਾਈ ਬੈਠਾ ਹੈ। ਫੁਰਮਾਨ ਹੈ:-

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥[1]

ਕ੍ਰੋਧ ਦੇ ਵੱਸ ਪਿਆ ਪ੍ਰਾਣੀ ਆਪਣੀ ਸਾਰੀ ਸੁੱਧ ਬੁੱਧ ਗੁਆ ਦਿੰਦਾ ਹੈ। ਵਿਕਾਰ ਰੂਪੀ ਚਕਰ ਚ ਫਸਦਾ ਹੈ ਤੇ ਅਗਿਆਨਤਾ ਦਾ ਗੂੜ੍ਹਾ ਪਾਇਆ ਹੋਣ ਕਰਕੇ ਮੋਹ ਪਾਪ ਕਰਦਾ ਹੈ, ਜਿਸ ਕਾਰਣ ਇਸ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸੇ ਤਰ੍ਹਾਂ ਅਹੰਕਾਰੀ ਬਿਰਤੀ ਵਾਲਾ ਮਨੁੱਖ ਸਭ ਨੂੰ ਆਪਣੇ ਤੋਂ ਨੀਵਾਂ ਸਮਝਦਾ ਹੈ। ਅਕਾਲਪੁਰਖ ਦੀ ਹਸਤੀ ਨੂੰ ਭੁੱਲ ਜਾਂਦਾ ਹੈ। ਮਾਇਆ ਦੇ ਨਸ਼ੇ ਵਿੱਚ ਚੂਰ ਹੋਇਆ ਰਹਿੰਦਾ ਹੈ। ਸਾਰਾ ਜਨਮ ਵਿਸ਼ੈ ਹੀ ਬਤੀਤ ਕਰ ਦਿੰਦਾ ਹੈ। ਅੰਤ ਸਮੇਂ ਜਦੋਂ ਮੌਤ ਰੂਪੀ ਡੰਡਾ ਸਿਰ ਤੇ ਵੱਜਦਾ ਹੈ ਤਾਂ ਇਹ ਪਛਤਾਉਂਦਾ ਹੈ, ਪਰ ਇਹ ਪਛਤਾਇਆਂ ਕੁਝ ਨਹੀਂ ਸੰਵਰਦਾ। ਸਾਹਿਬਾਂ ਦਾ ਫੁਰਮਾਨ ਹੈ:-

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨ ਨਹੀ ਲਾਗਿਓ ॥ ਰਹਾਉ ॥
ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ ॥
ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ ॥[2]

ਸ. ਅਵਤਾਰ ਸਿੰਘ ਨੇ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ:-

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219
2. ਉਹੀ, ਪੰਨਾ 1008

"ਦੁੱਖਾਂ ਤੋਂ ਪੱਲਾ ਛੁਡਾ ਸਕਣਾ ਬੜਾ ਕਠਿਨ ਹੈ। ਕਿਉਂਕਿ ਦੁੱਖ ਤੋਂ ਉਪਰ ਉੱਠਣ ਦਾ ਰਾਹ ਇੰਦ੍ਰਿਆਵੀ ਖਿੱਚਾਂ ਤੇ ਕੰਟਰੋਲ ਹੈ। ਇੰਦ੍ਰੀਆਂ ਹੀ ਸਾਰੇ ਕਸ਼ਟਾਂ ਨੂੰ ਜਨਮ ਦੇਂਦੀਆਂ ਹਨ ਜਾਂ ਇਉਂ ਕਹੋ ਕਿ ਮਨ ਇੰਦ੍ਰੀਆਂ ਦੇ ਰਾਹੀਂ ਪ੍ਰਗਟ ਹੁੰਦਾ ਹੈ। ਇੰਦ੍ਰੀਆਂ ਮਨ ਦੀਆਂ ਗੁਲਾਮ ਹਨ। ਸੋ ਸਾਰੇ ਦੁੱਖਾਂ ਦਾ ਮੂਲ ਇਹ ਇੰਦ੍ਰੀਆਂ ਹੀ ਹਨ।"[1]

ਸਪਸ਼ਟ ਹੈ ਕਿ ਮਨੁੱਖ ਇੰਦ੍ਰੀਆਂ ਤੇ ਕੰਟਰੋਲ ਨਾ ਕਰ ਸਕਣ ਕਰਕੇ ਹੀ ਦੁਖੀ ਹੈ।

ਇਸੇ ਤਰ੍ਹਾਂ ਹੀ ਮਨੁੱਖ ਧਰਮ ਕਰਮ ਕਰਦਾ ਹੈ। ਤੀਰਥਾਂ ਦੇ ਇਸ਼ਨਾਨ ਕਰਨੇ, ਵਰਤ ਰੱਖਣੇ, ਦਾਨ ਪੁੰਨ ਕਰਨੇ ਧਰਮ ਕਰਮ ਹਨ। ਪਰ ਜੇ ਇਹ ਕੁਝ ਕਰਨ ਦੇ ਨਾਲ ਮਨ ਵਿੱਚ ਅਹੰਕਾਰੀ ਆਉਂਦਾ ਹੈ ਕਿ ਮੈਂ 'ਇਹ' ਕੀਤਾ ਹੈ, ਮੈਂ 'ਉਹ' ਕੀਤਾ ਹੈ ਤਾਂ ਇਹ ਸਭ ਕੁਝ ਉਸੇ ਤਰ੍ਹਾਂ ਹੀ ਬਿਅਰਥ ਹੈ ਜਿਵੇਂ ਹਾਥੀ ਦਾ ਕੀਤਾ ਇਸ਼ਨਾਨ (ਕਿਉਂਕਿ ਹਾਥੀ ਨਹਾਉਣ ਤੋਂ ਪਿੱਛੋਂ ਆਪਣੇ ਸਰੀਰ ਤੇ ਮਿੱਟੀ ਪਾ ਲੈਂਦਾ ਹੈ)। ਗੁਰੂ ਜੀ ਦਾ ਕਥਨ ਹੈ:-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥[2]

ਮਾਇਆ ਨਾਲ ਲਪਟਿਆ ਹੋਇਆ ਮਨ ਗੁਰਮਤ ਤੋਂ ਨਹੀਂ ਚਲਦਾ। ਉਥੇ ਕਰੋਧ ਨਾਲ ਸਚ ਨੂੰ ਛੱਡ ਕੇ ਆਪਣਾ ਪੇਟ ਭਰ ਲਿਆ ਹੈ। ਗੁਰਦੇਵ ਨੇ ਇਸਨੂੰ ਕੁੱਤੇ ਦੀ ਪੂਛ ਨਾਲ ਤੁਲਨਾ ਦਿੱਤੀ ਹੈ। ਜਿਸ ਤਰ੍ਹਾਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ, ਉਸੇ ਤਰ੍ਹਾਂ ਇਹ ਬੇਵਕੂਫ਼ ਮਨ ਸਿੱਧ ਮਤ ਨੂੰ ਨਹੀਂ ਸੁਣਦਾ, ਜਾਂਤਾ ਏਕਣ ਵਾਲੇ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ। ਗੁਰਮਤ ਦਾ ਧਾਰਨੀ ਹੋਣ ਕਰਕੇ ਹਮੇਸ਼ਾ ਦੂਰੇ [illegible] ਹੀ ਕਰਦਾ ਹੈ। ਪਰਾਈ ਨਿੰਦਾ ਕਰਨ ਵਿੱਚ ਮਸਤ ਹੋਇਆ ਰਹੀ [illegible] ਦਾ ਲੇਤਾ ਕੁਲਾਈ ਬੈਠਾ ਹੈ। ਮੂਰਖ ਦੇ ਮਾਰਗ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਡਾ. [illegible] ਸਿੰਘ '[illegible]' ਲਿਖਦੇ ਹਨ:-

---

1. ਗਿ. ਗੁਰਦਿੱਤ ਸਿੰਘ (ਸੰਪਾ.) ਖੋਜ ਪਤ੍ਰਿਕਾ, ਗੁਰੂ ਤੇਗ ਬਹਾਦਰ ਅੰਕ (1), ਪੰਨਾ 43
2. ਉਹੀ, ਪੰਨਾ 1428

"ਸੂਖੇ ਮੋਹ ਦੀ ਖਿੱਚ ਮਨ ਨੂੰ ਵਧੇਰੇ ਹੁੰਦੀ ਹੈ। ਜਦੋਂ ਮੋਹ ਵੱਸ ਵਿਅਕਤੀ ਬੜੀ ਮੁਸ਼ਕਲ ਸਹਾਰਨਾ ਪੈਂਦਾ ਹੈ। ਨਸੀਹਤਾਂ ਅਤੇ ਸਿੱਖਿਆ ਦਾ ਅਸਰ ਵੀ ਖ਼ਤਮ ਹੂੰਤੇ ਬੰਦ ਹੁੰਦਾ ਹੈ।"[1]

ਗੁਰਦੇਵ ਸਮਝਾਉਂਦੇ ਹਨ ਕਿ ਹੇ ਮੂਰਖ ਮਨ ਅੰਤ ਸਮੇਂ ਤੇਰਾ ਕਿਸੇ ਨੇ ਵੀ ਸਾਥ ਨਹੀਂ ਦੇਣਾ ਹੈ:-

ਮਨ ਰੇ ਕਉਨ ਕੁਮਤਿ ਤੈ ਲੀਨੀ ॥
ਪਰਦਾਰਾ ਨਿੰਦਿਆ ਰਸਿ ਰਚਿਓ ਰਾਮ ਭਗਤਿ ਨਹਿ ਕੀਨੀ ॥ਰਹਾਉ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥[2]

ਮਨੁੱਖ ਵਿਸ਼ੇ ਵਾਸ਼ਨਾਵਾਂ ਦੇ ਚੱਕਰ ਵਿਚ ਫਸਿਆ ਜਾਇਜ਼ ਨਾਜਾਇਜ਼ ਕੰਮ ਕਰਦਾ ਹੈ। ਇਸ ਸਚਾਈ ਤੋਂ ਬੇਖ਼ਬਰ ਰਹਿੰਦਾ ਹੈ ਕਿ ਸਭ ਏਥੇ ਧੁਰਕਣਾ ਹਨ। ਦੁੱਖ ਸਮੇਂ ਕਿਸੇ ਨੇ ਵੀ ਨਾਲ ਨਹੀਂ ਨਿਭਣਾ। ਪਰਾਏ ਧਨ ਤੇ ਪਰਾਈ ਇਸਤ੍ਰੀ ਵਿੱਚ ਰੁਝਿਆ ਰਹਿੰਦਾ ਹੈ। ਵੇਦਾਂ ਪੁਰਾਣਾਂ ਦੇ ਵਿਚਾਰ ਦਾ ਵੀ ਕੋਈ ਅਸਰ ਨਹੀਂ ਹੁੰਦਾ। ਮਾਇਆ ਦਾ ਨਸ਼ਾ ਗਿਆਨ ਦੀ ਸੋਝੀ ਨਹੀਂ ਹੋਣ ਦਿੰਦਾ ਤੇ ਪ੍ਰਭੂ ਭੇਦ ਵਾਲੀਆਂ ਰਮਜ਼ਾਂ ਨਹੀਂ ਸਮਝ ਸਕਦਾ। ਗੁਰਦੇਵ ਫੁਰਮਾਉਂਦੇ ਹਨ:-

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥
ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥[3]

ਸਪਸ਼ਟ ਹੈ ਕਿ ਮਨੁੱਖ ਦੇ ਦੁਖੀ ਹੋਣ ਦਾ ਕਾਰਣ ਉਸਦਾ ਮਨ ਹੀ ਮੋੜ ਪਿੱਛੇ ਤੁਰਨਾ ਹੈ। ਗੁਰਦੇਵ ਦੀ ਸਾਰੀ ਬਾਣੀ ਵਿਚੋਂ ਇਹ ਤੱਥ ਉਘੜਕੇ ਸਾਹਮਣੇ ਆਉਂਦਾ ਹੈ ਕਿ

---

1. ਡਾ. ਦਲੀਪ ਸਿੰਘ 'ਦੀਪ', ਗੁਰੂ ਤੇਗ ਬਹਾਦਰ ਜੀਵਨ, ਦਰਸ਼ਨ ਅਤੇ ਰਚਨਾ, ਪੰਨਾ 67
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੩੨
3. ਉਹੀ, ਪੰਨਾ ੬੩੨

ਮਨੁੱਖ ਮਨ ਦੇ ਡੂੰਘੇ ਵਿੱਚ ਵਸਦੇ ਨਿਰੰਤਰ ਦੁੱਖ ਭੋਗਦਾ ਹੈ ਤੇ ਹਰ ਵੇਲੇ ਸੰਕਟ ਗ੍ਰਸਤ ਰਹਿੰਦਾ ਹੈ। ਇਹ ਅਟੱਲ ਸਚਾਈ ਹੈ ਕਿ ਇਕ ਸਧਾਰਣ ਵਿਅਕਤੀ ਦਾ ਵਿਅਕਤੀ ਦੁੱਖ-ਸੁੱਖ ਨੂੰ ਇਕੋ ਜਿਹੇ ਨਹੀਂ ਸਮਝ ਸਕਦਾ। ਬੁੱਧਦੇਵ ਨੇ ਮਨੁੱਖ ਦੀ ਇਸ ਕਮਜ਼ੋਰੀ ਨੂੰ ਸਮਝਦਿਆਂ ਹੋਇਆਂ ਇਸ ਸਮੱਸਿਆ ਦਾ ਹੱਲ ਪੇਸ਼ ਕੀਤਾ ਹੈ ਕਿ ਇਨ੍ਹਾਂ ਦੁੱਖਾਂ ਤੋਂ ਭੱਜਿਆ ਨਹੀਂ ਜਾ ਸਕਦਾ, ਬਲਕਿ ਛੁਟਕਾਰਾ ਪਾਇਆ ਜਾ ਸਕਦਾ ਹੈ, ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ, [illegible] ਨੇ ਦੁੱਖ ਦਾ ਜੋ ਸਰੂਪ ਪੇਸ਼ ਕੀਤਾ ਹੈ ਉਹ ਮਨੁੱਖੀ ਪਹੁੰਚ ਤੋਂ ਪਰੇ ਦਾ ਨਹੀਂ ਹੈ, ਬਲਕਿ ਸਧਾਰਣ ਜ਼ਿੰਦਗੀ ਵਿੱਚ ਵਿਚਰਦਿਆਂ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰੋ. ਰਾਮ ਸਿੰਘ ਇਸ ਸੰਬੰਧ ਵਿਚ ਆਪਣੇ ਵਿਚਾਰ ਇਉਂ ਪ੍ਰਗਟਾਉਂਦੇ ਹਨ :-

> "ਸਾਧਾਰਣ ਲੋਕ ਦੁੱਖ-ਸੁੱਖ ਨੂੰ ਇਕੋ ਜਿਹਾ ਜਰਨਾ ਨਹੀਂ ਦੇ ਸਕਦੇ। ਉਨ੍ਹਾਂ ਦੇ ਸਰੀਰਕ, ਆਰਥਿਕ, ਪਰਵਾਰਕ, ਸਾਮਾਜਿਕ ਤੇ ਮਾਨਸਿਕ ਦੁੱਖ ਜਮਾਂਦਰੂ ਦੁੱਖ ਹੁੰਦੇ ਹਨ ਤੇ ਬੁੱਧ ਦੇਵ ਅਨੁਸਾਰ ਜੀ ਦਵੀ ਅਧਿਆਤਮਕ ਨੇਤਾ ਉਨ੍ਹਾਂ ਨੂੰ ਕਦੇ ਵੀ ਕੱਲੇ ਛੁਡਦੇ ਨਹੀਂ ਕਰਦੇ। ਸਗੋਂ ਉਨ੍ਹਾਂ ਦਾ ਜੀਵਨ ਕਾਰਜ ਬੁੱਧ ਜੀ ਇਸ ਗਾਦਨਾ ਤੋਂ ਸ਼ੁਰੂ ਹੈ ਕਿ ਉਹ ਦੁਨਿਆਈ ਦਾ ਦੁੱਖ ਪ੍ਰਤੀਤ ਕਰਦੇ ਤੇ ਉਨ੍ਹਾਂ ਦਾ ਹੱਲ ਲਭਣਾ ਚਾਹੁੰਦੇ ਹਨ। ਉਹ ਦੁਨਿਆਈ ਦੇ ਸਭ ਤਬਕਾਂ ਦੇ ਦੁੱਖਾਂ - ਛੋਟੇ ਮੋਟੇ ਦੁੱਖਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਦੁੱਖਾਂ ਤੱਕ - ਤੋਂ ਉਨ੍ਹਾਂ ਨੂੰ ਛੁਟਕਾਰਾ ਦੁਆਉਣ ਦੇ ਚਿੰਤਕ ਹੁੰਦੇ ਹਨ।"[1]

ਸ. ਬਲਵੰਤ ਸਿੰਘ ਨੇ ਲਿਖਿਆ ਹੈ:-

> "ਪਰਗਟ ਫੁਰਮਾਇਆ ਹੈ ਕਿ ਮਨੁੱਖ ਸੁਖੀ ਹੋ ਸਕਦਾ ਹੈ ਅਤੇ ਉਸ ਨੂੰ ਇਸ ਪਾਸੇ ਯਤਨ ਜਾਰੀ ਰੱਖਣੇ ਚਾਹੀਦੇ ਹਨ। ਜਿਨ੍ਹਾਂ ਨੇ ਵੀ ਇਹ ਯਤਨ ਕੀਤੇ ਹਨ, ਉਹ ਸਫਲ ਹੋਏ ਹਨ। ਇਹ ਯਤਨ ਹੀ ਇਕ ਸਾਧਨਾ ਹੈ ਅਤੇ ਇਸੇ ਨੇ ਮਨੁੱਖ ਨੂੰ ਸੁਖੀ ਬਣਾਉਣਾ ਜਾਂ ਨਿਰਵਾਣ ਸਮੁਪਸਥਿਤ ਕਰਨੀ ਹੈ। ਇਸੇ ਨੂੰ ਅਸ਼ਟ ਵਿਧ ਮਾਰਗ ਵਾਲਾ ਜੀਵਨ ਆਖਿਆ ਹੈ। ਇਹ ਪ੍ਰਾਪਤੀ ਏਸੇ ਹੀ ਜੀਵਨ ਵਿੱਚ ਸੰਭਵ ਹੈ, ਪਰ ਇਸ ਵਾਸਤੇ ਇਕ ਗੁਰੂ ਦੀ ਲੋੜ ਹੈ।

1. ਪ੍ਰੋ. ਰਾਮ ਸਿੰਘ, ਸਾਡੀ ਬੁੱਧ ਦੇਵ ਅਧਾਰਤ ਵਿਚਾਰ ਤੇ ਕਲਾ, ਪੰਨਾ 83

ਜਿਸਨੇ ਇਸ ਜੁਗਤ ਨੂੰ ਸਮਝ ਲਿਆ, ਅਪਣਾ ਲਿਆ, ਉਸ ਵਾਸਤੇ ਦੁੱਖ ਕੋਈ ਸਮੱਸਿਆ ਨਹੀਂ ਰਹਿ ਜਾਂਦਾ।"[1]

ਜਿਨ੍ਹਾਂ ਪ੍ਰਾਣੀਆਂ ਨੇ ਗੁਰੂ ਜੀ ਦੀ ਦੱਸੀ ਜੁਗਤ ਨੂੰ ਅਪਣਾਇਆ, ਉਨ੍ਹਾਂ ਦੀ ਅਵਸਥਾ ਨਿਆਰੀ ਤੇ ਆਦਰਸ਼ੀ ਹੋ ਗਈ। ਇਸਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ। ਸਾਹਿਬਾਂ ਦਾ ਕਥਨ ਹੈ:-

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥[2]

ਇਸ ਪਦ ਨੂੰ ਪ੍ਰਾਪਤ ਕਰ ਚੁੱਕੇ ਪੁਰਸ਼ ਦੁੱਖ ਨੂੰ ਦੁੱਖ ਨਹੀਂ ਸਮਝਦੇ, ਸੁੱਖ ਨਾਲ ਮੋਹ ਨਹੀਂ ਕਰਦੇ। ਉਨ੍ਹਾਂ ਲਈ ਕੰਚਨ ਮਿੱਟੀ ਇਕ ਸਮਾਨ ਹੈ। ਉਹ ਨਾ ਤਾਂ ਕਿਸੇ ਦੀ ਉਸਤਤ ਤੇ ਨਾ ਹੀ ਨਿੰਦਾ ਕਰਦੇ ਹਨ। ਲੋਭ, ਮੋਹ, ਅਹੰਕਾਰ ਨੂੰ ਤਿਆਗ ਕੇ ਖੁਸ਼ੀ ਗ਼ਮੀ ਤੋਂ ਨਿਆਰੇ ਰਹਿੰਦੇ ਹਨ। ਆਦਰ ਨਿਰਾਦਰ ਦੀ ਚਿੰਤਾ ਨਹੀਂ ਕਰਦੇ ਤੇ ਸਾਰੀਆਂ ਤ੍ਰਿਸ਼ਨਾਵਾਂ ਨੂੰ ਖ਼ਤਮ ਕਰ ਦੇਂਦੇ ਹਨ। ਉਨ੍ਹਾਂ ਤੇ ਵਿਸ਼ੇ ਵਿਕਾਰ ਆਪਣਾ ਅਸਰ ਨਹੀਂ ਪਾ ਸਕਦੇ। ਗੁਰੂ ਦੀ ਕਿਰਪਾ ਸਦਕਾ ਅਕਾਲਪੁਰਖ ਨਾਲ ਇਉਂ ਲੀਨ ਹੋ ਜਾਂਦੇ ਹਨ, ਜਿਵੇਂ ਪਾਣੀ ਨਾਲ ਪਾਣੀ ਅਭੇਦ ਹੋ ਜਾਂਦਾ ਹੈ:-

ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥

\- - -                    - - -

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥[3]

---

1. ਗਿ. ਗੁਰਦਿੱਤ ਸਿੰਘ (ਸੰਪਾ.), ਪ੍ਰੇਮ ਪਤ੍ਰਿਕਾ, ਗੁਰੂ ਤੇਗ਼ ਬਹਾਦਰ ਅੰਕ (1), ਪੰਨਾ 41
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219
3. ਉਹੀ, ਪੰਨਾ 633

ਹੁਣ ਅਸੀਂ ਇਹ ਵੇਖਣਾ ਹੈ ਕਿ ਇਸ ਅਵਸਥਾ ਦੀ ਪ੍ਰਾਪਤੀ ਲਈ, ਸੁਖੀ ਹੋਣ ਲਈ ਗੁਰਦੇਵ ਨੇ ਆਪਣੀ ਬਾਣੀ ਵਿੱਚ ਕਿਹੜੇ ਕਿਹੜੇ ਸਾਧਨ ਦਰਸਾਏ ਹਨ।

ਮਨੁੱਖੀ ਸਰੀਰ ਵਿੱਚ ਮਨ ਇੱਕ ਅਜੀਬ ਤੇ ਚੰਚਲ ਚੀਜ਼ ਹੈ। ਸਾਰੇ ਦੁੱਖਾਂ ਦੀ ਜੜ੍ਹ ਇਹੀ ਹੈ। ਗੁਰਦੇਵ ਨੇ ਗਿਆਨ ਰਾਹੀਂ ਮਨ ਨੂੰ ਸੰਬੋਧਨ ਕਰਕੇ ਕਿਹਾ ਹੈ। ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਗੁਰਦੇਵ ਨੇ ਭਗਤੀ ਤੇ ਨਾਮ ਸਿਮਰਣ ਦਾ ਉਪਦੇਸ਼ ਦਿੱਤਾ ਹੈ। ਇਹ ਉਤਨਾ ਚਿਰ ਅਸੰਭਵ ਹੈ, ਜਦ ਤੱਕ ਮਨ ਨੂੰ ਕਾਬੂ ਨਾ ਕੀਤਾ ਜਾਵੇ। ਇਸ ਸਾਧਨ (ਭਗਤੀ) ਲਈ ਮਨ ਵਿਕਾਰਾਂ ਨੂੰ ਤਜਣੇ ਵਰਗੀ ਸੱਚ ਸ਼ਰਤਾਂ ਜ਼ਰੂਰੀ ਹੈ ਤਾਂ ਹੀ ਭਵ ਸਾਗਰ ਨੂੰ ਪਾਰ ਉਤਰਿਆ ਜਾ ਸਕਦਾ ਹੈ। ਗੁਰਦੇਵ ਦਾ ਕਥਨ ਹੈ:-

ਨਾਨਕ ਗੁਰਮੁਖਿ ਪਾਰਿ ਪਰੇ ਜਪੁ ਗਾਵੈ ਪ੍ਰਭ ਕੇ ਗੀਤ॥[1]

ਅਧਿਆਤਮਕ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲੇ ਹਉਮੈ ਨੂੰ ਨਾਸ਼ ਕਰਨ ਦਾ ਉਪਦੇਸ਼ ਦਿੱਤਾ ਹੈ। ਆਤਮਾ ਨੂੰ ਪ੍ਰਮਾਤਮਾ ਨਾਲੋਂ ਵਿਛੋੜਨ ਦਾ ਮੂਲ ਕਾਰਣ ਹਉਮੈ ਹੀ ਹੈ। ਇਸ ਪ੍ਰਭੂ ਨਾਲੋਂ ਵਿਛੜਣ ਉਪਰੰਤ ਜੀਵ ਭਟਕ ਜਾਂਦੀ ਹੈ, ਚੁਰਾਸੀ ਪੈ ਜਾਂਦੀ ਹੈ ਤੇ ਦਰ ਦਰ ਦੀਆਂ ਠੋਕਰਾਂ ਖਾਂਦੀ ਦੁਖੀ ਹੁੰਦੀ ਹੈ। ਗੁਰਦੇਵ ਦਾ ਵਿਚਾਰ ਹੈ ਕਿ ਹਉਮੈ ਨੂੰ ਨਾਸ਼ ਕਰਨ ਵਾਲਾ ਪੁਰਸ਼ ਮਹਾਂਪੁਰਸ਼ ਹੈ। ਉਹ ਭਵਸਾਗਰ ਨੂੰ ਤਰ ਜਾਂਦਾ ਹੈ ਅਤੇ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ:-

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥[2]

ਦੁਨਿਆਵੀਂ ਲੋਭ ਮੋਹ ਅਤੇ ਹਉਮੈ ਨੂੰ ਤਿਆਗਣ ਉਪਰੰਤ ਹੀ ਮਨੁੱਖ ਪਰਮ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਹਉਮੈ ਨੂੰ ਖ਼ਤਮ ਕਰਨਾ ਹੀ ਮਨੁੱਖ ਦਾ ਉਦੇਸ਼ ਹੋਣਾ ਚਾਹੀਦਾ ਹੈ। ਹਉਮੈ ਖ਼ਤਮ ਹੋਣ ਤੇ ਮਨ ਭਜਨ-ਬੰਦਗੀ ਵਿੱਚ ਜੁੜ ਜਾਂਦਾ ਹੈ। ਸਿਮਰਣ ਦੇ ਸਦਕੇ ਹੀ ਮਨੁੱਖ ਸਰਬ ਦੁੱਖਾਂ ਦੀ ਨਵਿਰਤੀ ਕਰਨ ਦੇ ਯੋਗ ਹੋ ਸਕਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 536

2. ਉਹੀ, ਪੰਨਾ 1427

ਇਨਸਾਨ ਮਾਨਸਿਕ ਤੇ ਆਤਮਿਕ ਸੁੱਖ ਦੀ ਪ੍ਰਾਪਤੀ ਲਈ ਥਾਂ ਥਾਂ ਤੇ ਸਾਧਨ ਵਰਤਦਾ ਹੈ। ਗੁਰਦੇਵ ਨੇ ਇਸਨੂੰ ਸਹੀ ਮਾਰਗ ਦਸਦਿਆਂ ਹੋਇਆਂ ਲੋਭ, ਮੋਹ, ਅਹੰਕਾਰ ਦਾ ਤਿਆਗ ਕਰਨ ਦੀ ਪ੍ਰੇਰਣਾ ਦਿੱਤੀ ਹੈ। ਗੁਰਦੇਵ ਦਾ ਫੁਰਮਾਣ ਹੈ:-

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥[1]

ਮਾਇਆ ਦੀ ਪ੍ਰਾਪਤੀ ਲਈ ਮਨੁੱਖ ਲੋਭ, ਕਲੇਸ਼, ਚੋਰਾਂ ਠੱਗੀ ਆਦਿ ਬੁਰੇ ਕਰਮ ਕਰਦਾ ਹੈ। ਗੁਰਦੇਵ ਨੇ ਸਮਝਾਇਆ ਹੈ ਕਿ ਮਾਇਆ ਅਤੇ ਪਦਾਰਥ ਗੁਜ਼ਰਾਨ ਕਰਨ ਲਈ ਹਨ। ਇਨ੍ਹਾਂ ਨੂੰ ਵਰਤੋ। ਪਰ ਇਨ੍ਹਾਂ ਨਾਲ ਅਜਿਹਾ ਮੋਹ ਨਾ ਲਾਵੋ, ਜੋ ਅੰਤ ਛੱਡਿਆਂ ਦੁੱਖ ਮਹਿਸੂਸ ਹੋਵੇ। ਇਸਦੇ ਉਲਟ ਗੁਰੂ ਨੇ ਸੁੱਖ ਪ੍ਰਾਪਤੀ ਦਾ ਅਸਲੀ ਸਾਧਨ ਨਾਮ ਸਿਮਰਨ ਵੱਲ ਧਿਆਨ ਲਾਉਣ ਲਈ ਪ੍ਰੇਰਿਆ ਹੈ। ਮਹਾਂਵਾਕ ਹੈ:-

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥[2]

ਕਹਾ ਮਨ ਬਿਖਿਆ ਸਿਉ ਲਪਟਾਹੀ ॥
ਯਾ ਜਗ ਮੈ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥
\- - -                    - - -
ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥[3]

ਇਸ ਦੇ ਇਲਾਵਾ ਗੁਰਦੇਵ ਨੇ ਉਸਤਤ-ਨਿੰਦਾ, ਹਰਖ-ਸੋਗ, ਆਦਿ ਨੂੰ ਵੀ ਤਿਆਗਣ ਦਾ ਉਪਦੇਸ਼ ਦਿੱਤਾ ਹੈ ਤਾਂ ਕਿ ਉਸਨੂੰ ਅਕਾਲਪੁਰਖ ਦੀ ਸੋਝੀ ਹੋ ਸਕੇ, ਉਹ ਹਰੀ ਨਾਮ ਨਾਲ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1427
2. ਉਹੀ, ਪੰਨਾ 1426
3. ਉਹੀ, ਪੰਨਾ 1231

ਗੁਰ ਕਹੇ:-

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥[1]

ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੈ॥[2]

ਭਗਤੀ ਮਾਰਗ ਤੇ ਚੱਲਣ ਲਈ ਉਚੀ ਸੰਗਤ ਦਾ ਵਿਸ਼ੇਸ਼ ਮਹੱਤਵ ਹੈ। ਕਿਉਂਕਿ ਮਨੁੱਖ ਜਿਹੋ ਜਿਹੀ ਸੰਗਤ ਵਿਚ ਵਿਚਰਦਾ ਹੈ, ਉਹੋ ਜਿਹਾ ਅਸਰ ਉਸ ਤੇ ਹੋ ਜਾਂਦਾ ਹੈ, ਉਹੋ ਜਿਹੀ ਉਸਦੀ ਮਤ ਬਣ ਜਾਂਦੀ ਹੈ। ਚੰਗੀ ਸੰਗਤ ਦਾ ਅਸਰ ਹੌਲੀਆਂ ਭਾਵੇਂ ਦੇਰ ਨਾਲ ਹੋਵੇ, ਪਰ ਬੁਰੀ ਸੰਗਤ ਆਪਣਾ ਰੰਗ ਬਹੁਤ ਜਲਦੀ ਵਿਖਾਉਂਦੀ ਹੈ। ਗੁਰਦੇਵ ਮਨੁੱਖ ਦੀ ਇਸ ਕਮਜ਼ੋਰੀ ਨੂੰ ਭਲੀ ਭਾਂਤ ਜਾਣਦੇ ਸਨ। ਉਨ੍ਹਾਂ ਨੇ ਮਨੁੱਖ ਨੂੰ ਬੁਰੀ ਸੰਗਤ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਹੈ:-

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥[3]

ਇਸਦੇ ਨਾਲ ਹੀ ਉਨ੍ਹਾਂ ਨੇ ਭਲੇ ਪੁਰਸ਼ਾਂ ਸਾਧਾਂ, ਸੰਤਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੱਤਾ ਹੈ। ਮਹਾਂਪੁਰਸ਼ਾਂ ਦੀ ਸੰਗਤ ਵਿੱਚ ਆਉਣ ਨਾਲ ਮਨੁੱਖ ਦੇ ਕਰਮ ਚੰਗੇ ਹੁੰਦੇ ਹਨ। ਉਹ ਚੰਗੀ ਸਿੱਖ ਮੱਤ ਲੈਂਦਾ ਹੈ, ਜਿਸ ਸਦਕਾ ਉਸਦਾ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ, ਮੈਲੀ ਮਤ ਦੂਰ ਹੁੰਦੀ ਹੈ। 'ਗੁਰੂ ਤੇਗ ਬਹਾਦਰ ਦਰਸ਼ਨ' ਵਿਚ ਲਿਖਿਆ ਹੈ:-

"ਸਾਧੂ ਦੀ ਸੰਗਤ ਵਿੱਚ ਆਉਣ ਵਾਲੇ ਵਿਅਕਤੀ ਦੀ ਖੋਟੀ ਮੱਤ ਨਾਸ਼ ਹੋ ਜਾਂਦੀ ਹੈ ਤੇ ਉਸਦੀ ਜਮਦੀ ਫਾਹੀ ਕੱਟੀ ਜਾਂਦੀ ਹੈ। ਪਰ ਉਹ ਆਪਣੇ ਇਸ ਜਿੱਤੇ ਸੁੱਖ ਵਿੱਚ ਹੀ ਲੀਨ ਨਹੀਂ ਰਹਿੰਦਾ। ਆਪਣੇ ਸੁੱਖ ਵਿਚ ਲੀਨ ਰਹਿਣਾ ਓਹਦੀ ਉੱਚੀ ਅਵਸਥਾ ਨਹੀਂ ਹੈ, ਕਿਉਂਕਿ ਇਹ ਸੁੱਖ ਕਿੰਨਾਂ ਹੀ ਨਿਕੰਮਨ ਤੇ ਨਸ਼ੇਆਂ ਵਿਚ ਨਾ ਹੋਵੇ। ਸਗੋਂ ਉਹ ਆਪਣੇ ਸੁੱਖ ਦੇ ਨਾਲ ਨਾਲ ਜਗਤ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219
2. ਉਹੀ, ਪੰਨਾ 1186
3. ਉਹੀ, ਪੰਨਾ 219

ਦੇ ਦੁੱਖ ਲਈ ਸਤਰਾਂ ਵਿੱਚ ਦਰਦ ਭਰਿਆ ਹੈ।"[1]

ਫੁਰਮਾਣ ਹੈ:-

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥[2]

ਜੇ ਮਨੁੱਖ ਸਤਿਸੰਗ ਪ੍ਰਭੂ ਸ਼ਰਨ ਵਿੱਚ ਸ਼ਰਨ ਹੋ ਜਾਵੇ, ਪ੍ਰਭੂ ਸਿਮਰਨ ਵਿੱਚ ਉਸਦਾ ਮਨ ਜੁੜ ਜਾਵੇ ਤਾਂ ਉਹ ਹਮੇਸ਼ਾ ਹਮੇਸ਼ਾ ਲਈ ਉਸ ਪਰਮਾਤਮਾ ਨੂੰ ਪ੍ਰਾਪਤ ਕਰ ਦੁੱਖਾਂ-ਸੁੱਖਾਂ ਤੋਂ ਉੱਚਾ ਉਠ ਜਾਂਦਾ ਹੈ। ਡਾ. ਵਿਕਰਮ ਸਿੰਘ 'ਘੁੰਮਣ' ਲਿਖਦੇ ਹਨ:-

"ਸਾਧੂ ਦੀ ਸੰਗਤ ਵਿੱਚ ਆਉਣਾ ਜ਼ਰੂਰੀ ਹੈ। ਉਹ ਹੀ ਮਨੁੱਖ ਨੂੰ ਸੱਚੇ ਮਾਰਗ ਤੇ ਤੋਰ ਸਕਦਾ ਹੈ। ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਜੋ ਪ੍ਰਾਣੀ ਸੰਗਤ ਨੂੰ ਲੈਂਦਾ ਹੈ, ਉਸਦੇ ਸਾਰੇ ਦੁਸ਼ਟ ਦੂਰ ਹੋ ਜਾਂਦੇ ਹਨ, ਖੋਟੀ ਮੱਤ ਦੂਰ ਹੋ ਜਾਂਦੀ ਹੈ। ਉਹ ਨਿਰਭੈ ਹੋ ਜਾਂਦਾ ਹੈ। ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਉਹ ਸੰਸਾਰੀ ਚਿੰਤਾਂ, ਪਰਵਾਹਾਂ, ਕਲੇਸ਼ਾਂ, ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ।"[3]

ਸਤਿਸੰਗ ਦੇ ਨਾਲ ਨਾਲ ਨਾਮ ਸਿਮਰਨ ਲਈ, ਸਹੀ ਮਾਰਗ ਤੇ ਚੱਲਣ ਲਈ ਇਕ ਚੰਗੇ ਪਥ-ਪ੍ਰਦਰਸ਼ਕ ਦੀ ਸਹਾਇਤਾ ਦੀ ਜ਼ਰੂਰਤ ਹੈ। ਅਗਿਆਨਤਾ ਤੋਂ ਰਹਿਤ ਇਸ ਪੰਥ ਤੇ ਚੱਲਣਾ ਅਤਿਅੰਤ ਕਠਨ ਹੈ। ਇਸਨੂੰ ਸੌਖਿਆਂ ਪਾਉਣ ਲਈ ਗੁਰਦੇਵ 'ਗੁਰੂ' ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਸੱਚੇ ਗੁਰੂ ਬਿਨਾਂ ਕੋਈ ਨਿਸਤਾਰਾ ਅਸੰਭਵ ਹੈ। ਡਾ. ਦਲੀਪ ਸਿੰਘ 'ਦੀਪ' ਲਿਖਦੇ ਹਨ:-

---

1. ਦਲੀਪ ਸਿੰਘ, ਗੁਰੂ ਤੇਗ ਬਹਾਦਰ ਦਰਸ਼ਨ, ਪੰਨਾ 27
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 633
3. ਡਾ. ਵਿਕਰਮ ਸਿੰਘ ਘੁੰਮਣ, ਬਾਣੀ ਗੁਰੂ ਤੇਗ ਬਹਾਦਰ - ਇਕ ਸਾਹਿਤਕ ਅਧਿਐਨ, ਪੰਨਾ 67

"ਜੀਵਨ ਦੇ ਹਰ ਖੇਤਰ ਵਿੱਚ ਪੱਥ ਪ੍ਰਦਰਸ਼ਕ ਦੀ ਲੋੜ ਮਹਿਸੂਸ ਹੁੰਦੀ ਹੈ। ਸ੍ਵੈ-ਜਤਨਾਂ ਨਾਲ ਪ੍ਰਾਪਤੀ ਬਹੁਤ ਕਠਿਨ ਹੈ। ਆਗੂ ਜਾਂ ਗੁਰੂ ਆਪ ਉਨ੍ਹਾਂ ਰਾਹਾਂ ਤੋਂ ਲੰਘਕੇ ਹੀ ਮੰਜ਼ਿਲ ਤੇ ਪੁੱਜਿਆ ਹੁੰਦਾ ਹੈ, ਜਿਸਦੀ ਜਾਣਕਾਰੀ ਉਨ੍ਹਾਂ ਸਿੱਖਾਂ ਜਾਂ ਮਾਰਗ ਦੇ ਪਾਂਧੀਆਂ ਨੂੰ ਦੇਣੀ ਹੁੰਦੀ ਹੈ। ਜਿਸਨੂੰ ਆਪ ਹੀ ਰਾਹ ਦੀ ਪਛਾਣ ਨਹੀਂ ਹੁੰਦੀ ਜਾਂ ਜੋ ਆਪ ਹੀ ਸੰਪੰਨ ਜਾਂ ਪੂਰਨ ਨਹੀਂ ਹੁੰਦਾ, ਉਹ ਦੂਜਿਆਂ ਨੂੰ ਕਿਵੇਂ ਰਾਹ ਪਾ ਸਕਦਾ। ਅਧਿਆਤਮਕ ਮਾਰਗ ਤੇ ਵੀ ਉਹੀ ਸਫਲਤਾ ਨਾਲ ਤੋਰ ਸਕਦਾ ਜੋ ਆਪ ਪੂਰਨ ਹੈ।" [1]

ਗੁਰਵਾਕ ਹੈ:-

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥
ਕਹੁ ਨਾਨਕੁ ਸੋਈ ਨਰੁ ਗੁਰਮੁਖਿ ਜੋ ਪ੍ਰਭ ਕੇ ਗੁਨ ਗਾਵੈ॥[2]

ਗੁਰੂ ਦੁਆਰਾ ਹੀ ਇਹ ਸੋਝੀ ਹੁੰਦੀ ਹੈ ਕਿ ਭਗਤੀ ਤੋਂ ਬਿਨ੍ਹਾਂ ਨਾ ਤਾਂ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਨਾ ਹੀ ਦੁੱਖਾਂ ਤੋਂ ਛੁਟਕਾਰਾ ਹੋ ਸਕਦਾ ਹੈ। ਪ੍ਰਭੂ ਦੀ ਭਗਤੀ ਹੀ ਮਨੁੱਖ ਨੂੰ ਮਾਇਆ ਤੋਂ ਮੁਕਤੀ ਦਿਵਾਉਂਦੀ ਹੈ ਤੇ ਉਸਨੂੰ ਨਿਰਵਾਣ ਪਦ ਪ੍ਰਾਪਤ ਕਰਾਉਂਦੀ ਹੈ। ਪ੍ਰਭੂ ਭੈ-ਭੰਜਨ ਹੈ ਤੇ ਉਸਦੀ ਭਗਤੀ ਜਮ ਜਾਂ ਕਾਲ ਦੇ ਤ੍ਰਾਸ ਨੂੰ ਦੂਰ ਕਰਦੀ ਹੈ। ਨਾਮ ਪਾਪ ਨਾਸ਼ਕ ਹੈ। ਇਸਦੇ ਸਿਮਰਨ ਨਾਲ ਉਹ ਤ੍ਰਿਸ਼ਨਾਵਾਂ ਨੂੰ ਮਾਰ ਸਕਦਾ ਹੈ। ਇਸ ਰਾਹੀਂ ਹੀ ਉਹ ਆਤਮ-ਪਰਮਾਤਮ ਦੀ ਏਕਤਾ ਨੂੰ ਸਮਝਣ ਦੇ ਯੋਗ ਹੁੰਦਾ ਹੈ। ਪਰ ਇਸ ਅਵਸਥਾ ਨੂੰ ਉਹੀ ਪਹੁੰਚ ਸਕਦਾ ਹੈ ਜਿਸ ਤੇ ਗੁਰੂ ਮਿਹਰ ਕਰੇ:-

ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥[3]

---

1. ਡਾ. ਦਲੀਪ ਸਿੰਘ 'ਦੀਪ', ਗੁਰੂ ਤੇਗ ਬਹਾਦਰ ਜੀਵਨ, ਦਰਸ਼ਨ ਅਤੇ ਰਚਨਾ, ਪੰਨਾ 112
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 831
3. ਉਹੀ, ਪੰਨਾ 634

ਗੁਰੂ ਜੀ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਦੇ ਮੋਹ ਵਿੱਚੋਂ ਨਿੱਕਲਕੇ ਪ੍ਰਭੂ ਦੀ ਸ਼ਰਣ ਜਾਣ ਲਈ ਪ੍ਰੇਰਦਾ ਹੈ। ਅਵਿਨਾਸ਼ੀ ਸੁਖ ਪ੍ਰਾਪਤ ਕਰਨ ਲਈ ਪ੍ਰਭੂ ਦੀ ਸ਼ਰਣ ਜਾ ਕੇ ਉਸ ਦਾ ਨਾਮ ਸਿਮਰਣ ਕਰਨਾ ਜ਼ਰੂਰੀ ਹੈ। ਇਹ ਮਨੁੱਖਾ ਜਨਮ ਦੁਰਲੱਭ ਹੈ। ਗੁਰੂ ਇਸ ਜਨਮ ਨੂੰ ਸਫਲ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗੁਰਦੇਵ ਦੀ ਬਾਣੀ ਵਿੱਚ ਥਾਂ ਪੁਰ ਥਾਂ ਅਕਾਲਪੁਰਖ ਦੀ ਸ਼ਰਣ ਜਾਣ ਦੀ ਅਤੇ ਉਸ ਨੂੰ ਮਨੋਂ ਨਾ ਵਿਸਾਰਣ ਦੀ ਪ੍ਰੇਰਨਾ ਹੋਈ ਹੈ:-

ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥[1]

ਨਰ ਅਚੇਤ ਪਾਪ ਤੇ ਡਰੁ ਰੇ ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥[2]

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥[3]

ਗੁਰੂ ਦਾ ਪ੍ਰੇਮਾ ਅਕਾਲਪੁਰਖ ਹੈ। ਉਸਦੀ ਸ਼ਰਨ ਜਾ ਕੇ, ਸੁਆਸ ਸੁਆਸ ਉਸਦਾ ਸਿਮਰਣ ਕਰਕੇ ਮਨੁੱਖ ਪਰਮ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ। ਡਾ. ਰਤਨ ਸਿੰਘ 'ਜੱਗੀ' ਲਿਖਦੇ ਹਨ:-

"ਨਾਮ ਸਾਧਨਾ ਦਾ ਮੱਧਯੁਗ ਦੀ ਭਗਤੀ ਸਾਧਨਾ ਵਿੱਚ ਅਤਿ-ਅਧਿਕ ਮਹੱਤਵ ਹੈ। ਹਰ ਇਕ ਸੰਪ੍ਰਦਾਇ ਵਿੱਚ, ਚਾਹੇ ਉਹ ਨਿਰਗੁਣ ਹੋਵੇ ਚਾਹੇ ਸਗੁਣ, ਨਾਮ ਦੀ ਮਹੱਤਤਾ ਨਿਰਵਿਵਾਦ ਹੈ। ਪਰ ਸਿੱਖ ਗੁਰੂਆਂ ਨੇ ਇਸਨੂੰ ਹੋਰਨਾਂ ਦੇ ਮੁਕਾਬਲੇ ਅਧਿਕ ਮਹੱਤਵ ਦਿੱਤਾ ਹੈ। ਅਸਲੋਂ ਨਾਮ ਸਾਧਨਾ ਸਿੱਖ ਭਗਤੀ ਲਹਿਰ ਦੀ ਰੌਸ਼ਨੀ ਦਾ ਅਨਿਵਾਰਜ ਹੈ।"[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219
2. ਉਹੀ, ਪੰਨਾ 220
3. ਉਹੀ, ਪੰਨਾ 1427
4. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਪੰਨਾ 101

ਗੁਰਦੇਵ ਨੇ ਪੁਰਾਣਾਂ ਦਾ ਹਵਾਲਾ ਦੇ ਕੇ ਇਹ ਸਿੱਧ ਕੀਤਾ ਹੈ ਕਿ ਇਹ ਸਾਧਨ ਸਦੀਆਂ ਤੋਂ ਅਜ਼ਮਾਇਆ ਜਾ ਰਿਹਾ ਹੈ, ਜਿਸਨੂੰ ਅਪਣਾਉਣ ਨਾਲ ਸਭ ਮੈਲ ਧੋਤੀ ਜਾਂਦੀ ਹੈ। ਮਨ ਨੂੰ ਬਾਰ ਬਾਰ ਨਾਮ ਜਪਣ ਦਾ ਉਪਦੇਸ਼ ਕੀਤਾ ਹੈ। ਇਸ ਪ੍ਰਸੰਗ ਵਜੋਂ ਇਹ ਤੁਕਾਂ ਪ੍ਰਸਤੁਤ ਹਨ:-

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ [1]
ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥ [2]

ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਕਾ ਹੂ ਗਤਿ ਪਾਈ ॥ [3]

ਪਰ ਸਿਮਰਨ ਵਿੱਚ ਚਿੱਤ ਤਾਂ ਹੀ ਟਿਕਦਾ ਹੈ ਜੇ ਜਿਗਿਆਸੂ ਤੇ ਪ੍ਰਭੂ ਦੀ ਮਿਹਰ ਹੋਵੇ। ਸਮਸਤ ਸਾਧਨ ਨਿਰਾਰਥਕ ਹਨ ਜੇ ਸਾਧਕ ਉਪਰ ਪ੍ਰਭੂ ਬਖ਼ਸ਼ਿਸ਼ ਨਾ ਹੋਵੇ। ਡਾ. ਰਘਬੀਰ ਸਿੰਘ ਲਿਖਦੇ ਹਨ:-

"ਪ੍ਰਭੂ ਦੀ ਸ਼ਰਨ ਵਿੱਚ ਆਉਣਾ ਅਰਥਾਤ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਨਾ, ਗੁਰਮਤ ਆਸ਼ੇ ਦੇ ਪੱਖੋਂ ਵਿਸ਼ੇਸ਼ ਮਹਾਨਤਾ ਰੱਖਦਾ ਹੈ। ਇਸਦਾ ਕਾਰਨ ਇਹ ਹੈ ਕਿ ਸਿੱਖ ਧਰਮ ਵਿੱਚ ਕਰਮ ਸਿਧਾਂਤ ਨੂੰ ਨਦਰ ਸਿਧਾਂਤ ਦੇ ਅਧੀਨ ਰਖਕੇ ਪੇਸ਼ ਕੀਤਾ ਗਿਆ ਹੈ। - - - ਪ੍ਰਭੂ ਦੀ ਬਖ਼ਸ਼ਿਸ਼ ਦੁਆਰਾ ਜੀਵ ਦੇ ਸਾਰੇ ਕਰਮਾਂ ਦਾ ਫਲ ਮਿਟ ਜਾਂਦਾ ਹੈ।"[4]

ਪ੍ਰਭੂ ਦਾ ਅਨੁਗ੍ਰਹਿ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਰੱਬ ਦੀ ਪ੍ਰਾਪਤੀ ਲਈ ਅਤਿ ਆਵੱਸ਼ਕ ਹੈ। ਜੀਵ ਨਿਰੁੱਧ ਨਿਰਬਲ ਹੈ, ਜਿਸਨੂੰ ਪ੍ਰਭੂ ਆਪ ਬਲਵਾਨ ਕਰਦੀ ਹੀ ਬਣਦੀ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 220
2. ਉਹੀ, ਪੰਨਾ 1428
3. ਉਹੀ, ਪੰਨਾ 1008
4. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਪੰਨਾ 174

ਗੁਰਦੇਵ ਦਾ ਫੁਰਮਾਨ ਹੈ:-

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥[1]

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਇਹ ਸਪਸ਼ਟ ਕੀਤਾ ਹੈ ਕਿ ਦੁੱਖਾਂ ਤੋਂ ਭੱਜਿਆ ਨਹੀਂ ਜਾ ਸਕਦਾ, ਇਨ੍ਹਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰੂ ਜੀ ਦੀ ਬਾਣੀ ਅਜਿਹਾ ਸੁਖ ਤੇ ਗੁਣਾਂ ਸਾਗਰ ਹੈ ਜਿਸਦੇ ਦਾਰਸ਼ਨਿਕ ਤੌਰ ਪਹਿਲੂਆਂ ਸਬੰਧੀ ਵਿਚਾਰਨੀ ਬੜੀ ਕਠਿਨ ਹੈ, ਪਰ ਗੁਰੂ ਜੀ ਦੇ ਦਰਸਾਏ ਸਾਧਨ ਨਾਮ ਸਿਮਰਨ ਨੂੰ ਅਪਣਾ ਕੇ ਮਨੁੱਖ ਇਸ ਦੁਨਿਆਵੀ ਵਿੱਚ ਵਿਚਰਦੇ ਹੋਏ ਜੀਵਨ ਦੇ ਕਠੋਰ ਰਾਹਾਂ ਨੂੰ ਆਸਾਨੀ ਨਾਲ ਪਾਰ ਕਰ ਸਕਦਾ ਹੈ। ਜਦ ਦੁੱਖਾਂ ਨੂੰ ਦੁੱਖ ਕਰਕੇ ਨਹੀਂ ਸਮਝਦਾ, ਸੁੱਖਾਂ ਨਾਲ ਉਸਨੂੰ ਮੋਹ ਨਹੀਂ, ਉਸਨੂੰ ਕਿਸੇ ਤੋਂ ਡਰ ਨਹੀਂ, ਸੋਨੇ ਨੂੰ ਮਿੱਟੀ ਦੇ ਤੁਲ ਸਮਝਦਾ ਹੈ, ਨਾ ਕਿਸੇ ਤੋਂ ਅਕਾਂਖਿਆ ਹੈ ਤੇ ਨਾ ਹੀ ਉਸਤਤ ਚਾਹੁੰਦਾ ਹੈ। ਖੁਸ਼ੀ ਗਮੀ ਤੋਂ ਨਿਰਲੇਪ ਰਹਿੰਦਾ ਹੋਇਆ ਨਿਰਵਾਣ ਪਦ ਪ੍ਰਾਪਤ ਕਰਦਾ ਹੈ।

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 219

## ਨਿਸ਼ਕਰਸ਼

ਸਾਡੇ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਭਾਰਤੀ ਵਿਚਾਰਧਾਰਾ ਵਿੱਚ ਦੁੱਖ ਦਾ ਸੁਵਿਸਤਾਰ ਵਰਣਨ ਮਿਲਦਾ ਹੈ। ਇਹ ਦੁੱਖ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ - ਆਧਿਆਤਮਕ, ਅਧਿਭੌਤਿਕ ਅਤੇ ਆਧਿਦੈਵਿਕ। ਵੈਦਿਕ ਸਾਹਿਤ ਵਿੱਚ ਰਿਸ਼ੀਆਂ ਦੀ ਇਸ ਮਹਾਨ ਸਮੱਸਿਆ ਦਾ ਸਿੱਧਾ ਜ਼ਿਕਰ ਨਹੀਂ ਮਿਲਦਾ ਬਲਕਿ ਪ੍ਰਤੀਕਾਂ ਰਾਹੀਂ ਇਸ ਦੀ ਵਿਆਖਿਆ ਕੀਤੀ ਮਿਲਦੀ ਹੈ। ਪਰੰਤੂ ਸ਼ਤੈਕ ਵਿਚ ਇਕ ਨਿਯਮ ਦੀ ਪ੍ਰਾਰਥਨਾ ਹੈ ਜਿਸ ਵਿੱਚ ਦੂਰ ਦੁੱਖਾਂ ਨਾਸ਼ੀ ਬੇਨਤੀ ਕਰਦੇ ਹਨ। ਉਪਨਿਸ਼ਦ ਸਾਹਿਤ ਵਿੱਚ ਮਹਾਂਪੁਰਖ ਦੀ ਆਗਿਆ ਦੇ ਉਲਟ ਚੱਲਣਾ, ਅਵਿਦਿਆ ਅਤੇ ਅਗਿਆਨਤਾ ਦੁੱਖ ਦੇ ਕਾਰਣ ਮੰਨੇ ਹਨ। ਗੀਤਾ ਵਿਚ ਰਾਗ, ਦ੍ਵੈਸ਼, ਕਾਮ, ਕ੍ਰੋਧ, ਮੋਹ ਆਦਿ ਦੁੱਖ ਦਾ ਕਾਰਣ ਦੱਸੇ ਹਨ। ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਦੇ ਅਧੀਨ ਹੋਏ ਕਰਮ ਹੀ ਆਤਮਾ ਦੇ ਬੰਧਨ ਦਾ ਕਾਰਣ ਹਨ। ਬੁੱਧ ਧਰਮ ਵਿੱਚ ਵੀ ਦੁੱਖ ਦੀ ਸਮੱਸਿਆ ਪ੍ਰਮੁਖ ਰੂਪ ਵਿਚ ਸਾਹਮਣੇ ਆਉਂਦੀ ਹੈ। ਜੀਵਨ ਦੀ ਹੋਂਦ ਨੂੰ ਦੁੱਖ ਦਾ ਕਾਰਣ ਕਿਹਾ ਹੈ। ਇਸ ਦੇ ਨਾਲ ਹੀ ਤ੍ਰਿਸ਼ਨਾ, ਅਵਿਦਿਆ ਆਦਿ ਕਾਰਣ ਵੀ ਦੁੱਖ ਉਪਜਾਉਂਦੇ ਦਰਸਾਏ ਹਨ। ਸ਼ਾਸਤਰਾਂ ਵਿੱਚ ਵੀ ਦੁੱਖ ਦਾ ਕਾਰਣ ਮਨੁੱਖ ਦਾ ਵਿਸ਼ਿਆਂ ਵਿਕਾਰਾਂ ਵਿਚ ਫਸਣਾ ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਦੁੱਖ ਦੀ ਸਰਬ-ਸੰਪਰਕਤਾ ਅਤੇ ਸਰਬ-ਵਿਆਪਕਤਾ ਦਾ ਜ਼ਿਕਰ ਆਮ ਮਿਲਦਾ ਹੈ। ਇਸ ਦਾ ਅਸਲ ਕਾਰਣ ਆਪਣੇ ਮੂਲ ਸੋਮੇ ਤੋਂ ਟੁੱਟ ਕੇ ਕੂੜੀ ਹਉਮੈ ਵਿੱਚ ਫਸਣਾ ਦੱਸਿਆ ਹੈ। ਇਸ ਦੇ ਨਾਲ ਹੀ ਅਗਿਆਨਤਾ, ਮਨੁੱਖ ਦਾ ਵਿਸ਼ੇ-ਵਿਕਾਰਾਂ ਵਿੱਚ ਫਸਣਾ ਵੀ ਦੁੱਖ ਦਾ ਕਾਰਣ ਹਨ।

ਸਰੀਰ ਦਾ ਅਸਰ ਮਨ ਉਤੇ ਪੈਂਦਾ ਹੈ। ਕੋਈ ਰੋਗ ਜਿਸਮੀ ਨਿਕਟ ਆਵੇ ਤਾਂ ਦਰਦ ਮਹਿਸੂਸ ਹੁੰਦਾ ਹੈ। ਸਾਰਾ ਸਰੀਰ ਖਿਚਾਉ ਵਿੱਚ ਆ ਜਾਂਦਾ ਹੈ। ਸਰੀਰ ਕਾਰਣ ਪੈਦਾ ਹੁੰਦੇ ਰੋਗਾਂ ਦਾ ਵੀ ਇਸ ਪਵਿੱਤਰ ਗ੍ਰੰਥ ਵਿੱਚ ਜ਼ਿਕਰ ਕੀਤਾ ਹੈ। ਮਹਾਂਪੁਰਖ ਤੋਂ ਵਿਛੜੇ ਮਨੁੱਖ ਨੂੰ ਸੱਭੇ ਪੀੜ ਅਤੇ ਸਰੀਰ ਵਿੱਚ ਜਲਣ ਹੁੰਦੀ ਦਰਸਾਈ ਹੈ। ਪਰ ਇਸ ਨਾਮਾਂਸੀ ਗ੍ਰੰਥ ਵਿੱਚ ਮਾਨਸਿਕ ਰੋਗਾਂ ਅਤੇ ਦੁੱਖਾਂ ਨੂੰ ਵਧੇਰੇ ਵਿਸਥਾਰ ਕਿਹਾ ਗਿਆ ਹੈ। ਕਿਉਂਕਿ ਮਨੁੱਖ ਦੇ ਤਨ ਦੀਆਂ ਬਹੁਤੀਆਂ ਬਿਮਾਰੀਆਂ ਦਾ ਕਾਰਣ ਮਨੁੱਖੀ ਮਨ ਹੁੰਦਾ ਹੈ। ਰੋਗੀ ਮਨ ਸਰੀਰ ਨੂੰ ਜਰਜਰਾ ਬਣਾ ਦਿੰਦਾ ਹੈ। ਵਿਸ਼ਿਆਂ ਵਿੱਚ ਮਨੁੱਖ ਇਤਨਾ ਖੁੱਭ ਜਾਂਦਾ ਹੈ ਕਿ ਉਸਨੂੰ ਇਹ ਹੋਸ਼ ਆਉਂਦੇ ਹੀ ਨਹੀਂ, ਸਗੋਂ ਉਹ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਸਮਝਦਾ ਹੈ। ਉਪਰੰਤ ਦੇਵੀ ਸ਼ਕਤੀਆਂ ਦੀ ਪੂਜਾ ਕਰਨ ਦੀ ਪ੍ਰੇਰਣਾ ਦਿੰਦੇ ਵੀ ਨਹੀਂ ਕੀਤੀ ਗਈ ਜਾਵੇਂ ਇਨ੍ਹਾਂ ਕਾਰਣ ਹੁੰਦੇ ਦੁੱਖਾਂ

ਦਾ ਫ਼ਿਕਰ ਮਿਟਦਾ ਹੈ। ਬਲਕਿ ਇਹ ਸਭ ਸ਼ਕਤੀਆਂ ਅਕਾਲਪੁਰਖ ਦੇ ਭੈਅ ਵਿਚ ਵਿਚਰਦੀਆਂ ਦੱਸੀਆਂ ਹਨ।

ਗੁਰਮਤ ਵਿੱਚ ਕਰਮ ਅਤੇ ਆਵਾਗਵਣ ਦੇ ਸਿਧਾਂਤ ਨੂੰ ਵੀ ਮੰਨਿਆ ਹੈ। ਪਰ ਕਰਮ ਚੰਗੇ ਹੋਣ ਜਾਂ ਮਾੜੇ ਦੇ ਹਿਸਾਬ ਨਾਲ ਹੀ ਮੁਕਤੀ ਹੁੰਦੀ ਨਹੀਂ ਦੱਸੀ, ਬਲਕਿ ਪਰਮਾਤਮਾ ਦੀ ਮਿਹਰ ਸਦਕਾ ਹੀ ਵਿਅਕਤੀ ਦੇ ਸਾਰੇ ਦੁੱਖ ਖ਼ਤਮ ਹੁੰਦੇ ਦੱਸੇ ਹਨ। ਫਲਯੁਕਤ ਕਰਮਾਂ ਕਾਰਣ ਇਹ ਬੰਧਨ ਬਣਿਆ ਰਹਿੰਦਾ ਹੈ। ਪਰ ਨਿਸ਼ਕਾਮ ਕਰਮਾਂ ਸਦਕਾ ਆਤਮਾ ਪ੍ਰਮਾਤਮਾ ਵਿੱਚ ਅਭੇਦ ਹੋ ਕੇ ਜਨਮ ਮਰਨ ਦੇ ਬੰਧਨ ਤੋਂ ਛੁਟਕਾਰਾ ਪਾਉਂਦੀ ਹੈ।

ਹਰੇਕ ਜੀਵ ਸੁੱਖ ਲੋਚਦਾ ਹੈ ਅਤੇ ਦੁੱਖਾਂ ਤੋਂ ਛੁਟਕਾਰੇ ਲਈ ਕਈ ਉਪਾਅ ਕਰਦਾ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਇਨ੍ਹਾਂ ਦੁੱਖਾਂ ਦੀ ਨਵਿਰਤੀ ਲਈ ਰਾਹ ਸੁਝਾਇਆ ਹੈ। ਗੁਰਬਾਣੀ ਵਿੱਚ ਦੁੱਖ-ਸੁੱਖ ਤੋਂ ਉਤਾਂ ਉਠਣ ਲਈ ਪਹਿਲੀ ਸ਼ਰਤ ਅਕਾਲਪੁਰਖ ਦੇ ਹੁਕਮ ਨੂੰ ਮੰਨਣਾ ਅਤੇ ਉਸਦੀ ਰਜ਼ਾ ਵਿਚ ਰਹਿਣਾ ਕਿਹਾ ਹੈ। ਸਭ ਪਾਸੇ ਉਸ ਵਾਹਿਗੁਰੂ ਜੀ ਦਾ ਹੁਕਮ ਵਰਤ ਰਿਹਾ ਹੈ। ਉਸਦੇ ਹੁਕਮ ਅਤੇ ਰਜ਼ਾ ਵਿਚ ਰਹਿਣ ਵਾਲਾ ਮਨੁੱਖ ਕਦੇ ਕਿਸੇ ਦਾ ਬੁਰਾ ਨਹੀਂ ਚਿਤਵਦਾ। ਉਸਦੀ ਦ੍ਰਿਸ਼ਟੀ ਵਿੱਚ ਸਭ ਸਮਾਨ ਹੋ ਜਾਂਦੇ ਹਨ। ਪਰ ਅਧਿਆਤਮਿਕ ਪੰਧ ਤੇ ਕਦਮ ਰੱਖਣ ਲਈ ਜ਼ਰੂਰੀ ਹੈ ਕਿ ਮਨੁੱਖ ਸਦਾਚਾਰਕ ਗੁਣਾਂ ਨਾਲ ਸੁਸ਼ੋਭਿਤ ਹੋਵੇ। ਆਤਮ ਪ੍ਰਾਪਤੀ ਦਾ ਪੰਧ ਤਾਂ ਸੌਖਾ ਪ੍ਰਤੀਤ ਹੋਵੇਗਾ ਜੇਕਰ ਸਾਧਕ ਨੇ ਸਦਾਚਾਰਕ ਗੁਣਾਂ ਦਾ ਤੋਸ਼ਾ ਨਾਲ ਬੰਨ੍ਹਿਆ ਹੋਵੇ। ਸ਼ੁਭ ਗੁਣਾਂ ਨੂੰ ਅਪਣਾਉਣ ਨਾਲ ਹੀ ਉਹ ਉਚੇਰੀ ਅਧਿਆਤਮਕ ਅਵਸਥਾ ਅਤੇ ਅਨੰਦ ਪ੍ਰਾਪਤ ਕਰ ਸਕਦਾ ਹੈ। ਪਰ ਨਾਲ ਹੀ ਇਹ ਵੀ ਅਹਿਸਾਸ ਕਰਾਇਆ ਹੈ ਕਿ ਸੁੱਖ ਦੀ ਹੋਂਦ ਨੂੰ ਵੀ ਦੁੱਖ ਦੇ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਵੇਂ ਦੁੱਖ ਦਾਰੂ ਬਣ ਜਾਂਦਾ ਹੈ। ਇਸ ਦੇ ਆਧਾਰ ਨਾਲ ਮਨੁੱਖ ਵਾਹਿਗੁਰੂ ਨਾਲ ਜੁੜਦਾ ਹੈ ਪਰ ਸੁੱਖਾਂ ਦੀ ਬਹੁਤਾਤ ਵਿੱਚ ਉਹ ਅਕਾਲਪੁਰਖ ਨੂੰ ਭੁਲਾ ਦਿੰਦਾ ਹੈ, ਜਿਸ ਸਦਕਾ ਫਿਰ ਦੁੱਖਾਂ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ।

ਇਸਦੇ ਨਾਲ ਹੀ ਆਤਮਿਕ ਉਨਤੀ ਲਈ ਭਗਤੀ ਕਰਨੀ ਬੇਹੱਦ ਜ਼ਰੂਰੀ ਕਹੀ ਹੈ ਕਿਉਂਕਿ ਭਗਤੀ ਪ੍ਰਭੂ ਪ੍ਰਾਪਤੀ ਦਾ ਸਰਬ ਸ੍ਰੇਸ਼ਟ ਸਾਧਨ ਹੈ ਜਿਸ ਰਾਹੀਂ ਆਤਮਾ ਵਾਹਿਗੁਰੂ ਵਿਚ ਅਭੇਦ ਹੁੰਦੀ ਹੈ। ਨਾਮ ਸਿਮਰਨ ਸਦਕਾ ਹੀ ਉਹ ਭਗਤੀ ਮਾਰਗ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਸਾਹਮਣਾ ਕਰਦਾ ਹੋਇਆ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਫਿਰ ਉਹ ਇਸ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਵੀ ਮੁਕਤ ਹੁੰਦਾ ਹੈ।

ਇਸਦੇ ਨਾਲ ਹੀ ਪੰਜ ਬਾਣੀਆਂ ਜਪੁਜੀ ਸਾਹਿਬ, ਅਨੰਦ ਸਾਹਿਬ, ਸੁਖਮਨੀ ਸਾਹਿਬ, ਕਬੀਰ ਜੀ ਦੇ ਸ਼ਲੋਕ ਅਤੇ ਨੌਵੇਂ ਮਹੱਲੇ ਦੇ ਸ਼ਬਦ ਤੇ ਸ਼ਲੋਕਾਂ ਵਿਚ ਦੁੱਖਾਂ ਦੀ ਨਵਿਰਤੀ ਹਿੱਤ ਚਰਿਤ੍ਰਤ ਸਾਧਨਾਂ ਦਾ ਜ਼ਿਕਰ ਹੋਇਆ ਹੈ। ਜਪੁਜੀ ਸਾਹਿਬ ਵਿੱਚ ਦੁੱਖ ਦਾ ਕਾਰਣ ਆਤਮਾ ਤੇ ਪ੍ਰਮਾਤਮਾ ਵਿਚਕਾਰ ਪਈ ਕੂੜ ਦੀ ਪਾਲ ਨੂੰ ਮੰਨਿਆ ਹੈ। ਜਿਸਨੂੰ ਪ੍ਰਭੂ ਦੇ ਹੁਕਮ ਵਿੱਚ ਚੱਲਣ, ਰਜ਼ਾ ਵਿੱਚ ਰਹਿਣ ਤੋੜਿਆ ਜਾ ਸਕਦਾ ਹੈ। ਪਰਮ ਅਵਸਥਾ (ਸਚਖੰਡ) ਪਹੁੰਚਣ ਲਈ ਜੀਵ ਨੂੰ ਚਾਰ ਖੰਡਾਂ ਦੀ ਦੈਵੀ ਜ਼ਿੰਦਗੀ ਵਿਚੋਂ ਲੰਘਣਾ ਪੈਂਦਾ ਹੈ ਤਾਂ ਹੀ ਨਿਰੰਕਾਰ ਨਾਲ ਇਕਸੁਰਤਾ ਪ੍ਰਾਪਤ ਹੁੰਦੀ ਹੈ। ਅਨੰਦ ਸਾਹਿਬ ਵਿੱਚ ਜੀਵਨ ਦਾ ਉਦੇਸ਼ ਮਿਥਕੇ, ਅਨੰਦ ਪ੍ਰਾਪਤੀ ਦਾ ਵਸੀਲਾ ਦੱਸਦਿਆਂ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ ਜਾਣੂ ਕਰਾਇਆ ਹੈ। ਭਗਤੀ ਮਾਰਗ ਤੇ ਚੱਲਣ ਲਈ ਇੰਦਰੀਆਂ ਨੂੰ ਦੂਜੇ ਪਾਸੇ ਤੋਂ ਮੋੜਨ ਦੀ ਪ੍ਰੇਰਣਾ ਦਿੱਤੀ ਹੈ। ਇਹ ਸਭ ਕੁਝ ਦੀ ਪ੍ਰਾਪਤੀ ਲਈ ਸਤਿਗੁਰ ਦੀ ਸ਼ਰਨ ਲੈਣੀ ਜ਼ਰੂਰੀ ਹੈ। ਸੁਖਮਨੀ ਸਾਹਿਬ ਵਿੱਚ ਮਨੁੱਖ ਨੂੰ ਪਰਮ ਸੁੱਖ ਦੀ ਪ੍ਰਾਪਤੀ ਲਈ ਪ੍ਰੇਰਿਆ ਕਿਆ ਹੈ। ਹਰੀ ਨਾਮ ਸਿਮਰਣ ਨਾਲ ਸਭ ਪ੍ਰਕਾਰ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ। ਕਬੀਰ ਬਾਣੀ ਵਿੱਚ ਦੁੱਖ ਦੀ ਸਰਬ-ਵਿਆਪਕਤਾ ਨੂੰ ਦਰਸਾਇਆ ਕਿਆ ਹੈ। ਜਿਸਨੂੰ ਦੂਰ ਕਰਨ ਲਈ ਕਬੀਰ ਜੀ ਨੇ ਆਪ ਰੂਪ ਕਰਨ ਦੀ ਪ੍ਰੇਰਣਾ ਹੋਈ ਹੈ। ਵਿਸ਼ਿਆਂ ਨੂੰ ਤਿਆਗਕੇ ਸ਼ੁਭ ਗੁਣ ਅਪਣਾਉਣ ਲਈ ਕਿਹਾ ਹੈ। ਉਹ ਮੋਹ ਨੂੰ ਵਿਸਾਰਣ ਲਈ ਕਿਹਾ ਹੈ ਜਿਨ੍ਹਾਂ ਸਦਕਾ ਜੀਵ ਦਰਗਾਹ ਵਿੱਚ ਸ਼ਰਮਿੰਦੇ ਹੋਣਾ ਪੈਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਇਹ ਸਪਸ਼ਟ ਹੋਇਆ ਹੈ ਕਿ ਮਨ ਦੀ ਮੱਤ ਅਧੀਨ ਹੋਕੇ ਕਰਮ ਹੀ ਦੁੱਖ ਦਾ ਕਾਰਣ ਹਨ। ਗੁਰਦੇਵ ਨੇ ਦੁੱਖ ਦਾ ਜੋ ਸੰਕਲਪ ਪੇਸ਼ ਕੀਤਾ ਹੈ, ਉਹ ਮਨੁੱਖੀ ਪਹੁੰਚ ਤੋਂ ਪਰ੍ਹੇ ਦਾ ਨਹੀਂ ਹੈ ਬਲਕਿ ਸਧਾਰਣ ਜ਼ਿੰਦਗੀ ਵਿਚ ਵਿਚਰਦਿਆਂ ਹੀ ਪ੍ਰਾਪਤ ਹੋਣਾ ਜਾ ਸਕਦਾ ਹੈ। ਇਸ ਦੀ ਪ੍ਰਾਪਤੀ ਲਈ ਮਨ ਨੂੰ ਕਾਬੂ ਕਰਨ, ਹਉਮੈ ਖਤਮ ਕਰਨ, ਵਿਸ਼ੇ ਵਿਕਾਰਾਂ ਵਿੱਚ ਨਾ ਖੁੱਭਣ ਅਤੇ ਇਸਤੋਂ ਇਲਾਵਾ ਨਾਮ ਸਿਮਰਣ ਜ਼ਰੂਰੀ ਦੱਸਿਆ ਹੈ।

## ਪੁਸਤਕ ਸੂਚੀ

### ਪੰਜਾਬੀ


1. ਓਅੰਕਾਰ ਸਿੰਘ; ਸੁਖਮਨੀ ਸਾਹਿਬ ਵਿੱਚ ਸੁਖ ਦਾ ਸੰਕਲਪ ਤੇ ਪ੍ਰਾਪਤੀ, ਪੰਜਾਬੀ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੇ ਛੇਵੇਂ ਪਰਚੇ ਲਈ ਪ੍ਰਸਤੁਤ ਖੋਜ ਨਿਬੰਧ, 1968

2. 'ਪ੍ਰਵਾਨਾ' ਚਰਨਜੀਤ ਸਿੰਘ; ਗੁਰੂ ਨਾਨਕ ਬਾਣੀ ਵਿੱਚ ਮਿਥਿਹਾਸ, ਪੰਜਾਬ ਵਿਸ਼ਵਵਿਦਿਆਲੇ, ਚੰਡੀਗੜ੍ਹ ਨੂੰ ਐਮ.ਏ. ਭਾਗ ਦੂਜਾ ਦੇ ਛੇਵੇਂ ਪਰਚੇ ਲਈ ਪ੍ਰਸਤੁਤ ਖੋਜ ਪੱਤਰ, 1968

3. 'ਅਸ਼ੋਕ' ਸ਼ਮਸ਼ੇਰ ਸਿੰਘ; ਪੰਥ ਸਾਹਿਤ ਤੇ ਇਤਿਹਾਸ, ਲਾਹੌਰ, ਮਾਡਰਨ ਪਬਲੀਕੇਸ਼ਨਜ਼, ਮੋਹਣੀ ਰੋਡ, 1944

4. 'ਅਕਾਲੀ' ਕੌਰ ਸਿੰਘ; ਗੁਰਸ਼ਬਦ ਰਤਨ ਪ੍ਰਕਾਸ਼, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1963

5. ਕਸ਼ਮੀਰ ਸਿੰਘ; ਆਦਿ ਗ੍ਰੰਥ ਵਿੱਚ ਸਹਜ ਦਾ ਸੰਕਲਪ - ਇਕ ਆਲੋਚਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ ਨੂੰ ਪੀ.ਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਥੀਸਿਸ, 1977

6. ਕਰਤਾਰ ਸਿੰਘ (ਡਾ.); ਸਮਦਰਸ਼ਨ, ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 1975

7. ਕਨ੍ਹੈਯਾਲਾਲ; ਗੁਰਬਾਣੀ ਟੀਕੇ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

8. ਅਮਰ ਸਿੰਘ (ਸਿ.); ਵਾਹਿਗੁਰੂ ਤੇਰੀ ਸਭ ਰਚਨਾ, ਅੰਮ੍ਰਿਤਸਰ, ਦਰਬਾਰ ਪਬਲਿਸ਼ਿੰਗ ਹਾਊਸ, ਕਟੜਾ ਮਾਹੀ ਸੈਂਆਂ, 1956

9. 'ਅਸ਼ੋਕ' ਸ.ਸ. (ਪ੍ਰੋ.); ਸਿੱਖੀ ਤੇ ਨਵਾਂ ਜ਼ਮਾਨਾ (ਦੂਜੀ ਐਡੀਸ਼ਨ), ਅੰਮ੍ਰਿਤਸਰ, ਸਿੱਖ ਪਬਲਿਸ਼ਿੰਗ ਹਾਊਸ ਲਿਮਿਟਡ, 1951

10. ਨਾਨਕ ਦੇਵ ਅੰਮ੍ਰਿਤ ਬਾਣੀ, ਲੁਧਿਆਣਾ, ਸਾਂਝੀ ਪ੍ਰਕਾਸ਼ਨ, ਘੰਟਾ ਘਰ, 1977

11. 'ਅਰਸ਼ੀ' ਸਾਹਿਬ ਸਿੰਘ (ਡਾ.) ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਲੇਖਕ, ਅਰਸ਼ੀ ਪਬਲਿਸ਼ਰਜ਼, ਨਵੀਂ ਦਿੱਲੀ, 1973

12. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1951

13. 'ਸੈਲਾਨੀ' ਸੋਮ ਮਾਰਕੰਡਾ; ਕਾਵਿ ਦੇ ਪਖ, ਦਿੱਲੀ, ਸੈਂਟਰਲ ਪ੍ਰੈਸ, 1954

14. ਸਰਤਾਜ ਸਿੰਘ (ਪ੍ਰੋ.); ਸਚੁ ਤੇ ਕੂੜ ਦੇ ਪੰਧ, ਜਲੰਧਰ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, 1971

15. ਸਾਹਿਬ ਸਿੰਘ (ਡਾ.); ਸਟੀਕ ਸੁਖਮਨੀ ਸਾਹਿਬ (ਸਤਵੀਂ ਐਡੀਸ਼ਨ), ਲਾਹੌਰ, ਲਾਹੌਰ ਬੁਕ ਸ਼ਾਪ, ਮਿਤੀ ਰਹਿਤ

16. ਧਾਰਮਿਕ ਲੇਖ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1946

17. ਧਰਮ ਤੇ ਸਦਾਚਾਰ, ਅੰਮ੍ਰਿਤਸਰ, ਹਿੰਦ ਪ੍ਰੈਸ, ਲੋਹਗੜ ਗੇਟ, 1951

18. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦਸ ਸੈਂਚੀਆਂ, ਜਲੰਧਰ, ਰਾਜ ਪਬਲਿਸ਼ਰਜ਼, 1963-64

19. ਸਦਾਚਾਰਕ ਲੇਖ, ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1971

੨੦. ਸਰਬੱਤ ਦਾ ਭਲਾ (ਤੀਜੀ ਐਡੀਸ਼ਨ), ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1971

੨੧. ਸਿਮਰਨ ਦੀਆਂ ਬਰਕਤਾਂ ਤੇ ਹੋਰ ਲੇਖ, ਅੰਮ੍ਰਿਤਸਰ, ਸਿੰਘ ਬ੍ਰਦਰਜ਼ ਮਾਈ ਸੇਵਾਂ, 1971

੨੨. ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1971

੨੩. —— ਸਿੱਖੀ ਮਾਰਗ, ਅੰਮ੍ਰਿਤਸਰ, ਚੀਫ਼ ਖ਼ਾਲਸਾ ਦੀਵਾਨ, ਮਿਤੀ ਰਹਿਤ

੨੪. ਸਾਵਣ ਸਿੰਘ; ਗੁਰਮਤ ਸਿਧਾਂਤ ਭਾਗ ਪਹਿਲਾ, ਪ੍ਰਕਰਣ ਤੀਜਾ, ਤੀਜਾ ਐਡੀਸ਼ਨ, ਅੰਮ੍ਰਿਤਸਰ, ਰਾਧਾ ਸੁਆਮੀ ਸਤਿਸੰਗ ਬਿਆਸ, 1968

੨੫. ਗੁਰਮਤ ਸਿਧਾਂਤ ਭਾਗ ਦੂਜਾ, ਪ੍ਰਕਰਣ ਪਹਿਲਾ, ਤੀਜਾ ਐਡੀਸ਼ਨ, ਰਾਧਾ ਸੁਆਮੀ ਸਤਿਸੰਗ ਬਿਆਸ, 1969-70

26. 'ਸੀਤਲ' ਸੋਹਣ ਸਿੰਘ (ਡਾ.) ਸੰਪਾ.; ਗੁਰੂ ਰਾਮਦਾਸ ਜੀਵਨ ਅਤੇ ਰਚਨਾ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

27. ਗੁਰਬਾਣੀ ਵਿਚਾਰ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1978

28. ਸੁਖਵਿੰਦਰ ਕੌਰ; ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਪਟਿਆਲਾ, ਪੈਪਸੂ ਬੁਕ ਡਿਪੂ, 1975

29. ਸੁਰਿੰਦਰ ਸਿੰਘ (ਸੰਤ); ਗੁਰਬਾਣੀ ਵਿਚਾਰ (ਦੂਜੀ ਐਡੀਸ਼ਨ), ਦਿੱਲੀ, ਦੀ ਸਪਿਰਿਚੂਅਲ ਕਰੈਕਟਰ ਸੁਸਾਇਟੀ, ਦਿੱਲੀ, 1959

30. ਸੁਰਜੀਤ ਸਿੰਘ (ਪ੍ਰਿੰ.); ਧਰਮ ਸੰਕਲਪ ਤੇ ਵਿਵੇਚਨ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1978

31. ਸੁਰਿੰਦਰ ਸਿੰਘ; ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੇ ਥੀਸਿਸ ਪਰਚੇ ਲਈ ਪ੍ਰਸਤੁਤ ਸ਼ੋਧ ਪੱਤਰ, 196

32. 'ਸੂਰੀ' ਕਰਤਾਰ ਸਿੰਘ (ਡਾ.); ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਇਕ ਆਲੋਚਨਾਤਮਕ ਅਧਿਐਨ, ਅੰਮ੍ਰਿਤਸਰ, ਨੈਸ਼ਨਲ ਸਾਹਿਤ ਪ੍ਰਕਾਸ਼ਨ, 1969

33. ਸੋਹਣ ਸਿੰਘ ਤੇ ਹੋਰ; ਸੁਖਾਲੀ ਤੇ ਸੁਚੱਜੀ ਜ਼ਿੰਦਗੀ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1972

34. 'ਸੇਖੋਂ' ਪਰਤਾਪ ਸਿੰਘ; ਸਹਜ ਯੋਗ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

35. 'ਸੇਖੋਂ' ਤੇਜਾ ਸਿੰਘ; ਜਪੁਜੀ ਸਾਹਿਬ ਸਟੀਕ, ਅੰਮ੍ਰਿਤਸਰ, ਗੁਰਬਾਣੀ ਪੁਸਤਕਾਲਯ, ਦੂਜਾ ਐਡੀਸ਼ਨ, 1952

36. ਸੁਖਮਨੀ ਸਾਹਿਬ ਸਟੀਕ, ਅੰਮ੍ਰਿਤਸਰ, ਗੁਰਬਾਣੀ ਪ੍ਰੈਸ, ਜੱਲਿਆਂ ਵਾਲਾ ਬਾਗ, 1959

37. ਅਨੰਦ ਪ੍ਰਕਾਸ਼, ਅੰਮ੍ਰਿਤਸਰ, ਸ੍ਰੀ ਗੁਰਮੁਖ ਪ੍ਰੇਸ ਬਜ਼ਾਰ ਪੋਸ਼ੀਆਂ, 1972

38. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ) ਸੈਂਚੀ ਪਹਿਲੀ, ਦੂਜੀ, ਤੀਜੀ, ਚੌਥੀ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

39. 'ਸੁਰਮਾ' ਜੀ.ਐਸ.; ਸ਼ੇਖ ਫਰੀਦ ਜ਼ਿੰਦਗੀ ਤੇ ਕਲਾ, ਅੰਮ੍ਰਿਤਸਰ, ਗੁਰਦਿਤ ਦਾਸ ਕੇਸ਼ੋ ਸਰਨ, ਹਾਲ ਬਜ਼ਾਰ, ਮਿਤੀ ਰਹਿਤ

40. 'ਸੁਰਮਾ' ਜੀ.ਐਸ.; ਬਾਣੀ ਸ੍ਰੀ ਗੁਰੂ ਤੇਗ ਬਹਾਦਰ, ਅੰਮ੍ਰਿਤਸਰ, ਸੁੰਦਰ ਦਾਸ ਐਂਡ ਸੰਨਜ਼, ਹਾਲ ਬਜ਼ਾਰ, 1977

41. 'ਸੁਤੰਤਰ' ਹਰਜਿੰਦਰ ਸਿੰਘ (ਅਨੁ.); ਹਿੰਦੂ ਮਿਥਿਹਾਸ ਕੋਸ਼, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

42. 'ਸ਼ਾਨ' ਹਰਨਾਮ ਸਿੰਘ (ਡਾ.); ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1975

43. ਸ਼ੇਰ ਸਿੰਘ (ਡਾ.); ਵਿਚਾਰਧਾਰਾ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

44. ਨਿਤਨੇਮ ਸਟੀਕ (ਤੀਜੀ ਐਡੀਸ਼ਨ), ਅੰਮ੍ਰਿਤਸਰ, ਬੋਧਾ ਸਿੰਘ ਚੀਫ਼ ਐਡੀਟਰ ਤੇ ਪ੍ਰੋਪ੍ਰਾਈਟਰ ਪਰਤਾਪ ਅਖ਼ਬਾਰ, 1946

45. ਗੁਰਮਤਿ ਦਰਸ਼ਨ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1951

46. ਜਪੁਜੀ ਦਰਸ਼ਨ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 196

47. ਸ਼ੇਰ ਸਿੰਘ ਗਿਆਨੀ (ਐਮ.ਐਸ.ਸੀ. ਨਿਰਮੋਹ); ਵਾਹਿਗੁਰੂ ਦਰਸ਼ਨ ਭਾਗ ਪਹਿਲਾ, ਦੂਜਾ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

48. ਆਤਮ ਦਰਸ਼ਨ (ਦੂਜੀ ਐਡੀਸ਼ਨ), ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1963

49. 'ਸੰਗਰਾਮੀ' ਤਿਲਕ ਰਾਜ; ਗੁਰੂ ਨਾਨਕ ਸਾਹਿਬ ਦਾ ਧਰਮ ਦਾ ਸੰਕਲਪ, ਪੰਜਾਬ ਯੂਨੀਵਰਸਿਟੀ ਨੂੰ ਪੀ.ਐਚ.ਡੀ. ਦੀ ਉਪਾਧੀ ਲਈ ਪ੍ਰਸਤੁਤ ਸੋਧ ਪ੍ਰਬੰਧ, 1978

50. 'ਪਰਵਾਨਾ' ਗੁਰਦੀਪ ਸਿੰਘ; ਗੁਰਮਤਿ ਸਿਧਾਂਤ ਤੇ ਦਰਸ਼ਨ, ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1971

51. ਹਜ਼ਾਰਾ ਸਿੰਘ; ਜਪੁ ਪਰਮਾਰਥ, ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ, ਮਿਤੀ ਰਹਿਤ

52. ਹਜ਼ਾਰਾ ਸਿੰਘ (ਗਿ.) ਵਾਰਾਂ ਭਾਈ ਗੁਰਦਾਸ ਜੀ ਸਟੀਕ, 1951

53. ਹਰਦੀਪ ਸਿੰਘ (ਐਮ.ਏ. ਪੀ.ਸੀ.ਐਸ.) ਗੁਰੂ ਤੇਗ ਬਹਾਦਰ ਦਰਸ਼ਨ, ਦੂਜੀ ਐਡੀਸ਼ਨ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1977

54. ਧਰਮਪਾਲ ਕੌਰ; ਅਨੰਦ ਸਾਹਿਬ ਇਕ ਅਧਿਐਨ, ਪੰਜਾਬੀ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੇ ਚੌਥੇ ਪਰਚੇ ਲਈ ਪ੍ਰਸਤੁਤ ਖੋਜ ਨਿਬੰਧ, 1975-76

55. ਰਣਧੀਰ ਸਿੰਘ (ਗਿ.); ਨਿਤਨੇਮ ਨਿਰਣਯ, ਜਲੰਧਰ, ਸੁੰਦਰ ਬੁਕ ਡਿਪੋ, ਮਾਈ ਹੀਰਾਂ ਗੇਟ, 1972

56. ਗੁਰਮਤਿ ਨੈਤਿਕ ਦਰਸ਼ਨ, ਅੰਮ੍ਰਿਤਸਰ, ਖਾਲਸਾ ਬ੍ਰਦਰਜ਼ ਮਾਈ ਸੇਵਾਂ, 1978

57. ਜਪੁ ਨਿਰਣਯ, ਦੂਜਾ ਸੰਸਕਰਣ, ਅੰਮ੍ਰਿਤਸਰ, ਖਾਲਸਾ ਬ੍ਰਦਰਜ਼, ਮਾਈ ਸੇਵਾਂ, 1963

58. ਹਰਿਭਜਨ ਸਿੰਘ (ਅਨੁ.); ਜਿਗਿਆਸਾ, ਦਿੱਲੀ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, 1963

59. 'ਰਾਹੀ' ਰਣਬੀਰ ਸਿੰਘ (ਸੰਪਾ.); ਅਮਰ ਵਚਨ, ਜਲੰਧਰ, ਕੁਆਰਟਰ ਨੰਬਰ 46, ਬਸਤੀ ਰੋਡ, 1955

60. 'ਹੀਰਾ' ਭਗਤ ਸਿੰਘ; ਗੁਰਮਤ ਵਿਚਾਰਧਾਰਾ, ਦਿੱਲੀ, ਨੈਸ਼ਨਲ ਪ੍ਰੈਸ ਆਫ਼ ਇੰਡੀਆ, 1969

61. ਨਿਰਮਲਿ ਨਾਮੁ, ਦਿੱਲੀ, ਨੈਸ਼ਨਲ ਪ੍ਰੈਸ ਆਫ਼ ਇੰਡੀਆ, 1972

62. ੴ ਦਰਸ਼ਨ, ਦਿੱਲੀ, ਨੈਸ਼ਨਲ ਪ੍ਰੈਸ ਆਫ਼ ਇੰਡੀਆ, 1977

63. 'ਕਸੇਲ' ਕਿਰਪਾਲ ਸਿੰਘ (ਡਾ.) (ਅਨੁ.); ਅਨੰਤ ਦਰਸ਼ਨ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1976

64. 'ਕਮਲਾ ਅਕਾਲੀ' ਲਾਲ ਸਿੰਘ; ਜੀਵਨ ਜੋਤੀ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

65. 'ਦਰਸ਼ੀ' ਗੁਰਬਖ਼ਸ਼ ਕੌਰ; ਗੁਰੂ ਨਾਨਕ ਦੇਵ ਜੀ ਦਾ ਧਰਮ ਦਾ ਸੰਕਲਪ, ਪੀ.ਐਚ.ਡੀ. ਦੀ ਡਿਗਰੀ ਲਈ ਪੰਜਾਬ ਯੂਨੀਵਰਸਿਟੀ ਨੂੰ ਪ੍ਰਸਤੁਤ ਸ਼ੋਧ ਪ੍ਰਬੰਧ, 1976

66. 'ਨਾਜ਼' ਹਰਜੀਤ ਸਿੰਘ (ਡਾ.); ਸਾਡੇ ਗੁਰੂ ਨਾਨਕ, ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 19

67. ਕਿਸ਼ਨ ਸਿੰਘ (ਪ੍ਰੋ.); ਗੁਰਬਾਣੀ ਦਾ ਸੱਚ, ਦਿੱਲੀ, ਸੇਧ ਪ੍ਰਕਾਸ਼ਨ, 1976

68. 'ਨੂਰ' ਸਤਵੰਤ ਕੌਰ; ਗੁਰੂ ਨਾਨਕ ਬਾਣੀ ਵਿਚ ਹੁਕਮ ਦਾ ਸਿਧਾਂਤ, ਪੰਜਾਬ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੇ ਚੌਥੇ ਪਰਚੇ ਲਈ ਪ੍ਰਸਤੁਤ ਲਘੂ ਨਿਬੰਧ, 190

69. 'ਕੋਹਲੀ' ਸੁਰਿੰਦਰ ਸਿੰਘ (ਡਾ.) ਸੰਪਾ., ਸੌਖੇ ਸਿਖ, ਦਿੱਲੀ, ਸਿੱਖੀ ਜਨਤਾ ਪਬਲਿਸ਼ਰਜ਼, 1953

70. ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1969

71. 'ਕੋਹਲੀ' ਸੁਰਿੰਦਰ ਸਿੰਘ (ਡਾ.) ਸੰਪਾ.; ਬਾਬਾ ਫਰੀਦ ਜੀਵਨ, ਸਮਾਂ ਅਤੇ ਰਚਨਾ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1975

72. ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1976

73. ਕਬੀਰ ਦਰਪਣ, ਅੰਮ੍ਰਿਤਸਰ, ਮਾਡਰਨ ਪਬਲਿਸ਼ਰਜ਼, 1977

74. 'ਕੋਹਲੀ' ਕੁਲਵੰਤ ਕੌਰ; ਗੁਰੂ ਨਾਨਕ ਦੇਵ ਜੀ ਦਾ ਜੀਵ ਦਾ ਸੰਕਲਪ, ਪੀ.ਐਚ.ਡੀ. ਦੀ ਡਿਗਰੀ ਲਈ ਪੰਜਾਬ ਯੂਨੀਵਰਸਿਟੀ ਨੂੰ ਪ੍ਰਸਤੁਤ ਕੀਤਾ ਖੋਜ ਪ੍ਰਬੰਧ, 1975

75. ਕੰਵਲਜੀਤ ਸਿੰਘ; ਗੁਰਬਾਣੀ ਵਿੱਚ ਕਬੀਰ ਬਾਣੀ ਦਾ ਸਥਾਨ, ਪੰਜਾਬੀ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੇ ਛੇਵੇਂ ਪਰਚੇ ਲਈ ਪ੍ਰਸਤੁਤ ਲਘੂ ਪ੍ਰਬੰਧ, 1975-76

76. 'ਖੰਨਾ' ਕੁਲਾਰਿੰਗ; ਮਹਾਤਮਾ ਬੁੱਧ, ਅੰਮ੍ਰਿਤਸਰ, ਕੁਲਦੀਪ ਪ੍ਰੈਸ ਹਥਿਆਰੀ ਰੋਡ, 1956

77. 'ਗਿੱਲ' ਨਿਰਮਲ ਸਿੰਘ (ਡਾ.); ਗੁਰੂ ਨਾਨਕ ਬਾਣੀ ਵਿਚ ਮੁਕਤੀ ਮਾਰਗ, ਜਲੰਧਰ, ਕਰਸਿੰਦਰਾ ਪ੍ਰਿੰਟਰਜ਼, 1982

78. 'ਗਿੱਲ' ਮਹਿੰਦਰ ਕੌਰ (ਡਾ.); ਗੁਰੂ ਅੰਗਦ ਦੇਵ ਜੀਵਨ ਤੇ ਬਾਣੀ, ਦਿੱਲੀ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, 1975

79. ਗੁਰੂ ਤੇਗ ਬਹਾਦਰ ਬਾਣੀ ਅਧਿਐਨ, ਦਿੱਲੀ, ਕੌਮੀ ਪ੍ਰਕਾਸ਼ਨ, 1976

80. ਬਾਣੀ ਚਿੰਤਨ, ਦਿੱਲੀ, ਕੌਮੀ ਪ੍ਰਕਾਸ਼ਨ, ਵੈਸਟ ਮੁਕਰਜੀ ਨਗਰ, 1977

81. 'ਗੁਪਤਾ' ਸ੍ਰੁਤੀ ਨਾਥ (ਡਾ.); ਭਾਰਤੀ ਦਰਸ਼ਨ, ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, 1974

82. ਗੁਰਚਰਨ ਸਿੰਘ (ਡਾ.); ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ ਭਾਗ ਪਹਿਲਾ, ਦੂਜਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1971

83. ਗੁਰਦੇਵ ਸਿੰਘ (ਡਾ.); ਗੁਰੂ ਨਾਨਕ ਵਿਚਾਰ ਅਤੇ ਕਾਵਿ ਕਲਾ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1969

84. ਗੁਰਮੁਖ ਸਿੰਘ; ਸੁਖਦ ਤੇ ਸੁਣੈਨ ਗੁਰੂ ਤੇਗ ਬਹਾਦਰ ਜੀ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

85. ਸ੍ਰੀ ਤੇਗ ਬਹਾਦਰ ਜੀਵਨ, ਚਰਿਤ੍ਰ ਤੇ ਬਾਣੀ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1975

86. ਗੁਰਮੁਖ ਨਿਹਾਲ ਸਿੰਘ (ਸੰਪਾ.); ਗੁਰੂ ਨਾਨਕ ਜੀਵਨ ਯੁਗ ਅਤੇ ਉਪਦੇਸ਼, ਦਿੱਲੀ, ਨੈਸ਼ਨਲ ਪਬਲਿਸ਼ਰਜ਼, 1969

87. ਤਾਰਨ ਸਿੰਘ (ਡਾ.); ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਦਿੱਲੀ, ਪੰਜਾਬੀ ਅਕੈਡਮੀ, 1958

88. 'ਘੁੰਮਣ' ਅਮਰਜੀਤ ਸਿੰਘ; ਪੰਜਾਬੀ ਕਿੱਸਾ ਕਾਵਿ ਵਿੱਚ ਪਰਾਸਰੀਰਕ ਅੰਸ਼, ਪੰਜਾਬ ਯੂਨੀਵਰਸਿਟੀ ਨੂੰ ਐਮ.ਏ. ਭਾਗ ਦੂਜਾ ਦੀ ਪ੍ਰੀਖਿਆ ਲਈ ਥੀਸ ਲਿਖਿਆ 1968-69

89. 'ਘੁੰਮਣ' ਵਿਕਰਮ ਸਿੰਘ (ਡਾ.); ਬਾਣੀ ਗੁਰੂ ਤੇਗ ਬਹਾਦਰ ਇਕ ਸਾਹਿਤਕ ਅਧਿਐਨ, ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 1975

90. 'ਘੁੰਮਣ' ਰਘਬੀਰ ਸਿੰਘ (ਸੰਪਾ.) ਗੁਰੂ ਨਾਨਕ ਸ਼ਬਦ ਰਤਨਾਕਰ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1969

91. 'ਚੀਮਾ' ਅਮਰੀਕ ਸਿੰਘ (ਡਾ.); ਜਾਪੁਜੀ, ਪਟਿਆਲਾ, ਯੂਥ ਵੈਲਫੇਅਰ, ਹੋਰ ਸਰਬੀ ਕਾਮ, 1977

92. 'ਘਾਲੜਾ' ਜਗਜੀਤ ਸਿੰਘ (ਡਾ.); ਗੁਰੂ ਨਾਨਕ ਬਾਣੀ ਇਕ ਅਧਿਐਨ, ਜਲੰਧਰ, ਸੋਮਾ ਪ੍ਰਕਾਸ਼ਨ, 1971

93. ਜਸਬੀਰ ਕੌਰ; ਗੁਰੂ ਨਾਨਕ ਕਾਵਿ ਵਿਚ ਪ੍ਰੇਮ ਦਾ ਸੰਕਲਪ, ਪੰਜਾਬ ਯੂਨੀਵਰਸਿਟੀ ਨੂੰ ਐਮ.ਏ. ਦੀ ਪ੍ਰੀਖਿਆ ਲਈ ਲਿਖਿਆ ਥੀਸ ਪੇਪਰ, 1969

94. ਜਸਵੰਤ ਸਿੰਘ; ਨਾਮਧਾਰ ਜ਼ਿੰਦਗੀ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, ਮਿਤੀ ਰਹਿਤ

95. 'ਜਗਤਾਰ' ਜਗਬੀਰ ਸਿੰਘ (ਸੰਪਾ.) ਗੁਰੂ ਨਾਨਕ ਇਕ ਦ੍ਰਿਸ਼ਟੀਕੋਣ, ਬਰਨਾਲਾ, ਸੁਚੇਤਨਾ ਪ੍ਰਕਾਸ਼ਨ, 1970

96. ਜਸਬੀਰ ਸਿੰਘ; ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

97. ਜਸਬੀਰ ਸਿੰਘ (ਡਾ.); ਬਾਣੀ ਸੰਸਾਰ, ਦਿੱਲੀ, ਰਵਿੰਦਰ ਪ੍ਰਕਾਸ਼ਨ, 1974

98. ਜਾਗੀਰ ਸਿੰਘ; ਜਪੁ ਪਰਕਾਸ਼, ਦਿੱਲੀ, ਰੱਬੀ ਪ੍ਰਕਾਸ਼ਨ, ਵੈਸਟ ਮੁਖਰਜੀ ਨਗਰ, 1981

99. ਜਾਨ ਵਿਲੀਅਮ; ਸਦਾਚਾਰਕ ਜੀਵਨ ਦਾ ਸਿਧਾਂਤ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1966

100. 'ਜੋਗੀ' ਐਲ.ਐਸ. ਅਤੇ ਹੋਰ (ਅਨੁ.); ਧਮਪਦ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969

101. ਵਿਸ਼ੁ ਧਰਮ ਸੰਗ੍ਰਹਿ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1971

102. ਜੋਗਿੰਦਰ ਸਿੰਘ (ਪ੍ਰੋ.); ਸ੍ਰੀ ਗੁਰੂ ਗ੍ਰੰਥ ਦਰਪਣ, ਨਵੀਂ ਦਿੱਲੀ, ਪੰਜਾਬੀ ਪ੍ਰਕਾਸ਼ਨ, ਦੇਵ ਨਗਰ, 1966

103. ਜਪੁ: ਸੌਖੀ ਟਕਸਾਲ, ਨਵੀਂ ਦਿੱਲੀ, ਪ੍ਰੀਤ ਪ੍ਰਕਾਸ਼ਨ, 1969

104. ਜੋਧ ਸਿੰਘ (ਡਾ.) ਸੰਪਾ.; ਸਿੱਖੀ ਕੀ ਹੈ? ਕੁਜੀ ਏਜੰਸੀਜ਼, ਨਵੀਂ ਦਿੱਲੀ, ਸਿੱਖ ਪਬਲਿਸ਼ਿੰਗ ਹਾਊਸ, 1911

105. ਜੋਧ ਸਿੰਘ (ਡਾ.) ਗੁਰਮਤਿ ਨਿਰਣਯ, ਸੰਤੋਖੀ ਏਜੰਸੀਜ਼, ਲੁਧਿਆਣਾ, ਅਨਾਸ਼ਮੀ ਪ੍ਰੈਸ, ਪੰਜਾਬੀ ਬਜ਼ਾਰ, 1932

106. ਗੁਰੂ ਨਾਨਕ ਬਾਣੀ, ਕੁਜੀ ਏਜੰਸੀਜ਼, ਨਵੀਂ ਦਿੱਲੀ, ਨੈਸ਼ਨਲ ਬੁਕ ਟਰਸਟ, ਇੰਡੀਆ, 1976

107. 'ਜੈਨ' ਰਵਿੰਦਰ ਕੁਮਾਰ (ਅਨੁ.); ਮਹਾਵੀਰ ਸਿਧਾਂਤ ਤੇ ਉਪਦੇਸ਼, ਲੁਧਿਆਣਾ, ਆਤਮ ਜੈਨ ਪ੍ਰਿੰਟਿੰਗ ਪ੍ਰੈਸ, ਮਿਤੀ ਰਹਿਤ

108. 'ਜੱਗੀ' ਰਤਨ ਸਿੰਘ (ਡਾ.); ਵਿਚਾਰਧਾਰਾ, ਪਟਿਆਲਾ, ਮਦਾਨ ਪਬਲਿਕੇਸ਼ਨਜ਼, 1966

109. ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ, ਨਵਯੁਗ ਪਬਲਿਸ਼ਰਜ਼, 1969

110. ਗੁਰੂ ਨਾਨਕ ਜੀਵਨ ਅਤੇ ਵਿਅਕਤਿਤਵ, ਦਿੱਲੀ, ਪੰਜਾਬੀ ਸਾਹਿਤ ਸਭਾ, 1974

111. 'ਜੀਰਵੀ' ਬਲਦੇਵ ਸਿੰਘ; ਆਪਣਾ ਮੂਲ ਪਛਾਣ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1973

112. 'ਜੋਸ਼ੀਲਾ' ਹਜਿੰਦਰ ਕੌਰ; ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ, ਪੰਜਾਬ ਯੂਨੀਵਰਸਿਟੀ ਨੂੰ ਪੀ.ਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਸੋਧ ਪ੍ਰਬੰਧ, 1975

113. 'ਤਾਂਘ' ਮੋਹਨ ਸਿੰਘ (ਅਨੁ.): ਹਿਊਮਨਿਜ਼ਮ ਵਰਸਜ਼, ਅੰਬਾਲਾ, ਦੀਪ ਪ੍ਰਕਾਸ਼ਨ, ਮਿਤੀ ਰਹਿਤ

114. ਘਰੇ ਬੈਠੇ ਹੋਏ ਸਚਿਆਰ, ਅੰਬਾਲਾ, ਦੀਪ ਪ੍ਰਕਾਸ਼ਨ, 1960

115. ਤਾਰਾ ਸਿੰਘ (ਮਾਸਟਰ): ਪਿਰਮ ਪਿਆਲਾ, ਅੰਮ੍ਰਿਤਸਰ, ਪੰਥਕ ਟ੍ਰੈਕਟ ਸੁਸਾਇਟੀ, 1950

116. ਤਾਰਨ ਸਿੰਘ (ਡਾ.): ਸਹਿਜ ਤੇ ਅਨੰਦ, ਅੰਮ੍ਰਿਤਸਰ, ਭਾਈ ਵਜ਼ੀਰ ਸਿੰਘ ਬੁੱਕ ਸਨਜ਼, 19

117. ਨੇਮ ਤੇ ਪ੍ਰੇਮ, ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1964

118. ਸਿੱਖ ਧਰਮ ਦੇ ਸਹਿਜ ਤੇ ਰਮਜ਼, ਅੰਮ੍ਰਿਤਸਰ, ਭਾਈ ਵਜ਼ੀਰ ਸਿੰਘ ਬੁੱਕ ਸਨਜ਼, 1965

119. ਨਾਮੁ ਨਿਧਾਨੁ, ਅੰਮ੍ਰਿਤਸਰ, ਭਾਈ ਵਜ਼ੀਰ ਸਿੰਘ ਬੁੱਕ ਸਨਜ਼, 1966

120. ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976

121. 'ਤਾਲਿਬ' ਗੁਰਬਚਨ ਸਿੰਘ (ਡਾ.): ਦੁੱਖ ਦਾ ਸੰਕਲਪ ਤੇ ਸਮਾਧਾਨ, ਗੁਰੂ ਨਾਨਕ ਇੰਸਟੀਚਿਊਟ ਗੁਰਮਤਿ ਕਾਲਜ ਪਟਿਆਲਾ ਵਿਖੇ 1972 ਵਿੱਚ ਸੈਮੀਨਾਰ ਪੜ੍ਹਿਆ

122. (ਸੰਪਾ.) ਸੰਸਾਰ ਦੇ ਕੁਝ ਮੁੱਖ ਧਰਮ, ਪਟਿਆਲਾ, ਵਿਸ਼ਵ ਧਰਮ ਵਿਭਾਗ, ਪੰਜਾਬੀ ਯੂਨੀਵਰਸਿਟੀ, 1977

123. ਤ੍ਰਿਲੋਚਨ ਸਿੰਘ (ਡਾ.) ਅਨੁ. ਧਰਮ ਤੇ ਸਮਾਜ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਘੰਟਾ ਘਰ, ਮਿਤੀ ਰਹਿਤ

124. ਗੁਰੂ ਨਾਨਕ ਦਾ ਸਿੱਖ ਧਰਮ - ਸਭ ਧਰਮਾਂ ਦਾ ਤੁਲਨਾਤਮਿਕ ਅਧਿਐਨ, ਦਿੱਲੀ, ਨਵਯੁਗ ਪਬਲਿਸ਼ਰਜ਼, 1969

125. 'ਤ੍ਰਿਪਾਠੀ' ਵਿਸ਼ਵਨਾਥ (ਡਾ.) ਸੰਪਾ., ਪਿਆਰੇ ਗੀਤ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1976

126. ਤੇਜਾ ਸਿੰਘ (ਪ੍ਰੋ.): ਜਪੁ-ਵਿਆਖਿਆ, ਨਵੀਂ ਦਿੱਲੀ, ਸੁੰਦਰ ਪ੍ਰੈਸ ਲਿਮਿਟਡ, 1955

127. ਦਰਸ਼ਨ ਸਿੰਘ (ਡਾ.): ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976

128. ਸਾਂਪ੍ਰਦਾਇਕਤਾ ਦਾ ਖੰਡਨ ਗੁਰੂ ਨਾਨਕ ਤੇ ਹੋਰ ਲੇਖ, ਪਟਿਆਲਾ, ਪੈਪਸੂ ਬੁੱਕ ਡਿਪੋ, 1977

129. ਦਲਜੀਤ ਸਿੰਘ (ਪ੍ਰੋ.) ਸੰਪਾ.; ਗੁਰੂ ਨਾਨਕ ਜੋਤ ਤੇ ਸਰੂਪ, ਲੁਧਿਆਣਾ, ਲੇਖ-ਦੂਤ ਪ੍ਰਕਾਸ਼ਨ, ਮਿਤੀ ਰਹਿਤ

130. 'ਵਿਰਕ' ਦਰਸ਼ਨ ਸਿੰਘ (ਡਾ.); ਆਸਰਨਦੀ ਗੁਰੂ ਅਮਰਦਾਸ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ 1975

131. 'ਦੀਪ' ਦਲੀਪ ਸਿੰਘ (ਡਾ.); ਜਪੁਜੀ ਇਕ ਤੁਲਨਾਤਮਿਕ ਅਧਿਐਨ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, ਪਹਾੜਗੰਜ, 1969

132. ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਅਤੇ ਰਚਨਾ, ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 1975

133. ਦੀਵਾਨ ਸਿੰਘ (ਡਾ.); ਬਾਬਾ ਫਰੀਦ ਦਰਸ਼ਨ ਦੂਜੀ ਐਡੀਸ਼ਨ, ਅੰਮ੍ਰਿਤਸਰ, ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ, 1955

134. ਦੀਵਾਨ ਸਿੰਘ (ਡਾ.); ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਦੂਜੀ ਐਡੀਸ਼ਨ, ਅੰਮ੍ਰਿਤਸਰ, ਕਰੋੜ ਸਿੰਘ ਐਂਡ ਸਨਜ਼, 1970

135. ਦੀਵਾਨ ਸਿੰਘ ਤੇ ਹੋਰ (ਸੰਪਾ.); ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ, ਅੰਮ੍ਰਿਤਸਰ, ਪ੍ਰਭਜੋਤ ਪ੍ਰਿੰਟਿੰਗ ਪ੍ਰੈਸ, ਬਹਾਦਰ ਨਗਰ, 1976

136. ਨਰੈਣ ਸਿੰਘ; ਜਪੁਜੀ ਸਾਹਿਬ ਟੀਕਾ, ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਮਿਤੀ ਰਹਿਤ

137. ਸਿੱਖ ਧਰਮ ਦੀਆਂ ਬੁਨਿਆਦਾਂ, ਅੰਮ੍ਰਿਤਸਰ, ਨਰੈਣ ਸਿੰਘ 20, ਗ੍ਰਿਵਾਲਾ ਰੋਡ, 1966

138. ਨਾਭਾ ਕਾਨ੍ਹ ਸਿੰਘ (ਭਾਈ); ਗੁਰਸ਼ਬਦ ਰਤਨਾਕਰ ਮਹਾਨਕੋਸ਼, ਦੂਜਾ ਸੰਸਕਰਣ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1960

139. ਗੁਰਮਤ ਮਾਰਤੰਡ ਭਾਗ ਪਹਿਲਾ ਅਤੇ ਦੂਜਾ, ਸੰਸਕਰਣ ਦੂਜਾ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1978

140. ਨਿਰੰਜਨ ਸਿੰਘ (ਪ੍ਰੋ.); ਜੀਵਨ ਜੁਗਤਿ, ਅੰਮ੍ਰਿਤਸਰ, ਸਿੱਖ ਬੁੱਕ ਕਲੱਬ, ਮਾਈ ਸੇਵਾਂ, 1973

141. ~~ਸਾਰਗੀ ਨਿਬੰਧ~~, ਅੰਮ੍ਰਿਤਸਰ, [illegible], 1976.

142. 'ਪਦਮ' ਪਿਆਰਾ ਸਿੰਘ (ਡਾ.); ਸੋਲਾ ਕਲਾ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1951

143. ਗੁਰੂ ਗ੍ਰੰਥ ਵਿਚਾਰਕੋਸ਼, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969

144. ਸੋਹੰ ਸ਼ੇਖ ਫਰੀਦ, ਪਟਿਆਲਾ, ਕਲਮ ਮੰਦਰ, ਲੋਅਰ ਮਾਲ, 197

145. ਪ੍ਰਤਾਪ ਸਿੰਘ (ਗਿ.); ਸੰਸਾਰ ਦਾ ਧਾਰਮਿਕ ਇਤਿਹਾਸ, ਅੰਮ੍ਰਿਤਸਰ, 1947

146. ਗੁਰਮਤਿ ਫ਼ਿਲਾਸਫ਼ੀ, ਪੰਜਵੀਂ ਐਡੀਸ਼ਨ, ਅੰਮ੍ਰਿਤਸਰ, ਖ਼ਾਲਸਾ ਬ੍ਰਦਰਜ਼, ਮਾਈ ਸੇਵਾਂ, 1975

147. ਪ੍ਰੀਤਮ ਸਿੰਘ (ਪ੍ਰੋ.); ਸਿੱਖ ਕੋਸ਼ਕਾਰਾਂ, ਅੰਮ੍ਰਿਤਸਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1968

148. (ਸੰਪ.); ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1975

149. 'ਪ੍ਰੀਤਮ' ਪ੍ਰੀਤਮ ਸਿੰਘ (ਡਾ.); ਬ੍ਰਹਮ ਦਰਸ਼ਨ, ਅੰਮ੍ਰਿਤਸਰ, ਖ਼ਾਲਸਾ ਬ੍ਰਦਰਜ਼, ਮਾਈ ਸੇਵਾਂ, 1970

150. ਪ੍ਰੇਮ ਪ੍ਰਕਾਸ਼ ਸਿੰਘ (ਡਾ.) ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

151. 'ਪਾਲ' ਐਸ.ਐਸ. (ਪ੍ਰੋ.) ਸੰਪ.; ਸਾਹਿਬ ਮੇਰਾ ਨੀਤ ਨਵਾਂ, ਗੰਗਾਨਗਰ, ਸ੍ਰੀ ਗੁਰੂ ਨਾਨਕ ਖ਼ਾਲਸਾ ਕਾਲਜ, 1969

152. ਪੂਰਨ ਸਿੰਘ (ਭਗਤ); ਜਤੀ ਸਤੀ, ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਮਿਤੀ ਰਹਿਤ

153. ਰਣਧੀਰ ਸਿੰਘ (ਡਾ.); ਪ੍ਰਕਿਰਤੀ-ਪੁਰਸ਼ ਵਿਚਾਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1972

154. ਰਣਬੀਰ ਸਿੰਘ (ਪ੍ਰੋ.); ਵਿਸਮਾਦੀ ਰਾਹ, ਨਵੀਂ ਦਿੱਲੀ, ਆਤਮ ਸਾਹਿਤ ਟ੍ਰਸਟ, 1980

155. ਰਾਧਾ ਕ੍ਰਿਸ਼ਨਨ ਸਰਵੇਪਲੀ ਡਾਕਟਰ; ਨੈਤਿਕ ਸਿਧਾਂਤ ਅਤੇ ਧਾਰਮਿਕ ਵਿਸ਼ਵਾਸ, ਦਿੱਲੀ, [illegible] ਵਿਸ਼ਵਵਿਦਿਆਲਾ, ਮਾਡਲ ਟਾਊਨ, 1977

156. 'ਰੂਹਾਨੀ' ਸੰਤਾ ਸਿੰਘ; ਨਦਰੀ ਪ੍ਰਕਾਸ਼, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1979

157. 'ਬਾਹਰੀ' ਸੀਤਾ ਰਾਮ (ਅਨੁ.); ਜਪੁਜੀ ਸੰਤ ਵਿਨੋਬਾ ਭਾਵੇ ਕ੍ਰਿਤ, ਪਟਿਆਲਾ, ਪੰਜਾਬੀ ਯੂਨੀਵਰਸਿਟੀ 1969

158. '[illegible]' ਦਲਬੀਰ ਸਿੰਘ; ਸਿਮਰਨ ਮਹਿਮਾ, ਨਨਕਾਣਾ, ਨਵੀਂ ਪ੍ਰੈਸ, [illegible] ਰੋਡ, [illegible], 1946

159. ਸ਼ਬਦ ਮਹਿਮਾ, ਨਨਕਾਣਾ, ਨਵੀਂ ਪ੍ਰੈਸ, [illegible] ਰੋਡ, [illegible], 1966

160. 'ਖ਼ਾਰ' ਰਘਬੀਰ ਸਿੰਘ (ਪ੍ਰੋ.): ਅਨੁਭਵ ਪ੍ਰਕਾਸ਼, ਨਨਕਾਣਾ, ਨਵੀ ਪ੍ਰੈਸ, ਪਰੀਤ ਮੁਨਸ਼ੀ ਰੋਡ, ਨਾਨਕਪੁਰ, 1960

161. ਗੁਰਮਤ ਚਾਨਣ, ਤੀਜਾ ਐਡੀਸ਼ਨ, ਨਨਕਾਣਾ, ਨਵੀ ਪ੍ਰੈਸ, ਪਰੀਤ ਮੁਨਸ਼ੀ ਰੋਡ, ਨਾਨਕਪੁਰ, 1966

162. ਅਰਦਾਸ ਸ਼ਕਤੀ, ਫਗਵਾੜਾ, ਆਤਮ ਸਾਇੰਸ ਪਬਲੀਕੇਸ਼ਨ, 1975

163. ਸਫਲ ਜੀਵਨ, ਤੀਜੀ ਐਡੀਸ਼ਨ, ਦਿੱਲੀ, ਆਤਮ ਸਾਇੰਸ ਟ੍ਰਸਟ, 1977

164. ਸਰਬ ਰੋਗ ਕਾ ਔਖਧੁ ਨਾਮੁ, ਦਿੱਲੀ, ਆਤਮ ਸਾਇੰਸ ਟ੍ਰਸਟ, 1979

165. ਜ਼ਰੂਰੀ ਨਵਾਂ ਐਡੀਸ਼ਨ, ਦਿੱਲੀ, ਆਤਮ ਸਾਇੰਸ ਟ੍ਰਸਟ, 1980

166. 'ਸੇਠੀ' ਤਾਰਾ ਸਿੰਘ (ਡਾ.): ਗੁਰੂ ਨਾਨਕ ਦਰਸ਼ਨ, ਦਿੱਲੀ, ਪੰਜਾਬੀ ਪ੍ਰਕਾਸ਼ਨ, ਦੇਵ ਨਗਰ, ਕਰੋਲ ਬਾਗ, 1965

167. ਦਾਰਸ਼ਨਿਕ ਗੁਰੂ ਨਾਨਕ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, ਪਹਾੜਗੰਜ, 1968

168. ਕਬੀਰ ਤੇ ਕਬੀਰ ਬਾਣੀ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, ਪਹਾੜ ਗੰਜ, 1974

169. 'ਮਸਕੀਨ' ਸੰਤ ਸਿੰਘ (ਗਿ.) ਗੁਰੂ ਚਿੰਤਨ, ਦੂਜਾ ਐਡੀਸ਼ਨ, ਰਾਜਿਸਥਾਨ, [illegible] ਅਲਵਰ, 1981

170. ਮਸਕੀਨ ਜੀ ਦੇ ਚੋਣਵੇਂ ਲੈਕਚਰ, ਅੰਮ੍ਰਿਤਸਰ, ਸਫ਼ਲ ਪ੍ਰਿੰਟਿੰਗ ਪ੍ਰੈਸ, ਬਜ਼ਾਰ ਪੇਟੀਆਂ, 1981

171. 'ਮਗਨ' ਸੰਤ ਰਾਮ: ਮਨਿ ਜੀਤੈ ਜਗੁ ਜੀਤੁ, ਦੂਜੀ ਐਡੀਸ਼ਨ, ਅੰਮ੍ਰਿਤਸਰ, ਸਿਖ ਪਬਲਿਸ਼ਿੰਗ ਹਾਊਸ, ਲਿਮਿਟਿਡ 1954

172. 'ਮਜੀਠਾ' ਬੀਰ ਸਿੰਘ (ਭਾਈ ਸਾਹਿਬ): ਗੁਰਮਤ ਜੀਵਨ, ਲਾਹੌਰ, ਲਾਹੌਰ ਬੁਕ ਸ਼ਾਪ, 1946

173. ਮਨਮੋਹਨ ਸਿੰਘ: ਪੰਜਾਬੀ ਸਾਹਿਤ ਵਿੱਚ ਭਗਤੀ ਲਹਿਰ, ਪੰਜਾਬ ਯੂਨੀਵਰਸਿਟੀ ਨੂੰ ਪੀ.ਐਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਸੋਧ ਪ੍ਰਬੰਧ, 1964

174. ਮਨਮੋਹਨ ਸਿੰਘ (ਡਾ.); ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1970

175. ਸ੍ਰੀ ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਅਤੇ ਵਿਅਕਤਿਤਵ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1975

176. ਗੁਰੂ ਤੇਗ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1975

177. ਗੁਰੂ ਤੇਗ ਬਹਾਦਰ ਜੀ ਦਾ ਭਗਤੀ ਦਰਸ਼ਨ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1975

178. ਗੁਰਮਤਿ ਨਾਦ ਅਤੇ ਭਗਤੀਧਾਰਾ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1981

179. ਮਨੀ ਸਿੰਘ (ਗਿ.), ਸੰਪਾ.; ਗੁਰਬਾਣੀ ਪ੍ਰਬੋਧ ਸਾਗਰ, ਅੰਮ੍ਰਿਤਸਰ, [illegible], 1924

180. 'ਮਹਜੂਰ' ਸਰੂਪ ਸਿੰਘ (ਡਾ.); ਚਿੰਤਨ-ਰੰਗ ਨਾਟਕ ਤੇ ਰੂਪਕ, ਅੰਮ੍ਰਿਤਸਰ, ਅਮਰ ਬੁਕ ਕੰਪਨੀ, ਅਮਰ ਮਾਰਕੀਟ, 1960

181. ਮਾਨਸਿਕ ਤੇ ਸਰੀਰਕ ਵਿਕਾਸ, ਪਟਿਆਲਾ, ਪੰਜਾਬੀ ਯੂਨੀਵਰਸਿਟੀ 1971

182. 'ਮੁਸਾਫ਼ਿਰ' ਗੁਰਮੁਖ ਸਿੰਘ; ਗਾਂਧੀ ਗੀਤਾ, ਨਵੀਂ ਦਿੱਲੀ, ਸਿਖ ਪਬਲਿਸ਼ਿੰਗ ਹਾਊਸ, ਲਿਮਿਟਿਡ, 1954

183. ਸਹਿਜ ਸਾਗਰ, ਨਵੀਂ ਦਿੱਲੀ, ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ, 1960

184. ਮੋਹਨਜੀਤ ਸਿੰਘ (ਅਨੁ.); ਗੁਰੂ ਨਾਨਕ ਦੇ ਉਪਦੇਸ਼, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1974

185. 'ਮੈਲੋ' ਧਰਮਪਾਲ (ਡਾ.); ਗੁਰੂ ਨਾਨਕ ਚਿੰਤਨ ਤੇ ਬੋਧ ਵਿਸ਼ੈ, ਜਲੰਧਰ, ਨੈਸ਼ਨਲ ਬੁੱਕ ਕੰਪਨੀ, 1972

186. ਰਣਧੀਰ ਸਿੰਘ (ਭਾਈ ਸਾਹਿਬ); ਗੁਰਮਤਿ ਨਾਮ ਅਭਿਆਸ ਕਮਾਈ ਛੇਵੀਂ ਐਡੀਸ਼ਨ, ਲੁਧਿਆਣਾ, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1969

187. ਗੁਰਮਤਿ ਰਮਜ਼ਾਂ, ਲੁਧਿਆਣਾ, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1974

188. ਰਣਧੀਰ ਸਿੰਘ (ਭਾਈ ਸਾਹਿਬ); *ਗੁਰਮਤਿ ਵਿਚਾਰ*, ਲੁਧਿਆਣਾ, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1978

189. *ਨਾਮ ਤੇ ਨਾਮ ਦਾ ਦਾਤਾ ਸਤਿਗੁਰੂ*, ਲੁਧਿਆਣਾ, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1979

190. *ਸਚਖੰਡ ਦਰਸ਼ਨ*, ਲੁਧਿਆਣਾ, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1981

191. 'ਰਾਹੀ' ਗੁਰਬਚਨ ਸਿੰਘ (ਪ੍ਰੋ.); *ਗੁਰੂ ਨਾਨਕ ਬਾਣੀ ਵਿਵੇਚਨ*, ਅੰਮ੍ਰਿਤਸਰ, ਨਿਊ ਏਜ ਬੁਕ ਸੈਂਟਰ, 1977

192. ਰਾਧਾਕ੍ਰਿਸ਼ਨਨ (ਡਾ.); *ਧਰਮ ਵਿਚ ਤੁਲਨਾਤਮਿਕ ਅਧਿਐਨ*, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1965

193. ਰਾਮ ਸਿੰਘ, *ਗੁਰੂ ਨਾਨਕ ਦੀ ਸੁਹਜ ਕਲਾ*, ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1968

194. *ਬਾਣੀ ਗੁਰੂ ਤੇਗ ਬਹਾਦਰ ਵਿਸ਼ਾ ਤੇ ਕਲਾ*, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1976

195. 'ਰੇਣਾ' ਰਾਜ ਰੰਗ; *ਗੁਰੂ ਨਾਨਕ ਬਾਣੀ ਵਿਚ ਅਵਤਾਰ-ਨੀਤੀ ਦਾ ਸੰਕਲਪ*, ਸ੍ਰੀ ਨਗਰ, ਜਗਜੀਤ ਪ੍ਰਕਾਸ਼ਨ, ਸਿੰਘਪੁਰ ਕਲਾ, 1973

196. ਲਾਲ ਸਿੰਘ (ਗਿ. ਸੰਗਰੂਰ ਵਾਲੇ); *ਗੁਰਮਤ ਜੀਵਨ*, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1946

197. ਲਾਲ ਸਿੰਘ; *ਗੁਰਮਤ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ*, ਜਲੰਧਰ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, 1966

198. *ਗੁਰਮਤੀ ਕਾਵਿ*, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

199. *ਗੁਰਮਤ ਸਾਹਿਤ*, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

200. ਵਜ਼ੀਰ ਸਿੰਘ (ਸੰਪਾ.); *ਸਿੱਖ ਧਰਮ ਦਰਸ਼ਨ*, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1966

201. *ਨਾਨਕ ਬਾਣੀ ਚਿੰਤਨ*, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 1969

202. ਵੀਰ ਸਿੰਘ (ਭਾ., ਭਾਈ ਸਾਹਿਬ); ਗੁਰਮਤਿ ਨਾਮ, ਨਵੀਂ ਦਿੱਲੀ, ਭਾ. ਸਾ. ਵੀਰ ਸਿੰਘ ਸਟੱਡੀ ਸਰਕਲ, ਮਿਤੀ ਰਹਿਤ

203. ਸੁਖਮਨੀ ਸਾਹਿਬ ਟੀਕੇ ਸਮੇਤ, ਅੰਮ੍ਰਿਤਸਰ, ਖਾਲਸਾ ਸਮਾਚਾਰ, ਹਾਲ ਬਜ਼ਾਰ, 1966

204. ਜਪੁਜੀ ਸਾਹਿਬ, ਨਵੀਂ ਦਿੱਲੀ, ਭਾਈ ਵੀਰ ਸਿੰਘ ਸਾਹਿਤ ਸਦਨ, 1972

205. ਉਚਰਹੁ ਨਾਮੁ ਰਾਮੁ ਰਸ ਬਾਣੀ, ਦਿੱਲੀ, ਭਾਈ ਸਾਹਿਬ ਵੀਰ ਸਿੰਘ ਸਟੱਡੀ ਸਰਕਲ, 1980

206. 'ਵੀਰ' ਦਰਿਆਵੀਰ ਸਿੰਘ (ਪ੍ਰੋ.); ਅਮੁਲੋਕ ਲਾਲ (ਸੁਖਮਨੀ ਸਾਹਿਬ ਦੀ ਸਾਹਿਤਕ ਭੂਮਿਕਾ), ਲੁਧਿਆਣਾ, ਸੁਖਮਨੀ ਭਵਨ, ਕੂਚਾ ਪਰਸਰਾਮ ਦਾਸ, 1962

207. 'ਬੇਦੀ' ਬੀ.ਐਸ. ; ਜਪੁਜੀ ਤੇ ਮਨੋਵਿਗਿਆਨ, ਪਟਿਆਲਾ, ਅਮਰ ਪ੍ਰਕਾਸ਼ਨ, ਸ਼ੇਰਾਂ ਵਾਲਾ ਗੇਟ, 1973


## ਪੱਤ੍ਰਕਾਵਾਂ


ਅਵਤਾਰ ਸਿੰਘ (ਡਾ.) ਸੰਪਾ.; ਨਾਨਕ ਪ੍ਰਕਾਸ਼ ਪੱਤ੍ਰਿਕਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਦਸੰਬਰ, 1980

'ਅੰਮ੍ਰਿਤਸਰੀ' ਅਜੀਤ ਸਿੰਘ; ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਫ਼ਰਵਰੀ ਮਾਰਚ, ਸਤੰਬਰ, ਦਸੰਬਰ, 1974

'ਸੀਤਲ' ਜੀਤ ਸਿੰਘ (ਡਾ.) ਸੰਪਾ.; ਖੋਜ ਪੱਤ੍ਰਿਕਾ ਬਾਬਾ ਫਰੀਦ ਵਿਸ਼ੇਸ਼ ਅੰਕ, ਪਟਿਆਲਾ, ਪੰਜਾਬੀ ਯੂਨੀਵਰਸਿਟੀ

ਹਰਬੰਸ ਸਿੰਘ (ਡਾ.) ਸੰਪਾ.; ਖੋਜ ਪੱਤ੍ਰਿਕਾ ਗੁਰੂ ਨਾਨਕ ਵਿਸ਼ੇਸ਼ ਅੰਕ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਨਵੰਬਰ 1969

'ਕੋਹਲੀ' ਸੁਰਿੰਦਰ ਸਿੰਘ (ਡਾ.) ਸੰਪਾ.; ਪਰਖ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1970

ਪਰਖ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1978

'ਕੋਹਲੀ' ਸੁਰਿੰਦਰ ਸਿੰਘ (ਡਾ.) ਸੰਪਾ.; ਪਰਖ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1976

ਗੁਰਦਿੱਤ ਸਿੰਘ (ਗਿ.) ਸੰਪਾ.; ਸਿੰਘ ਸਭਾ ਪੱਤ੍ਰਿਕਾ ਦਾ ਗੁਰੂ ਗ੍ਰੰਥ ਵਿਚਾਰ ਸੰਮੇਲਨ ਅੰਕ ਭਾਗ ਪਹਿਲਾ ਅਤੇ ਦੂਜਾ, ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ

'ਜੱਗੀ' ਰਤਨ ਸਿੰਘ (ਡਾ.) ਸੰਪਾ.; ਨਾਨਕ ਪ੍ਰਕਾਸ਼ ਪੱਤ੍ਰਿਕਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਦਸੰਬਰ, 1980

ਤਾਰਨ ਸਿੰਘ (ਡਾ.) ਸੰਪਾ.; ਨਾਨਕ ਪ੍ਰਕਾਸ਼ ਪੱਤ੍ਰਿਕਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਜੂਨ-ਦਸੰਬਰ, 1972, ਜੂਨ 1973 - ਜੂਨ 1975, ਜੂਨ-ਦਸੰਬਰ, 1976, ਜੂਨ 1977, ਜੂਨ 1980

'[illegible]' [illegible] ਸਿੰਘ (ਡਾ.) ਸੰਪਾ.; ਖੋਜ ਦਰਪਣ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 197

'[illegible]' [illegible] ਸਿੰਘ (ਸੰਪਾ.); ਆਤਮ ਸਾਹਿਤ, ਕਲਕੱਤਾ, ਆਤਮ ਸਾਹਿਤ ਟ੍ਰਸਟ, ਮਾਰਚ 1975

ਲਾਲ ਸਿੰਘ (ਸੰਪਾ.); ਪੰਜਾਬੀ ਦੁਨੀਆਂ ਦਾ ਨਿਰਗੁਣ ਸਾਹਿਤ ਅੰਕ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ ਜੂਨ, 1969

ਪੰਜਾਬੀ ਦੁਨੀਆਂ ਦਾ ਗੁਰੂ ਨਾਨਕ ਅੰਕ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ਨਵੰਬਰ-ਦਸੰਬਰ, 1969

## ਹਿੰਦੀ

1 ਉਪਾਧਿਆਇ ਹਰਿਭਾਊ (ਅਨੁ.); ਗੀਤਾ ਪ੍ਰਵਚਨ, ਹਿੰਦੀ, ਅਖਿਲ ਭਾਰਤ ਸਰਵ-ਸੇਵਾ ਸੰਘ ਪ੍ਰਕਾਸ਼ਨ, ਰਾਜਘਾਟ, 1960

2 'ਆਰਯ' ਪ੍ਰੇਮ ਸ਼ੈਲੇਂਦ੍ਰ (ਪ੍ਰਕਾ.); ਵੈਸ਼ੇਸ਼ਿਕ ਦਰਸ਼ਨ, ਹਿੰਦੀ, ਪ੍ਰੇਮ ਪੁਸਤਕ ਭੰਡਾਰ, ਫਿਰੋਜ਼ਪੁਰ 1959

3 ਆਰੀਯ ਮੁਨੀ ਜੀ (ਪੰ.); ਸਾਂਖ ਦਰਸ਼ਨ ਦਾ ਸਾਧਨਾਤਮਕ ਭਾਸ਼ਯ, ਰੋਹਤਕ, ਹਰਿਆਣਾ ਸਾਹਿਤਯ ਸੰਸਥਾਨ, 1976

4 ਇੰਦਰ ਵਿਦਿਆਵਾਚਸਪਤਿ; ਈਸ਼ੋਪਨਿਸ਼ਦ ਭਾਸ਼ਯ, ਹਰਿਦੁਆਰ, ਪ੍ਰਕਾਸ਼ਨ ਮੰਦਿਰ, ਗੁਰੂ ਕੁਲ ਕਾਂਗੜੀ ਵਿਸ਼ਵਵਿਦਿਆਲਯ 1956

5. 'ਸਰਸ਼ਾਰ' ਮਨਮੋਹਨ (ਡਾ.) ਅਨੁ.: ਗੁਰੂ ਨਾਨਕ ਵਿਅਕਤਿਤਵ ਤੇ ਵਿਚਾਰ, ਦਿੱਲੀ, ਗੁਰੂ ਰਾਮਦਾਸ
ਨਪੁਰ ਬੁੱਕ ਸੁਨਰ, 1970

6. ਗੁਰੂ ਗ੍ਰੰਥ ਸਾਹਿਬ ਦੇ ਸੰਸਕ੍ਰਿਤਕ ਸਰੋਕਾਰ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1971

7. ਸਤਪਾਲ (ਡਾ.): ਸੁਖ ਦੀ ਖੋਜ, ਦਿੱਲੀ, ਰਿਤਾਂਬਰ ਘਰ, ਮੇਨ ਰੋਡ, ਰਾਣੀ ਨਗਰ
1973

8. ਸਰਸਵਤੀ ਯੋਗੇਸ਼ਵਰਾਨੰਦ (ਸੁਆਮੀ): ਆਤਮ ਵਿਗਿਆਨ, ਯੋਗ ਸੰਸਥਾਨ, ਰਿਸ਼ੀਕੇਸ਼, ਯੋਗ ਨਿਕੇਤਨ,
ਟ੍ਰਸਟ, 1974

9. ਸੁਆਮੀ ਰਾਮ: ਅਧਿਆਤਮਕ ਵਿਗਿਆਨਕ ਵਿਵੇਚਨ, ਇਲਾਹਾਬਾਦ, ਵਿਵੇਕ
ਪ੍ਰਕਾਸ਼ਨ, 1966

10. 'ਸ਼ਰਮਾ' ਸੁਰਤੀ ਨਾਥ (ਅਨੁ.): ਗੁਰੂ ਨਾਨਕ ਤਥਾ ਸਿੱਧ ਧਰਮ ਦਾ ਤੁਲਨਾਤਮਕ, ਪਟਿਆਲਾ,
ਪੰਜਾਬੀ ਯੂਨੀਵਰਸਿਟੀ, 1971

11. 'ਸ਼ਰਮਾ' ਸ੍ਰੀ ਰਾਮ ਆਚਾਰਯ (ਸੰਪਾ.): ਵੇਦਾਂਤ ਦਰਸ਼ਨ, ਬਰੇਲੀ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ,
ਵੇਦ ਨਗਰ, 1975

12. ਯੋਗ ਦਰਸ਼ਨ, ਬਰੇਲੀ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ,
ਵੇਦ ਨਗਰ, 1976

13. ਮੀਮਾਂਸਾ ਦਰਸ਼ਨ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ, ਵੇਦ ਨਗਰ,
1976

14. ਸਾਂਖਯ ਦਰਸ਼ਨ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ, ਵੇਦ ਨਗਰ, 1976.

15. ਨਿਆਇ ਦਰਸ਼ਨ, ਬਰੇਲੀ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ,
ਵੇਦ ਨਗਰ, 1976

16. ਵੈਸ਼ੇਸ਼ਿਕ ਦਰਸ਼ਨ, ਬਰੇਲੀ, ਸੰਸਕ੍ਰਿਤੀ ਸੰਸਥਾਨ, ਖ਼ੁਆਜਾਕੁਤਬ,
ਵੇਦ ਨਗਰ, 1978

17. 'ਸ਼ਰਮਾ' ਰਮੇਸ਼ ਦੇਵ: ਰਿਗਵੇਦ ਮੇਂ ਦਾਰਸ਼ਨਿਕ ਤੱਤਵ, ਗਾਜ਼ੀਆਬਾਦ, ਵਿਮਲ ਪ੍ਰਕਾਸ਼ਨ,
1977

18. 'ਸ਼ਾਸਤਰੀ' ਵੇਦਵਰੇਸ਼: ਅਥਰਵਵੇਦੀਯ ਰਾਸ਼ਟਰਵਾਦ ਨਿਰੂਪਣ, ਰਾਜਪੁਰ, ਗੁਰੂਕੁਲ ਕਾਂਗੜੀ
ਵੇਦ ਤਤਵ ਨਿਵਾਸ, ਸਰਵੋਦਯ ਪ੍ਰਕਾਸ਼, 1978

19. 'ਸ਼ਾਸਤਰੀ' ਗਿਰਧਾਰੀ ਲਾਲ (ਅਨੁ.); ਵੇਦਾਂਤ ਦਰਸ਼ਨ, ਬਰੇਲੀ, ਪ੍ਰੇਮ ਪੁਸਤਕ, ਭੰਡਾਰ ਫਿਰੋਜ਼ਪੁਰ, 1957

20. 'ਸਿਹਲ' ਦਰਸ਼ਨਪਾਲ (ਅਨੁ.); ਸਿੱਖ ਦਰਸ਼ਨ, ਲੁਧਿਆਣਾ, ਲਾਹੌਰ ਬੁਕ ਸ਼ਾਪ, ਘੰਟਾ ਘਰ, 19

21. 'ਨਾਰਾਇਣ' ਸੇਵਾ ਸਿੰਘ; ਹਿੰਦੀ ਭਗਤੀ ਸਾਹਿਤ੍ਯ ਮੇਂ ਮਾਯਾ ਕਾ ਸਵਰੂਪ, ਪੰਜਾਬ ਯੂਨੀਵਰਸਿਟੀ ਨੂੰ ਪੀ.ਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਥੀਸਿਸ, 1972

22. 'ਪ੍ਰਕਾਸ਼' ਵਰੀਉਰਮਾ (ਅਨੁ.); ਬੁਧ ਕੀ ਸਾਧਨਾ, ਦਿੱਲੀ, ਰਾਜਕਮਲ ਪ੍ਰਕਾਸ਼ਨ, ਮਿਤੀ ਰਹਿਤ

23. ਗੁਰੂ ਦੱਤ; ਸ੍ਰੀ ਮਦ ਭਗਵਤ ਗੀਤਾ ਏਕ ਅਧਿਐਨ ਸੰਸਕਰਣ ਦੂਜਾ, ਨਵੀਂ ਦਿੱਲੀ, ਸ਼ਾਸਤ੍ਰ ਸੰਸਕ੍ਰਿਤਿ ਪਰਿਸ਼ਦ, 1972

24. ਗੁਰੂਦੱਤ; ਸਾਂਖਯ ਦਰਸ਼ਨ, ਸਰਲ-ਸੁਬੋਧ ਭਾਸ਼ਾ-ਭਾਸ਼੍ਯ, ਨਵੀਂ ਦਿੱਲੀ, ਸ਼ਾਸਤ੍ਰ ਸੰਸਕ੍ਰਿਤਿ ਪਰਿਸ਼ਦ, 1976

25. 'ਚਾਂਦਪੁਰ' ਅਵਧ ਕਿਸ਼ੋਰੀ ਲਾਲ (ਅਨੁ.); ਉਪਨਿਸ਼ਦ ਪ੍ਰਕਾਸ਼, ਮਥੁਰਾ, ਪੁਸਤਕਮੰਦਿਰ, 1969

26. 'ਤ੍ਰਿਪਾਠੀ' ਰਾਮਮੂਰਤਿ (ਅਨੁ.); ਉਪਨਿਸ਼ਦ ਦਰਸ਼ਨ ਕਾ ਰਚਨਾਤਮਿਕ ਸਰਵੇਖਣ, ਜੈਪੁਰ, ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, 1971

27. ਦੀਵਾਨ ਚੰਦ (ਡਾ.); ਦਰਸ਼ਨ ਸੰਗ੍ਰਹਿ, ਉੱਤਰ ਪ੍ਰਦੇਸ਼, ਪ੍ਰਕਾਸ਼ਨ ਸ਼ਾਖਾ, ਸੂਚਨਾ ਵਿਭਾਗ, 1957

28. 'ਦੇਵਰਾਜ' ਨ.ਕਿ.ਡਾ. (ਸੰਪਾ.); ਭਾਰਤੀਯ ਦਰਸ਼ਨ, ਲਖਨਊ, ਉੱਤਰ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, 1975

29. 'ਮਿਸ਼ਰ' ਉਮੇਸ਼ (ਡਾ.); ਸ੍ਰੀ ਕ੍ਰਿਸ਼ਨ ਗ੍ਰੰਥ ਦਰਸ਼ਨ, ਇਲਾਹਾਬਾਦ, ਸਾਹਿਤ੍ਯ ਭਵਨ, 1960

30. ਭਾਰਤੀਯ ਦਰਸ਼ਨ ਔਰ ਸੰਸਕ੍ਰਿਤਿ, ਲਖਨਊ, ਰਾਜਰਾਨੀ ਪੁਰਸ਼ੋਤਮ ਦਾਸ ਟੰਡਨ ਹਿੰਦੀ ਭਵਨ, 1975

31. 'ਮੁਕਤੀ' ਸ੍ਰੀ ਪ੍ਰਕਾਸ਼ ਨਰਾਇਣ ਅਤੇ ਹੋਰ; ਯੋਗੀ ਮਨ, ਇਲਾਹਾਬਾਦ, ਹਿੰਦੋਸਤਾਨੀ ਅਕਾਦਮੀ, 1961

32. ਰਾਧਾ ਕ੍ਰਿਸ਼ਨਨ (ਡਾ.); ਉਪਨਿਸ਼ਦੋਂ ਕੀ ਭੂਮਿਕਾ, ਦਿੱਲੀ, ਰਾਜਪਾਲ ਐਂਡ ਸਨਜ਼, ਕਸ਼ਮੀਰੀ ਗੇਟ, 1958

33. 'ਰੇਊ' ਵਿਸ਼ਵੇਸ਼ਵਰਨਾਥ (ਪੰ.); ਰਿਗਵੇਦ ਪਰ ਏਕ ਐਤਿਹਾਸਿਕ ਦ੍ਰਿਸ਼ਟੀ, ਵਾਰਾਨਸੀ, ਮੋਤੀਲਾਲ ਬਨਾਰਸੀ ਦਾਸ, 1967

34. 'ਵਰਮਾ' ਰਾਮ ਚੰਦਰ; ਪ੍ਰਾਮਾਣਿਕ ਹਿੰਦੀ ਕੋਸ਼, ਬਨਾਰਸ, ਹਿੰਦੀ ਸਾਹਿਤ੍ਯ ਕੁਟੀਰ, ਹਾਥੀਗਲੀ, ਮਿਤੀ ਰਹਿਤ

35. ਵਿਨੋਬਾ ਭਾਵੇ; ਬੁੱਧ ਦਾ ਪ੍ਰਕਾਸ਼, ਜਿਲਦਸਾਜ਼, ਮਾਨਵ ਸੇਵਾ ਮਿਸ਼ਨ, 1961

36. 'ਵਿਦਯੂ' ਸੁਰਿੰਦਰ ਸਿੰਘ (ਡਾ.); ਆਦਿ ਗ੍ਰੰਥ ਦੇ ਪ੍ਰਮਾਣਿਤ ਤਤਾਂ ਦਾ ਅਧਿਐਨ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1978


English

1. 'Allen' G. F.; The Buddha's Philosophy, London, George Allen and Unwin, 1959

2. Amrik Singh (Pub.); Buddhism, Patiala, Panjabi University, 1969

3. Sikhism, Patiala, Panjabi University, 1969

4. Arthur L. Herman (Dr.); The Problem of Evil and Indian Thought, Delhi, Motilal Banarsidass, 1976

5. Aurobindo Sri; On the Veda, Pondicherry, Sri Aurobindo Ashram, 1956

6. The Upanishads, Pondicherry, Sri Aurobindo Ashram, 1972.

7. Avtar Singh; Ethics of the Sikhs, Patiala, Panjabi University, 1970

8. Bernard Theos; Hindu Philosophy, Bombay, Jaico Publishing House, 1957

9. Carnegie Dale; How to Stop Warrying and Start Living, New Delhi, Orient Paperbacks, Cannaught Place, 1948

10. Carnegie Dale; How to Win Friends and Influence People Twelveth Edi. Bombay, D.B. Taraporevala Sons & Co.

11. Chattopadhyaya - Basanta Kumar; The Teachings of the Upanishads, Calcutta, University Press of Calcutta, 1952.

12. Chatterjee Satishchandra & others; An Introduction to Indian Philosophy, Sixth edi. Calcutta, University of Calcutta, 1960

13. Chitrita Devi; Upanishads for All, New Delhi, S. Chanda & Co. Ram Nagar, 1973

14. 'Choudhuri' Usha (Dr.); Indra & Varuna in Indian Mythology, Delhi, Nag Publishers.

15. 'Clayton' A.C.; *The Rigveda & Vedic Religion*. Varanasi. Bharti Prakashan, 1913.

16. 'Dandekar' R.N.; *Vadic Mythology Tracts*. Delhi, Ajanta Publications, 1979.

17. Darshan Singh (Dr.); *Indian Bhakti Tradition and Sikh Gurus.* Ludhiana, Lyall Book Depot, 1968.

18. Desai Mahadev; *The Gita According to Gandhi*. Ahmedabad, Navajivan Publishing House, 1951.

19. Donald A. Mackenzie; *Indian Myth and Legend.* IInd Edi., New Delhi, Sona Publications, 1971.

20. Fausboll. V.; *Indian Mythology*. IInd Edi., New Delhi, Cosmo Publications, 1981.

21. Fraser J.G.; *The Fear of the Dead in Primitive Religion Vol. 3.* London, Macmillon.and Co. Ltd. St. Martins Street, 1936.

22. Fredrich Max Mullar; *The Vedas*. Delhi. Indological Book House, 1969.

23. Gangulee, N.; *The Buddha and His Message*. Bombay, Popular Book Depot, 1957.

24. Gandhi. V.R.; *The Systems of Indian Philosophy*. Bombay, Shri Mahavira Jaina Vidyalaya, 1970.

25. George Grimm.; *The Doctrines of the Buddha.* IIIrd. Ed. Varanasi, Motilal Banarsidass, 1982.

26. Gill' Pritam Singh (Pri.); *Trinity of Sikhism.* Jullundur, New Academic Publishing Co. 1973.

27. 'Gough' Archibald Edward; *Philosophy of the Upanishads*. Delhi, Ess Ess Publications, 1975

28. 'Gupta' Shashi Bhushan Dass; *Aspects of Indian Religious Thought.* Calcutta, Firma KLM Pvt. Ltd. 1977.

29. Gurmit Singh (Advo.); *Islam and Sikhism.* Hissar, Usha Institute of Religious Studies, 1966.

30. 'Griswold' H.D.; *The Religion of the Rigveda.* Delhi, Motilal Banarsidas, 1971.

31. Harbans Singh and others *An Introduction to Indian Religions*. Patiala Panjabi University, 1973.

32. Henri Haigh; *Some Leading Ideas of Hinduism.* London. Charles H. Kelly, 1903.

33. [illegible] — Hinduism, Patiala, Panjabi University, 1969

34. Hopkins, E. Washburn (Dr.); Origin and Evolution of Religion. Delhi Bharatiya Vidya Prakashan.

35. Ishar Singh; The Philosophy of Guru Nanak: A Comparative Study, Delhi, Ranjit Publishing House, 1969.

36. James Hastings, Encyclopaedia of Religion & Ethics. Vol. VII. Edinburg, 1934.

37. Joginder Singh; Treatment of Mythology in the Poetry of Guru Nanak. Thesis submitted for the degree of Ph.D. to Panjab University Chandigarh.

38. 'Kaegi' Adolf; The Rigveda: The oldest literature of Indians, IInd Edi. Delhi, Amarko Book Agency, 1975.

39. Khazan Singh; History & Philosophy of Sikh Religion. Vo. III 1914.

40. History of Sikh Religion. Patiala, Department Languages, Panjab, 1970.

41. Philosophy of the Sikh Religion, Patiala, Department of Languages Panjab, 1971.

42. 'Kohli' Surinder Singh (Dr.) Out Lines of Sikh Thought, New Delhi, Panjabi Parkashan Dev Nagar, 1966.

43. Philosophy of Guru Nanak, Chandigarh, Publication Bureau, Panjab University, 1969.

44. Sikh Ethics, Delhi, Munshiram Mancharlal Publishers, 1975.

45. A Critical Study of Adi Granth, Delhi, Motilal Banarsidass, 1976.

46. Krishnananda Swami; A Short History of Religions and Philosophic Thought in India, Tehri Garhwal, The Divine Life Society, 1973.

47. Macdonell A.A. ; Vedic Mythology, IInd Ed. Patna, Motilal Banarsi Dass, 1978.

48. Manmohan Singh Advo. Trans. Hymns of Guru Nanak, Patiala, Languages Deptt. Panjab, 1972.

49. Morarji Desai; A View of the Gita, Delhi, S. Chand & Co. Ltd. 1974.

50. Patanjali V.; Thoughts on Indian Mysticism, Delhi, Sagar Publications, 1978.

51. Phillips Maurice; *Teachings of the Vedas*, IInd Ed. Delhi, Seema Publications, 1976.

52. Poddar Hanumanparasad; *The Philosophy of Love*, Gorakhpur, Motilal Jalan Gita Press, 1968.

53. Pritam Kaur; *Guru Nanak on Sin*, Chandigarh, Guru Gobind Singh Bhawan, 1977.

54. Puran Singh; *The Spirit Born People*, Patiala, Languages Department, Panjab, 1970

55. Radha Krishnan S.; *Bhagvadgita*, London, George Allen & Unwin, 1948

56. *The Principal Upanishads*, London, George Allen and Unwin, 1953.

57. *The Dhammapada*, IInd Ed. London, Oxford University Press, New York, 1954.

58. *Indian Philosophy*, Vol. I. London, George Allen & Unwin, 1958.

59. Ranganathananda Swami; *The Message of the Upanishads*, IInd Ed. Bombay Bhartiya Vidya Bhavan, 1971.

60. Raghbir Singh (Dr.); T[illegible] C[illegible] ost [illegible] ( [illegible] a [illegible] is s[illegible]tted to Pan[illegible]versity, Chandigarh for the degree of Ph.D., 1971.

61. 'Rattan' Mohan Singh; *Concept of Anand in Adi Granth*. Thesis submitted for the Degree of Ph.D. to Panjab University, Chandigarh, 1977.

62. Rhys Davids, T.H.; *Origin & Growth of Religion: Indian Budhism*. London, Williams and Norgate, 1881.

63. Roy A.P. Kaviraj; *The Quest of the Infinite*, Calcutta, A.D.B. 197 A.B. Ganguli Street.

64. Saraswati Dharmananda, (Swami); *The Vedas and Their Teachings*, Vishwa Veda Parishad, 1976.

65. Sarma D.S. *What is Hinduism*, Madras, The Madras Law Journal Office, 1945.

66. Schumann, Hanswolfgang; *Budhism An out line of its Teachings and Schools*. London, Ridder & Company, 1976.

67. 'Sikka' Ajit Singh (Dr.) *The Philosophy of Mind in the Poetry of Guru Nanak*, Ludhiana, SS Kay Publications, 1973.

68 Sivananda Swami; *Sure Ways for success in Life and God realisation.* Shivananda Nagar, The Divine Lif Society, 1970.

69 'Talib' Gurbachan Singh; *Guru Nanak: His personality and vision.* Jullundur, Gurdas Kapur & Sons, 1969.

70 *Baba Seikh Farid Life and Teachings.* Baba Farid Memorial Society, 1973.

71 *Jainism.* Patiala, Panjabi University, 1975.

72 Taran Singh (Dr.) Ed.; *Guru Nanak and Indian Religious Thought.* Patiala, Panjabi University, 1970.

73. Teja Singh; *Guru Nanak & His Mission.* Amritsar, Shiromani Gurdwara Parbandhak Committee.

74. Teja Singh (M.A.) [illegible] Re [illegible]
Amr tsar, S [illegible] Gur [illegible] a Pa [illegible] an
Committee, 1968.

75. Trilochan Singh (Dr.); *Guru Tegh Bahadur Prophet and Martyr.* Delhi, Gurdwara Parbandhak Committee, 1967.

76. *Guru Nanak's Religion: A Comparative Study of Religions.* Delhi, Guru Nanak Foundation, 196

77. Vivekananda Swami; *Thoughts on Gita.* Calcutta, Advaita Ashram Wellington, 1958.

78 Wazir Singh; *Humanism of Guru Nanak.* Delhi, Ess Ess Publications, 1977.

79. *Philosophy of Sikh Religion.* Delhi, Ess Ess Publications, 1981.

80. White J. Stanley (Dr.); *Liberation of the Soul.* Amritsar, Radha Soami Satsang Beas, 1978.

81. Widgery Alban G.; *Comparative Study of Religions.* Baroda, The Luna Mitra Steam Printing Press, 1922.

82 Wilkins W.J. *Hindu Mythology Vedic & Puranic.* Delhi, Delhi Book Store, Nai Sarak, 1972.

83 Wilson H.H.; *Religions of the Hindus.* Delhi, Cosmo Publications, 1978.

84 Wm. Theodore Bary and others; *(Complications): Sources of Indian Tradition* IInd Edi. Delhi, Motilal Banarsidass, 1963.